*Published in Punjabi & English*
Distributed in Toronto, Calgary, Vancouver and Online Worldwide.
Sarokaran Di Awaz
Voice of Social Concerns
Pro-People Arts Project Media Group

# ਸਰੋਕਾਰਾਂ ਦੀ ਆਵਾਜ਼

Email: ppapmg@gmail.com
ਸਾਲ-11, ਅੰਕ-3, ਮਾਰਚ 2021
Website: www.ppapmg.com
HARBANS SINGH 416-817-7142 DEVINDER TOOR 416-902-9372 MASTER BHAJAN SINGH 403-455-4220 Registration No. 210836300



ਆਰਥਿਕ, ਸਮਾਜਿਕ, ਸਭਿਆਚਾਰਕ ਅਤੇ ਸਿਆਸੀ ਚੇਤਨਤਾ ਨੂੰ ਸਮਰਪਿਤ 'ਸਰੋਕਾਰਾਂ ਦੀ ਆਵਾਜ਼' 20 ਕੁ ਸਫ਼ਿਆਂ ਦਾ ਮੈਗਜ਼ੀਨ ਸ਼ੁਰੂ ਕੀਤਾ ਸੀ। ਸਫ਼ਰ ਚਲਦਾ ਰਿਹਾ ਕੁਝ ਸਮੇਂ ਬਾਅਦ ਮੈਗਜ਼ੀਨ ਤੋਂ ਅਖ਼ਬਾਰ ਦਾ ਰੂਪ ਧਾਰ ਗਿਆ। ਪਾਠਕਾਂ ਅਤੇ ਸਨੇਹੀਆਂ ਦੇ ਭਰਪੂਰ ਸਹਿਯੋਗ ਨਾਲ ਹੌਲੀ ਹੌਲੀ ਸਫਿਆਂ ਵਿਚ ਵਾਧਾ ਕੀਤਾ ਗਿਆ। ਇਸ ਅੰਕ ਵਿਚ ਪਾਠਕਾਂ ਦੀ ਪੁਰਜ਼ੋਰ ਮੰਗ 'ਤੇ ਅਸੀਂ 40 ਸਫਿਆਂ ਤੋਂ 48 ਸਫ਼ੇ ਕਰਨ ਦਾ ਨਿਰਣਾ ਲਿਆ। ਆਸ ਹੈ ਕਿ ਪਾਠਕਾਂ ਦਾ ਸਹਿਯੋਗ ਇਸੇ ਤਰ੍ਹਾਂ ਜਾਰੀ ਰਹੇਗਾ। ਅਸੀਂ ਬੌਧਿਕ ਲਿਆਕਤ, ਸਮਝਦਾਰੀ, ਕਲਾਮਈ ਸੋਚ, ਪ੍ਰੰਪਰਾਮਈ ਸ਼ਾਨਦਾਰ ਰਵਾਇਤਾਂ, ਇਤਿਹਾਸ ਦੇ ਸੁਨਹਿਰੀ ਪੰਨੇ, ਕੁਝ ਸ਼ਾਨਦਾਰ ਕਰਨ ਦੀ ਤਮੰਨਾ, ਨਵੇਂ ਸੰਗ ਭਿੜਣ ਦੀ ਜਾਚ, ਅਗਾਂਹਵਧੂ ਸੋਚ ਅਤੇ ਸੁਪਨਮਈ ਉਡਾਰੀ ਉਨ੍ਹਾਂ ਦੇ ਰੰਗਾਂ ਨੂੰ ਹੋਰ ਨਿਖਾਰਦੇ ਰਹਾਂਗੇ।

ਹਰਬੰਸ ਸਿੰਘ
ਮੁੱਖ ਸੰਪਾਦਕ
416-817-7142
ppapmg@gmail.com

# 23 ਮਾਰਚ ਦੀ ਸ਼ਾਨਮੱਤੀ ਵਿਰਾਸਤ ਅਤੇ ਅਜੋਕਾ ਮਹਾਂ-ਅੰਦੋਲਨ

ਮਾਰਚ ਦਾ ਮਹੀਨਾ ਲੋਕ ਮੁਕਤੀ ਸੰਘਰਸ਼ਾਂ ਦੇ ਇਤਿਹਾਸ ਵਿਚ ਖ਼ਾਸ ਮਹੱਤਵ ਰੱਖਦਾ ਹੈ। ਇਸ ਵਾਰ ਮਾਰਚ ਮਹੀਨੇ ਦੇ ਸ਼ਹੀਦਾਂ ਨੂੰ ਇਕ ਨਿਵੇਕਲੇ ਮਾਹੌਲ ਵਿਚ ਯਾਦ ਕੀਤਾ ਜਾਵੇਗਾ ਜਦ ਪੰਜਾਬ ਦੀ ਫ਼ਿਜ਼ਾ ਭਗਵੇਂ ਫਾਸ਼ੀਵਾਦ ਨਿਜ਼ਾਮ ਨਾਲ ਮੱਥਾ ਲਾਈ ਬੈਠੇ ਮਹਾ-ਅੰਦੋਲਨ ਦੇ ਸੰਗਰਾਮੀ ਰੰਗ ਵਿਚ ਰੰਗੀ ਹੋਈ ਹੈ। ਘਰਾਂ, ਦੁਕਾਨਾਂ ਅਤੇ ਵਹੀਕਲਾਂ ਉੱਪਰ ਲਹਿਰਾਉਂਦੇ ਕਿਸਾਨੀ ਝੰਡੇ ਇਕ ਨਵੀਂ ਸਮਾਜੀ ਅੰਗੜਾਈ ਅਤੇ ਜਾਗਰੂਕਤਾ ਦੇ ਪ੍ਰਤੀਕ ਹਨ। ਇਹਨਾਂ ਝੰਡਿਆਂ ਵਿਚ ਸਰਕਾਰਾਂ ਅਤੇ ਹਾਕਮ ਜਮਾਤੀ ਸਿਆਸਤ ਤੋਂ ਅੱਕੇ-ਸਤੇ ਅਵਾਮ ਆਪਣਾ ਭਵਿੱਖ ਦੇਖ ਰਹੇ ਹਨ। ਇਸ ਸਮੂਹਿਕ ਖ਼ਵਾਇਸ਼, ਰੀਝ, ਬਦਲਾਓ ਦੀ ਤਾਂਘ ਅਤੇ ਸਵੈਮਾਣ ਵਾਲੀ ਜ਼ਿੰਦਗੀ ਦੇ ਸੁਪਨੇ ਦੇ ਸਾਕਾਰ ਹੋਣ ਲਈ ਇਹ ਲਾਜ਼ਮੀ ਹੈ ਕਿ ਆਰ.ਐੱਸ.ਐੱਸ.-ਭਾਜਪਾ ਹਕੂਮਤ ਵਿਰੁੱਧ ਅਵਾਮੀ ਗੁੱਸੇ ਅਤੇ ਨਫ਼ਰਤ ਨੂੰ ਸਾਮਰਾਜਵਾਦ-ਪੂੰਜੀਵਾਦ ਅਤੇ ਇਸ ਲੋਟੂ ਢਾਂਚੇ ਵਿਰੁੱਧ ਇਨਕਲਾਬੀ ਚੇਤਨਾ ਵਿਚ ਬਦਲਿਆ ਜਾਵੇ। ਇਸ ਲਈ ਲਾਜ਼ਮੀ ਹੈ ਕਿ ਅਵਾਮ ਲੋਕ-ਦੁਸ਼ਮਣ ਰਾਜ ਢਾਂਚੇ ਨੂੰ ਖ਼ਤਮ ਕਰਕੇ ਇਸ ਦੀ ਜਗ੍ਹਾ ਸਰਬਪੱਖੀ ਬਰਾਬਰੀ, ਨਿਆਂ ਅਤੇ ਸਾਂਝੀਵਾਲਤਾ 'ਤੇ ਆਧਾਰਿਤ ਸੱਚਾ ਲੋਕਤੰਤਰੀ ਸਮਾਜ ਉਸਾਰਨ ਅਤੇ ਇਸ ਲਈ ਜਾਨ-ਹੂਲਵੀਂ ਲੜਾਈ ਲੜਣ ਦੀ ਜ਼ਰੂਰਤ ਨੂੰ ਆਤਮਸਾਤ ਕਰਨ।



ਪੰਜਾਬ ਅਤੇ ਪੂਰੇ ਮੁਲਕ ਵਿਚ ਮਾਰਚ ਦੇ ਮਹੀਨੇ ਗ਼ਦਰੀਆਂ, ਬੱਬਰ ਅਕਾਲੀਆਂ ਅਤੇ ਹੋਰ ਬਹੁਤ ਸਾਰੇ ਇਨਕਲਾਬੀ ਸੂਰਮਿਆਂ ਨੇ ਆਜ਼ਾਦੀ, ਮੁਕਤੀ ਅਤੇ ਮਨੁੱਖ ਦੇ ਜਿਊਣਯੋਗ ਸਮਾਜ ਦੀ ਸਿਰਜਣਾ ਲਈ ਸੰਗਰਾਮ ਵਿਚ ਆਪਣੀਆਂ ਜਾਨਾਂ ਵਾਰੀਆਂ। 23 ਮਾਰਚ ਦੇ ਦਿਨ ਅੰਗਰੇਜ਼ ਹਕੂਮਤ ਵੱਲੋਂ ਸ਼ਹੀਦ ਭਗਤ ਸਿੰਘ, ਸੁਖਦੇਵ ਅਤੇ ਰਾਜਗੁਰੂ ਨੂੰ ਫਾਂਸੀ ਦੇ ਕੇ ਸ਼ਹੀਦ ਕੀਤਾ ਗਿਆ। ਮਾਰਚ ਮਹੀਨੇ ਵਿਚ ਹੀ ਪੰਜਾਬ ਵਿਚ ਨਕਸਲਬਾੜੀ ਲਹਿਰ ਦੇ ਬਾਨੀ ਆਗੂ (ਅਤੇ ਸੀ.ਪੀ.ਆਈ.ਐੱਮ.ਐੱਲ. ਦੇ ਪਹਿਲੇ ਸੂਬਾ ਸਕੱਤਰ) ਕਾ. ਦਇਆ ਸਿੰਘ ਅਤੇ ਉਹਨਾਂ ਦੇ ਸਾਥੀ ਬਜ਼ੁਰਗ ਦੇਸ਼ਭਗਤ ਹਰੀ ਸਿੰਘ ਮਰਗਿੰਦ ਨੂੰ ਫਰਜ਼ੀ ਪੁਲਿਸ ਮੁਕਾਬਲੇ ਵਿਚ ਸ਼ਹੀਦ ਕੀਤਾ ਗਿਆ। ਇਸੇ ਮਹੀਨੇ ਇਨਕਲਾਬੀ ਆਗੂ ਅਤੇ ਲੋਕ ਕਵੀ ਜੈਮਲ ਸਿੰਘ ਪੱਡਾ ਅਤੇ ਇਨਕਲਾਬੀ ਕਵੀ ਅਵਤਾਰ ਪਾਸ਼ ਨੂੰ ਉਸ ਦੇ ਸਾਥੀ ਹੰਸ ਰਾਜ ਸਮੇਤ ਖ਼ਾਲਸਤਾਨੀ ਅੱਤਵਾਦੀਆਂ ਵੱਲੋਂ ਸ਼ਹੀਦ ਕੀਤਾ ਗਿਆ। ਇਹਨਾਂ ਸ਼ਹੀਦਾਂ ਦੀ ਸ਼ਹਾਦਤ ਦਾ ਮਹੱਤਵ ਮਹਿਜ਼ ਇਸ ਕਰਕੇ ਨਹੀਂ ਕਿ ਉਹਨਾਂ ਨੇ ਲੋਕ ਦੁਸ਼ਮਣ ਤਾਕਤਾਂ ਨਾਲ ਟੱਕਰ ਲੈਂਦਿਆਂ ਬਹਾਦਰੀ ਨਾਲ ਸ਼ਹਾਦਤਾਂ ਦਿੱਤੀਆਂ। ਉਹਨਾਂ ਦੀ ਸ਼ਹਾਦਤ ਅਤੇ ਸੂਰਮਗਤੀ ਇਸ ਕਰਕੇ ਵਧੇਰੇ ਮਹੱਤਵਪੂਰਨ ਹੈ ਕਿ ਉਹਨਾਂ ਨੇ ਆਪਣੇ ਜ਼ਮਾਨੇ ਦੀ ਇਨਕਲਾਬੀ ਵਿਚਾਰਧਾਰਾ ਦੀ ਚੇਤਨਾ ਗ੍ਰਹਿਣ ਕਰਕੇ ਆਦਮਖ਼ੋਰ ਲੋਟੂ ਪ੍ਰਬੰਧ ਦੀ ਬੁਨਿਆਦ, ਇਸ ਦੇ ਕਾਰਨਾਂ ਨੂੰ ਕ੍ਰਮਵਾਰ ਇਨਕਲਾਬੀ ਅਤੇ ਵਿਗਿਆਨਕ ਨਜ਼ਰੀਏ ਨਾਲ ਸਮਝ ਕੇ ਇਨਕਲਾਬੀ ਸੰਘਰਸ਼ ਜ਼ਰੀਏ ਚੁਣੌਤੀ ਦਿੱਤੀ। ਇਸ ਦੇ ਆਧਾਰ 'ਤੇ ਉਹ ਇਨਕਲਾਬੀ ਸੰਘਰਸ਼ਾਂ ਨੂੰ ਅੱਗੇ ਵਧਾਉਣ ਅਤੇ ਵਿਸ਼ਾਲ ਅਵਾਮ ਨੂੰ ਜਾਗਰੂਕ ਕਰਕੇ ਸੰਘਰਸ਼ਾਂ ਵਿਚ ਪਾਉਂਦਿਆਂ ਆਪੋ-ਆਪਣੀ ਕਰਮਭੂਮੀ ਵਿਚ ਆਖ਼ਰੀ ਦਮ ਤੱਕ ਦ੍ਰਿੜਤਾ ਨਾਲ ਡੱਟੇ ਰਹੇ। ਹਾਕਮ ਜਮਾਤਾਂ

(ਬਾਕੀ ਸਫ਼ਾ 8 'ਤੇ)



ਬੂਟਾ ਸਿੰਘ ਨਵਾਂਸ਼ਹਿਰ
94634-74342


















## ਅਮਰੀਕਾ ਦੀਆਂ 87 ਫਾਰਮਰ ਜਥੇਬੰਦੀਆਂ ਦਾ ਸਾਂਝਾ ਬਿਆਨ

# 'ਅਸੀਂ ਭਾਰਤ ਦੇ ਕਿਸਾਨਾਂ ਦੇ ਨਾਲ ਹਾਂ !'

*[ਭਾਰਤ ਦੇ ਮੌਜੂਦਾ ਮਹਾ-ਅੰਦੋਲਨ ਦੇ ਮਹੱਤਵ ਨੂੰ ਭਾਰਤ ਦੇ ਕਿਸਾਨਾਂ ਨੇ ਤਾਂ ਸਮਝਿਆ ਹੀ ਹੈ, ਦੁਨੀਆ ਦੇ ਵੱਖ-ਵੱਖ ਮੁਲਕਾਂ ਦੇ ਕਿਸਾਨ ਵੀ ਇਸ ਦੇ ਇਤਿਹਾਸ-ਰਚੇਤਾ ਮਹੱਤਵ ਨੂੰ ਪਛਾਣ ਕੇ ਇਸ ਦੀ ਹਮਾਇਤ 'ਚ ਲਲਕਾਰਾ ਮਾਰ ਰਹੇ ਹਨ। ਇਸ ਹਮਾਇਤ ਅਤੇ ਇਕਮੁੱਠਤਾ ਦਾ ਘੇਰਾ ਦਿਨੋਂਦਿਨ ਵਸੀਹ ਹੋ ਰਿਹਾ ਹੈ। ਇਹ ਇਕਮੁੱਠਤਾ ਆਰ.ਐੱਸ.ਐੱਸ.-ਬੀਜੇਪੀ ਸਰਕਾਰ ਦੇ ਦਾਅਵਿਆਂ ਦੇ ਥੋਥ ਨੂੰ ਬੇਨਕਾਬ ਕਰਨ ਲਈ ਕਾਫ਼ੀ ਹੈ ਜੋ ਇਹ ਝੂਠ ਬੇਸ਼ਰਮੀ ਨਾਲ ਦੁਹਰਾ ਰਹੇ ਹਨ ਕਿ ਅੰਦੋਲਨ ਸਿਰਫ਼ ਪੰਜਾਬ-ਹਰਿਆਣਾ ਤੱਕ ਸੀਮਤ ਹੈ। ਪਿਛਲੇ ਦਿਨੀਂ ਅਮਰੀਕਾ ਦੀਆਂ 87 ਜਥੇਬੰਦੀਆਂ ਨੇ ਸਾਂਝਾ ਬਿਆਨ ਜਾਰੀ ਕਰਕੇ ਇਸ ਸੰਘਰਸ਼ ਨਾਲ ਇਕਮੁੱਠਤਾ ਪ੍ਰਗਟਾਈ ਹੈ। ਇਹਨਾਂ ਵਿਚ ਨੈਸ਼ਨਲ ਫੈਮਿਲੀ ਕੋਲੀਸ਼ਨ, ਰੂਰਲ ਕੋਲੀਸ਼ਨ, ਨਾਰਥਵੈਸਟ ਮਰੀਨ ਅਲਾਇੰਸ, ਇੰਸਟੀਚਿਊਟ ਫਾਰ ਐਗਰੀਕਲਚਰ ਐਂਡ ਟਰੇਡ ਪਾਲਿਸੀ, ਗ੍ਰਾਸਰੂਟ ਗਲੋਬਲ ਜਸਟਿਸ ਅਲਾਇੰਸ ਸ਼ਾਮਲ ਅਤੇ ਹੋਰ ਜਥੇਬੰਦੀਆਂ ਸ਼ਾਮਲ ਹਨ। ਇਹ ਤਾਂ ਉਹ ਜਥੇਬੰਦੀਆਂ ਹਨ ਜਿਹਨਾਂ ਨੇ ਸਾਂਝਾ ਬਿਆਨ ਜਾਰੀ ਕੀਤਾ ਹੈ। ਇਹਨਾਂ ਤੋਂ ਬਿਨਾਂ, ਬੇਸ਼ੁਮਾਰ ਐਸੇ ਸਮਾਜੀ ਸਮੂਹ, ਸੰਸਥਾਵਾਂ, ਸ਼ਖਸੀਅਤਾਂ ਅਤੇ ਵਿਅਕਤੀ ਹਨ ਜੋ ਇਸ ਸੰਘਰਸ਼ ਦੀ ਡੱਟ ਕੇ ਹਮਾਇਤ ਕਰ ਰਹੇ ਹਨ। ਪ੍ਰਵਾਸੀ ਭਾਰਤੀ ਨਾ ਸਿਰਫ਼ ਇਸ ਸੰਘਰਸ਼ ਦੀ ਹਰ ਸੰਭਵ ਤਰੀਕੇ ਨਾਲ ਮਦਦ ਕਰ ਰਹੇ ਹਨ ਸਗੋਂ ਬਦੇਸ਼ਾਂ ਵਿਚ ਵਿਰੋਧ ਪ੍ਰਦਰਸ਼ਨ ਕਰਕੇ ਸੰਘ ਬਰਗੇਡ ਹਕੂਮਤ ਦਾ ਜਾਬਰ ਚਿਹਰਾ ਵੀ ਦੁਨੀਆ ਭਰ ਦੇ ਲੋਕਾਂ ਨੂੰ ਦਿਖਾ ਰਹੇ ਹਨ। ਇਹ ਹਮਾਇਤ ਫਾਸ਼ਿਸ਼ਟ ਆਰ.ਐੱਸ.ਐੱਸ.-ਭਾਜਪਾ ਨੂੰ ਬਹੁਤ ਚੁਭਦੀ ਹੈ। ਇਸੇ ਲਈ ਸੰਘਰਸ਼ੀ 'ਟੂਲਕਿੱਟ' ਨੂੰ ਰਾਜਧ੍ਰੋਹ ਅਤੇ ਰਾਜ ਵਿਰੁੱਧ ਯੁੱਧ ਛੇੜਣ ਦੀ ਸਾਜ਼ਿਸ਼ ਦਾ ਨਾਮ ਦੇ ਕੇ ਨਿਸ਼ਾਨਾ ਬਣਾਇਆ ਗਿਆ ਹੈ। ਇਸ ਦੇ ਮਹੱਤਵ ਦੇ ਮੱਦੇਨਜ਼ਰ ਅਮਰੀਕਨ ਜਥੇਬੰਦੀਆਂ ਦੇ ਸਾਂਝੇ ਬਿਆਨ ਦਾ ਪੰਜਾਬੀ ਰੂਪ ਆਪਣੇ ਪਾਠਕਾਂ ਨਾਲ ਸਾਂਝਾ ਕੀਤਾ ਜਾ ਰਿਹਾ ਹੈ। - ਅਨੁਵਾਦਕ]*




**ਅਨੁਵਾਦ : ਬੂਟਾ ਸਿੰਘ**

ਅਸੀਂ ਅਮਰੀਕੀ ਫਾਰਮਰ ਅਤੇ ਅਲਾਇਡ ਫੂਡ ਨਿਆਂ ਦੇ ਹਮਾਇਤੀ ਭਾਰਤ ਵਿਚ ਉਹਨਾਂ ਅਨਿਆਂਪੂਰਨ ਖੇਤੀ ਕਾਨੂੰਨਾਂ ਵਿਰੁੱਧ ਚੱਲ ਰਹੇ ਕਿਸਾਨ ਵਿਰੋਧ-ਪ੍ਰਦਰਸ਼ਨ ਨਾਲ ਇਕਮੁੱਠਤਾ ਪ੍ਰਗਟਾਉਂਦੇ ਹਾਂ ਜੋ ਉਹਨਾਂ ਦੀ ਭੋਜਨ ਵਿਵਸਥਾ ਉੱਪਰ ਖੇਤੀ-ਕਾਰੋਬਾਰ ਦੀ ਜਕੜ ਵਧਾਉਣ ਵਾਲੇ ਹਨ। ਭਾਰਤ ਦੇ ਕਿਸਾਨਾਂ ਨੇ ਲਾਮਬੰਦ ਹੋ ਕੇ ਇਤਿਹਾਸ ਦਾ ਇਕ ਸਭ ਤੋਂ ਜੋਸ਼ੀਲਾ ਵਿਰੋਧ ਪ੍ਰਦਰਸ਼ਨ ਖੜ੍ਹਾ ਕੀਤਾ ਹੈ ਅਤੇ ਉਹਨਾਂ ਨੂੰ ਨਵੀਂ ਦਿੱਲੀ ਦੀਆਂ ਬਰੂਹਾਂ ਉੱਪਰ ਪੱਕੇ ਡੇਰੇ ਲਾਈ ਬੈਠਿਆਂ ਨੂੰ ਢਾਈ ਮਹੀਨੇ ਤੋਂ ਜ਼ਿਆਦਾ ਹੋ ਗਏ ਹਨ। ਉਹ ਇਕੱਠੇ ਹੋ ਕੇ ਉਹਨਾਂ ਤਿੰਨ ਨਹੱਕੇ ਕਾਨੂੰਨਾਂ ਨੂੰ ਵਾਪਸ ਲਏ ਜਾਣ ਦੀ ਮੰਗ ਕਰ ਰਹੇ ਹਨ ਜੋ ਉਹਨਾਂ ਨੂੰ ਦੱਸੇ ਜਾਂ ਉਹਨਾਂ ਨਾਲ ਮਸ਼ਵਰਾ ਕੀਤੇ ਬਗ਼ੈਰ ਪਾਸ ਕਰ ਦਿੱਤੇ ਗਏ ਸਨ। ਅਸੀਂ ਦੁਨੀਆ ਭਰ ਦੇ ਹੋਰ ਕਿਸਾਨਾਂ ਨਾਲ ਮਿਲ ਕੇ ਉਹਨਾਂ ਬੇਸ਼ੁਮਾਰ ਕਿਸਾਨਾਂ ਨਾਲ ਇਕਮੁੱਠਤਾ ਜ਼ਾਹਿਰ ਕਰਦੇ ਹਾਂ ਜੋ ਆਪਣੇ ਹੱਕਾਂ ਅਤੇ ਮਾਣ-ਸਨਮਾਨ ਲਈ ਪੁਰਅਮਨ ਤਰੀਕੇ ਨਾਲ ਅਤੇ ਬਹਾਦਰੀ ਨਾਲ ਡੱਟੇ ਹੋਏ ਹਨ।

ਅੰਦੋਲਨ ਦੀਆਂ ਕੁੰਜੀਵਤ ਮੰਗਾਂ ਵਿੱਚੋਂ ਇਕ ਇਹ ਹੈ ਕਿ ਕਿਸਾਨਾਂ ਨੂੰ ਸਬਜ਼ੀਆਂ ਸਮੇਤ ਸਾਰੀਆਂ ਉਪਜਾਂ ਦਾ ਘੱਟੋਘੱਟ ਸਮਰਥਨ ਮੁੱਲ (ਐੱਮ.ਐੱਸ.ਪੀ.) ਮਿਲੇ ਜੋ ਸਿਹਤਮੰਦ ਭੋਜਨ ਲਈ ਜ਼ਰੂਰੀ ਹਨ - ਇਸ ਵਕਤ ਕੁਛ ਕੁ ਫ਼ਸਲਾਂ ਲਈ ਹੀ ਇਹ ਵਿਵਸਥਾ ਯਕੀਨੀਂ ਬਣਾਈ ਗਈ ਹੈ। ਇਸ ਨਾਲ ਇਹ ਯਕੀਨੀਂ ਬਣੇਗਾ ਕਿ ਭਾਰਤ ਵਿਚ ਕਿਸਾਨਾਂ ਨੂੰ ਉਹਨਾਂ ਦੀ ਫ਼ਸਲ ਦਾ ਨਿਆਂਪੂਰਨ ਮੁੱਲ ਮਿਲੇ ਜੋ ਕਿ ਪਹਿਲਾਂ ਹੀ ਭਾਰੀ ਕਰਜ਼ੇ ਦੇ ਬੋਝ ਹੇਠ ਪਿਸ ਰਹੇ ਹਨ। ਐੱਮ.ਐੱਸ.ਪੀ. ਉਹ ਮੁੱਲ ਹੈ ਜਿਸ ਉੱਪਰ ਭਾਰਤ ਸਰਕਾਰ ਕਣਕ ਅਤੇ ਝੋਨਾ ਵਰਗੇ ਅਨਾਜ ਕਿਸਾਨਾਂ ਤੋਂ ਆਪਣੇ ਜਨਤਕ ਅਨਾਜ ਵੰਡ ਪ੍ਰੋਗਰਾਮਾਂ ਲਈ ਖ਼ਰੀਦਦੀ ਹੈ ਤਾਂ ਜੁ ਗ਼ਰੀਬ ਲੋਕ ਸਬਸਿਡੀ ਵਾਲਾ ਅਨਾਜ ਖ਼ਰੀਦ ਸਕਣ। ਭਾਵੇਂ ਕਿ ਭਾਰਤ ਸਰਕਾਰ ਆਪਣੇ ਅਨਾਜ ਵੰਡ ਪ੍ਰੋਗਰਾਮਾਂ ਲਈ ਬਹੁਤ ਥੋੜ੍ਹੀ ਫ਼ੀਸਦੀ ਫ਼ਸਲਾਂ ਹੀ ਖ਼ਰੀਦਦੀ ਹੈ, ਇਸ ਦੇ ਬਾਵਜੂਦ ਐੱਮ.ਐੱਸ.ਪੀ. ਭਾਰਤ ਦੇ ਹੋਰ ਵਪਾਰੀਆਂ ਲਈ ਇਕ ਕੁੰਜੀਵਤ ਮੁੱਲ ਸੂਚਨਾ ਹੈ ਜੋ ਇਹ ਯਕੀਨੀਂ ਬਣਾਉਂਦੀ ਹੈ ਕਿ ਕਿਸਾਨਾਂ ਨੂੰ ਇਹਨਾਂ ਖ਼ਾਸ ਫ਼ਸਲਾਂ ਦਾ ਨਿਆਂਪੂਰਨ ਮੁੱਲ ਲਾਜ਼ਮੀ ਮਿਲੇ।

ਸਾਡਾ ਮੰਨਣਾ ਹੈ ਕਿ ਉਹ ਹਾਲਾਤ ਪੈਦਾ ਕਰਨ 'ਚ ਅਮਰੀਕੀ ਸਰਕਾਰ ਦੀ ਭੂਮਿਕਾ ਵੀ ਹੈ ਜਿਹਨਾਂ ਦੇ ਨਤੀਜੇ ਵਜੋਂ ਇਹ ਜਾਬਰ ਕਾਨੂੰਨ ਬਣਾਏ ਗਏ। ਅਮਰੀਕਾ ਉਹਨਾਂ ਕੁੰਜੀਵਤ ਤਾਕਤਾਂ ਵਿੱਚੋਂ ਇਕ ਹੈ ਜੋ ਆਲਮੀ ਵਪਾਰ ਸੰਸਥਾ (ਡਬਲਯੂ.ਟੀ.ਓ.) ਵਿਖੇ ਭਾਰਤ ਵੱਲੋਂ ਐੱਮ.ਐੱਸ.ਪੀ. ਦੇ ਸੀਮਤ ਇਸਤੇਮਾਲ ਕਰਨ ਦਾ ਵਿਰੋਧ ਕਰਦੀਆਂ ਆ ਰਹੀਆਂ ਹਨ। ਆਸਟ੍ਰੇਲੀਆ, ਕੈਨੇਡਾ ਅਤੇ ਯੂਰਪੀ ਮੁਲਕਾਂ ਦੇ ਗੱਠਜੋੜ ਨਾਲ ਮਿਲ ਕੇ ਅਮਰੀਕਾ ਦਾ ਦਾਅਵਾ ਹੈ ਕਿ ਭਾਰਤ ਦੀ ਐੱਮ.ਐੱਸ.ਪੀ. ਵਿਵਸਥਾ ਕਰਕੇ ਵਪਾਰ 'ਚ ਗੜਬੜ ਹੁੰਦੀ ਹੈ।

ਲੇਕਿਨ, ਇਹ ਹੈਰਾਨੀਜਨਕ ਨਹੀਂ ਹੈ: ਅਮਰੀਕਨ ਸਰਕਾਰ ਦਹਾਕਿਆਂ ਤੋਂ ਆਪਣੇ ਮੁਲਕ ਵਿਚ ਮੁੱਲ ਸਮਾਨਤਾ ਦੀ ਧਾਰਨਾ (ਜੋ ਭਾਰਤ ਦੀ ਐੱਮ.ਐੱਸ.ਪੀ. ਵਿਵਸਥਾ ਨਾਲ ਮਿਲਦੀ-ਜੁਲਦੀ ਹੈ) ਨੂੰ ਖ਼ੋਰਾ ਲਾਉਂਦੀ ਆ ਰਹੀ ਹੈ। ਹੁਣ ਬਾਇਡਨ ਪ੍ਰਸ਼ਾਸਨ ਲਈ ਮੌਕਾ ਹੈ ਕਿ ਇਹ ਅਮਰੀਕਾ ਦੀ ਵਪਾਰ ਨੀਤੀ ਨੂੰ ਇਸ ਤਰ੍ਹਾਂ ਬਣਾਵੇ ਤਾਂ ਜੁ ਹੋਰ ਮੁਲਕ ਆਪਣੇ ਕਿਸਾਨਾਂ ਲਈ ਨਿਆਂਕਾਰੀ ਸੁਤੰਤਰ ਮੰਡੀ ਵਿਵਸਥਾ ਬਣਾ ਸਕਣ, ਨਾਲ ਹੀ ਇਹ ਆਪਣੀ ਖੇਤੀ ਨੀਤੀ ਨੂੰ ਇਸ ਤਰ੍ਹਾਂ ਬਣਾਵੇ ਕਿ ਸਾਡੇ ਆਪਣੇ ਅਨਾਜ ਪੈਦਾ ਕਰਨ ਵਾਲਿਆਂ ਦਾ ਜੀਵਨ-ਗੁਜ਼ਾਰਾ ਸੁਨਿਸ਼ਚਿਤ ਹੋ ਸਕੇ।

ਹਾਲਾਂਕਿ ਅਮਰੀਕਨ ਖੇਤੀਬਾੜੀ ਖੇਤਰ ਨੂੰ ਬਹੁਤ ਸਾਰੇ ਮੁਲਕਾਂ ਦੇ ਮੁਕਾਬਲੇ ਹੱਦੋਂ ਵੱਧ ਸਰਕਾਰੀ ਸਹਾਇਤਾ ਤਾਂ ਦਿੱਤੀ ਜਾ ਰਹੀ ਹੈ, ਲੇਕਿਨ ਇਹ ਸਹਾਇਤਾ ਸਾਰਿਆਂ ਦੀ ਬਰਾਬਰ ਪਹੁੰਚ ਵਿਚ ਨਹੀਂ ਹੈ। ਖ਼ਾਸ ਕਰਕੇ ਸਿਆਹਫ਼ਾਮ, ਮੂਲਵਾਸੀ, ਲਾਤੀਨੋ, ਏਸ਼ੀਆ-ਪੈਸੀਫਿਕ ਅਤੇ ਜਿਹਨਾਂ ਹੋਰ ਲੋਕਾਂ ਨਾਲ ਰੰਗਭੇਦ ਹੁੰਦਾ ਹੈ, ਉਹਨਾਂ ਨੂੰ ਇਤਿਹਾਸਕ ਤੌਰ 'ਤੇ ਇਸ ਤੋਂ ਬਾਹਰ ਰੱਖਿਆ ਗਿਆ ਹੈ ਜਿਹਨਾਂ ਕੋਲ ਸੁੱਰਖਿਅਤ ਭੋਇ-ਸੰਪਤੀ ਨਹੀਂ ਹੈ ਅਤੇ ਜੋ ਸਬਜ਼ੀਆਂ ਅਤੇ ਛੋਟੇ ਪੈਮਾਨੇ 'ਤੇ ਪਸ਼ੂ-ਪਾਲਣ ਦੇ ਖੇਤਰਾਂ ਵਿਚ ਕੰਮ ਕਰਦੇ ਹਨ। ਜਿਹਨਾਂ ਸੁਤੰਤਰ ਕਿਸਾਨ ਪਰਿਵਾਰਾਂ ਦੀ ਅਸੀਂ ਆਵਾਜ਼ ਹਾਂ, ਉਹਨਾਂ ਦੀ ਬਜਾਏ ਸਰਕਾਰੀ ਸਹਾਇਤਾ ਬੜੇ-ਬੜੇ ਖੇਤੀ ਕਾਰੋਬਾਰੀਆਂ ਨੂੰ ਜਾ ਰਹੀ ਹੈ।

ਇਹ ਗੱਲ ਸਪਸ਼ਟ ਹੋਣੀ ਚਾਹੀਦੀ ਹੈ ਕਿ ਅੱਜ ਜੋ ਭਾਰਤੀ ਕਿਸਾਨਾਂ ਨੂੰ ਭੁਗਤਣਾ ਪੈ ਰਿਹਾ ਹੈ, ਅਮਰੀਕਾ ਵਿਚ ਇਹ ਚਾਰ ਦਹਾਕੇ ਪਹਿਲਾਂ ਹੋ ਚੁੱਕਾ ਹੈ। ਰੀਗਨ ਦੇ ਰਾਜ ਵਿਚ ਕੇਂਦਰੀ ਨੀਤੀ ਬਦਲਾਵਾਂ ਨਾਲ, ਫ਼ਸਲਾਂ ਦੇ ਮੁੱਲਾਂ ਦੀ ਸਮਾਨਤਾ ਦੇ ਜੜ੍ਹੀਂ ਤੇਲ ਦੇ ਕੇ ਅਤੇ ਹੋਰ ਕੰਟਰੋਲ-ਹਟਾਊ ਯਤਨਾਂ ਜ਼ਰੀਏ ਖੇਤੀ ਸੰਕਟ ਨੂੰ ਹੋਰ ਵਧਾਇਆ ਗਿਆ। ਸਾਡੀ ਹਕੂਮਤ ਦਾ ਮੰਤਰ ਰਿਹਾ ਹੈ - "ਬੜੇ ਬਣ ਜਾਓ ਜਾਂ ਬਾਹਰ ਹੋ ਜਾਓ"। ਜਿਹਨਾਂ ਕੋਲ ਮਜ਼ਬੂਤ ਹੋਣ ਦੇ ਵਸੀਲੇ ਸਨ, ਉਹਨਾਂ ਨੂੰ ਇਕ-ਫ਼ਸਲੀ ਖੇਤੀ ਲਈ ਬਖ਼ਸ਼ਿਸ਼ਾਂ ਕੀਤੀਆਂ ਗਈਆਂ। ਜਦਕਿ ਅਮਰੀਕਾ ਦੇ ਖੇਤੀਬਾੜੀ ਖੇਤਰ ਵਿਚ ਅਸਲ ਯੋਗਦਾਨ ਕਬਾਇਲੀ ਭਾਈਚਾਰਿਆਂ ਅਤੇ ਰਵਾਇਤੀ ਅੰਨ ਉਤਪਾਦਕਾਂ ਅਤੇ ਛੋਟੇ ਕਾਸ਼ਤਕਾਰਾਂ ਹੈ ਜੋ ਸਦਾ ਪੌਣਪਾਣੀ ਹਿਤੈਸ਼ੀ ਫ਼ਸਲੀ ਵੰਨ-ਸੁਵੰਨਤਾ ਵਾਲੀ ਖੇਤੀ ਕਰਦੇ ਰਹੇ ਹਨ ਜਾਂ ਜਿਹਨਾਂ ਨੇ ਇਹ ਮਾਡਲ ਅਪਣਾ ਲਿਆ ਹੈ। ਆਮਦਨੀ 'ਚ ਸਰਕਾਰੀ ਸਹਾਇਤਾ ਤੋਂ ਬਗ਼ੈਰ ਇਹ ਅੰਨ ਉਤਪਾਦਕ ਜੀਵਨ-ਗੁਜ਼ਾਰਾ ਨਹੀਂ ਕਰ ਸਕਦੇ। ਇਹ ਹੈਰਾਨੀ ਦੀ ਗੱਲ ਨਹੀਂ ਕਿ ਅਮਰੀਕਾ ਦੇ ਪੇਂਡੂ ਖੇਤਰ ਵਿਚ ਖੇਤੀ ਸਬਸਿਡੀਆਂ ਬਾਕੀ ਵਸੋਂ ਦੇ ਮੁਕਾਬਲੇ 45ਫ਼ੀਸਦੀ ਜ਼ਿਆਦਾ ਹਨ।

ਦਰਅਸਲ ਡਬਲਯੂ.ਟੀ.ਓ. ਨੇ ਆਲਮੀ ਦੱਖਣ ਅਤੇ ਆਲਮੀ ਉੱਤਰ ਦਰਮਿਆਨ ਖੇਡ ਮੈਦਾਨ ਨੂੰ, ਜੋ ਕਿ ਪਹਿਲਾਂ ਹੀ ਪਹਿਲਾਂ ਹੀ ਅਸਾਵਾਂ ਹੈ, ਹੋਰ ਜ਼ਿਆਦਾ ਬਦਤਰ ਬਣਾ ਦਿੱਤਾ ਹੈ। ਹਰ ਕੌਮੀ ਰਾਜ ਘੱਟੋਘੱਟ ਇਹ ਤਾਂ ਕਰ ਹੀ ਸਕਦਾ ਹੈ ਕਿ ਕੰਟਰੋਲ-ਮੁਕਤ ਕਰਨ ਦੀ ਮੁਹਿੰਮ ਤੋਂ ਛੋਟੇ ਕਿਸਾਨਾਂ ਦਾ ਬਚਾਓ ਕਰੇ ਜੋ ਕਿਸਾਨਾਂ ਦੀ ਸੌਦੇਬਾਜ਼ੀ ਕਰਨ ਦੀ ਸੀਮਤ ਸਮਰੱਥਾ ਨੂੰ ਖ਼ਤਮ ਕਰਦੀ ਹੈ ਅਤੇ ਉਹਨਾਂ ਨੂੰ ਉਹਨਾਂ ਦੇ ਖੇਤਾਂ ਤੋਂ ਬੇਦਖ਼ਲ ਕਰਦੀ ਹੈ, ਜਿਵੇਂ ਭਾਰਤ ਦੇ ਤਿੰਨ ਖੇਤੀ ਕਾਨੂੰਨ ਹਨ। ਅਮਰੀਕਾ ਵਿਚ ਇਹ ਕਿਹਾ ਜਾਂਦਾ ਹੈ ਕਿ ਪਿਛਲੀ ਸਰਕਾਰ ਦਾ ਜੋ "ਮੁੱਖ ਰੂਪ 'ਚ ਮੰਡੀ ਨੂੰ ਕੰਟਰੋਲ-ਮੁਕਤ ਕਰਨ ਅਤੇ ਜਿਣਸ ਉਤਪਾਦਕ ਫਾਰਮਰਾਂ ਲਈ ਸਹਾਇਤਾ ਵਿਚ ਵਾਧਾ ਕਰਨ ਜਦਕਿ ਲੋੜਵੰਦ ਪਰਿਵਾਰਾਂ ਲਈ ਭੋਜਨ ਸਹਾਇਤਾ ਵਿਚ ਕਟੌਤੀ ਕਰਨ ਉੱਪਰ ਕੇਂਦਰਤ" ਪ੍ਰੋਗਰਾਮ ਸੀ ਉਸ ਦੀਆਂ "ਚਿਰ-ਸਥਾਈ ਅਰਥ-ਸੰਭਾਵਨਾਵਾਂ" ਹਨ।

ਬਾਇਡਨ-ਹੈਰਿਸ ਸਰਕਾਰ ਦਾ ਆਗਾਜ਼ ਸੰਭਾਵਨਾਵਾਂ ਵਾਲਾ ਹੁੰਦਿਆਂ ਹੋਇਆਂ ਵੀ ਘਰੇਲੂ ਅਤੇ ਕੌਮਾਂਤਰੀ ਦੋਨੋਂ ਪੱਧਰਾਂ ਉੱਪਰ ਭੋਜਨ ਅਤੇ ਖੇਤੀਬਾੜੀ ਨੀਤੀ ਬਾਬਤ ਸਮਾਨਤਾ ਅਤੇ ਵਾਤਾਵਰਣੀ ਅਤੇ ਨਸਲੀ ਨਿਆਂ ਲਈ ਬਹੁਤ ਕੁਛ ਕਰਨ ਵਾਲਾ ਹੈ। ਇਹ ਜ਼ਰੂਰੀ ਹੈ ਕਿ ਅਮਰੀਕਨ ਸਰਕਾਰ ਛੋਟੇ ਫਾਰਮਰਾਂ ਦੀ ਬਜਾਏ ਖੇਤੀ-ਕਾਰੋਬਾਰੀਆਂ ਦੇ ਹਿਤਾਂ ਨੂੰ ਤਰਜ਼ੀਹ ਦੇਣਾ ਅਤੇ ਨਾਲ ਹੀ ਸਾਡੇ ਇੱਥੇ ਅਤੇ ਹੋਰ ਮੁਲਕਾਂ ਵਿਚ ਭੋਜਨ ਵਿਵਸਥਾ ਦਾ ਹੋਰ ਕਾਰਪੋਰੇਟੀਕਰਨ ਕਰਨਾ ਬੰਦ ਕਰੇ। ਇਹ ਲਾਜ਼ਮੀ ਹੈ ਕਿ ਅਮਰੀਕਾ ਭਾਰਤ ਦੇ ਪੌਣਪਾਣੀ ਦੇ ਅਨੁਕੂਲ, ਜੀਵ-ਭਿੰਨਤਾ ਵਾਲੀਆਂ ਅਤੇ ਪਾਣੀ ਦੀ ਸੰਭਾਲ ਕਰਨ ਵਾਲੀਆਂ ਭੋਜਨ ਵਿਵਸਥਾਵਾਂ ਦੀ ਸਹਾਇਤਾ ਕਰਨ ਵਾਲੇ ਸ਼ਾਸਨ ਦੇ ਬਹੁਧਿਰੀ ਨੇਮਾਂ ਨੂੰ ਵੀ ਸਹਿਮਤੀ ਦੇਵੇ ਅਤੇ ਇਹ ਸਹਾਇਤਾ ਸਾਰੇ ਉਤਪਾਦਕਾਂ ਤੱਕ ਪਹੁੰਚੇ। ਇਸ ਦਾ ਭਾਵ ਸਮਾਨਤਾ ਵਾਲੀ ਮੁੱਲ ਵਿਵਸਥਾ ਅਤੇ ਫ਼ਸਲਾਂ ਦੀ ਸਰਕਾਰੀ ਖ਼ਰੀਦ ਸਮੇਤ ਵਪਾਰ ਦੇ ਨੇਮਾਂ ਦਾ ਸੁਮੇਲ ਕਰਨਾ ਵੀ ਹੋਵੇਗਾ।

ਅਸੀਂ ਕਿਸਾਨਾਂ ਅਤੇ ਖੇਤੀ ਕਾਮਿਆਂ ਦੇ ਸਾਂਝੇ ਸੰਘਰਸ਼ ਉਸਾਰਨ ਲਈ ਸੰਯੁਕਤ ਕਿਸਾਨ ਮੋਰਚਾ ਦਾ ਬੇਹੱਦ ਸਤਿਕਾਰ ਕਰਦੇ ਹਾਂ ਅਤੇ ਅਸੀਂ ਉਹਨਾਂ ਨਾਲ ਡੱਟ ਕੇ ਖੜ੍ਹੇ ਹਾਂ। ਅਸੀਂ ਦੋਨੋਂ ਸਰਕਾਰਾਂ ਨੂੰ ਸੁਤੰਤਰ ਕਿਸਾਨ ਪਰਿਵਾਰਾਂ ਅਤੇ ਸਥਾਨਕ ਭੋਜਨ ਪ੍ਰਣਾਲੀਆਂ ਦੀ ਸਹਾਇਤਾ ਕਰਨ, ਭੋਜਨ ਪ੍ਰਭੂਸੱਤਾ ਯਕੀਨੀਂ ਬਣਾਉਣ ਅਤੇ ਉਹਨਾਂ ਕਰੋੜਾਂ ਲੋਕਾਂ ਨੂੰ ਜੀਵਨ-ਗੁਜ਼ਾਰੇ ਦੀ ਸੁੱਰਖਿਆ ਦੇਣ ਦੀ ਪੁਰਜ਼ੋਰ ਅਪੀਲ ਕਰਦੇ ਹਾਂ ਜੋ ਉਹਨਾਂ ਦੀ ਭੋਜਨ ਸੁੱਰਖਿਆ ਅਤੇ ਸਿਹਤਮੰਦ ਜ਼ਿੰਦਗੀ ਦਾ ਆਧਾਰ ਹੈ।

WEST COAST
HOME & TRUSS LTD.
Manufacturers of Quality Pre-Engineered Metal Plate Connected Wood Trusses
CUSTOM PRODUCTS AND SERVICES OFFERED :
- Pre-Engineered Roof and Floor Trusses
- Metal Web Floor Trusses
- Custom Heavy Timber Trusses and Timber Framing Kits
- Curved Roof and Ceiling Trusses
- Curved Timber and Laminated Joists
- Curved Fascias and Trims
- Pre-Fab Barreled and Double Barreled Vaulted Ceilings
- Pre-Fab Dome and Elliptical Ceilings
- Structural Engineering and Inspection Services (BC, Alberta & Saskatchewan)



10230-120 Street Surrey, BC, V3V 4G1
www.westcoasttruss.ca | info@westcoasttruss.ca
(604) 580-3275
(778) 896-7194



Si SECURELIFE
INSURANCE AGENCY INC.
NOW HIRING !!!
NEW & EXPERIENCED ADVISORS
Ravinderjit Basra
416-845-6232
www.securelifeinsurance.ca

**SARO KARAN DI AWAZ**

**Publisher**
Pro-People Arts Project
Media Group 29
Mapleview Ave, Brampton
Ontario, CA, L6R 1M2

**Chief Editor**
Harbans Singh
416-817-7142
ppapmg@gmail.com

**Managing Director**
Devinder Toor, Toronto
416-902-9372
ppapmg@gmail.com

**Sub Editor**
Master Bhajan Singh
Calgary (Alberta)
403-455-4220
btarksheel@gmail.com

**Sub Editor**
Dr. Hardeep Singh, Milton (Ontario)
416-209-6363
deephsingh@gmail.com

**Sub Editor**
Randeep Singh (India)
09855695905
rvs0001@gmail.com

**Literary Advisor**
Haripal
Calgary (NE) Alberta
403-714-4816
haripalharry2016@gmail.com

Parminder Swaich
Surrey (BC)
604-760-4794
pswaich@hotmail.com

**Graphic Desinger**
Baljinder Singh
+91-92167-29598
akashdeep.1064@gmail.com

**Honorary Advisory Board**

Sukhdev Singh Sandhu (Toronto)

Master Balbir Singh Gill (Toronto)
Jaspreet Dhaliwal (Toronto)

Harcharan Singh Parhar Calgary

Malkit Singh Abbotsford (BC)

Narbhinder Singh (India) (Punjab)
935-443-0211

Buta Singh Nawan Shahr (Punjab)
946-347-4342
atoozed@gmail.com

Jaswant Zirakh (India) (Punjab)
98151-69825
jaswantzirakh@gmail.com

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਸਰੋਕਾਰਾਂ ਦੀ ਆਵਾਜ਼' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ।

# "ਟੂਲਕਿੱਟ" ਬਨਾਮ ਭਾਜਪਾ ਦਾ ਡਿਜੀਟਲ ਦਹਿਸ਼ਤਵਾਦ



ਬੂਟਾ ਸਿੰਘ ਨਵਾਂਸ਼ਹਿਰ
94634-74342

ਵਾਤਾਵਰਣ ਪ੍ਰੇਮੀ ਕਾਰਕੁੰਨ ਗਰੇਤਾ ਥਨਬਰਗ ਵੱਲੋਂ ਸੋਸ਼ਲ ਮੀਡੀਆ ਉੱਪਰ ਕੀਤੀਆਂ ਟਿੱਪਣੀਆਂ ਤੋਂ ਫਾਸ਼ਿਸ਼ਟ ਆਰ.ਐੱਸ.ਐੱਸ.-ਭਾਜਪਾ ਐਨੀ ਭੈਭੀਤ ਹੋ ਗਈ ਹੈ ਕਿ ਇਸ ਨੇ ਲੋਕ ਰਾਇ ਬਣਾਉਣ ਦੇ ਇਕ ਮੁੱਖ ਸਾਧਨ, ਸੋਸ਼ਲ ਮੀਡੀਆ, ਨੂੰ ਬੇਅਸਰ ਕਰਨ ਲਈ ਡਿਜੀਟਲ ਦਹਿਸ਼ਤਵਾਦ ਵਿੱਢ ਦਿੱਤਾ ਹੈ। ਇਹ ਪਿਛਲੇ ਦਿਨਾਂ ਵਿਚ ਸੋਸ਼ਲ ਮੀਡੀਆ ਨੂੰ ਕੰਟਰੋਲ ਕਰਨ ਲਈ ਤਿਆਰ ਕੀਤੀ ਸਾਈਬਰ ਯੁੱਧਨੀਤੀ ਦਾ ਹਿੱਸਾ ਹੈ। ਇਸੇ ਫਾਸ਼ੀਵਾਦੀ ਯੋਜਨਾ ਤਹਿਤ "ਟੂਲਕਿੱਟ" ਮਾਮਲੇ ਨੂੰ ਮੁਲਕ ਦਾ ਅਕਸ ਵਿਗਾੜਣ ਦੀ ਕੌਮਾਂਤਰੀ ਰਾਜਧ੍ਰੋਹੀ ਸਾਜ਼ਿਸ਼ ਵਜੋਂ ਪੇਸ਼ ਕਰਨਾ ਸ਼ੁਰੂ ਕੀਤਾ ਗਿਆ ਹੈ। ਇਸ ਹਮਲੇ ਦਾ ਮੁੱਖ ਸੰਦ ਦਿੱਲੀ ਪੁਲਿਸ ਦਾ ਸਪੈਸ਼ਲ ਸੈੱਲ ਹੈ ਜੋ ਪਾਰਲੀਮੈਂਟ ਉੱਪਰ ਕਥਿਤ ਹਮਲੇ ਦੇ ਮਾਮਲੇ 'ਚ ਪ੍ਰੋਫੈਸਰ ਗਿਲਾਨੀ ਸਮੇਤ ਬਹੁਤ ਸਾਰੇ ਬੇਕਸੂਰ ਕਸ਼ਮੀਰੀਆਂ ਨੂੰ ਗ੍ਰਿਫ਼ਤਾਰ ਕਰਕੇ ਜੇਲ੍ਹਾਂ ਵਿਚ ਸਾੜਣ ਅਤੇ ਅਫ਼ਜ਼ਲ ਗੁਰੂ ਨੂੰ ਬਿਨਾਂ ਸਬੂਤ ਫਾਂਸੀ 'ਤੇ ਲਟਕਾਉਣ ਦਾ ਫਰਜ਼ੀ ਕੇਸ ਤਿਆਰ ਕਰਨ ਤੋਂ ਲੈ ਕੇ ਸ਼ਾਹੀਨ ਬਾਗ਼, ਜੇ.ਐੱਨ.ਯੂ., ਜਾਮੀਆ ਮਿਲੀਆ ਯੂਨੀਵਰਸਿਟੀ ਅਤੇ ਦਿੱਲੀ ਯੂਨੀਵਰਸਿਟੀ ਦੇ ਸੰਘਰਸ਼ਾਂ ਨੂੰ ਦਬਾਉਣ ਤੇ ਕੁਚਲਣ ਵਾਲੀ ਬਦਨਾਮ ਏਜੰਸੀ ਹੈ। ਇਹ ਉਹ ਏਜੰਸੀ ਹੈ ਜਿਸ ਨੇ ਦਹਿਸ਼ਤਵਾਦੀ ਹਮਲੇ ਕਰਨ ਵਾਲੇ ਭਗਵੇਂ ਗੈਂਗ ਵਿਰੁੱਧ ਕਾਰਵਾਈ ਕਰਨ ਦੀ ਬਜਾਏ ਫਿਰਕੂ ਸਦਭਾਵਨਾ ਲਈ ਕੰਮ ਕਰਨ ਵਾਲੇ ਉਮਰ ਖਾਲਿਦ, ਪਿੰਜਰਾ ਤੋੜ ਮੁਹਿੰਮ ਦੀਆਂ ਆਗੂ ਨਤਾਸ਼ਾ ਅਤੇ ਵੀਰਾਂਗਣਾਂ ਸਮੇਤ ਦਰਜਨਾਂ ਜਮਹੂਰੀ ਕਾਰਕੁੰਨਾਂ ਨੂੰ 'ਸਾਜ਼ਿਸ਼ਘਾੜੇ' ਬਣਾ ਕੇ ਅਤੇ ਯੂ.ਏ.ਪੀ.ਏ. ਲਗਾ ਕੇ ਜੇਲ੍ਹ ਭੇਜਣ 'ਚ ਮੋਹਰੀ ਭੂਮਿਕਾ ਨਿਭਾਈ। ਹੁਣ ਸਪੈਸ਼ਲ ਸੈੱਲ ਦੇ ਅਧਿਕਾਰੀ ਆਪਣੇ ਸੱਤਾਧਾਰੀ ਆਕਾਵਾਂ ਦੀ ਹਦਾਇਤ ਅਨੁਸਾਰ ਇਕ ਨਵੀਂ 'ਸਾਜ਼ਿਸ਼' ਵਿਰੁੱਧ ਜਹਾਦ ਵਿਚ ਜੁੱਟ ਗਏ ਹਨ। "ਟੂਲਕਿੱਟ" ਮਾਮਲੇ ਨੂੰ ਕੌਮਾਂਤਰੀ ਸਾਜ਼ਿਸ਼ ਦੱਸਿਆ ਜਾ ਰਿਹਾ ਹੈ।

ਜਿਸ "ਟੂਲਕਿੱਟ" ਨੂੰ ਐਨਾ ਹਊਆ ਬਣਾਇਆ ਗਿਆ ਹੈ ਉਹ ਦਰਅਸਲ ਇਹਨਾਂ ਕਾਰਕੁੰਨਾਂ ਵੱਲੋਂ ਕਿਸਾਨ ਅੰਦੋਲਨ ਦੇ ਹੱਕ ਵਿਚ ਪ੍ਰਚਾਰ ਕਰਨ ਦੇ ਤਰੀਕਿਆਂ ਦੀ ਸਾਂਝੀ ਸੂਚੀ ਹੈ ਜੋ ਗਰੇਤਾ ਥਨਬਰਗ ਨੂੰ ਭੇਜੀ ਗਈ। ਇਹਨਾਂ ਵਿਚ ਮੁੱਖ ਤੌਰ 'ਤੇ ਟਵਿੱਟਰ ਉੱਪਰ ਜਾਣਕਾਰੀ ਫੈਲਾਉਣਾ ਅਤੇ ਬਦੇਸ਼ਾਂ ਵਿਚ ਭਾਰਤੀ ਸਫ਼ਾਰਤਖ਼ਾਨਿਆਂ ਅੱਗੇ ਪੁਰਅਮਨ ਪ੍ਰਦਰਸ਼ਨ ਕਰਨਾ ਸ਼ਾਮਿਲ ਸੀ। ਮੰਗਾਂ ਦੇ ਹੱਕ 'ਚ ਪ੍ਰਚਾਰ ਦੇ ਇਹ ਤਰੀਕੇ ਆਮ ਹੀ ਇਸਤੇਮਾਲ ਕੀਤੇ ਜਾਂਦੇ ਹਨ। 'ਅਰਬ ਬਸੰਤ' ਵਰਗੇ ਆਲਮੀ ਪੱਧਰ ਦੇ ਮਕਬੂਲ ਅੰਦੋਲਨਾਂ ਵਿਚ 'ਟੂਲਕਿੱਟ' ਵਿਉਂਤਬੰਦੀ ਆਮ ਹੀ ਵਰਤੀ ਗਈ ਸੀ। ਇਹ ਆਪਣੇ ਹਿਤਾਂ ਤੇ ਹੱਕਾਂ ਲਈ ਸੰਘਰਸ਼ਾਂ ਦਾ ਅਨਿੱਖੜ ਅੰਗ ਹੈ। ਸਿਰਫ਼ ਫਾਸ਼ਿਸ਼ਟ ਅਤੇ ਤਾਨਾਸ਼ਾਹ ਦਿਮਾਗ ਹੀ ਸੰਘਰਸ਼ ਦੀ ਪ੍ਰਚਾਰ ਵਿਉਂਤਬੰਦੀ ਨੂੰ ਸਾਜ਼ਿਸ਼ ਕਰਾਰ ਦੇ ਸਕਦੇ ਹਨ।

ਇਸ ਮਾਮਲੇ 'ਚ 14 ਫਰਵਰੀ ਨੂੰ ਸਪੈਸ਼ਲ ਸੈੱਲ ਵੱਲੋਂ ਬੰਗਲੂਰੂ ਤੋਂ ਵਾਤਾਵਰਣ ਪ੍ਰੇਮੀ ਕਾਰਕੁੰਨ ਦਿਸ਼ਾ ਰਵੀ ਨੂੰ ਗ੍ਰਿਫ਼ਤਾਰ ਕਰਕੇ ਪੰਜ ਦਿਨ ਦਾ ਪੁਲਿਸ ਰਿਮਾਂਡ ਲਿਆ ਗਿਆ। ਇਸੇ ਸਿਲਸਿਲੇ 'ਚ ਹੁਣ ਮੁੰਬਈ ਆਧਾਰਿਤ ਐਡਵੋਕੇਟ ਨਿਕਿਤਾ ਜੈਕਬ ਅਤੇ ਸ਼ਾਂਤਨੂ ਦੇ ਗ਼ੈਰਜ਼ਮਾਨਤੀ ਵਾਰੰਟ ਜਾਰੀ ਕੀਤੇ ਗਏ ਹਨ। ਉਹਨਾਂ ਨੂੰ ਵੀ ਗ੍ਰਿਫ਼ਤਾਰ ਕਰ ਲਿਆ ਜਾਵੇਗਾ। ਦਾਅਵਾ ਕੀਤਾ ਜਾ ਰਿਹਾ ਹੈ ਕਿ ਇਹ ਸਾਰੇ ਕੈਨੇਡਾ ਆਧਾਰਿਤ ਪੁਨੀਤ ਨਾਮ ਦੀ ਇਕ ਔਰਤ ਰਾਹੀਂ 'ਖਾਲਸਤਾਨ ਪੱਖੀ' ਸੰਸਥਾ ਪੋਇਟਿਕ ਜਸਟਿਸ ਫਾਊਂਡੇਸ਼ਨ ਦੇ ਸੰਪਰਕ ਵਿਚ ਆਏ। ਦਿੱਲੀ ਪੁਲਿਸ ਦੇ ਅਧਿਕਾਰੀ ਇਹ ਵੀ ਚੰਗੀ ਤਰ੍ਹਾਂ ਜਾਣਦੇ ਹਨ ਕਿ ਮਾਰਚ 2020 'ਚ ਬਣੀ ਇਹ ਫਾਊਂਡੇਸ਼ਨ ਖ਼ਾਲਸਤਾਨ ਪੱਖੀ ਨਹੀਂ ਹੈ। ਇਹ ਮਨੁੱਖੀ ਹੱਕਾਂ ਦੀ ਚੈਂਪੀਅਨ ਸੰਸਥਾ ਹੈ ਜੋ ਕੈਨੇਡਾ ਵਿਚ ਕਿਸਾਨ ਅੰਦੋਲਨ ਦੇ ਹੱਕ 'ਚ ਆਨਲਾਈਨ ਸਰਗਰਮ ਮੁਹਿੰਮ ਚਲਾ ਰਹੀ ਹੈ।

ਜੇ ਦਿੱਲੀ ਪੁਲਿਸ ਦੇ ਦਾਅਵੇ ਅਨੁਸਾਰ ਇਹ ਵੀ ਮੰਨ ਲਿਆ ਜਾਵੇ ਕਿ ਇਹਨਾਂ ਕਾਰਕੁੰਨਾਂ ਨੇ ਇਕ "ਟੂਲਕਿੱਟ" ਬਣਾ ਕੇ ਅਤੇ ਐਡਿਟ ਕਰਕੇ ਗਰੇਤਾ ਥਨਬਰਗ ਨੂੰ ਭੇਜੀ, ਤਾਂ ਕਿੰਨੀ ਅਜੀਬ ਗੱਲ ਹੈ ਕਿ ਦੁਨੀਆ ਦੀ ਮਹਾਂ-ਸ਼ਕਤੀ ਅਤੇ 'ਵਿਸ਼ਵ ਗੁਰੂ' ਹੋਣ ਦੀ ਦਾਅਵੇਦਾਰ 'ਵਾਈਬਰੈਂਟ ਡੈਮੋਕਰੇਸੀ' ਦਾ ਇਕ ਸੋਸ਼ਲ ਮੀਡੀਆ ਟੂਲਕਿੱਟ ਨਾਲ ਹੀ ਸਾਹ ਫੁੱਲ ਗਿਆ! ਆਰ.ਐੱਸ.ਐੱਸ.-ਭਾਜਪਾ ਦਾ ਆਈ.ਟੀ. ਸੈੱਲ ਸਮੇਤ ਸਮੁੱਚਾ ਭਗਵਾਂ ਤੰਤਰ ਅਤੇ ਗੋਦੀ ਮੀਡੀਆ ਦਿਨ-ਰਾਤ ਆਪਣੀ ਵਿਚਾਰਧਾਰਾ ਦਾ ਪ੍ਰਚਾਰ ਕਰਨ 'ਚ ਲੱਗਿਆ ਹੋਇਆ ਹੈ। ਜੇ ਹਿੰਦੂ ਰਾਸ਼ਟਰ ਦਾ ਪ੍ਰਚਾਰ ਕਰਨ ਦੀ ਆਜ਼ਾਦੀ ਹੈ ਤਾਂ ਖਾਲਸਤਾਨ ਜਾਂ ਕਿਸੇ ਹੋਰ ਕਿਸਮ ਦੇ ਰਾਜ ਦੇ ਸੁਪਨੇ ਦਾ ਪੁਰਅਮਨ ਪ੍ਰਚਾਰ ਕਰਨਾ ਵੀ ਕਾਨੂੰਨੀ ਜੁਰਮ ਨਹੀਂ ਹੈ। ਇਸ ਟੂਲਕਿੱਟ ਦਾ ਵਿਚਾਰਧਾਰਕ ਮੁਕਾਬਲਾ ਕਰਨ ਦੀ ਬਜਾਏ ਫਾਸ਼ਿਸ਼ਟ ਨਿਜ਼ਾਮ ਜ਼ੁਬਾਨਬੰਦੀ ਕਰ ਰਿਹਾ ਹੈ। ਪ੍ਰੈੱਸ ਦੀ ਆਜ਼ਾਦੀ ਦੇ ਮਾਮਲੇ ਵਿਚ 180 ਮੁਲਕਾਂ ਵਿੱਚੋਂ 142ਵੇਂ ਸਥਾਨ 'ਤੇ ਹੋਣ ਵਾਲੇ ਰਾਜ ਤੋਂ ਇਹੀ ਉਮੀਦ ਕੀਤੀ ਜਾ ਸਕਦੀ ਹੈ।




ਜਿੱਥੋਂ ਤੱਕ ਇਹਨਾਂ ਕਾਰਕੁੰਨਾਂ ਦੇ ਖ਼ਾਲਸਤਾਨ ਪੱਖੀ ਸੰਸਥਾ ਲਈ ਕੰਮ ਕਰਨ ਦੇ ਸਪੈਸ਼ਲ ਸੈੱਲ ਦੇ ਦਾਅਵੇ ਦਾ ਸਵਾਲ ਹੈ, ਇਸ ਦੀ ਪੋਲ ਖੋਹਲਣ ਲਈ ਦਿਸ਼ਾ ਰਵੀ ਦੀ ਇਕ ਟਿੱਪਣੀ ਹੀ ਕਾਫ਼ੀ ਹੈ। ਉਸ ਨੇ ਲਿਖਿਆ, "ਸਾਨੂੰ ਐਸੇ ਆਲਮੀ ਆਗੂ ਚਾਹੀਦੇ ਹਨ ਜੋ ਲਾਲਚ ਦੀ ਬਜਾਏ ਇਨਸਾਨੀਅਤ ਨੂੰ ਤਰਜ਼ੀਹ ਦੇਣ। ਨੌਜਵਾਨੀ ਇਕਜੁੱਟ ਹੋਣ ਜਾ ਰਹੀ ਹੈ, ਵਾਰ-ਵਾਰ-ਹਰ ਵਾਰ ਪਹਿਲਾਂ ਨਾਲੋਂ ਵਧੇਰੇ ਯੁੱਧਨੀਤਕ ਅਤੇ ਇਕਮੁੱਠ ਹੋ ਕੇ।" ਗ੍ਰਿਫ਼ਤਾਰ ਕੀਤੇ ਜਾਣ ਸਮੇਂ ਦਿਸ਼ਾ ਨੇ ਕਿਹਾ, "ਮੈਂ ਤਾਂ ਕਿਸਾਨਾਂ ਦੀ ਹਮਾਇਤ ਕਰ ਰਹੀ ਸੀ, ਕਿਉਂਕਿ ਉਹ ਸਾਡਾ ਭਵਿੱਖ ਹਨ ਅਤੇ ਸਾਨੂੰ ਸਾਰਿਆਂ ਨੂੰ ਢਿੱਡ ਭਰਨ ਲਈ ਉਹਨਾਂ ਦੀ ਜ਼ਰੂਰਤ ਹੈ।" ਕਾਰਪੋਰੇਟ ਲਾਲਸਾ ਦੀ ਪੂਰਤੀ ਦਾ ਸੰਦ ਬਣੇ ਫਾਸ਼ਿਸ਼ਟ ਹੁਕਮਰਾਨ ਇਨਸਾਨੀਅਤ ਨੂੰ ਤਰਜ਼ੀਹ ਦੇਣ ਦੀ ਵਕਾਲਤ ਕਰਨ ਵਾਲਿਆਂ ਨੂੰ ਬਰਦਾਸ਼ਤ ਕਿਉਂ ਕਰਨਗੇ?

ਇਹ ਚੇਤੇ ਰੱਖਣਾ ਹੋਵੇਗਾ ਕਿ ਇਹ ਗ੍ਰਿਫ਼ਤਾਰੀਆਂ ਅਤੇ ਸਾਜ਼ਿਸ਼ ਦੇ ਦਾਅਵੇ ਇਕ ਖਾਸ ਹਾਲਾਤ ਵਿਚ ਕੀਤੇ ਜਾ ਰਹੇ ਹਨ। ਮੋਦੀ ਸਰਕਾਰ ਦੀਆਂ ਤਮਾਮ ਮੱਕਾਰੀਆਂ, ਸਾਜ਼ਿਸ਼ਾਂ ਅਤੇ ਦਹਿਸ਼ਤੀ ਚਾਲਾਂ ਦੇ ਬਾਵਜੂਦ ਦਿੱਲੀ ਵਿਚ ਮਹਾ ਅੰਦੋਲਨ ਪੂਰੇ ਜੋਸ਼-ਖਰੋਸ਼ ਨਾਲ ਜਾਰੀ ਹੈ। ਇਸ ਦਾ ਦਾਇਰਾ ਦਿਨੋ ਦਿਨ ਫੈਲ ਰਿਹਾ ਹੈ। ਮੱਕਾਰ ਹੁਕਮਰਾਨਾਂ ਦੇ ਇਸ ਮਹਾ ਅੰਦੋਲਨ ਵਿਚ ਖਾਲਸਤਾਨੀਆਂ, ਖੱਬੇਪੱਖੀਆਂ ਅਤੇ ਨਕਸਲੀਆਂ ਦੀ ਘੁਸਪੈਠ ਦੇ ਝੂਠੇ ਦਾਅਵਿਆਂ ਨੂੰ ਮੂੰਹ ਦੀ ਖਾਣੀ ਪਈ ਹੈ। ਲਾਲ ਕਿਲੇ ਉੱਪਰ ਝੰਡਾ ਲਹਿਰਾਉਣ ਦਾ ਕੇਂਦਰ ਸਰਕਾਰ ਵੱਲੋਂ ਖੜ੍ਹਾ ਕੀਤਾ ਹਊਆ ਵੀ ਓੜਕ ਬੇਅਸਰ ਹੋ ਗਿਆ। ਦੁਨੀਆ ਭਰ ਵਿਚ ਮਹਾ ਅੰਦੋਲਨ ਦੇ ਹੱਕ ਵਿਚ ਹਮਦਰਦੀ ਦੀ ਲਹਿਰ ਵਿਸ਼ਾਲ ਹੋ ਰਹੀ ਹੈ। ਇਹਨਾਂ ਹਾਲਾਤ ਵਿਚ ਹਕੂਮਤ ਨੇ ਆਪਣੇ ਤਰਕਸ਼ ਵਿੱਚੋਂ ਸਾਈਬਰ ਕੰਟਰੋਲ ਦਾ ਨਵਾਂ ਤੀਰ ਵਰਤਣ ਲਈ ਕੱਢਿਆ ਹੈ। ਜਿਸ ਦਾ ਮਨੋਰਥ ਮੀਡੀਆ ਦਾ ਧਿਆਨ ਮਹਾ ਅੰਦੋਲਨ ਵੱਲੋਂ ਹਟਾ ਕੇ ਕਥਿਤ ਸਾਜ਼ਿਸ਼ ਵੱਲ ਲਗਾਉਣਾ ਹੈ ਅਤੇ ਮੁਲਕ ਦੇ ਲੋਕਾਂ ਵਿਚ ਮਹਾ ਅੰਦੋਲਨ ਬਾਰੇ ਸ਼ੱਕ ਅਤੇ ਭੁਲੇਖੇ ਖੜ੍ਹੇ ਕਰਨਾ ਹੈ। ਆਉਣ ਵਾਲੇ ਦਿਨਾਂ ਵਿਚ ਇਸ ਕਥਿਤ 'ਸਾਜਿਸ਼' ਅਤੇ ਇਸ ਤਹਿਤ ਗ੍ਰਿਫ਼ਤਾਰੀਆਂ ਦਾ ਘੇਰਾ ਹੋਰ ਚੌੜਾ ਹੋਣ ਦੀ ਸੰਭਾਵਨਾ ਨੂੰ ਵੀ ਰੱਦ ਨਹੀਂ ਕੀਤਾ ਜਾ ਸਕਦਾ।

ਇਸ ਜਾਬਰ ਹਮਲੇ ਦਾ ਗੰਭੀਰ ਨੋਟਿਸ ਲੈਣ, ਇਸ ਨੂੰ ਚੁਣੌਤੀ ਦੇਣ ਅਤੇ ਇਸ ਵਿਰੁੱਧ ਜ਼ੋਰਦਾਰ ਆਵਾਜ਼ ਉਠਾਉਣ ਦੀ ਲੋੜ ਹੈ।

**Sandhu G Construction Ltd.**

Preparation- Shower Base - Water Proof

We can install Ceramic Tiles & Marble,Back Splash Tiles,
Tiles on Walls, Kitchen,Washroom or anywhere in Home.
You can upgrade your Kitchen or Washroom



ਪੁਰਾਣੇ ਜਾਂ ਨਵੇਂ ਘਰਾਂ ਵਿਚ ਟਾਈਲਾਂ ਅਤੇ ਮਾਰਬਲ ਲਗਵਾਉਣ ਅਤੇ ਤਸੱਲੀਬਖਸ਼ ਕੰਮ ਕਰਵਾਉਣ ਲਈ ਸੰਪਰਕ ਕਰੋ





Harmanjot Dhudike
403-975-0006
Sharmanjot22@gmail.com
Dalveer Purba
587-435-5600

**Reliance /Legal Group LLP**

FORMERLY KNOWN AS SINGH & PARTNERS LAW OFFICE

Commonwealth Centre
Unit 1101, 3961-52nd Ave.N.E.
Calgary, AB T3J 0J7

Barristers, Solicitors and Notary Public

Our law group practices in

| IMMIGRATION | REAL ESTATE | SMALL BUSINESS |
|---|---|---|
| Applications for Family Class and APPEALS, Skilled Workers, Investors, Refugee Claims | Buying and Selling Commercial and Residential Land Development Condominium Projects WILLS & ESTATE CRIMINAL LAW | Buying and Selling Franchises, Shareholder Agreements and Incorporations FORMATION OF PUBLIC COMPANIES |

Tel. : 403-285-7070
PERSONAL INJURY (Car Accident Claims)
NO LEGAL FEES UNTIL RECOVERY

Our clients include small businesses, public companies, builders, land developers, charitable organizations and individuals. We donate part of our fees to Alberta Children Hospital.
* Experienced lawyers, caring, confidential * Reasonable fees
* Free Initial Consultation * Weekend & Evening Appointments (available upon request)

# ਕਿਸਾਨੀ ਸੰਘਰਸ਼ ਨੂੰ 26 ਜਨਵਰੀ ਦੀਆਂ ਘਟਨਾਵਾਂ ਦੇ ਸੰਦਰਭ ਵਿੱਚ ਸਮਝਦਿਆਂ....



ਹਰਚਰਨ ਸਿੰਘ ਪਰਹਾਰ
403-681-8689
hp8689@gmail.com





ਮੌਜੂਦਾ ਦਿੱਲੀ ਦੇ ਬਾਰਡਰਾਂ ਤੇ ਚੱਲ ਰਿਹਾ ਕਿਸਾਨੀ ਸੰਘਰਸ਼, ਭਾਰਤ ਦੇ ਆਮ ਲੋਕਾਂ ਦਾ ਇੱਕ ਵੱਡਾ ਇਤਿਹਾਸਕ ਸੰਘਰਸ਼ ਹੋ ਨਿਬੜਿਆ ਹੈ। ਪਿਛਲੇ ਸਾਲ ਭਾਰਤ ਸਰਕਾਰ ਵਲੋਂ ਪਾਸ ਕੀਤੇ ਗਏ ਤਿੰਨ ਨਵੇਂ ਖੇਤੀ ਸੁਧਾਰ ਬਿੱਲਾਂ ਦੇ ਵਿਰੋਧ ਵਿੱਚ ਪੰਜਾਬ ਤੋਂ ਸ਼ੁਰੂ ਹੋਇਆ ਇਹ ਸੰਘਰਸ਼ ਹਰਿਆਣੇ ਹੁੰਦਾ ਹੋਇਆ, ਦਿੱਲੀ ਪਹੁੰਚਣ ਤੱਕ ਸਾਰੇ ਭਾਰਤ ਦੇ ਕਿਸਾਨਾਂ ਦਾ ਸੰਘਰਸ਼ ਬਣ ਚੁੱਕਾ ਹੈ, ਜਿਸਨੂੰ ਹੁਣ ਕਿਸਾਨੀ ਸੰਘਰਸ਼ ਕਹਿਣਾ ਵੀ ਛੋਟਾ ਕਰਨ ਵਾਲੀ ਗੱਲ ਹੋਵੇਗੀ, ਅਸਲ ਵਿੱਚ ਹੁਣ ਇਹ ਸੰਘਰਸ਼ ਕਿਸਾਨਾਂ-ਮਜਦੂਰਾਂ-ਮੁਲਾਜਮਾਂ ਸਮੇਤ ਸਾਰੇ ਵਰਗਾਂ, ਇਲਾਕਿਆਂ, ਧਰਮਾਂ, ਫਿਰਕਿਆਂ, ਕੌਮਾਂ, ਜਾਤਾਂ ਦਾ ਸਾਂਝਾ 'ਲੋਕ ਸੰਘਰਸ਼' ਬਣ ਚੁੱਕਾ ਹੈ। ਇਸ ਵਿੱਚ ਕਿਸਦਾ ਕਿਤਨਾ ਯੋਗਦਾਨ ਹੈ, ਦੀ ਗੱਲ ਛੱਡ ਵੀ ਦੇਈਏ ਤਾਂ ਭਾਰਤ ਸਰਕਾਰ ਸਮੇਤ ਸਮੁੱਚੇ ਭਾਰਤ ਦੇ ਲੋਕਾਂ ਨੇ ਪੰਜਾਬ ਦੀ ਇਸ ਸੰਘਰਸ਼ ਨੂੰ ਖੜਾ ਕਰਨ ਤੇ ਚੱਲਦਾ ਰੱਖਣ ਵਿੱਚ ਮੋਹਰੀ ਭੂਮਿਕਾ ਨੂੰ ਸਵੀਕਾਰ ਕੀਤਾ ਹੈ।ਬੇਸ਼ਕ ਪੰਜਾਬ ਤੋਂ ਦਿੱਲੀ ਜਾਣ ਦਾ ਫੈਸਲਾ ਭਾਰਤ ਦੀਆਂ 250 ਤੋਂ ਵੱਧ ਜਥੇਬੰਦੀਆਂ ਦੇ 'ਦਿੱਲੀ ਚੱਲੋ' ਦੇ ਸੱਦੇ ਅਨੁਸਾਰ ਸੀ, ਪਰ ਸਾਰੇ ਭਾਰਤ ਦੀਆਂ ਕਿਸਾਨੀ ਜਥੇਬੰਦੀਆਂ ਨੇ ਸੰਘਰਸ਼ ਦੀ ਵਾਗਡੋਰ ਪੰਜਾਬ ਦੇ ਹੱਥ ਵਿੱਚ ਹੀ ਰੱਖਣ ਦਾ ਫੈਸਲਾ ਕੀਤਾ ਤੇ ਭਾਰਤ ਸਰਕਾਰ ਵਲੋਂ ਵੀ 11 ਗੇੜ ਦੀਆਂ ਹੋਈਆਂ ਵਾਰਤਾਵਾਂ ਵਿੱਚ ਵੀ ਪੰਜਾਬ ਦੀਆਂ ਜਥੇਬੰਦੀਆਂ ਦੀ ਅਗਵਾਈ ਨੂੰ ਮੰਨਦੇ ਹੋਏ, ਉਨ੍ਹਾਂ ਨਾਲ਼ ਹੀ ਮੁੱਖ ਰੂਪ ਵਿੱਚ ਮੀਟਿੰਗਾਂ ਕੀਤੀਆਂ ਗਈਆਂ। ਇਸ ਸੰਘਰਸ਼ ਵਿੱਚ ਪੰਜਾਬ ਵਲੋਂ ਨਿਭਾਈ ਜਾ ਰਹੀ ਮੋਹਰੀ ਭੂਮਿਕਾ ਨਾਲ਼ ਪੰਜਾਬ ਦਾ ਹੀ ਨਹੀਂ, ਸਗੋਂ ਪੰਜਾਬ ਵਿੱਚ ਵਸਦੇ ਸਿੱਖਾਂ ਦਾ ਨਾਮ, ਨਾ ਸਿਰਫ ਭਾਰਤ ਵਿੱਚ ਸਗੋਂ ਸਾਰੀ ਦੁਨੀਆਂ ਵਿੱਚ ਉਚਾ ਹੋਇਆ ਹੈ। ਪੰਜਾਬ ਵਿੱਚ 1978 ਤੋਂ 1994 ਤੱਕ ਚੱਲੇ ਸੰਘਰਸ਼ ਤੇ ਖੂਨੀ ਦੌਰ ਨਾਲ਼ ਭਾਰਤ ਸਮੇਤ ਦੁਨੀਆਂ ਭਰ ਵਿੱਚ ਲੋਕ ਸਿੱਖਾਂ ਨੂੰ ਇੱਕ ਵੱਖਰੇ ਨਜ਼ਰੀਏ ਨਾਲ਼ ਦੇਖਣ ਲੱਗੇ ਸਨ। ਪਰ ਇਸ ਸੰਘਰਸ਼ ਦੌਰਾਨ ਆਮ ਸਿੱਖਾਂ ਵਲੋਂ ਲਗਾਏ ਵੰਨ-ਸੁਵੰਨੇ ਲੰਗਰਾਂ, ਹਰ ਇੱਕ ਦੀ ਬਿਨਾਂ ਭੇਦ-ਭਾਵ ਦੇ ਸੇਵਾ ਕਰਨ ਅਤੇ ਸੰਘਰਸ਼ਕਾਰੀਆਂ ਨੂੰ ਹਰ ਤਰ੍ਹਾਂ ਦੀਆਂ ਸਹੂਲਤਾਂ ਮੁਹੱਈਆ ਕਰਾਉਣ ਨਾਲ਼ ਲੋਕਾਂ ਵਿੱਚ ਪੰਜਾਬੀਆਂ ਤੇ ਸਿੱਖਾਂ ਦੀ ਸ਼ਾਨ ਵਧੀ ਸੀ, ਸਿੱਖ ਧਰਮ ਦਾ ਸਾਂਝੀਵਾਲਤਾ ਵਾਲਾਂ ਪੱਖ ਉਜਾਗਰ ਹੋਇਆ ਸੀ। ਜਿਸ ਢੰਗ ਨਾਲ਼ ਕਿਸਾਨ ਜਥੇਬੰਦੀਆਂ ਵਲੋਂ ਆਮ ਲੋਕਾਂ ਦੇ ਸਹਿਯੋਗ ਨਾਲ਼ ਬੜੇ ਜਾਬਤੇ ਤੇ ਸ਼ਾਂਤਮਈ ਢੰਗ ਨਾਲ਼ ਸੰਘਰਸ਼ ਚਲਾਇਆ ਜਾ ਰਿਹਾ ਹੈ, ਉਸਦੀ ਹਰ ਪੱਖੋਂ ਸ਼ਲਾਘਾ ਹੋਈ ਹੈ। ਕਿਸਾਨ ਜਥੇਬੰਦੀਆਂ ਵਲੋਂ 11 ਦੌਰ ਦੀ ਸਰਕਾਰ ਨਾਲ਼ ਚੱਲੀ ਵਾਰਤਾ ਦੌਰਾਨ, ਜਿਸ ਮਜਬੂਤੀ ਤੇ ਦ੍ਰਿੜਤਾ ਨਾਲ਼ ਤਿੰਨੋ ਨਵੇਂ ਕਿਸਾਨੀ ਕਨੂੰਨ ਰੱਦ ਕਰਾਉਣ ਦਾ ਮੁੱਦਾ ਰੱਖਿਆ ਗਿਆ, ਉਸ ਨਾਲ਼ ਜਿਹੜੀ ਸਰਕਾਰ ਕੁਝ ਮਹੀਨੇ ਪਹਿਲਾਂ ਗੱਲ ਕਰਨ ਲਈ ਵੀ ਤਿਆਰ ਨਹੀਂ ਸੀ, ਉਹੀ ਸਰਕਾਰ ਜਨਵਰੀ ਦੇ ਅੱਧ ਤੱਕ ਪਹੁੰਚਦਿਆਂ, ਤਿੰਨੋਂ ਕਨੂੰਨ ਡੇਢ ਦੋ ਸਾਲ ਲਈ ਮੁਲਤਵੀ ਕਰਨ ਅਤੇ ਕਿਸਾਨਾਂ ਤੇ ਖੇਤੀ ਮਾਹਿਰਾਂ ਦੀ ਕਮੇਟੀ ਬਣਾ ਕੇ ਉਨ੍ਹਾਂ ਦੀਆਂ ਸਿਫਾਰਸ਼ਾਂ ਅਨੁਸਾਰ ਕਨੂੰਨਾਂ ਵਿੱਚ ਸੋਧਾਂ ਕਰਨ ਲਈ ਰਾਜੀ ਹੋ ਗਈ ਸੀ ਅਤੇ ਭਾਰਤ ਦੀ ਸੁਪਰੀਮ ਕੋਰਟ ਨੇ ਤਾਂ ਕਨੂੰਨ ਮੁਲਤਵੀ ਵੀ ਕਰ ਦਿੱਤੇ ਸਨ। ਇਹ ਸਭ ਕੁਝ ਜਥੇਬੰਦੀਆਂ ਦੀ ਸੁਹਿਰਦ ਅਗਵਾਈ ਤੇ ਲੋਕਾਂ ਦੇ ਭਰਵੇਂ ਸਹਿਯੋਗ ਨਾਲ਼ ਹੀ ਸੰਭਵ ਹੋਇਆ ਸੀ। ਇਸ ਸੰਘਰਸ਼ ਦੀ ਇੱਕ ਖਾਸੀਅਤ ਇਹ ਹੋਈ ਕਿ ਬੇਸ਼ਕ ਸੰਘਰਸ਼ ਕਿਸਾਨ ਜਥੇਬੰਦੀਆਂ ਨੇ ਕਿਸਾਨ ਮੰਗਾਂ ਲਈ ਸ਼ੁਰੂ ਕੀਤਾ ਸੀ, ਪਰ ਅੱਜ ਇਹ ਸੰਘਰਸ਼ ਕਿਸਾਨਾਂ, ਮਜਦੂਰਾਂ, ਮੁਲਾਜਮਾਂ ਤੋਂ ਇਲਾਵਾ ਸਾਰੇ ਧਰਮਾਂ, ਜਾਤਾਂ, ਕੌਮਾਂ, ਇਲਾਕਿਆਂ ਦਾ ਸਾਂਝਾ ਲੋਕ ਸੰਘਰਸ਼ ਬਣ ਚੁੱਕਾ ਹੈ, ਜੋ ਕਿ ਭਾਰਤ ਵਰਗੇ ਦੇਸ਼ ਵਿੱਚ ਹੋਣਾ ਅਸੰਭਵ ਜਿਹੀ ਗੱਲ ਲਗਦੀ ਸੀ। ਹੁਣ ਇਹ ਸੰਘਰਸ਼ ਕਿਸਾਨੀ ਤੱਕ ਹੀ ਸੀਮਤ ਨਹੀਂ ਰਿਹਾ, ਸਗੋਂ ਲੋਕ ਵੱਡੇ ਸਰਮਾਏਦਾਰ ਕਾਰਪੋਰੇਟ ਘਰਾਣਿਆਂ ਵਲੋਂ ਸਰਕਾਰਾਂ ਨਾਲ਼ ਰਲ਼ ਕੇ ਬਣਾਈਆਂ ਲੋਕ ਮਾਰੂ ਆਰਥਿਕ ਨੀਤੀਆਂ ਪ੍ਰਤੀ ਵੀ ਜਾਗਰੂਕ ਹੋ ਰਹੇ ਹਨ ਤੇ ਸੰਘਰਸ਼ ਵੱਲ ਨੂੰ ਤੁਰ ਰਹੇ ਹਨ।

26 ਜਨਵਰੀ ਦੀਆਂ ਘਟਨਾਵਾਂ ਤੋਂ ਪਹਿਲਾਂ ਸਭ ਕੁਝ ਠੀਕ ਚੱਲ ਰਿਹਾ ਸੀ, ਸਰਕਾਰ ਵੀ ਬੈਕ ਫੁੱਟ ਤੇ ਸੀ, ਸਾਰੀ ਦੁਨੀਆਂ ਵਿੱਚ ਸੰਘਰਸ਼ ਨੂੰ ਹਮਾਇਤ ਮਿਲ਼ ਰਹੀ ਸੀ। ਸਰਕਾਰ ਕਿਸੇ ਵੀ ਢੰਗ ਨਾਲ਼ ਸਮਝੌਤਾ ਕਰਕੇ ਸੰਘਰਸ਼ ਖਤਮ ਕਰਾਉਣ ਦੇ ਰੌਂਅ ਵਿੱਚ ਸੀ, ਕਿਸਾਨ ਜਥੇਬੰਦੀਆਂ ਦੀ ਸਥਿਤੀ ਬੜੀ ਮਜਬੂਤ ਸੀ, ਪੰਜਾਬੀਆਂ ਤੇ ਸਿੱਖਾਂ ਦੀ ਹਰ ਪਾਸੇ ਬੱਲੇ-ਬੱਲੇ ਸੀ, ਦੁਨੀਆਂ ਭਰ ਵਿੱਚ ਹਰ ਵਰਗ ਦੇ ਪੰਜਾਬੀ ਧਰਨਿਆਂ ਮੁਜ਼ਾਹਰਿਆਂ ਰਾਹੀਂ ਆਪਣਾ ਦਬਾਅ ਬਣਾ ਰਹੇ ਸਨ, ਵੱਖ-ਵੱਖ ਦੇਸ਼ਾਂ ਦੇ ਸਿਆਸੀ ਲੀਡਰ ਵੀ ਸੰਘਰਸ਼ ਦੇ ਹੱਕ ਵਿੱਚ ਬਿਆਨ ਦੇ ਰਹੇ ਸਨ, ਦੁਨੀਆਂ ਭਰ ਦਾ ਮੀਡੀਆ ਵੀ ਸੰਘਰਸ਼ ਨੂੰ ਬੜੇ ਵਧੀਆ ਢੰਗ ਨਾਲ਼ ਕਵਰ ਕਰ ਰਿਹਾ ਸੀ। ਪਰ 26 ਜਨਵਰੀ ਨੂੰ ਦਿੱਲੀ ਦੀਆਂ ਸੜਕਾਂ ਤੇ ਖਾਸਕਰ ਲਾਲ ਕਿਲ੍ਹੇ ਤੇ ਜੋ ਕੁਝ ਵਾਪਰਿਆ ਜਾਂ ਵਪਰਾਇਆ ਗਿਆ, ਉਸ ਨੇ ਸੰਘਰਸ਼ ਦੀ ਦਸ਼ਾ ਤੇ ਦਿਸ਼ਾ ਹੀ ਬਦਲ ਕੇ ਰੱਖ ਦਿੱਤੀ। ਸਰਕਾਰ ਵੀ ਇਸੇ ਤਾਕ ਵਿੱਚ ਸੀ ਕਿ ਜੇ ਕਿਸਾਨ ਆਗੂ ਸਮਝੌਤੇ ਦਾ ਰਾਹ ਨਹੀਂ ਅਪਨਾਉਂਦੇ ਤਾਂ ਫਿਰ ਸਰਕਾਰ ਇਸ ਸੰਘਰਸ਼ ਨੂੰ ਖਦੇੜਨ ਦੇ ਮੂਡ ਵਿੱਚ ਸਪੱਸ਼ਟ ਦਿਸ ਰਹੀ ਸੀ। ਸਰਕਾਰੀ ਮੀਡੀਆ ਵਲੋਂ ਬੜੇ ਜ਼ੋਰ-ਸ਼ੋਰ ਨਾਲ਼ ਪ੍ਰਚਾਰ ਹੋ ਰਿਹਾ ਸੀ ਕਿ ਸੰਘਰਸ਼ ਵਿੱਚ ਖਾਲਿਸਤਾਨੀ ਘੁਸਪੈਠ ਹੋ ਗਈ ਹੈ, ਵੱਖਵਾਦੀ ਤਾਕਤਾਂ ਸਰਗਰਮ ਹੋ ਗਈਆਂ ਹਨ, ਦਿੱਲੀ ਵਿੱਚ ਹਿੰਸਾ ਹੋ ਸਕਦੀ ਹੈ? 26 ਦੀਆਂ ਘਟਨਾਵਾਂ ਨੇ ਸਰਕਾਰ ਨੂੰ ਅਜਿਹਾ ਕਰਨ ਦਾ ਮੌਕਾ ਪ੍ਰਦਾਨ ਕਰ ਦਿੱਤਾ। ਬੇਸ਼ੱਕ ਬਹੁਤ ਲੋਕ ਅਜਿਹਾ ਕਹਿ ਰਹੇ ਹਨ ਕਿ ਸਰਕਾਰ ਤੇ ਪੁਲਿਸ ਪ੍ਰਸ਼ਾਸਨ ਨੇ 26 ਦੀਆਂ ਘਟਨਾਵਾਂ ਵਾਪਰਨ ਦਿੱਤੀਆਂ ਤੇ ਅਜਿਹਾ ਕਰਨ ਵਾਲਿਆਂ ਦਾ ਅਸਿੱਧੇ ਢੰਗ ਨਾਲ਼ ਸਾਥ ਦਿੱਤਾ। ਬੇਸ਼ਕ ਇਸ ਵਿੱਚ ਕਾਫੀ ਹੱਦ ਤੱਕ ਸਚਾਈ ਤਾਂ ਹੈ, ਪਰ ਇਹ ਅਧੂਰਾ ਸੱਚ ਹੈ। ਇਸ ਮੋਰਚੇ ਵਿੱਚ ਸ਼ਾਮਿਲ ਕੁਝ ਧਿਰਾਂ ਸ਼ੁਰੂ ਤੋਂ ਅਜਿਹੀਆਂ ਸਨ, ਜੋ ਵੱਖਰੀ ਸੁਰ ਰੱਖ ਰਹੀਆਂ ਸਨ, ਜਥੇਬੰਦੀਆਂ ਦੇ ਨਾਲ਼ ਨਹੀਂ ਚੱਲ ਰਹੀਆਂ ਸਨ, ਜਿਨ੍ਹਾਂ ਦਾ ਏਜੰਡਾ ਪਹਿਲੇ ਦਿਨ ਤੋਂ ਕਲੀਅਰ ਸੀ ਤੇ ਦਿੱਲੀ ਅੰਦਰ ਉਹ ਅਜਿਹਾ ਕਰਨ ਲਈ ਲਗਾਤਾਰ ਗਰਾਊਂਡ ਬਣਾ ਰਹੀਆਂ ਸਨ ਅਤੇ ਇਨ੍ਹਾਂ ਧਿਰਾਂ ਦੇ ਵਿਦੇਸ਼ੀਂ ਬੈਠੇ ਲੀਡਰਾਂ ਵਲੋਂ ਲਾਲ ਕਿਲ੍ਹੇ ਤੇ ਖਾਲਸਈ ਝੰਡੇ ਝੁਲਾਉਣ ਲਈ ਲੱਖਾਂ ਡਾਲਰਾਂ ਦੇ ਇਨਾਮਾਂ ਦੇ ਲਾਲਚ ਵੀ ਦਿੱਤੇ ਜਾ ਰਹੇ ਸਨ। ਉਹ ਲੋਕ ਲਾਲ ਕਿਲ੍ਹੇ ਤੇ ਖਾਲਸਈ ਝੰਡੇ ਝੁਲਾ ਕੇ 200 ਸਾਲ ਪੁਰਾਣਾ ਇਤਿਹਾਸ ਦੁਹਰਾ ਕੇ ਇਤਿਹਾਸ ਦੇ ਨਾਇਕ ਬਣਨਾ ਚਾਹੁੰਦੇ ਸਨ? ਇਸ ਤੱਥ ਨੂੰ ਨਜ਼ਰ ਅੰਦਾਜ਼ ਨਹੀਂ ਕੀਤਾ ਜਾ ਸਕਦਾ? ਦਿੱਲੀ ਵਿੱਚ ਉਸ ਦਿਨ ਜੋ ਕੁਝ ਵੀ ਹੋਇਆ, ਉਸ ਤੋਂ ਅਗਲੇ ਦਿਨ ਜਿਸ ਤਰ੍ਹਾਂ ਸਰਕਾਰ ਨੇ ਇੱਕ ਪਾਸੇ ਲਾਲ ਕਿਲ੍ਹੇ ਦੀਆਂ ਘਟਨਾਵਾਂ ਦੀ ਆੜ ਵਿੱਚ ਮੀਡੀਆ ਰਾਹੀਂ ਸੰਘਰਸ਼ ਤੇ ਹਮਲਾ ਬੋਲਿਆ ਸੀ ਤੇ ਫਿਰ ਬਾਰਡਰਾਂ ਤੇ ਆ ਕੇ ਲੋਕਲ ਗੁੰਡਿਆਂ ਰਾਹੀਂ ਹਮਲਾ ਕਰ ਦਿੱਤਾ ਸੀ, ਉਸ ਨਾਲ਼ ਇੱਕ ਵਾਰ ਤਾਂ ਸੰਘਰਸ਼ ਉਖਾੜ ਹੀ ਦਿੱਤਾ ਸੀ, ਜੇ ਕਿਸਾਨ ਲੀਡਰ ਟਿਕੈਤ ਸਟੈਂਡ ਨਾ ਲੈਂਦਾ ਤੇ ਲੱਖਾਂ ਲੋਕ ਦੁਬਾਰਾ ਬਾਰਡਰਾਂ ਤੇ ਨਾ ਆਉਂਦੇ? ਹੁਣ ਹੌਲੀ-ਹੌਲੀ ਸੰਘਰਸ਼ ਦੁਬਾਰਾ ਮੁੜ ਪਟੜੀ ਤੇ ਆ ਰਿਹਾ ਹੈ ਤੇ ਲੋਕ ਵੱਡੀ ਗਿਣਤੀ ਵਿੱਚ ਸੰਘਰਸ਼ ਨਾਲ਼ ਜੁੜ ਰਹੇ ਹਨ।

ਇਸ ਲਈ 26 ਜਨਵਰੀ ਦੀਆਂ ਘਟਨਾਵਾਂ ਨੂੰ ਸਮਝਣ ਲਈ ਸਾਨੂੰ ਸਭ ਤੋਂ ਪਹਿਲਾਂ 'ਸ਼ੰਭੂ ਮੋਰਚੇ' ਦੀ ਸਿਆਸਤ ਨੂੰ ਸਮਝਣਾ ਪਵੇਗਾ। ਜਦੋਂ ਪੰਜਾਬ ਵਿੱਚ ਅਗਸਤ-ਸਤੰਬਰ ਵਿੱਚ ਮੋਰਚਾ ਭਖਣਾ ਸ਼ੁਰੂ ਹੋਇਆ ਸੀ ਤਾਂ ਉਨ੍ਹਾਂ ਦਿਨਾਂ ਵਿੱਚ ਹੀ ਦੀਪ ਸਿੱਧੂ ਤੇ ਉਸਦੇ ਕੁਝ ਸਾਥੀਆਂ ਨੇ ਵੱਖਰੀ ਲਾਈਨ ਲੈ ਕੇ 'ਸ਼ੰਭੂ ਬਾਰਡਰ ਤੇ ਮੋਰਚਾ' ਲਗਾ ਲਿਆ ਸੀ ਕਿ ਕਿਸਾਨੀ ਦੀਆਂ ਆਰਥਿਕ ਮੰਗਾਂ ਮੰਨ ਵੀ ਲਈਆਂ ਜਾਣ ਤਾਂ ਵੀ ਇਸ ਨਾਲ਼ ਪੰਜਾਬ ਦਾ ਭਲਾ ਨਹੀਂ ਹੋ ਸਕਦਾ? ਸਾਡਾ ਸੰਘਰਸ਼ ਆਪਣੀ ਹੋਂਦ (ਸਿੱਖੀ ਦੀ) ਬਚਾਉਣ ਦਾ ਹੈ, ਅਸੀਂ ਫਸਲਾਂ ਲਈ ਨਹੀਂ, ਨਸਲਾਂ ਬਚਾਉਣ ਲਈ ਖੜੇ ਹਾਂ, ਇਤਿਆਦਿ। ਇਸ ਦੌਰਾਨ ਦਿੱਲੀ ਆਉਣ ਤੱਕ ਉਸਨੇ ਕਈ ਪੈਂਤੜੇ ਬਦਲੇ, ਕਦੇ ਇਹ ਸੰਘਰਸ਼ ਸਿੱਖੀ ਦੀ ਹੋਂਦ ਬਚਾਉਣ ਦਾ, ਕਦੇ ਪੰਜਾਬ ਦੀ ਹੋਂਦ ਬਚਾਉਣ ਦਾ, ਕਦੇ ਅਨੰਦਪੁਰ ਦੇ ਮਤੇ ਦੀਆਂ ਮੰਗਾਂ, ਕਦੇ ਰਾਜਾਂ ਨੂੰ ਵੱਧ ਅਧਿਕਾਰਾਂ ਦੀ ਗੱਲ, ਕਦੇ ਫੈਡਰਲ ਢਾਂਚੇ ਦੀ ਗੱਲ, ਕਦੇ ਪੰਜਾਬ ਦੀ ਖੁਦਮੁਖਤਿਆਰੀ ਦੀ ਮੰਗ, ਕਦੇ ਸਿੱਖ ਰਾਜ ਦੀ ਗੱਲ, ਕਦੇ ਸਿੱਖਾਂ ਗਲ਼ੋਂ ਗੁਲਾਮੀ ਲਾਹੁਣੀ ਆਦਿ। ਪਰ ਇਸ ਸਾਰੇ ਦੌਰਾਨ ਉਹ ਕਦੇ ਵੀ ਸਪੱਸ਼ਟ ਰੂਪ ਵਿੱਚ ਇਹ ਨਹੀਂ ਕਹਿ ਸਕਿਆ ਕਿ ਕਿਸਾਨ ਆਪਣਾ ਸੰਘਰਸ਼ ਲੜ ਰਹੇ ਹਨ, ਅਸੀਂ ਉਨ੍ਹਾਂ ਦੇ ਹੱਕ ਵਿੱਚ ਹਾਂ ਜਾਂ ਵਿਰੋਧ ਵਿੱਚ? ਨਾ ਹੀ ਉਹ ਕਦੇ ਖੁੱਲ੍ਹ ਸੰਘਰਸ਼ ਦੇ ਹੱਕ ਵਿੱਚ ਆਇਆ ਤੇ ਨਾ ਹੀ ਖੁੱਲ੍ਹ ਕੇ ਵਿਰੋਧ ਕਰ ਸਕਿਆ? ਬੇਸ਼ੱਕ ਲੱਖਾ ਸਿਧਾਣਾ ਦੀਪ ਸਿੱਧੂ ਵਾਂਗ ਸਿੱਧੇ ਵਿਰੋਧ ਵਿੱਚ ਤਾਂ ਨਹੀਂ ਰਿਹਾ, ਪਰ ਆਪਣੀ ਵੱਖਰੀ ਪਹਿਚਾਣ ਬਣਾਉਣ ਲਈ, ਉਹ ਕਦੇ ਵੀ ਸੰਘਰਸ਼ ਦੇ ਨੇੜੇ ਨਹੀਂ ਗਿਆ।ਉਹ ਹਟਵੇਂ ਤੌਰ ਤੇ ਨੌਜਵਾਨਾਂ ਦੇ ਇੱਕ ਵਰਗ ਨੂੰ ਆਕਰਸ਼ਤ ਕਰਨ ਲਈ ਕਿਸਾਨ-ਮਜਦੂਰ ਏਕਤਾ ਜ਼ਿੰਦਾਬਾਦ, ਜਥੇਬੰਦੀਆਂ ਦਾ ਸਾਥ ਦਿਉ, ਅਸੀਂ ਇਹ ਸੰਘਰਸ਼ ਜਿੱਤ ਕਿ ਮੁੜਨਾ ਹੈ ਆਦਿ ਦੇ ਨਾਹਰੇ ਤਾਂ ਜਰੂਰ ਮਾਰਦਾ ਰਿਹਾ ਤੇ ਹੁਣ ਵੀ ਮਾਰਦਾ ਹੈ, ਪਰ ਕਦੇ ਸਪੱਸ਼ਟ ਰੂਪ ਵਿੱਚ ਮੂਵਮੈਂਟ ਦਾ ਹਿੱਸਾ ਨਹੀਂ ਬਣਿਆ। ਇਹ ਲੋਕ ਨੌਜਵਾਨਾਂ ਦੀ ਆੜ ਵਿੱਚ ਸਿੱਧਾ ਲੀਡਰਸ਼ਿਪ ਵਿੱਚ ਵੜਨਾ ਚਾਹੁੰਦੇ ਸਨ, ਪਰ ਇਨ੍ਹਾਂ ਕੋਲ਼ ਜਾਂ ਕਿਸੇ ਵੀ ਪੰਥਕ ਧਿਰ ਕੋਲ਼ ਕਿਸਾਨਾਂ ਨਾਲ਼ ਸਬੰਧਤ ਕੋਈ ਜਥੇਬੰਦੀ ਨਾ ਹੋਣ ਕਰਕੇ ਉਨ੍ਹਾਂ ਨੂੰ ਜਥੇਬੰਦੀਆਂ ਲੀਡਰਸ਼ਿਪ ਵਿੱਚ ਨਹੀਂ ਵਾੜਿਆ? ਬੇਸ਼ਕ ਇਹ ਦੋਨੋਂ ਧਿਰਾਂ







ਤਰਕ ਦਿੰਦੀਆਂ ਸਨ ਕਿ ਜੇ ਜੋਗਿੰਦਰ ਯਾਦਵ ਨੂੰ ਨਾਲ਼ ਲਿਆ ਜਾ ਸਕਦਾ ਹੈ ਤਾਂ ਦੀਪ ਤੇ ਲੱਖੇ ਨੂੰ ਕਿਉਂ ਨਹੀਂ ਲਿਆ ਜਾ ਸਕਦਾ? ਜਦਕਿ ਉਨ੍ਹਾਂ ਨੂੰ ਪਤਾ ਸੀ ਕਿ ਯਾਦਵ ਦੀ ਕਿਸਾਨੀ ਸੰਘਰਸ਼ ਲਈ ਪਿਛਲੇ ਕਈ ਸਾਲਾਂ ਤੋਂ ਕੀ ਦੇਣ ਸੀ? ਪਰ ਆਮ ਲੋਕਾਂ ਨੂੰ ਗੁੰਮਰਾਹ ਕਰਨ ਲਈ ਉਹ ਅਜਿਹੇ ਪੈਂਤੜੇ ਲੈਂਦੇ ਰਹੇ, ਪਰ ਲੀਡਰਸ਼ਿਪ ਦੀ ਅਗਵਾਈ ਕਬੂਲਣ ਲਈ ਤਿਆਰ ਨਹੀਂ ਹੋਏ। ਜਿਸ ਕਰਕੇ ਉਨ੍ਹਾਂ ਆਪਣਾ ਵੀ ਤੇ ਸੰਘਰਸ਼ ਦਾ ਵੀ ਭਾਰੀ ਨੁਕਸਾਨ ਕੀਤਾ।

ਹੁਣ ਗੱਲ ਕਰਦੇ ਹਾਂ ਕਿ ਜੇ 'ਸ਼ੰਭੂ ਮੋਰਚੇ' ਵਾਲ਼ੀ ਧਿਰ ਦਾ ਮਕਸਦ 'ਸਿੱਖੀ ਦੀ ਹੋਂਦ' ਜਾਂ 'ਖਾਲਸਾ ਰਾਜ' ਸੀ ਤਾਂ ਉਨ੍ਹਾਂ ਨੂੰ ਸਪੱਸ਼ਟ ਰੂਪ ਉਸ ਲਈ 'ਸ਼ੰਭੂ' ਜਾਂ ਕਿਸੇ ਹੋਰ ਥਾਂ ਮੋਰਚਾ ਲਗਾਉਣਾ ਚਾਹੀਦਾ ਸੀ? ਨਾ ਕਿ ਕਿਸਾਨੀ ਸੰਘਰਸ਼ ਦੀ ਟੇਕ ਵਿੱਚ ਆਪਣਾ ਏਜੰਡਾ ਲਾਗੂ ਕਰਨਾ? ਜੇ 26 ਜਨਵਰੀ ਦੀਆਂ ਘਟਨਾਵਾਂ ਨੂੰ ਦੇਖੋ ਤਾਂ ਲੋਕਾਂ ਨੂੰ ਰਿੰਗ ਰੋਡ ਤੇ ਫਿਰ ਲਾਲ ਕਿਲ੍ਹੇ ਲਿਜਾਣ ਤੱਕ ਦੀਪ ਸਿੱਧੂ ਅਤੇ ਉਸ ਨਾਲ਼ ਪੰਨੂੰ-ਪੰਧੇਰ ਵਾਲ਼ੀ ਕਿਸਾਨ ਯੂਨੀਅਨ ਸੀ। ਇਸ ਯੂਨੀਅਨ ਨੇ ਵੀ ਸ਼ੁਰੂ ਤੋਂ ਬਾਕੀ ਸੰਯੁਕਤ ਮੋਰਚੇ ਤੋਂ ਵੱਖਰੀ ਲਾਈਨ ਰੱਖੀ ਸੀ। ਆਖਰੀ ਮੌਕੇ ਤੱਕ 'ਸੰਯੁਕਤ ਕਿਸਾਨ ਮੋਰਚੇ' ਵਲੋਂ ਪੰਨੂੰ-ਪੰਧੇਰ ਨੂੰ ਮਿਥੇ ਰੂਟ ਅਨੁਸਾਰ 'ਟਰੈਕਟਰ ਮਾਰਚ' ਕਰਨ ਲਈ ਮਨਾਉਣ ਦੇ ਯਤਨ ਕੀਤੇ, ਪਰ ਉਹ 'ਰਿੰਗ ਰੋਡ' ਜਾਣ ਲਈ ਅੜੇ ਰਹੇ। ਜੇ ਸ਼ੰਭੂ ਮੋਰਚੇ ਦੀ ਸਾਰੀ ਸਿਆਸਤ ਨੂੰ ਦੇਖੋ ਤਾਂ ਉਹ 'ਸੰਯੁਕਤ ਕਿਸਾਨ ਮੋਰਚੇ' ਦੇ ਮੁਕਾਬਲੇ ਤੇ ਵੱਖਰਾ ਬਿਰਤਾਂਤ ਤੇ ਵੱਖਰੀ ਲਾਈਨ ਨਾਲ਼ ਹੀ ਚੱਲਦੇ ਰਹੇ। ਬੇਸ਼ੱਕ ਉਹ ਰੇਲਾਂ ਰੋਕੋ, ਪੈਟਰੋਲ ਪੰਪ ਘਿਰਾਉ, ਵੱਡੀਆਂ ਕੰਪਨੀਆਂ ਦੇ ਮਾਲਾਂ ਦਾ ਘਿਰਾਉ, ਟੋਲ ਪਲਾਜ਼ੇ ਫਰੀ ਕਰਨੇ ਆਦਿ ਕੋਈ ਵੀ ਐਕਸ਼ਨ ਸਨ, 'ਸ਼ੰਭੂ ਮੋਰਚੇ' ਵਾਲ਼ਿਆਂ ਹਰੇਕ ਜਗ੍ਹਾ ਮੋਰਚਾ ਵਿਰੋਧੀ ਸੁਰ ਹੀ ਰੱਖੀ। ਇਥੋਂ ਤੱਕ ਕਿ ਸ਼ੁਰੂ ਵਿੱਚ ਦਿੱਲੀ ਜਾਣ ਦਾ ਵੀ ਵਿਰੋਧ ਕਰਦੇ ਸਨ, ਜਦੋਂ ਲੋਕ ਨਾਕੇ ਤੋੜ ਕੇ ਦਿੱਲੀ ਵੱਲ ਨੂੰ ਹੋ ਤੁਰੇ ਕਹਿਣ ਲੱਗ ਪਏ ਕਿ ਨਾਕੇ ਤਾਂ ਸਾਡੇ ਨੌਜਵਾਨਾਂ ਨੇ ਤੋੜੇ ਸਨ, ਕਿਸਾਨ ਆਗੂਆਂ ਨੇ ਤਾਂ ਬਾਰਡਰਾਂ ਤੋਂ ਧਰਨੇ ਮਾਰ ਕੇ ਮੁੜ ਆਉਣਾ ਸੀ? ਇਸਦਾ ਇੱਕ ਸਬੂਤ ਇਹ ਹੈ ਕਿ ਸ਼ੰਭੂ ਮੋਰਚੇ ਦੇ ਸੰਚਾਲਕਾਂ ਵਲੋਂ ਬਣਾਈ 5 ਮੈਂਬਰੀ 'ਸ਼ੰਭੂ ਮੋਰਚਾ ਪੰਚਾਇਤ' ਨੇ 20 ਅਕਤੂਬਰ ਨੂੰ ਚੰਡੀਗੜ੍ਹ ਵਿੱਚ ਪ੍ਰੈਸ ਕਾਨਫਰੰਸ ਕਰਕੇ ਸਪੱਸ਼ਟ ਕਿਹਾ ਸੀ ਕਿ ਸਾਡੀ ਲੜਾਈ ਕਿਸਾਨੀ ਕਨੂੰਨ ਰੱਦ ਕਰਾਉਣੇ ਨਹੀਂ, ਸਗੋਂ ਸਾਡੀ ਲੜਾਈ 'ਸਿੱਖੀ ਦੀ ਹੋਣੀ' ਤੇ 'ਪੰਜਾਬ ਦੀ ਖੁਦਮੁਖਤਿਆਰੀ' ਦੀ ਹੈ ਤੇ ਇਸ ਲਈ ਸਾਨੂੰ 'ਇੱਕ ਵੱਖਰੀ ਸੋਚ' ਵਾਲ਼ੀ 'ਵੱਖਰੀ ਰਾਜਸੀ ਧਿਰ' ਖੜੀ ਕਰਨ ਦੀ ਲੋੜ ਹੈ, ਜਿਸ ਬਾਰੇ ਇਨ੍ਹਾਂ ਦੀ ਸੁਖਪਾਲ ਖੈਰ੍ਹਾ, ਧਰਮਵੀਰ ਗਾਂਧੀ ਆਦਿ ਕਈ ਲੀਡਰਾਂ ਨਾਲ਼ ਗੱਲਬਾਤ ਚੱਲ ਵੀ ਰਹੀ ਸੀ, ਜੇ ਮੋਰਚਾ ਦਿੱਲੀ ਨਾ ਆਉਂਦਾ ਤਾਂ ਇਸ ਧਿਰ ਨੇ ਕਿਸਾਨੀ ਮੋਰਚੇ ਦੀ ਓਟ ਵਿੱਚ ਸਿਰਫ ਇੱਕ ਰਾਜਸੀ ਪਾਰਟੀ ਹੀ ਖੜੀ ਕਰਨੀ ਸੀ, 26 ਦੀਆਂ ਘਟਨਾਵਾਂ ਕਾਰਨ ਇਨ੍ਹਾਂ ਦਾ ਇਹ ਸੁਪਨਾ ਵੀ ਬਿਖਰ ਗਿਆ?

ਅੱਜ ਜਦੋਂ 26 ਜਨਵਰੀ ਦੀਆਂ ਘਟਨਾਵਾਂ ਤੋਂ ਬਾਅਦ ਕਿਸਾਨ ਆਗੂਆਂ ਤੇ ਕਈ ਤਰ੍ਹਾਂ ਦੀ ਇਲਜਾਮਬਾਜੀ ਚੱਲ ਰਹੀ ਹੈ ਤਾਂ ਦੇਖਣਾ ਬਣਦਾ ਹੈ ਕਿ ਕੀ ਵੱਖਰੀ ਲਾਈਨ ਲੈ ਕੇ ਚੱਲ ਰਹੀਆਂ ਧਿਰਾਂ ਨੇ ਕਦੇ ਵੀ ਸੁਹਿਰਦਤਾ ਨਾਲ਼ ਸੰਘਰਸ਼ ਦੀ ਹਮਾਇਤ ਕੀਤੀ ਸੀ? ਜਦੋਂ ਸੰਘਰਸ਼ ਦਿੱਲੀ ਦੇ ਬਾਰਡਰਾਂ ਤੇ ਪਹੁੰਚਿਆ ਸੀ ਤਾਂ ਸਿੱਖ ਵਿਦਵਾਨ ਅਜਮੇਰ ਸਿੰਘ ਨੇ ਆਪਣੀ ਇੱਕ ਇੰਟਰਵਿਊ ਵਿੱਚ ਕਿਸਾਨ ਆਗੂਆਂ ਬਾਰੇ ਮਿਹਣਾ ਜਿਹਾ ਮਾਰਿਆ ਸੀ ਕਿ ਇਹ ਸੰਘਰਸ਼ ਬਹੁਤ ਵੱਡਾ ਹੈ ਤੇ ਕਿਸਾਨ ਜਥੇਬੰਦੀਆਂ ਛੋਟੇ-ਮੋਟੇ ਧਰਨੇ ਮੁਜ਼ਾਹਰੇ ਕਰਨ ਵਾਲ਼ੀਆਂ ਜਥੇਬੰਦੀਆਂ ਹਨ, ਇਸ ਲਈ ਨੌਜਵਾਨਾਂ ਨੂੰ ਨਾਲ਼ ਲੈ ਕੇ ਚੱਲਣਾ ਚਾਹੀਦਾ ਹੈ? ਸਵਾਲ ਇਹ ਪੈਦਾ ਹੁੰਦਾ ਹੈ ਕਿ ਜੇ 40-50 ਸਾਲ਼ ਤੋਂ ਸੰਘਰਸ਼ ਕਰ ਰਹੇ ਲੀਡਰ ਤੇ ਜਥੇਬੰਦੀਆਂ ਵੱਡਾ ਸੰਘਰਸ਼ ਲੜਨ ਦੇ ਕਾਬਿਲ ਨਹੀਂ ਤਾਂ ਪੰਜਾਬ ਦੇ ਉਹ ਕਿਹੜੇ ਨੌਜਵਾਨ ਹਨ, ਜਿਹੜੇ ਅਜਿਹੇ ਵੱਡੇ ਲੋਕ ਸੰਘਰਸ਼ਾਂ ਦੀ ਅਗਵਾਈ ਕਰਨ ਦੇ ਸਮਰੱਥ ਸਨ? ਨਾ ਹੀ ਅਜਮੇਰ ਸਿੰਘ ਜਾਂ ਸ਼ੰਭੂ ਮੋਰਚੇ ਵਾਲ਼ੀਆਂ ਧਿਰਾਂ ਨੇ ਕਦੇ ਇਹ ਦੱਸਿਆ ਹੈ ਕਿ ਉਨ੍ਹਾਂ 'ਨੌਜਵਨਾਂ' ਨੇ ਹੁਣ ਤੱਕ ਕਿਤਨੇ ਕੁ ਮੋਰਚੇ ਤੇ ਸੰਘਰਸ਼ ਜਿੱਤੇ ਹਨ ਕਿ ਇਤਨੇ ਵੱਡੇ ਮੋਰਚੇ ਦੀ ਅਗਵਾਈ ਉਨ੍ਹਾਂ ਨੂੰ ਸੰਭਾਲ ਦਿੱਤੀ ਜਾਵੇ? ਇਨ੍ਹਾਂ ਧਿਰਾਂ ਨੇ ਕਦੇ ਇਹ ਵੀ ਸਪੱਸ਼ਟ ਨਹੀਂ ਕੀਤਾ ਕਿ ਉਨ੍ਹਾਂ ਨੌਜਵਾਨਾਂ (?) ਕੋਲ਼ ਕਿਹੜੀ ਵੱਡੀ ਕਾਬਲੀਅਤ ਤੇ ਤਜ਼ੁਰਬਾ ਹੈ, ਜੋ 31 ਜਥੇਬੰਦੀਆਂ ਅਤੇ ਪੰਜਾਬ ਦੀਆਂ ਹੋਰ ਸੈਂਕੜੇ ਵਿਦਿਆਰਥੀ, ਮੁਲਾਜਮ, ਮਜਦੂਰ ਤੇ ਨੌਜਵਾਨ ਜਥੇਬੰਦੀਆਂ ਕੋਲ਼ ਨਹੀਂ ਹੈ, ਜੋ ਇਸ ਸੰਘਰਸ਼ ਵਿੱਚ ਪੂਰੀ ਤਨਦੇਹੀ ਨਾਲ਼ ਕੰਮ ਕਰ ਰਹੀਆਂ ਹਨ? ਇਸ ਸਬੰਧੀ ਉਘੇ ਪੱਤਰਕਾਰ ਜਸਪਾਲ ਸਿੰਘ ਸਿੱਧੂ, ਜੋ ਕਿ ਪਿਛਲੇ ਕਈ ਵਰ੍ਹਿਆਂ ਤੋਂ ਅਜਮੇਰ ਸਿੰਘ ਨਾਲ਼ ਸੁਰ ਮਿਲਾ ਕੇ ਚੱਲ ਰਹੇ ਸਨ, ਵਲੋਂ ਬੜੀ ਤਸੱਲੀ ਦੀ ਗੱਲ ਕੀਤੀ ਹੈ ਕਿ ਉਸਨੇ ਅਜਮੇਰ ਸਿੰਘ ਦੇ ਧੜੇ ਵਲੋਂ ਕੀਤੀ ਜਾ ਰਹੀ ਮਾਰਕੇਬਾਜ਼ੀ ਦੇ ਖਤਰਿਆਂ ਨੂੰ ਪਛਾਣਿਆ ਹੈ ਤੇ ਇਨ੍ਹਾਂ ਨਾਲ਼ੋਂ ਸਪੱਸ਼ਟ ਰੂਪ ਵਿੱਚ ਵਿੱਥ ਸਥਾਪਿਤ ਕੀਤੀ ਹੈ। ਉਨ੍ਹਾਂ ਨੇ ਇਨ੍ਹਾਂ ਧਿਰਾਂ ਨੂੰ ਸਿੱਧਾ ਸਵਾਲ਼ ਕੀਤਾ ਹੈ ਕਿ ਅਜਮੇਰ ਸਿੰਘ, ਸੁਖਪ੍ਰੀਤ ਉਧੋਕੇ, ਅਜੈਪਾਲ ਸਿੰਘ ਬਰਾੜ ਆਦਿ ਵਿਦਵਾਨ ਇਹ ਦੱਸਣ ਕਿ 1995 ਤੋਂ ਹੁਣ ਤੱਕ ਛੋਟੇ-ਛੋਟੇ ਧਾਰਮਿਕ ਮੁੱਦਿਆਂ ਤੇ ਮੋਰਚੇ ਲਗਾਉਣ (ਜਿਸਦੀ ਵੀ ਕੋਈ ਪ੍ਰਾਪਤੀ ਨਹੀਂ) ਤੋਂ ਇਲਾਵਾ ਪੰਥਕ ਜਥੇਬੰਦੀਆਂ ਦੀ ਪੰਜਾਬ ਵਿੱਚ ਹੋਰ ਕੀ ਕਾਰਗੁਜ਼ਾਰੀ ਹੈ? ਕੀ ਉਨ੍ਹਾਂ ਕਦੇ ਕਿਸਾਨਾਂ, ਮਜਦੂਰਾਂ, ਦਲਿਤਾਂ ਜਾਂ ਹੋਰ ਵਰਗਾਂ ਦੇ ਲੋਕਾਂ ਵਿੱਚ ਜਾ ਕੇ ਕਦੇ ਕੋਈ ਕੰਮ ਕੀਤਾ ਹੈ, ਕੋਈ ਜਥੇਬੰਦੀ ਬਣਾਈ ਹੈ? ਧਰਮ ਨੇ ਰੋਟੀ ਤਾਂ ਨਹੀਂ ਦੇਣੀ, ਕੀ ਉਨ੍ਹਾਂ ਕਦੇ ਕਿਸੇ ਵਰਗ ਜਾਂ ਪੰਜਾਬ ਦੇ ਕਿਸੇ ਆਰਥਿਕ ਮੁੱਦੇ ਤੇ ਕੋਈ ਕੰਮ ਕੀਤਾ? ਅੱਜ ਜਦੋਂ ਲੋਕ ਇਨ੍ਹਾਂ ਜਥੇਬੰਦੀਆਂ ਦੀ ਅਗਵਾਈ ਵਿੱਚ ਸੰਘਰਸ਼ ਲੜਨ ਲੱਗੇ ਹਨ ਤੇ ਸੰਘਰਸ਼, ਜਨ-ਅੰਦੋਲਨ ਬਣ ਰਿਹਾ ਹੈ ਤਾਂ ਇਸਨੂੰ ਧਾਰਮਿਕ ਜਾਂ ਕੋਈ ਵੱਖਰੀ ਰੰਗਤ ਦੇਣ ਲਈ ਇਹ ਧਿਰਾਂ ਪੂਰੀ ਤਰ੍ਹਾਂ ਸਰਗਰਮ ਸਨ, ਜਿਸ ਵਿੱਚੋਂ ਹੀ 26 ਦੀਆਂ ਘਟਨਾਵਾਂ ਨਿਕਲਣੀਆਂ ਹਨ। ਸ. ਅਜਮੇਰ ਸਿੰਘ ਦੂਜਿਆਂ ਤੇ ਤਾਂ ਸਵਾਲ ਉਠਾ ਰਹੇ ਹਨ, ਪਰ 1992 ਦੀਆਂ ਚੋਣਾਂ ਦੇ ਉਨ੍ਹਾਂ ਦੀਆਂ ਧਿਰਾਂ ਵਲੋਂ ਕੀਤੇ ਬਾਈਕਾਟ ਦੇ ਫੈਸਲੇ ਨਾਲ਼ ਖਾੜਕੂ ਸੰਘਰਸ਼ ਨੂੰ ਹੋਏ, ਨੁਕਸਾਨ ਦੀ ਨਾ ਕਦੇ ਜ਼ਿੰਮੇਵਾਰੀ ਲੈਂਦੇ ਹਨ ਤੇ ਨਾ ਹੀ ਕਦੇ ਉਸ ਬਾਰੇ ਗੱਲ ਕਰਦੇ ਹਨ।ਇਸ ਸਬੰਧੀ 1970ਵਿਆਂ ਤੋਂ ਪੰਜਾਬ ਦੀ ਰਾਜਨੀਤੀ ਤੇ ਸੰਘਰਸ਼ ਵਿੱਚ ਸਰਗਰਮ ਰਹੇ ਲੇਖਕ ਤੇ ਰਾਜਸੀ ਬੁੱਧੀਜੀਵੀ ਮਾਲਵਿੰਦਰ ਸਿੰਘ ਮਾਲੀ ਦੀਆਂ ਸੰਘਰਸ਼ ਬਾਰੇ ਤਾਜ਼ਾ ਟਿੱਪਣੀਆਂ ਬੜੀਆਂ ਅਹਿਮ ਹਨ, ਉਨ੍ਹਾਂ ਅਨੁਸਾਰ, 'ਸ਼ੰਭੂ ਮੋਰਚੇ ਦਾ ਕਿਸਾਨ ਮੋਰਚੇ ਤੋਂ ਵੱਖਰਾ ਬਿਰਤਾਂਤ ਸੀ ਤੇ ਇਹ ਮੋਰਚੇ ਦੇ ਅੰਦਰ ਇੱਕ ਵੱਖਰੀ ਸੁਰ ਵਾਲ਼ਾ ਮੋਰਚਾ ਸੀ, ਜੋ 'ਸ਼ੰਭੂ' ਤੋਂ ਸ਼ੁਰੂ ਹੋ ਕੇ 'ਲਾਲ ਕਿਲ੍ਹੇ' ਜਾ ਕੇ ਸਮਾਪਤ ਹੋਇਆ? ਜਿਸ ਬਾਰੇ ਦੀਪ ਸਿੱਧੂ ਕਹਿੰਦਾ ਸੀ ਕਿ ਮੈਂ ਤਾਂ ਮੋਰਚੇ ਦੌਰਾਨ ਵਿਰੋਧੀ ਧਿਰ ਵਾਲ਼ਾ ਰੋਲ ਨਿਭਾਅ ਰਿਹਾਂ? ਜਿਸਦਾ ਮਕਸਦ ਪੰਜਾਬ ਲਈ ਇੱਕ ਵੱਖਰੇ ਰਾਜ ਜਾਂ ਖੁਦਮੁਖਤਿਆਰੀ ਲਈ ਸੰਘਰਸ਼ ਕਰਨ ਵਾਲ਼ੀ ਧਿਰ ਉਸਾਰਨਾ ਸੀ?' ਸ. ਮਾਲੀ ਇਹ ਵੀ ਕਹਿੰਦੇ ਹਨ ਕਿ ਸ਼ੰਭੂ ਮੋਰਚੇ ਦਾ ਬਿਰਤਾਂਤ ਕਿਸਾਨ ਵਿਰੋਧੀ ਸੀ, ਇਹ ਲੋਕ ਕਿਸਾਨੀ ਮੋਰਚੇ ਤੇ ਆਪਣੇ ਏਜੰਡੇ ਦੀ ਚਾਦਰ ਪਾਉਣੀ ਚਾਹੁੰਦੇ ਸਨ, ਇਹ ਚਾਹੁੰਦੇ ਸਨ ਕਿ ਮੋਰਚਾ ਕਿਸਾਨ ਲੜਨ ਤੇ ਬਿਰਤਾਂਤ ਸਾਡਾ ਹੋਵੇ? ਜਦੋਂ ਇਹ ਸਫਲ ਨਹੀਂ ਹੋਇਆ ਤਾਂ ਜਦੋਂ ਲੋਕ ਨਾਕੇ ਤੋੜ ਕੇ ਦਿੱਲੀ ਪਹੁੰਚੇ ਤਾਂ ਉਸਨੂੰ ਆਪਣੇ ਖਾਤੇ ਪਾ ਲਿਆ ਕਿ ਸਾਡੇ ਨੌਜਵਾਨਾਂ ਨੇ ਨਾਕੇ ਤੋੜੇ ਹਨ, ਨਹੀਂ ਤਾਂ ਕਿਸਾਨਾਂ ਨੇ ਤਾਂ ਬਾਰਡਰ ਤੇ ਦੋ ਚਾਰ ਦਿਨ ਧਰਨੇ ਮਾਰ ਕੇ ਮੁੜ ਜਾਣਾ ਸੀ ਅਤੇ ਜਦੋਂ ਦਿੱਲੀ 'ਬਰਾੜੀ ਮੈਦਾਨ' ਜਾਣ ਦੀ ਥਾਂ ਸਭ ਨੇ ਬਾਰਡਰਾਂ ਤੇ ਰੁਕਣ ਦਾ ਫੈਸਲਾ ਕੀਤਾ ਤਾਂ ਉਸਨੂੰ ਲੱਖੇ ਦੇ ਖਾਤੇ ਪਾ ਲਿਆ ਕਿ ਉਨ੍ਹਾਂ ਦੇ ਦਬਾਅ ਕਾਰਨ ਜਥੇਬੰਦੀਆਂ ਬਾਰਡਰਾਂ ਤੇ ਬੈਠੀਆਂ ਹਨ, ਨਹੀਂ ਤਾਂ ਸਰਕਾਰ ਨੇ ਇਨ੍ਹਾਂ ਨੂੰ ਖੁੱਲ੍ਹੀ ਜ਼ੇਲ੍ਹ ਵਿੱਚ ਬੰਦ ਕਰ ਦੇਣਾ ਸੀ। ਜਿਹੜੀ ਗੱਲ ਤਾਂ ਠੀਕ ਹੋ ਗਈ, ਉਹ ਤਾਂ ਸਾਡੇ ਕਰਕੇ ਹੋਈ ਅਤੇ ਜਿਹੜੀ ਉਲਟ ਪੈ ਗਈ, ਉਹ ਕਿਸਾਨ ਆਗੂਆਂ ਦੀ ਗਲਤੀ ਨਾਲ਼ ਹੋਈ? ਸ. ਮਾਲੀ ਦੀ ਇੱਕ ਗੱਲ ਹੋਰ ਬੜੀ ਨੁਕਤੇ ਦੀ ਹੈ ਕਿ ਜਦੋਂ 26 ਨੂੰ ਝੰਡੇ ਝੁਲਾ ਦਿੱਤੇ, ਉਸ ਵਕਤ ਪੁਲਿਸ ਮੂਕ ਦਰਸ਼ਕ ਬਣ ਕੇ ਤਮਾਸ਼ਾ ਦੇਖ ਰਹੀ ਸੀ ਤਾਂ ਦੀਪ ਸਿੱਧੂ ਝੰਡਾ ਹੱਥ ਵਿੱਚ ਫੜ੍ਹ ਕੇ ਟਰੈਕਟਰ ਤੇ ਖੜ੍ਹ ਕੇ ਲਾਈਵ ਹੋ ਕਿ ਕਹਿੰਦਾ ਹੈ: 'ਇਸਨੂੰ ਅਸੀਂ ਕਹਿੰਦੇ ਸੀ, ਗੁਰੂ ਦੀ ਕਲਾ ਵਰਤਣੀ, ਕਲਾ ਵਰਤ ਗਈ ਤੇ ਸਿੰਘਾਂ ਨੇ 18ਵੀਂ ਸਦੀ ਦਾ ਸ. ਬਘੇਲ ਸਿੰਘ ਦਾ ਇਤਿਹਾਸ ਦੁਹਰਾ ਦਿੱਤਾ'। ਪਰ ਕੁਝ ਘੰਟਿਆਂ ਬਾਅਦ ਹੀ ਜਦੋਂ ਸਰਕਾਰ, ਪੁਲਿਸ ਤੇ ਮੀਡੀਆ ਨੇ ਆਪਣਾ ਅਸਲੀ ਚਿਹਰਾ ਦਿਖਾਇਆ ਤਾਂ ਸਭ ਕੁਝ ਬਦਲ ਗਿਆ।ਫਿਰ ਪੰਨੂੰ-ਪੰਧੇਰ, ਦੀਪ, ਲੱਖੇ ਸਮੇਤ ਸਭ ਮੁੱਕਰ ਗਏ।ਹੁਣ ਤਾਂ ਸੁਣਿਆ ਦੀਪ ਨੇ ਕੋਰਟ ਵਿੱਚ ਪਟੀਸ਼ਨ ਵੀ ਫਾਈਲ ਕੀਤੀ ਹੈ ਕਿ ਉਸਨੂੰ ਲਾਲ ਕਿਲ੍ਹਾ ਕਾਂਡ ਵਿੱਚ ਫਸਾਇਆ ਗਿਆ ਹੈ, ਉਹ ਤਾਂ ਝੰਡਾ ਝੁਲਣ ਤੋਂ ਬਾਅਦ 'ਭੀੜ' (ਜਿਸਨੂੰ ਪਹਿਲਾਂ ਉਹ ਗੁਰੂ ਦੀ ਕਲਾ ਵਰਤੀ ਸੰਗਤ ਕਹਿ ਰਿਹਾ ਸੀ) ਨੂੰ ਸ਼ਾਂਤ ਕਰਨ ਗਿਆ ਸੀ। ਕੁਝ ਘੰਟਿਆਂ ਬਾਅਦ ਉਸਦੀ ਵੀਡੀਉ ਸੀ ਕਿ ਇਹ ਪੁਲਿਸ 'ਟਰੈਪ' ਸੀ? ਜਿਹੜੇ ਪੰਨੂੰ-ਪੰਧੇਰ ਉਸ ਦਿਨ ਕਹਿੰਦੇ ਸਨ ਕਿ ਲਾਲ ਕਿਲੇ ਤੇ ਕਬਜੇ ਤੋਂ ਬਾਅਦ ਹੁਣ ਸਰਕਾਰ ਸੰਗਤ ਕੋਲ਼ ਲਾਲ ਕਿਲ੍ਹੇ ਚੱਲ ਕੇ ਆਵੇਗੀ? ਕੁਝ ਘੰਟਿਆਂ ਬਾਅਦ ਕਹਿ ਰਹੇ ਸਨ ਕਿ ਦੀਪ ਸਿੱਧੂ ਹੋਰੀਂ ਸਾਡਾ ਮੋਢਾ ਵਰਤ ਗਏ, ਅਸੀਂ ਤਾਂ ਰਿੰਗ ਰੋਡ ਜਾਣਾ ਸੀ, ਉਹ ਸਭ ਨੂੰ ਭੁਚਲਾ ਕੇ 'ਲਾਲ ਕਿਲ੍ਹੇ' ਲੈ ਗਏ?

ਜੇ 26 ਜਨਵਰੀ ਦੇ ਸਾਰੇ ਘਟਨਾਕਰਮ ਤੇ ਸਮੁੱਚੇ ਕਿਸਾਨ ਮੋਰਚੇ ਨੂੰ ਨਿਰਪੱਖਤਾ ਨਾਲ਼ ਪੜਚੋਲੀਏ ਤਾਂ ਇਸ ਵਿੱਚ ਕੋਈ ਦੋ ਰਾਵਾਂ ਨਹੀਂ ਹਨ ਕਿ ਅਜਮੇਰ ਸਿੰਘ, ਡਾ. ਸੁਖਪ੍ਰੀਤ ਸਿੰਘ ਉਧੋਕੇ, ਅਜੈਪਾਲ ਸਿੰਘ ਬਰਾੜ ਆਦਿ ਸਿੱਖ ਚਿੰਤਕਾਂ ਨੇ ਕਿਸਾਨੀ ਮੋਰਚੇ ਵਿੱਚੋਂ ਆਪਣਾ ਸਿੱਖ ਏਜੰਡਾ ਕੱਢਣਾ ਚਾਹਿਆ ਸੀ, ਉਹ ਨਹੀਂ ਚਾਹੁੰਦੇ ਸਨ ਕਿ ਕਿਸਾਨੀ ਮੋਰਚੇ ਦੀ ਜਿੱਤ ਦਾ ਸਿਹਰਾ 'ਕਮਿਉਨਿਸਟ ਜਾਂ ਸੈਕੂਲਰ ਧਿਰਾਂ' ਸਿਰ ਬੱਝੇ, ਉਹ ਨਹੀਂ ਚਾਹੁੰਦੇ ਸਨ ਕਿ ਸਰਕਾਰ ਨਾਲ ਕੋਈ ਸਮਝੌਤਾ ਹੋਵੇ, ਨਹੀਂ ਤਾਂ ਦੁਨੀਆਂ ਵਿੱਚ ਕੋਈ ਅਜਿਹੀ ਲੜਾਈ ਨਹੀਂ ਹੁੰਦੀ, ਜਿਸ ਵਿੱਚ ਜਿੱਤ ਸਿਰਫ ਇੱਕ ਧਿਰ ਦੀ ਹੋਵੇ? ਉਹ ਸਮਾਂ 18-19 ਵੀਂ ਸਦੀ ਵਿੱਚ ਹੀ ਖਤਮ ਹੋ ਗਿਆ, ਜਦੋਂ ਤਾਕਤ ਦੇ ਜ਼ੋਰ ਨਾਲ਼ ਜਿਸਨੇ ਦੂਜੇ ਨੂੰ ਹਰਾ ਦਿੱਤਾ ਤੇ ਉਸਦਾ ਕਬਜ਼ਾ ਹੋ ਗਿਆ। ਅੱਜ ਹਰ ਲੜਾਈ ਜਾਂ ਸੰਘਰਸ਼ ਦਾ ਹੱਲ ਟੇਬਲ ਟਾਕ ਰਾਹੀਂ ਹੀ ਹੁੰਦਾ ਹੈ। ਪਰ ਇਸ ਧਿਰ ਨੇ ਸੋਸ਼ਲ ਮੀਡੀਆ ਤੇ ਹੋਰ ਸਾਧਨਾਂ ਨਾਲ਼ ਅਜਿਹੇ ਹਾਲਾਤ ਬਣਾ ਦਿੱਤੇ ਸਨ/ਹਨ ਕਿ ਕੋਈ ਸਮਝੌਤਾ ਨਾ ਹੋਵੇ ਤਾਂ ਕਿ ਸੰਘਰਸ਼ਸ਼ੀਲ ਲੋਕ ਕਰੈਡਿਟ ਨਾ ਲੈ ਜਾਣ? ਅੱਜ ਦੇ ਮਾਡਰਨ ਵਰਲਡ ਵਿੱਚ ਹਰ ਇੱਕ ਇਨਸਾਨ, ਕੌਮ, ਫਿਰਕੇ, ਜਥੇਬੰਦੀ ਨੂੰ ਆਪਣੀ ਗੱਲ ਅਜ਼ਾਦੀ ਨਾਲ਼ ਤੇ ਲੋਕਤੰਤਰੀ ਢੰਗਾਂ ਨਾਲ਼ ਕਹਿਣ ਦਾ ਹੱਕ ਹੈ, ਉਸਦਾ ਪ੍ਰਚਾਰ ਕਰਨ ਦਾ ਹੱਕ ਹੈ, ਉਸ ਲਈ ਸੰਘਰਸ਼ ਕਰਨ ਦਾ ਹੱਕ ਹੈ। ਇਸ ਲਈ ਕਿਸੇ ਨੂੰ ਕੋਈ ਇਤਰਾਜ਼ ਨਹੀਂ ਹੋ ਸਕਦਾ ਕਿ ਸਿੱਖ ਜਥੇਬੰਦੀਆਂ ਤੇ ਵਿਦਵਾਨ ਆਪਣੀ ਸਮਝ ਤੇ ਏਜੰਡੇ ਮੁਤਾਬਿਕ ਸਿੱਖ ਰਾਜ, ਵੱਖਰੇ ਰਾਜ, ਵੱਧ ਅਧਿਕਾਰਾਂ, ਖੁਦਮੁਖਤਿਆਰੀ, ਖਾਲਿਸਤਾਨ ਆਦਿ ਕਿਸੇ ਵੀ ਮੰਗ ਲਈ ਪ੍ਰਚਾਰ ਕਰਨ ਜਾਂ ਸੰਘਰਸ਼ ਕਰਨ। ਪਰ ਇਤਰਾਜ਼ ਸਿਰਫ ਇਸ ਗੱਲ ਦਾ ਹੈ ਕਿ ਉਹ ਆਪਣਾ ਸੰਘਰਸ਼ ਆਪ ਲੜਨ ਦੀ ਥਾਂ 'ਕਿਸਾਨੀ ਸੰਘਰਸ਼' ਤੇ ਆਪਣਾ ਗਲਬਾ ਪਾ ਕੇ ਲੜਨਾ ਚਾਹੁੰਦੀਆਂ ਹਨ? ਉਹ ਚਾਹੁੰਦੀਆਂ ਹਨ ਕਿ ਸੰਘਰਸ਼ ਕਿਸਾਨ ਜਾਂ ਆਮ ਲੋਕ ਲੜਨ ਤੇ ਏਜੰਡਾ ਸਾਡਾ ਚੱਲੇ? ਸੰਘਰਸ਼ ਦੇ ਫੈਸਲੇ ਅਸੀਂ ਕਰੀਏ ਤੇ ਲਾਗੂ ਜਥੇਬੰਦੀਆਂ ਦੇ ਆਗੂ ਕਰਨ? ਜੇ ਇਸ ਵਿੱਚੋਂ ਕੁਝ ਠੀਕ ਨਿਕਲੇ ਤਾਂ ਉਹ ਅਸੀਂ ਕੀਤਾ ਅਤੇ ਜੇ ਕੁਝ ਗਲਤ ਹੋ ਗਿਆ ਤਾਂ ਉਹ ਜਥੇਬੰਦੀਆਂ ਦੀ ਗਲਤੀ ਨਾਲ਼ ਹੋਇਆ? ਅਜਿਹਾ ਸੰਭਵ ਨਹੀਂ? ਜੇ ਕਿਸਾਨੀ ਕਨੂੰਨ ਰੱਦ ਕਰਾਉਣੇ, ਉਨ੍ਹਾਂ ਦੇ ਮੁੱਦੇ ਨਹੀਂ ਤਾਂ ਉਹ ਇਸ ਸੰਘਰਸ਼ ਤੋਂ ਲਾਂਭੇ ਹੋ ਕੇ ਕਿਸਾਨਾਂ ਨੂੰ ਆਪਣੀਆਂ ਮੰਗਾਂ ਲਈ ਲੜਨ ਦੇਣ ਅਤੇ ਆਪਣੀਆਂ ਖੁਦਮੁਖਤਿਆਰੀ, ਸਿੱਖ ਰਾਜ ਜਾਂ ਕੋਈ ਹੋਰ ਧਾਰਮਿਕ ਮੰਗਾਂ ਅਧਾਰਿਤ ਵੱਖਰੀ ਜਗ੍ਹਾ ਤੇ ਵੱਖਰਾ ਮੋਰਚਾ ਲਗਾਉਣ ਤੇ ਆਪਣੀ ਸਮਝ ਅਨੁਸਾਰ, ਜਿਸ ਤਰ੍ਹਾਂ ਮਰਜ਼ੀ, ਉਸਨੂੰ ਸ਼ਾਂਤਮਈ ਜਾਂ ਹਥਿਆਰਬੰਦ ਚਲਾਉਣ? ਉਥੇ ਨਾ ਉਨ੍ਹਾਂ ਦੇ ਨਿਸ਼ਾਨਾਂ ਤੇ ਕੋਈ ਇਤਰਾਜ਼ ਕਰੇ, ਨਾ ਉਨ੍ਹਾਂ ਦੀ ਸੋਚ ਤੇ, ਨਾ ਕੰਮ ਕਰਨ ਦੇ ਢੰਗ ਤੇ? ਦੂਜੀ ਗੱਲ ਇਹ ਹੈ ਕਿ ਜੇ 26 ਜਨਵਰੀ ਦੀਆਂ ਘਟਨਾਵਾਂ ਉਨ੍ਹਾਂ ਦੀ ਪਹਿਲਾਂ ਤੋਂ ਬਣੀ ਪਲਾਨ ਦਾ ਹਿੱਸਾ ਸਨ ਤਾਂ ਉਨ੍ਹਾਂ ਨੂੰ ਇਸ ਲਈ ਡਟ ਕੇ ਖੜਨਾ ਚਾਹੀਦਾ ਹੈ, ਜਿਹੜਾ ਖਾਲਸਈ ਨਿਸ਼ਾਨ, ਉਨ੍ਹਾਂ ਝੁਲਾਇਆ ਸੀ, ਉਸਨੂੰ ਸਰਕਾਰ ਜਾਂ ਪੁਲਸ ਵਲੋਂ ਕੁਝ ਘੰਟਿਆਂ ਵਿੱਚ ਉਤਾਰ ਕੇ ਬੇਅਦਬੀ ਕੀਤੀ, ਉਸ ਲਈ ਸਰਕਾਰ ਤੋਂ ਮੁਆਫੀ ਮੰਗਵਾਉਣੀ ਚਾਹੀਦੀ ਹੈ? ਪਰ ਹਾਲਾਤ ਇਹ ਹਨ ਕਿ ਇੱਕ ਮਹੀਨਾ ਬੀਤਣ ਤੋਂ ਬਾਅਦ ਕਿਸੇ ਇੱਕ ਵੀ ਸਿੱਖ ਲੀਡਰ, ਵਿਦਵਾਨ, ਜਥੇਬੰਦੀ ਨੇ ਇਹ ਫਖਰ ਨਾਲ਼ ਨਹੀਂ ਕਿਹਾ ਕਿ ਅਸੀਂ ਖਾਲਸਈ ਨਿਸ਼ਾਨ ਝੁਲ਼ਾ ਕੇ ਕੁਝ ਗਲਤ ਨਹੀਂ ਕੀਤਾ? ਅਸੀਂ ਖਾਲਸਾ ਰਾਜ ਲੈਣਾ ਹੈ, ਉਸ ਲਈ ਅਸੀਂ ਸੰਘਰਸ਼ ਕਰਦੇ ਰਹਾਂਗੇ, ਸਗੋਂ ਇਸ ਤੋਂ ਉਲਟ ਬਹੁਤੇ ਵਿਦਵਾਨ, ਲੀਡਰ, ਜਥੇਬੰਦੀਆਂ ਚੁੱਪ ਹੋ ਗਈਆਂ ਤੇ ਜਦੋਂ ਦਿੱਲੀ ਪੁਲਿਸ ਨੇ ਕੇਸ ਪਾਉਣੇ ਸ਼ੁਰੂ ਕੀਤੇ ਤਾਂ ਸੋਸ਼ਲ ਮੀਡੀਆ ਤੋਂ ਆਪਣੀਆਂ ਪੋਸਟਾਂ ਤੇ ਵੀਡੀਉ ਡਿਲੀਟ ਕਰਨੀਆਂ ਸ਼ੁਰੂ ਕਰ ਦਿੱਤੀਆਂ ਅਤੇ ਕੁਝ ਨੇ ਵੱਖਰਾ ਪੈਂਤੜਾ ਲੈਂਦੇ ਹੋਏ, ਸੋਸ਼ਲ ਮੀਡੀਆ ਤੇ ਇਹ ਪ੍ਰਚਾਰ ਆਰੰਭ ਦਿੱਤਾ ਕਿ ਕਿਸਾਨ ਆਗੂਆਂ ਨੇ ਪਹਿਲਾਂ ਲਾਲ ਕਿਲ੍ਹੇ ਅਤੇ ਰਿੰਗ ਰੋਡ ਜਾਣ ਲਈ ਲੋਕਾਂ ਨੂੰ ਦਿੱਲੀ ਸੱਦਿਆ ਸੀ, ਲੋਕਾਂ ਨੂੰ ਗਰਮ ਤਕਰੀਰਾਂ ਨਾਲ਼ ਭੜਕਾਇਆ ਸੀ, ਇਸ ਕਰਕੇ ਨੌਜਵਾਨ ਭੜਕਾਹਟ ਵਿੱਚ ਆ ਕੇ ਉਨ੍ਹਾਂ ਦੇ ਪਹਿਲੇ ਫੈਸਲੇ ਅਨੁਸਾਰ ਲਾਲ ਕਿਲ੍ਹੇ ਪਹੁੰਚੇ ਸਨ?

ਸਾਡਾ ਇਹ ਮੰਨਣਾ ਹੈ ਕਿ ਸਿਰਫ ਕਿਸਾਨ ਜਾਂ ਕਾਮਰੇਡ ਜਥੇਬੰਦੀਆਂ ਹੀ ਕਿਸਾਨੀ ਲਈ ਸੰਘਰਸ਼ ਨਹੀਂ ਲੜ ਸਕਦੀਆਂ, ਸਿੱਖ ਜਥੇਬੰਦੀਆਂ ਵੀ ਆਪਣੀਆਂ ਕਿਸਾਨ ਜਥੇਬੰਦੀਆਂ ਬਣਾ ਕੇ ਆਪਣਾ ਵੱਖਰਾ, ਆਪਣੇ ਅਨੁਸਾਰ ਲੜ ਸਕਦੀਆਂ ਹਨ, ਉਹ ਵੱਖਰਾ ਮੋਰਚਾ ਲਗਾ ਸਕਦੀਆਂ ਹਨ, ਕਿਸੇ ਨੂੰ ਕੋਈ ਇਤਰਾਜ ਨਹੀਂ ਹੋਵੇਗਾ। ਵੈਸੇ ਵੀ ਸਿੱਖ ਜਥੇਬੰਦੀਆਂ ਤਾਂ ਪਹਿਲੇ ਦਿਨ ਤੋਂ ਕਹਿ ਰਹੀਆਂ ਹਨ ਕਿ ਕਾਮਰੇਡ ਜਥੇਬੰਦੀਆਂ ਕੋਲ਼ ਇਸ ਤਰ੍ਹਾਂ ਦੇ ਵੱਡੇ ਸੰਘਰਸ਼ ਲੜਨ ਦਾ ਨਾ ਤਜੁਰਬਾ ਹੈ ਤੇ ਨਾ ਹੀ ਸੂਝ ਹੈ? ਜਿਤਨਾ ਕੁ ਸੰਘਰਸ਼ ਕਾਮਯਾਬ ਹੋਇਆ ਹੈ, ਉਹ ਸਿਰਫ ਸਿੰਘਾਂ ਦੇ ਜ਼ੋਸ਼ ਅਤੇ ਸਿੱਖੀ ਦੇ ਜਜ਼ਬੇ ਨਾਲ਼ ਹੋਇਆ ਹੈ।ਹੁਣ ਉਨ੍ਹਾਂ ਕੋਲ਼ ਸੁਨਹਿਰੀ ਮੌਕਾ ਹੈ ਕਿ ਉਹ ਆਪਣੀ ਤਾਕਤ ਤੇ ਸਿਆਣਪ ਦਿਖਾਉਣ ਤੇ ਮੋਰਚਾ ਲਾਉਣ? ਇਕ ਗੱਲ ਹੋਰ ਵੀ ਵਿਚਾਰਨਯੋਗ ਹੈ ਕਿ ਸਿੱਖ ਜਥੇਬੰਦੀਆਂ ਵਾਰ-ਵਾਰ ਕਹਿ ਰਹੀਆਂ ਹਨ ਕਿ ਨੌਜਵਾਨ ਜਾਂ ਆਮ ਲੋਕ ਉਨ੍ਹਾਂ ਦੀ ਅਗਵਾਈ ਵਿੱਚ ਤਾਂ, ਦਿੱਲ਼ੀ ਰਿੰਗ ਰੋਡ ਜਾਂ ਲਾਲ ਕਿਲ੍ਹੇ ਗਏ ਸਨ ਕਿਉਂਕਿ ਕਿਸਾਨ ਜਥੇਬੰਦੀਆਂ ਨੇ ਸਰਕਾਰ ਤੇ ਪੁਲਿਸ ਦੇ ਦਬਾਅ ਅਧੀਨ ਆਪਣੇ ਪਹਿਲੇ ਫੈਸਲੇ ਤੋਂ ਪੈਰ ਪਿਛੇ ਖਿੱਚ ਲਏ ਸਨ।ਹਾਲਾਂਕਿ ਜਥੇਬੰਦੀਆਂ ਨੇ ਦੋ ਤਿੰਨ ਦਿਨ ਪਹਿਲਾਂ ਹੀ ਪੁਲਿਸ ਨਾਲ਼ ਤੈਅ ਰੂਟ ਦੱਸ ਦਿੱਤਾ ਸੀ ਤੇ ਇਸ ਵਿੱਚ ਕੁਝ ਵੀ ਲੁਕੋਅ ਨਹੀਂ ਸੀ, ਪਰ ਫਿਰ ਵੀ ਜੇ ਇਨ੍ਹਾਂ ਦੀ ਗੱਲ ਮੰਨ ਲਈਏ ਕਿ ਉਹ ਕਿਸਾਨ ਜਥੇਬੰਦੀਆਂ ਤੋਂ ਖਫਾ ਹੋ ਕੇ ਗਏ ਸਨ ਤਾਂ ਕਿਸਾਨ ਜਥੇਬੰਦੀਆਂ ਨੇ ਤਾਂ 26 ਜਨਵਰੀ ਤੋਂ ਬਾਅਦ 2 ਮਾਰਚ ਨੂੰ ਦਿੱਲੀ ਪਾਰਲੀਮੈਂਟ ਵੱਲ ਮਾਰਚ ਕਰਨ ਜਾਂ ਘਿਰਾਉ ਦਾ ਪ੍ਰੋਗਰਾਮ ਉਲੀਕਿਆ ਸੀ ਤੇ 26 ਦੀਆਂ ਘਟਨਾਵਾਂ ਤੋਂ ਬਾਅਦ ਬਦਲੇ ਹਾਲਾਤਾਂ ਵਿੱਚ ਕੈਂਸਲ ਕਰ ਦਿੱਤਾ ਸੀ, ਫਿਰ ਤਾਂ ਉਨ੍ਹਾਂ ਨੂੰ ਕਿਸੇ ਵੀ ਹਾਲਤ ਵਿੱਚ ਕਿਸਾਨਾਂ ਵਲੋਂ ਦਿਖਾਈ ਕਾਇਰਤਾ ਕਾਰਨ, ਉਨ੍ਹਾਂ ਦੇ ਪਹਿਲੇ ਹੁਕਮਾਂ ਤੇ ਫੁੱਲ ਚੜ੍ਹਾਉਂਦੇ ਹੋਏ, ਦਿੱਲੀ ਪਾਰਲੀਮੈਂਟ ਘੇਰਨੀ ਚਾਹੀਦੀ ਸੀ। ਇਸ ਤੋਂ ਸੁਨਹਿਰੀ ਮੌਕਾ ਹੋਰ ਕੀ ਹੋਣਾ ਸੀ ਕਿ ਹਫਤਾ ਪਹਿਲਾਂ ਸਿੰਘਾਂ ਨੇ ਲਾਲ ਕਿਲ੍ਹੇ ਝੰਡੇ ਝੁਲਾਏ ਤੇ ਅਗਲੇ ਹਫਤੇ ਦਿੱਲੀ ਜਾ ਘੇਰੀ?

ਅਜੇ ਵੀ ਮੌਕਾ ਹੈ ਕਿ ਕਿਸਾਨੀ ਮੁੱਦਿਆਂ ਦੇ ਅਧਾਰ ਤੇ ਸ਼ੁਰੂ ਹੋਏ ਅਤੇ ਚੱਲ ਰਹੇ ਸੰਘਰਸ਼ ਨੂੰ ਜੇ ਜਿੱਤਣਾ ਹੈ ਤਾਂ ਸੰਘਰਸ਼ ਕਰ ਰਹੀਆਂ ਜਥੇਬੰਦੀਆਂ ਦੀ ਬਿਨਾਂ ਸ਼ਰਤ ਅਗਵਾਈ ਕਬੂਲ ਕਰਕੇ ਸੰਘਰਸ਼ ਦਾ ਸਾਥ ਦਿੱਤਾ ਜਾਣਾ ਚਾਹੀਦਾ ਹੈ? ਜੇ ਸਾਥ ਨਹੀਂ ਦੇ ਸਕਦੇ ਤਾਂ ਆਪਣੀ ਸਮਝ ਅਨੁਸਾਰ ਵੱਖਰਾ ਮੋਰਚਾ ਲਗਾ ਲਉ, ਕਿਸੇ ਨੂੰ ਇਤਰਾਜ਼ ਨਹੀਂ ਹੋਵੇਗਾ? ਭਾਰਤੀ ਕਿਸਾਨ ਯੂਨੀਅਨ ਉਗਰਾਹਾਂ ਵੀ ਪਹਿਲੇ ਦਿਨ ਤੋਂ 'ਸੰਯੁਕਤ ਮੋਰਚੇ' ਤੋਂ ਵੱਖਰਾ ਚੱਲ ਰਹੀ ਹੈ, ਬੇਸ਼ਕ ਉਹ ਆਮ ਤੌਰ ਤੇ ਉਨ੍ਹਾਂ ਨਾਲ਼ ਸਹਿਮਤੀ ਰੱਖਦੀ ਹੈ, ਪਰ ਪਿਛਲੇ ਸਮੇਂ ਵਿੱਚ ਉਨ੍ਹਾਂ ਅਨੇਕਾਂ ਵੱਖਰੇ ਪ੍ਰੋਗਰਾਮ ਵੀ ਦਿੱਤੇ ਹਨ। ਪਿਛਲੇ 6 ਮਹੀਨਿਆਂ ਤੋਂ ਸੜਕਾਂ ਤੇ ਰੁਲ੍ਹ ਰਹੇ ਲੱਖਾਂ ਲੋਕਾਂ ਅਤੇ ਸੈਂਕੜੇ ਸ਼ਹੀਦੀਆਂ ਪਾ ਗਏ ਲੋਕਾਂ ਦੇ ਪਰਿਵਾਰਾਂ ਤੇ ਤਰਸ ਖਾ ਕੇ ਸੰਘਰਸ਼ ਨੂੰ ਚੱਲਣ ਦਿਉ ਤਾਂ ਕਿ ਲੋਕ ਸੰਘਰਸ਼ ਜਿੱਤ ਕੇ ਘਰਾਂ ਨੂੰ ਜਾਣ। ਜਥੇਬੰਦੀਆਂ ਨਾਲ਼ ਟਕਰਾਅ ਵਾਲੀ ਸਥਿਤੀ ਬਣਾ ਕੇ ਸਰਕਾਰ ਦੀ ਹੀ ਮੱਦਦ ਹੋ ਸਕਦੀ ਹੈ, ਸੰਘਰਸ਼ ਦੀ ਨਹੀਂ?


A CHOICE DRIVING SCHOOL

- Class 5
- basic Driving Courses
- Certification Courses
- Advance Training Course
- Brush Up
- DDC Course

PICK UP & DROP OFF AVAILABLE



Off. 587-352-0610 Cell 403-473-1682

## 8-ਮਾਰਚ ਕੌਮਾਂਤਰੀ ਦਿਵਸ 'ਤੇ

# ਇਸਤਰੀ ਬੰਦ ਖਲਾਸੀ ਲਈ ਸੰਘਰਸ਼ ਜ਼ਰੂਰੀ



ਰਾਜਿੰਦਰ ਕੌਰ ਚੋਹਕਾ
ਹੁਸ਼ਿਆਰਪੁਰ
91=98725-44738
001-403-285-4208




ਜਦੋਂ ਤੋਂ ਹੀ ਇਸ ਮਨੁੱਖੀ ਸਮਾਜ ਅੰਦਰ ਮਨੁੱਖ ਨੇ ਉਤਪਾਦਿਕ 'ਚ ਵਾਧਾ ਕਰਨ ਦਾ ਸਫ਼ਰ ਸ਼ੁਰੂ ਕੀਤਾ, ਕੁਦਰਤ ਸਮਾਜ ਅਤੇ ਸੋਚ ਦੀਆਂ ਧਾਰਨਾਵਾਂ ਵੀ ਵਿਕਸਤ ਹੋਣੀਆਂ ਸ਼ੁਰੂ ਹੋ ਗਈਆਂ। ਜਿਨ੍ਹਾਂ ਨੇ ਅੱਗੋਂ ਆਰਥਿਕ ਰਿਸ਼ਤਿਆਂ ਨੂੰ ਜਨਮ ਦਿੱਤਾ। ਖੇਤੀ ਦੀ ਸੂਝ ਨਾਲ ਹੀ ਮਨੁੱਖੀ ਸਮਾਜ ਅੰਦਰ ਆਰਥਿਕਤਾ ਅਧਾਰਿਤ ਸਮਾਜ ਇਸ ਰਾਹ ਤੇ ਤੁਰ ਪਿਆ। ਸਮਾਜਿਕ ਤਬਦੀਲੀਆਂ ਅੰਦਰ ਹੀ 'ਇਕ ਔਰਤ ਅਤੇ ਇਕ ਮਰਦ' ਦੀ ਸਾਂਝ ਨੇ ਹੀ ਇਕ ਪ੍ਰਵਾਰ ਰੂਪੀ ਸਮਾਜਿਕ ਜੀਵਨ ਨੂੰ ਜਨਮ ਦਿੱਤਾ। ਹੌਲੀ ਹੌਲੀ ਮਾਤਰੀ ਸਮਾਜ ਦੀ ਥਾਂ, ਪਿਤਰੀ ਸਮਾਜ ਹੋਂਦ 'ਚ ਆਉਂਦਾ ਗਿਆ ਤੇ ਮਜ਼ਬੂਤ ਹੁੰਦਾ ਗਿਆ। ਆਰਥਿਕ ਅਧਿਕਾਰਾਂ ਤੋਂ ਵਿਰਵੀ ਹੋਈ ਇਸਤਰੀ, ਪਹਿਲਾਂ 'ਸਮਾਜਿਕ ਅਧਿਕਾਰਾਂ ਅਤੇ ਫਿਰ ਨਿੱਜੀ ਅਧਿਕਾਰਾਂ' ਤੋਂ ਵੀ ਵੰਚਿਤ ਹੁੰਦੀ ਗਈ। ਆਖਰ ਜਿਸਮਾਨੀ ਤੌਰ ਤੇ ਉਹ ਮਰਦ 'ਪ੍ਰਧਾਨ ਸਮਾਜ ਦੀ ਗੁਲਾਮ' ਹੁੰਦੀ ਗਈ। ਮਾਂ ਦੀ ਆਪਣੇ ਬੱਚਿਆਂ ਨਾਲ ਮੋਹ ਮਮਤਾ, ਇਸ ਲਈ ਕਿ ? ਉਸ ਨੂੰ ਯਕੀਨ ਹੈ, ਕਿ ਇਹ ਉਸ ਦੇ ਬੱਚੇ ਹਨ ? ਇਸਤਰੀ ਮਰਦ ਦੀ ਦੁਨਿਆਵੀ ਸਾਂਝ ਕਾਰਨ ਹੀ ਇਸਤਰੀ ਪ੍ਰੀਵਾਰ ਦੀ ਨਾਰੀਵਾਦੀ ਦੇ ਅਰੰਭ ਤੇ ਵਿਕਾਸ ਅੰਦਰ ਯੁੱਗ ਵਿਚਾਰਧਾਰਾਵਾਂ ਦਾ ਅਤੇ ਉਨ੍ਹਾਂ ਦੇ ਟਕਰਾਅ ਦਾ ਰਿਹਾ ਹੈ। ਜਿਸ ਕਾਰਨ ਪ੍ਰੀਵਾਰ ਅੰਦਰ ਦੋ ਰੂਪ ਧਾਰਨ ਕਰਦਾ ਗਿਆ। ਸਦੀਆਂ ਤੋਂ ਹੀ ਇਸਤਰੀ ਨੂੰ ਇਸ ਸਮਾਜ ਅੰਦਰ "ਸਮਾਜਿਕ ਅਤੇ ਆਰਥਿਕ ਅਧਿਕਾਰਾਂ ਅੰਦਰ ਬਰਾਬਰੀ ਦੇ ਹੱਕਾਂ ਤੋਂ ਵਾਝਿਆਂ ਰੱਖਿਆ ਗਿਆ! ਉਸ ਨੂੰ ਸਮਾਜਿਕ, ਆਰਥਿਕ ਤੇ ਰਾਜਨੀਤਕ ਖੇਤਰ ਵਿੱਚ ਅਧਿਕਾਰਾਂ ਲਈ ਜਦੋ-ਜਹਿਦ ਕਰਨੀ ਪਈ ਅਤੇ ਕਰਨੀ ਪੈ ਰਹੀ ਹੈ! " ਅੱਜ ਵੀ 21-ਵੀਂ ਸਦੀ ਵਿੱਚ ਵੀ ਇਸਤਰੀਆਂ ਨਾਲ ਇਹ ਵਿਤਕਰੇ ਜਾਰੀ ਹਨ।

ਕਬੀਲਦਾਰੀ ਯੁੱਗ ਵਿੱਚ ਇਸਤਰੀ ਨੂੰ ਘਰ ਦੀ ਮੁੱਖੀ ਵਜੋਂ ਮੰਨਿਆ ਜਾਂਦਾ ਸੀ। ਉਸ ਨੂੰ ਘਰ ਵਿੱਚ ਅਤੇ ਸਮਾਜ ਵਿੱਚ ਵੀ ਹਰ ਥਾਂ ਸਨਮਾਨ ਯੋਗ ਅਸਥਾਨ ਪ੍ਰਾਪਤ ਸੀ। ਪ੍ਰਤੂੰ ਗੁਲਾਮ ਦਾਰੀ ਯੁੱਗ ਇਸਤਰੀ ਗੁਲਾਮਾਂ ਵਾਂਗੂੰ ਵਿਚਰਦੇ ਹੋਏ, ਜਾਗੀਰਦਾਰੀ ਯੁੱਗ ਵਿੱਚ ਇਕ ਐਸ਼ੋ-ਇਸ਼ਰਤ ਦੀ ਵਸਤੂ ਬਣਾ ਦਿੱਤੀ ਗਈ ਅਤੇ ਅੱਜ ਸਰਮਾਏਦਾਰੀ ਸਿਸਟਮ ਵਿੱਚ ਉਸ ਦੀ ਲੁੱਟ-ਚੋਂਘ ਹੋਰ ਵੀ ਵੱਧ ਗਈ ਹੈ। ਸਮਾਜਿਕ ਸੁਧਾਰਕਾਂ, ਧਾਰਮਿਕ ਆਗੂਆਂ ਤੇ ਨੀਤੀਵਾਨ ਆਗੂਆਂ ਨੇ ਭਾਵੇਂ ! ਇਸਤਰੀਆਂ ਤੇ ਹੋ ਰਹੇ ਜ਼ੁਲਮਾਂ ਦੇ ਵਿਰੁੱਧ ਅਵਾਜ਼ ਉਠਾਈ ਹੈ ; ਪ੍ਰੰਤੂ ਵਿਡੰਬਨਾ ਇਹ ਹੈ, 'ਕਿ ਅਜੇ ਤੱਕ ਵੀ ਇਸਤਰੀਆਂ ਨਾਲ ਘੋਰ ਬੇਇਨਸਾਫ਼ੀਆਂ ਜਾਰੀ ਹਨ। ਅੱਜ ! 21-ਵੀਂ ਸਦੀ ਵਿੱਚ ਦਾਖਲ ਹੋ ਗਏ ਹਾਂ, ਪਰ ! ਅਣਜੰਮੀਆਂ ਬੱਚੀਆਂ ਨੂੰ ਮਾਂ ਦੀ ਕੁੱਖ ਵਿੱਚ ਹੀ ਮਾਰਿਆ ਜਾ ਰਿਹਾ ਹੈ।

ਭਾਵੇਂ ਭਾਰਤ ਦੇ ਸੰਵਿਧਾਨ ਵਿੱਚ ਇਸਤਰੀਆਂ ਨੂੰ ਮਰਦਾਂ ਦੇ ਬਰਾਬਰ ਅਧਿਕਾਰ ਦਿੰਦੇ ਹੋਏ, ਇਨ੍ਹਾਂ ਅਧਿਕਾਰਾਂ ਵਿੱਚ ਸਪਸ਼ਟ ਤੌਰ ਤੇ ਇਹ ਵੀ ਲਿੱਖਿਆ ਗਿਆ ਹੈ; "ਕਿ ਰਾਜ ਸਰਕਾਰਾਂ ਕਿਸੇ ਵੀ ਵਿਅਕਤੀ ਦੇ ਨਾਲ ਰੰਗ, ਨੱਸਲ, ਲਿੰਗ ਦੇ ਅਧਾਰ ਤੇ ਭਿੰਨ-ਭੇਦ ਨਹੀਂ ਕਰਨਗੀਆਂ, ਪ੍ਰਤੂੰ ! ਵਿੱਦਿਆ ਦੇ ਦਰ ਖੁਲ੍ਹਣ ਬਾਦ, "ਸ਼ਹਿਰੀਕਰਨ ਅਤੇ ਸਨਅਤੀ ਕਰਨ" ਹੋਣ ਬਾਦ, ਅਜ਼ਾਦੀ ਦੇ -73 ਸਾਲ ਬੀਤ ਜਾਣ ਤੇ ਅੱਜ ! ਵੀ ਭਾਰਤੀ ਇਸਤਰੀ "ਸਮਾਜਿਕ,ਆਰਥਿਕ, ਰਾਜਨੀਤਕ ਅਤੇ ਸੱਭਿਆਚਾਰਕ ਤੌਰ ਤੇ ਪੱਛੜੀ ਹੋਈ ਹੈ।" ਦੁੱਨੀਆਂ ਅੰਦਰ ਆਰਥਿਕ ਸ਼ਕਤੀ ਕਹਿਲਾਉਣ ਵਾਲੇ ਭਾਰਤ ਦੇਸ਼ ਵਿੱਚ ਅਜੇ ਵੀ ਸਮਾਜ ਅੰਦਰ ਇਸਤਰੀ ਨੂੰ ਦੂਜੇ ਦਰਜੇ ਦੀ ਨਾਗਰਿਕ ਹੀ ਸਮਝਿਆ ਜਾ ਰਿਹਾ ਹੈ।

ਇਸਤਰੀ ਦੀ ਮੁਕਤੀ ਦੇ ਸੰਘਰਸ਼ਾਂ ਦੀ ਜਦੋਂ-ਜਹਿਦ ਦਾ ਬਹੁਤ ਹੀ ਲੰਬਾ ਤੇ ਪੁਰਾਣਾ ਇਤਿਹਾਸ ਹੈ। "-1789 ਦੇ ਫਰਾਂਸ" ਵਿੱਚ ਪਹਿਲੇ ਇਨਕਲਾਬ ਸਮੇਂ ਅਤੇ ਫਿਰ "1848 ਦੇ ਪੈਰਿਸ ਕਮਿਊਨ" ਵੇਲ ਇਸਤਰੀਆਂ ਦੇ 'ਬਰਾਬਰ ਦੀ ਮੰਗ' ਉਭਰੀ ਸੀ। -1848 ਨੂੰ ਪੈਰਿਸ ਵਿੱਚ ਪਹਿਲੇ ਸਰਵਹਾਰਾ ਇਨਕਲਾਬ ਨੇ ਇਸਤਰੀਆਂ ਨੂੰ ਉਤਸ਼ਾਹਿਤ ਕਰ ਦਿੱਤਾ। ਇਸ ਇਨਕਲਾਬ ਅੰਦਰ ਬਹਾਦਰ ਇਸਤਰੀਆਂ ਵਿਚੋਂ ਇਕ ਸੀ ਬਹਾਦਰ ਇਸਤਰੀ "ਲੂਈ ਮਿਸ਼ੇਲ" ਜਿਸ ਨੇ ਇਸ ਇਨਕਲਾਬ ਦੀ ਜਿੱਤ ਵਿੱਚ ਮੋਹਰੀ ਰੋਲ ਅਦਾ ਕੀਤਾ। "ਐਲਿਜ਼ਾਬੈਥ ਕੈਂਡੀ ਸਟੈਨ ਟਨ ਅਤੇ ਲੁਕੇਸ਼ੀਆ ਕਫ਼ਿਨ ਮੋਟ ਨੇ ਫ਼ਰਾਂਸ" ਅਤੇ "ਸੇਨੇਕਾ ਫਾਲਸ ਨੇ ਨਿਊਯਾਰਕ" ਅੰਦਰ ਇਸਤਰੀਆਂ ਦੇ ਅਧਿਕਾਰਾਂ ਲਈ ਸਭ ਤੋਂ ਪਹਿਲਾਂ ਅਵਾਜ਼ ਉਠਾਈ। -"1888 ਨੂੰ ਕੌਮਾਂਤਰੀ ਇਸਤਰੀ ਕੌਂਸਲ" ਦੀ ਸਥਾਪਨ੍ਹਾ ਕੀਤੀ ਗਈ ਅਤੇ -1904 ਨੂੰ ਪਹਿਲੀ ਵਾਰ "ਕੌਮਾਂਤਰੀ ਇਸਤਰੀ ਮੱਤ ਅਧਿਕਾਰ ਗਠ-ਜੋੜ" ਬਣਿਆ। ਭਾਵੇ! 20-ਵੀਂ ਸਦੀ ਵਿੱਚ ਵੀ ਕੁਝ ਧਾਰਮਿਕ ਸੁਧਾਰਵਾਦੀ, ਅਧਿਆਤਮਵਾਦੀ ਅਤੇ ਸੰਕੀਰਨਤਾਵਾਦੀ ਕੌਮਪ੍ਰਸਤ ਗਰੁੱਪਾ ਵਲੋਂ ਵੀ ਇਸਤਰੀਆਂ ਦੇ ਹੱਕ ਵਿੱਚ ਅਵਾਜ਼ ਉਠਾਈ ਗਈ! ਪਰ ਉਨ੍ਹਾਂ ਸਾਰਿਆਂ ਦੀ ਮਨਛਾ, "ਇਸਤਰੀਆਂ ਨੂੰ ਹਕੀਕੀ ਅਜ਼ਾਦੀ ਨੂੰ ਤੋਂ ਦੂਰ ਰੱਖ ਕੇ ਸੁਧਾਰਵਾਦੀ ਘੇਰਿਆਂ ਵਿੱਚ ਹੀ ਕੈਦ ਰੱਖਣਾ ਸੀ।" ਪੈਰਿਸ ਕਮਿਊਨ ਦੌਰਾਨ ਇਸਤਰੀਆਂ ਨੂੰ ਵੋਟ ਪਾਉਣ ਦਾ ਅਧਿਕਾਰ ਨਹੀਂ ਸੀ। ਇਸ ਮੰਗ ਨੂੰ ਲੈ ਕੇ ਫਰਾਂਸ ਦੀ ਇਕ ਉੱਘੀ ਜੁਝਾਰੂ ਇਸਤਰੀ ਆਗੂ ਨੇ ਕਿਹਾ ਸੀ, "ਕਿ, ਜੇਕਰ ਇਸ ਸਮਾਜ ਅੰਦਰ ਇਸਤਰੀਆਂ ਨੂੰ ਜਲਾਦ ਦੀ ਛੁਰੀ ਹੇਠ ਮਰਨ ਦਾ ਹੱਕ ਹੈ, ਤਾਂ! ਉਨ੍ਹਾਂ ਨੂੰ "ਸਮਾਜਿਕ ਬੇ-ਇਨਸਾਫ਼ੀ ਤੇ ਜ਼ੁਲਮਾ ਦੇ ਵਿਰੁਧ ਬੋਲਣ ਦਾ ਅਧਿਕਾਰ" ਵੀ ਹੋਣਾ ਚਾਹੀਦਾ ਹੈ?" "ਇਹ ਮਹਾਨ ਇਸਤਰੀ ਖੁੱਦ ਵੀ ਫਰਾਂਸ ਦੀ ਮਜ਼ਦੂਰ ਜਮਾਤ ਲਈ ਬੜੀ ਬਹਾਦਰੀ ਨਾਲ ਲੜਦੀ ਹੋਈ ਫਾਂਸੀ ਤੇ ਚੜੀ ਸੀ। ਇਨ੍ਹਾਂ ਸ਼ਹਾਦਤਾਂ ਸਦਕਾ ਹੀ ਅਗੋਂ ਸੰਸਾਰ ਅੰਦਰ ਇਸਤਰੀਆਂ ਦੇ ਹੱਕਾਂ-ਹਿੱਤਾ ਲਈ ਜੂਝਣ ਵਾਸਤੇ "ਇਸਤਰੀ ਲਹਿਰਾਂ" ਨੂੰ ਜਨਮ ਦਿੱਤਾ।

ਇਸਤਰੀ ਦੀ ਲਹਿਰ ਦਾ ਮੁੱਢ, ਭਾਵੇਂ -1910 ਵਿੱਚ 'ਕੋਪਨ ਹੈ ਗਨ'' ਵਿਖੇ ਸਮਾਜਵਾਦੀ ਵਿਚਾਰਧਾਰਾ ਵਾਲੀਆਂ ਇਸਤਰੀਆਂ ਦੀ ਦੂਸਰੀ ਕੌਮਾਂਤਰੀ ਕਾਨਫਰੰਸ ਜਿਸ ਦੀ ਨਿਧੜਕ ਆਗੂ "ਕਲਾਰਹ ਜੈਟਕਿਨ" ਸੀ ਦੁਰਾਨ ਬਝਿਆ। ਕਾਨਫਰੰਸ ਵੱਲੋਂ 8-ਮਾਰਚ 1911 ਨੂੰ ਦੁੱਨੀਆਂ ਭਰ ਵਿੱਚ "ਇਸਤਰੀ ਦਿਵਸ" ਵਜੋਂ ਮਨਾਉਣ ਦਾ ਸੱਦਾ ਦਿੱਤਾ ਗਿਆ ਸੀ। ਅੱਜ ਤੋਂ -164 ਸਾਲ ਪਹਿਲਾ, ਇਤਿਹਾਸਕ ਪੱਖੋਂ -8 ਮਾਰਚ 1857 ਵਿੱਚ ਅਮਰੀਕਾ ਵਿਖੇ ਸੂਤੀ ਮਿਲਾਂ ਵਿੱਚ ਕੰਮ ਕਰਦੀਆਂ ਇਸਤਰੀ ਕਾਮਿਆਂ ਵੱਲੋਂ -16 ਘੰਟੇ ਦੀ ਦਿਹਾੜੀ ਘਟਾ ਕੇ 10-ਘੰਟੇ ਕਰਨ ਦੀ ਮੰਗ ਨੂੰ ਲੈ ਕੇ ਸੰਘਰਸ਼ ਸ਼ੁਰੂ ਕੀਤਾ ਗਿਆ ਸੀ। ਅਮਰੀਕਾ ਦੇ ਸ਼ਹਿਰ 'ਮਨਹਟਨ' ਵਿਖੇ ਸੂਈਆਂ ਦੇ ਕਾਰਖਾਨੇ ਵਿੱਚ ਕੰਮ ਕਰਦੀਆਂ ਕਾਮਾਂ ਇਸਤਰੀਆਂ ਨੇ ਆਪਣੇ ਕੰਮ ਦੇ ਘੰਟਿਆਂ ਨੂੰ 10 ਘੰਟੇ ਕਰਨ ਲਈ ਹੜਤਾਲ ਕੀਤੀ ਸੀ ਅਤੇ ਸਾਰੇ ਸ਼ਹਿਰ ਵਿੱਚ ਇਸਤਰੀ ਕਾਮਿਆਂ ਨੇ ਚੱਕਾ ਜਾਮ ਕਰ ਦਿੱਤਾ ਸੀ। ਇਸ ਇਤਿਹਾਸਕ ਘਟਨਾ ਦੀ ਯਾਦ ਵਿੱਚ ਇਹ ਦਿਨ ਦੁੱਨੀਆਂ ਭਰ ਵਿੱਚ ਇਸਹਤਰੀਆਂ ਨਾਲ ਇਕ ਮੁਠਤਾ ਵਜੋਂ ਮਨਾਇਆ ਜਾਂਦਾ ਹੈ। ਇਸਤਰੀਆਂ ਦੇ ਇਨ੍ਹਾਂ ਸੰਘਰਸ਼ਾਂ ਦੇ ਸਦਕਾ ਹੀ ਕੌਮਾਂਤਰੀ ਪੱਧਰ ਤੇ ਇਸਤਰੀ ਲਹਿਰਾਂ ਅੱਗੇ ਝੁਕਦੇ ਹੋਏ '-1967 ਨੂੰ ਸੰਯੁਕਤ ਰਾਸ਼ਟਰ' ਵਲੋਂ ਇਸਤਰੀਆਂ ਨਾਲ ਹੋ ਰਹੇ ਹਰ ਤਰ੍ਹਾਂ ਦੇ ਵਿਤਕਰੇ, ਜੋ ਬਰਾਬਰ ਦੇ ਅਧਿਕਾਰਾਂ ਦੀ ਉਲੰਘਣਾ ਕਰਦੇ ਸਨ ਉਨ੍ਹਾਂ ਵਿਰੁੱਧ ਇਕ ਮੱਤਾ ਪਾਸ ਕਰਕੇ ਸਾਰੇ ਮੈਂਬਰ ਦੇਸ਼ਾਂ ਨੂੰ, -'8 ਮਾਰਚ -1975 ਤੋਂ ਲੈ ਕੇ -1985 ਤੱਕ ਇਕ ਦਹਾਕਾ ਇਸਤਰੀ ਦਿਵਸ, ਇਸਤਰੀਆਂ ਲਈ ਬਰਾਬਰਤਾ, ਉਨੱਤੀ ਅਤੇ ਅਮਨ ਦੇ ਨਾਅਰੇ ਹੇਠ ਮਨਾਉਣ ਦਾ ਸੱਦਾ ਦਿੱਤਾ ਗਿਆ ਸੀ। ਇਸ ਐਲਾਨਨਾਮੇਂ ਦੇ -46 ਸਾਲ ਬੀਤਣ ਬਾਦ ਵੀ ਇਸਤਰੀਆਂ ਦੀ ਦਸ਼ਾ ਵਿੱਚ ਕੋਈ ਸੁਧਾਰ ਨਹੀਂ ਹੋਇਆ ਹੈ।

ਦੁਨੀਆਂ ਅੰਦਰ ਇਸਤਰੀਆਂ ਦ ਹੱਕਾਂ ਹਿਤਾਂ ਦੀ ਰਾਖੀ ਲਈ ਸਮੇਂ-ਸਮੇਂ ਤੇ ਕਈ ਕਾਨਫਰੰਸਾਂ ਵੀ ਹੋਈਆਂ। "ਪ੍ਰਿਥਵੀ ਸਿਖਰ ਸੰਮੇਲਨ, ਰੀਓ-ਡੀ-ਜੇਨੋਰੋ-1992," "ਮਨੁੱਖੀ ਅਧਿਕਾਰ ਵਿਆਨਾ-1993," "ਜਨਸੰਖਿਆ ਕਾਹਿਰਾ-1994", "ਸਮਾਜਿਕ ਵਿਕਾਸ ਕੋਪਨ ਹੈਰਾਨ-1995", "ਬੀਜਿੰਗ ਕਾਨਫਰੰਸ ਸਤੰਬਰ-1995," "5 ਤੋਂ 9 ਜੂਨ 2000 ਤੱਕ ਅਮਰੀਕਾ ਦੇ ਸ਼ਹਿਰ ਨਿਊਯਾਰਕ ਵਿੱਚ ਪੰਜਵਾਂ ਸੰਮੇਲਨ, "2005 ਵਿੱਚ ਕੀਨੀਆਂ ਵਿਖੇ ਹੋਈ ਕਾਨਫਰੰਸ ਅਤੇ ਪ੍ਰਮੁੱਖ ਰਾਸ਼ਟਰੀ ਸੰਮੇਲਨਾ ਦੌਰਾਨ ਕਈ ਵਾਰ ਅਵਾਜ਼ਾ ਉੱਠੀਆਂ।" -1 ਜੂਨ ਤੋਂ -18 ਜੂਨ ਤੱਕ -2010 ਨੂੰ ਜਨੇਵਾ ਵਿਖੇ ਹੋਈ ਕਾਨਫਰੰਸ ਵਿੱਚ ਵੀ ਇਹਸਤਰੀਆਂ ਨਾਲ ਸਬੰਧਿਤ ਮਸਲਿਆਂ ਨੂੰ ਉਠਾਇਆ ਗਿਆ। -1975 ਤੋਂ ਲੈ ਕੇ ਹੁਣ ਤੱਕ (2021 -ਤਕ) ਅਲੱਗ-ਅਲੱਗ ਹੋਈਆਂ ਕਾਨਫਰੰਸਾਂ ਵਿੱਚ ਸੰਸਾਰ ਭਰ ਦੀਆਂ ਹਜ਼ਾਰਾਂ ਦੀ ਗਿਣਤੀ ਵਿੱਚ ਇਸਤਰੀਆਂ ਦੀਆਂ ਪ੍ਰਤੀਨਿਧਾਂ ਵਜੋਂ ਪ੍ਰਭਾਵਸ਼ਾਲੀ ਢੰਗ ਦੇ ਨਾਲ ਆਪਣੇ-ਆਪਣੇ ਭਾਸ਼ਨਾਂ ਰਾਂਹੀ ਇਸਤਰੀਆਂ ਨਾਲ ਹੁੰਦੇ ਮਨੁੱਖੀ ਅਧਿਕਾਰਾਂ ਦੇ ਹਿਰਦੇ ਵੇਧਿਕ ਵਿਥਿਆਵਾ ਨੂੰ ਦੁੱਨੀਆਂ ਦੇ ਕੋਨੇ-ਕੋਨੇ 'ਚ ਪਹੁੰਚਾਇਆ। ਪਰ ਇਸਤਰੀਆਂ ਦੀ ਦਸ਼ਾ ਵਿੱਚ ਕੋਈ ਬਹੁਤਾ ਸੁਧਾਰ ਨਹੀ ਹੋਇਆ ਹੈ।

1911 ਤੋਂ ਲੈ ਕੇ ਹੁਣ ਤੱਕ (2021) ਪਿਛਲੇ 110 ਸਾਲਾਂ ਵਿੱਚ ਕੌਮਾਂਤਰੀ ਇਸਤਰੀ ਲਹਿਰ ਨੇ ਦੁਨੀਆਂ ਦੀਆਂ ਇਸਤਰੀਆਂ ਨੂੰ ਕਾਫੀ ਪ੍ਰਭਾਵਿਤ ਕੀਤਾ। ਜਿਸ ਦਾ ਅਸਰ ਸਾਡੇ ਦੇਸ਼ ਭਾਰਤ ਤੇ ਪੈਣਾ ਵੀ ਲਾਜ਼ਮੀ ਸੀ। "ਵਿਸ਼ਵ ਬੈਂਕ ਦੀ ਸਰਵੇਖ਼ਣ ਰੀਪੋਰਟ (7-ਅਗਸਤ 2020) ਮੁਤਾਬਿਕ ਇਸਤਰੀ ਕਾਮਿਆਂ ਤੋਂ ਕੰਮ ਕਰਾਉਣ ਦੇ ਮਾਮਲੇ ਵਿੱਚ-190 ਦੇਸ਼ਾਂ ਦੀ ਸੂਚੀ ਵਿਚੋਂ ਭਾਰਤ 177-ਵੇਂ ਸਥਾਨ ਤੇ ਹੈ। ਜੋ ਬਹੁਤ ਹੀ ਚਿੰਤਾਜਨਕ ਹੈ। ਪਿਛਲੇ 15 ਸਾਲਾਂ ਤੋਂ ਭਾਰਤ 'ਚ ਇਸਤਰੀ ਕਾਮਿਆਂ ਦੀ ਗਿਣਤੀ ਘਟਦੀ ਜਾ ਰਹੀ ਹੈ। ਸਾਲ -2005 ਵਿੱਚ 26.4 ਫੀ-ਸਦ ਇਸਤਰੀ ਕਾਮੇ ਸਨ ਤੇ 190 ਦੇਸ਼ਾਂ ਦੀ ਸੂਚੀ ਵਿਚੋਂ ਭਾਰਤ 168-ਵੇਂ ਸਥਾਨ ਤੇ ਸੀ। ਸਾਲ-2010 'ਚ ਇਸਤਰੀ ਕਾਮਿਆਂ ਦੀ ਗਿਣਤੀ 23-ਫੀ-ਸਦ ਸੀ ਜੋ 174-ਵੇਂ ਸਥਾਨ ਤੇ ਆ ਗਈ। ਵਿਸ਼ਵ ਭਰ ਵਿੱਚ ਇਸਤਰੀ ਕਾਮੇ 38.9ਫੀ-ਸਦ ਪਾਏ ਗਏ। ਜਦਕਿ ਭਾਰਤ 'ਚ 20.1 ਫੀ-ਸਦ, ਚੀਨ 'ਚ 43.7 ਫੀ-ਸਦ, ਅਫ਼ਗਾਨਿਸਤਾਨ 21.4 ਫੀ-ਸਦ (ਭਾਰਤ ਨਾਲੋਂ ਬਿਹਤਰ) ਪਾਕਿਸਤਾਨ 20.3 ਫੀ-ਸਦ ਨੇਪਾਲ 55.7 ਫੀ-ਸਦ, ਸ਼੍ਰੀਲੰਕਾ 34.7 ਫੀ-ਸਦ ਅਤੇ ਬੰਗਲਾ ਦੇਸ਼ 30.5 ਫੀ-ਸਦ ਇਸਤਰੀ ਕਾਮੇ ਸਨ। ਭਾਵ! ਇਹ ਦੇਸ਼ ਇਸਤਰੀ ਕਾਮਿਆਂ ਨੂੰ ਰੁਜ਼ਗਾਰ ਦੇਣ 'ਚ ਭਾਰਤ ਨਾਲੋਂ ਮੋਹਰੀ ਹਨ।

ਇਕ ਹੋਰ ਸਰਵੇਖਣ ਮੁਤਾਬਿਕ ਸੰਸਾਰ ਮੰਦੀ ਦੇ ਇਸ ਦੌਰ ਨੇ ਇਸਤਰੀਆਂ ਨੂੰ ਰੁਜ਼ਗਾਰ ਲਈ ਸਭ ਤੋਂ ਵੱਧ ਪ੍ਰਭਾਵਿਤ ਕੀਤਾ ਹੈ। ਉਸ ਨੂੰ ਅਣਸੁਖਾਵੇਂ ਕੰਮ ਕਰਨ ਲਈ ਮਜਬੂਰ ਹੋਣਾ ਪੈ ਰਿਹਾ ਹੈ। ਆਪਣੀ ਆਰਥਿਕਤਾ ਨੂੰ ਬਿਹਤਰ ਬਨਾਉਣ ਲਈ ਜਿਥੇ ਘਰੋਂ ਬਾਹਰ ਜਾ ਕੇ ਵੀ ਕੰਮ ਕਰਨਾ ਪੈਂਦਾ ਹੈ, ਉੱਥੇ ਘਰੇਲੂ ਕੰਮਾਂ ਵਿੱਚ ਵੀ ਉਸ ਦੀ ਭਾਗੀਦਾਰੀ ਮਰਦ ਨਾਲੋਂ ਵੱਧ ਹੁੰਦੀ ਹੈ। ਏਨੀ ਮੁਸ਼ਕਤ ਕਰਨ ਦੇ ਬਾਵਜੂਦ ਵੀ ਉਸ ਨੂੰ ਘਰ-ਬਾਰ, ਜਮੀਨ-ਜਾਇਦਾਦ ਅਤੇ ਸਮਾਜਕ ਰੁਤਬੇ ਅੰਦਰ ਬਰਾਬਰ ਦਾ ਅਧਿਕਾਰ ਨਹੀਂ ਮਿਲ ਰਿਹਾ ਹੈ। ਭਾਰਤ ਦੀ ਖੇਤੀ ਵਿਕਾਸ ਵਿੱਚ ਇਸਤਰੀ ਦੀ ਭੂਮਿਕਾ ਅਹਿਮ ਹੈ। ਇਸ ਸਮੇਂ ਦੇਸ਼ ਦੇ 6.4 ਲੱਖ ਪਿੰਡਾਂ ਵਿੱਚ ਤਕਰੀਬਨ 60 ਤੋਂ 65-ਫੀ-ਸਦ ਅਬਾਦੀ ਖੇਤੀ ਤੇ ਅਧਾਰਿਤ ਹੈ। -2015-16 ਦੇ ਸਰਵੇਖਣ ਮੁਤਾਬਿਕ ਦੇਸ਼ 'ਚ 145 ਮਿਲੀਅਨ ਪ੍ਰੀਵਾਰ ਹਨ। ਦੁਨੀਆਂ ਭਰ ਵਿੱਚ 900 ਮਿਲੀਅਨ ਇਸਤਰੀਆਂ ਖੇਤੀ ਦੇ ਧੰਦਿਆਂ ਨਾਲ ਸਿੱਧਾ ਖੇਤੀ ਨਾਲ ਜੁੜੀਆਂ ਹੋਈਆਂ ਹਨ। ਭਾਰਤ 'ਚ 80-ਫੀ-ਸਦ ਇਸਤਰੀਆਂ ਕਿਸੇ ਨਾ ਕਿਸੇ ਤਰ੍ਹਾਂ ਖੇਤੀ ਨਾਲ ਜੁੜੀਆਂ ਹਨ। ਪ੍ਰਤੂੰ ਸਭ ਤੋਂ ਵੱਧ ਹੈਰਾਨੀ ਵਾਲਾ ਤੱਥ ਇਹ ਹੈ, 'ਕਿ ਜ਼ਮੀਨ ਤੇ ਮਾਲਿਕਾਨਾ ਅਧਿਕਾਰ ਅੰਦਰ ਇਸਤਰੀਆਂ ਦਾ ਸਿਰਫ਼ 13.87 ਫੀ-ਸਦ ਹਿੱਸਾ ਬਣਦਾ ਹੈ! -2018 ਦੇ ਅੰਕੜਿਆ ਮੁਤਾਬਿਕ ਇਸਤਰੀ ਕਿਰਤੀਆਂ ਦਾ ਮਾਲਿਕਾਨਾ ਅਧਿਕਾਰ ਸਿਰਫ-2ਫੀ-ਸਦ ਹੀ ਹੈ। ਕਿਸਾਨ ਪ੍ਰੀਵਾਰਾਂ ਨਾਲ ਸਬੰਧਤ 86-ਫੀ-ਸਦ ਇਸਤਰੀਆਂ ਜਮੀਨ ਦੇ ਅਧਿਕਾਰ ਤੋਂ ਵਾਂਝੀਆਂ ਹਨ। 98-ਫੀ-ਸਦ ਖੇਤ ਮਜ਼ਦੂਰ ਇਸਤਰੀਆਂ ਨੂੰ ਕੋਈ ਵੀ ਮਾਲਕਿਨਾ ਅਧਿਕਾਰ ਨਹੀਂ ਹੈ। ਇਨ੍ਹਾਂ ਵਿਚੋਂ 81-ਫੀ-ਸਦ ਇਸਤਰੀਆਂ ਅਨੁਸੂਚਿਤ ਜਾਤੀਆਂ ਅਤੇ ਆਦਿਵਾਸੀਆਂ ਨਾਲ ਸਬੰਧ ਰੱਖਦੀਆਂ ਹਨ। ਗੱਲ ਕੀ ? ਇਸਤਰੀਆਂ ਵੱਲ ਖੇਤੀ ਦੇ ਖੇਤਰ, 'ਚ ਅਹਿਮ ਭੂਮਿਕਾ ਨਿਭਾਉਣ ਦੇ ਬਾਵਜੂਦ ਵੀ, ਉਹ "ਜਾਇਦਾਦ ਦੇ ਅਧਿਕਾਰ ਤੋਂ ਵਿਰਵੀਆਂ ਹਨ।" ਘਰਾਂ ਦੇ ਕੰਮ ਕਰਨ ਤੋਂ ਬਾਦ ਝਾੜੂ ਪੋਚਾ, ਬਰਤਨ ਸਾਫ ਕਰਨਾਂ, ਘਰ ਦੀ ਸਫਾਈ, ਬੱਚਿਆਂ, ਬਜ਼ੁਰਗਾਂ ਦੀ ਦੇਖ ਭਾਲ, ਬੱਚਿਆਂ ਨੂੰ ਸਕੂਲ ਭੇਜਣਾ, ਪਸ਼ੂਅ ਦੀ ਦੇਖਭਾਲ, ਕਰਨ ਤੋਂ ਬਾਦ ਖੇਤੀ ਦੇ ਧੰਦਿਆਂ ਵਿੱਚ ਵੀ ਮਰਦ ਨਾਲ ਹੱਥ ਵਟਾਉਂਦੀਆਂ ਹਨ। ਫਸਲ ਦੀ ਬਿਜਾਈ ਕਟਾਈ ਦੀ ਦੇਖਭਾਲ ਵੀ ਕਰਦੀ ਹੈ। ਜ਼ਮੀਨ ਜਾਇਦਾਦ ਆਪਣੇ ਨਾਂ ਹੋਣ ਦੇ ਬਾਵਜੂਦ ਵੀ ਮਰਦ ਦੇ ਮੋਢੇ ਨਾਲ ਮੋਢਾ ਜੋੜ ਕੇ ਕੰਮ ਕਰਦੀ ਹੈ।

ਅੱਜ ਦੀ ਇਸਤਰੀ ਮਰਦ ਪ੍ਰਧਾਨ ਸਮਾਜ ਅੰਦਰ ਮਰਦ ਦੇ ਬਰਾਬਰ ਦਾ ਰੁਤਬਾ ਰੱਖਣ ਵਾਲੀ ਜੋ ਭਾਵੇਂ ਦੇਸ਼ ਦੇ ਵਿਕਾਸ ਵਿੱਚ ਪੂਰਨ ਰੂਪ ਨਾਲ ਯੋਗਦਾਨ ਪਾਉਂਦੀ ਹੈ। ਪਰ ਜਾਇਦਾਦ ਦੀ ਵਿਰਾਸਤ ਦਾ ਹੱਕ ਲੈਣ ਲਈ ਸਮਾਜਿਕ ਰੀਤੀ ਰਿਵਾਜਾਂ ਅਧੀਨ ਵਿਆਹਾਂ ਦੇ ਨਰੜ ਵਿਰੁੱਧ ਵਿਆਹ ਤੇ ਤਲਾਕ ਸਬੰਧੀ ਕਾਨੂੰਨਾਂ ਨੂੰ ਲਾਗੂ ਕਰਾਉਣ ਲਈ ਬੇ-ਵਸ ਹੈ। ਘਰੇਲੂ ਹਿੰਸਾ, ਦਾਜ ਦਹੇਜ਼, ਭਰੂਣ ਹੱਤਿਆ (ਟੈਸਟ), ਗੁੰਡਾਗਰਦੀ, ਛੇੜ-ਛਾੜ ਅਤੇ ਬਲਾਤਕਾਰ ਵਿਰੁੱਧ ਸੰਘਰਸ਼ ਕਰਨਾ ਪੈ ਰਿਹਾ ਹੈ। ਵਿੱਦਿਆ ਸਿਹਤ ਸਹੂਲਤ ਲਈ ਅਤੇ ਬਰਾਬਰ ਦੇ ਅਧਿਕਾਰ ਲੈਣ ਲਈ ਅਜੇ ਵੀ ਸੰਘਰਸ਼ ਕਰਨਾ ਪੈ ਰਿਹਾ ਹੈ। ਦੇਸ਼ ਵਿੱਚ ਵੱਧ ਰਹੇ ਸੰਸਾਰੀਕਰਨ ਤੇ ਉਦਾਰੀਕਰਨ ਦੇ ਉਸ ਦੇ ਰੁਜ਼ਗਾਰ ਤੇ ਪੈ ਰਹੇ ਪ੍ਰਭਾਵਾਂ ਵਿਰੁੱਧ ਲੜਨਾ ਪੈ ਰਿਹਾ ਹੈ।

ਪਿਛਲੇ ਦਿਨੀ ਦੇਸ਼ ਅੰਦਰ ਇਸਤਰੀਆਂ ਨਾਲ ਬਲਾਤਕਾਰ ਦੀਆਂ ਘਟਨਾਵਾਂ ਵਿੱਚ ਤੇਜ਼ੀ ਨਾਲ ਵਾਧਾ ਹੋਇਆ ਹੈ। -16 ਦਸੰਬਰ-2012 ਨੂੰ ਦਾਮਨੀ ਘਟਨਾ ਤੋਂ ਬਾਦ ਇਹ ਘਟਨਾਵਾਂ



ਰੁਕਣ ਦੀ ਬਜਾਏ ਤੇਜ਼ੀ ਨਾਲ ਵੱਧ ਰਹੀਆਂ ਹਨ। ਅੱਜ ਕੇਂਦਰ ਦੀ ਸਰਕਾਰ ਇਹੋ ਜਿਹੀਆਂ ਘਟਨਾਵਾਂ ਨੂੰ ਲੈ ਕੇ ਫਿਰਕੂ ਰੰਗਤ ਦੇ ਕੇ ਜਾਤਾਂ, ਧਰਮਾਂ, ਖਿੱਤਿਆਂ ਵਿੱਚ ਲੋਕਾਂ ਨੂੰ ਵੰਡ ਕੇ ਰਾਜਨੀਤੀ ਕਰ ਰਹੀ ਹੈ। ਦੇਸ਼ ਦੀ ਨਿਆ ਵਿਵਸਥਾ 'ਚ ਨਿਘਾਰ ਆ ਰਿਹਾ ਹੈ। ਦਾਮਨੀ ਕੇਸ ਵਿੱਚ "ਜਸਟਿਸ ਵਰਮਾ" ਨੇ ਕਿਹਾ ਸੀ, 'ਕਿ ਦੇਸ਼ ਅੰਦਰ ਚਾਹੇ ਅਪਰਾਧਿਕ ਵਿਰਤੀ ਵਾਲੇ ਲੋਕ ਹੋਣ, ਵਰਦੀਧਾਰੀ, ਪੁਲੀਸ ਜਾਂ ਫੌਜ, ਸਮਾਜ ਅੰਦਰ ਵੱਡਾ ਜਾ ਛੋਟਾ, ਰਾਜਨੀਤਕ ਲੋਕ ਕੋਈ ਵੀ ਹੋਵੇ, ਜੋ ਸੈਕਸ ਅਪਰਾਧ ਕਰਦਾ ਹੈ, ਉਸ ਵਿਰੁੱਧ ਤੁਰੰਤ ਕਾਰਵਾਈ ਕਰਕੇ ਦੋਸ਼ੀਆਂ ਨੂੰ ਜਲਦ ਤੋਂ ਜਲਦ ਸਜ਼ਾਵਾਂ ਮਿਲਣਗੀਆਂ ਚਾਹੀਦੀਆਂ ਹਨ? ਹਥਿਆਰਬੰਦ ਫੋਰਸਾਂ ਸਬੰਧੀ, ਵਿਸ਼ੇਸ਼ ਅਧਿਕਾਰ ਕਾਨੂੰਨ ਦੀ ਮੁੜ ਸਮੀਖਿਆ ਹੋਣੀ ਚਾਹੀਦੀ ਹੈ। ਯੌਨ ਸੋਸ਼ਣ ਨਾਲ ਜੁੜੇ ਸਾਰੇ ਕੇਸਾਂ ਸਬੰਧੀ ਅਤੇ ਯੌਨ ਹਿੰਸਾਂ ਦੇ ਕੇਸਾਂ ਦੇ ਨਿਪਟਾਰੇ ਲਈ ਪੂਰੇ ਅਧਿਕਾਰਾਂ ਨਾਲ ਲੈੱਸ ਵਿਸ਼ੇਸ਼ ਕਮਿਸ਼ਨਰ ਨਿਯੁਕਤ ਕੀਤੇ ਜਾਣ। ਪ੍ਰੰਤੂ -੭ ਸਾਲ ਬੀਤ ਜਾਣ ਦੇ ਬਾਦ ਵੀ ਕੇਂਦਰ ਦੀ ਬੀ.ਜੇ.ਪੀ. ਦੀ ਮੋਦੀ ਸਰਕਾਰ ਵਲੋਂ ਇਨ੍ਹਾਂ ਸਿਫ਼ਾਰਸ਼ਾਂ ਨੂੰ ਲਾਗੂ ਤਾਂ ਕੀ ਕਰਨਾ, ਸਗੋਂ ! ਤੇ ਇਹੋ ਜਿਹੇ ਕੇਸਾਂ ਵਿੱਚ ਵਾਧਾ ਹੀ ਹੋ ਰਿਹਾ ਹੈ? ਊਨਾਓ ਕਾਂਡ, ਹਾਥਰਸ ਦੀ ਘਟਨਾ, ਤੇਲਗਾਨਾਂ ਕਾਂਡ, ਜਲਾਲਪੁਰ ਤੋਂ ਇਲਾਵਾ ਹੋਰ ਛੋਟੀਆਂ ਛੋਟੀਆਂ ਬੱਚੀਆਂ ਨਾਲ ਹੋ ਰਹੀਆਂ ਇਹੋ ਜਿਹੀਆਂ ਘਟਨਾਵਾਂ ਵਿੱਚ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ। ਛੋਟੀਆਂ ਬੱਚੀਆਂ ਨਾਲ ਰੇਪ ਕੇਸਾਂ 'ਚ ਵਾਧਾ ਇਕ ਗੰਭੀਰ ਵਿਸ਼ਾ ਬਣਦਾ ਜਾ ਰਿਹਾ ਹੈ।

ਇਸਤਰੀਆਂ ਦੇ ਅਧਿਕਾਰਾਂ ਲਈ ਕੰਮ ਕਰਨ ਵਾਲੀ ਸੰਸਥਾਂ, "ਸੂਚਨਾ ਤੇ ਸਹਾਇਕ ਕੇਂਦਰ, ਥਾਮਸਨ ਰਾਈਟਰਜ਼ ਟਰਸਟ ਲਾਅ ਵੋਮੈਨ" ਵਲੋਂ ਜਾਰੀ ਕੀਤੀ ਗਈ ਰੀਪਰੋਟ ਮੁਤਾਬਿਕ, "ਭਾਰਤ ਦੇਸ਼ ਇਸਤਰੀਆਂ ਦੇ ਰਹਿਣ ਲਈ ਖਤਰਨਾਕ ਦੇਸ਼ ਹੈ?" "ਗਰਡੀਅਨ ਦੀ ਰੀਪੋਰਟ ਮੁਤਾਬਿਕ, "ਜੀ-20 ਦੇਸ਼ਾਂ 'ਚ ਇਸਤਰੀਆਂ ਲਈ ਭਾਰਤ 'ਚ ਰਹਿਣ ਲਈ ਸਭ ਤੋਂ ਮਾੜੀ ਥਾਂ ਹੈ?" ਭਾਰਤ ਦੇਸ਼ ਦੁੱਨੀਆਂ ਅੰਦਰ ਸਭ ਤੋਂ ਵੱਡਾ ਲੋਕਤੰਤਰ ਕਹਾਉਣ ਤੇ ਮਾਣ ਕਰ ਰਿਹਾ ਹੈ ; ਪਰ ! ਇਸਤਰੀਆਂ ਘੱਟ ਗਿਣਤੀ, ਦਲਿਤਾਂ ਅਤੇ ਕਬਾਇਲੀ ਲੋਕਾਂ ਅਤੇ ਉਨ੍ਹਾਂ ਦੀਆਂ ਇਸਤਰੀਆਂ ਅਤੇ ਬੱਚਿਆਂ ਉਪਰ ਸਭ ਤੋਂ ਵੱਧ ਅਪਰਾਧ, ਹਿੰਸਕ ਵਾਰਦਾਤਾਂ ਅਤੇ ਸ਼ੋਸ਼ਣ ਦੀਆਂ ਘਟਨਾਵਾਂ ਇਨ੍ਹਾਂ ਨਾਲ ਵਾਪਰ ਰਹੀਆਂ ਹਨ। ਜਿਸ ਦਾ ਮੁੱਖ ਕਾਰਨ, "ਕਾਨੂੰਨ ਦਾ ਪਾਲਣ ਕਰਾਉਣ ਅਤੇ ਨਿਆਂ ਦਿਵਾਉਣ ਵਾਲੀ ਪੁਰਾਣੀ ਬਰਤਾਨਵੀ ਸਾਮਰਾਜ ਵੇਲੇ ਦੀ ਨਿਆਂ ਪ੍ਰਨਾਲੀ ਅਤੇ ਸਾਡਾ ਗਲਿਆ-ਸੜਿਆ ਸਮਾਜ, ਰਾਜਸੀ ਢਾਂਚਾ ਤੇ ਰਾਜਤੰਤਰ ਹੀ ਮੁੱਖ ਜਿੰਮੇਵਾਰ ਹੈ?" ਇਸ ਨੂੰ ਬਦਲਣ ਤੋਂ ਬਿਨ੍ਹਾਂ ਇਸਤਰੀ ਦੀ ਬੰਦ ਖਲਾਸੀ ਸੰਭਵ ਨਹੀਂ ਹੋ ਸਕਦੀ ਹੈ!

ਅੱਜ ਸਾਡੇ ਲਈ ਸਮਝਣ ਵਾਲੀ ਗੱਲ ਹੈ, ਕਿ ਮੌਜੂਦਾ ਪੂੰਜੀਵਾਦੀ ਯੁੱਗ ਅੰਦਰ ਹਾਕਮ ਆਪਣੀ ਗਦੀ ਬਚਾਉਣ ਲਈ ਸਾਮਰਾਜੀ ਲੁੱਟ ਰਾਂਹੀ ਮਨੁੱਖੀ ਖੂਨ ਨਿਚੋੜਨ ਲਈ ਹੀ ਨੀਤੀਆਂ ਘੜ ਰਹੇ ਹਨ। ਤਾਂ ਇਹੋ ਜਿਹੇ ਦੇਸ਼ ਅੰਦਰ ਉਨ੍ਹਾਂ ਦੇ ਸ਼ੋਸ਼ਣ ਦਾ ਸ਼ਿਕਾਰ ਇਸਤਰੀ ਵਰਗ ਹੀ ਹੋਵੇਗੀ? ਇਨ੍ਹਾਂ ਸਮੱਸਿਆਵਾਂ ਨੂੰ ਹੱਲ ਕਰਾਉਣ ਲਈ ਇਸਤਰੀ ਵਰਗ ਨੂੰ ਸਮਾਜਿਕ-ਸਭਿਆਚਾਰਕ ਧਰਾਤਲ ਉਪਰ ਵੀ ਇਸਤਰੀਆਂ ਨੂੰ ਸੰਗਠਿਤ ਹੋ ਕੇ ਸੰਘਰਸ਼ ਕਰਨਾ ਜ਼ਰੂਰੀ ਹੈ। ਪੂੰਜੀਵਾਦੀ ਯੁੱਗ ਅੰਦਰ ਇਸ ਮਰਦ ਪ੍ਰਧਾਨ ਸਮਾਜ ਦੀਆਂ ਵਿਵਸਥਾਵਾਂ ਦੇ ਪੁਰਾਣੇ ਘਸੇ-ਪਿਟੇ ਰੀਤੀ-ਰਿਵਾਜ, ਮਾਨਤਾਵਾਂ ਅਤੇ ਸੰਸਥਾਂਗਤ ਸੋਚਾਂ ਵਿਰੁੱਧ ਸੰਘਰਸ਼, ਇਕ ਲੰਬੇ ਸਮੇਂ ਵਾਲਾ ਸੰਘਰਸ਼ ਹੀ ਉਸ ਨੂੰ ਮੁਕਤੀ ਦਿਵਾ ਸਕਦਾ ਹੈ। ਸਮਾਜਵਾਦੀ ਸਮਾਜ ਦੀ ਸਥਾਪਨਾ ਦੇ ਅੰਤਰਗਤ ਇਕ ਲੰਬੇ ਸਮੇਂ ਦੇ ਸੰਘਰਸ਼ ਬਾਦ ਹੀ ਇਸਤਰੀ ਦੀ ਪੂਰਨ ਬੰਦ ਖੁਲਾਸੀ ਸੰਭਵ ਹੈ। ਕਿਉਂਕਿ ਇਹ ਸਵਾਲ ਸਮਾਜਵਾਦ ਦੀ ਜਿੱਤ-ਹਾਰ ਨਾਲ ਜੁੜਿਆ ਹੋਇਆ ਹੈ। ਸੋਵੀਅਤ ਰੂਸ ਦੇ ਟੁੱਟਣ ਬਾਅਦ ਦੁਨੀਆਂ ਅੰਦਰ ਕਿਰਤੀ ਵਰਗ ਦੀ ਲੁੱਟ ਲਈ ਸਾਮਰਾਜੀਆਂ ਨੇ ਕਿਵੇਂ ਦਰਵਾਜੇ ਖੋਲ ਦਿੱਤੇ ਹਨ, ਉਹ ਸਾਰੀਆਂ ਆਰਥਿਕ ਸਹੂਲਤਾਂ ਜੋ ਸਮਾਜਵਾਦੀ ਦਬਾਓ ਕਾਰਨ ਕਿਰਤੀ ਮਾਣ ਰਿਹਾ ਸੀ, ਉਹ ਸਾਰੀਆਂ ਆਰਥਿਕ ਸਹੂਲਤਾਂ ਇਕ ਇਕ ਕਰਕੇ ਖੁੱਸ ਰਹੀਆਂ ਹਨ।

ਅੱਜ ਇਸਤਰੀ ਵਰਗ ਨੂੰ ਆਪਣੀ ਹੋਂਦ ਕਾਇਮ ਰੱਖਣ ਲਈ ਹਰ ਮੋਰਚਿਆ ਤੇ ਭਾਵੇਂ ਉਹ ਸਮਾਜਿਕ, ਆਰਥਿਕ, ਰਾਜਨੀਤਕ ਜਾਂ ਸਭਿਆਚਾਰ ਹੋਣ, ਉਨ੍ਹਾਂ ਨਾਲ ਮਿਲ ਕੇ ਸੰਘਰਸ਼ਸ਼ੀਲ ਹੋਣਾ ਪਏਗਾ। ਇਸਤਰੀ ਵਰਗ ਵਿਰੁੱਧ ਪੈਦਾ ਹੋਈ ਸਦੀਆਂ ਪੁਰਾਣੀ ਮਾਨਸਿਕ ਗੁਲਾਮੀ ਦੇ ਖਾਤਮੇ ਲਈ ਇਸਤਰੀ ਸੰਗਠਨਾਂ ਦੀਆਂ ਪਹਿਲ ਕਦਮੀਆਂ, ਫੈਸਲਾ ਲੈਣ ਦੀ ਅਜ਼ਾਦੀ, ਆਪਣੀ ਸਖਸ਼ੀ ਅਜ਼ਾਦੀ ਨੂੰ ਅੱਗੇ ਵਧਾਉਣ ਲਈ, ਕਿਰਤੀ ਵਰਗ ਦੀ ਪਾਰਟੀ ਨੂੰ ਇਸਤਰੀਆਂ ਨੂੰ ਆਪਣੀਆਂ ਸਫ਼ਾ ਅੰਦਰ ਸ਼ਮੂਲੀਅਤ ਕਰਾਉਣ ,ਹਰ ਪੱਧਰ ਦੇ ਕਾਜ ਸੰਗਠਨਾਂ ਦੀ ਹਿੱਸੇਦਾਰੀ ਬਨਾਉਣ ਲਈ ਉਤਸ਼ਾਹਿਤ ਕੀਤਾ ਜਾਵੇ ਤੇ ਸੰਘਰਸ਼ਸ਼ੀਲ ਬਣਾਇਆ ਜਾਵੇ।

ਜੀਵਨ ਦੇ ਹਰ ਖੇਤਰ ਵਿੱਚ ਇਸਤਰੀ ਦੀ ਆਪਣੀ ਸੁਤੰਤਰ ਹੈਸੀਅਤ ਤੇ ਅਜ਼ਾਦ ਪਹਿਚਾਣ ਲਈ ਸੰਘਰਸ਼ ਦਾ ਸਵਾਲ ਦੂਰਗਾਮੀ ਅਤੇ ਇਤਿਹਾਸਕ ਮਹੱਤਤਾ ਰੱਖਦਾ ਹੈ। ਇਸ ਨੂੰ ਕੇਵਲ ਇਕ ਗੈਰ ਦ੍ਰਿਸ਼ਟੀਕੋਣ ਕਹਿ ਕੇ ਖਾਰਜ ਕਰ ਦੇਣਾ ਠੀਕ ਨਹੀਂ ਹੈ। "ਅੱਜ ਦੇ ਯੁੱਗ ਅੰਦਰ ਉਠ ਰਹੇ ਪੱਛਮੀ ਨਾਰੀਵਾਦੀ ਅੰਦੋਲਨ ਗਲਤ ਧਾਰਨਾਵਾਂ, ਕਿਰਤੀ ਵਰਗ ਅੰਦਰ ਵੰਡੀਆਂ ਪਾਉਣ, ਨਸਲਵਾਦ ਅਤੇ ਸੱਜ ਪਿਛਾਖੜ ਸਭ ਕੁਰਾਹਿਆਂ ਜਿਹੜੇ ਕਿਰਤੀ ਜਮਾਤ ਅੰਦਰ ਫੁੱਟ ਪਾਉਂਦੇ ਹਨ ਉਨ੍ਹਾਂ ਨੂੰ ਨਕਾਰਨਾ ਚਾਹੀਦਾ ਹੈ। ਇਸਤਰੀਆਂ ਨੂੰ ਆਪਣੀ ਬੰਦ ਖਲਾਸੀ ਲਈ "ਰੁਜ਼ਗਾਰ ਦੇਣ, ਬੇ-ਰੁਜ਼ਗਾਰੀ ਵਿਰੁੱਧ, ਮਹਿੰਗਾਈ, ਗਰੀਬੀ ਨੂੰ ਖਤਮ ਕਰਾਉਣ, ਹਰ ਇਕ ਨੂੰ ਵਿੱਦਿਆ ਤੇ ਸਿਹਤ ਸੇਵਾਵਾਂ ਦਾ ਹੱਕ, ਫ਼ਿਰਕਾਪ੍ਰਸਤੀ ਤੇ ਨਸਲਵਾਦ ਵਿਰੁੱਧ, "ਵਾਤਾਵਰਣ ਦੀ ਰੱਖਿਆ ਅਤੇ ਸੰਸਾਰ ਅਮਨ" ਦੀ ਮੰਗ ਉਠਾਉਣੀ ਚਾਹੀਦੀ ਹੈ।

"ਆਓ! ਇਨ੍ਹਾਂ ਮੰਗਾਂ ਦੀ ਪ੍ਰਾਪਤੀ ਲਈ ਸਾਨੂੰ 'ਜਮਹੂਰੀਅਤ-ਬਰਾਬਰਤਾ, ਇਸਤਰੀਆਂ ਦੀ ਬੰਦ ਖਲਾਸੀ ਲਈ ਅਵਾਜ਼ ਬੁਲੰਦ ਕਰੀਏ? ਸਾਨੂੰ ਸੰਗਠਿਤ ਹੋ ਕੇ ਲੜਾਈ ਜਾਰੀ ਰੱਖਣੀ ਪਏਗੀ। ਤਾਂ ਹੀ ਅਸੀਂ ਜਿੱਤ ਵੱਲ ਵੱਧ ਸਕਦੇ ਹਾਂ।"

# ਲੋਕ ਨਾਇਕ ਮਨਜੀਤ ਧਨੇਰ

## ''ਕਤਲ ਕੇਸ ਦੇ ਮੁਜਰਿਮ ਤੋਂ ਲੋਕ ਨਾਇਕ ਬਣਨ ਤੱਕ''

(ਲੋਕ ਤਾਕਤ ਦਾ ਪ੍ਰਤੀਕ, ਮਨਜੀਤ ਸਿੰਘ ਧਨੇਰ: ਇੱਕੋ-ਇੱਕ ਲੋਕ-ਆਗੂ ਜਿਸ ਦੀ ਉਮਰ ਕੈਦ ਦੀ ਸਜਾ, ਜਨਤਕ ਦਬਾਅ ਹੇਠ ਦੋ ਵਾਰੀ ਰੱਦ ਹੋਈ)

ਹਾਲੇ ਕੱਲ੍ਹ ਦੀ ਗੱਲ ਹੈ ਜਦੋਂ 64 ਵਰ੍ਹਿਆਂ ਦੇ ਕਿਸਾਨ ਕਾਰਕੁੰਨ ਮਨਜੀਤ ਸਿੰਘ ਧਨੇਰ ਨੂੰ ਇੱਕ ਕਤਲ ਕੇਸ ਵਿੱਚ ਉਮਰ ਕੈਦ ਦੀ ਸਜਾ ਸੁਣਾਈ ਗਈ ਸੀ ਤੇ ਜੇਲ੍ਹ ਵਿੱਚ ਬੰਦ ਕਰ ਦਿੱਤਾ ਗਿਆ ਸੀ ਪਰ ਉਹ ਅੱਜ ਜੇਲ੍ਹ 'ਚੋਂ ਰਿਹਾਅ ਹੋ ਕੇ, ਟਿਕਰੀ ਬਾਰਡਰ 'ਤੇ ਮੈਟਰੋ ਰੇਲ ਦੇ ਪਿੱਲਰ ਨੰਬਰ 805 ਤੋਂ ਕਿਸਾਨ ਅੰਦੋਲਨ ਨੂੰ ਅਗਵਾਈ ਦੇ ਰਿਹਾ ਹੈ।

ਭਾਰਤੀ ਕਿਸਾਨ ਯੂਨੀਅਨ ਏਕਤਾ (ਡਕੌਂਦਾ) ਦੇ ਸੀਨੀਅਰ ਮੀਤ ਪ੍ਰਧਾਨ ਮਨਜੀਤ ਸਿੰਘ ਧਨੇਰ ਨੂੰ ਅਦਾਲਤਾਂ ਵੱਲੋਂ ਸੁਣਾਈ ਗਈ ਉਮਰ ਕੈਦ ਦੀ ਸਜਾ ਦੋ ਵਾਰ ਮਨਸੂਖ ਕੀਤੀ ਗਈ ਹੈ।

ਸੰਨ 2019 ਦੇ ਸਤੰਬਰ ਮਹੀਨੇ ਦੇ ਅਖੀਰਲੇ ਦਿਨਾਂ ਤੋਂ ਸ਼ੁਰੂ ਹੋ ਕੇ ਨਵੰਬਰ ਮਹੀਨੇ ਦੇ ਅੱਧ ਤੱਕ ਹਰ ਰੋਜ਼ ਦੋ ਹਜਾਰ ਤੋਂ ਵੀ ਵੱਧ ਲੋਕਾਂ ਦਾ ਇਕੱਠ ਲਗਾਤਾਰ ਉਸ ਬਰਨਾਲਾ ਜੇਲ੍ਹ ਦੇ ਬਾਹਰ ਜੁੜਦਾ ਸੀ ਜਿਸ ਵਿੱਚ ਧਨੇਰ ਨੂੰ ਬੰਦ ਕੀਤਾ ਹੋਇਆ ਸੀ। ਪੰਜ ਸੌ ਦੇ ਕਰੀਬ ਅੰਦੋਲਨਕਾਰੀ ਤਾਂ ਰਾਤ ਸਮੇਂ ਵੀ ਜੇਲ੍ਹ ਦੇ ਬਾਹਰ ਲਾਏ ਹੋਏ ਟੈਂਟਾਂ ਵਿੱਚ ਰਾਤ ਕੱਟੀ ਕਰਦੇ ਸਨ। ਧੁੱਪ ਹੋਵੇ ਜਾਂ ਮੀਂਹ, ਲੰਗਰ ਲਗਾਤਾਰ ਵਰਤਦਾ ਸੀ। 42 ਜਥੇਬੰਦੀਆਂ ਦੀ ਸਮੂਲੀਅਤ ਵਾਲੀ "ਮਨਜੀਤ ਧਨੇਰ ਦੀ ਰਿਹਾਈ ਲਈ ਸੰਘਰਸ ਕਮੇਟੀ" ਦੀ ਅਗਵਾਈ ਹੇਠ ਲੜੇ ਘੋਲ ਨੇ ਪੰਜਾਬ ਸਰਕਾਰ ਨੂੰ ਦੂਸਰੀ ਵਾਰ ਫਿਰ ਉਸਦੀ ਉਮਰ ਕੈਦ ਮਨਸੂਖ ਕਰਨ ਲਈ ਮਜਬੂਰ ਕਰ ਦਿੱਤਾ। ਪਹਿਲੀ ਵਾਰ ਲੋਕਾਂ ਨੇ ਉਸ ਨੂੰ ਸੰਨ 2007 ਵਿੱਚ ਇਸੇ ਤਰ੍ਹਾਂ ਦੇ ਜਨਤਕ ਦਬਾਅ ਨਾਲ ਉਸ ਦੇ ਦੋ ਹੋਰ ਸਾਥੀਆਂ, ਨਰੈਣ ਦੱਤ ਤੇ ਪ੍ਰੇਮ ਕੁਮਾਰ ਸਮੇਤ ਜੇਲ੍ਹ 'ਚੋਂ ਬਾਹਰ ਲਿਆਂਦਾ ਸੀ- ਅਨੁ:)।

ਅਜੋਕਾ ਕਿਸਾਨ ਸੰਘਰਸ ਤਾਂ ਮਨਜੀਤ ਸਿੰਘ ਧਨੇਰ ਨੂੰ ਉਸਦੀ ਰਿਹਾਈ ਲਈ ਪੰਜਾਬ ਦੇ ਮਾਲਵਾ ਖਿੱਤੇ ਵਿੱਚ ਲੜੇ ਗਏ ਘੋਲ ਦਾ ਦੁਹਰਾਓ-ਮਾਤਰ ਹੀ ਲੱਗਦਾ ਹੈ। ਹਰ ਸਮੇਂ ਹਰੀ ਪੱਗ ਅਤੇ ਹਰੇ ਪਰਨੇ ਨਾਲ ਨਜ਼ਰ ਆਉਣ ਵਾਲਾ ਧਨੇਰ ਖੁਦ ਮੰਨਦਾ ਹੈ ਕਿ " ਮੌਜੂਦਾ ਕਿਸਾਨੀ ਸੰਘਰਸ ਵਧੇਰੇ ਲੰਬਾ ਵੀ ਹੈ ਅਤੇ ਸਖਤ ਵੀ। ਸੰਨ 2019 ਵਿੱਚ ਲੜਾਈ ਪੰਜਾਬ ਸਰਕਾਰ ਨਾਲ ਸੀ ਪਰ ਹੁਣ ਸਾਹਮਣੇ ਕੇਂਦਰ ਸਰਕਾਰ ਅਤੇ ਕਾਰਪੋਰੇਟ ਹਨ। ਅਸੀਂ ਇਸ ਲੜਾਈ ਲਈ ਵੀ ਤਿਆਰ ਹਾਂ।"

ਪਹਿਲੀ ਜੇਲ੍ਹ ਯਾਤਰਾ--

1997 ਦੀ ਗਰਮੀ ਰੁੱਤੇ ਬਰਨਾਲਾ ਜ਼ਿਲ੍ਹੇ ਦੇ ਕਸਬੇ ਮਹਿਲ ਕਲਾਂ ਵਿੱਚ ਚਾਰ ਜਣਿਆਂ- ਗੁਰਪ੍ਰੀਤ ਸਿੰਘ, ਜੁਗਰਾਜ ਸਿੰਘ ਰਾਜੂ, ਪ੍ਰਤਾਪ ਅਤੇ ਦੇਸ ਰਾਜ ਨੇ ਸੋਲਾਂ ਸਾਲ ਦੀ ਇੱਕ ਬੱਚੀ ਨੂੰ ਅਗਵਾ ਕਰਨ ਤੋਂ ਬਾਅਦ ਬਲਾਤਕਾਰ ਕਰਕੇ ਵਹਿਸੀ ਤਰੀਕੇ ਨਾਲ ਕਤਲ ਕਰ ਦਿੱਤਾ। ਸਿਰਫ ਡੇਢ ਏਕੜ ਜਮੀਨ ਦਾ ਮਾਲਕ ਮਨਜੀਤ ਸਿੰਘ ਧਨੇਰ ਭਾਰਤੀ ਕਿਸਾਨ ਯੂਨੀਅਨ ਸਿੱਧੂਪੁਰ ਦਾ ਬਲਾਕ ਪ੍ਰਧਾਨ ਸੀ।

ਪੀੜ੍ਹਤ ਲੜਕੀ ਦਾ ਪਿਤਾ ਮਾਸਟਰ ਦਰਸ਼ਨ ਸਿੰਘ ਕੰਬਦੇ ਹੱਥਾਂ ਨਾਲ ਸਹਿਮੀ ਆਵਾਜ ਵਿੱਚ ਦੱਸਦਾ ਹੈ," ਦੋਸੀ ਬਹੁਤ ਡਾਢੇ ਸਨ, ਪੁਲਿਸ ਅਤੇ ਸਿਆਸਤਦਾਨ ਉਨ੍ਹਾਂ ਦਾ ਪਾਣੀ ਭਰਦੇ ਸਨ। 11ਅਗਸਤ 1997 ਨੂੰ ਐਕਸ਼ਨ ਕਮੇਟੀ ਦੇ ਕਾਰਕੁਨਾਂ ਨੇ ਜਨਤਕ ਦਬਾਅ ਬਣਾ ਕੇ ਖੇਤਾਂ ਵਿੱਚੋਂ ਮੇਰੀ ਧੀ ਦੀ ਲਾਸ ਕਢਵਾਈ ਸੀ। ਮੈਂ ਤਾਂ ਮਨਜੀਤ ਸਿੰਘ ਧਨੇਰ ਨੂੰ ਜਾਣਦਾ ਤੱਕ ਨਹੀਂ ਸੀ ਪਰ ਉਹ ਮੇਰੇ ਵਰਗੇ ਅੰਗਹੀਣ ਅਧਿਆਪਕ ਨੂੰ ਇਨਸਾਫ ਦਿਵਾਉਣ ਲਈ ਚਟਾਨ ਵਾਂਗ ਖੜ੍ਹਾ ਰਿਹਾ।" ਮਾਸਟਰ ਦਰਸਨ ਸਿੰਘ ਦੀ ਸਤਾਰਾਂ ਸਾਲ ਦੀ ਉਮਰ ਵਿੱਚ ਟੋਕੇ ਵਾਲੀ ਮਸੀਨ ਵਿੱਚ ਆ ਕੇ ਬਾਂਹ ਕੱਟੀ ਗਈ ਸੀ।

ਪੀੜ੍ਹਤ ਲੜਕੀ ਦੇ ਕਤਲ ਦੇ ਕੁੱਝ ਦਿਨਾਂ ਬਾਅਦ ਹੀ ਮਨਜੀਤ ਸਿੰਘ ਧਨੇਰ ਨੇ ਪਹਿਲ ਕਰਕੇ ਪੰਜਾਬ ਦੀ ਧੀ ਨੂੰ ਇਨਸਾਫ ਦਿਵਾਉਣ ਲਈ ਮਹਿਲ ਕਲਾਂ ਐਕਸਨ ਕਮੇਟੀ ਖੜ੍ਹੀ ਕੀਤੀ।ਇਹ ਐਕਸਨ ਕਮੇਟੀ ਦੀ ਸੁਯੋਗ ਅਗਵਾਈ ਦਾ ਹੀ ਸਿੱਟਾ ਸੀ ਕਿ ਅਗਸਤ 2001 ਵਿੱਚ ਚਾਰੇ ਦੋਸੀਆਂ ਨੂੰ ਸੈਸਨ ਜੱਜ ਵੱਲੋਂ ਉਮਰ ਕੈਦ ਦੀ ਸਜਾ ਸੁਣਾਈ ਗਈ।

ਮਾਸਟਰ ਦਰਸਨ ਸਿੰਘ ਯਾਦਾਂ ਨੂੰ ਕੁਰੇਦਿਆਂ ਦੱਸਦਾ ਹੈ," ਮਨਜੀਤ ਸਿੰਘ ਧਨੇਰ ਨੇ ਅਨੇਕਾਂ ਧਰਨਿਆਂ ਨੂੰ ਜਥੇਬੰਦ ਕੀਤਾ, ਪੈਂਫਲਿਟ ਵੰਡੇ ਅਤੇ ਸਾਡੇ ਨਾਲ ਹਰੇਕ ਤਰੀਕ 'ਤੇ ਕੋਰਟ ਜਾਂਦਾ ਰਿਹਾ।" ਇਸੇ ਦੌਰਾਨ 3 ਮਾਰਚ 2001 ਨੂੰ ਦੋਸੀਆਂ ਅਤੇ ਅੰਦੋਲਨਕਾਰੀਆਂ ਦੀ, ਕੋਰਟ ਕੇਸ ਦੀ ਸੁਣਵਾਈ ਦਰਮਿਆਨ ਝੜਪ ਹੋ ਗਈ( ਇਹ ਝੜਪ ਅੰਦੋਲਨਕਾਰੀਆਂ ਨਾਲ ਨਹੀਂ ਸਗੋਂ ਦੋਸੀਆਂ ਨਾਲ ਪੁਰਾਣੀ ਰੰਜਿਸ਼ ਰੱਖ ਰਹੀ ਇਕ ਹੋਰ ਤੀਸਰੀ ਧਿਰ ਨਾਲ ਹੋਈ ਸੀ- ਅਨੁ--:) । ਦੋਸੀ ਧਿਰ ਨਾਲ ਸੰਬੰਧਿਤ 82 ਸਾਲਾ ਦਲੀਪ ਸਿੰਘ ਇਸ ਝੜਪ ਵਿੱਚ ਜਖਮੀ ਹੋ ਗਿਆ ਅਤੇ ਦਸ ਦਿਨ ਬਾਅਦ ਚੱਲ ਵਸਿਆ। ਪੁਲਿਸ ਨੇ ਕਤਲ ਦਾ ਕੇਸ ਧਨੇਰ ਸਮੇਤ ਐਕਸਨ ਕਮੇਟੀ ਦੇ ਦੋ ਹੋਰ ਮੈਂਬਰਾਂ ਨਰਾਇਣ ਦੱਤ ਤੇ ਪ੍ਰੇਮ ਕੁਮਾਰ ਸਿਰ ਮੜ੍ਹ ਦਿੱਤਾ। ਪੰਜਾਬ ਰਾਜ ਬਿਜਲੀ ਬੋਰਡ



ਵਿੱਚੋਂ ਰਿਟਾਇਰ ਹੋਏ ਨਰਾਇਣ ਦੱਤ ਦੱਸਦੇ ਹਨ, "ਇਸ ਨਾਲ ਸਾਨੂੰ ਗਹਿਰਾ ਸਦਮਾ ਲੱਗਿਆ, ਇਹ ਨਿਰੋਲ ਝੂਠਾ ਕੇਸ ਸੀ। ਇਹ ਸਾਡੀ ਨਿੱਜੀ ਆਜਾਦੀ 'ਤੇ ਹੀ ਹਮਲਾ ਨਹੀਂ ਸੀ ਬਲਕਿ ਇਸ ਸਾਜਿਸ਼ ਪਿੱਛੇ ਅੰਦੋਲਨ ਕਰਨ ਦੇ ਸਾਡੇ ਜਮਹੂਰੀ ਹੱਕਾਂ ਨੂੰ ਕੁਚਲਣ ਦੀ ਵੀ ਮਨਸਾ ਸੀ। ਸਟੇਟ ਖਿਲਾਫ ਖੜ੍ਹਨ ਦਾ ਸਬਕ ਸਿਖਾਉਣ ਲਈ ਪੁਲਿਸ ਨੇ ਸਾਨੂੰ ਹੀ ਉਲਝਾ ਲਿਆ।"

ਦਲੀਪ ਸਿੰਘ ਦੀ ਮੌਤ ਨਾਲ ਸੰਬੰਧਿਤ ਐਫਆਈਆਰ ਵਿੱਚ ਧਨੇਰ, ਦੱਤ ਤੇ ਪ੍ਰੇਮ ਕੁਮਾਰ ਦਾ ਨਾਮ ਸਾਮਲ ਹੋਣ ਨਾਲ ਜਨਤਕ ਰੋਹ ਫੁੱਟ ਪਿਆ। ਲੋਕ ਰੋਹ ਅੱਗੇ ਝੁਕਦਿਆਂ ਸਰਕਾਰ ਨੇ ਇਨ੍ਹਾਂ ਤਿੰਨਾਂ ਖਿਲਾਫ ਕੇਸ ਵਾਪਸ ਲੈਣ ਦਾ ਫੈਸਲਾ ਕਰ ਲਿਆ ਪਰ ਸੈਸਨ ਕੋਰਟ ਬਰਨਾਲਾ ਨੇ ਪੁਲਿਸ ਦੀ ਇਸ ਕਾਰਵਾਈ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ ਅਤੇ 30 ਮਾਰਚ 2005 ਨੂੰ ਤਿੰਨਾਂ ਨੂੰ ਉਮਰ ਕੈਦ ਦੀ ਸਜਾ ਸੁਣਾ ਦਿੱਤੀ।

ਜਨਤਕ ਰੋਹ-

ਉਪਰੋਕਤ ਸਜ਼ਾਵਾਂ ਨੇ ਪੰਜਾਬ ਵਿੱਚ ਜਨਤਕ ਰੋਹ ਪ੍ਰਚੰਡ ਕਰ ਦਿੱਤਾ ਜਿਸ ਵਿੱਚ ਨਾਂ ਸਿਰਫ ਕਿਸਾਨ ਯੂਨੀਅਨਾਂ ਹੀ ਸ਼ਾਮਲ ਹੋਈਆਂ ਬਲਕਿ ਅਧਿਆਪਕ, ਵਿਦਿਆਰਥੀ ਤੇ ਮਜਦੂਰ ਜਥੇਬੰਦੀਆਂ ਵੀ ਇਨ੍ਹਾਂ ਬੇਦੋਸ਼ਿਆਂ ਦੀ ਰਿਹਾਈ ਲਈ ਲਾਮਬੰਦ ਹੋ ਗਈਆਂ। ਬਹੁਤ ਵੱਡੀ ਸ਼ਮੂਲੀਅਤ ਵਾਲੇ ਅਨੇਕਾਂ ਮੁਜਾਹਰੇ ਹੋਏ ਜਿਹਨਾਂ ਨੇ ਪੰਜਾਬ ਸਰਕਾਰ ਦੀ ਨੀਂਦ ਹਰਾਮ ਕਰ ਦਿੱਤੀ। ਸਰਕਾਰ ਦੀ ਸਿਫਾਰਸ 'ਤੇ ਪੰਜਾਬ ਦੇ ਰਾਜਪਾਲ ਨੇ ਜੁਲਾਈ 2007 ਵਿੱਚ ਤਿੰਨਾਂ ਦੀ ਸਜਾ ਮਨਸੂਖ ਕਰ ਦਿੱਤੀ।

ਭਾਰਤੀ ਸੰਵਿਧਾਨ ਦੀ ਧਾਰਾ 161 ਮੁਤਾਬਿਕ ਰਾਜਪਾਲ ਕੋਲ ਕਿਸੇ ਵੀ ਦੋਸ ਅਧੀਨ ਸੁਣਾਈ ਸਜਾ ਨੂੰ ਮਨਸੂਖ, ਘੱਟ ਕਰਨ, ਸਜਾ ਬਦਲਣ ਜਾਂ ਮੁਅੱਤਲ ਕਰਨ ਦਾ ਅਖਤਿਆਰ ਹੁੰਦਾ ਹੈ।

ਨਰਾਇਣ ਦੱਤ ਦੱਸਦੇ ਹਨ," ਇਹ ਰੋਸ ਮੁਜਾਹਰੇ ਸਿਰਫ ਇਨ੍ਹਾਂ ਤਿੰਨ ਬੇਦੋਸ਼ਿਆਂ ਦੀ ਰਿਹਾਈ ਤੱਕ ਸੀਮਤ ਨਹੀਂ ਸਨ ਬਲਕਿ ਰਾਜ ਖਿਲਾਫ ਵੱਡੇ ਰੋਹ ਦਾ ਪ੍ਰਤੀਕ ਸਨ।" ਇਸ ਧਾਰਨਾ ਦੀ ਪੁਸਟੀ ਕਰਦੇ ਹੋਏ ਬੀਕੇਯੂ (ਡਕੌਂਦਾ) ਦੇ ਜਨਰਲ ਸਕੱਤਰ ਜਗਮੋਹਨ ਸਿੰਘ ਕਹਿੰਦੇ ਹਨ," ਮੌਜੂਦਾ ਕਿਸਾਨ ਅੰਦੋਲਨ ਵੀ ਸਿਰਫ ਖੇਤੀ ਕਾਨੂੰਨਾਂ ਦੇ ਖਿਲਾਫ ਨਹੀਂ ਹੈ ਬਲਕਿ ਇਹ ਨਿੱਜੀਕਰਨ ਅਤੇ ਕਾਰਪੋਰੇਟ ਲੁੱਟ ਦੇ ਖਿਲਾਫ ਚੱਲ ਰਹੀ ਵੱਡੀ ਜੱਦੋ-ਜਹਿਦ ਦਾ ਹਿੱਸਾ ਹੈ।"

ਸਜਾ ਮੁਆਫੀ ਨੂੰ ਚੁਣੌਤੀ-

ਦਲੀਪ ਸਿੰਘ ਦੇ ਪਰਿਵਾਰ ਵੱਲੋਂ ਧਨੇਰ,ਦੱਤ ਤੇ ਪ੍ਰੇਮ ਕੁਮਾਰ ਦੀ ਸਜਾ ਮੁਆਫੀ ਨੂੰ ਪੰਜਾਬ ਤੇ ਹਰਿਆਣਾ ਹਾਈਕੋਰਟ ਵਿੱਚ ਚੁਣੌਤੀ ਦਿੱਤੀ ਗਈ ਜਿਸ ਨੇ 11 ਮਾਰਚ 2008 ਨੂੰ ਰਾਜਪਾਲ ਪੰਜਾਬ ਦਾ ਸਜਾ ਮੁਆਫੀ ਵਾਲਾ ਆਰਡਰ ਰੱਦ ਕਰ ਦਿੱਤਾ ਪਰ ਇਨ੍ਹਾਂ ਤਿੰਨ ਕਥਿਤ ਦੋਸ਼ੀਆਂ ਦੀ ਅਪੀਲ 'ਤੇ ਫੈਸਲਾ ਦਿੰਦੇ ਹੋਏ ਨਰਾਇਣ ਦੱਤ ਤੇ ਪ੍ਰੇਮ ਕੁਮਾਰ ਨੂੰ ਤਾਂ ਬਰੀ ਕਰ ਦਿੱਤਾ ਪਰ ਮਨਜੀਤ ਧਨੇਰ ਦੀ ਉਮਰ ਕੈਦ ਦੀ ਸਜਾ ਬਰਕਰਾਰ ਰੱਖੀ ਜਿਸ ਫੈਸਲੇ ਵਿਰੁੱਧ ਸੁਪਰੀਮ ਕੋਰਟ ਵਿੱਚ ਅਪੀਲ ਕੀਤੀ ਗਈ।

3 ਸਤੰਬਰ 2019 ਨੂੰ ਸੁਪਰੀਮ ਕੋਰਟ ਨੇ ਮਨਜੀਤ ਧਨੇਰ ਦੀ ਅਪੀਲ ਰੱਦ ਕਰ ਦਿੱਤੀ ਅਤੇ ਹੁਕਮ ਦਿੱਤਾ ਕਿ ਉਹ ਚਾਰ ਹਫਤਿਆਂ ਦੇ ਵਿੱਚ ਵਿੱਚ ਕੋਰਟ ਦੇ ਸਾਹਮਣੇ ਆਤਮ ਸਮਰਪਣ ਕਰੇ। 30 ਸਤੰਬਰ 2019 ਨੂੰ ਧਨੇਰ ਦੇ ਜੇਲ੍ਹ ਜਾਣ ਤੋਂ ਬਾਅਦ ਬਰਨਾਲਾ ਜੇਲ੍ਹ ਅੱਗੇ ਵਿਸਾਲ ਤੇ ਪੱਕਾ ਧਰਨਾ ਸੁਰੂ ਹੋ ਗਿਆ। ਉਸ ਦਿਨ ਵੀਹ ਹਜਾਰ ਲੋਕਾਂ ਦੇ ਠਾਠਾਂ ਮਾਰਦੇ ਇਕੱਠ ਨੇ ਬਰਨਾਲਾ ਦੀਆਂ ਸੜਕਾਂ ਗੂੰਜਣ ਲਗਾ ਦਿੱਤੀਆਂ ਅਤੇ ਅੰਦੋਲਨ ਨੂੰ ਸਿਖਰਾਂ 'ਤੇ ਪਹੁੰਚਾ ਦਿੱਤਾ।ਲਗਾਤਾਰ 45 ਦਿਨ ਚੱਲੇ ਰੋਹ ਭਰਪੂਰ ਧਰਨੇ ਦੇ ਸਿੱਟੇ ਵਜੋਂ ਪੰਜਾਬ ਦੇ ਰਾਜਪਾਲ ਨੇ 15 ਨਵੰਬਰ 2019 ਨੂੰ ਉਸ ਦੀ ਸਜਾ ਮੁਆਫੀ ਦੀ ਫਾਈਲ 'ਤੇ ਸਹੀ ਪਾ ਦਿੱਤੀ।ਇਸ ਨਾਲ ਹੀ ਮਨਜੀਤ ਧਨੇਰ ਦੋ ਵਾਰ ਸਜਾ ਮਨਸੂਖੀ ਹਾਸਲ ਕਰਨ ਵਾਲਾ ਪੰਜਾਬ ਦਾ ਅਤੇ ਸ਼ਾਇਦ ਭਾਰਤ ਦਾ ਵੀ-ਪਹਿਲਾ ਇਨਸਾਨ ਬਣ ਗਿਆ। ਹਜਾਰਾਂ ਲੋਕਾਂ ਦੇ ਇਕੱਠ , ਜਿਸ ਵਿੱਚ ਹਰੀਆਂ/ ਬਸੰਤੀ ਚੁੰਨੀਆਂ ਵਾਲੀਆਂ ਬੀਬੀਆਂ ਵੀ ਵੱਡੀ ਗਿਣਤੀ ਵਿੱਚ ਹਾਜਰ ਸਨ, ਨੇ ਬਰਨਾਲਾ ਜੇਲ੍ਹ ਵਿੱਚੋਂ ਬਾਹਰ ਆਏ ਮਨਜੀਤ ਧਨੇਰ ਦਾ ਜੋਸ਼ੀਲੇ ਨਾਹਰਿਆਂ ਲਾਉਂਦੇ ਹੋਏ ਪੂਰੇ ਜੋਸ਼ ਖਰੋਸ਼ ਨਾਲ ਸੁਆਗਤ ਕੀਤਾ।

ਕਿਸਾਨ ਯੂਨੀਅਨਾਂ ਦਾ ਏਕਾ-

ਮਨਜੀਤ ਧਨੇਰ ਦੀ ਰਿਹਾਈ ਲਈ ਹੋਏ ਘੋਲ ਵੱਲ ਇਸਾਰਾ ਕਰਦੇ ਹੋਏ ਪੰਜਾਬ ਲੋਕ ਸੱਭਿਆਚਾਰਕ ਮੰਚ ਦੇ ਜਨਰਲ ਸਕੱਤਰ ਕੰਵਲਜੀਤ ਖੰਨਾ ਦੱਸਦੇ ਹਨ ਕਿ , ਕਿਸਾਨ ਯੂਨੀਅਨਾਂ ਦਾ ਅਜਿਹਾ ਏਕਾ ਪਹਿਲਾਂ 1980 ਵਿੱਚ ਵੇਖਣ ਨੂੰ ਮਿਲਿਆ ਸੀ ਜਦੋਂ ਭਾਰਤੀ ਕਿਸਾਨ ਯੂਨੀਅਨ ਵੱਡੇ ਜਨ-ਅਧਾਰ ਵਾਲੀ ਕਿਸਾਨਾਂ ਦੀ ਇੱਕੋ ਇੱਕ ਜਥੇਬੰਦੀ ਸੀ। ਉਦੋਂ ਭਾਰਤੀ ਕਿਸਾਨ ਯੂਨੀਅਨ ਦੀ ਅਗਵਾਈ ਹੇਠ ਸਾਰੀਆਂ ਛੋਟੀਆਂ ਵੱਡੀਆਂ ਯੂਨੀਅਨਾਂ ਨੇ ਇਕੱਠੇ ਹੋ ਕੇ ਕਰਜਾ ਮੁਆਫੀ ਅਤੇ ਸਬਸਿਡੀਆਂ ਲਈ ਚੰਡੀਗੜ੍ਹ ਧਰਨਾ ਲਗਾਇਆ ਸੀ।ਇਹ ਘੋਲ ਅਜਮੇਰ ਸਿੰਘ ਲੱਖੋਵਾਲ ਵੱਲੋਂ ਸਰਕਾਰ ਨਾਲ ਕੀਤੇ ਬੇਅਸੂਲੇ ਸਮਝੌਤੇ ਕਾਰਨ ਅਸਫਲ ਹੋ ਗਿਆ ਸੀ।" ਉਹਨਾਂ ਅੱਗੇ ਦੱਸਿਆ," ਉਸ ਤੋਂ ਬਾਅਦ ਕਿਸਾਨ ਯੂਨੀਅਨ ਸਿੱਧੂਪੁਰ, ਕਾਦੀਆਂ, ਰਾਜੇਵਾਲ, ਉਗਰਾਹਾਂ ਆਦਿ ਧੜਿਆਂ ਵਿੱਚ ਵੰਡੀ ਗਈ। ਜਿੱਥੋਂ ਤੱਕ ਮੈਨੂੰ ਯਾਦ ਹੈ ਕੇਵਲ 2019 ਅਤੇ 2020 ਵਿੱਚ ਹੀ ਨਿਵੇਕਲੇ ਢੰਗ ਨਾਲ ਸਾਰੀਆਂ ਯੂਨੀਅਨਾਂ ਇਕੱਠੀਆਂ ਹੋਈਆਂ ਹਨ।"

ਨਰਾਇਣ ਦੱਤ ਨੇ ਨਿਊਜ਼ ਲਾਂਡਰੀ ਨਾਲ ਗੱਲ ਕਰਦੇ ਹੋਏ ਕਿਹਾ," 2018 ਵਿੱਚ ਜਦੋਂ ਹਾਲੇ ਸੁਪਰੀਮ ਕੋਰਟ ਵਿੱਚ ਮਨਜੀਤ ਧਨੇਰ ਦੀ ਅਪੀਲ 'ਤੇ ਸੁਣਵਾਈ ਲਈ ਇੱਕ ਸਾਲ ਬਾਕੀ ਪਿਆ ਸੀ ਤਾਂ ਬੀਕੇਯੂ ਏਕਤਾ (ਡਕੌਂਦਾ) ਨੇ ਬੀਕੇਯੂ ਏਕਤਾ ਉਗਰਾਹਾਂ, ਪੰਜਾਬ ਕਿਸਾਨ ਯੂਨੀਅਨ, ਕਿਰਤੀ ਕਿਸਾਨ ਯੂਨੀਅਨ, ਕਿਸਾਨ ਸੰਘਰਸ ਕਮੇਟੀ ਆਦਿ ਜਥੇਬੰਦੀਆਂ ਦੇ ਨੁਮਾਇੰਦਿਆਂ ਨੂੰ ਇਕੱਠਾ ਕੀਤਾ।ਸਹਿਜੇ ਸਹਿਜੇ ਦੋ ਦਰਜਨ ਦੇ ਕਰੀਬ ਖੇਤ ਮਜਦੂਰ, ਅਧਿਆਪਕ ਅਤੇ ਵਿਦਿਆਰਥੀ ਜਥੇਬੰਦੀਆਂ ਕਾਫਲੇ ਨਾਲ ਰਲਦੀਆਂ ਗਈਆਂ।"

ਮੌਜੂਦਾ ਕਿਸਾਨ ਸੰਘਰਸ ਅਤੇ 2019 ਦੇ ਅੰਦੋਲਨ ਦੀ ਸਮਾਨਤਾ ਬਿਆਨਦੇ ਹੋਏ ਉਹਨਾਂ ਕਿਹਾ," ਜਦੋਂ ਬਹੁਤ ਸਾਰੀਆਂ ਯੂਨੀਅਨਾਂ ਇਕੱਠੀਆਂ ਹੋਈਆਂ ਹੋਣ ਤਾਂ ਕੁੱਝ ਮਤਭੇਦਾਂ ਦਾ ਹੋਣਾ ਸੁਭਾਵਿਕ ਹੈ, ਘੱਟੋ-ਘੱਟ ਪ੍ਰੋਗਰਾਮ 'ਤੇ ਇਕੱਠੇ ਹੋਣਾ ਸਮੇਂ ਦੀ ਮੰਗ ਹੁੰਦੀ ਹੈ। ਉਦੋਂ ਮਨਜੀਤ ਸਿੰਘ ਧਨੇਰ ਦੀ ਰਿਹਾਈ ਦੀ ਮੰਗ ਸੀ, ਹੁਣ ਖੇਤੀ ਕਾਨੂੰਨਾਂ ਦੀ ਵਾਪਸੀ ਘੱਟੋ-ਘੱਟ ਪ੍ਰੋਗਰਾਮ ਹੈ।"

.........

ਅੰਗਰੇਜ਼ੀ ਦੇ ਇੱਕ ਨਿਊਜ਼-ਪੋਰਟਲ 'ਨਿਊਜ਼ ਲੌਂਡਰੀ' ਨੇ ਮਨਜੀਤ ਧਨੇਰ ਦੀ ਸਜ਼ਾ-ਮਨਸੂਖੀ ਲਈ ਚੱਲੇ ਅੰਦੋਲਨ ਬਾਰੇ, ਆਪਣੇ ਪੱਤਰਕਾਰ ਸ਼੍ਰਿਸ਼ਟੀ ਜਸਵਾਲ ਦੀ ਇੱਕ ਰਿਪੋਰਟ ਆਪਣੇ 11 ਜਨਵਰੀ ਦੇ ਅੰਕ ਵਿੱਚ ਪੋਸਟ ਕੀਤੀ ਹੈ। ਹੇਠਾਂ ਪੰਜਾਬੀ ਪਾਠਕਾਂ ਲਈ ਇਸ ਰਿਪੋਰਟ ਦਾ ਪੰਜਾਬੀ ਰੂਪ ਪੇਸ਼ ਕੀਤਾ ਜਾ ਰਿਹਾ ਹੈ।

**ਅਨੁਵਾਦਕ: ਡਾਕਟਰ ਜਸਵੀਰ ਸਿੰਘ ਔਲਖ**

## ਅਮਰੀਕਾ ਦੀ ਬਾਈਡਨ ਸਰਕਾਰ ਵੱਲੋਂ ਖੇਤੀ ਕਨੂੰਨਾਂ ਦੀ ਹਮਾਇਤ

# ਖੇਤੀ ਕਨੂੰਨਾਂ ਦੇ ਦੇਸੀ-ਵਿਦੇਸ਼ੀ ਸਰਮਾਏਦਾਰਾਂ ਪੱਖੀ ਹੋਣ ਦਾ ਇੱਕ ਹੋਰ ਸਬੂਤ

**ਲਖਵਿੰਦਰ**

ਅਮਰੀਕਾ ਦੀ ਨਵੀਂ ਬਾਈਡਨ ਸਰਕਾਰ ਨੇ ਭਾਰਤ ਦੀ ਕੇਂਦਰ ਸਰਕਾਰ ਦੇ ਨਵੇਂ ਤਿੰਨ ਖੇਤੀ ਕਨੂੰਨਾਂ ਦੀ ਹਮਾਇਤ ਕੀਤੀ ਹੈ। ਇਹ ਭੋਰਾ ਵੀ ਹੈਰਾਨੀ ਵਾਲ਼ੀ ਗੱਲ ਨਹੀਂ। ਰਿਆਨਾ, ਗ੍ਰੇਟਾ ਸਮੇਤ ਜਦ ਬਹੁਤ ਸਾਰੀਆਂ ਕੌਮਾਂਤਰੀ ਹਸਤੀਆਂ ਨੇ ਖੇਤੀ ਕਨੂੰਨਾਂ ਖਿਲਾਫ ਜਾਰੀ ਸੰਘਰਸ਼ ਨਾਲ਼ ਹਮਦਰਦੀ ਵਖਾਉਣੀ ਸ਼ੁਰੂ ਕਰ ਦਿੱਤੀ ਤਾਂ ਭਾਰਤ ਦੇ ਵਿਦੇਸ਼ ਮੰਤਰਾਲੇ ਨੇ ਭਾਰਤ ਦੇ ਖੇਤੀ ਕਨੂੰਨਾਂ ਨੂੰ "ਅੰਦਰੂਨੀ ਮਾਮਲਾ" ਦੱਸਦੇ ਹੋਏ ਅਤੇ ਇਹਨਾਂ ਕਨੂੰਨਾਂ ਨੂੰ ਜਾਇਜ ਠਹਿਰਾਉਂਦੇ ਹੋਏ ਜਵਾਬ ਦਿੱਤਾ। ਪਰ ਕੌਮਾਂਤਰੀ ਪੱਧਰ 'ਤੇ ਖੇਤੀ ਕਨੂੰਨਾਂ ਖਿਲਾਫ ਲੋਕ ਲਹਿਰ ਨੂੰ ਵਧਦੀ ਜਾ ਰਹੀ ਹਮਦਰਦੀ ਅਤੇ ਹਮਾਇਤ ਤੋਂ ਘਬਰਾ ਕੇ ਬਾਈਡਨ ਸਰਕਾਰ ਨੂੰ ਮੈਦਾਨ ਵਿੱਚ ਉੱਤਰਨਾ ਪਿਆ ਅਤੇ

ਇਹਨਾਂ ਲੋਕ ਦੋਖੀ ਕਨੂੰਨਾਂ ਦੇ ਪੱਖ ਵਿੱਚ ਬੋਲਣਾ ਪਿਆ। ਇਹ ਸਪੱਸ਼ਟ ਤੌਰ 'ਤੇ ਸੰਘਰਸ਼ਸ਼ੀਲ ਲੋਕਾਂ ਅਤੇ ਇਸ ਸੰਘਰਸ਼ ਪ੍ਰਤੀ ਕੌਮਾਂਤਰੀ ਹਮਦਰਦੀ ਅਤੇ ਹਮਾਇਤ 'ਤੇ ਹਮਲਾ ਹੈ, ਭਾਰਤ ਦੀ ਫਾਸੀਵਾਦੀ ਹਕੂਮਤ, ਇਸਦੀਆਂ ਲੋਕ ਦੋਖੀ ਨੀਤੀਆਂ, ਇਸਦੇ ਜਬਰ-ਜ਼ੁਲਮ ਨੂੰ ਹਮਾਇਤ ਹੈ। ਇਹ ਇੱਕ ਤਰ੍ਹਾਂ ਅਮਰੀਕਾ ਅਤੇ ਸੰਸਾਰ ਦੇ ਹੋਰ ਹਿੱਸਿਆਂ ਵਿੱਚ ਇਸ ਲਹਿਰ ਦੇ ਪੱਖ ਵਿੱਚ ਅਵਾਜ਼ ਉਠਾਉਣ ਵਾਲਿਆਂ ਨੂੰ ਜ਼ੁਬਾਨ ਬੰਦ ਰੱਖਣ ਲਈ ਅਮਰੀਕੀ ਸਾਮਰਾਜ ਦੀ ਧਮਕੀ ਵੀ ਹੈ।

ਇੱਕ ਗੱਲ ਇਹ ਵੀ ਹੈ ਕਿ ਜੇਕਰ ਖੇਤੀ ਕਨੂੰਨਾਂ ਦੇ ਮਸਲੇ ਨੂੰ ਭਾਰਤ ਸਰਕਾਰ "ਅੰਦਰੂਨੀ ਮਸਲਾ" ਮੰਨਦੀ ਹੈ ਤਾਂ ਹੁਣ ਬਾਈਡਨ ਸਰਕਾਰ ਵੱਲੋਂ ਇਸ ਮੁੱਦੇ ਉੱਤੇ ਪੱਖ ਜਾਂ ਵਿਰੋਧ ਵਿੱਚ ਬੋਲਣ ਦਾ ਵਿਰੋਧ ਕਰਨਾ ਚਾਹੀਦਾ ਸੀ। ਇਸ ਤੋਂ ਪਹਿਲਾਂ ਵੀ ਕੌਮਾਂਤਰੀ ਮੁਦਰਾ ਕੋਸ਼ ਵੱਲੋਂ ਇਹਨਾਂ ਕਨੂੰਨਾਂ ਦੀ ਕੀਤੀ ਹਮਾਇਤ ਵੇਲ਼ੇ ਮੋਦੀ ਹਕੂਮਤ ਨੂੰ "ਅੰਦਰੂਨੀ ਮਸਲੇ" ਦੀ ਯਾਦ ਨਹੀਂ ਆਈ। ਖੈਰ, ਦੋਗਲੀਆਂ ਗੱਲਾਂ ਕਰਨਾ, ਕਹਿਣਾ ਕੁੱਝ ਤੇ ਕਰਨਾ ਕੁੱਝ, ਤਿਕੜਮਬਾਜ਼ੀਆਂ, ਝੂਠ, ਭੰਡੀ ਪ੍ਰਚਾਰ ਜਹੀਆਂ ਘਟੀਆ ਤੋਂ ਘਟੀਆ ਕਰਤੂਤਾਂ ਦੇ ਮਾਮਲੇ ਵਿੱਚ ਮੋਦੀ ਹਕੂਮਤ ਦਾ ਕੋਈ ਸਾਨੀ ਨਹੀਂ ਹੈ।

ਬਾਈਡਨ ਸਰਕਾਰ ਵੱਲੋਂ ਮੋਦੀ ਸਰਕਾਰ ਦੇ ਕਾਲ਼ੇ ਕਨੂੰਨਾਂ ਦੇ ਖੇਤੀ ਕਨੂੰਨਾਂ ਦੇ ਪੱਖ





ਵਿੱਚ ਬੋਲਦੇ ਹੋਏ "ਸ਼ਾਂਤੀਪੂਰਨ ਸੰਘਰਸ਼" ਦੀ ਨਸੀਹਤ ਦਿੱਤੀ ਹੈ ਅਤੇ ਇਸਨੂੰ "ਜਮਹੂਰੀਅਤ" ਦੀ ਪਛਾਣ ਦੱਸਿਆ ਹੈ। ਪਰ ਅਜਿਹਾ ਕਰਦੇ ਹੋਏ ਉਸਨੇ ਮੋਦੀ ਸਰਕਾਰ ਵੱਲੋਂ ਇਸ ਸ਼ਾਂਤੀਪੂਰਨ ਸੰਘਰਸ਼ ਨੂੰ ਕੁਚਲਣ ਲਈ ਸ਼ਰ੍ਹੇਆਮ ਕੀਤੀਆਂ ਜਾ ਰਹੀਆਂ ਸਾਜਿਸ਼ਾਂ, ਫੈਲਾਈ ਜਾ ਰਹੀ ਹਿੰਸਾ, ਆਪ ਹੀ ਅਸ਼ਾਂਤੀ ਫੈਲਾ ਕੇ ਇੰਟਰਨੈੱਟ ਬੰਦ ਕਰਨ, ਸੜਕਾਂ ਉੱਤੇ ਸਖਤ ਰੋਕਾਂ ਖੜ੍ਹੀਆਂ ਕਰਨ, ਲੋਕ ਪੱਖੀ ਪੱਤਰਕਾਰਾਂ ਦੀ ਫੜੋ-ਫੜੀ ਆਦਿ ਖਿਲਾਫ ਕੁੱਝ ਵੀ ਬੋਲਣਾ ਜ਼ਰੂਰੀ ਨਹੀਂ ਸਮਝਿਆ ਬਸ ਗੋਲ਼ ਜਿਹੀਆਂ ਗੱਲਾਂ ਕਰਕੇ ਪੱਲ੍ਹਾ ਝਾੜ ਲਿਆ ਹੈ। ਉਂਝ ਵੀ, ਅਮਰੀਕੀ ਸਾਮਰਾਜੀ ਹਾਕਮਾਂ ਨੂੰ "ਜਮਹੂਰੀਅਤ" ਦੀਆਂ ਗੱਲਾਂ ਕਰਨ ਦਾ ਕੋਈ ਹੱਕ ਨਹੀਂ ਹੈ। ਅਮਰੀਕੀ ਸਰਮਾਏਦਾਰੀ ਦੇ ਫਾਇਦੇ ਲਈ ਉਹ ਕਿਹੜਾ ਜ਼ੁਰਮ ਅਤੇ ਜ਼ੁਲਮ ਹੈ ਜੋ ਅਮਰੀਕੀ ਹਾਕਮਾਂ ਨੇ ਨਹੀਂ ਕੀਤਾ? ਘਰੇਲੂ ਅਤੇ ਸੰਸਾਰ ਪੱਧਰ ਉੱਤੇ ਅਮਰੀਕੀ ਹਾਕਮ ਲੋਕਾਂ ਦਾ ਖ਼ੂਨ ਵਹਾਉਂਦੇ ਆਏ ਹਨ, ਹਿੰਸਕ-ਅਹਿੰਸਕ ਢੰਗਾਂ ਨਾਲ਼ ਸਰਕਾਰਾਂ ਦਾ ਤਖਤਾ ਪਲਟ ਕਰਦੇ ਆਏ ਹਨ, ਦੂਜੇ ਦੇਸ਼ਾਂ ਉੱਤੇ ਕਬਜ਼ੇ ਕਰਦੇ ਆਏ ਹਨ। ਬਾਈਡਨ ਸਰਕਾਰ ਵੀ ਇਸਤੋਂ ਪਿਛਲੀਆਂ ਸਰਕਾਰਾਂ ਦੀਆਂ ਜਮਹੂਰੀਅਤ ਵਿਰੋਧੀ ਸਾਮਰਾਜੀ ਨੀਤੀਆਂ ਤੋਂ ਇੱਕ ਸੂਤ ਵੀ ਪਿੱਛੇ ਨਹੀਂ ਹਟੀ ਹੈ।

ਅਮਰੀਕੀ ਸਾਮਰਾਜ ਪੂਰੀ ਦੁਨੀਆਂ ਵਿੱਚ ਲੋਕ-ਦੋਖੀ, ਮਜ਼ਦੂਰਾਂ-ਕਿਰਤੀਆਂ ਵਿਰੋਧੀ ਸੰਸਾਰੀਕਰਨ-ਉਦਾਰੀਕਰਨ-ਨਿੱਜੀਕਰਨ ਦੀਆਂ ਨੀਤੀਆਂ ਨੂੰ ਸਖ਼ਤ ਤੋਂ ਸਖ਼ਤ ਢੰਗ ਨਾਲ਼ ਤੇਜ਼ੀ ਨਾਲ਼ ਲਾਗੂ ਕਰਾਉਣ ਲਈ ਅੱਡੀ-ਚੋਟੀ ਦਾ ਜ਼ੋਰ ਲਗਾਉਂਦਾ ਆ ਰਿਹਾ ਹੈ। ਭਾਰਤ ਵਿੱਚ ਨਵੇਂ ਖੇਤੀ ਕਨੂੰਨ ਇਹਨਾਂ ਹੀ ਨੀਤੀਆਂ ਦਾ ਹਿੱਸਾ ਹਨ। ਕੇਂਦਰ ਸਰਕਾਰ ਦੇ ਨਵੇਂ ਖੇਤੀ ਕਨੂੰਨ ਉਹਨਾਂ ਨਵਉਦਾਰਵਾਦੀ ਨੀਤੀਆਂ ਦਾ ਹਿੱਸਾ ਹਨ, ਜਿਹਨਾਂ ਉੱਪਰ ਦੇਸ਼ ਦੇ ਹਾਕਮ 1980 ਤੋਂ ਹੀ ਚੱਲ ਰਹੇ ਹਨ। 1980 'ਚ ਕੇਂਦਰ 'ਚ ਬਣੀ ਕਾਂਗਰਸ ਸਰਕਾਰ ਨੇ ਇਹ ਨੀਤੀਆਂ ਅਪਣਾਈਆਂ। 1991 'ਚ ਕੇਂਦਰ 'ਚ ਦੁਬਾਰਾ ਬਣੀ ਕਾਂਗਰਸ ਸਰਕਾਰ, ਜਿਸ 'ਚ ਪ੍ਰਧਾਨ ਮੰਤਰੀ ਨਰਸਿਮਹਾਂ ਰਾਓ ਅਤੇ ਵਿੱਤ ਮੰਤਰੀ ਮਨਮੋਹਨ ਸਿੰਘ ਸਨ, ਵਲੋਂ ਲਿਆਂਦੀ ਨਵੀ ਆਰਥਿਕ ਨੀਤੀ ਨੇ ਨਵਉਦਾਰਵਾਦ ਨੂੰ ਨਵੀਂ ਰਫ਼ਤਾਰ ਬਖਸ਼ੀ। ਸਰਕਾਰੀ ਅਦਾਰਿਆਂ ਦਾ ਨਿੱਜੀਕਰਨ, ਵਿਦੇਸ਼ੀ ਸਰਮਾਏ (ਦਰਅਸਲ ਸਾਮਰਾਜੀ ਸਰਮਾਏ) ਲਈ ਅਰਥਚਾਰੇ ਦੇ ਵੱਖ ਵੱਖ ਖੇਤਰ ਖੋਲ੍ਹਣਾ, ਦੇਸੀ ਅਤੇ ਸਾਮਰਾਜੀ ਸਰਮਾਏ ਦੀ ਮੁਨਾਫ਼ੇ ਦੀ ਹਵਸ 'ਚ ਥੋੜ੍ਹੀ ਬਹੁਤ ਰੋਕ ਬਣਦੇ ਕਿਰਤ ਕਨੂੰਨਾਂ 'ਚ ਮਜ਼ਦੂਰ ਵਿਰੋਧੀ ਬਦਲਾਅ ਕਰਨਾ, ਇਹਨਾਂ ਨੀਤੀਆਂ ਦਾ ਸਾਰਤੱਤ ਹੈ। ਇਹਨਾਂ ਨੀਤੀਆਂ ਦੇ ਅਸਲ ਘਾੜੇ ਸਾਮਰਾਜੀ ਅਤੇ ਉਹਨਾਂ ਦੀਆਂ ਸੰਸਥਾਵਾਂ ਕੌਮਾਂਤਰੀ ਮੁਦਰਾ ਕੋਸ਼ ਅਤੇ ਸੰਸਾਰ ਬੈਂਕ ਹਨ। ਹਾਂ, ਇਹ ਨੀਤੀਆਂ ਦੇਸੀ ਹਾਕਮਾਂ ਦੇ ਵੀ ਫਿੱਟ ਬੈਠਦੀਆਂ ਹਨ।

ਇਹ ਨੀਤੀਆਂ ਪੂਰੇ ਸੰਸਾਰ 'ਚ ਕਿਰਤੀ ਲੋਕਾਂ ਦੇ ਹੱਕਾਂ ਉੱਪਰ ਸੰਸਾਰ ਸਰਮਾਏਦਾਰੀ-ਸਾਮਰਾਜ ਵੱਲੋਂ ਬੋਲਿਆ ਧਾਵਾ ਹੈ। ਪਿਛਲੀ ਸਦੀ 'ਚ ਜੋ ਸਮਾਜਵਾਦੀ ਸਮਾਜ ਉੱਸਰੇ, ਉਹਨਾਂ ਨੂੰ ਇਸੇ ਸਦੀ ਦੇ ਮਗਰਲੇ ਅੱਧ 'ਚ ਗੰਭੀਰ ਪਛਾੜਾਂ ਦਾ ਸਾਹਮਣਾ ਕਰਨਾ ਪਿਆ। ਮਜ਼ਦੂਰ ਜਮਾਤ ਦੀ ਜਥੇਬੰਦਕ ਹਾਲਤ ਲਗਾਤਾਰ ਕਮਜ਼ੋਰ ਹੁੰਦੀ ਗਈ। ਇਸਨੂੰ ਅਗਵਾਈ ਦੇਣ ਵਾਲ਼ੀਆਂ ਕਮਿਊਨਿਸਟ ਇਨਕਲਾਬੀ ਤਾਕਤਾਂ ਵੀ ਕਮਜ਼ੋਰੀ ਅਤੇ ਖਿੰਡਾਅ ਦੀਆਂ ਸ਼ਿਕਾਰ ਸਨ, ਇਹ ਹਾਲਤ ਹਾਲੇ ਵੀ ਬਰਕਰਾਰ ਹੈ। ਮਜ਼ਦੂਰ ਜਮਾਤ ਦੀ ਇਸ ਕਮਜ਼ੋਰ, ਗੈਰ ਜਥਬੰਦ, ਕਮਿਊਨਿਸਟ ਇਨਕਲਾਬੀ ਅਗਵਾਈ ਤੋਂ ਵਾਂਝੀ ਹਾਲਤ, ਸੰਸਾਰ ਸਰਮਾਏ ਲਈ ਇਸ ਉੱਪਰ ਚੌਤਰਫ਼ਾ ਹਮਲਾ ਵਿੱਢਣ ਦਾ ਬਿਲਕੁੱਲ ਢੁਕਵਾਂ ਸਮਾਂ ਸੀ। ਸੰਸਾਰ ਮਜ਼ਦੂਰ ਜਮਾਤ ਪਿਛਲੇ ਕੋਈ 4 ਕੁ ਦਹਾਕਿਆਂ ਤੋਂ ਸਰਮਾਏ ਦੇ ਇਸ ਨਵੇਂ ਹਮਲੇ ਅਧੀਨ ਹੈ। ਭਾਵੇਂ ਵੱਖ ਵੱਖ ਦੇਸ਼ਾਂ 'ਚ ਮਜ਼ਦੂਰ ਜਮਾਤ ਅਤੇ ਹੋਰ ਕਿਰਤੀ ਲੋਕ, ਇਸ ਪ੍ਰਕਿਰਿਆ ਨੂੰ ਟੱਕਰ ਵੀ ਦੇਣ ਲੱਗੇ ਹਨ, ਪਰ ਅਜੇ ਇਹ ਟਾਕਰਾ ਕਮਜ਼ੋਰ, ਖਿੰਡਵਾਂ, ਸਪੱਸ਼ਟ ਦਿਸ਼ਾ ਅਤੇ ਕਮਿਊਨਿਸਟ ਇਨਕਲਾਬੀ ਅਗਵਾਈ ਤੋਂ ਬਹੁਤ ਹੱਦ ਤੱਕ ਵਾਂਝਾ ਹੈ।

ਕੇਂਦਰ ਦੀ ਭਾਜਪਾ ਦੀ ਫਾਸੀਵਾਦੀ ਹਕੂਮਤ ਦੇ ਖੇਤੀ ਕਨੂੰਨ ਵੀ ਇਹਨਾਂ ਹੀ ਨੀਤੀਆਂ ਦਾ ਅੰਗ ਹਨ। ਪਰ ਫਿਲਹਾਲ ਇਹ ਕਨੂੰਨ ਲਿਆ ਕੇ ਫਾਸੀਵਾਦੀ ਸਰਕਾਰ ਤਿੱਖੇ ਲੋਕ ਰੋਹ ਦਾ ਸਾਹਮਣਾ ਕਰ ਰਹੀ ਹੈ। 2014 ਤੋਂ ਮਨਮਾਨੀਆਂ ਕਰਦੀ ਆ ਰਹੀ, ਮਜ਼ਦੂਰਾਂ ਦੇ ਹੱਕਾਂ ਉੱਪਰ ਕੁਹਾੜਾ ਵਾਹੁੰਦੀ ਆ ਰਹੀ ਹੈ, ਭਾਰਤ 'ਚ ਵਸਦੀਆਂ ਵੱਖ-ਵੱਖ ਕੌਮਾਂ ਦੀ ਹੋਂਦ ਨੂੰ ਦਰੜਦੀ ਆ ਰਹੀ ਹੈ, ਧਾਰਮਿਕ ਘੱਟ ਗਿਣਤੀਆਂ ਖਾਸ ਕਰਕੇ ਮੁਸਲਮਾਨਾਂ, ਈਸਾਈਆਂ ਨੂੰ ਡਰਾਉਂਦੀ, ਧਮਕਾਉਂਦੀ ਅਤੇ ਕਤਲ ਕਰਦੀ/ਕਰਾਉਂਦੀ ਆ ਰਹੀ, ਸਿੱਖਾਂ ਨੂੰ ਹਿੰਦੂ ਦੱਸ ਕੇ ਉਹਨਾਂ ਦੀ ਨਿਆਰੀ ਹੋਂਦ ਨੂੰ ਮਿਟਾਉਣ ਦੇ ਯਤਨਾਂ 'ਚ ਰੁੱਝੀ, ਦਲਿਤਾਂ, ਔਰਤਾਂ ਉੱਪਰ ਜਬਰ ਢਾਹੁੰਦੀ ਆ ਰਹੀ, ਭਾਜਪਾ ਦੀ ਫਾਸੀਵਾਦੀ ਹਕੂਮਤ ਪਹਿਲੀ ਵਾਰ ਲੋਕ ਰੋਹ 'ਚ ਬੁਰੀ ਤਰ੍ਹਾਂ ਘਿਰੀ ਹੋਈ ਨਜ਼ਰ ਆ ਰਹੀ ਹੈ। ਇਹ ਹਕੂਮਤ ਮਜ਼ਦੂਰਾਂ, ਭਾਰਤ 'ਚ ਵਸਦੀਆਂ ਵੱਖ ਕੌਮਾਂ, ਕਿਰਤੀ ਕਿਸਾਨਾਂ, ਔਰਤਾਂ, ਦਲਿਤਾਂ, ਆਦਿਵਾਸੀਆਂ, ਧਾਰਮਿਕ ਘੱਟ ਗਿਣਤੀਆਂ ਦੀ ਕੱਟੜ ਦੁਸ਼ਮਣ ਹੈ। ਪਿਛਲੇ 6 ਸਾਲਾਂ 'ਚ ਇਸਨੇ ਕਾਂਗਰਸ ਸਰਕਾਰਾਂ ਦੁਆਰਾ ਲਿਆਂਦੀਆਂ ਨੀਤੀਆਂ ਨੂੰ ਤੇਜ਼ੀ ਨਾਲ਼ ਲਾਗੂ ਕਰਕੇ, ਸੰਕਟਗ੍ਰਸਤ ਭਾਰਤੀ ਸਰਮਾਏਦਾਰੀ ਦੀ ਸੰਕਟ ਮੋਚਕ ਬਣਨ ਦੇ ਯਤਨਾਂ 'ਚ, ਇਹਨਾਂ ਸਭ ਦਾ ਕਚੂੰਮਰ ਕੱਢਿਆ ਹੈ। ਅਖੌਤੀ ਕਰੋਨਾ ਕਾਲ 'ਚ, ਇੱਕ ਮੌਸਮੀ ਫਲੂ ਨੂੰ ਮਹਾਂਮਾਰੀ ਐਲਾਨ ਕੇ ਲੋਕਾਂ ਉੱਪਰ ਅਸਹਿ ਅਤੇ ਅਕਹਿ ਮੁਸੀਬਤਾਂ ਦਾ ਭਾਰ ਲੱਦਿਆ। ਹੁਣ ਖੇਤੀ ਕਨੂੰਨਾਂ ਵਿਰੁੱਧ ਉੱਠੀ ਲੋਕ ਲਹਿਰ 'ਚ ਲੋਕਾਂ ਦਾ, ਇਸ ਹਕੂਮਤ ਵਿਰੁੱਧ ਤਰ੍ਹਾਂ ਤਰ੍ਹਾਂ ਦਾ ਗੁੱਸਾ ਹੜ੍ਹ ਬਣ ਵਗਿਆ ਹੈ।

ਹੁਣ ਜਦੋਂ ਖੇਤੀ ਕਨੂੰਨਾਂ ਦੇ ਮਾਮਲੇ ਉੱਪਰ ਮੋਦੀ ਹਕੂਮਤ ਬੁਰੀ ਤਰ੍ਹਾਂ ਘਿਰੀ ਹੋਈ ਹੈ ਤਾਂ ਇਸਦੇ ਸਾਮਰਾਜੀ ਜੋਟੀਦਾਰ ਵੀ ਇਸਦੀ ਪਿੱਠ ਉੱਪਰ ਆਣ ਖੜ੍ਹੇ ਹਨ। ਅਮਰੀਕਾ ਦੀ ਬਾਈਡਨ ਸਰਕਾਰ ਅਤੇ ਕੌਮਾਂਤਰੀ ਮੁਦਰਾ ਕੋਸ਼ ਨੇ ਖੇਤੀ ਕਨੂੰਨਾਂ ਦੇ ਮਾਮਲੇ ਉੱਪਰ ਮੋਦੀ ਸਰਕਾਰ ਦੀ ਪਿੱਠ ਥਾਪੜੀ ਹੈ। ਇਹ ਖੇਤੀ ਕਨੂੰਨ ਹਰ ਹਾਲ ਲਾਗੂ ਕਰਨ ਦੀ ਮੋਦੀ ਹਕੂਮਤ ਦੀ ਅੜੀ ਅਤੇ ਕੌਮਾਂਤਰੀ ਮੁਦਰਾ ਕੋਸ਼ ਵਲੋਂ ਮੋਦੀ ਹਕੂਮਤ ਦੀ ਪਿੱਠ 'ਤੇ ਆਉਣਾ ਇਸ ਗੱਲ 'ਚ ਕੋਈ ਭੁਲੇਖਾ ਨਹੀਂ ਰਹਿਣ ਦਿੰਦਾ ਕਿ ਇਹ ਕਨੂੰਨ ਕਿਸਦੇ ਹੱਕ 'ਚ ਹਨ ਅਤੇ ਕਿਸਦੇ ਵਿਰੋਧ 'ਚ। ਭਾਵ ਇਹ ਦੇਸੀ ਅਤੇ ਸਾਮਰਾਜੀ ਸਰਮਾਏ ਦੇ ਹੱਕ 'ਚ ਹਨ ਅਤੇ ਦੇਸ਼ ਦੀ ਵਿਸ਼ਾਲ ਕਿਰਤੀ ਲੋਕਾਈ ਦੇ ਵਿਰੋਧ 'ਚ।

**ਲਲਕਾਰ 'ਚੋਂ ਧੰਨਵਾਦ ਸਹਿਤ**

# 23 ਮਾਰਚ ਦੀ ਸ਼ਾਨਾਮੱਤੀ ਵਿਰਾਸਤ ਅਤੇ ਅਜੋਕਾ ਮਹਾ-ਅੰਦੋਲਨ

ਗ਼ਦਰੀਆਂ, ਬੱਬਰ ਅਕਾਲੀਆਂ ਅਤੇ ਭਗਤ ਸਿੰਘ ਤੇ ਉਹਨਾਂ ਦੇ ਸਾਥੀਆਂ ਦੀ ਹਰਮਨਪਿਆਰਤਾ ਨੂੰ ਦੇਖਦਿਆਂ ਉਹਨਾਂ ਦੀ ਕੁਰਬਾਨੀ ਨੂੰ ਸਿਜਦਾ ਕਰਨ ਦਾ ਢੰਭ ਜ਼ਰੂਰ ਕਰਦੀਆਂ ਹਨ ਲੇਕਿਨ ਉਹਨਾਂ ਦੀ ਇਨਕਲਾਬੀ ਵਿਚਾਰਧਾਰਾ ਅਤੇ ਕੁਰਬਾਨੀ ਦੇ ਉਦੇਸ਼ ਉੱਪਰ ਚਲਾਕੀ ਨਾਲ ਪਰਦਾ ਪਾਉਂਦੀਆਂਹਨ। ਲਿਹਾਜ਼ਾ ਸ਼ਹੀਦਾਂ ਨੂੰ ਯਾਦ ਕਰਦਿਆਂ ਉਹਨਾਂ ਦੀ ਵਿਚਾਰਧਾਰਾ ਅਤੇ ਕੁਰਬਾਨੀ ਦੇ ਉਦੇਸ਼ ਨੂੰ ਲੋਕਾਂ ਦੀ ਸੂਝ ਅਤੇ ਚੇਤਨਾ ਦਾ ਹਿੱਸਾ ਬਣਾਉਣਾ ਸ਼ਹੀਦਾਂ ਦੇ ਸੱਚੇ ਵਾਰਿਸਾਂ ਅੱਗੇ ਬਹੁਤ ਬੜੀ ਚੁਣੌਤੀ ਹੈ।

ਅਤੀਤ ਵਿਚ ਹੋਏ ਸ਼ਹੀਦਾਂ, ਸੂਰਮਿਆਂ ਨੂੰ ਯਾਦ ਕਰ ਲੈਣਾ ਹੀ ਕਾਫ਼ੀ ਨਹੀਂ ਹੈ, ਉਹਨਾਂ ਵੱਲੋਂ ਲੜੇ ਜਾਨ-ਹੂਲਵੇਂ ਸੰਘਰਸ਼ ਨੂੰ ਅਜੋਕੇ ਸੰਘਰਸ਼ਾਂ ਦੀ ਪ੍ਰੇਰਣਾ ਦੇ ਰੂਪ 'ਚ ਦੇਖਣਾ ਅਤੇ ਅਵਾਮ ਦੀ ਬਦਲਾਓ ਦੀ ਤਾਂਘ ਨੂੰ ਲੋਕ-ਮੁਕਤੀ ਲਈ ਸੰਘਰਸ਼ ਦੀ ਚੇਤਨਾ ਵਿਚ ਬਦਲਣਾ ਸਭ ਤੋਂ ਮਹੱਤਵਪੂਰਨ ਕਾਰਜਾਂ ਵਿੱਚੋਂ ਇਕ ਹੈ। ਇਹ ਕਾਰਜ ਪੰਜਾਬ ਵਿਚ ਕੇਂਦਰ ਸਰਕਾਰ ਵੱਲੋਂ ਪਾਸ ਕੀਤੇ ਕਾਲੇ ਕਾਨੂੰਨ ਵਿਰੁੱਧ ਸੰਘਰਸ਼ ਨੇ ਮੁਕਾਬਲਤਨ ਸੁਖਾਲਾ ਬਣਾ ਦਿੱਤਾ ਹੈ। ਸਮਾਜ ਦੇ ਵੱਖ-ਵੱਖ ਹਿੱਸੇ ਇਹ ਚੇਤਨਾ ਗ੍ਰਹਿਣ ਕਰਨ ਲਈ ਰੁਚਿਤ ਹਨ। ਬੇਸ਼ੱਕ ਇਸ ਸੰਘਰਸ਼ ਦੇ ਕੇਂਦਰ ਵਿਚ ਕਿਸਾਨ ਲਾਮਬੰਦੀ ਹੈ ਲੇਕਿਨ ਇਹ ਸੰਘਰਸ਼ ਵਰਗਾਂ, ਧਰਮਾਂ ਅਤੇ ਹੋਰ ਸਮਾਜੀ ਵੰਡੀਆਂ ਤੋਂ ਪਾਰ ਜਾ ਕੇ ਸਮਾਜ ਦੇ ਵੱਖ-ਵੱਖ ਹਿੱਸਿਆਂ ਨੂੰ ਕਲਾਵੇ ਵਿਚ ਲੈਣ ਵਾਲਾ ਮਹਾ-ਅੰਦੋਲਨ ਬਣ ਚੁੱਕਾ ਹੈ। ਪੰਜਾਬ ਦੀਆਂ ਸੰਘਰਸ਼ਸ਼ੀਲ ਕਿਸਾਨ ਜਥੇਬੰਦੀਆਂ ਦੀ ਅਗਵਾਈ ਹੇਠ ਸ਼ੁਰੂ ਹੋਏ ਇਸ ਸੰਘਰਸ਼ ਨੇ ਪੰਜਾਬ ਦਾ ਸਿਆਸੀ ਮਾਹੌਲ ਅਸਲੋਂ ਹੀ ਬਦਲ ਦਿੱਤਾ ਹੈ। ਅਵਾਮ ਦੇ ਮਨ-ਮਸਤਕ ਉੱਪਰ ਇਸ ਅੰਦੋਲਨ ਦਾ ਜ਼ਬਰਦਸਤ ਪ੍ਰਭਾਵ ਸਪਸ਼ਟ ਦੇਖਿਆ ਜਾ ਸਕਦਾ ਹੈ। ਇਹ ਪ੍ਰਭਾਵ ਪੰਜਾਬ ਤੱਕ ਹੀ ਸੀਮਤ ਨਹੀਂ ਰਿਹਾ। ਮਹਾ-ਅੰਦੋਲਨ ਦੇ ਦਿੱਲੀ ਵੱਲ ਕੂਚ ਤੋਂ ਬਾਦ ਹਰਿਆਣਾ ਅਤੇ ਅਗਲੇ ਦਿਨਾਂ ਵਿਚ ਹੋਰ ਬਹੁਤ ਸਾਰੇ ਰਾਜਾਂ ਵਿਚ ਵਿਸ਼ਾਲ ਕਿਸਾਨ ਉਭਾਰ ਅਤੇ ਲਾਮਬੰਦੀ ਇਸੇ ਮਹਾ-ਅੰਦੋਲਨ ਦੀ ਬਦੌਲਤ ਹੀ ਸੰਭਵ ਹੋਈ ਹੈ। ਭਗਵੇਂ ਹੁਕਮਰਾਨਾਂ ਨੂੰ ਹਰ ਥਾਂ ਹੀ ਕਿਸਾਨਾਂ ਦੇ ਤਿੱਖੇ ਵਿਰੋਧ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਮਹਿਜ਼ ਭਾਰਤ ਵਿਚ ਹੀ ਨਹੀਂ, ਇਸ ਮਹਾ-ਅੰਦੋਲਨ ਦਾ ਪ੍ਰਭਾਵ ਕੌਮਾਂਤਰੀ ਪੱਧਰ 'ਤੇ ਵੀ ਦੇਖਿਆ ਜਾ ਸਕਦਾ ਹੈ ਅਤੇ ਇਹ ਹੋਰ ਮੁਲਕਾਂ ਦੇ ਲੋਕਾਂ ਨੂੰ ਕਾਰਪੋਰੇਟ ਸਰਮਾਏਦਾਰਾ ਗ਼ਲਬੇ ਵਾਲੀ ਆਰਥਿਕਤਾ ਵਿਰੁੱਧ ਉੱਠਣ ਅਤੇ ਚੁਣੌਤੀ ਦੇਣ ਲਈ ਪ੍ਰੇਰਨਾ ਬਣ ਰਿਹਾ ਹੈ।

ਭਾਰਤ ਵਿਚ ਇਸ ਬੇਮਿਸਾਲ ਅੰਦੋਲਨ ਨੇ ਹਾਕਮ ਜਮਾਤੀ ਸਿਆਸਤ ਨੂੰ ਪਾਸੇ ਧੱਕ

(ਸਫ਼ਾ 1 ਦੀ ਬਾਕੀ)

ਕੇ ਅਤੇ ਉਹਨਾਂ ਨੂੰ ਵਕਤੀ ਤੌਰ 'ਤੇ ਗ਼ੈਰਪ੍ਰਸੰਗਿਕ ਬਣਾ ਕੇ ਯੁਗ-ਪਲਟਾਊ ਬਦਲਾਓ ਦੇ ਪ੍ਰਫੁੱਲਤ ਹੋਣ ਲਈ ਮੁੱਢਲੇ ਹਾਲਾਤ ਪੈਦਾ ਕਰ ਦਿੱਤੇ ਹਨ। ਪੰਜਾਬ ਵਿਚ ਲੋਕ-ਦੁਸ਼ਮਣ ਤਾਕਤਾਂ ਇਸ ਬਦਲਾਓ ਦੀ ਸੰਭਾਵਨਾ ਦਾ ਬੀਜ-ਨਾਸ਼ ਕਰਨ ਲਈ ਅਤੇ ਆਪਣੀ ਖੁੱਸ ਚੁੱਕੀ ਚੌਧਰ ਅਤੇ ਗ਼ਲਬੇ ਨੂੰ ਮੁੜ-ਬਹਾਲ ਕਰਨ ਲਈ ਬੁਰੀ ਤਰ੍ਹਾਂ ਤਰਲੋਮੱਛੀ ਹੋ ਰਹੀਆਂ ਹਨ। ਉਹ ਮਹਾ-ਅੰਦੋਲਨ ਨੂੰ ਸੱਟ ਮਾਰਨ ਲਈ ਵੱਖ-ਵੱਖ ਤਰੀਕਿਆਂ ਨਾਲ ਸਰਗਰਮ ਹਨ। ਪਿਛਾਖੜੀ ਏਜੰਡਿਆਂ ਵਾਲੀਆਂ ਹੋਰ ਤਾਕਤਾਂ ਇਸ ਬੇਮਿਸਾਲ ਉਭਾਰ ਉੱਪਰ ਚਲਾਕੀ ਨਾਲ ਕਬਜ਼ਾ ਕਰਕੇ ਅਤੇ ਅਵਾਮ ਨੂੰ ਵਰਗਲਾ ਕੇ ਆਪਣੇ ਮਗਰ ਲਾਉਣ ਲਈ ਹਰ ਹਰਬਾ ਇਸਤੇਮਾਲ ਕਰ ਰਹੀਆਂ ਹਨ। ਇਹਨਾਂ ਹਾਲਾਤ ਵਿਚ ਅਵਾਮੀ ਉਭਾਰ ਨੂੰ ਯੁਗ-ਪਲਟਾਊ ਰਾਜਸੀ ਚੇਤਨਾ ਵਿਚ ਬਦਲਣ ਦੀ ਜ਼ਿੰਮੇਵਾਰੀ ਪੰਜਾਬ ਦੀਆਂ ਸੱਚੀਆਂ ਤਬਦੀਲੀਪਸੰਦ, ਸੱਚੀਆਂ ਇਨਕਲਾਬੀ ਤਾਕਤਾਂ ਉੱਪਰ ਹੈ। ਮਾਰਚ ਮਹੀਨੇ ਦੇ ਸ਼ਹੀਦਾਂ ਦੀ ਵਿਰਾਸਤ ਨੂੰ ਆਤਮਸਾਤ ਕਰਾਉਣ ਲਈ ਹੰਭਲਾ ਇਸ ਵਿਚ ਮਹੱਤਵਪੂਰਨ ਭੂਮਿਕਾ ਨਿਭਾ ਸਕਦਾ ਹੈ।

ਸਮੂਹ ਲੋਕਪੱਖੀ ਤਾਕਤਾਂ ਨੂੰ ਵਿਸ਼ੇਸ਼ ਯਤਨ ਜੁਟਾ ਕੇ ਅਵਾਮ ਨੂੰ ਸਿਖਿਅਤ ਕਰਨਾ ਚਾਹੀਦਾ ਹੈ ਕਿ ਸ਼ਹੀਦ ਭਗਤ ਸਿੰਘ ਅਤੇ ਉਹਨਾਂ ਦੇ ਸਾਥੀਆਂ ਵੱਲੋਂ ਦਿੱਤੇ ਦੋ ਨਾਅਰਿਆਂ, 'ਇਨਕਲਾਬ ਜ਼ਿੰਦਾਬਾਦ!' ਅਤੇ 'ਸਾਮਰਾਜਵਾਦ ਮੁਰਦਾਬਾਦ!' ਦੇ ਮਾਇਨੇ ਕੀ ਹਨ। ਸ਼ਹੀਦ ਭਗਤ ਸਿੰਘ ਅਤੇ ਉਹਨਾਂ ਦੇ ਸਾਥੀਆਂ ਨੇ ਐਲਾਨ ਕੀਤਾ ਸੀ ਕਿ 'ਜਦ ਤੱਕ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਖ਼ਤਮ ਨਹੀਂ ਹੁੰਦੀ ਉਦੋਂ ਤੱਕ ਸੰਘਰਸ਼ ਜਾਰੀ ਰਹੇਗਾ।' ਭਾਰਤੀ ਹਾਕਮ ਜਮਾਤਾਂ ਵੱਲੋਂ ਅਪਣਾਇਆ 'ਖੁੱਲ੍ਹੀ ਮੰਡੀ' ਦਾ ਮਾਡਲ ਕਿਰਤੀ ਲੋਕਾਂ ਦੀ ਧਾੜਵੀ ਲੁੱਟਖਸੁੱਟ ਨੂੰ ਹੋਰ ਬੇਕਿਰਕ ਬਣਾਉਣ ਅਤੇ ਕੁਦਰਤੀ ਵਸੀਲਿਆਂ ਨੂੰ ਆਪਣੇ ਸੁਪਰ-ਮੁਨਾਫ਼ੇ ਯਕੀਨੀ ਬਣਾਉਣ ਲਈ ਹੋਰ ਵੀ ਬੇਕਿਰਕੀ ਨਾਲ ਨਿਚੋੜਨ ਦਾ ਮਾਡਲ ਹੈ। ਖੇਤੀ ਖੇਤਰ ਉੱਪਰ ਮੁਕੰਮਲ ਕਬਜ਼ੇ ਦਾ ਸੰਦ ਮੌਜੂਦਾ ਕਾਲੇ ਕਾਨੂੰਨ ਕਾਰਪੋਰੇਟ ਸਰਮਾਏ ਦੀ ਜਕੜ ਨੂੰ ਹੋਰ ਪੀਡੀ ਕਰਨ ਲਈ ਬਣਾਏ ਗਏ ਹਨ ਜੋ ਅਮੀਰ-ਗਰੀਬ ਦਰਮਿਆਨ ਮੌਜੂਦਾ ਪਾੜੇ ਨੂੰ ਤੇਜ਼ੀ ਨਾਲ ਜ਼ਰਬਾਂ ਦੇਣਗੇ। ਲਿਹਾਜ਼ਾ, ਸਾਡੇ ਸਮਾਜ ਨੂੰ ਨਿਚੋੜ ਰਹੀ ਲੁੱਟਖਸੁੱਟ, ਦਾਬੇ ਅਤੇ ਹਰ ਤਰ੍ਹਾਂ ਦੇ ਵਿਤਕਰੇ ਤੋਂ ਮੁਕਤੀ ਲਈ ਅਤੇ ਸੱਚੀ ਤਰੱਕੀ ਲਈ ਸਾਮਰਾਜੀ ਸਰਮਾਏ ਦੇ ਇਸ ਗ਼ਲਬੇ ਨੂੰ ਤੋੜਨਾ ਪਵੇਗਾ ਅਤੇ ਸਮਾਜੀ ਪਾੜੇ ਅਤੇ ਡੂੰਘੀ ਨਾਬਰਾਬਰੀ ਦੀ ਜੜ੍ਹ ਵੱਢਣੀ ਪਵੇਗੀ। ਇਹ ਮੌਜੂਦਾ ਰਾਜ ਪ੍ਰਬੰਧ ਦਾ ਮੁਕੰਮਲ ਖ਼ਾਤਮਾ ਕਰਕੇ ਹੀ ਸੰਭਵ ਹੈ, ਨਹੀਂ ਤਾਂ 'ਗੋਰੇ ਅੰਗਰੇਜ਼ ਦੀ ਥਾਂ ਆਏ ਕਾਲੇ ਅੰਗਰੇਜ਼' ਬਦਲ-ਬਦਲ ਕੇ ਭਾਰਤ ਉੱਪਰ ਰਾਜ ਕਰਦੇ ਰਹਿਣਗੇ ਅਤੇ ਲੋਟੂ ਢਾਂਚਾ ਸਰਕਾਰ-ਬਦਲੀ ਦੇ ਪਰਦੇ ਹੇਠ ਨਿਰਵਿਘਨ ਕੰਮ ਕਰਦਾ ਰਹੇਗਾ। ਸ਼ਹੀਦ ਭਗਤ ਸਿੰਘ ਨੇ ਕਿਹਾ ਸੀ, "ਸਾਮਰਾਜ ਡਾਕੇ ਮਾਰਨ ਦੀ ਸਾਜ਼ਿਸ਼ ਤੋਂ ਬਿਨਾ ਕੁਝ ਨਹੀਂ, ਇਹ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਦੀ ਸਿਖ਼ਰ ਹੈ।" ਉਹਨਾਂ ਸਪਸ਼ਟ ਕਿਹਾ ਸੀ, "ਇਨਕਲਾਬ ਦੇ ਇਸ ਸਦੀ ਵਿਚ ਇਕ ਹੀ ਮਤਲਬ ਹੋ ਸਕਦੇ ਹਨ -ਜਨਤਾ ਲਈ, ਜਨਤਾ ਦਾ ਰਾਜਨੀਤਕ ਤਾਕਤ ਤੇ ਕਬਜ਼ਾ। ਸਾਮਰਾਜਵਾਦੀਆਂ ਨੂੰ ਗੱਦੀਓਂ ਲਾਹੁਣ ਲਈ ਭਾਰਤ ਦਾ ਇਕੋ ਇਕ ਹਥਿਆਰ ਕਿਰਤੀ ਇਨਕਲਾਬ ਹੈ। ਕੋਈ ਹੋਰ ਚੀਜ਼ ਇਸ ਉਦੇਸ਼ ਦੀ ਪੂਰਤੀ ਨਹੀਂ ਕਰ ਸਕਦੀ।" ਉਹ ਇਸ ਬਾਬਤ ਪੂਰੇ ਸਪਸ਼ਟ ਸਨ ਕਿ ਇਨਕਲਾਬ ਨਿਰਾ ਸਿਆਸੀ ਰਾਜ-ਪਲਟਾ ਨਹੀਂ। ਇਹ ਸਮਾਜੀ ਪ੍ਰਬੰਧ ਦੇ ਹਰ ਪਹਿਲੂ ਦੀ ਕਾਇਆਪਲਟੀ ਹੈ।

ਕਾਲੇ ਕਾਨੂੰਨਾਂ ਵਿਰੁੱਧ ਮਹਾ-ਅੰਦੋਲਨ ਦੀ ਕਾਮਯਾਬੀ ਲਈ ਅਤੇ ਦੇਸ਼ ਦੇ ਲੋਕਾਂ ਦੇ ਮਹਿਫ਼ੂਜ਼ ਭਵਿੱਖ ਲਈ ਇਸ ਚੇਤਨਾ ਦਾ ਵਸੀਹ ਪੈਮਾਨੇ 'ਤੇ ਸੰਚਾਰ ਅਤੇ ਪਸਾਰਾ ਅੱਜ ਇਕ ਅਣਸਰਦੀ ਲੋੜ ਹੈ।

# ਲੋਕਾਂ ਨੂੰ ਪਰਣਾਈ ਜ਼ਿੰਦਗੀ ਸਰੀ ਲਤਾ ਸਵਾਮੀਨਾਥਨ



ਹਰੀਪਾਲ
403-714-4816

ਇਸ ਦੁਨੀਆਂ ਵਿੱਚ ਲੱਖਾਂ ਕਰੋੜਾਂ ਲੋਕ ਜਨਮ ਲੈਂਦੇ ਹਨ ਅਤੇ ਲੱਖਾਂ ਕਰੋੜਾਂ ਲੋਕ ਮਰਦੇ ਹਨ। ਪਰ ਕੁੱਝ ਲੋਕ ਹੁੰਦੇ ਹਨ ਜੋ ਸਮੇਂ ਦੀ ਰੇਤ ਤੇ ਆਪਦੀਆਂ ਪੈੜਾਂ ਦੇ ਨਿਸ਼ਾਨ ਸਦਾ ਲਈ ਛੱਡ ਜਾਂਦੇ ਹਨ। ਸਰੀ ਲਤਾ ਸਵਾਮੀਨਾਥਨ ਉਹਨਾਂ ਲੋਕਾਂ ਵਿੱਚੋਂ ਇੱਕ ਸੀ ਜਿਸਨੂੰ ਕਿਰਤੀ ਲੋਕਾਂ ਦਾ ਇਤਿਹਾਸ ਕਦੇ ਵੀ ਨਹੀਂ ਭੁਲਾਵੇਗਾ। ਸਰੀ ਲਤਾ ਇੱਕ ਇਨਕਲਾਬੀ, ਬੇ-ਖੌਫ ਫਾਈਟਰ ਅਤੇ ਇਸ ਵਿਸਵਾਸ਼ ਨਾਲ਼ ਭਰੀ ਹੋਈ ਸੀ ਕਿ ਅਸੀਂ ਇਸ ਸਮਾਜ ਵਿੱਚ ਮੁੱਢਲੀਆਂ ਤਬਦੀਲੀਆਂ ਲਿਆ ਸਕਦੇ ਹਾਂ। ਸਰੀ ਲਤਾ ਨੇ ਰਾਜਿਸਥਾਨ ਦੇ ਇੱਕ ਪਛੜੇ ਹੋਏ ਪਿੰਡ ਧੰਤਾਲੀ ਵਿੱਚ ਜ਼ਿੰਦਗੀ ਦੇ 40 ਵਰ੍ਹੇ ਬਤੀਤ ਕੀਤੇ। ਉਹ ਆਦੀਵਾਸੀ ਲੋਕਾਂ ਵਿੱਚ ਰਹੀ, ਉਹਨਾਂ ਦੇ ਦੁੱਖ ਸੁੱਖ ਵੰਡਾਏ ਅਤੇ ਉਹਨਾਂ ਨਾਲ਼ ਰਹਿ ਕੇ ਉਹਨਾਂ ਦੀ ਜੀਵਨ ਜਾਚ ਸਿੱਖੀ। ਸਰੀ ਲਤਾ ਸਵਾਮੀਨਾਥਨ ਦਾ ਜਨਮ 29 ਅਪਰੈਲ 1944 ਨੂੰ ਇੱਕ ਚੰਗੇ ਖਾਂਦੇ ਪੀਂਦੇ ਮੱਧਵਰਗੀ, ਰਾਜਨੀਤਿਕ ਪਰਵਾਰ ਵਿੱਚ ਹੋਇਆ। ਉਸਦੀ ਫੈਮਿਲੀ ਦੀ ਜਵਾਹਰ ਲਾਲ ਨਹਿਰੂ ਅਤੇ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨਾਲ਼ ਨੇੜਤਾ ਰਹੀ। ਉਸਦੀ ਦਾਦੀ ਐਮੂ ਸਵਾਮੀਨਾਥਨ ਪੰਜ ਵਾਰ ਚੈਨਈ ਤੋਂ ਮੈਂਬਰ ਪਾਰਲੀਮੈਂਟ ਚੁਣੀ ਗਈ। ਸੁਭਾਸ਼ ਚੰਦਰ ਬੋਸ ਦੀ ਸਾਥੀ ਰਹੀ ਕੈਪਟਨ ਲਕਸ਼ਮੀ ਸਹਿਗਲ ਜਿਸਨੇ ਏ. ਪੀ. ਜੇ. ਅਬਦੁਲ ਕਲਾਮ ਦੇ ਉਲਟ ਰਾਸ਼ਟਰਪਤੀ ਦੀ ਚੋਣ ਲੜੀ ਸੀ, ਉਸਦੀ ਆਂਟੀ ਸੀ। ਐਡੇ ਵੱਡੇ ਸਰਦੇ ਵਰਦੇ ਪਰਿਵਾਰ ਦੀ ਧੀ ਸਵਾਮੀਨਾਥਨ ਨੇ ਆਪਦੀ ਜ਼ਿੰਦਗੀ, ਆਦੀਵਾਸੀ ਲੋਕਾਂ ਦੀ ਭਲਾਈ ਲਈ ਅਰਪਣ ਕਰ ਦਿੱਤੀ। ਧੰਤਾਲੀ ਰਾਜਿਸਥਾਨ ਪਿੰਡ ਨੂੰ ਨਾ ਕੋਈ ਸੜਕ ਜਾਂਦੀ ਸੀ ਅਤੇ ਨਾ ਹੀ ਬਿਜਲੀ ਵਗੈਰਾ ਪਹੁੰਚੀ ਸੀ। ਇਸ ਪਿੰਡ ਦੇ ਆਦੀਵਾਸੀ ਲੋਕਾਂ ਦੀ ਸਰਕਾਰੇ ਦਰਬਾਰੇ ਕੋਈ ਪਹੁੰਚ ਨਹੀਂ ਸੀ ਨਾ ਹੀ ਕੋਈ ਪੁੱਛ ਪੜਤਾਲ਼ ਸੀ। ਸਵਾਮੀਨਾਥਨ ਉਹਨਾਂ ਲਈ ਰਾਹ-ਦਸੇਰਾ ਬਣੀ ਤਾਂ ਕਿ ਉਹ ਵੀ ਚੰਗੀ ਜ਼ਿੰਦਗੀ ਜਿਉਂ ਸਕਣ।

ਪਹਿਲਾਂ ਪਹਿਲਾਂ ਕਾਲਜ ਦੇ ਸਮੇਂ ਸਵਾਮੀਨਾਥਨ ਦਾ ਝੁਕਾਅ, ਥੀਏਟਰ ਵੱਲ ਸੀ। ਉਸਨੇ ਨੈਸ਼ਨਲ ਸਕੂਲ ਆਫ ਡਰਾਮਾ ਵਿੱਚ ਦਾਖਲਾ ਲਿਆ ਅਤੇ ਥੀਏਟਰ ਦੀਆਂ ਬਰੀਕੀਆਂ ਸਿੱਖੀਆਂ। ਥੀਏਟਰ ਦੀ ਉਚ ਸਿਖਿਆ ਲਈ ਉਹ ਲੰਡਨ ਵੀ ਗਈ ਅਤੇ ਵਾਪਸ ਆ ਕੇ ਕੁੱਝ ਚਿਰ ਨੈਸ਼ਨਲ ਸਕੂਲ ਆਫ ਡਰਾਮਾਂ ਵਿੱਚ ਅਧਿਆਪਕ ਵੀ ਰਹੀ। ਨੈਸ਼ਨਲ ਸਕੂਲ ਆਫ ਡਰਾਮਾਂ ਵਿੱਚ ਪੜ੍ਹਾਉਂਦਿਆਂ ਉਹ ਨਸੀਰਦੀਨ ਸ਼ਾਹ ਅਤੇ ਓਮ ਪੁਰੀ ਦੀ ਟੀਚਰ ਵੀ ਰਹੀ । ਨਸੀਰਦੀਨ ਸ਼ਾਹ ਨੇ ਬਾਦ ਵਿੱਚ ਸਵਾਮੀਨਾਥਨ ਦੇ ਕੰਮਾਂ ਵਿੱਚ ਮਾਇਕ ਸਹਾਇਤਾ ਵੀ ਭੇਜੀ। ਉਹ ਪਾਰਟੀ ਕੇਸਾਂ ਵਿੱਚ, ਮੁਜਾਹਰਿਆਂ ਵਿੱਚ ਪੂਰੀ ਸ਼ਿੱਦਤ ਨਾਲ਼ ਹਿੱਸਾ ਲੈਂਦੀ ਸੀ। ਇੱਕ ਵਾਰ ਰਾਜਸਥਾਨ ਦੇ ਮੁੱਖ ਮੰਤਰੀ ਭੈਰੋਂ ਸਿੰਘ ਸ਼ੇਖਾਵਤ ਦੇ ਵਿਰੁੱਧ ਮੁਜ਼ਾਹਰੇ ਵਿੱਚ, ਉਸਨੇ ਐਨੇ ਜੋਸ਼ ਨਾਲ਼ ਨਾਹਰੇ ਲਾਏ ਅਤੇ ਆਪਦੀ ਛਾਤੀ ਪਿੱਟਣੀ ਸ਼ੁਰੂ ਕੀਤੀ ਕਿ ਮੁਜਾਹਰਾਕਾਰੀ ਲੋਕਾਂ ਦੇ ਅੱਖਾਂ ਵਿੱਚ ਅੱਥਰੂ ਆ ਗਏ। ਸਨ 1972 ਵਿੱਚ ਉਸਨੇ ਸੀ ਪੀ ਆਈ (ਐਮ ਐਲ) ਲਿਬਰੇਸ਼ਨ ਜੁਆਇਨ ਕਰ ਲਈ ਅਤੇ ਮੇਹਰੌਲੀ ਵਿੱਚ ਖੇਤ ਮਜ਼ਦੂਰਾਂ ਨੂੰ ਜੱਥੇਬੰਦ ਕਰਨਾ ਸ਼ੁਰੂ ਕੀਤਾ। ਦਿੱਲੀ ਵਿੱਚ ਵੀ ਉਸਨੇ ਹੋਟਲ ਵਿੱਚ ਕੰਮ ਕਰਨ ਵਾਲ਼ੇ ਕਾਮਿਆਂ ਦੀ ਯੂਨੀਅਨ ਬਣਾਈ। ਐਮਰਜੈਂਸੀ ਦੇ ਦੌਰ ਵਿੱਚ ਉਸਨੂੰ ਕੈਦ ਕਰ ਲਿਆ ਗਿਆ। ਦਿੱਲੀ ਦੀ ਤਿਹਾੜ ਜੇਲ਼ ਵਿੱਚ ਉਸਨੇ ਦਸ ਮਹੀਨੇ ਦੀ ਜੇਲ਼ ਕੱਟੀ। ਇਸੇ ਹੀ ਸਮੇਂ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਉਸ ਦੀ ਦਾਦੀ ਨੂੰ ਚੈਨਈ ਜਾ ਕੇ 'ਲੇਡੀ ਆਫ ਦਾ ਯੀਅਰ' ਅਵਾਰਡ ਨਾਲ਼ ਸਨਮਾਨਿਤ ਕੀਤਾ। ਤਿਹਾੜ ਜੇਲ਼ ਵਿੱਚ ਕੈਦ ਕੱਟਣ ਤੋਂ ਬਾਅਦ ਸਵਾਮੀਨਾਥਨ ਨੂੰ ਸਿਰਫ ਚੈਨਈ ਵਿੱਚ ਰਹਿਣ ਲਈ ਮਜ਼ਬੂਰ ਕੀਤਾ ਗਿਆ। ਚੇਨਈ ਵਿੱਚ ਰਹਿੰਦਿਆਂ ਉਸਨੇ ਬੰਦਰਗਾਹ ਤੇ ਕੰਮ ਕਰਨ ਵਾਲ਼ੇ ਕਾਮਿਆਂ ਨੂੰ ਜੱਥੇਬੰਦ ਕਰਨਾ ਸ਼ੁਰੂ ਕੀਤਾ। ਸਰੀ ਲਤਾ ਨੇ ਚੇਨਈ ਦੇ ਕਿਸਾਨਾਂ ਅਤੇ ਭਵਨ-ਨਿਰਮਾਣ ਕਾਮਿਆਂ ਵਿੱਚ ਵੀ ਕੰਮ ਕੀਤਾ।




1977 ਵਿੱਚ ਐਮਰਜੈਂਸੀ ਹਟਣ ਤੋਂ ਬਾਦ ਸਰੀ ਲਤਾ ਵਾਪਸ ਦਿੱਲੀ ਪਰਤ ਆਈ ਤੇ 1978 ਵਿੱਚ ਉਸ ਨੇ ਆਪਦੇ ਕੰਮ ਕਰਨ ਦਾ ਏਰੀਆ ਰਾਜਸਥਾਨ ਸ਼ਿਫਟ ਕਰ ਲਿਆ। ਰਾਜਸਥਾਨ ਵਿੱਚ ਉਸ ਨੇ ਆਦੀਵਾਸੀ ਲੋਕਾਂ, ਔਰਤਾਂ ਖਾਣਾਂ ਦੇ ਮਜ਼ਦੂਰਾਂ ਨੂੰ ਜੱਥੇਬੰਦ ਕਰਨ ਲਈ ਕੰਮ ਕੀਤਾ। ਉਸਦੀ ਇੱਕ ਦੋਸਤ ਦੇ ਦੱਸਣ ਅਨੁਸਾਰ, ਸੁੰਨਸਾਨ ਜੰਗਲ਼ ਵਿੱਚ ਜੀਪ ਚਲਾਉਂਦਿਆ ਇੱਕ ਵਾਰ ਜੀਪ ਦਾ ਟਾਇਰ ਫਲੈਟ ਹੋ ਗਿਆ, ਤਾਂ ਉਸ ਨੇ ਟੈਰ ਲਾਹਿਆ ਅਤੇ ਇੱਕ ਟਰੱਕ ਨੂੰ ਹੱਥ ਦੇ ਕੇ ਰੋਕ ਕੇ ਉਸ ਨਾਲ਼ ਗਈ ਤੇ ਟੈਰ ਦਾ ਪੈਂਚਰ ਲਵਾ ਕੇ ਮੁੜ ਆਈ ਐਨੇ ਸਮੇਂ ਵਿੱਚ ਉਸਦੀ ਦੋਸਤ ਦਾ ਡਰ ਦੇ ਮਾਰੇ ਬੁਰਾ ਹਾਲ ਹੋ ਗਿਆ। ਕਿੰਨੇ ਹੀ ਕੇਸਾਂ ਵਿੱਚ ਜਿੰਨਾਂ ਵਿੱਚ ਆਦੀਵਾਸੀ ਔਰਤਾਂ ਨਾਲ਼ ਬਲਾਤਕਾਰ ਹੋਏ ਸੀ ਉਸਨੇ ਮੁਜਾਹਰੇ ਕਰਕੇ ਮੀਡੀਏ ਦੇ ਸਾਹਮਣੇ ਲਿਆਂਦੇ ਅਤੇ ਬਲਾਤਕਾਰੀਆਂ ਨੂੰ ਸਜਾ ਦਿਵਾਈ। ਇੱਕ ਵਾਰ ਉਸਨੇ ਆਦੀਵਾਸੀ ਮਸਲਿਆਂ ਵਾਰੇ ਵਿਚਾਰ ਕਰਨ ਲਈ ਬਨਸਵਾਰਾ ਵਿੱਚ ਇੱਕ ਮੀਟਿੰਗ ਸੱਦੀ, ਬਨਸਵਾਰਾ ਦਾ ਕੁਲੈਕਟਰ ਆਦੀਵਾਸੀ ਲੋਕਾਂ ਬਾਰੇ ਕਾਫੀ ਗਲਤ ਬੋਲਿਆ ਤਦ ਸਰੀ ਲਤਾ ਨੇ ਉਸ ਨੂੰ ਆਦੀਵਾਸੀ ਲੋਕਾਂ ਤੋਂ ਮਾਫੀ ਮੰਗਣ ਲਈ ਮਜ਼ਬੂਰ ਕੀਤਾ। ਉਚ ਮੱਧਵਰਗੀ ਪਰਵਾਰ ਵਿੱਚ ਜੰਮੀ ਇਸ ਕੁੜੀ ਦਾ ਜੰਗਲ਼ ਵਿੱਚ ਆਦੀਵਾਸੀ ਲੋਕਾਂ ਨਾਲ਼ 40 ਸਾਲ ਰਹਿਣਾ ਇਹ ਦਰਸਾਉਂਦਾ ਹੈ ਕਿ ਉਹ ਲੋਕਾਂ ਭਲਾਈ ਨੂੰ ਪਰਣਾਈ ਹੋਈ ਇੱਕ ਸੱਚੀ ਮਾਰਕਸਵਾਦੀ ਸੀ। ਆਪਦੇ ਜੀਵਨ ਦੇ ਅਖੀਰਲੇ ਸਾਲਾਂ ਵਿੱਚ ਵੀ ਉਹ ਲੋਕਾਂ ਨੂੰ ਮਾਰਕਸਵਾਦੀ ਵਿਚਾਰਧਾਰਾ ਨਾਲ਼ ਲੈਸ ਕਰਦੀ ਰਹੀ। ਜਦ 1970 ਵਿੱਚ ਮਾਰਕਸਵਾਦੀ ਲੈਨਿਨਵਾਦੀ ਪਾਰਟੀ ਨੂੰ ਕਾਫੀ ਪਿੱਛੇ ਹਟਣਾ ਪਿਆ ਸੀ ਤਾਂ ਉਸ ਸਮੇਂ ਉਸਨੇ 'ਕਾਨੂੰ ਸਾਨਿਆਲ' ਨਾਲ਼ ਕੰਮ ਕੀਤਾ ਸੀ। ਕਾਨੂੰ ਸਾਨਿਆਲ ਹਮੇਸ਼ਾਂ ਹੀ ਉਸਦੀ ਪਾਰਟੀ ਅਤੇ ਲੋਕਾਂ ਦੀ ਭਲਾਈ ਲਈ ਪ੍ਰਤੀਬੱਧਤਾ ਤੋਂ ਪਰਭਾਵਤ ਰਿਹਾ। ਬਿਹਾਰ ਵਿੱਚ ਹੀ 'ਇੰਡੀਅਨ ਪੀਪਲਜ ਫਰੰਟ' ਦੀ ਚੜ੍ਹਤ ਸਮੇਂ ਉਹ ਬਹੁਤ ਪਰਭਾਵਤ ਹੋਈ। ਸਨ 1990 ਵਿੱਚ ਸਰੀ ਲਤਾ 'ਆਲ ਇੰਡੀਆ ਪ੍ਰੋਗਰੈਸਿਵ ਵੋਮੈਨ ਐਸੋਸੀਏਸ਼ਨ' ਦੀ ਪ੍ਰਧਾਨ ਚੁਣੀ ਗਈ। ਸੀ ਪੀ ਆਈ ਐਮ ਐਲ ਲਿਬਰੇਸ਼ਨ ਦੀ 1997 ਵਾਲ਼ੀ ਕਾਂਗਰਸ ਵਿੱਚ ਉਸ ਨੂੰ ਸੈਂਟਰਲ ਕਮੇਟੀ ਵਿੱਚ ਲੈ ਲਿਆ ਗਿਆ। ਸਨ 2013 ਤੱਕ ਜਦ ਤੱਕ, ਉਸਦੀ ਸਿਹਤ ਨੇ ਜਵਾਬ ਨਹੀਂ ਦਿੱਤਾ ਸਰੀ ਲਤਾ ਨੇ ਪਾਰਟੀ ਲਈ ਜੀਅ ਤੋੜ ਕੇ ਕੰਮ ਕੀਤਾ। ਸਰੀ ਲਤਾ ਕਈ ਸਾਲ ਪਾਰਟੀ ਦੀ 'ਆਲ ਇੰਡੀਆ ਸੈਂਟਰਲ ਕੌਂਸਲ ਆਫ ਟਰੇਡ ਯੂਨੀਅਨ' ਦੀ ਮੀਤ ਪਰਧਾਨ ਵੀ ਰਹੀ।

ਸਰੀ ਲਤਾ ਪੱਕੇ ਇਰਾਦੇ ਵਾਲ਼ੀ, ਬੇ-ਥਾਹ ਹੌਸਲਾ ਅਤੇ ਹਿੰਮਤਵਾਲ਼ੀ ਤੇ ਆਪਦੀ ਰਾਜਨੀਤਿਕ ਵਿਚਾਰਧਾਰਾ ਨੂੰ ਪ੍ਰਤੀਬੱਧ ਔਰਤ ਸੀ। ਉਹ ਐਨਾ ਕੰਮ ਕਰਨ ਦੇ ਬਾਵਜੂਦ ਵੀ ਖੁਸ਼ ਰਹਿੰਦੀ ਅਤੇ ਸਾਥੀ ਵਰਕਰਾਂ ਨੂੰ ਹਸਾਉਂਦੀ ਰਹਿੰਦੀ। ਆਪਦੀ ਖਰਾਬ ਸਿਹਤ ਵਿੱਚ ਵੀ ਉਸਨੇ ਗੀਤ ਗਾ ਕੇ ਅਤੇ ਰਿਕਾਰਡ ਕਰਕੇ ਐਪਵਾ ਦੀ ਕੌਮੀ ਕਾਨਫਰੰਸ ਵਿੱਚ ਭੇਜਿਆ।

ਆਪਦੀ ਫਲੈਕਸੀਬਲ ਵਿਚਾਧਾਰਾ ਕਰਕੇ ਉਹ ਸਾਰੀਆਂ ਜੱਥੇਬੰਦੀਆਂ ਵਿੱਚ ਪੁਲ਼ ਦਾ ਕੰਮ ਕਰਦੀ ਰਹੀ। ਅੰਤ ਉਸਦੀ ਸਿਹਤ ਬਹੁਤ ਡਾਊਨ ਹੋ ਗਈ ਅਤੇ ਉਸ ਨੇ 5 ਫਰਵਰੀ 2017 ਨੂੰ 74 ਸਾਲ ਦੀ ਉਮਰ ਵਿੱਚ ਉਦੇਪੁਰ ਵਿੱਚ ਪਰਾਣ ਤਿਆਗੇ। ਸਰੀ ਲਤਾ ਦੇ ਪਤੀ ਮਹਿੰਦਰ ਚੌਧਰੀ ਦੇ ਲਫਜ਼ਾਂ ਵਿੱਚ ਉਹ ਇੱਕ ਦਲੇਰ ਸਿਰੜੀ ਅਤੇ ਖੁਲੇਡੁਲੇ ਸੁਭਾਅ ਦੀ ਬੇਬਾਕ ਔਰਤ ਸੀ। ਉਹ ਐਨੀ ਬੇਬਾਕ ਸੀ ਕਿ ਇੱਕ ਵਾਰ ਉਸ ਨੇ ਰਾਜਸਥਾਨ ਦੇ ਮੁੱਖ ਮੰਤਰੀ ਭੈਰੋਂ ਸਿੰਘ ਸੇਖਾਵਤ ਨੂੰ ਵੀ ਇਹ ਕਹਿ ਦਿੱਤਾ ਸੀ ਕਿ 'ਜਮੀਨੀ ਸੁਧਾਰਾਂ ਦੀ ਗੱਲ ਕਰਦੇ ਕਰਦੇ ਕਿਤੇ ਇਹ ਦੇਸ਼ ਨਾ ਵੇਚ ਦਿਓ' ਜਦੋਂ ਸ਼ੇਖਾਵਤ ਨੇ ਜਮੀਨੀ ਸੁਧਾਰਾ ਬਾਰੇ ਆਲ ਪਾਰਟੀ ਮੀਟਿੰਗ ਸੱਦੀ ਸੀ। ਸਰੀ ਲਤਾ ਸਵਾਮੀਨਾਥਨ ਦੱਬੇ ਕੁਚਲ਼ੇ ਲੋਕਾਂ ਲਈ ਲੜਨ ਵਾਲ਼ੀ, ਅਣਥੱਕ ਵਰਕਰ ਨੂੰ ਆਦੀਵਾਸੀ ਲੋਕ ਹਮੇਸ਼ਾਂ ਇੱਕ ਮਸੀਹੇ ਦੇ ਤੌਰ 'ਤੇ ਯਾਦ ਕਰਦੇ ਹਨ ਅਤੇ ਕਰਦੇ ਰਹਿਣਗੇ।

# ਕਰਨਾਟਕ ਦੇ ਕਿਰਤੀਆਂ ਉੱਤੇ ਨਵੇਂ ਕਿਰਤ ਕੋਡਾਂ ਦੀ ਮਾਰ

ਡਾ ਬਲਜਿੰਦਰ

ਭਾਰਤ ਅੰਦਰ ਕਰਨਾਟਕ ਦੇ ਸੋਨੇ ਦੀਆਂ ਖਾਨਾਂ ਨਾਲ ਭਰਪੂਰ ਜ਼ਿਲ੍ਹੇ ਕੋਲਾਰ ਦੇ ਨਰਸਾਪੁਰਾ ਅੰਦਰ ਵਿਸਟਰੋਨ ਨਾਂ ਦੀ ਇਕ ਫੈਕਟਰੀ ਹੈ ਜਿਹੜੀ ਅਮਰੀਕਾ-ਕੈਲੀਫੋਰਨੀਆ ਲਈ ਆਈਫੋਨ ਤਿਆਰ ਕਰਦੀ ਹੈ। ਤਾਈਵਾਨ ਦੇ ਤਾਈਪਾਈ ਸਥਿਤ ਵਿਸਟਰੋਨ ਆਲਮੀ ਪੱਧਰ 'ਤੇ ਪ੍ਰਸਿੱਧ ਆਈਫੋਨ ਕੰਪਨੀ ਐਪਲ ਨੂੰ ਸਮਾਨ ਸਪਲਾਈ ਕਰਨ ਵਾਲੀ ਸੱਭ ਤੋਂ ਵੱਡੀ ਕੰਪਨੀ ਹੈ।



ਕਰੀਬ 10 ਹਜ਼ਾਰ ਮਜ਼ਦੂਰਾਂ ਵਾਲੀ ਇਸ ਫੈਕਟਰੀ 'ਚ ਕੰਮ ਕਰਦੇ ਮਜ਼ਦੂਰਾਂ ਦੀ ਉਮਰ 18 ਤੋਂ 25 ਸਾਲ ਦੇ ਕਰੀਬ ਹੈ। ਇਹ ਬਹੁਤਾ ਕਰਕੇ ਵਿਦਿਆਰਥੀ ਹੀ ਹਨ ਅਤੇ ਠੇਕੇ 'ਤੇ ਰੱਖੇ ਹੋਏ ਹਨ। ਬਹੁਤਾ ਕਰਕੇ ਇਹ ਵਿਦਿਆਰਥੀ ਕਰਨਾਟਕਾ ਦੇ ਪੰਜ ਜ਼ਿਲ੍ਹਿਆਂ ਦੇ ਹਨ ਅਤੇ ਤਿਲੰਗਾਨਾਂ 'ਚੋਂ ਵੀ ਆਉਂਦੇ ਹਨ। ਪਰ ਬੰਗਲੌਰ ਦੇ ਪੇਂਡੂ ਜ਼ਿਲ੍ਹੇ 'ਚੋਂ ਆਉਣ ਵਾਲੇ ਇਹਨਾਂ ਮਜ਼ਦੂਰਾਂ ਦੀ ਸੰਖਿਆ 20 ਪ੍ਰਤੀਸ਼ਤ ਬਣਦੀ ਹੈ।

12 ਦਸੰਬਰ 2020 ਨੂੰ ਫੈਕਟਰੀ ਖੇਤਰ 'ਚ ਹੀ ਮਜ਼ਦੂਰ ਜਦੋਂ ਆਪਣੇ ਹੱਕਾਂ ਲਈ ਜਦੋਜਹਿਦ ਕਰ ਰਹੇ ਸਨ ਤਾਂ ਉਹਨਾਂ ਉੱਤੇ ਕਰਨਾਟਕਾ ਪੁਲਸ ਵੱਲੋਂ ਅੰਨੇਵਾਹ ਜਬਰ ਢਾਹਿਆ ਗਿਆ। ਉਹਨਾਂ ਨੂੰ ਮੂਧੇ ਪਾ ਕੇ ਕੁੱਟਮਾਰ ਕੀਤੀ ਗਈ। 150 ਮਜ਼ਦੂਰਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਅਤੇ 7000 ਹੋਰਨਾਂ ਮਜ਼ਦੂਰਾਂ ਉਪਰ ਐਫਆਈਆਰ ਦਰਜ਼ ਕੀਤੀ ਗਈ। ਮਜ਼ਦੂਰਾਂ ਨੂੰ ਐਪਲ ਦੇ ਮਾਲਕ ਸਟੀਵ ਜ਼ਾਬਜ ਅਤੇ ਜੈਫ਼ ਲੈਕੋਸ ਦੇ ਜਰ ਖਰੀਦ ਗੁਲਾਮ ਬਨਾਉਣ ਵਾਲੀਆ ਹਾਲਤਾਂ ਪੈਦਾ ਕਰਨ ਵਾਲੀ ਵਿਸਟਰੋਨ ਨਾਲ ਮਜ਼ਦੂਰਾਂ ਦਾ ਰੱਟਾ ਉਹਨਾਂ ਨੂੰ ਮਿਲਣ ਵਾਲੀਆਂ ਤਨਖਾਹ ਨੂੰ ਲੈ ਕੇ ਸੀ। ਨੌਕਰੀ 'ਤੇ ਰੱਖਣ ਵੇਲੇ ਉਹਨਾਂ ਨੂੰ 21000 ਰੁਪੈ ਮਹੀਨਾ ਉਜਰਤ ਦੇਣ ਦਾ ਵਾਅਦਾ ਕੀਤਾ ਗਿਆ ਸੀ ਅਤੇ ਨਾਲ ਸੀ 8 ਘੰਟੇ ਕੰਮ ਕਰਨ ਦੀ ਡਿਊਟੀ। ਪਰ ਕੰਮ ਘੰਟੇ 8 ਤੋਂ 12 ਕਰ ਦਿੱਤੇ ਗਏ ਅਤੇ ਤਨਖਾਹ 21000 ਦੀ ਬਜਾਏ 5 ਹਜਾਰ ਤੋਂ 8 ਹਜ਼ਾਰ ਹੀ ਦਿੱਤੀ ਜਾਂਦੀ ਸੀ। 15 ਜਨਵਰੀ 2021 ਨੂੰ ਇਹ ਫੈਕਟਰੀ ਮੁੜ ਖੁੱਲਣ ਜਾ ਰਹੀ ਹੈ। ਕਾਫੀ ਗਿਣਤੀ 'ਚ ਮਜ਼ਦੂਰ ਅਜੇ ਜੇਲ੍ਹਾਂ 'ਚ ਬੰਦ ਹਨ ਅਤੇ ਬਾਕੀ ਦੇ ਆਪਣੀਆਂ ਗ੍ਰਿਫਤਾਰੀਆਂ ਤੋਂ ਡਰਦੇ ਮਾਰੇ ਲੁਕਦੇ ਫਿਰਦੇ ਹਨ। ਵਿਆਪਕ ਬੇਰੁਜ਼ਗਾਰੀ ਦੇ ਮੱਦੇਨਜ਼ਰ ਵਿਸਟਰੋਨ ਨੂੰ ਹੋਰ ਨਵੇਂ ਮਜ਼ਦੂਰ ਲੱਭਣ 'ਚ ਕੋਈ ਦਿੱਕਤ ਨਹੀਂ ਆਵੇਗੀ। ਉਹ ਆਪਣੀ ਲੁੱਟ ਖਸੁੱਟ ਉਵੇਂ ਹੀ ਜਾਰੀ ਰੱਖ ਸਕੇਗੀ।

ਖੇਤੀ ਨਾਲ ਸਬੰਧਤ ਜਾਰੀ ਕੀਤੇ ਤਿੰਨ ਕਾਲੇ ਕਾਨੂੰਨ ਬੇਰੁਜ਼ਗਾਰਾਂ ਦੀ ਭੀੜ 'ਚ ਵਾਧਾ ਕਰਨ ਲਈ ਹੀ ਤਾਂ ਘੜੇ ਗਏ ਹਨ ਤਾਂ ਜੋ ਰੋਟੀ ਨੂੰ ਤਰਸਦੀਆਂ ਮਜ਼ਦੂਰਾਂ ਦੀਆਂ ਹੇੜ੍ਹਾਂ ਦੀਆਂ ਹੇੜ੍ਹਾਂ ਉਹਨਾਂ ਨੂੰ ਕੰਮਾਂ 'ਤੇ ਰੱਖਣ ਲਈ ਤਰਲੋਮੱਛੀ ਹੁੰਦੀਆਂ ਫਿਰਨ ਅਤੇ ਇਹ ਸਾਮਰਾਜੀ ਲੁਟੇਰੇ ਸਸਤੀ ਲੇਬਰ ਨਾਲ ਆਪਣੀ ਲੁੱਟ ਬਰਕਰਾਰ ਰੱਖ ਸਕਣ। ਸਰਮਾਏਦਾਰਾਨਾ-ਸਾਮਰਾਜੀ ਤਾਕਤਾਂ ਹਰ ਹੀਲੇ ਮਜ਼ਦੂਰਾਂ-ਕਿਸਾਨਾਂ ਦੀ ਲੁੱਟ ਕਰਨ ਲਈ ਮਿਹਨਤਕਸ਼ ਜਮਾਤਾਂ ਨੂੰ ਭਾਰਤੀ ਸੰਵਿਧਾਨ ਅੰਦਰ ਆਪਣੇ ਸੰਘਰਸ਼ਾਂ ਦੇ ਬਲਬੂਤੇ 1950 ਵਿੱਚ ਦਰਜ਼ ਕਰਵਾਏ ਗਏ ਅਧਿਕਾਰਾਂ ਨੂੰ ਹਰ ਹੀਲੇ ਖਤਮ ਕਰਨ 'ਤੇ ਉਤਾਰੂ ਹਨ। ਨਵ-ਉਦਾਰਵਾਦ ਦੀਆਂ ਨੀਤੀਆਂ ਤਹਿਤ ਕਿਰਤ ਕਾਨੂੰਨਾਂ 'ਚ ਸੋਧਾਂ ਕਰਕੇ 44 ਕਿਰਤ ਕਾਨੂੰਨਾਂ ਦੀ ਥਾਂ 'ਤੇ 4 ਲੇਬਰ ਕੋਡ ਕਰੋਨਾ ਦੀ ਆੜ ਹੇਠ ਲਿਆਂਦੇ ਗਏ। ਇਹਨਾਂ ਕੋਡਾਂ ਰਾਹੀਂ ਸਰਕਾਰ ਨੇ ਮਜ਼ਦੂਰਾਂ ਦੇ ਜਥੇਬੰਦ ਹੋਣ ਅਤੇ ਇਕੱਠੇ ਹੋਕੇ ਆਪਣੇ ਜ਼ੋਰ ਆਸਰੇ ਫੈਕਟਰੀ ਮਾਲਕਾਂ ਜਾਂ ਸਰਕਾਰ ਨਾਲ ਆਪਣੇ ਹਿਤ 'ਚ ਕੀਤੇ ਜਾਣ ਵਾਲੇ ਸਮਝੌਤਿਆਂ ਦਾ ਰਾਹ ਹੀ ਬੰਦ ਕਰ ਦਿੱਤਾ ਹੈ। ਇਹਨਾਂ ਕਿਰਤ ਕਾਨੂੰਨੀ ਸੋਧਾਂ ਰਾਹੀਂ ਮੁੱਖ ਰੂਪ 'ਚ ਕੰਮ ਦੇ ਘੰਟੇ ਵਧਾਉਣ, ਉਜਰਤਾਂ ਅੰਦਰ ਵਾਧੂ ਕਟੌਤੀਆਂ ਕਰਨ, ਮਸ਼ੀਨ ਮਾਫਕ ਕੰਮ ਕਰਨ ਦੀਆਂ ਹਾਲਤਾਂ ਪੈਦਾ ਕਰਨਾ ਅਤੇ ਪ੍ਰਵਾਸੀ ਤੇ ਦਲਿਤ ਮਜ਼ਦੂਰਾਂ ਨਾਲ ਦੁਰਵਿਹਾਰ ਕਰਨਾ ਯਕੀਨੀ ਬਣਾਇਆ ਹੈ।

ਅਜਿਹਾ ਹੀ ਕਰੋਨਾ ਦੀ ਆੜ 'ਚ ਸਤੰਬਰ 2020 'ਚ ਖੇਤੀ ਸਬੰਧੀ 3 ਕਾਲੇ ਕਾਨੂੰਨਾਂ ਨੂੰ ਪਾਸ ਕਰਕੇ ਖੇਤੀ-ਖੇਤਰ ਨਾਲ ਜੁੜੇ ਕਿਰਤੀਆਂ/ਕਿਸਾਨਾਂ ਦਾ ਵਢਾਂਗਾ ਕਰਨ ਲਈ ਰਾਹ ਪੱਧਰਾ ਕਰ ਦਿੱਤਾ ਹੈ। ਕਾਰਪੋਰੇਟਾਂ ਦੇ ਪੱਖ 'ਚ ਭੁਗਤਦੇ ਇਹ ਖੇਤੀ ਕਾਨੂੰਨ ਵੀ ਕਿਸਾਨਾਂ/ਖੇਤ ਮਜ਼ਦੂਰਾਂ ਦੇ ਨਾਲ ਨਾਲ ਮੰਡੀਆਂ 'ਚ ਕੰਮ ਕਰਦੇ ਮਜ਼ਦੂਰਾਂ ਤੋਂ ਰੁਜ਼ਗਾਰ ਖੋਹਣਗੇ ਅਤੇ ਸਰਮਾਏਦਾਰਾਨਾ/ਸਾਮਰਾਜੀ ਜੋਕਾਂ ਲਈ ਹੋਰ ਸਸਤੀ ਕਿਰਤ ਮੰਡੀ ਪੈਦਾ ਕਰਨਗੇ।

ਕਿਰਤ ਕਾਨੂੰਨਾਂ ਦੀ ਥਾਂ 'ਤੇ ਲੇਬਰ ਕੋਡ ਲੈ ਕੇ ਆਉਣਾ ਨਵਉਦਾਰਵਾਦੀ ਨੀਤੀਆਂ ਤਹਿਤ ਵਿਕਾਸ ਦੇ ਅਜਿਹੇ ਮਾਡਲ ਦੀ ਝਲਕ ਹੈ ਜਿਸ ਨੂੰ ਦੇਸ਼ ਦੇ ਹਾਕਮ ਅਤੇ ਵੱਡੇ ਪੂੰਜੀਪਤੀ ਸਨਅਤੀ ਵਿਕਾਸ ਕਹਿੰਦੇ ਹਨ। ਕਿਸੇ ਵੀ ਮੁਲਕ ਦੇ ਸਨਅਤੀ ਵਿਕਾਸ ਨੂੰ ਤਾਂ ਹੀ ਠੀਕ ਮੰਨਿਆ ਜਾਦਾ ਹੈ ਜੇਕਰ ਉਹ ਮੁਲਕ ਦੇ ਲੋਕਾਂ ਦਾ ਜੀਵਨ ਪੱਧਰ ਵਿਕਾਸ ਨੂੰ ਉੱਚਾ ਚੁਕਦਾ ਹੋਵੇ ਜੀਹਦੇ 'ਚ ਮੈਨਫੈਕਚਰਿੰਗ ਯਾਨੀ ਨਿਰਮਾਨ ਖੇਤਰ ਅਹਿਮ ਭੂਮਿਕਾ ਨਿਭਾਉਂਦਾ ਹੈ ਭਾਵ ਅਜਿਹੀਆਂ ਮਸ਼ੀਨਾਂ/ਵਸਤਾਂ ਦਾ ਉਤਪਾਦਨ ਜੋ ਅਗਾਂਹ ਜ਼ਿੰਦਗੀ ਦੇ ਹੋਰਨਾਂ ਖੇਤਰਾਂ ਨੂੰ ਅੱਗੇ ਵਿਕਸਤ ਕਰਨ। ਵਿਸਟਰੋਨ ਵਰਗੀਆਂ ਕੰਪਨੀਆਂ ਮਜ਼ਦੂਰਾਂ ਦੀ ਲੁੱਟ ਕਰਕੇ ਮੁਲਕ ਲਈ ਕੁੱਝ ਰੈਵੇਨਿਊ ਤਾਂ ਜੁਟਾ ਸਕਦੀਆਂ ਹਨ ਪਰ ਇਹ ਰੈਵੇਨਿਊ ਆਮ ਕਿਰਤੀਆਂ ਦਾ ਖੂਨ ਪਸੀਨਾ ਹੈ। ਤਾਇਵਾਨੀ ਕੰਪਨੀ ਮੋਟੇ ਮੁਨਾਫੇ ਆਪਣੇ ਮੁਲਕ 'ਚ ਲੈ ਜਾਂਦੀ ਹੈ ਅਤੇ ਸਾਡੇ ਮਜ਼ਦੂਰਾਂ ਦੇ ਪੱਲੇ ਖਾਲੀ ਹੱਥ ਹੀ ਰਹਿ ਗਏ ਹਨ। ਨਾਲ ਹੀ ਇਹ ਕਿ ਜਿਹੜੀਆਂ ਵਸਤਾਂ ਅਜਿਹੀਆਂ ਸਨਅਤਾਂ ਤਿਆਰ ਕਰਦੀਆਂ ਹਨ, ਉਹ ਮਨੁੱਖ ਦੀਆਂ ਮੁਢਲੀਆਂ ਜਰੂਰੀ ਲੋੜਾਂ ਦੀ ਪੂਰਤੀ ਨਹੀਂ ਕਰਦੀਆਂ ਸਗੋਂ ਐਯਾਸ਼ੀ ਕਰਨ ਲਈ ਵਰਤੋਂ ਵਿੱਚ ਆਉਂਦੀਆ ਹਨ। ਬਿਨ੍ਹਾਂ ਸ਼ੱਕ ਐਪਲ ਇੱਕ ਲਗਜ਼ਰੀ ਬਰਾਂਡ ਹੈ। ਇਹ ਉਪਰਲੇ ਵਰਗ ਦੀ ਹੀ ਸੇਵਾ ਲਈ ਹੈ। ਅਜਿਹਾ ਹੀ ਹਾਲ ਖਿਡੌਣਾ ਸਨਅਤ ਦਾ ਹੈ। ਅਜਿਹਾ ਜ਼ਿਕਰ ਇਸ ਲਈ ਕੀਤਾ ਜਾ ਰਿਹਾ ਹੈ ਜਿਵੇਂ ਕਿ ਮੋਦੀ ਸਰਕਾਰ ਨਵਉਦਾਰਵਾਦੀ ਵਿਕਾਸ ਮਾਡਲ ਤਹਿਤ ਅਜਿਹੀਆਂ ਸਨਅਤਾਂ ਨੂੰ ਸਨਅਤੀ ਵਿਕਾਸ, ਰੁਜ਼ਗਾਰ ਵਧਾਉਣਾ ਆਦਿ ਕਹਿ ਕੇ ਵਡਿਆ ਰਹੀ ਹੈ।

ਮਜ਼ਦੂਰਾਂ ਵੱਲੋਂ ਆਪਣੇ ਹੱਕਾਂ ਲਈ ਅਜਿਹੀਆਂ ਬਹੁਕੌਮੀ ਕੰਪਨੀਆਂ ਸਾਹਮਣੇ ਹਿੱਕ ਡਾਹਕੇ ਖੜ੍ਹਨਾ ਇੱਕ ਸੁਆਗਤ ਯੋਗ ਕਦਮ ਹੈ। ਸਨਅਤਾਂ ਖੇਤਰ ਅੰਦਰਲੇ ਉਭਾਰ ਮਜ਼ਦੂਰ ਅੰਦੋਲਨ 'ਚ ਰੂਹ ਫੂਕਦੇ ਹਨ। ਅਜਿਹੇ ਮਜ਼ਦੂਰ ਉਭਾਰਾਂ ਨੂੰ ਸਹੀ ਸੇਧ 'ਚ ਅੱਗੇ ਵਧਾਉਣ ਅਤੇ ਮਜ਼ਦੂਰਾਂ ਕਿਸਾਨਾਂ ਦਾ ਵਿਸ਼ਾਲ ਏਕਾ ਕਾਇਮ ਕਰ ਦੀ ਅਣਸਰਦੀ ਜਰੂਰਤ ਹੈ। ਸਾਂਝ ਦੀਆਂ ਕੜੀਆਂ ਬਣਾ ਆਪਣੇ ਸੰਘਰਸ਼ਾਂ ਦੀ ਧਾਰ ਸਰਮਾਏਦਾਰਾਨਾਂ-ਸਾਮਰਾਜੀਆਂ ਖਿਲਾਫ ਕਰਕੇ ਹੀ ਸਮਾਜ ਦੇ ਸਾਰੇ ਵਰਗਾਂ ਦੀ ਖੁਸਹਾਲੀ ਦਾ ਰਾਹ ਖੁੱਲ ਸਕਦਾ ਹੈ।

15 ਜਨਵਰੀ 2021 ਨੂੰ ਮੁੜ ਚਾਲੂ ਹੋਣ ਵਾਲੀ ਵਿਸਕਰੋਨ ਫੈਕਟਰੀ ਅੰਦਰ ਵੀ ਮਜ਼ਦੂਰ ਜਥੇਬੰਦੀ ਦੀ ਉਸਾਰੀ ਕਰਨ ਦੀਆਂ ਕੋਸ਼ਿਸ਼ਾਂ ਕਰਨ ਦੀਆਂ ਖਬਰਾਂ ਵੀ ਇਹਨੀ ਦਿਨੀ ਨਾਲੋਂ ਨਾਲ ਮਿਲ ਰਹੀਆਂ ਹਨ ਜੋ ਉਤਸ਼ਾਹ ਜਨਕ ਹਨ।

# ਪਛੜੇ ਸਰਮਾਏਦਾਰਾ ਦੇਸ਼ਾਂ ਦੇ ਡਾਵਾਂਡੋਲ ਅਰਥਚਾਰੇ, ਵਧਦਾ ਕਰਜ਼ਾ ਤੇ ਆਮ ਲੋਕਾਈ

**ਨਵਜੋਤ ਪਟਿਆਲਾ**

ਕਰੋਨਾਵਾਇਰਸ ਸਮੇਂ ਥੋਪੀਆਂ ਪੂਰਨਬੰਦੀਆਂ ਤੋਂ ਬਾਅਦ ਪੂਰੀ ਦੁਨੀਆਂ ਦੇ ਹੀ ਅਰਥਚਾਰੇ ਹਾਲੋਂ ਬੇਹਾਲ ਹੋਏ ਪਏ ਹਨ। ਸੰਸਾਰ ਬੈਂਕ ਦੇ ਅਨੁਮਾਨਾਂ ਅਨੁਸਾਰ 2020 ਵਿੱਚ ਸੰਸਾਰ ਦੀ ਕੁੱਲ ਪੈਦਾਵਾਰ 4.9 ਪ੍ਰਤੀਸ਼ਤ ਸੁੰਗੜੀ ਹੈ। ਜਿੱਥੇ ਪਹਿਲਾਂ ਮੁੱਖਧਾਰਾ ਦੇ ਬਹੁਤੇ ਅਰਥਸ਼ਾਸਤਰੀਆਂ ਦਾ ਇਹ ਮੰਨਣਾ ਸੀ ਕਿ ਪਾਬੰਦੀਆਂ ਹਟਣ ਨਾਲ਼ ਅਰਥਚਾਰੇ ਵਿੱਚ ਉਭਾਰ ਆਵੇਗਾ ਤੇ ਕੁੱਲ ਘਰੇਲੂ ਪੈਦਾਵਾਰ ਵਿੱਚ ਤੇਜੀ ਨਾਲ਼ ਵਾਧਾ ਹੋਵੇਗਾ, ਉੱਥੇ ਹੁਣ ਇਹਨਾਂ ਦਾਅਵਿਆਂ ਦੀ ਵੀ ਫੂਕ ਨਿੱਕਲਣ ਲੱਗ ਪਈ ਹੈ। ਸੰਸਾਰ ਬੈਂਕ ਤੇ ਕੌਮਾਂਤਰੀ ਮੁਦਰਾ ਕੋਸ਼ ਜਿਹੀਆਂ ਸੰਸਥਾਵਾਂ ਨੂੰ ਵੀ ਇਹ ਮੰਨਣ ਲਈ ਮਜਬੂਰ ਹੋਣਾ ਪਿਆ ਹੈ ਕਿ ਅਗਲੇ ਦੋ ਸਾਲਾਂ ਵਿੱਚ ਵੀ ਸੰਸਾਰ ਅਰਥਚਾਰਾ ਪੂਰੇ ਤਰੀਕੇ ਨਾਲ਼ ਕਰੋਨਾਵਾਇਰਸ ਦੇ ਸਮੇਂ ਵਿੱਚ ਹੋਏ ਨੁਕਸਾਨ ਤੋਂ ਉੱਭਰ ਨਹੀਂ ਸਕੇਗਾ। ਸੰਸਾਰ ਬੈਂਕ ਦੀ ਹਾਲ ਵਿੱਚ ਜਾਰੀ ਹੋਈ ਰਿਪੋਰਟ ਅਨੁਸਾਰ ਸੰਸਾਰ ਪੱਧਰ ਉੱਤੇ ਕੁੱਲ ਪੈਦਾਵਾਰ ਦੀ ਵਾਧਾ ਦਰ 2021 ਵਿੱਚ 4% ਤੇ 2022 ਵਿੱਚ 3.8% ਰਹੇਗੀ। ਸੰਸਾਰ ਬੈਂਕ ਦਾ ਮੰਨਣਾ ਹੈ ਕਿ ਇਹਨਾਂ ਸਾਲਾਂ ਵਿੱਚ ਇਹ ਮੱਧਮ ਵਾਧਾ ਦਰ ਦਾ ਕਾਰਨ ਕਰੋਨਾ ਸਮੇਂ ਹੋਏ ਅਰਥਚਾਰੇ ਦਾ ਨੁਕਸਾਨ ਹੈ ਜਿਸਦੇ ਦੂਰਰਸ ਸਿੱਟੇ ਨਿਕਲਣਗੇ। ਇਸ ਗੱਲ ਵਿੱਚ ਅੰਸ਼ਕ ਸੱਚਾਈ ਹੀ ਹੈ ਕਿਉਂਕਿ ਅਖੌਤੀ ਮਹਾਂਮਾਰੀ ਕਰੋਨਾਵਾਇਰਸ ਦੀ ਆਮਦ ਤੋਂ ਪਹਿਲਾਂ ਹੀ ਕੌਮਾਂਤਰੀ ਮੁਦਰਾ ਕੋਸ਼ ਦੀਆਂ ਅਕਤੂਬਰ 2019 ਤੇ ਜਨਵਰੀ 2020 ਦੀਆਂ ਰਿਪੋਰਟਾਂ ਵਿੱਚ ਸੰਸਾਰ ਅਰਥਚਾਰੇ ਦੀ ਬਿਗੜ ਰਹੀ ਸਿਹਤ ਬਾਰੇ ਅੰਕੜੇ ਆਉਣੇ ਸ਼ੁਰੂ ਹੋ ਚੁੱਕੇ ਸਨ। ਕਰੋਨਾਵਾਇਰਸ ਤੇ ਉਸ ਦੇ ਨਾਮ ਉੱਤੇ ਥੋਪੀਆਂ ਪੂਰਨਬੰਦੀਆਂ ਨੇ ਸੰਸਾਰ ਅਰਥਚਾਰੇ ਦੀ ਇਸ ਗਤੀ ਨੂੰ ਤੇਜ ਕਰਨ ਦਾ ਹੀ ਕੰਮ ਕੀਤਾ ਹੈ। 90% 'ਉੱਭਰ ਰਹੀਆਂ ਮੰਡੀਆਂ ਤੇ ਵਿਕਾਸਸ਼ੀਲ ਅਰਥਚਾਰੇ', ਜਿਸ ਵਿੱਚ ਕਰੀਬ 150 ਦੇਸ਼ ਆਉਂਦੇ ਹਨ ਤੇ ਜਿਨ੍ਹਾਂ ਵਿੱਚੋਂ ਬਹੁਤੇ ਅਖੌਤੀ ਤੀਜੀ ਦੁਨੀਆਂ ਦੇ ਦੇਸ਼ ਹਨ, ਵਿੱਚ ਪ੍ਰਤੀ ਵਿਅਕਤੀ ਆਮਦਨ ਘਟੀ ਹੈ ਜਿਸ ਨਾਲ਼ ਕਈ ਲੱਖ ਵਧੇਰੇ ਲੋਕ ਗਰੀਬੀ ਵਿੱਚ ਧੱਕੇ ਗਏ ਹਨ। ਸੰਸਾਰ ਬੈਂਕ ਦੇ ਅਨੁਮਾਨ ਅਨੁਸਾਰ ਲਗਭਗ 25% 'ਉੱਭਰ ਰਹੀਆਂ ਮੰਡੀਆਂ ਤੇ ਵਿਕਾਸਸ਼ੀਲ ਅਰਥਚਾਰਿਆਂ' ਵਿੱਚ ਪ੍ਰਤੀ ਵਿਅਕਤੀ ਆਮਦਨੀ ਵਿੱਚ ਜੋ ਪਿਛਲੇ 10 ਸਾਲਾਂ ਅੰਦਰ ਵਾਧਾ ਦਰਜ ਹੋਇਆ ਸੀ ਉਹ ਕਰੋਨਾਵਾਇਰਸ ਦੇ ਸਮੇਂ ਦਰਮਿਆਨ ਖਤਮ ਹੋ ਚੁੱਕਿਆ ਹੈ। ਕਰੀਬ ਦੋ ਤਿਹਾਈ 'ਉੱਭਰ ਰਹੀਆਂ ਮੰਡੀਆਂ ਤੇ ਵਿਕਾਸਸ਼ੀਲ ਅਰਥਚਾਰਿਆਂ' ਵਿੱਚ 2022 ਵਿੱਚ ਪ੍ਰਤੀ ਵਿਅਕਤੀ ਆਮਦਨ 2019 ਵਾਲ਼ੇ ਪੱਧਰ ਤੋਂ ਹੇਠਾਂ ਹੋਣ ਦੀ ਆਸ ਹੈ। ਚੀਨ ਨੂੰ ਜੇਕਰ ਛੱਡ ਦਈਏ ਤਾਂ ਬਾਕੀ 'ਉੱਭਰ ਰਹੀਆਂ ਮੰਡੀਆਂ ਤੇ ਵਿਕਾਸਸ਼ੀਲ ਅਰਥਚਾਰਿਆਂ' ਦੀ ਕੁੱਲ ਘਰੇਲੂ ਪੈਦਾਵਾਰ ਵਿੱਚ 2021-22 ਅੰਦਰ ਵਾਧਾ ਦਰ ਸਿਰਫ 3.5% ਰਹਿਣ ਦਾ ਅਨੁਮਾਨ ਹੈ। ਇਹਨਾਂ ਅਰਥਚਾਰਿਆਂ ਵਿੱਚ ਅਗਲੇ 2 ਸਾਲਾਂ ਵਿੱਚ ਵੀ ਨਿਵੇਸ਼ ਤੇ ਖਪਤ ਦਾ ਪੱਧਰ ਨੀਵਾਂ ਰਹਿਣ ਦੀ ਹੀ ਆਸ ਹੈ। ਸੰਸਾਰ ਬੈਂਕ ਦੀ ਰਿਪੋਰਟ ਅਨੁਸਾਰ ਵਿਕਾਸਸ਼ੀਲ ਅਰਥਚਾਰਿਆਂ ਦੀ ਕੁੱਲ ਘਰੇਲੂ ਪੈਦਾਵਾਰ ਵਾਸਤੇ ਇਹ ਨੀਵੇਂ ਪੱਧਰ ਦੀ ਵਾਧਾ ਦਰ ਹਾਸਲ ਕਰਨ ਵਿੱਚ ਵੀ ਕਈ ਅੜਿੱਕੇ ਹਨ। ਸੰਸਾਰ ਬੈਂਕ ਅਨੁਸਾਰ ਇਹਨਾਂ ਅਰਥਚਾਰਿਆਂ ਲਈ ਇਕ ਵੱਡਾ ਖਤਰਾ ਕਰਜੇ ਦਾ ਉੱਚਾ ਪੱਧਰ ਹੈ। ਕਈ ਦੇਸ਼ਾਂ ਵਿੱਚ ਕਰੋਨਾਵਾਇਰਸ ਤੋਂ ਪਹਿਲਾਂ ਹੀ ਦੋਹੇਂ ਨਿੱਜੀ ਤੇ ਸਰਕਾਰੀ ਕਰਜੇ ਕਾਫੀ ਵਧਣ ਲੱਗ ਪਏ ਸਨ ਪਰ ਕਰੋਨਾ ਕਾਲ ਸਮੇਂ ਅਪਣਾਈਆਂ ਨੀਤੀਆਂ ਮਗਰੋਂ ਤਾਂ ਇਹ ਸਿਖਰਾਂ ਛੂ ਰਹੇ ਹਨ ਤੇ ਕਈ ਦੇਸ਼ ਤਾਂ ਵਿੱਤੀ ਸੰਕਟ ਦਾ ਸ਼ਿਕਾਰ ਵੀ ਹੋ ਸਕਦੇ ਹਨ।

**ਪਛੜੇ ਸਰਮਾਏਦਾਰਾ ਦੇਸ਼ਾਂ ਸਿਰ ਕਰਜ਼ਾ** : ਸੰਸਾਰ ਬੈਂਕ ਦੀ ਰਿਪੋਰਟ ਅਨੁਸਾਰ ਕਰੋਨਾ ਕਾਲ ਸਮੇਂ ਅਰਥਚਾਰਿਆਂ ਨੂੰ ਜੋ ਨੁਕਸਾਨ ਹੋਇਆ ਉਸ ਸਦਕਾ 2020 ਵਿੱਚ 'ਉੱਭਰ ਰਹੀਆਂ ਮੰਡੀਆਂ ਤੇ ਵਿਕਾਸਸ਼ੀਲ ਅਰਥਚਾਰਿਆਂ' ਵਿੱਚ ਸਰਕਾਰਾਂ ਸਿਰ ਕਰਜਾ 9 ਫੀਸਦੀ ਅੰਕਾਂ ਨਾਲ਼ ਵਧਿਆ। ਇਹ ਵਾਧਾ



ਇਹਨਾਂ ਅਰਥਚਾਰਿਆਂ ਲਈ 1980ਵਿਆਂ ਤੋਂ ਬਾਅਦ ਕਰਜੇ ਵਿੱਚ ਸਭ ਤੋਂ ਵੱਡਾ ਵਾਧਾ ਹੈ। ਅਸਲ ਵਿੱਚ ਕਰੋਨਾ ਕਾਲ ਵਿੱਚ ਇਹ ਕਰਜ਼ਾ ਪਹਿਲਾਂ ਨਾਲ਼ੋਂ ਵਧੇਰੇ ਤੇਜੀ ਨਾਲ਼ ਵਧਿਆ ਹੈ ਪਰ ਇਹ ਅਮਲ ਕਿਸੇ ਨਾ ਕਿਸੇ ਰੂਪ ਵਿੱਚ ਪਿਛਲੇ ਪੂਰੇ ਦਹਾਕੇ ਵਿੱਚ ਹੀ ਜਾਰੀ ਰਿਹਾ ਹੈ। ਮੁੱਖਧਾਰਾ ਅਰਥਸ਼ਾਸਤਰ ਵਿੱਚ 2010 ਤੋਂ ਬਾਅਦ ਜੋ ਕਰਜੇ ਵਿੱਚ ਵਾਧਾ ਹੋਇਆ ਹੈ ਉਸਨੂੰ 'ਕਰਜੇ ਦੇ ਇਕੱਤਰੀਕਰਨ ਦੀ ਚੌਥੀ ਲਹਿਰ' ਵੀ ਕਿਹਾ ਜਾਂਦਾ ਹੈ। 2010 ਤੋਂ ਬਾਅਦ ਵਿੱਚ ਕੁੱਲ ਸੰਸਾਰ ਪੱਧਰ ਉੱਤੇ ਕਰਜੇ ਵਿੱਚ ਜੋ ਵਾਧਾ ਹੋਇਆ ਹੈ ਉਹ ਪਿਛਲੇ 5 ਦਹਾਕਿਆਂ ਵਿਚਲਾ ਕਰਜੇ ਦਾ ਸਭ ਤੋਂ ਜ਼ਿਆਦਾ ਤੇ ਤੇਜ ਵਾਧਾ ਹੈ। 2019 ਵਿੱਚ ਕੁੱਲ ਸੰਸਾਰ ਕਰਜਾ ਸੰਸਾਰ ਵਿਚਲੀ ਕੁੱਲ ਘਰੇਲੂ ਪੈਦਾਵਾਰ ਦਾ 230% ਬਣਦਾ ਸੀ! ਸਰਕਾਰਾਂ ਸਿਰ ਕੁੱਲ ਕਰਜਾ ਕੁੱਲ ਘਰੇਲੂ ਪੈਦਾਵਾਰ ਦਾ 83% ਬਣਦਾ ਸੀ ਮਤਲਬ ਕਿ ਕੁੱਲ ਕਰਜੇ ਵਿੱਚ ਵੱਡਾ ਹਿੱਸਾ ਨਿੱਜੀ ਕਰਜਿਆਂ ਦਾ ਬਣਦਾ ਹੈ। ਇਹ ਤਾਂ ਹੋਈ ਸੰਸਾਰ ਪੱਧਰ ਦੀ ਗੱਲ। 2019 ਵਿੱਚ 'ਉੱਭਰ ਰਹੀਆਂ ਮੰਡੀਆਂ ਤੇ ਵਿਕਾਸਸ਼ੀਲ ਅਰਥਚਾਰਿਆਂ' ਸਿਰ ਕੁੱਲ ਕਰਜਾ ਇਹਨਾਂ ਦੇਸ਼ਾਂ ਦੀ ਕੁੱਲ ਘਰੇਲੂ ਪੈਦਾਵਾਰ ਦਾ 176% ਬਣਦਾ ਸੀ। ਇਹਨਾਂ ਅਰਥਚਾਰਿਆਂ ਵਿੱਚ ਵੀ ਮੁੱਖ ਭੂਮਿਕਾ ਨਿੱਜੀ ਕਰਜਿਆਂ ਦੀ ਹੀ ਬਣਦੀ ਹੈ ਜੋ ਕਿ ਕੁੱਲ ਘਰੇਲੂ ਪੈਦਾਵਾਰ ਦਾ 123% ਬਣਦੇ ਸੀ। ਇਹ ਰੁਝਾਨ ਸਾਫ ਦਿਖਾਉਂਦੇ ਹਨ ਕਿ ਕੁੱਲ ਸੰਸਾਰ ਸਿਰ ਤੇ ਪਛੜੇ ਸਰਮਾਏਦਾਰਾ ਦੇਸ਼ਾਂ ਸਿਰ ਕਰਜਾ ਕਰੋਨਾ ਕਾਲ ਤੋਂ ਪਹਿਲਾਂ ਹੀ ਕਾਫੀ ਉੱਚੇ ਪੱਧਰ ਤੱਕ ਪਹੁੰਚ ਚੁੱਕਿਆ ਸੀ ਤੇ ਕਰੋਨਾ ਕਾਲ ਮਗਰੋਂ ਇਹ ਸਥਿਤੀ ਹੋਰ ਵਿਸਫੋਟਕ ਹੀ ਹੋਈ ਹੈ।

ਸੰਸਾਰ ਬੈਂਕ ਦੀ ਰਿਪੋਰਟ ਅਨੁਸਾਰ ਕਈ ਕਾਰਕ ਇਸ ਕਰਜੇ ਨੂੰ ਹੋਰ ਵਧੇਰੇ ਵਿਸਫੋਟਕ ਬਣਾ ਰਹੇ ਹਨ। ਉਹਨਾਂ ਵਿੱਚੋਂ ਇੱਕ ਹੈ ਕਰੋਨਾ ਕਾਲ ਸਮੇਂ ਕਰਜੇ ਦੇ ਵਧਣ ਦੀ ਦਰ ਵਿੱਚ ਆਈ ਅਣਕਿਆਸੀ ਤੇਜੀ। ਕਰੋਨਾ ਕਾਲ ਸਮੇਂ ਵੱਡੇ ਕਾਰਪੋਰੇਟਾਂ ਨੂੰ ਦਿੱਤੇ ਰਾਹਤ ਪੈਕਜਾਂ ਕਰਕੇ ਕਰਜਾ-ਕੁੱਲ ਘਰੇਲੂ ਪੈਦਾਵਾਰ ਅਨੁਪਾਤ ਵਿੱਚ ਵੱਡਾ ਵਾਧਾ ਦਰਜ ਹੋਇਆ ਹੈ। ਰਿਪੋਰਟ ਅਨੁਸਾਰ 2020 ਦੇ ਅੰਤ ਤੱਕ ਇਤਿਹਾਸ ਵਿੱਚ ਪਹਿਲੀ ਵਾਰ ਸੰਸਾਰ ਪੱਧਰ ਉੱਤੇ ਕੁੱਲ ਸਰਕਾਰੀ ਕਰਜਾ ਕੁੱਲ ਪੈਦਾਵਾਰ ਦਾ 99% ਹੋ ਗਿਆ ਹੋਵੇਗਾ। 'ਉੱਭਰ ਰਹੀਆਂ ਮੰਡੀਆਂ ਤੇ ਵਿਕਾਸਸ਼ੀਲ ਅਰਥਚਾਰਿਆਂ' ਵਿੱਚ ਕਰੋਨਾ ਕਾਲ ਤੋਂ ਪਹਿਲਾਂ ਵੀ ਹਰ ਸਾਲ ਕੁੱਲ ਕਰਜੇ ਵਿੱਚ ਕੁੱਲ ਘਰੇਲੂ ਪੈਦਾਵਾਰ ਦੇ ਅਨੁਪਾਤ ਵਜੋਂ 7 ਫੀਸਦੀ ਅੰਕ ਵਾਧਾ ਦਰਜ ਹੋ ਰਿਹਾ ਸੀ ਤੇ ਹੁਣ 2020 ਵਿੱਚ ਸਿਰਫ ਸਰਕਾਰੀ ਕਰਜੇ ਵਿੱਚ ਕੁੱਲ ਘਰੇਲੂ ਪੈਦਾਵਾਰ ਦੇ ਅਨੁਪਾਤ ਵਜੋਂ 9 ਫੀਸਦੀ ਅੰਕ ਦਾ ਵਾਧਾ ਹੋਣ ਦਾ ਖਦਸਾ ਹੈ। ਨਾਲ਼ ਹੀ ਇਹ ਵੀ ਅਨੁਮਾਨ ਲਗਾਇਆ ਜਾ ਰਿਹਾ ਹੈ ਕਿ ਇਸ ਸਾਲ ਕਾਰਪੋਰੇਟ ਕਰਜੇ (ਜੋ ਕਿ ਨਿੱਜੀ ਕਰਜਿਆਂ ਦਾ ਵੱਡਾ ਹਿੱਸਾ ਬਣਦੇ ਹਨ) ਵਿੱਚ ਵੀ ਵੱਡਾ ਵਾਧਾ ਦਰਜ ਹੋਇਆ ਹੈ। ਸੰਸਾਰ ਬੈਂਕ ਅਨੁਸਾਰ ਦੂਜਾ ਕਾਰਕ ਇਹ ਹੈ ਕਿ ਸੱਟਾ ਬਜਾਰ ਦੀ ਡਾਵਾਂਡੋਲ ਸਥਿਤੀ ਕਰਕੇ ਇਹਨਾਂ ਦੇਸ਼ਾਂ ਵਿੱਚੋਂ ਸਰਮਾਏ ਦਾ ਵੱਡੇ ਪੱਧਰ ਉੱਤੇ ਨਿਕਾਸ ਹੋਇਆ ਹੈ ਜਿਸ ਨਾਲ਼ ਇਹਨਾਂ ਦੇਸ਼ਾਂ ਲਈ ਕਰਜੇ ਨਾਲ਼ ਨਜਿੱਠਣਾ ਹੋਰ ਔਖਾ ਹੋ ਗਿਆ ਹੈ। ਇਸ ਤੋਂ ਬਿਨ੍ਹਾਂ ਇਹਨਾਂ ਦੇਸ਼ਾਂ ਦੀਆਂ ਸਰਕਾਰਾਂ ਉੱਤੇ 2019 ਵਿੱਚ ਵੀ ਵਿੱਤੀ ਘਾਟੇ ਦਾ ਬੋਝ ਲਗਾਤਾਰ ਵਧ ਰਿਹਾ ਸੀ ਤੇ ਹੁਣ ਕਰੋਨਾ ਕਾਲ ਸਮੇਂ ਦਿੱਤੇ ਰਾਹਤ ਪੈਕਜਾਂ ਕਰਕੇ ਵਿੱਤੀ ਘਾਟੇ ਦਾ ਮਸਲਾ ਇਹਨਾਂ ਸਰਕਾਰਾਂ ਲਈ ਇੱਕ ਗੰਭੀਰ ਮਸਲਾ ਬਣਿਆ ਹੋਇਆ ਹੈ। ਵੱਡੇ ਵਿੱਤੀ ਘਾਟੇ ਦੇ ਹੁੰਦਿਆਂ ਡਾਵਾਂਡੋਲ ਅਰਥਚਾਰੇ ਨੂੰ ਸਰਕਾਰ ਜੋ ਫੌਰੀ ਰਾਹਤ ਦਵਾ ਸਕਦੀ ਹੁੰਦੀ ਹੈ (ਭਾਵੇਂ ਦੂਰਰਸ ਤੌਰ ਉੱਤੇ ਇਹ ਵੱਡੇ ਸੰਕਟ ਦਾ ਹੀ ਅਧਾਰ ਤਿਆਰ ਕਰਦੀ ਹੈ) ਉਸ ਤੋਂ ਵੀ ਜਾਂਦੀ ਲੱਗਦੀ ਹੈ। ਸੰਸਾਰ ਬੈਂਕ ਦੀ ਰਿਪੋਰਟ ਵਿੱਚ ਅੱਗੇ ਇਹ ਵੀ ਖਦਸਾ ਜਤਾਇਆ ਗਿਆ ਹੈ ਕਿ ਕਰਜਾ ਜੇਕਰ ਪੈਦਾਵਾਰੀ ਸਰਗਰਮੀਆਂ ਦੀ ਥਾਵੇਂ ਵਿੱਤੀ ਜਾਂ ਹੋਰ ਗੈਰ ਪੈਦਾਵਾਰੀ ਖੇਤਰਾਂ ਲਈ ਵਰਤਿਆ ਜਾਵੇਗਾ ਤਾਂ ਇਸ ਨਾਲ਼ ਸਮੱਸਿਆ ਹੋਰ ਗੰਭੀਰ ਹੋਵੇਗੀ। ਅਸਲ ਵਿੱਚ ਬਹੁਤੇ ਵੱਡੇ ਕਾਰਪੋਰੇਟ ਘਰਾਣੇ ਰਾਹਤ ਪੈਕਜਾਂ ਨੂੰ ਮੁੱਖ ਤੌਰ ਉੱਤੇ ਪੈਦਾਵਾਰ ਵਿੱਚ ਲਾਉਣ ਦੀ ਥਾਵੇਂ ਸੱਟਾ ਬਜਾਰ ਵਿੱਚ ਲਾਕੇ ਛੇਤੀ ਮੁਨਾਫਾ ਕਮਾਉਣ ਜਾਂ ਆਪਣੇ ਹੀ ਸ਼ੇਅਰਾਂ ਦੀ ਕੀਮਤ ਵਧਾਉਣ ਲਈ ਵਰਤਦੇ ਹਨ ਜਿਸ ਨਾਲ਼ ਕੁੱਲ ਪੈਦਾਵਾਰ, ਰੁਜ਼ਗਾਰ ਆਦਿ ਵਿੱਚ ਗਿਣਨਯੋਗ ਫਰਕ ਨਹੀਂ ਪੈਂਦਾ। ਸੰਸਾਰ ਬੈਂਕ ਦੀ ਰਿਪੋਰਟ ਵਿੱਚ ਇਹ ਗੱਲ ਵਾਰ ਵਾਰ ਸਾਹਮਣੇ ਆ ਰਹੀ ਹੈ ਕਿ ਜੇਕਰ ਇਸ ਸਮੱਸਿਆ ਨਾਲ਼ ਸਹੀ ਤਰ੍ਹਾਂ ਨਹੀਂ ਨਜਿੱਠਿਆ ਗਿਆ ਤਾਂ ਇਸ ਦਾ ਨਤੀਜਾ ਵਿੱਤੀ ਸੰਕਟ ਦੇ ਰੂਪ ਵਿੱਚ ਜਲਦ ਸਾਹਮਣੇ ਆਵੇਗਾ।

**ਕੀ ਇਸ ਸਥਿਤੀ ਤੋਂ ਜਲਦੀ ਉੱਭਰ ਸਕਦੇ ਹਨ ਪਛੜੇ ਸਰਮਾਏਦਾਰਾ ਅਰਥਚਾਰੇ ?**

ਸੰਸਾਰ ਬੈਂਕ ਦੇ ਅਨੁਮਾਨ ਤੇ ਪਰਿਭਾਸ਼ਾ ਅਨੁਸਾਰ 'ਉੱਭਰ ਰਹੀਆਂ ਮੰਡੀਆਂ ਤੇ ਵਿਕਾਸਸ਼ੀਲ ਅਰਥਚਾਰਿਆਂ' ਵਿੱਚੋਂ 80% ਦੇਸ਼ ਇਸ ਸਮੇਂ ਮੰਦਵਾੜੇ ਵਿੱਚੋਂ ਗੁਜਰ ਰਹੇ ਹਨ ਤੇ ਇਹ ਫੀਸਦ 2008 ਦੇ ਸੰਕਟ ਤੋਂ ਵੀ ਕਿਤੇ ਵੱਧ ਹੈ। ਚੀਨ ਨੂੰ ਜੇਕਰ ਛੱਡ ਦਈਏ ਤਾਂ ਬਾਕੀ ਦੀਆਂ 'ਉੱਭਰ ਰਹੀਆਂ ਮੰਡੀਆਂ ਤੇ ਵਿਕਾਸਸ਼ੀਲ ਅਰਥਚਾਰਿਆਂ' ਦੀ ਕੁੱਲ ਪੈਦਾਵਾਰ ਸਾਲ 2020 ਵਿੱਚ 5% ਸੁੰਗੜੀ ਹੈ। ਭਾਵੇਂ ਕਿ ਅਗਲੇ ਦੋ ਸਾਲਾਂ ਵਿੱਚ ਵੱਖੋ-ਵੱਖ ਅਨੁਮਾਨਾਂ ਅਨੁਸਾਰ ਅਰਥਚਾਰੇ ਵਿੱਚ ਉਭਾਰ ਆਉਣ ਦੀ ਆਸ ਹੈ ਪਰ ਇੱਕ ਤਾਂ ਇਸ ਉਭਾਰ ਦੀ ਦਰ ਮੱਧਮ ਹੋਵੇਗੀ ਤੇ ਦੂਜਾ ਕਈ ਕਾਰਕ ਇਸ ਉਭਾਰ ਦੇ ਪੈਰ ਵਿੱਚ ਬੇੜੀਆਂ ਬਣ ਸਕਦੇ ਹਨ। ਸੰਸਾਰ ਬੈਂਕ ਤੇ ਕੌਮਾਂਤਰੀ ਮੁਦਰਾ ਕੋਸ਼ ਦੀਆਂ ਵੱਖੋ-ਵੱਖ ਰਿਪੋਰਟਾਂ ਅਨੁਸਾਰ ਇਹ ਸਹਿਜੇ ਹੀ ਅੰਦਾਜਾ ਲਾਇਆ ਜਾ ਸਕਦਾ ਹੈ ਕਿ ਇਹ ਉਭਾਰ ਵੀ ਅਰਥਚਾਰੇ ਨੂੰ ਮੁੜ ਲੀਹ ਉੱਤੇ ਲਿਆਉਣ ਵਿੱਚ ਅਸਮਰੱਥ ਸਾਬਤ ਹੋ ਸਕਦੇ ਹਨ ਤੇ ਦੁਨੀਆਂ ਭਰ ਦੇ ਅਰਥਚਾਰਿਆਂ ਵਿੱਚ ਮੰਦੀ ਜਿਹੇ ਹਾਲਤ ਕਦੇ ਵੀ ਬਣ ਸਕਦੇ ਹਨ। ਹਾਲੇ ਵੀ ਸੰਸਾਰ ਭਰ ਵਿੱਚ ਪਾਬੰਦੀਆਂ ਕਿਸੇ ਨਾ ਕਿਸੇ ਰੂਪ ਵਿੱਚ ਮੌਜੂਦ ਹਨ ਤੇ ਇਹ ਤੀਜੀ ਦੁਨੀਆਂ ਦੇ ਉਹਨਾਂ ਦੇਸ਼ਾਂ ਦੇ ਅਰਥਚਾਰਿਆਂ ਨੂੰ, ਜੋ ਜਿਣਸਾਂ ਦੇ ਬਰਾਮਦ, ਸੈਰ ਸਪਾਟੇ ਤੇ ਆਮ ਕਰਕੇ ਸੇਵਾ ਖੇਤਰ ਆਦਿ ਉੱਤੇ ਨਿਰਭਰ ਹਨ, ਨੂੰ ਕਾਫੀ ਨੁਕਸਾਨ ਪਹੁੰਚਾ ਰਿਹਾ ਹੈ। ਕੁੱਲ ਨਿਵੇਸ਼ ਵਿੱਚ ਜੋ ਘਾਟਾ ਹੋਇਆ ਹੈ ਉਹ ਖੱਪਾ ਪਾਬੰਦੀਆਂ ਹਟਣ ਤੋਂ ਬਾਅਦ ਵੀ ਇੱਕ ਦਮ ਪੂਰੇ ਹੋਣ ਦੀ ਆਸ ਨਹੀਂ ਹੈ। ਸੰਸਾਰ ਬੈਂਕ ਦੀ ਰਿਪੋਰਟ ਤੇ ਪਿਛਲੇ ਸਮੇਂ ਵਿੱਚ ਕੌਮਾਂਤਰੀ ਮੁਦਰਾ ਕੋਸ਼ ਜਹੀਆਂ ਹੋਰ ਸੰਸਥਾਵਾਂ ਦੀਆਂ ਰਿਪੋਰਟਾਂ ਤੋਂ ਤਾਂ ਇਹੀ ਸੰਕੇਤ ਮਿਲ਼ ਰਹੇ ਹਨ ਕਿ ਕੁੱਲ ਪੈਦਾਵਾਰ ਵਿੱਚ ਆਈ ਗਿਰਾਵਟ, ਕਰਜੇ ਵਿੱਚ ਹੋਏ ਵਾਧੇ ਆਦਿ ਤੋਂ ਹਾਲੇ ਲੰਬੇ ਸਮੇਂ ਲਈ ਸੰਸਾਰ ਅਰਥਚਾਰਾ ਤੇ ਖਾਸ ਕਰਕੇ ਤੀਜੀ ਦੁਨੀਆਂ ਦੇ ਦੇਸ਼ਾਂ ਦੇ ਅਰਥਚਾਰੇ ਪੂਰੀ ਤਰ੍ਹਾਂ ਉੱਭਰਨ ਦੇ ਸਮਰੱਥ ਨਹੀਂ ਹਨ ਭਾਵੇਂ ਅਰਥਚਾਰਿਆਂ ਵਿੱਚ ਵਕਤੀ ਉਭਾਰ ਲਾਜਮੀ ਦੇਖਣ ਨੂੰ ਮਿਲ਼ ਸਕਦੇ ਹਨ।

**ਆਮ ਲੋਕਾਈ ਉੱਤੇ ਅਸਰ** : ਕਰੋਨਾ ਕਾਲ ਵਿੱਚ ਅਰਥਚਾਰਿਆਂ ਉੱਤੇ ਪਏ ਅਸਰ ਦੇ ਬਾਵਜੂਦ ਕਈ ਵੱਡੇ ਸਰਮਾਏਦਾਰਾਂ ਤੇ ਕਾਰਪੋਰੇਟ ਘਰਾਣਿਆਂ ਨੇ ਮੋਟੇ ਮੁਨਾਫੇ ਕਮਾਏ ਤੇ ਸਰਕਾਰਾਂ ਵੱਲੋਂ ਵੰਡੇ ਗਏ ਰਾਹਤ ਪੈਕਜਾਂ ਨਾਲ਼ ਵੀ ਸਭ ਤੋਂ ਵੱਧ ਰਾਹਤ ਇਹਨਾਂ ਨੂੰ ਹੀ ਮਿਲ਼ੀ ਹੈ। ਦੂਜੇ ਪਾਸੇ ਆਮ ਕਿਰਤੀ ਲੋਕਾਈ ਉੱਤੇ ਹੀ ਇਸ ਅਸਰ ਦਾ ਵੱਡਾ ਬੋਝ ਪਿਆ ਹੈ। ਗਰੀਬੀ, ਬੇਰੁਜ਼ਗਾਰੀ, ਭੁੱਖਮਰੀ ਤੇ ਗੈਰ-ਬਰਾਬਰੀ ਵਿੱਚ ਅਥਾਹ ਵਾਧਾ ਹੋਇਆ ਹੈ। ਡਿਜਿਟਲ ਸਿੱਖਿਆ ਦੇ ਢਕਵੰਜ ਹੇਠ ਆਮ ਲੋਕਾਈ ਦੇ ਬੱਚਿਆਂ ਤੋਂ ਸਕੂਲ ਜਾਣ ਤੱਕ ਦਾ ਹੱਕ ਖੋਹਕੇ ਉਹਨਾਂ ਨੂੰ ਬਾਲ ਮਜ਼ਦੂਰੀ ਤੇ ਬਾਲ ਵਿਆਹਾਂ ਦੇ ਦਲਦਲ ਵਿੱਚ ਧੱਕਿਆ ਗਿਆ ਹੈ। ਅੱਗੇ ਜੋ ਅਰਥਚਾਰੇ ਵਿੱਚ ਮੱਠੇ ਉਭਾਰ ਤੇ ਵਧ ਰਹੇ ਕਰਜੇ ਦਾ ਬੋਝ ਵੀ ਇਹਨਾਂ ਲੋਟੂ ਸਰਕਾਰਾਂ ਨੇ ਵੱਧ ਤੋਂ ਵੱਧ ਆਮ ਕਿਰਤੀ ਲੋਕਾਈ ਸਿਰ ਮੜ੍ਹਨ ਦੀ ਹੀ ਕੋਸ਼ਿਸ਼ ਕਰਨੀ ਹੈ। ਇਤਿਹਾਸ ਸਾਨੂੰ ਇਹੋ ਸਿਖਾਉਂਦਾ ਹੈ ਕਿ ਸਰਮਾਏਦਾਰਾਂ ਦੀਆਂ ਚਾਕਰ ਸਰਕਾਰਾਂ ਵਧ ਰਹੇ ਕਰਜੇ ਤੇ ਵਿੱਤੀ ਘਾਟੇ ਦਾ ਬਹਾਨਾ ਬਣਾਕੇ ਆਮ ਲੋਕਾਈ ਦੀਆਂ ਬੁਨਿਆਦੀ ਸਹੂਲਤਾਂ ਜਿਵੇਂ ਸਕੂਲ, ਹਸਪਤਾਲ, ਜਨਤਕ ਵੰਡ ਪ੍ਰਣਾਲੀ ਆਦਿ ਉੱਤੇ ਵੱਡੀਆਂ ਕਾਟਾਂ ਲਾਉਂਦੀਆਂ ਹਨ। ਲੋਕਾਂ ਦੀਆਂ ਸਹੂਲਤਾਂ ਉੱਤੇ ਕਾਟ ਲਾਉਣ ਦੇ ਨਾਲ਼-ਨਾਲ਼ ਇਹ ਸਰਕਾਰਾਂ ਸਿੱਧੇ-ਅਸਿੱਧੇ ਕਰਾਂ ਰਾਹੀਂ ਪਹਿਲਾਂ ਹੀ ਬੇਰੁਜ਼ਗਾਰੀ, ਭੁੱਖਮਰੀ ਦੀ ਸਤਾਈ ਆਮ ਲੋਕਾਈ ਉੱਤੇ ਬੋਝ ਦੂਣ ਸਵਾਇਆ ਕਰਦੀਆਂ ਹਨ। ਇਸ ਤੋਂ ਇਲਾਵਾ ਵੀ ਸਰਕਾਰ ਆਪਣਾ ਵਿੱਤੀ ਘਾਟਾ ਘਟਾਉਣ ਲਈ ਜੋ ਹਥਕੰਡੇ ਤੇ ਨੀਤੀਆਂ ਅਪਣਾਉਂਦੀ ਹੈ ਉਹ ਬਿਨ੍ਹਾਂ ਛੋਟ ਤੋਂ ਲੋਕਾਈ ਦੀ ਰੱਤ ਨਿਚੋੜਨ ਵਾਲ਼ੀਆਂ ਹੀ ਹੁੰਦੀਆਂ ਹਨ। ਜੋ ਵਿੱਤੀ ਘਾਟੇ ਦਾ ਕਰਜੇ ਵੱਡੇ-ਵੱਡੇ ਕੋਰਪੋਰੇਟ ਘਰਾਣਿਆਂ ਤੇ ਸਰਮਾਏਦਾਰਾਂ ਦੀ ਸੇਵਾ ਕਰਨ ਦੇ ਅਮਲ ਵਿੱਚ ਸਹੇੜੇ ਗਏ ਹਨ ਉਹਨਾਂ ਨੂੰ ਉਤਾਰਨ ਦਾ ਬੋਝ ਵੀ ਆਮ ਲੋਕਾਈ ਦੇ ਸਿਰ ਹੀ ਲੱਦ ਦਿੱਤਾ ਜਾਂਦਾ ਹੈ।

ਅਰਥਚਾਰੇ ਦੀ ਮੌਜੂਦਾ ਹਾਲਤ ਤੇ ਆਉਣ ਵਾਲ਼ੇ ਸਾਲਾਂ ਵਿੱਚ ਜੋ ਸੰਭਾਵੀ ਹਾਲਤ ਦਿਸਦੀ ਹੈ ਉਸ ਵਿੱਚ ਲਾਜਮੀ ਹੀ ਆਮ ਲੋਕਾਈ ਦੀ ਹਾਲਤ ਬਦਤਰ ਹੁੰਦੀ ਹੀ ਦਿਖਦੀ ਹੈ। ਸੰਸਾਰ ਅਰਥਚਾਰਾ ਲਗਾਤਾਰ ਇਕ ਵੱਡੇ ਵਿਸਫੋਟ ਮਤਲਬ ਕਿ ਆਰਥਕ ਸੰਕਟ ਦੇ ਨੇੜੇ ਹੁੰਦਾ ਜਾ ਰਿਹਾ ਹੈ। ਅਜਿਹੇ ਸਮੇਂ ਹਾਕਮ ਜਮਾਤਾਂ ਪੁਰਜੋਰ ਕੋਸ਼ਿਸ਼ਾਂ ਰਾਹੀਂ ਨਿੱਘਰਦੇ ਅਰਥਚਾਰੇ ਦਾ ਵੱਧ ਤੋਂ ਵੱਧ ਬੋਝ ਕਿਰਤੀ ਲੋਕਾਂ ਉੱਪਰ ਪਾਉਣ ਦੀ ਕੋਸ਼ਿਸ਼ ਕਰਦੀਆਂ ਹਨ। ਇਕ ਹੱਥ ਜਿੱਥੇ ਇਹ ਲੋਕਾਂ ਦਾ ਜੀਣਾ ਦੂਭਰ ਕਰਦਾ ਹੈ ਉੱਥੇ ਦੂਜੇ ਹੱਥ ਹਾਕਮ ਜਮਾਤਾਂ ਨਾਲ਼ ਉਹਨਾਂ ਦੇ ਵੈਰ-ਵਿਰੋਧ ਨੂੰ ਵੀ ਸਾਫ ਰੂਪ ਵਿੱਚ ਸਾਹਮਣੇ ਲਿਆਉਂਦਾ ਹੈ ਤੇ ਤਿੱਖਾ ਕਰਦਾ ਹੈ। 1980ਵਿਆਂ ਤੋਂ ਬਾਅਦ ਕੁੱਲ ਸੰਸਾਰ ਵਿੱਚ ਵੱਖ-ਵੱਖ ਤਰੀਕੇ ਨਾਲ਼ ਲਾਗੂ ਹੋਈਆਂ ਉਦਾਰੀਕਰਨ-ਨਿੱਜੀਕਰਨ-ਸੰਸਾਰੀਕਰਨ ਦੀਆਂ ਨੀਤੀਆਂ ਨੇ ਸਮਾਜ ਵਿੱਚ ਜੋ ਧਰੁਵੀਕਰਨ ਕੀਤਾ ਹੈ ਉਸ ਨਾਲ਼ ਪੂਰੇ ਸੰਸਾਰ ਵਿੱਚ ਹੀ ਕਿਸੇ ਨਾ ਕਿਸੇ ਰੂਪ ਵਿੱਚ ਸਰਮਾਏਦਾਰਾਂ ਤੇ ਉਹਨਾਂ ਦੀਆਂ ਚਾਕਰ ਸਰਕਾਰਾਂ ਤੇ ਕਿਰਤੀ ਲੋਕਾਂ ਵਿੱਚ ਵੈਰ-ਵਿਰੋਧ ਤਿੱਖਾ ਹੋਇਆ ਹੈ ਤੇ ਹੁਣ ਕਰੋਨਾ ਕਾਲ ਨੇ ਪੂਰੇ ਸਮਾਜ ਦੀ ਹੀ ਹਾਲਤ ਨੂੰ ਹੋਰ ਵਧੇਰੇ ਵਿਸਫੋਟਕ ਬਣਾ ਦਿੱਤਾ ਹੈ। ਅਜਿਹੇ ਵੇਲੇ ਆਮ ਕਿਰਤੀ ਲੋਕਾਂ ਸਾਹਮਣੇ ਇਹ ਗੱਲ ਇਕਦਮ ਸਾਫ-ਸਾਫ ਰੱਖਣ ਦੀ ਲੋੜ ਹੈ ਕਿ ਗਰੀਬੀ, ਬੇਰੁਜ਼ਗਾਰੀ, ਭੁੱਖਮਰੀ, ਜੰਗਾਂ ਤੇ ਹੋਰ ਤਰ੍ਹਾਂ-ਤਰ੍ਹਾਂ ਦੇ ਭਿਆਨਕ ਜਬਰ ਇਸ ਸਰਮਾਏਦਾਰਾ ਸਮਾਜ ਦਾ ਹੀ ਅਟੁੱਟ ਹਿੱਸਾ ਹਨ ਤੇ ਇਸ ਸਮਾਜ ਨੂੰ ਤੋੜਕੇ ਤੇ ਨਵਾਂ ਸਮਾਜ ਉਸਾਰਕੇ ਹੀ ਇਹਨਾਂ ਅਲਾਮਤਾਂ ਤੋਂ ਖਹਿੜਾ ਛੁਡਾਇਆ ਜਾ ਸਕਦਾ ਹੈ।

**ਲਲਕਾਰ 'ਚੋਂ ਧੰਨਵਾਦ ਸਹਿਤ**



# ਇਹ ਔਰਤਾਂ ਕੌਣ ਹਨ

(ਅੰਤਰਰਾਸ਼ਟਰੀ ਔਰਤ ਦਿਵਸ ਨੂੰ ਸਮਰਪਿਤ)

ਪਰਮਿੰਦਰ ਕੌਰ ਸਵੈਚ
604 760 4794

ਦੇਖਦੇ ਸੀ
ਸਮਾਜ ਵਲੋਂ ਮਹਿਜ਼
ਆਟੇ ਦੇ ਪੇੜੇ ਜਿੰਨੀ ਮੋਹਤਾਜ਼ ਔਰਤ
ਜੋ ਪੱਲੇ ਬੰਨ੍ਹ ਕੇ ਤੁਰਦੀ
ਡੋਲ਼ੇ ਜਾਣ ਦੀ ਤੇ ਜਿਉਂਦੇ ਜੀਅ
ਨਾ ਮੁੜ ਕੇ ਆਉਣ ਦੀ ਨਸੀਹਤ
'ਮੇਰਾ ਘਰ ਕਿਹੜਾ ?' ਦੀ
ਸ਼ਨਾਖ਼ਤ ਕਰਦੀ ਕਰਦੀ
ਸੱਧਰਾਂ ਦੇ ਅਸਮਾਨ ਥੱਲੇ
ਇੱਕ ਘਰ ਤੋਂ ਦੂਜੇ ਘਰ ਦੀ
ਦੂਰੀ ਨਾਪ ਦੀ
ਇੱਜ਼ਤ ਨਾਲ ਜੀਣ ਦੀ ਇੱਛਾ ਪਾਲ਼ਦੀ
ਲੋਕ ਲੱਜਿਆ ਦੇ ਠੀਕਰੀ ਪਹਿਰੇ ਹੇਠ
ਸਮਾਜ ਵਿੱਚ ਦੋਮ ਦਰਜ਼ੇ
ਦੀਆਂ ਮਾਰਾਂ ਸਹਿੰਦੀ
ਚੁੱਪ ਗੜੁੱਪ ਦੰਦਾਂ ਵਿੱਚ ਜੀਭ ਲੈ ਕੇ
ਪੀ ਜਾਂਦੀ ਸਾਰੀ ਦੀ ਸਾਰੀ ਪੀੜ।।

ਪਰ ਇਹ ਕੌਣ ਨੇ ?
ਜੋ ਹਰੀਆਂ ਪੀਲੀਆਂ ਚੁੰਨੀਆਂ ਵਾਲੀਆਂ ਔਰਤਾਂ
ਜਿਨ੍ਹਾਂ ਨੇ ਫੜੇ ਹਨ ਹੱਥਾਂ ਵਿੱਚ ਝੰਡੇ
ਸਾਜ਼ਸ਼ਾਂ, ਹਕੀਕਤਾਂ ਦੇ ਅੰਗ ਸੰਗ
ਸੰਘਰਸ਼ਾਂ ਦੇ ਗੀਤ, ਬੋਲੀਆਂ, ਗਿੱਧੇ ਪਾਉਂਦੀਆਂ
ਸਿਰਾਂ ਤੇ ਮਢਾਸੇ ਬੰਨ੍ਹ, ਟਰੈਕਟਰ ਚਲਾਉਂਦੀਆਂ
ਸਟੇਜਾਂ ਤੇ ਚੜ੍ਹ ਹਾਕਮ ਨੂੰ ਵੰਗਾਰਦੀਆਂ
ਲ਼ੋਕ ਏਕੇ ਦਾ ਝੰਡਾ ਲਹਿਰਾਉਂਦੀਆਂ
ਨਵੀਆਂ ਪਿਰਤਾਂ ਪਾਈਆਂ ਹਨ ਜਿਨ੍ਹਾਂ
ਤੋੜਿਆ ਹੈ ਮਨੂਵਾਦੀ ਢਾਂਚੇ ਨੂੰ
ਜਿਨ੍ਹਾਂ ਦੀ ਜੀਣ ਇੱਛਾ ਨੇ
ਸਮੇਂ ਦੇ ਧੁਆਂਖੇ ਵਰ੍ਹਿਆਂ ਤੇ
ਖਿਲਾਰੀ ਹੈ ਲੱਪ ਚਾਨਣਾਂ ਦੀ।

ਇਹ ਔਰਤਾਂ
ਜੋ ਦਿੰਦੀਆਂ ਹਨ ਰੁੱਕਾ ਸਾਥੀ ਨੂੰ
ਜਿੱਤ ਕੇ ਆਵੀਂ ਖਾਲ਼ੀ ਕਦੇ ਨਾ ਮੁੜੀਂ
ਪਰਵਾਹ ਨਾ ਕਰੀਂ ਘਰ ਬਾਰ ਦੀ
ਫਸਲਾਂ ਨੂੰ ਪਾਲੂੰਗੀ ਬੱਚਿਆਂ ਵਾਂਗ
ਜੁਗੜਿਆਂ ਤੋਂ ਦੱਬਿਆ ਹੌਸਲਾ
ਉਮੜਿਆ ਹੈ ਜਿੱਤ ਦੀਆਂ ਬਰੂਹਾਂ ਤੇ



ਇਸਦੀ ਆਮਦ ਨਾਲ ਹਿੱਲਿਆ ਹੈ
ਹਾਕਮ ਤੇ ਉਸਦਾ ਤਖ਼ਤ
ਕਹਿੰਦਾ ਹੈ ਉਔਰਤਾਂ, ਬੱਚੇ ਘਰ ਚਲੇ ਜਾਣ"

ਇਹਨਾਂ ਔਰਤਾਂ ਧੋ ਸੁੱਟਿਆ ਹੈ
ਝਗੜਾਲੂ, ਈਰਖਾਲੂ, ਬਾਤੂਨੀ ਵਰਗੇ
ਕਲੰਕਤ ਵਿਸ਼ੇਸ਼ਣਾਂ ਨੂੰ
ਹੁਣ ਇਹ ਪੁੱਤ ਪੋਤਿਆਂ ਦੀਆਂ ਅਰਥੀਆਂ ਤੇ
ਵੈਣਾਂ ਦੀ ਥਾਂ ਲਾਉਂਦੀਆਂ ਹਨ ਰੋਹ ਵਿੱਚ
ਲੋਕ ਏਕਤਾ ਤੇ ਜ਼ਿੰਦਾਬਾਦ ਦੇ ਨਾਹਰੇ
ਮੋਢੇ ਤੇ ਹੱਥ ਰੱਖ ਕੇ
ਦੱਸਦੀਆਂ ਹਨ ਢੰਗ ਅੱਥਰੂ ਪੀਣ ਦਾ

ਸਵਿੱਤਰੀ ਬਾਈ ਫੂਲੇ, ਕੇਵਲ ਕੌਰ, ਦੁਰਗਾ ਭਾਬੀ
ਰਾਣੀ ਝਾਂਸੀ ਦੀਆਂ ਇਹ ਵਾਰਸਾਂ
ਤਲਖੀਆਂ ਨਾਲ ਜੂਝਦੀਆਂ
ਮੱਥਿਆਂ ਵਿੱਚ ਉੱਗੇ ਇਨਕਲਾਬ ਦੇ
ਛੁਪੇ ਸੂਰਜ ਨੂੰ ਪੂਜਦੀਆਂ, ਅਰਘ ਲਾਉਂਦੀਆਂ,
ਚੜ੍ਹਦੀ ਲਾਲੀ ਦੇ ਸਵਾਗਤ ਲਈ।

ਸਿਰੜਾਂ ਦੀ ਭੱਠੀ ਵਿੱਚ ਆਪੇ ਨੂੰ ਝੋਕਦੀਆਂ
ਆਪਣੇ ਵਾਰਸਾਂ ਦੇ ਸੁਪਨੇ
ਅੱਖਾਂ ਵਿੱਚ ਸਜਾਈ
ਸਬਰ ਨਾਲ, ਸੰਤੋਖ ਨਾਲ ਕਹਿੰਦੀਆਂ ਹਨ
ਜਿੱਤ ਕੇ ਜਾਵਾਂਗੇ, ਨਹੀਂ ਤਾਂ ਨਾ ਸਹੀ
ਲਾਲ ਸਿੰਘ ਦਿਲ ਦੀ ਕਵਿਤਾ ਦੀਆਂ ਇਹ ਪਾਤਰ
ਜਿਨ੍ਹਾਂ ਧਰਤੀ ਆਪਣੇ ਮੋਢਿਆਂ ਤੇ ਹੈ ਚੁੱਕੀ
ਇਹ ਹਨ ਉਹ ਸਿਰੜੀ ਔਰਤਾਂ।

Westwinds PHARMACY
ਤੁਹਾਡੀ ਆਪਣੀ ਦਵਾਈਆਂ ਦੀ ਦੁਕਾਨ
Open 7 Days A Week
New Hours Mon To Fri 9am to 9 pm and 10 am to 6 pm Weekends
10% Discount on OTC Products with this coupon
EXP : Dec 31, 2020 | LIMIT : 1 Coupon per Visit
Free Delivery In NE
• Blister Packaging • Service in English, Punjabi, Urdu and Hindi
• Servicing This Community Since 2004 • 50 Puls Years of Dispensing Experience
• ਬਲਿਸਟਰ ਪੈਕਿੰਜਿਗ • ਅੰਗਰੇਜ਼ੀ, ਪੰਜਾਬੀ, ਉਰਦੂ ਤੇ ਹਿੰਦੂ ਵਿਚ ਸੇਵਾ ਉਪਲਬਧ
• 2004 ਤੋਂ ਸੇਵਾ ਵਿਚ • 50 ਸਾਲ ਤੋਂ ਵੱਧ ਦਾ ਸ਼ਾਨਦਾਰ ਤਜਰਬਾ
Fast, Friendly, Hassle Free Service!

Apinder Aujla
BSc.Pharm

Satvachan Lal
B.Sc.Pharm
#1150, 4818 Westwindus Drive NE. Calgary
403-293-9360


MYBROKERS.CA
We provide following insurance services:
AUTO | HOME | BUSINESS
COMMERCIAL AUTO | COMMERCIAL PROPERTY
RENTAL PROPERTY LIABILITY | TRUCKING etc.
For quotation please Call: 403-681-8689
#208, 4656 Westwinds Dr. NE Calgary AB (UPSTAIRS)


'The name people trust and recommend' Over 30 years of experience in Immigration Matters
HAYER LAW OFFICE
Immigration Law
- Parents and spousal sponsorships
- Skilled Workers/Express Entry
- Business/Entrepreneur/Investor
- Appeals against refused cases
- Student, Visitor Visa & Super Visa
- Refugee Claims and Federal Court Appeals
- PNP applications
- Successfully handled thousands of immigration cases
DALWINDER HAYER
M.A. (Eco.) LL.B., LL.M
Barrister, Solicitor and Notary Public
SITAL (TINA)
B.A., LL.B. (Hons.) L.L.M.
Tel : 78377-00046 | Chandigarh (India)
AMANDEEP HAYER
B.A., J.D. (Canada) J.D. (U.S.)
Barrister, Solicitor, Notary Public
BALJINDER HAYER
Immigration Consultant
& Public Notary
T0 SERVE OUR CLIENTS BETTER, WE FREQUENTLY VISIT INDIA.
Tel : 403-235-4197
Fax : 403-235-6038
West Winds Business Centre
#111, 5120 47 St. NE Calgary, AB., T3J 4K3
Email : hayerlaw@shaw.ca


ਮਨਦੀਪ
+1-438-924-2052
mandeepsaddowal@gmail.com

### ਸ਼ਹਾਦਤ ਦਿਵਸ 'ਤੇ 27 ਫਰਵਰੀ 1931

# 'ਭਾਰਤੀ ਸਮਾਜਵਾਦੀ ਪਰਜਾਤੰਤਰ ਸੈਨਾ' ਦਾ ਬਹਾਦਰ ਸੈਨਾਪਤੀ - ਚੰਦਰ ਸ਼ੇਖਰ ਅਜ਼ਾਦ

ਬਰਤਾਨਵੀਂ ਸਾਮਰਾਜ ਖਿਲਾਫ ਚੱਲੇ ਮੁਕਤੀ ਸੰਗਰਾਮ 'ਚ ਦੇਸ਼ ਦੇ ਅਨੇਕਾਂ ਦੇਸ਼ਭਗਤਾਂ ਨੇ ਆਪਣੀਆਂ ਜਿੰਦਗੀਆਂ ਕੁਰਬਾਨ ਕੀਤੀਆਂ ਸਨ। ਦੇਸ਼ ਦੇ ਮੁਕਤੀ ਸੰਗਰਾਮ ਦੇ ਇਤਿਹਾਸ ਅੰਦਰ ਇਹ ਕੁਰਬਾਨੀਆਂ ਮਹਿਜ ਭਾਵਨਾਵਾਂ, ਦਹਿਸ਼ਤੀ ਜਾਂ ਅਰਾਜਕਤਾਵਾਦੀ ਕਾਰਵਾਈਆਂ, ਇਨਕਲਾਬੀ ਰੁਮਾਂਸ, ਧਾਰਮਿਕ ਪ੍ਰੇਰਨਾਵਾਂ ਤੇ ਆਪਮੁਹਾਰਤਾ ਦਾ ਹੀ ਵੇਗ ਨਹੀਂ ਸਨ ਸਗੋਂ ਵੱਖ-ਵੱਖ ਵਿਚਾਰਧਰਾਵਾਂ ਤੋਂ ਪ੍ਰੇਰਿਤ ਯੋਜਨਾਬੱਧ ਤੇ ਸੁਚੇਤ ਯਤਨਾਂ ਦਾ ਸਿੱਟਾ ਵੀ ਸਨ। ਭਾਰਤ ਦੇ ਮੁਕਤੀ ਸੰਗਰਾਮ ਦੇ ਇਤਿਹਾਸ 'ਚ ਬਰਤਾਨਵੀਂ ਹਕੂਮਤ ਖਿਲਾਫ ਵਿਰੋਧ ਦੀਆਂ ਸੁਧਾਰਵਾਦੀ ਇਨਕਲਾਬੀ ਲਹਿਰਾਂ ਦਾ ਤੇਜ ਪ੍ਰਤੱਖ ਤੌਰ 'ਤੇ ਵੇਖਣ ਨੂੰ ਮਿਲਦਾ ਹੈ ਪਰੰਤੂ ਭਾਰਤ ਦੇ ਵੱਖ-ਵੱਖ ਹਿੱਸਿਆਂ 'ਚ ਮਾਰਕਸੀ ਵਿਚਾਰਧਾਰਾ ਨਾਲ ਲੈੱਸ ਨੌਜਵਾਨਾਂ ਦੀ ਇਕ ਛੋਟੀ ਜਿਹੀ ਟੁਕੜੀ ਭਾਰਤੀ ਮੁਕਤੀ ਸੰਗਰਾਮ ਦੇ ਮੰਚ ਉੱਤੇ ਬੜੀ ਤੇਜੀ ਨਾਲ ਦਾਖਲ ਹੁੰਦੀ ਹੈ ਅਤੇ ਬਿਜਲੀ ਦੀ ਰਫਤਾਰ ਨਾਲ ਭਾਰਤ ਦੇ ਮੁਕਤੀ ਸੰਗਰਾਮ ਦੀ ਅਗਵਾਨੂੰ ਬਣਕੇ ਪੂਰੇ ਦੇਸ਼ ਅੰਦਰ ਆਪਣੇ ਜਲੌਅ ਦਾ ਲੋਹਾ ਮਨਵਾਉਂਦੀ ਹੈ। ਵੱਖ-ਵੱਖ ਵਿਚਾਰਧਰਾਵਾਂ ਦੇ ਪਿਛੋਕੜ ਵਾਲੇ ਸੰਗਰਾਮੀਏ ਇੱਕ ਇਨਕਲਾਬੀ ਦਲ ਸਥਾਪਿਤ ਕਰਦੇ ਹਨ ਅਤੇ ਅਨੇਕਾਂ ਅਰਾਜਕੀ ਅਤੇ ਰੁਮਾਂਚਿਕ ਇਨਕਲਾਬੀ ਕਾਰਵਾਈਆਂ ਨੂੰ ਅੰਜਾਮ ਦਿੰਦੇ ਹਨ। ਉਹਨਾਂ ਵਿਚੋਂ ਕਈ ਨੌਜਵਾਨ ਕੱਟੜ ਧਾਰਮਿਕ ਪਿਛੋਕੜ ਵਾਲੇ ਸਨ ਤਰੰਤੂ ਉਹਨਾਂ ਨੇ ਇਸ ਧਾਰਮਿਕ ਕੱਟੜਤਾ ਨੂੰ ਮੁਕਤੀ ਸੰਗਰਾਮ ਦੀ ਲੜਾਈ ਦੇ ਟੀਚੇ 'ਚ ਕਦੇ ਰੋੜਾ ਨਹੀਂ ਬਣਨ ਦਿੱਤਾ ਬਲਕਿ 'ਅਜ਼ਾਦੀ, ਬਰਾਬਰੀ ਅਤੇ ਭਾਈਚਾਰੇ' ਦੇ ਅਸੂਲਾਂ ਉੱਤੇ ਪਹਿਰਾ ਦਿੱਤਾ। ਉਨ੍ਹਾਂ ਵਿਚੋਂ ਅਨੇਕਾਂ ਧਾਰਮਿਕ ਪਿਛੋਕੜ ਵਾਲੇ ਸੰਗਰਾਮੀਆਂ ਨੇ ਧਾਰਮਿਕ ਤੇ ਹੋਰ ਸਮਾਜਿਕ ਸੰਕੀਰਨਤਾਵਾਂ ਤੋਂ ਉੱਪਰ ਉੱਠਦਿਆਂ ਕੁਝ ਕੁ ਵਰ੍ਹਿਆਂ ਵਿਚ ਹੀ ਆਪਣੇ-ਆਪ ਨੂੰ ਚੇਤੰਨ ਇਨਕਲਾਬੀ ਕਮਿਊਨਿਸਟ ਕਾਰਕੁੰਨ ਦੇ ਤੌਰ 'ਤੇ ਪੇਸ਼ ਕੀਤਾ।

ਮੁਕਤੀ ਸੰਗਰਾਮ ਦੇ ਇਨ੍ਹਾਂ ਨੌਜਵਾਨ ਸੰਗਰਾਮੀਆਂ ਦੇ ਜੀਵਨ ਬਿਰਤਾਂਤ ਦਾ ਜਿਕਰ ਇਕ-ਦੂਜੇ ਤੋਂ ਬਿਨਾਂ ਅਧੂਰਾ ਹੈ। ਭਗਤ ਸਿੰਘ, ਰਾਜਗੁਰੂ, ਸੁਖਦੇਵ, ਚੰਦਰ ਸ਼ੇਖਰ ਅਜਾਦ, ਭਗਵਤੀ ਚਰਨ, ਦੁਰਗਾ ਵੋਹਰਾ, ਜਤਿਨ ਦਾਸ ਆਦਿ ਸੂਰਵੀਰਾਂ ਦੀ ਇਕ ਨਿੱਕੀ ਜਿਹੀ ਟੋਲੀ ਸੀ, ਜਿਨ੍ਹਾਂ ਦੀ ਜ਼ਿੰਦਗੀ ਦਾ ਹਰ ਤਸੱਵਰ ਉਹਨਾਂ ਦੇ ਉਦੇਸ਼ ਵਾਂਗ ਅਟੁੱਟ ਰੂਪ 'ਚ ਇਕ-ਦੂਜੇ ਨਾਲ ਜੁੜਿਆ ਹੋਇਆ ਸੀ। ਇਹ ਨੌਜਵਾਨ ਹਿੰਦੋਸਤਾਨ ਸ਼ੋਸ਼ਲਿਸਟ ਰਿਪਬਲਿਕਨ ਆਰਮੀ ਦੇ ਨਿਧੜਕ ਅਤੇ ਚੇਤੰਨ ਵਿਚਾਰਵਾਨ ਯੋਧੇ ਸਨ। ਤੇ ਇਹਨਾਂ ਵਿਚੋਂ ਹੀ ਸੀ ਐਚ. ਐਸ. ਆਰ. ਏ. ਦਾ ਬਹਾਦਰ ਸੈਨਾਪਤੀ ਚੰਦਰ ਸ਼ੇਖਰ ਅਜਾਦ।

ਮੱਧ ਭਾਰਤ ਦੀ ਅਲੀਰਾਜਪੁਰ ਰਿਆਸਤ ਦੀ ਝਾਬੂਆ ਤਹਿਸੀਲ ਦੇ ਪਿੰਡ ਭਾਵਰਾ ਵਿਚ ਇਕ ਕੱਟੜ ਬ੍ਰਹਮਣ ਪਰਿਵਾਰ 'ਚ ਪੰਡਿਤ ਪਿਤਾ ਸੀਤਾ ਰਾਮ ਤਿਵਾਰੀ ਅਤੇ ਮਾਤਾ ਜਗਰਾਣੀ ਦੇਵੀ ਦੇ ਘਰ 23 ਜੁਲਾਈ 1906 ਨੂੰ ਚੰਦਰ ਸ਼ੇਖਰ ਦਾ ਜਨਮ ਹੋਇਆ। ਉਹ ਬਚਪਨ ਤੋਂ ਹੀ ਪਰਿਵਾਰਕ ਪਿਛੋਕੜ ਤੋਂ ਉਲਟ ਬਾਗੀਆਨਾ ਤਬੀਅਤ ਦੇ ਮਾਲਕ ਸਨ। ਪੜਾਈ ਨਾਲੋਂ ਤੀਰ-ਕਮਾਨ ਵਰਗੀਆਂ ਖੇਡਾਂ ਵਿਚ ਜਿਆਦਾ ਰੁਚੀ ਰੱਖਦੇ ਸਨ। ਪਿਤਾ ਜੀ ਨੇ ਸਕੂਲੋਂ ਹਟਾਕੇ ਤਹਿਸੀਲ ਵਿਚ ਹੀ ਕੰਮ ਉਤੇ ਲਵਾ ਦਿੱਤਾ। ਪਰ ਵਿਚਾਰਾ ਮਨ! ਚੰਦਰ ਸ਼ੇਖਰ ਨੌਕਰੀ ਛੱਡਕੇ ਬੰਬਈ ਚਲੇ ਗਏ ਅਤੇ ਇੱਥੇ ਉਹ ਕਈ ਵਰ੍ਹੇ ਇਕ ਤੋਂ ਬਾਅਦ ਦੂਜੇ ਕੰਮ ਤੇ ਲੱਗਦੇ ਅਤੇ ਹਟਦੇ ਰਹੇ। ਕੁਝ ਸਮਾਂ ਜਹਾਜ਼ਾਂ ਦੇ ਰੰਗ-ਰੋਗਨ ਦਾ ਕੰਮ ਵੀ ਕੀਤਾ। ਅਖੀਰ ਬੰਬਈ ਦੀ ਭੱਜਦੌੜ ਵਾਲੀ ਮਸ਼ੀਨੀ ਜਿੰਦਗੀ ਅਤੇ ਬੰਦਰਗਾਹਾਂ ਉੱਤੇ ਫਟੇਹਾਲ ਖੜੇ ਜਹਾਜਾਂ ਨੂੰ ਅਲਵਿਦਾ ਆਖ ਆਪਣੀ ਜਿੰਦਗੀ ਦੇ ਮਲਾਹ ਬਣਨ ਦਾ ਫੈਸਲਾਂ ਕੀਤਾ। ਬੰਬਈ ਛੱਡਕੇ ਉਹ ਬਨਾਰਸ ਸੰਸਕ੍ਰਿਤ ਦੀ ਪੜਾਈ ਕਰਨ ਚਲੇ ਗਏ। ਇੱਥੇ ਹੀ ਉਹਨਾਂ ਨੇ ਸੰਸਕ੍ਰਿਤ ਦੇ ਨਾਲ-ਨਾਲ ਦੇਸ਼ ਭਗਤੀ ਦਾ ਪਾਠ ਪੜਨਾ ਸ਼ੁਰੂ ਕਰ ਦਿੱਤਾ। 1920-21 ਦੇ ਸੱਤਿਆਗ੍ਰਹਿ ਵਿਚ ਭਾਗ ਲਿਆ ਅਤੇ ਇਨਾਮ ਵਜੋਂ ਬੈਂਤਾਂ ਦੀ ਸਜਾ ਦਾ ਸਨਮਾਨ ਹਾਸਲ ਕੀਤਾ। ਇਸ ਇਨਾਮ ਨੇ ਉਹਨਾਂ ਨੂੰ ਪਹਿਲੀ ਵਾਰ ਐਨੀ ਨੇੜਿਓਂ ਅੰਗੇਰਜੀ ਹਕੂਮਤ ਦੇ ਜਬਰ ਦਾ ਅਹਿਸਾਸ ਕਰਵਾਇਆ। ਉਹਨਾਂ ਨੇ ਮਹਿਸੂਸ ਕੀਤਾ ਕਿ ਕਿਵੇਂ ਦੇਸ਼ ਦੇ ਮਜਦੂਰ-ਕਿਸਾਨ (ਬੰਬਈ ਦੇ ਮਜਦੂਰਾਂ ਅਤੇ ਭਾਵਰਾ ਦੇ ਮੁਜਾਰੇ



ਕਿਸਾਨਾਂ ਦੀ ਨਰਕੀ ਜਿੰਦਗੀ ਉਹ ਪਹਿਲਾਂ ਹੀ ਅੱਖੀਂ ਵੇਖ ਚੁੱਕੇ ਸਨ।) ਬਰਤਾਨਵੀਂ ਜੂਲੇ ਹੇਠ ਨਰਕੀ ਜਿੰਦਗੀ ਬਤੀਤ ਕਰ ਰਹੇ ਹਨ। ਇਸ ਦਿਨ ਤੋਂ ਹੀ ਤਿਵਾਰੀ ਜੀ 'ਅਜਾਦ' ਹੋ ਗਏ।

ਅਜ਼ਾਦ, ਰਾਮ ਪ੍ਰਸ਼ਾਦ ਬਿਸਮਿਲ ਦੀ ਅਗਵਾਈ ਹੇਠ ਇਨਕਲਾਬੀਆਂ ਸੰਗ ਮਿਲ ਗਏ। ਜਿੱਥੇ ਉਹਨਾਂ ਨੇ ਆਪਣੇ ਕੱਟੜ ਹਿੰਦੂ ਵਿਚਾਰਾਂ ਤੇ ਕਰਮ-ਕਾਂਡ ਵਰਗੇ ਬੁਰੇ ਵਕਾਰਾਂ ਨੂੰ ਛੱਡ ਕੇ ਆਰੀਆ ਸਮਾਜੀ ਵਿਚਾਰਾਂ ਦਾ ਪ੍ਰਭਾਵ ਕਬੂਲਿਆ। ਉਹਨਾਂ ਦੀ ਹੀ ਅਗਵਾਈ ਹੇਠ 9 ਅਗਸਤ 1925 ਨੂੰ ਕਾਕੋਰੀ ਰੇਲ ਕਾਂਡ ਵਿਚ ਅਹਿਮ ਯੋਗਦਾਨ ਪਾਇਆ। ਇਸ ਕਾਂਡ ਬਾਅਦ ਜਦੋਂ ਹਕੂਮਤੀ ਜਬਰ ਤਿੱਖਾ ਹੋਇਆ ਤਾਂ ਉਹ ਫਰਾਰ ਹੋ ਕੇ ਝਾਂਸੀ ਆ ਗਏ ਅਤੇ ਇੱਥੇ ਹਰੀਸ਼ੰਕਰ ਬ੍ਰਹਮਚਾਰੀ ਬਣਕੇ ਰਹਿਣ ਲੱਗੇ। ਇੱਥੇ ਹੀ ਉਹ ਭਗਤ ਸਿੰਘ ਨਾਲ ਮਿਲਕੇ ਇਨਕਲਾਬੀ ਗਤੀਵਿਧੀਆਂ ਕਰਦੇ ਰਹੇ। ਭਗਤ ਸਿੰਘ ਦੀ ਸੰਗਤ 'ਚ ਹੀ ਅਜਾਦ ਨੇ ਸਮਾਜਵਾਦੀ ਵਿਚਾਰਾਂ ਤੇ ਪਕੜ ਹਾਸਲ ਕੀਤੀ ਅਤੇ ਧਾਰਮਿਕ ਕੱਟੜਤਾ ਨੂੰ ਛੱਡਦਿਆਂ ਧਰਮ-ਨਿਰਪੱਖਤਾ ਦੇ ਵਿਚਾਰਾਂ ਨੂੰ ਧਾਰਨ ਕੀਤਾ। ਬ੍ਰਹਮਚਾਰੀ ਜੀਵਨ ਗੁਜਾਰਨ ਦੇ ਬਾਵਜੂਦ ਅਜ਼ਾਦ ਔਰਤ ਪ੍ਰਤੀ ਆਪਣੇ ਪੁਰਾਣੇ ਵਿਚਾਰਾਂ ਨੂੰ ਤਿਆਗ ਕੇ ਪਾਰਟੀ ਅੰਦਰ ਔਰਤ ਕਾਡਰ ਦੀ ਹਿੱਸੇਦਾਰੀ ਨੂੰ ਅਹਿਮ ਮੰਨਦੇ ਸਨ। ਉਹ ਪਾਰਟੀ ਵਿਚਲੀਆਂ ਔਰਤ ਕਾਰਕੁੰਨਾਂ ਨੂੰ ਹਥਿਆਰਾਂ ਦੀ ਟਰੇਨਿੰਗ ਦਿੰਦੇ ਰਹੇ ਅਤੇ ਅਜਾਦ ਉਹਨਾਂ ਦੀ ਆਪਣੇ ਪਤੀਆਂ ਦੇ ਬਰਾਬਰ ਹਿੱਸੇਦਾਰੀ ਦੇ ਝੰਡਾਬਰਦਾਰ ਸਨ। ਪਾਰਟੀ ਨੂੰ ਜੱਥੇਬੰਦ ਕਰਨ ਦੇ ਅਹਿਮ ਕਾਰਜ ਤੋਂ ਇਲਾਵਾ ਉਹ ਸਾਂਡਰਸ ਕਤਲ ਕਾਂਡ, ਅਸੈਂਬਲੀ ਵਿਚ ਬੰਬ ਸੁੱਟਣ ਅਤੇ ਵਾਇਸਰਾਏ ਦੀ ਗੱਡੀ ਤੇ ਹਮਲਾ ਕਰਨ ਦੀਆਂ ਕਾਰਵਾਈਆਂ ਵਿਚ ਵੀ ਸ਼ਾਮਲ ਰਹੇ। ਸਾਂਡਰਸ ਕਤਲ ਕਾਂਡ ਸਮੇਂ ਭਗਤ ਸਿੰਘ ਅਤੇ ਰਾਜਗੁਰੂ ਨੂੰ ਹੌਲਦਾਰ ਚੰਨਣ ਸਿੰਘ ਦੀ ਪਕੜ ਤੋਂ ਬਚਾਉਣ ਲਈ ਚੰਦਰ ਸ਼ੇਖਰ ਅਜਾਦ ਨੂੰ ਮਜਬੂਰਨ ਹੌਲਦਾਰ ਚੰਨਣ ਸਿੰਘ ਉਤੇ ਗੋਲੀ ਚਲਾਉਣੀ ਪਈ ਸੀ। ਇਸ ਤੋਂ ਇਲਾਵਾ ਉਹਨਾਂ ਨੇ ਪਾਰਟੀ ਉਸਾਰੀ ਅਤੇ ਅਪਣੇ ਸਾਥੀ ਇਨਕਲਾਬੀਆਂ ਦੀ ਰਿਹਾਈ ਅਤੇ ਸਹਿਯੋਗ ਲਈ ਡਾਕੇ ਮਾਰ ਕੇ ਸਰਕਾਰੀ ਸੰਪੱਤੀ ਨੂੰ ਨਿਸ਼ਾਨਾ ਬਣਾਇਆ।

ਅਜ਼ਾਦ ਦਾ ਦਬੰਗੀ ਅਤੇ ਦਹਿਸ਼ਤੀ ਬਿੰਬ ਆਮ ਤੌਰ 'ਤੇ ਰੁਮਾਂਚਿਕ ਇਨਕਲਾਬੀ ਨੌਜਵਾਨਾਂ ਨੂੰ ਬੇਹੱਦ ਪ੍ਰਭਾਵਿਤ ਕਰਦਾ ਹੈ। ਅਜਾਦ ਦਾ ਵਿਅਕਤੀਤਵ ਜਿੱਥੇ ਬੇਹੱਦ ਅਨੁਸ਼ਾਸ਼ਨੀ ਅਤੇ ਇਨਕਲਾਬੀ ਜਾਨੂੰਨ ਨਾਲ ਪਰੁੰਨਿਆਂ ਹੋਇਆ ਸੀ ਉੱਥੇ ਉਹ ਕੋਮਲ ਮਨੁੱਖੀ ਭਾਵਨਾਵਾਂ ਦੀ ਕਦਰ ਕਰਨ ਵਾਲਾ ਸੰਵੇਦਨਸ਼ੀਲ਼ ਇਨਸਾਨ ਵੀ ਸੀ। ਇਸਦਾ ਅੰਦਾਜ਼ਾ ਸ਼ਿਵ ਵਰਮਾ ਦੀ ਇਕ ਯਾਦ ਤੋਂ ਲਗਾਇਆ ਜਾ ਸਕਦਾ ਹੈ। ਉਹ ਲਿਖਦੇ ਹਨ ਕਿ 'ਆਜ਼ਾਦ ਸਾਡੇ ਸੈਨਾਪਤੀ ਹੀ ਨਹੀਂ ਸਨ, ਉਹ ਸਾਡੇ ਪਰਿਵਾਰ ਦੇ ਵੱਡੇ ਭਰਾ ਦੀ ਥਾਂ ਵੀ ਸਨ, ਜਿਸ ਨੂੰ ਹਰ ਸਾਥੀ ਦੀ ਛੋਟੀ ਤੋਂ ਛੋਟੀ ਜਰੂਰਤ ਦਾ ਧਿਆਨ ਰਹਿੰਦਾ ਸੀ। ਮੋਹਨ (ਬੀ.ਕੇ. ਦੱਤ) ਦੀ ਦਵਾਈ ਨਹੀਂ ਆਈ, ਹਰੀਸ਼ (ਜੈਦੇਵ) ਨੂੰ ਕਮੀਜ਼ ਦੀ ਜਰੂਰਤ ਹੈ, ਰਘੂਨਾਥ (ਰਾਜਗੁਰੂ) ਕੋਲ ਜੁੱਤੀ ਨਹੀਂ ਹੈ, ਬੱਚੂ (ਵਿਜੈ) ਦੀ ਸਿਹਤ ਠੀਕ ਨਹੀਂ ਹੈ ਆਦਿ ਉਨ੍ਹਾਂ ਦੀਆਂ ਰੋਜ਼ ਦੀਆਂ ਚਿੰਤਾਵਾਂ ਸਨ।' ਇਸੇ ਤਰ੍ਹਾਂ ਜਦੋਂ ਭਗਤ ਸਿੰਘ, ਸੁਖਦੇਵ, ਬੁਟਕੇਸ਼ਵਰ ਦੱਤ, ਸ਼ਿਵ ਵਰਮਾ ਅਤੇ ਹੋਰ ਕਈ ਸਾਥੀਆਂ ਬਾਰੇ ਗੱਲ ਚੱਲ ਰਹੀ ਸੀ ਕਿ ਕੌਣ ਕਿਸ ਹਾਲਤ ਵਿੱਚ ਫੜਿਆ ਜਾਵੇਗਾ ਤਾਂ ਭਗਤ ਸਿੰਘ ਨੇ ਕਿਹਾ "ਪੰਡਿਤ ਜੀ ਤੁਹਾਡੇ ਲਈ ਤਾਂ ਦੋ ਰੱਸਿਆਂ ਦੀ ਜ਼ਰੂਰਤ ਪਏਗੀ, ਇੱਕ ਗਲ ਲਈ ਤੇ ਦੂਜਾ ਤੁਹਾਡੇ ਭਾਰੀ ਢਿੱਡ ਲਈ।" ਅਜ਼ਾਦ ਤੁਰੰਤ ਹੱਸ ਕੇ ਬੋਲੇ "ਵੇਖ ਫਾਂਸੀ ਚੜਨ ਦਾ ਸ਼ੌਂਕ ਮੈਨੂੰ ਨਹੀਂ ਹੈ। ਉਹ ਤੈਨੂੰ ਮੁਬਾਰਕ ਹੋਵੇ, ਰੱਸਾ-ਰੁੱਸਾ ਤੇਰੇ ਗਲ ਲਈ ਹੈ। ਜਦੋਂ ਤੱਕ ਇਹ ਬਮਤਮ ਬੁਖਾਰ (ਆਜ਼ਾਦ ਦਾ ਪਿਸਤੌਲ) ਮੇਰੇ ਕੋਲ ਹੈ ਕਿਸ ਨੇ ਮਾਂ ਦਾ ਦੁੱਧ ਪੀਤਾ ਹੈ ਕਿ ਮੈਨੂੰ ਜਿਊਂਦਾ ਫੜ ਲੈ ਜਾਵੇ।" ਭਾਵੇਂ ਸਮਾਜਵਾਦੀ ਤੇ ਹੋਰ ਸਿਆਸੀ ਸਾਹਿਤ ਪੜ੍ਹਨ ਵਿਚ ਅਜਾਦ ਦੀ ਕੁਝ ਸੀਮਤਾਈ ਸੀ ਪਰੰਤੂ ਦੇਸ਼ ਦੀ ਅਜ਼ਾਦੀ ਅਤੇ ਸਮਾਜਵਾਦੀ ਇਨਕਲਾਬ ਦੀ ਉਸਾਰੀ ਦੇ ਟੀਚੇ ਲਈ ਅਧਿਐਨ ਦੀ ਮਹੱਤਤਾ ਅਤੇ ਸਿੱਖਣ-ਪੜ੍ਹਨ ਦੀ ਭਾਵਨਾ ਰੱਤੀ ਭਰ ਵੀ ਊਣੀ ਨਹੀਂ ਸੀ। ਉਹ ਸਦਾ ਆਪਣੇ ਸਾਥੀਆਂ ਨੂੰ ਪੜ੍ਹਨ-ਲਿਖਣ ਲਈ ਪ੍ਰੇਰਦੇ ਰਹਿੰਦੇ ਸਨ। ਉਹਨਾਂ ਨੇ ਸ਼ਿਵ ਵਰਮਾ ਕੋਲੋਂ ਕਮਿਊਨਿਸਟ ਮੈਨੀਫੈਸਟੋ ਸੁਣਿਆ। ਦੇਸ਼ ਦੀ ਅਜਾਦੀ ਉਹਨਾਂ ਦਾ ਆਦਰਸ਼ ਸੀ ਤੇ ਉਹ ਹਮੇਸ਼ਾਂ ਪਾਰਟੀ ਵਿਚਲੀਆਂ ਸਿਧਾਂਤਕ ਬਹਿਸਾਂ ਵਿਚ ਪੂਰੇ ਉਤਸ਼ਾਹ ਨਾਲ ਭਾਗ ਲੈਂਦੇ ਰਹੇ।

ਉਹਨਾਂ ਦਾ ਅਜ਼ਾਦੀ ਪ੍ਰਾਪਤੀ ਦਾ ਆਦਰਸ਼ ਅਤੇ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਰਹਿਤ ਸਮਾਜ ਉਸਾਰੀ ਦਾ ਸੁਪਨਾ ਹੀ ਉਹਨਾਂ ਦੀ ਊਰਜਾ ਦਾ ਸਰੋਤ ਸੀ। 27 ਫਰਵਰੀ 1931 ਨੂੰ ਅਲਾਹਾਬਾਦ ਦੇ ਐਲਫਰੈੱਡ ਪਾਰਕ ਵਿਚ ਅੰਗਰੇਜ ਹਕੂਮਤ ਨਾਲ ਲੜਦਿਆਂ ਜੋ ਗੌਰਵਸ਼ਾਲੀ ਸ਼ਹਾਦਤ ਉਹਨਾਂ ਪਾਈ, ਉਸ ਕੁਰਬਾਨੀ ਦੀ ਲਾਟ ਕਦੇ ਵੀ ਮੱਧਮ ਨਹੀਂ ਪਵੇਗੀ। ਉਹਨਾਂ ਦੀ ਸ਼ਹਾਦਤ ਤੋਂ ਬਾਅਦ ਗਵਰਨਰ ਪੰਜਾਬ ਨੂੰ 20 ਮਾਰਚ 1931 'ਚ ਲਿਖੇ ਖਤ ਵਿੱਚ ਭਗਤ ਸਿੰਘ, ਰਾਜਗੁਰੂ, ਸੁਖਦੇਵ ਨੇ ਆਪਣੇ ਇਨਕਲਾਬੀ ਸੈਨਾਪਤੀ ਨੂੰ ਯਾਦ ਕਰਦਿਆਂ ਲਿਖਿਆ - "ਸਾਮਰਾਜੀ ਤੇ ਸਰਮਾਏਦਾਰ ਲੁੱਟ ਕੁੱਝ ਦਿਨਾਂ ਦੀ ਖੇਡ ਹੈ। ਇਹ ਯੁੱਧ ਨਾ ਅਸਾਂ ਤੋਂ ਸ਼ੁਰੂ ਹੋਇਆ ਹੈ ਤੇ ਨਾ ਹੀ ਸਾਡੇ ਜੀਵਨ ਨਾਲ ਖਤਮ ਹੋਵੇਗਾ। ਇਹ ਤਾਂ ਇਤਿਹਾਸਿਕ ਕਾਰਨਾਂ ਤੇ ਆਲੇ-ਦੁਆਲੇ ਪੱਸਰੇ ਹਾਲਾਤ ਦਾ ਜ਼ਰੂਰੀ ਨਤੀਜਾ ਹੈ। ਸਾਡੀ ਨਿਮਾਣੀ ਜਿਹੀ ਕੁਰਬਾਨੀ ਤਾਂ ਉਸ ਇਤਿਹਾਸਕ ਲੜੀ ਦੀ ਇੱਕ ਕੜੀ ਹੈ, ਜਿਸ ਨੂੰ ਜਤਿਨ ਦਾਸ ਦੀ ਬੇਮਿਸਾਲ ਕੁਰਬਾਨੀ ਨੇ, ਸ਼ਹੀਦ ਭਗਵਤੀ ਚਰਨ ਜੀ ਦੀ ਅਤਿ ਭਿਆਨਕ ਪਰ ਪਵਿੱਤਰ ਤੇ ਮਹਾਨ ਕੁਰਬਾਨੀ ਨੇ ਅਤੇ ਸਾਡੇ ਮਹਿਬੂਬ ਜਰਨੈਲ ਆਜ਼ਾਦ ਦੀ ਸ਼ਾਨਦਾਰ ਸ਼ਹਾਦਤ ਨੇ ਚਾਰ ਚੰਨ ਲਾਏ ਹਨ।"

ਅਜਾਦ ਕੌਮੀ ਮੁਕਤੀ ਲਹਿਰ ਦਾ ਨਿੱਡਰ ਸੈਨਾਪਤੀ ਸੀ, ਇਸਦੀਆਂ ਬਾਤਾਂ ਸਦੀਆਂ ਤੱਕ ਪੈਂਦੀਆਂ ਰਹਿਣਗੀਆਂ। ਉਹ ਬਾਗੀ ਤੇ ਅਜਾਦ ਵਿਚਾਰਾਂ ਵਾਲੇ ਨੌਜਵਾਨਾਂ ਲਈ ਊਰਜਾਂ ਤੇ ਇਨਕਲਾਬੀ ਗਰਮਜੋਸ਼ੀ ਦਾ ਸਰੋਤ ਬਣਿਆ ਰਹੇਗਾ।

ਸਲਾਮ ਤੇਰੀ ਲਾਸਾਨੀ ਸ਼ਹਾਦਤ ਨੂੰ 'ਭਾਰਤੀ ਸਮਾਜਵਾਦੀ ਪਰਜਾਤੰਤਰ ਸੈਨਾ' ਦੇ ਬਹਾਦਰ ਕਮਾਂਡਰ!

BAINS VISION CENTRE
New Patients & Walk-Ins Welcome
McKnight Village 5218 Falsbridge Dr. NE Calgary AB T3J 3G1
Dr. Jaswinder S. Bains
Appointments also available on Saturdays & Evenings
ਸ਼ਨਿੱਚਰਵਾਰ ਅਤੇ ਸ਼ਾਮ ਦੀਆਂ ਅਪਾਇੰਟਮੈਂਟਸ ਵੀ ਮਿਲ ਸਕਦੀਆਂ ਹਨ।
Services Available in Punjabi, Hindi, Urdu & English
403-274-4514
deerfootvision@yahoo.ca
ਅਸੀਂ ਪੰਜਾਬੀ, ਹਿੰਦੀ, ਉਰਦੂ ਅਤੇ ਅੰਗਰੇਜ਼ੀ ਵਿੱਚ ਵੀ ਗੱਲਬਾਤ ਕਰਦੇ ਹਾਂ।
Jaswinder S Bains, Ph.D., OD.

Baljinder Singh
Graphic Designer
All types of Newspaper Advts. Newspaper Planning, Designing of Catalogues, Brochures etc.
ਇੰਟਰਨੈਸ਼ਨਲ ਮਿਆਰ ਦੇ ਪੱਧਰ 'ਤੇ ਪੰਜਾਬੀ ਭਾਸ਼ਾ, ਸਾਹਿਤ, ਸਭਿਆਚਾਰ ਦੇ ਮੈਗਜ਼ੀਨਾਂ, ਕਿਤਾਬਾਂ ਅਤੇ ਅਖ਼ਬਾਰਾਂ ਨੂੰ ਆਧੁਨਿਕ ਤਕਨੀਕ ਨਾਲ ਤਿਆਰ ਕਰਵਾਉਣ ਲਈ ਸੰਪਰਕ ਕਰੋ
+91-92167-29598
E-mail : akashdeep.1064@gmail.com | baljinderpta1@gmail.com

Calgary Best Buy
Furniture & Mattress
Sales Rep.
Home Store
308 - 4774 Westwinds Dr. N.E.
Calgary AB T3J 0L9
Ph. : (403) 250-6661 Ext 1
westwinds@calgarybestbuyfurnitures.com
Unit#D200 9737 Mcleod Tr SW
Calgary AB T2J OP6
Ph. : (403) 250-6661 Ext3
sales@calgarybestbuyfurnitures.com
www.calgarybestbuyfurnitures.com

Call Romi Sidhu For Insurance & Financial Needs
StateFarm IS NOW Desjardins Insurance
Monday - Friday 9am to 5:30pm
Weekends: All Other Times
Only Appointments
4851 Westwinds Drive NE,
Suite 217, Calgary, AB T3J 4L4
Bus: 403-568-4330
Email: romi.sidhu@desjardins.com
* HOME * DISABILTY * VEHICLE FINANCE
* AUTO * RRSV * CRITICAL ILLNESS
* LIFE * RESP * MUTUAL FUNDS
Romi Sidhu, Agent
P02720CN


SHAUKAT HAYAT
403-680-1735
FREE EVALUATION
DOING MORE FROM FOR SALE TO SOLD
HAYAT HOMES
REAL ESTATE EXPERTS
www.hayathomes.com


YASMITA
ENGINEERING
- Professional Engineering Service
-Design and Drafting of Buildings
- Building and Development Permits for:
Residential and Commercial Projects
(New house, Addition, Garage, Deck, Secondary
Suite, Backyard Suite etc.)
- Environmental Site Assessment
- All types of Civil, Electrical, Mechanical,
Structural and Environmental Engineering Works
Serving Alberta, British Columbia and Saskatchewan at Major Locations
Devendra Bhandari
M.Eng. P.Eng.
403 909 4060
email:
yasmitaengineering@outlook.com


MATRIX
ACCOUNTING SERVICES
Accounting & Tax Experts
• Personal Tax • Corporate Tax • Book Keeping • Incorporation
• GST Returns• Payroll • Instant Tax • Refund
Jas Aulakh (Accountant)
(403) 668-4070
www.matrixaccounting.ca | info@matrixaccounting.ca
105-3650 Westwinds Dr. NE Calgary, AB T3J 0W9


Gill Plumbing & Heating
A Complete Services for Your Residential and Commerce Plumbing & Heating Needs :
Call Parminder Gill 403-714-1544
WE Provide
Services Including :
- Hot Water Tank Replacement
- BBQ (Gas) Hook-Up
- Leaking Taps Repair/Replacement
- Washer/Dryer Relocation
- Yub Replacement
- City Approved New House Plumbing
- Gas Fitting
- Plumbing Repairs
- Dishwasher/Garburator
- Tollet Troubles
- Drain Cleaning
- We Do Commercial Bay Full Service
24 Hours Service
ਪਰਮਿੰਦਰ ਗਿੱਲ
ਹੀਟਿੰਗ, ਗੈਸ ਜਾਂ ਪਲੰਬਿੰਗ ਦਾ ਹਰ ਤਰ੍ਹਾਂ ਦਾ ਕੰਮ ਜਿਵੇਂ ਟੂਟੀਆਂ ਦੀ ਲੀਕੇਜ, ਟੋਇਲਟ, ਟੱਬ, ਬਾਥਰੂਮ ਰਿਪੇਅਰ, ਹੌਟ ਵਾਟਰ ਟੈਂਕ ਦਾ ਤਸੱਲੀਬਖ਼ਸ਼ ਕੰਮ ਕਰਦੇ ਹਾਂ। ਅਸੀਂ ਨਵੇਂ ਘਰਾਂ ਦੀ ਸਿਟੀ ਅਪਰੂਵਡ ਪਲੰਬਿੰਗ ਵੀ ਕਰਦੇ ਹਾਂ।
We Promise Reasonable Rates and Quality Work


WAVE HOMES
SHOWHOMES
Inspired by Design
NEW SHOWHOMES
4, 8, 12, 16 MIDTOWN CLOSE
WAVE HOMES
403.764.0222
MIDTOWN
A New Experience in Airdrie Life
LOOKING TO MOVE UP IN NW CALGARY?
▶ NEW Hamptons Spec Homes for Sale!
25 + 76
Hampstead Mews NW
www.wavehomes.ca


ENVIRO
CANADA CONTRACTING
We provide services as below:
• Sprayfoam Insulation for Residential and Commercial Projects.
• Thermal Barrier/Spray
for Residential and Commercial Projects.
• Fiberglass and Cellulose Blow-in Insulation for Attic
• Eavestrough and Downpipe installation.
• Batt insulation for
Residential and Commercial Projects.
• Steel Stud Framing.
Any Inquiry
Sukhdeep Gill +1 (403) 975-1003
Office - 403-764-0111 | Email- info@envirocc.ca

# ਸੰਯੁਕਤ ਕਿਸਾਨ ਮੋਰਚਾ ਦੇ ਆਗੂ ਦਾਤਾਰ ਸਿੰਘ ਗਿੱਲ ਦੀ ਬੇਵਕਤ ਮੌਤ

**ਕਿਸਾਨ ਮੋਰਚੇ ਦੀਆਂ ਸ਼ਾਮਲ 32 ਜਥੇਬੰਦੀਆਂ ਵਿਚ ਕਿਰਤੀ ਕਿਸਾਨ ਯੂਨੀਅਨ ਦੇ ਸੂਬਾਈ ਪ੍ਰਧਾਨ ਅਤੇ ਅਧਿਆਪਕ ਜਥੇਬੰਦੀ ਡੀ.ਟੀ.ਐਫ. ਦੇ ਬਾਨੀ ਸਾਬਕਾ ਪ੍ਰਧਾਨ ਸਨ**

**ਕੈਨੇਡਾ ਓਂਟਾਰੀਓ ਦੀ ਫਾਰਮਰਜ਼ ਸਪੋਰਟਸ ਕੋਆਰਡੀਨੇਸ਼ਨ ਕਮੇਟੀ ਨਾਲ ਸਬੰਧਤ ਜਥੇਬੰਦੀਆਂ ਵਲੋਂ ਦੁੱਖ ਦਾ ਪ੍ਰਗਟਾਵਾ**

ਬਰੈਂਟਪਨ : ਅਧਿਆਪਕ ਜਥੇਬੰਦੀ ਡੀ.ਟੀ.ਐਫ. ਦੇ ਬਾਨੀ ਪ੍ਰਧਾਨ ਅਤੇ ਕਿਰਤੀ ਕਿਸਾਨ ਯੂਨੀਅਨ, ਸੰਯੁਕਤ ਮੋਰਚੇ ਦੇ ਆਗੂ, ਉਘੀ ਇਨਕਲਾਬੀ ਸ਼ਖਸੀਅਤ ਸਾਥੀ ਦਾਤਾਰ ਸਿੰਘ ਦੀ ਅੰਮ੍ਰਿਤਸਰ ਵਿਖੇ ਬੇਵਕਤੀ ਮੌਤ ’ਤੇ ਕੈਨੇਡਾ ਦੀ ‘ਫਾਰਮਰਜ਼ ਸਪੋਰਟ ਕੋਆਰਡੀਨੇਸ਼ਨ ਕਮੇਟੀ, ਓਂਟਾਰੀਓ’ ਨਾਲ ਸਬੰਧਤ ਅਤੇ ਹੋਰ ਅਗਾਂਹਵਧੂ ਜਥੇਬੰਦੀਆਂ ਵਲੋਂ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਹੈ ਅਤੇ ਕਿਸਾਨ ਮਜ਼ਦੂਰ ਲਹਿਰ ਲਈ ਨਾ ਪੂਰਿਆ ਜਾਣ ਵਾਲਾ ਘਾਟਾ ਦੱਸਿਆ ਹੈ।



ਕੋਆਰਡੀਨੇਸ਼ਨ ਕਮੇਟੀ ਦੇ ਇਕ ਆਗੂ ਨੇ ਦੱਸਿਆ ਕਿ ਆਖਰੀ ਮੰਦਭਾਗੇ ਸਮੇਂ ਕਿਸਾਨ ਆਗੂ ਦਾਤਾਰ ਸਿੰਘ ਗਿੱਲ ਅੰਮ੍ਰਿਤਸਰ ਵਿਖੇ ਵਿਰਸਾ ਵਿਹਾਰ ਦੇ ਇਕ ਸਮਾਗਮ ਵਿਚ ਹਾਜ਼ਰ ਸਨ ਅਤੇ ਬੁਲਾਰੇ ਦੇ ਤੌਰ ’ਤੇ ਆਪਣੀ ਤਕਰੀਰ ਖਤਮ ਕਰਨ ਤੋਂ ਕੁਝ ਮਿੰਟਾਂ ਬਾਅਦ ਹੀ ਉਨ੍ਹਾਂ ਨੂੰ ਦਿਲ ਦਾ ਦੌਰਾ ਪੈ ਗਿਆ ਜੋ ਜਾਨਲੇਵਾ ਸਾਬਤਾ ਹੋਇਆ। ਸਾਥੀ ਦਾਤਾਰ ਸਿੰਘ ਅਧਿਆਪਕ ਨੌਕਰੀ ਦੌਰਾਨ ਅਧਿਆਪਕ ਜਥੇਬੰਦੀ ਡੀ.ਟੀ.ਐਫ. ਦੇ ਪ੍ਰਧਾਨ ਦੇ ਤੌਰ ’ਤੇ ਮੁਲਾਜ਼ਮਾਂ ਅਤੇ ਜਮਹੂਰੀ ਹੱਕਾਂ ਲਈ ਸਰਗਰਮ ਰਹੇ ਅਤੇ ਰਿਟਾਇਰ ਹੋਣ ਤੋਂ ਬਾਅਦ ਕਿਸਾਨ ਲਹਿਰ ਵਿਚ ਪੂਰੀ ਤਰ੍ਹਾਂ ਸਰਗਰਮ ਹੋ ਗਏ। ਇਸ ਵੇਲੇ ਉਹ ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਪ੍ਰਧਾਨ ਸਨ ਅਤੇ 32 ਜਥੇਬੰਦੀਆਂ ਵਾਲੇ ਅੰਦੋਲਨਕਾਰੀ ਸੰਯੁਕਤ ਕਿਸਾਨ ਮੋਰਚੇ ਦੇ ਮੁੱਖ ਆਗੂਆਂ ਵਿਚੋਂ ਇਕ ਸਨ। ਉਨ੍ਹਾਂ ਦਾ ਦੇਹਾਂਤ ਉਸ ਸਮੇਂ ਹੋਇਆ ਜਦੋਂ ਮੌਜੂਦਾ ਕਿਸਾਨ ਲਹਿਰ ਨੂੰ ਇਸਤਰ੍ਹਾਂ ਦੇ ਪ੍ਰਤੀਬੱਧ, ਤਜਰਬੇਕਾਰ ਆਗੂਆਂ ਦੀ ਬੇਹੱਦ ਲੋੜ ਹੈ। ਸਾਕੀ ਦਾਤਾਰ ਸਿੰਘ ਜੀ ਮੁਲਾਜ਼ਮ ਲਹਿਰ ਦੀ ਅਗਵਾਈ ਦੇ ਨਾਲ ਨਾਲ ਮਿਹਨਤਕਸ਼, ਕਿਰਤੀ ਲੋਕਾਂ ਨੂੰ ਆਪਣੇ ਹੱਕਾਂ ਲਈ ਜਥੇਬੰਦ ਹੋ ਕੇ ਜੂਝਣ ਦੀ ਜਮਹੂਰੀ ਚੇਤਨਾ ਦੇਣ ’ਚ ਬਹੁਤ ਵੱਡੀ ਭੂਮਿਕਾ ਨਿਭਾਈ। ਉਨ੍ਹਾਂ ਦੇ ਵਿਛੋੜੇ ਨਾਲ ਪਈ ਘਾਟ ਲੋਕ ਲਹਿਰ ਲਈ ਹਮੇਸ਼ਾ ਰੜਕਦੀ ਰਹੇਗੀ। ਲੋਕ ਲਹਿਰ ਵਿਚ ਉਨ੍ਹਾਂ ਦਾ ਯੋਗਦਾਨ ਅਮਿੱਟ ਹੈ ਜੋ ਹਮੇਸ਼ਾ ਯਾਦ ਰੱਖਿਆ ਜਾਵੇਗਾ।

ਫਾਰਮਰਜ਼ ਸਪੋਰਟ ਕਮੇਟੀ, ਓਂਟਾਰੀਓ ਕੈਨੇਡਾ ਦੀਆਂ ਵੱਖ ਵੱਖ ਜਥੇਬੰਦੀਆਂ ਨੇ ਬਹੁਤ ਦੁੱਖ ਜ਼ਹਿਰ ਕੀਤਾ ਹੈ। ਇਸ ਵਿਚ ‘ਅਦਾਰਾ ਸਰੋਕਾਰਾਂ ਦੀ ਆਵਾਜ਼’ ਦੇ ਦਵਿੰਦਰ ਸਿੰਘ ਤੂਰ, ਅਲਾਇੰਸ ਆਫ਼ ਪ੍ਰੋਗਰੈਸਿਵ ਕੈਨੇਡੀਅਨਸ ਤੇ ਸ਼ਮਸ਼ਾਦ ਇਲਾਹੀ, ਹਰਪਰਮਿੰਦਰ ਗਦਰੀ, ਪਰਵਾਸੀ ਪੰਜਾਬੀ ਪੈਨਸ਼ਨਜ਼ ਐਸੋਸੀਏਸ਼ਨ ਦੇ ਜਗੀਰ ਸਿੰਘ ਕਾਹਲੋਂ, ਦਿਸ਼ਾ ਮਹਿਲਾ ਸੰਗਠਨ ਦੇ ਕੰਵਲਜੀਤ ਕੌਰ ਢਿੱਲੋਂ, ਇੰਡੋ-ਕੈਨੇਡੀਅਨ ਵਰਕਰਸ ਐਸੋਸੀਏਸ਼ਨ ਦੇ ਸੁਰਜੀਤ ਸਹੋਤਾ, ਪੀਪਲਜ਼ ਅਲਟਰਨੇਟ ਮੀਡੀਆ ਦੇ ਡਾ. ਹਰਦੀਪ ਸਿੰਘ ਅਟਵਾਲ, ਜੀ.ਟੀ.ਏ. ਵੈਸਟ ਕਲੱਬ ਦੇ ਹਰਿੰਦਰ ਹੁੰਦਲ, ਪ੍ਰੋ. ਮੋਹਨ ਸਿੰਘ ਫਾਊਂਡੇਸ਼ਨ ਦੇ ਹਰਜੀਤ ਸਿੰਘ ਗਿੱਲ, ਕੈਨੇਡੀਅਨ ਪੰਜਾਬੀ ਸਾਹਿਤ ਸਭਾ ਦੇ ਆਗੂ ਮਲੂਕ ਸਿੰਘ ਕਾਹਲੋਂ, ਨਾਰਥ ਅਮਰੀਕਨ ਤਰਕਸ਼ੀਲ ਸੁਸਾਇਟੀ ਦੇ ਬਲਦੇਵ ਰਹਿਪਾ, ਪੰਜਾਬੀ ਕਲਮਾਂ ਦਾ ਕਾਫ਼ਲਾ ਦੇ ਆਗੂ ਕੁਲਵਿੰਦਰ ਖਹਿਰਾ ਅਤੇ ਮਾ. ਭਜਨ ਸਿੰਘ ਕੈਲਗਰੀ ਨੇ ਵੀ ਸਾਥੀ ਦਾਤਾਰ ਸਿੰਘ ਦੇ ਸਦੀਵੀ ਵਿਛੋੜੇ ਉਪਰ ਡੂੰਘੇ ਦੁੱਖ ਦਾ ਇਜ਼ਹਾਰ ਕਰਦੇ ਹੋਏ ਉਨ੍ਹਾਂ ਦੀ ਬੇਸ਼ੁਮਾਰ ਲੋਕਪੱਖੀ ਘਾਲਣਾਵਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਹੈ।


Car Wash

Go Detail & Express Wash



- Car Wash - Express Detail - Hand Wash
- Full Detail - Auto Wash - SELF Serve

403-408-7536

3510 32 Street NE, Calgary AB

HALL FOR RENT IN NE

For Kids Birthday Parties, Family Dinners, Meetings, Small Parties etc.

Maximum Capacity: 50 people

For more info:

Ph: 403-681-8689 or

Email: hp8689@gmail.com

McKnight Dental Clinic



- Serving NE Community for over 30 years
- We follow Alberta Dental Fee Guide
- Open some evenings and Saturdays

Tel. 403-280-0880

Fax : 403-293-8852

www.mcknightdental.ca

McKnight Village, 5432 Falsbridge Dr NE, Calgary, Alberta, T3J 3E9

(All services provided by General Dentists)




Mega Sanjha Punjab GROCERY STORE

ਭਾਰਤੀ ਅਤੇ ਪਾਕਿਸਤਾਨੀ ਗਰੋਸਰੀ ਦਾ ਭੰਡਾਰ

ਦਾਲਾਂ, ਮਸਾਲੇ, ਆਟਾ, ਖੰਡ, ਤੇਲ, ਦੇਸੀ ਘਿਉ, ਤਾਜ਼ੇ ਫਲ, ਸਬਜ਼ੀਆਂ, ਭਾਂਡੇ ਅਤੇ ਹੋਰ ਵੀ ਬਹੁਤ ਕੁਝ

117 7171 80 Ave NE, Calgary (Alberta) T3J 0P6
Ph. : 403 475 5777, mega@spgrocery.com
www.spgrocery.com

331-3690 West Winds Drive, Calgary (Alberta) T3J 5H3
Ph. : 403 266 5200, info@spgrocery.com
www.spgrocery.com

Harpreet Parmar CPA, CGA

Chartered Professional Accountant

• Accounting • Tax • Business Advisory

We also provide
FINTRAC Registration/Compliance Services for Money Exchange Business
FINTRAC AML MANUAL SERVICES for Money Exchange Business

Extensive experience with Revenue Canada audits, reviews etc.

New Location

• Accounting • Financial • Statements • Personal Tax • Corporate Tax
• Incorporation • Payroll • Business Advisory • New Business Startups
• Book-Keeping • Management • Consulting Services

ਤੁਹਾਡੇ ਕਿਸੇ ਵੀ ਤਰ੍ਹਾਂ ਦੇ ਬਿਜ਼ਨਸ ਵਧੀਆ ਤੇ ਪ੍ਰੋਫੈਸ਼ਨਲ ਅਕਾਊਂਟਸ ਸਰਵਿਸ ਲਈ ਸਾਡੇ ਨਾਲ ਸੰਪਰਕ ਕਰੋ।

In Business Since 1997



Suite 218, 7 Westwinds Cres NE, Calgary, AB T3J 5H2 Park Plaza (Besides Prairie Winds Park)

Ph: (403) 271-5100, Fax: (403) 271-5171

Email: hparmar@hppcorp.ca
Website: www.hppcorp.ca

# Perfect Finishing Corp.
# New Star Cabinets Ltd.

PFC



Interior finishing, Railing
Kitchen Cabinets

WE DO : New & Old Houses Finishing Carpentry, Stair Railing, Book Shelves, Tv Unit, Closet Shelves, Bar, Kitchen Cabinets & All type of custom wood work

3341-19 Street N.E.
Calgary AB, T2E 6S8
www.perfectfinishing.ca

Off : (403) 455-1000
Fax : (403) 455-2000
perfectfinishing@hotmail.ca



Manpreet Thind
Cell : (403) 477-1000



# Redstone Plaza ਰੈਡ ਸਟੋਨ ਪਲਾਜਾ

## Redstone Physiotherapy

ਫਿਜ਼ੀਓਥੈਰਪੀ, ਮਸਾਜ, ਕੈਰੋਪਰੈਕਟਰ, ਕਿਨਸਲੌਜੀ, ਕਲਿਨਿਕ ਸਾਈਕਲੌਜੀ ਦੀਆਂ ਸੇਵਾਵਾਂ ਲਈ ਤਜ਼ਰਬੇਕਾਰ ਟੀਮ ਹਾਜ਼ਰ। ਇਹ ਸੜਕ ਦੁਰਘਟਨਾਵਾਂ ਦੀ ਐਮਵੀਏ ਤੋਂ ਇਲਾਵਾ ਡਬਲਯੂ.ਸੀ.ਵੀ. ਦੇ ਕੇਸ ਵੀ ਦੇਖਦੇ ਹਨ ਤੇ ਸਾਰੀਆਂ ਇੰਸ਼ੋਰੈਂਸ਼ ਕੰਪਨੀਆਂ ਨੂੰ ਸਿੱਧਾ ਬਿੱਲ ਭੇਜਦੇ ਹਨ।

ਮੇਲ ਫੀਮੇਲ ਡਾਕਟਰਾਂ ਦੀ ਸਹੂਲਤ

ਅੰਗਰੇਜ਼ੀ, ਹਿੰਦੀ, ਪੰਜਾਬੀ ਅਤੇ ਉਰਦੂ ਵਿਚ ਗੱਲਬਾਤ

Unit-135, 630 Redstone Drive, NE
T3N 1L4 Calgary, Alberta
+1 587-534-0505
www.Redstonephysio.com
info@Redstonephysio.com

Services we offer
Physiotherapy, Massage , Chiropractor, Kinesiology, Clinical Psychology.
We deal with MVA, WCB and direct bill private insurance.

## REDSTONE FAMILY MEDICAL CLINIC

ਮੈਡੀਕਲ ਕਲਿਨਿਕ ਵਿੱਚ ਡਾਕਟਰਾਂ ਦੀ ਟੀਮ ਤੁਹਾਡੀ ਸੇਵਾ ਵਿੱਚ ਹਾਜ਼ਰ। ਇਸ ਕਲਿਨਿਕ ਵਿੱਚ ਈਸੀਜੀ, ਈਕੇਜੀ, ਹੋਲਟਰ ਮੌਨੀਟਰ ਸਹੂਲਤਾਂ ਹਨ। ਖੂਨ ਜਾਂਚ ਲਈ ਹੁਣ ਲੈਬ ਜਾਣ ਦੀ ਲੋੜ ਨਹੀਂ ਕਿਉਂਕਿ ਖੂਨ ਦੇ ਸੈਂਪਲ ਇਸੇ ਕਲਿਨਿਕ ਵਿੱਚ ਲੈ ਲਏ ਜਾਂਦੇ ਹਨ।

ਮੇਲ ਫੀਮੇਲ ਡਾਕਟਰਾਂ ਦੀ ਸਹੂਲਤ

ਅੰਗਰੇਜ਼ੀ, ਹਿੰਦੀ, ਪੰਜਾਬੀ ਅਤੇ ਉਰਦੂ ਵਿਚ ਗੱਲਬਾਤ

Medical and Health
Unit 145, 630 Redstone Drive, NE, Calgary, Alberta T3N 1L4
+1 587-440-0777
info@Redstoneclinic.ca
Hours 09:00 - 17:00
Blood Work Collection Sevices
ECG Facility | EKG Facility
Holter Monitor Facility

## Universal Health PHARMACY

It's all about "U"

Compounding & Home Health Care

ਫਾਰਮੇਸੀ ਵਿੱਚ ਹਿੰਦੀ, ਪੰਜਾਬੀ, ਅੰਗਰੇਜ਼ੀ ਤੇ ਗੁਜਰਾਤੀ ਭਾਸ਼ਾਵਾਂ ਬੋਲਣ ਵਾਲ਼ਾ ਸਟਾਫ ਹੈ ਜਿਹੜਾ ਤੁਹਾਨੂੰ ਦਵਾਈਆਂ ਬਾਰੇ ਆਸਾਨੀ ਨਾਲ਼ ਸਮਝਾ ਸਕਦਾ ਹੈ। ਰੈਡਸਟੋਨ ਮੈਡੀਕਲ ਕਲਿਨਿਕ ਵਿੱਚ ਜਾਂਚ ਤੋਂ ਬਾਅਦ ਤੁਸੀਂ ਇਸ ਫਾਰਮੇਸੀ ਤੋਂ ਦਵਾਈ ਖਰੀਦ ਕੇ ਆਪਣੇ ਸਮੇਂ ਦੀ ਬੱਚਤ ਕਰ ਸਕਦੇ ਹੋ।

- Home Health care products
- Free med review with one on one care
- Immunization/Vaccinations
- Injectionservices
- Prescribing Pharmacist Available
- Travel Health Consultations
- Compliance Packaging
- Custom Meds Compounding

અમે ગુજરાતી બોલીએ છીએ
हम हिंदी बोलते है
ਅਸੀਂ ਪੰਜਾਬੀ ਬੋਲਦੇ ਹਾਂ

#150, 630 Redstone Drive NE
Calgary, AB T3N 1L4
587 440 0041
Fax : (587) 440-0042
Store Hours
Monday To Friday 10 am - 7 pm
Saturday 10 am-2 pm
Sunday 10am-3 pm
apatel@universalhealthcentre.com
www.universalhealthcentre.com

ਜਰਨੈਲ ਸਿੰਘ ਅਚਰਵਾਲ
647-809-6181

# ਕਲਾ ਦਾ ਚਮਕਤਾ ਤਾਰਾ : ਚਮਕੌਰ ਸਿੰਘ ਸੇਖੋਂ ਭੋਤਨਾ



ਗੀਤ ਸੰਗਤ ਦੀ ਭੁੱਖ, ਸਦੀਆਂ ਪੁਰਾਣੀ ਭੁੱਖ ਹੈ। ਰਾਗੀ, ਢਾਡੀ, ਕਵੀਸ਼ਰ, ਸਾਡੀ ਇਸ ਭੁੱਖ ਦੀ ਪੂਰਤੀ ਕਰਦੇ ਸਨ। ਇਨ੍ਹਾਂ ਰਾਹੀਂ ਇਤਿਹਾਸ ਪੀੜ੍ਹੀ ਦਰ ਪੀੜ੍ਹੀ ਅੱਗੇ ਚੱਲਿਆ ਆਉਂਦਾ ਸੀ। ਜਿਨ੍ਹਾਂ ਸਰੋਤਿਆਂ ਨੇ ਉਨ੍ਹਾਂ ਦੀ ਗਾਇਕੀ ਦਾ ਅਨੰਦ ਮਾਣਿਆ ਹੈ, ਖੱਪ ਪਾਊ ਤੇ ਟਪੂਸੀਮਾਰ ਗਾਇਕਾਂ ਦਾ ਦੌਰ ਸੀ। ਗੀਤਾਂ ਵਿਚੋਂ ਕਵਿਤਾ ਦੀ ਸੂਖਮਤਾ, ਸੰਗੀਤ ਦੀ ਕੋਮਲਤਾ ਤੇ ਸ਼ਬਦਾਂ ਦੀ ਪਵਿੱਤਰਤਾ ਗਾਇਬ ਹੈ। ਇਹ ਉਮਰਾਂ ਦਾ ਸਾਥ ਦੇਣ ਵਾਲੇ ਪਾਕਿ ਰਿਸ਼ਤਿਆਂ ਦੀਆਂ ਰੂਹਾਂ ਦੇ ਕਾਤਲ ਹਨ। ਇਨ੍ਹਾਂ ਸਾਡੇ ਸ਼ਿਸ਼ਟਾਚਾਰ ਨੂੰ ਖੋਰਾ ਹੀ ਨਹੀਂ ਲਾਇਆ, ਸਗੋਂ ਬਦਨਾਮ ਵੀ ਕੀਤਾ ਹੈ। ਧਤੋਗੁਣੀ ਦੀ ਥਾਂ ਅਗੁਣੀ ਸੋਚ ਨੂੰ ਉਤਸਾਹਿਤ ਕੀਤਾ ਹੈ। ਉਲਟਾ ਇਸ ਨੂੰ ਸਭਿਆਚਾਰਕ ਗਾਇਕੀ ਕਹਿ ਕੇ, ਸਾਡੇ ਗੌਰਵਮਈ ਸਭਿਆਚਾਰ ਦੀ ਤੌਹੀਨ ਕਰਦੇ ਹਨ।

ਕਵੀਸ਼ਰ ਤੇ ਢਾਡੀ ਸਾਡੇ ਸਮਾਜਿਕ ਰਿਸ਼ਤਿਆਂ ਦੀਆਂ ਗੰਢਾਂ ਨੂੰ ਹੋਰ ਪੀਡੀਆਂ ਕਰਦੇ ਸਨ। ਇਹ ਸਾਡੀ ਅਮੀਰ ਸੰਸਕ੍ਰਿਤੀ ਨੂੰ ਹੋਰ ਅਮੀਰ ਬਣਾਉਂਦੇ। ਇਨ੍ਹਾਂ ਤੋਂ ਗ੍ਰਹਿਣ ਕੀਤਾ ਗਿਆਨ, ਲੋਕ ਆਪਣੇ ਕੋਲ ਸੰਭਾਲ ਕੇ ਰੱਖਦੇ ਸਨ ਤੇ ਅੱਗੇ ਵੀ ਵੰਡਦੇ ਸਨ। ਸਮਾਜ ਵਿਚ ਉਨ੍ਹਾਂ ਫਾਜ਼ਲ ਗਾਇਕਾਂ ਨੂੰ ਦਾਨਸ਼ਵਰਾਂ ਦਾ ਰੁਤਬਾ ਹਾਸਲ ਹੈ। ਅਜਿਹੀ ਕਿਸਮ ਦਾ ਗਮੰਤਰੀ, ਵਿਜੰਤਰੀ ਤੇ ਕਵਿਤਾ ਦਾ ਕਤਾਬ ਹੈ, ਇਸ ਪਿੰਡ ਦਾ ਚਮਕੌਰ ਸਿੰਘ ਸੇਖੋਂ, ਜਿਸ ਨੇ ਕਰੀਬ ਛੇ ਦਹਾਕੇ ਦੇ ਸਮੇਂ ਤੋਂ ਇਤਿਹਾਸਕ ਸੱਚ ਨੂੰ ਲੈ ਕੇ ਪੰਜਾਬ ਦੇ ਪਿੰਡ-ਪਿੰਡ ਹੀ ਨਹੀਂ ਸਗੋਂ ਦੁਨੀਆਂ ਵਿਚ ਜਿਥੇ ਜਿਥੇ ਪੰਜਾਬੀ ਬੈਠਾ ਹੈ, ਗਿਆਨ ਦੀ ਲੋਅ ਵੰਡੀ ਹੈ। ਇਹ ਇਕ ਅਜਿਹਾ ਦੀਪ ਹੈ ਜੋ ਬੁਝ ਕੇ ਵੀ ਚਾਨਣ ਵੰਡਦਾ ਰਹੇਗਾ। ਆਉਂਦੀਆਂ ਪੀੜ੍ਹੀਆਂ ਇਸ 'ਤੇ ਮਾਣ ਕਰਦੀਆਂ ਰਹਿਣਗੀਆਂ। ਇਸ ਦੀ ਵੱਜਦੀ ਸੁਰੰਗੀ ਦੀ ਆਵਾਜ਼ ਹਵਾ ਦੀਆਂ ਲਹਿਰਾਂ ਵਿਚ ਅਮੁੱਕ ਰੰਗ ਬਿਖੇਰਦੀ ਰਹੇਗੀ।

ਇਸ ਦਾ ਪਿਛੋਕੜ ਭੋਤਨਾ ਪਿੰਡ (ਬਰਨਾਲਾ) ਦੀ ਸਾਧਾਰਨ ਕਿਸਾਨੀ ਵਿਚ ਹੈ। ਇਸ ਦੇ ਮਾਤਾ-ਪਿਤਾ ਤੇ ਭਰਾ ਅਨਪੜ੍ਹ ਸਨ। ਚਮਕੌਰ ਸਿੰਘ ਸੇਖੋਂ ਦਾ ਜਨਮ ਮਈ 1946 ਵਿਚ ਪਿਤਾ ਸ੍ਰ. ਬਿਸ਼ਨ ਸਿੰਘ ਦੇ ਘਰ, ਮਾਤਾ ਬਸੰਤ ਕੌਰ ਦੇ ਪੇਟੋਂ ਹੋਇਆ। ਕਲਾ ਦਾ ਜਾਗ ਇਸ ਨੂੰ ਪਿੰਡ ਦੇ ਪ੍ਰਾਇਮਰੀ ਸਕੂਲ ਪੜ੍ਹਦਿਆਂ ਲੱਗ ਗਿਆ, ਜਦ ਸਕੂਲ ਵਿਚ ਹਰ ਹਫ਼ਤੇ ਬਾਲ ਸਭਾ ਲੱਗਦੀ ਸੀ। ਇਸ ਦੇ ਮਨ ਦੀ ਧਰਤੀ ਵਤਰ ਹੋਣੀ ਸ਼ੁਰੂ ਹੋ ਗਈ। ਇਸ ਸਮੇਂ ਪਿੰਡਾਂ ਬਨ੍ਹੇਰਿਆਂ 'ਤੇ ਵੱਜਦੇ ਕਰਨੈਲ ਸਿੰਘ ਪਾਰਸ ਦੇ ਗੀਤਾਂ, 'ਕਿਉਂ ਫੜੀ ਸਿਪਾਹੀਆਂ ਨੇ, ਭੈਣੇ ਇਹ ਹੰਸਾਂ ਦੀ ਜੋੜੀ' ਤੇ 'ਹੈ ਆਉਣ ਜਾਣ ਬਣਿਆ, ਦੁਨੀਆਂ 'ਚੋਂ ਕੁਝ ਦਿਨਾਂ ਦਾ ਮੇਲਾ' ਨੇ ਮਨ ਦੀਆਂ ਵਤਰ ਭੌਂ 'ਚ ਕਲਾ ਦਾ ਬੀਜ ਸੁੱਟ ਦਿੱਤਾ। ਚਮਕੌਰ ਸਿੰਘ ਸੇਖੋਂ ਨੇ ਤੀਜੀ ਚੌਥੀ ਜਮਾਤ ਵਿਚ ਪੜ੍ਹਦਿਆਂ ਹੀ ਇਨ੍ਹਾਂ ਗੀਤਾਂ ਦਾ ਪਾਠ ਕੰਠ ਕਰ ਲਿਆ। ਇਹ ਤੁਰਦਾ-ਫਿਰਦਾ ਪਿੰਡ ਦੀਆਂ ਗਲੀਆਂ ਤੇ ਸਕੂਲ ਵਿਚ ਗਾਉਂਦਾ ਰਹਿੰਦਾ। ਇਨ੍ਹਾਂ ਗੀਤਾਂ ਰਾਹੀਂ ਮਨ ਅੰਦਰ ਗਾਉਣ ਦਾ ਝੱਸ ਜਿਹਾ ਪੈਦਾ ਹੋ ਗਿਆ, ਕੰਨਾਂ ਵਿਚ ਪਾਰਸ ਦੀ ਅਵਾਜ਼ ਗੂੰਜਦੀ ਰਹਿੰਦੀ।

ਵੱਡਾ ਭਰਾ ਮਹਿੰਦਰ ਸਿੰਘ ਮੇਲਾ ਵੇਖਣ ਗਿਆ ਚਿੱਠੇ ਖਰੀਦ ਲਿਆਉਂਦਾ। ਰਾਤ ਨੂੰ ਡੰਗਰਾਂ ਵਾਲੇ ਘਰ ਵਡੇਰੀ ਉਮਰ ਦੇ ਮੁੰਡੇ ਇਕੱਠੇ ਹੋ ਜਾਂਦੇ, ਮਹਿੰਦਰ ਸਿੰਘ ਆਖਦਾ, "ਲੈ ਬਈ ਚਮਕੌਰ, ਸੁਣਾ ਫੇਰ ਦੋ ਬੋਲ ਚਿੱਠੇ ਦੇ, ਸਾਨੂੰ ਵੀ।" ਚਮਕੌਰ ਸਿੰਘ ਚਿੱਠੇ ਦੇ ਸ਼ਬਦਾਂ ਨੂੰ ਤਰਜਾਂ ਵਿਚ ਢਾਲ ਕੇ ਸੁਣਾਉਣਾ ਸ਼ੁਰੂ ਦਿੰਦਾ। ਵੱਡੇ ਭਰਾ ਦੇ ਹਾਣੀਆਂ ਤੋਂ ਮਿਲਦੀ ਸਾਬਾਸ਼! ਪਾਰਸ ਦੇ ਗੀਤਾਂ ਦੇ ਬੋਏ ਬੀਜ ਨੂੰ ਖੁਰਾਕ ਦਾ ਕੰਮ ਕਰਦੀ। ਚਮਕੌਰ ਸਿੰਘ ਸੇਖੋਂ, ਕਦੀ ਚਿੱਠਿਆਂ 'ਚੋਂ, ਕਦੀ ਪਾਰਸ ਦੇ ਗੀਤਾਂ 'ਚੋਂ ਸਕੂਲ ਦੀ ਬਾਲ ਸਭਾ ਵਿਚ ਸੁਣਾ ਕੇ ਜਸ ਖੱਟਣ ਲੱਗ ਪਿਆ। ਸੇਖੋਂ ਦੇ ਤੀਜੀ ਚੌਥੀ ਜਮਾਤ 'ਚੋਂ ਉੱਠੇ ਝੱਲ ਨੇ ਸਾਰੀ ਉਮਰ ਲੰਘਾ ਦਿੱਤੀ, ਨਾ ਸੇਖੋਂ ਨੇ ਮੂੰਹ ਫੇਰਿਆ ਤੇ ਨਾ ਹੀ ਝੱਲ ਨੇ ਖਹਿੜਾ ਛੱਡਿਆ।

ਆਪਣੇ ਪਿੰਡੋਂ ਪ੍ਰਾਇਮਰੀ ਜਮਾਤਾਂ ਪਾਸ ਕਰਕੇ ਹਾਈ ਸਕੂਲ ਟੱਲੇਵਾਲ ਦਾਖਲਾ ਲੈ ਲਿਆ। ਇਥੇ ਪੜ੍ਹਦਿਆਂ ਚਮਕੌਰ ਸਿੰਘ ਸੇਖੋਂ ਨੇ ਜਮਾਤਾਂ ਵੀ ਪਾਸ ਕੀਤੀਆਂ ਤੇ ਕਲਾ ਦੀਆਂ ਕਿੱਲੀਆਂ ਵੀ ਮਰੋੜੀਆਂ। ਗਾਉਣ ਦਾ ਭੁਸ ਟੱਲੇਵਾਲੀਏ ਕਵੀਸ਼ਰੀ ਜਥੇ ਕੋਲ ਗੇੜੇ ਮਰਗਾਉਣ ਲੱਗਿਆ। ਮਨ ਦੀ ਇੱਛਾ ਉਨ੍ਹਾਂ ਨਾਲ ਗੌਣ ਦੀ ਹੁੰਦੀ, ਪਰ ਉਨ੍ਹਾਂ ਦਾ ਜਥਾ ਪੂਰਾ ਸੀ। ਜਥੇ ਨੇ ਇਸ ਦੇ ਮਨ ਦੀ ਭਾਵਨਾ ਨੂੰ ਸਮਝਦਿਆਂ, ਹੌਸਲਾ ਬੰਨਾਈ ਰੱਖਿਆ। ਚਮਕੌਰ ਸਿੰਘ ਸੇਖੋਂ ਦਾ ਅੰਦਰਲਾ ਕਲਾਕਾਰ ਜਾਗ ਚੁੱਕਾ ਸੀ, ਉਹ ਖੇਤਾਂ ਵੱਲ ਗੇੜਾ ਮਾਰਦਾ ਤਾਂ ਫਸਲਾਂ ਨਾਲ ਸੰਵਾਦ ਰਚਾ ਲੈਂਦਾ। ਖੱਬਾ ਹੱਥ ਖੱਬੇ ਕੰਨ 'ਤੇ ਤੇ ਸੱਜਾ ਉਪਰ ਹਵਾ ਵਿਚ ਲਹਿਰਾਅ ਕੇ ਗੌਣ ਲੱਗ ਜਾਂਦਾ। ਹਵਾ ਵਿਚ ਤੈਰਦੀ ਅਵਾਜ਼ ਸੂਰ ਨਾਲ ਪਰ ਜਾਂਦੀ ਤੇ ਫਸਲਾਂ ਨੂੰ ਝੂੰਮ-ਝੂੰਮ ਹੁੰਗਾਰੇ ਭਰਦੀਆਂ, ਸੇਖੋਂ ਗਦ-ਗਦ ਹੋ ਉੱਠਦਾ।

1962-63 ਦਾ ਸਮਾਂ ਸੀ। ਟੱਲੇਵਾਲੀਏ ਕਵੀਸ਼ਰੀ ਜਥੇ ਵਿਚੋਂ ਇਕ ਸਾਥੀ ਹਟ ਗਿਆ ਤੇ ਚਮਕੌਰ ਸਿੰਘ ਸੇਖੋਂ ਦਾ ਜਥੇ ਨਾਲ ਰਲਣ ਦਾ ਸਬੱਬ ਬਣ ਗਿਆ। ਟੱਲੇਵਾਲੀਏ ਜਥੇ ਦੇ ਗੁਰਚਰਨ ਸਿੰਘ ਸਿੱਧੂ, ਕਰਨੈਲ ਸਿੰਘ ਸਿੱਧੂ ਤੇ ਤੀਸਰਾ ਸਾਥੀ ਚਮਕੌਰ ਸਿੰਘ ਸੇਖੋਂ ਬਣ ਗਿਆ। ਚੰਗਾ ਰੰਗ ਬੱਝਣ ਲੱਗਾ। ਜਥਾ ਕਵੀਸ਼ਰੀ ਕਰਦਾ-ਕਰਦਾ ਸਜਿੰਦੇ ਬਣਨ ਦੇ ਰਾਹ ਵੀ ਪੈ ਗਿਆ। ਤੂੰਬੀ ਤੇ ਢੱਡਾਂ ਬਜਾਉਣੀਆਂ ਸਿੱਖ ਲਈਆਂ। ਚਮਕੌਰ ਸਿੰਘ ਸੇਖੋਂ ਇਕ ਕਦਮ ਹੋਰ ਅੱਗੇ ਵਧਿਆ ਤੇ




Punjabi Rang Radio
CA 10 530 AM
11 pm-12 am
Every Saturday
Chamkaur Singh
Producer/Host
Cell : 416 662 1313
Email punjabirang13@hotmail.com

ਮੋ: 94176-42785
84276-18686
62800-68493
ਮਾ. ਹਰੀਸ਼ ਮੋਦਗਿੱਲ
ਸ਼ਹੀਦ ਭਗਤ ਸਿੰਘ ਬੁੱਕ ਸੈਂਟਰ
ਦੁਕਾਨ ਨੰ: 7, ਪੰਜਾਬੀ ਭਵਨ, ਲੁਧਿਆਣਾ-141001
ਘਰ-ਪਿੰਡ ਤੇ ਡਾਕ ਪੱਖੋਵਾਲ, ਲੁਧਿਆਣਾ-141108
hmpkwl@gmail.com

ਗੋਰਕੀ ਪ੍ਰਕਾਸ਼ਨ
ਲੁਧਿਆਣਾ
ਪੰਜਾਬੀ, ਹਿੰਦੀ, ਅੰਗਰੇਜ਼ੀ ਵਿੱਚ ਕਿਤਾਬਾਂ ਛਪਵਾਉਣ ਲਈ ਸੰਪਰਕ ਕਰੋ
94176-42785
77172-45945
ਨੋਟ : ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਸਾਹਿਤ ਉਪਲਬਧ
ਸ਼ਹੀਦ ਭਗਤ ਸਿੰਘ ਬੁੱਕ ਸੈਂਟਰ, ਦੁਕਾਨ ਨੰਬਰ-7, ਪੰਜਾਬੀ ਭਵਨ, ਲੁਧਿਆਣਾ

GALAXY Freightline Inc.
Logistics Ltd Calgary Alberta
Warehousing / Distribution
Ajay pal
Manager
604-653-7841
Jatinder Singh
Manager
403-992-0004
Office : 416-644-8881
9910 48 St SE Calgary, AB T2C 4Y5

Avon Accounting & Tax Services
ਆਪਣੇ ਕਮਿਊਨਿਟੀ ਦੇ ਜਾਣੇ-ਪਹਿਚਾਣੇ ਅਕਾਊਂਟੈਂਟ ਕੋਲੋਂ ਵਾਜਿਬ ਰੇਟ 'ਤੇ ਆਪਣੇ ਬਿਜਨਿਸ ਜਾਂ ਪਰਸਨਲ ਟੈਕਸ ਸਬੰਧੀ ਕੋਈ ਵੀ ਕੰਮ ਕਰਵਾਉਣ ਲਈ ਮਿਲੋ ਜਾਂ ਫੋਨ ਕਰੋ।
ਸੇਵਾਵਾਂ ਵੀਕ ਐਂਡ 'ਤੇ ਵੀ ਉਪਲਬਧ
Personal Tax Returns (T1)
Self Employed
Taxi Business
Corporate Tax Returns (T2)
GST/Payrolls/ROE
WCB Returns
Tax Planning & Advisory Services
Weekends/Evenings Services also available.
Tel. : 403-479-4220, 403-561-9011
pandher_2004@yahoo.com or singhh73@gmail.com

ਸੁਰੰਗੀ ਵੀ ਸਿੱਖ ਲਈ। ਸੁਰੰਗੀ ਸਿੱਖਣ ਲਈ ਇਸ ਦੀ ਕਲਾ ਦਾ ਫੁੱਲ ਖਿੜ ਗਿਆ।

ਲੰਮਾ ਕੱਦ, ਛਾਂਟਿਆ ਸਰੀਰ, ਅਖਾੜੇ ਦੀ ਆਨ ਤੇ ਸ਼ਾਨ ਬਣ ਜਦ ਸੁਰੰਗੀ ਦੀਆਂ ਤਾਰਾਂ 'ਤੇ ਗਜ ਫੇਰਦਾ ਤਾਂ ਮਨ ਦੀਆਂ ਭਾਵਨਾਵਾਂ ਦੀ ਅਵਾਜ਼ ਸੁਰੰਗੀ ਵਿਚੋਂ ਬੋਲ ਉੱਠਦੀ। ਕਹਿੰਦੇ ਹਨ, ਮਨ ਦੀਆਂ ਮੂਲ ਪ੍ਰਵਿਰਤੀਆਂ ਅਨੁਸਾਰ ਸੰਗੀਤ ਸ਼ਾਸਤਰ ਤੇ ਕਾਵਿ ਸ਼ਾਸਤਰ ਵਿਚ ਨੌਂ ਰਸਾਂ ਦੀ ਕਾਢ ਹੈ। ਸੁਰੰਗੀ ਸੰਗੀਤ ਰਸਾਂ ਦਾ ਸਰੋਤ ਹੈ। ਚਮਕੌਰ ਸਿੰਘ ਸੇਖੋਂ ਦੀ ਸੁਰੰਗੀ ਵਿਯੋਗ ਦੀਆਂ ਅਜਿਹੀਆਂ ਅਵਾਜ਼ਾਂ ਅਲਾਪਦੀ ਹੈ, ਜੋ ਵਾਤਾਵਰਣ ਨੂੰ ਸੋਗਮਈ ਕਰ ਦਿੰਦੀ ਹੈ ਤੇ ਕਦੇ ਬੀਰ ਰਸੀ ਆਵਾਜ਼ਾਂ ਰਾਹੀਂ ਅਣਤੱਤੇ ਨੂੰ ਲੈ ਜਾਂਦੀ ਹੈ। ਰੂਹ ਨੂੰ ਕੀਲਦੀ ਸੁਰੰਗੀ ਮਾਤਰ ਦੀਆਂ ਬੂੰਦਾਂ ਬੀਜਦੀ ਹੈ। ਉਸ ਦੀਆਂ ਤਾਰਾਂ ਵਿਚ ਕੁਦਰਤ ਦਾ ਅਲਾਪ ਹੈ, ਸੁਰ, ਸ਼ਬਦ ਤੇ ਲੈਅ ਦਾ ਸੰਗਮ ਹੈ, ਇਸ ਦੀ ਸੁਰੰਗੀ ਵਿਚ।

1968-69 ਤੱਕ ਟੱਲੇਵਾਲਏ ਜਥੇ ਨਾਲ ਸਜਿਆ ਰਿਹਾ। ਜਥੇ ਵਿਚੋਂ ਕਰਨੈਲ ਸਿੰਘ ਸਿੱਧੂ ਕੈਨੇਡਾ ਚਲਾ ਗਿਆ, ਜਿਸ ਕਾਰਨ ਜਥਾ ਟੁੱਟ ਗਿਆ। ਬਲਵੰਤ ਸਿੰਘ ਰਾਮੂਵਾਲੀਏ ਨੇ ਆਪਣਾ ਜਥਾ ਬਣਾ ਲਿਆ ਸੀ। ਚਮਕੌਰ ਸਿੰਘ ਸੇਖੋਂ, ਬਲਵੰਤ ਸਿੰਘ ਦੇ ਜਥੇ ਨਾਲ ਰਲ ਗਿਆ। ਇਸ ਜਥੇ ਨੇ 1973 ਵਿਚ ਐਚਅਮਵੀ ਰਿਕਾਰਡ ਕਰਵਾਇਆ, ਇਸ ਵਿਚ ਕਰਨੈਲ ਸਿੰਘ ਪਾਰਸ ਦੀਆਂ ਰਚਨਾਵਾਂ ਹਨ, 'ਕੁੰਡਲੀਆ ਸੱਪ ਵੀਰ ਖਾਲਸਾ, ਅਜੇ ਨਹੀਂ ਮਰਿਆ', 'ਭਗਤ ਸਿੰਘ ਦੀ ਘੋੜੀ', 'ਐਸਾ ਸਾਜੂ ਸਿੱਖ ਛੁਪੇ ਨਾ....' ਆਦਿ ਹਨ। ਰਿਕਾਰਡ ਪੰਜਾਬ ਦੇ ਲੋਕਾਂ ਦੇ ਮਨ ਦੀ ਖੁਰਾਕ ਬਣ ਗਿਆ। ਇਸ ਨੇ ਜਥੇ ਨੂੰ ਗਗਨਾਂ ਦੀ ਉਡਾਰੀ ਲਵਾ ਦਿੱਤੀ। ਸ੍ਰੇਸ਼ਟ ਰਿਕਾਰਡ ਨੇ ਜਥਾ ਵੀ ਸ੍ਰੇਸ਼ਟ ਬਣਾ ਦਿੱਤਾ। ਚਮਕੌਰ ਸਿੰਘ ਸੇਖੋਂ ਪੰਜਾਬੀਆਂ ਦਾ ਮਾਣ ਬਣ ਗਿਆ। ਹਰ ਇਕ ਨੂੰ ਆਪਣਾ-ਆਪਣਾ ਲੱਗਣ ਲੱਗ ਪਿਆ। ਹੁਣ ਉਹ ਜਾਣ-ਪਹਿਜਾਣ ਦਾ ਮੁਥਾਜ ਨਾ ਰਿਹਾ। ਬਲਵੰਤ ਸਿੰਘ ਰਾਮੂਵਾਲੀਆ, ਚਮਕੌਰ ਸਿੰਘ ਸੇਖੋਂ ਤੇ ਕਰਤਾਰ ਸਿੰਘ ਮੰਡੀ ਕਲਾਂ ਦੀ ਗਾਇਕੀ ਦੀਆਂ ਗੱਲਾਂ ਹੋਣ ਲੱਗੀਆਂ।

ਪਹਿਲੇ ਰਿਕਾਰਡ ਦੀ ਚੜ੍ਹਤ ਅਜੇ ਢਿੱਲੀ ਨਹੀਂ ਸੀ ਪਈ, ਤਦ ਨੂੰ 1975-76 ਵਿਚ ਇਕ ਹੋਰ ਰਿਕਾਰਡ ਕਰਵਾ ਦਿੱਤਾ। ਇਸ ਵਿਚ ਵੀ ਬੀਰ ਰਸੀ ਕਵਿਤਾਵਾਂ ਹਨ। ਉਹ ਕਵਿਤਾਵਾਂ (ਵਾਰਾਂ) ਜੋ ਯੁੱਧਾਂ ਵਿਚ ਭੂਚਾਲ ਲਿਆ ਦਿੰਦੀਆਂ ਹਨ, ਫੇਰ ਖੌਲਿਆ ਹੋਇਆ ਖੂਨ ਮੌਤ ਨੂੰ ਵੀ ਆਪਣੀ ਸਕੀ-ਸੋਧਰੀ ਸਮਝਦਾ ਹੈ। ਕਵਿਤਾਵਾਂ ਹਨ, 'ਸੀਸ ਤਲੀ ਧਰ ਤੁਰਨਾ ਪੈਂਦਾ ਪ੍ਰੇਮ ਗਲੀ', 'ਮਿੱਤਰ ਪਿਆਰੇ ਨੂੰ...'। ਇਸ ਦੇ ਨਾਲ ਹੀ ਲੋਕ ਮਨਾਂ ਨੂੰ ਹੁਲਾਰਾ ਦੇਣ ਵਾਲਾ ਕਲੀਆਂ ਦਾ ਐਲ.ਪੀ. ਰਿਕਾਰਡ ਆ ਗਿਆ। ਇਸ ਵਿਚ ਪ੍ਰੀਤ ਕਥਾਵਾਂ ਵਿਚੋਂ ਹੀਰ-ਰਾਂਝਾ, ਮਿਰਜ਼ਾ, ਸਾਹਿਬਾਂ, ਕੌਲ ਭਗਤਵੀ ਆਦਿ ਹਨ। ਲੋਕਾਂ ਵਿਚ ਰਿਕਾਰਡਾਂ ਦੀ ਮੰਗ ਵੱਧ ਗਈ, ਕੰਪਨੀ ਪੂਰਾ ਨਾ ਕਰ ਸਕੀ। ਲੋਕ ਬਲੈਕ ਵਿਚ ਖਰੀਦ ਕੇ ਮਨ ਨੂੰ ਧੀਰਜ ਦਿੰਦੇ ਸਨ। 'ਰਾਮੂਵਾਲੀਏ ਜਥੇ ਦੇ ਢਾਡੀ ਪ੍ਰਸੰਗ' ਦਾ ਰਿਕਾਰਡ ਟੋਰਾਂਟੋ 'ਚ ਵੀ ਕਰਵਾਇਆ ਹੈ।

ਹੁਣ ਸੇਖੋਂ ਕੋਲ ਪਿਛੇ ਝਾਕਣ ਦਾ ਸਮਾਂ ਨਹੀਂ ਸੀ। ਅਸਮਾਨ 'ਤੇ ਚੜ੍ਹੀ ਗੁੱਡੀ ਚੌਵੀ ਘੰਟੇ ਗਾਉਣ ਦੀ ਖੁਮਾਰੀ ਚਾੜ੍ਹੀ ਰੱਖਦੀ, ਪਰ ਉਸ ਨੇ ਪੈਰਾਂ ਦੀ ਮਿੱਟੀ ਨੂੰ ਕਦੇ ਵੀ ਪਾਸੇ ਨਾ ਹੋਣ ਦਿੱਤਾ। ਲੋਕਾਂ ਤੋਂ ਮਿਲਦੇ ਪਿਆਰ ਨੂੰ ਆਪਣੀ ਕਲਾ ਦਾ ਹਾਸਲ ਬਣਾਇਆ। ਟੈਕਸਲਾ ਟੀ.ਵੀ. (ਸਰਬ ਸਾਂਝੀ ਬਾਣੀ) ਦੀਆਂ ਤਿਆਰ ਕੀਤੀਆਂ ਚਾਰ ਕੈਸਿਟਾਂ ਲੈ ਕੇ ਸਰੋਤਿਆਂ ਵਿਚ ਹਾਜ਼ਰ ਹੋਇਆ। ਜਦ ਵੀ ਨਵੀਂ ਕੈਸਿਟ ਆਉਂਦੀ, ਲੋਕਾਂ ਵਿਚ ਸੁਣਨ ਦੀ ਭੁੱਖ ਵੱਧ ਜਾਂਦੀ। ਸਰੋਤੇ ਚਾਵਾਂ ਨਾਲ ਅਗਲੀ ਕੈਸਿਟ ਦੀ ਉਡੀਕ ਕਰਦੇ ਸਨ। ਹਰ ਕੈਸਿਟ ਦਾ ਵੱਖਰਾ ਸੁਆਦ ਤੇ ਵੱਖਰਾ ਰੰਗ ਹੈ। ਗੀਤਾਂ ਦੇ ਬੋਲ ਲੋਕਾਂ ਦੀ ਜ਼ੁਬਾਨ 'ਤੇ ਚੜ੍ਹ ਜਾਂਦੇ। ਬੋਲ ਜੋ ਸਦੀਆਂ ਦੇ ਇਤਿਹਾਸ ਨੂੰ ਤਾਜ਼ਾ ਕਰਨ ਵਾਲੇ ਹਨ। ਇਤਿਹਾਸ ਹੀ ਸਾਨੂੰ ਆਬਰੂ, ਅਣਖ ਤੇ ਗੈਰਤ ਨਾਲ ਜਿਊਣਾ ਸਿਖਾਉਂਦਾ ਹੈ। ਇਨ੍ਹਾਂ ਦੀਆਂ ਕੈਸਿਟਾਂ, ਰਿਕਾਰਡ ਤੇ ਅਖਾੜੇ ਇਸ ਸੁਨੇਹੇ ਨੂੰ ਹੀ ਲੋਕਾਂ ਤੱਕ ਪਹੁੰਚਾਉਂਦੇ ਹਨ। ਚਮਕੌਰ ਸਿੰਘ ਸੇਖੋਂ ਦੇ ਜਥੇ ਨੇ ਜਿੰਨਾ ਚਿਰ ਗਾਇਆ ਹੈ, ਸ਼ਾਨਾਮੱਤੀ ਗਾਇਕੀ ਨੂੰ ਸਲਾਮਤ ਰੱਖਿਆ ਏ। ਇਸ ਦੀ ਗਾਇਕੀ ਦਾ ਸਫ਼ਰ ਪੱਥਰਾਂ ਦੇ ਤਵਿਆਂ ਤੋਂ ਲੈ ਕੇ ਟੀ.ਵੀ. ਚੈਨਲਾਂ ਤੱਕ ਬਣ ਜਾਂਦਾ ਹੈ। ਇਸ ਤੋਂ ਵੀ ਅੱਗੇ ਮੋਬਾਇਲ ਫੋਨਾਂ ਤੱਕ ਪਹੁੰਚ ਗਿਆ ਹੈ। ਸਾਰਾ ਸਫ਼ਰ ਹੀ ਸਬਰ, ਸੰਤੋਖ, ਧੀਰਜ ਤੇ ਦਾਨਸ਼ਵਰ ਕਲਾਕਾਰ ਦਾ ਸਫ਼ਰ ਹੈ। 'ਮਨ ਨੀਵਾਂ ਮੱਤ ਉੱਚੀ' ਨੂੰ ਸਟੇਜਾਂ 'ਤੇ ਗਾਇਆ ਵੀ ਹੈ ਤੇ ਅਪਨਾਇਆ ਵੀ ਹੈ। ਚੰਦਨ ਦੇ ਰੁੱਖ ਵਰਗਾ ਕਲਾਕਾਰ ਸੁਗੰਧੀਆਂ ਨਾਲ ਭਰਿਆ ਪਿਆ ਹੈ।

1978 ਵਿਚ ਫੇਰ ਬਦਲਾਅ ਆਇਆ। ਬਲਵੰਤ ਸਿੰਘ ਰਾਮੂਵਾਲੀਆ ਚੋਣਾਂ ਵਿਚ ਲੋਕ ਸਭਾ ਦਾ ਮੈਂਬਰ ਚੁਣੇ ਜਾਣ ਕਾਰਨ ਜਥੇ ਦੀ ਪੰਜਾਲੀ ਵਿਚੋਂ ਸਿਰ ਕਢਵਾ ਗਿਆ, ਪਰ ਜਥੇ ਵਿਚ ਕੋਈ ਖਲਾਅ ਪੈਦਾ ਨਾ ਹੋਇਆ। ਬਲਵੰਤ ਸਿੰਘ ਦੀ ਥਾਂ ਬਾਪੂ ਕਰਨੈਲ ਸਿੰਘ ਪਾਰਸ ਨੇ ਲੈ ਲਈ। ਫਰਕ ਸਿਰਫ਼ ਜਥੇ ਦੇ ਨਾਂ ਦਾ ਪਿਆ, ਜਿਥੇ ਪਹਿਲਾਂ ਬਲਵੰਤ ਸਿੰਘ ਰਾਮੂਵਾਲੀਏ ਦਾ ਜਥਾ ਅਖਵਾਉਂਦਾ ਸੀ, ਉਸ ਦੀ ਥਾਂ ਕਰਨੈਲ ਸਿੰਘ ਪਾਰਸ ਦਾ ਅਖਵਾਉਣ ਲੱਗ ਪਿਆ। ਚਮਕੌਰ ਸਿੰਘ ਸੇਖੋਂ ਨੇ ਇਕ ਗੁਰਦੁਆਰੇ ਅੰਦਰ ਪਾਰਸ ਨੂੰ ਦਸਤਾਰ ਭੇਂਟ ਕਰਕੇ ਗੁਰੂ ਧਾਰ ਲਿਆ। ਪਾਰਸ ਦੀ ਹਾਜ਼ਰੀ ਵਿਚ ਸੇਖੋਂ ਦੀ ਕਲਾ ਸੋਨੇ 'ਤੇ ਸੁਹਾਗਾ ਬਣ ਗਈ। ਸਜੇ ਦੀਵਾਨ ਵਿਚ ਖੱਬੇ ਹੱਥ ਦੀਆਂ ਉਂਗਲਾਂ ਸੁਰੰਗੀ ਦੀਆਂ ਤਾਰਾਂ 'ਚੋਂ ਸੁਰਾਂ ਕੱਢਦੀਆਂ ਤੇ ਸੱਜਾ ਹੱਥ ਗਜ ਫੇਰਦਾ, ਘੁੰਗਰੂ ਛਣਕਾਉਂਦਾ, ਢੱਡਾਂ ਸਾਥ ਦਿੰਦੀਆਂ ਤੇ ਨਾਲ ਹੀ ਉਚੀ ਸੁਰ ਵਿਚ ਸੁਰੀਲੀਆਂ ਤੇ ਰਸੀਲੀਆਂ ਆਵਾਜ਼ਾਂ ਹਵਾ ਵਿਚ ਲਹਿਰਾਉਣ ਲੱਗਦੀਆਂ।

1979 ਵਿਚ ਜਥਾ ਕਰਨੈਲ ਸਿੰਘ ਪਾਰਸ ਦੇ ਨਾਂ ਹੇਠ ਚੱਲ ਰਿਹਾ ਸੀ। ਚਮਕੌਰ ਸਿੰਘ ਸੇਖੋਂ ਜਥੇ ਸੰਗ ਵਿਦੇਸ਼ਾਂ ਦੇ ਦੌਰੇ 'ਤੇ ਚਲਾ ਗਿਆ। ਤੀਸਰਾ ਸਾਥੀ ਕਰਤਾਰ ਸਿੰਘ ਮੰਡੀ ਕਲਾਂ ਵੀ ਨਾਲ ਸੀ। ਜਥੇ ਦਾ ਪਹਿਲਾ ਪੜਾਅ ਇੰਗਲੈਂਡ ਵਿਚ ਹੋਇਆ। ਇਥੇ ਇਕ ਸਾਲ ਪੰਜਾਬੀ ਜ਼ੁਬਾਨ ਦੇ ਪਿਆਰਿਆਂ ਦਾ ਮਨੋਰੰਜਨ ਕਰਦੇ ਰਹੇ। ਇਹ ਮੌਕੇ ਪ੍ਰਵਾਸੀ ਲੋਕਾਂ ਤੋਂ ਕੁਝ ਸਿੱਖਣ ਤੇ ਕੁਝ ਸਿਖਾਉਣ ਦਾ ਸੀ। ਚਮਕੌਰ ਸਿੰਘ ਸੇਖੋਂ ਸੂਰਤ, ਸੀਰਤ ਤੇ ਗਾਇਕੀ ਦਾ ਸੱਚਾ ਹਰਫ਼ ਬਣ ਗਿਆ। ਪ੍ਰਵਾਸੀ ਫੇਰੀ 'ਤੇ ਆਇਆ ਲੋਕਾਂ ਦੇ ਦਿਲਾਂ ਵਿਚ ਘਰ ਪਾ ਕੇ ਬੈਠ ਗਿਆ। ਮਿਲਣ ਦੀਆਂ ਤਾਂਘਾਂ ਲੰਮਾ ਸਮਾਂ ਸੁਨੇਹੇ ਘੱਲਦੀਆਂ ਰਹੀਆਂ। ਸੇਖੋਂ ਜਥੇ ਨਾਲ 1980 ਵਿਚ ਇੰਗਲੈਂਡ ਤੋਂ ਅਮਰੀਕਾ ਤੇ ਕੈਨੇਡਾ ਨੂੰ ਚਲੇ ਗਏ। ਦੋ ਸਾਲ ਦਾ ਸਮਾਂ ਅਮਰੀਕਾ ਤੇ ਕੈਨੇਡਾ ਲਾ ਦਿੱਤਾ। ਤਿੰਨ ਸਾਲ ਦੇ ਸਮੇਂ ਵਿਚ ਰੱਜ ਕੇ ਗਾਇਆ ਤੇ ਰੱਜ ਕੇ ਕਮਾਇਆ। ਆਉਣ ਵਾਲੇ ਸਮੇਂ ਕਰਨੈਲ ਸਿੰਘ ਪਾਰਸ ਕੈਨੇਡਾ ਰਹਿ ਪਿਆ। ਚਮਕੌਰ ਸਿੰਘ ਤੇ ਕਰਤਾਰ ਸਿੰਘ ਵਾਪਸ ਆ ਗਏ।

ਉਹੀ ਜਥਾ 1982 ਵਿਚ ਚਮਕੌਰ ਸਿੰਘ ਸੇਖੋਂ ਭੋਤਨਾ ਦੇ ਨਾਂ 'ਤੇ ਕੰਮ ਕਰਨ ਲੱਗਾ। ਇਸ ਸਾਲ ਹੀ ਅਕਾਲੀ ਦਲ ਨੇ ਕੇਂਦਰ ਸਰਕਾਰ ਵਿਰੁੱਧ ਪਾਣੀਆਂ ਦੇ ਮਸਲੇ 'ਤੇ ਧਰਮ ਯੁੱਧ ਮੋਰਚਾ ਲਾ ਦਿੱਤਾ। ਹਰ ਰੋਜ਼ ਜਥੇ ਅਕਾਲ ਤਖਤ ਮੰਜੀ ਸਾਹਿਬ ਤੋਂ ਤੋਰੇ ਜਾਂਦੇ ਸਨ। ਇਸ ਮੌਕੇ ਆਗੂ ਲੋਕ ਆਪਣੀਆਂ ਤਕਰੀਰਾਂ ਕਰਦੇ ਤੇ ਹਰ ਰੋਜ਼ ਹੀ ਚਮਕੌਰ ਸਿੰਘ ਸੇਖੋਂ ਦਾ ਢਾਡੀ ਜਥਾ ਜੋਸ਼ ਭਰਨ ਲਈ ਆਪਣਾ ਪ੍ਰੋਗਰਾਮ ਕਰਦਾ ਸੀ। ਧਰਮ ਯੁੱਧ ਮੋਰਚਾ ਲੰਮਾ ਸਮਾਂ (1982-84) ਚੱਲਿਆ, ਓਨਾ ਸਮਾਂ ਹੀ ਚਮਕੌਰ ਸਿੰਘ ਸੇਖੋਂ ਦੇ ਜਥੇ ਨੇ ਸਾਥ ਦਿੱਤਾ। ਬਲਵੰਤ ਸਿੰਘ ਰਾਮੂਵਾਲੀਆ (ਐਮ.ਪੀ.) ਮੋਰਚਾ ਚਲਾਉਣ ਵਾਲੀ ਸਟੇਜ ਦਾ ਸਕੱਤਰ ਹੁੰਦਾ ਸੀ। ਜਦ ਇਸ ਮੋਰਚੇ ਵਿਚ ਚਮਕੌਰ ਸਿੰਘ ਸੇਖੋਂ ਦੇ ਪਿੰਡੋਂ (ਭੋਤਨਾ) ਜਥਾ ਗਿਆ ਤਾਂ ਚਮਕੌਰ ਸਿੰਘ ਨੇ ਆਪ ਵੀ ਸ਼ਾਮਲ ਹੋ ਕੇ ਜੇਲ੍ਹ ਯਾਤਰਾ ਕੀਤੀ। ਉਸ ਸਮੇਂ ਇਹ ਲੁਧਿਆਣਾ ਜੇਲ੍ਹ ਬੰਦ ਸੀ।

ਜੂਨ 1984 ਵਿਚ ਅਕਾਲ ਤਖ਼ਤ 'ਤੇ ਹਮਲਾ ਹੋਣ ਕਾਰਨ ਪੰਜਾਬ ਦਾ ਹਿਰਦਾ ਵਲੂੰਦਰਿਆ ਗਿਆ। ਸਭ ਰੰਗ-ਤਮਾਸ਼ੇ ਅਲੋਪ ਹੋ ਗਏ। ਧਰਮ ਯੁੱਧ ਮੋਰਚਾ ਵੀ ਵਿਚ ਰਹਿ ਗਿਆ। ਪੰਜਾਬ ਵਿਚ ਅੰਧੇਰਗਰਦੀ ਦਾ ਯੁੱਗ ਸ਼ੁਰੂ ਹੋ ਗਿਆ। ਹਰ ਥਾਂ ਸਹਿਮ ਸੀ, ਲੋਕ ਕਰਨ 'ਤੇ ਕੀ ਕਰਨ? ਗੱਲ ਸਮਝੋਂ ਬਾਹਰ ਸੀ, ਆਪਣਿਆਂ ਤੋਂ ਵੀ ਡਰ ਲੱਗਦਾ, ਖਰੇ ਖੋਟੇ ਦੀ ਪਹਿਚਾਣ ਨਾ ਰਹੀ, ਥਾਂ-ਥਾਂ ਤੋਂ ਕੁੱਤੇ ਰੋਣ ਦੀਆਂ ਅਵਾਜ਼ਾਂ ਆਉਂਦੀਆਂ। ਅਜਿਹੇ ਸਮੇਂ ਦੌਰਾਨ 1985 ਵਿਚ ਚਮਕੌਰ ਸਿੰਘ ਸੇਖੋਂ ਆਪਣਾ ਜਥਾ ਲੈ ਕੇ ਕੈਨੇਡਾ ਚਲਾ ਗਿਆ। ਕੈਨੇਡਾ ਵਿਚ ਆਪਣੀ ਗਾਇਕੀ ਰਾਹੀਂ ਪੰਜਾਬੀ ਲੋਕਾਂ ਦੇ ਮਨਾਂ ਦੀ ਤ੍ਰਿਪਦੀ ਕਰਦਾ ਰਿਹਾ। 1987 ਤੱਕ ਢਾਡੀ ਕਲਾ ਨੂੰ ਸਮਰਪਿਤ ਰਿਹਾ। ਕੈਨੈਡਾ ਆਇਆ ਕੈਨੇਡਾ ਦਾ ਹੋ ਕੇ ਰਹਿ ਗਿਆ। ਬਾਰਾਂ ਸਾਲ ਪਿੰਡ ਦਾ ਮੂੰਹ ਨਾ ਵੇਖਿਆ। ਪਿਛੇ ਉਡੀਕਦੀ-ਉਡੀਕਦੀ ਮਾਤਾ ਸੰਸਾਰ ਤੋਂ ਤੁਰ ਗਈ। ਨਾ ਸਸਕਾਰ ਮੌਕਾ ਜਾ ਸਕਿਆ ਤੇ ਨਾ ਹੀ ਭੋਗ ਦੀ ਰਸਮ 'ਤੇ ਪਹੁੰਚ ਸਕਿਆ। ਚਮਕੌਰ ਸਿੰਘ ਦਾ ਮਨ ਦੁਖੀ ਹੋ ਗਿਆ। ਉਸ ਨੂੰ ਇਹ ਸਮਾਂ ਮਿਲੇ ਬਨਵਾਸ ਵਰਗਾ ਲੱਗਿਆ। ਪੈਰਾਂ 'ਚ ਲੱਗੀਆਂ ਮਜ਼ਬੂਰੀ ਦੀਆਂ ਬੇੜੀਆਂ ਨੂੰ ਕੱਟ ਨਾ ਸਕਿਆ।

ਵਿਦੇਸ਼ ਦੀ ਧਰਤੀ 'ਤੇ ਆਪਣਾ ਘਰ ਬੰਨ੍ਹਣਾ ਬੜਾ ਔਖਾ ਹੁੰਦਾ ਹੈ, ਪਰ ਇਸ ਨੇ ਸਭ ਮੁਸ਼ਕਲਾਂ ਨੂੰ ਪਾਰ ਕਰਦਿਆਂ ਆਪਣੀ ਜ਼ਿੰਦਗੀ ਨੂੰ ਸਾਵੀਂ ਬਣਾ ਲਿਆ ਹੈ। ਕੈਨੇਡਾ ਦੀਆਂ ਫੈਕਟਰੀਆਂ ਵਿਚ ਵੀ ਕੰਮ ਕੀਤਾ ਤੇ ਨਿੱਜੀ ਕੰਮ ਵੀ ਚਲਾਇਆ। ਸਭ ਥਾਂ ਸਫ਼ਲਤਾ ਪ੍ਰਾਪਤ ਕੀਤੀ।

ਚਮਕੌਰ ਸਿੰਘ ਸੇਖੋਂ ਦਾ ਸੁਰੰਗੀ ਵਾਦਕ ਹੋਣ ਦਾ ਵੱਖਰਾ ਮੁਕਾਮ ਬਣਦਾ ਹੈ। ਉਸ ਦੀ ਚਮਤਕਾਰੀ ਛੂਹ ਸੁਰੰਗੀ ਦੀਆਂ ਤਾਰਾਂ ਨੂੰ ਬੋਲਣ ਲਾ ਦਿੰਦੀ ਹੈ। ਮਨ ਦੀਆਂ ਸੰਵੇਦਨਾਵਾਂ ਵਿਚ ਰਾਗ, ਨਾਦ, ਸੁਰ ਸ਼ਬਦ ਦੀਆਂ ਮੂਲ ਗੂੰਜਾਂ ਵਿਦਮਾਨ ਹਨ। ਉਹ ਸੰਗੀਤ ਦਾ ਗਿਆਤਾ, ਸੰਗੀਤ ਨੂੰ ਵਿਆਪਕ ਅਰਥਾਂ ਤੱਕ ਲੈ ਜਾਂਦਾ ਹੈ। ਇਹ ਕਲਾ ਇਸ ਨੂੰ ਮਰਦਾਨੇ ਦਾ ਮੁਰੀਦ ਬਣਾ ਦਿੰਦੀ ਹੈ। ਕਲਾ ਦਾ ਕੰਮ ਸਾਧਾਰਣ ਵਿਅਕਤੀ ਦਾ ਕੰਮ ਨਹੀਂ ਹੁੰਦਾ, ਇਸ ਕੰਮ ਨੂੰ ਤਾਂ ਚਮਕੌਰ ਸਿੰਘ ਸੇਖੋਂ ਵਰਗਾ, ਕਰੜੀ ਘਾਲਣਾ ਤੇ ਘੋਰ ਤਪੱਸਵੀ ਅਰ ਤੀਖਣ ਤੇ ਗਿਆਨਵਾਨ ਵਿਅਕਤੀ ਹੀ ਕਰ ਸਕਦਾ ਹੈ।

ਸੰਗੀਤ ਕਿਸੇ ਨੂੰ ਹਸਾਉਣ, ਰੁਆਉਣ ਤੇ ਲੋਹੇ ਸੰਗ ਲੋਹ ਖੜ੍ਹਕਾਉਣ ਦੀ ਸ਼ਕਤੀ ਰੱਖਦਾ ਹੈ। ਕਹਿੰਦੇ ਹਨ, ਇਕ ਅਮੀਰ ਦੇ ਸੱਦੇ 'ਤੇ ਇਕ ਅੱਤ ਗਰੀਬੀ ਪਰ ਕਲਾ ਨੂੰ ਪਹੁੰਚਿਆ ਸੰਗੀਤਕਾਰ ਉਸ ਦੀ ਮਹਿਫ਼ਲ ਵਿਚ ਚਲਾ ਗਿਆ। ਫਟੇ ਪੁਰਾਣੇ ਕੱਪੜੇ, ਖੁੱਲ੍ਹੇ ਵਾਲ, ਪੈਰੋਂ ਨੰਗਾ, ਬੇਪ੍ਰਵਾਹ ਤੇ ਅੰਦਰੋਂ ਬਾਹਰੋਂ ਇਕ ਸੀ, ਉਹ। ਜਦ ਅਮੀਰ ਨੇ ਇਸ ਨੂੰ ਵੇਖਿਆ ਤਾਂ ਦਰਬਾਨ ਨੂੰ ਝਾੜਾਂ ਪਾਈਆਂ, ਇਸ ਨੂੰ ਅੰਦਰ ਕਿਉਂ ਆਉਣ ਦਿੱਤਾ? ਸਾਰੇ ਉਸਨੂੰ ਮਖੌਲ ਕਰਨ ਲੱਗੇ। ਗੁੱਸੇ ਵਿਚ ਸੰਗੀਤਕਾਰ ਨੇ ਆਪਣੇ ਕੋਲੋਂ ਸਾਜ ਕੱਢਿਆ ਤੇ ਵਜਾਉਣ ਲੱਗ ਪਿਆ। ਸਾਜ਼ ਦੀ ਧੁਨ ਵਿਚ ਅਜਿਹਾ ਪ੍ਰਭਾਵ ਸੀ ਕਿ ਸਾਰੇ ਬੰਦੇ ਹੱਸ-ਹੱਸ ਪਾਗਲ ਹੋਣ ਲੱਗੇ। ਝੱਟ ਬਾਅਦ ਹੀ ਸਾਜ਼ਕਾਰ ਨੇ ਇਕ ਹੋਰ ਧੁਨ ਬਦਲੀ, ਜਿਸ ਨਾਲ ਪਾਗਲਾਂ ਵਾਂਗ ਰੋਣ ਲੱਗ ਪਏ, ਫੇਰ ਤੀਜੀ ਧੁਨ ਬਦਲੀ ਤਾਂ ਸਾਰੇ ਬੇਹੋਸ਼ ਹੋ ਗਏ। ਸੰਗੀਤਕਾਰ ਨੇ ਆਪਣਾ ਰੁੱਕਾ ਲਿਖਿਆ, "ਤੈਂ ਆਪਣੇ ਸੱਦੇ ਵਿਚ ਜੌਹਰ ਵਿਖਾਉਣ ਨੂੰ ਲਿਖਿਆ ਸੀ ਤੇ ਮੈਂ ਆਪਣੀ ਕਲਾ ਦਾ ਜੌਹਰ ਤੇਰੀ ਮਹਿਫ਼ਲ ਨੂੰ ਵਿਖਾ ਚੱਲਿਆ ਹਾਂ।"

ਇਸ ਕਿਸਮ ਦੀ ਸ਼ਕਤੀ ਸੇਖੋਂ ਦੀ ਸੁਰੰਗੀ ਕਲਾ ਵਿਚ ਵੀ ਵੇਖੀ ਜਾ ਸਕਦੀ ਹੈ। ਉਹ ਵੀ ਹੱਸਦਿਆਂ ਨੂੰ ਰੁਆਉਣ ਤੇ ਰੋਂਦਿਆਂ ਨੂੰ ਹਸਾਉਣ ਜਾਣਦੀ ਹੈ। ਇਸ ਕਲਾ ਨੂੰ ਪਹਿਚਾਣਦਿਆਂ ਹਰਜਿੰਦਰ ਸਿੰਘ ਥਿੰਦ ਨੇ ਆਪਣੇ ਰੇਡੀਓ ਪ੍ਰੋਗਰਾਮ ਕੈਨੇਡਾ ਦੇ ਬੀ.ਸੀ. ਇਲਾਕੇ ਵਿਚ ਸਵੇਰੇ 8 ਤੋਂ 11 ਵਜੇ ਤੱਕ ਚਲਦਾ ਹੈ। ਇਨ੍ਹਾਂ ਤਿੰਨਾਂ ਘੰਟਿਆਂ ਵਿਚ ਜਦ ਵੀ ਥੋਨੂੰ ਸੁਰੰਗੀ ਦੀ ਅਵਾਜ਼ ਸੁਣੇਗੀ, ਉਹ ਚਮਕੌਰ ਸਿੰਘ ਸੇਖੋਂ ਦੀ ਸੁਰੰਗੀ ਬੋਲੇਗੀ, ਜੋ ਥੋੜ੍ਹੇ-ਥੋੜ੍ਹੇ ਸਮੇਂ ਬਾਅਦ ਵੱਜਦੀ ਰਹਿੰਦੀ ਹੈ। ਗੀਤ ਸੰਗੀਤ ਪੰਜਾਬੀਆਂ ਦੇ ਖ਼ੂਨ ਵਿਚ ਰਚਿਆ ਹੋਇਆ ਹੈ। ਇਸ ਦੀਆਂ ਸੁਰਾਂ, ਧੁਨਾਂ ਤੇ ਲੈਆਂ ਮਨ ਨੂੰ ਹੁਲਾਰਾ ਦਿੰਦੀਆਂ ਹਨ। ਪ੍ਰਕਿਰਤੀ ਦੀ ਹਰ ਰਚਨਾ ਵਿਚ ਚੇਤਨਤਾ ਹੈ ਤੇ ਹਰ ਚੇਤਨਤਾ ਦੀ ਆਵਾਜ਼ ਸੁਰੰਗੀ ਵਿਚ ਹੈ। ਪਤਾ ਨਹੀਂ ਇਹ ਜਾਦੂ ਸੁਰੰਗੀ ਦੀਆਂ ਤਾਰਾਂ ਵਿਚ ਹੈ ਜਾਂ ਸੇਖੋਂ ਦੇ ਹੱਥਾਂ ਵਿਚ। ਇਸ ਦਾ ਸੰਗੀਤ ਸਰੋਤੇ ਨੂੰ ਅਨੰਦ ਅਤੇ ਵਿਸਮਾਦੀ ਅਵਸਥਾ ਵਿਚ ਲੈ ਜਾਂਦਾ ਹੈ। ਦਿਲ ਨੂੰ ਧੂਹ ਪਾਉਂਦੀ ਅਵਾਜ਼ ਜਦ ਰੂਹ ਤੱਕ ਪੁੱਜਦੀ ਹੈ ਤਾਂ ਸਰੋਤਾ ਸਕੂਨ ਪ੍ਰਾਪਤ ਕਰਦਾ ਹੈ।

ਮਨਮੋਹਨ ਵਾਰਸ ਭਰਾ, ਪੰਜਾਬੀ ਦੇ ਚੰਗੇ ਗਾਇਕ ਹਨ। 1992 ਵਿਚ ਉਨ੍ਹਾਂ ਚਮਕੌਰ ਸਿੰਘ ਸੇਖੋਂ ਨੂੰ ਆਪਣੀ ਕੈਸਿਟ ਵਿਚ ਸੁਰੰਗੀ ਵਜਾਉਣ ਲਈ ਬੇਨਤੀ ਕੀਤੀ, ਜੋ ਮੰਨ ਲਈ ਗਈ। ਉਨ੍ਹਾਂ ਦੀ ਕੈਸਿਟ ਵਿਚ ਗੀਤ ਹਨ, 'ਆ ਜਾ ਭਾਬੀ ਝੂਟ ਲੈ, ਪੀਂਘ ਹੁਲਾਰੇ ਖਾਂਦੀ', ਦਾਤਾਰਾ ਵਜਦਾ ਵੇ ਰਾਂਝਣਾ ਨੂਰ ਮਹਿਲ ਦੀ ਮੋਰੀ....ਆਦਿ। ਸੁਰੰਗੀ ਇਨ੍ਹਾਂ ਗੀਤਾਂ ਵਿਚ ਰੂਹ ਬਣ ਕੇ ਬੋਲੀ ਹੈ। ਇਸ ਨਾਲ ਕੈਸਿਟ ਦਾ ਰੰਗ ਹੋਰ ਗੂੜਾ ਹੋ ਗਿਆ। ਇਸ ਤੋਂ ਪਹਿਲਾਂ ਗੀਤਾਂ ਦੀਆਂ ਕੈਸਿਟਾਂ ਵਿਚ ਸੁਰੰਗੀ ਸਾਜ ਅਲੋਪ ਸੀ। ਫੇਰ ਗੀਤਾ ਨਾਲ ਸੁਰੰਗੀ ਸੁਣ ਕੇ ਹਰ ਫਨਕਾਰ ਦੀ ਮੰਗ ਹੋ ਗਈ। ਲੋਕਾਂ ਨੇ ਦਾਦ ਦੇ ਰੂਪ ਵਿਚ ਵਾਰਸ ਭਰਾਵਾਂ ਦਾ ਹੁੰਗਾਰਾ ਭਰਿਆ। ਕੈਸਿਟ ਦੀ ਚੜ੍ਹਤ ਨੇ ਚਮਕੌਰ ਸਿੰਘ ਸੇਖੋਂ ਦੇ ਮੱਠੇ ਹੁੰਦੇ ਜੋਸ਼ ਥੱਲੇ ਅੱਗ ਬਾਲ ਦਿੱਤੀ। ਸੌਣ ਲੱਗੀ ਕਲਾ ਫੇਰ ਜਾਗ ਪਈ। ਹੁਣ ਉਹ ਸਾਜ਼ ਦੀ ਆਵਾਜ਼ ਵਿਚ ਹੀ ਸੌਂਦਾ। ਜਾਗਦਾ, ਖਾਂਦਾ, ਪੀਂਦਾ, ਹੱਸਦਾ, ਖੇਡਦਾ, ਵਿਚਰਦਾ ਹੈ। ਉਸ ਦਾ ਇਕ ਸ਼ਾਹ ਸਰੀਰ ਵਿਚ ਹੈ ਤੇ ਦੂਜਾ ਸੁਰੰਗੀ ਵਿਚ। ਸਾਜ਼ ਹੀ ਉਸ ਦੀ ਜ਼ਿੰਦ ਜਾਨ ਹੈ। ਪਤਾ ਨਹੀਂ ਲੱਗਦਾ, ਉਹ ਸਾਜ਼ ਵਿਚ ਲੀਨ ਹੋ ਗਿਆ ਹੈ ਜਾਂ ਸਾਜ਼ ਉਸ ਵਿਚ। ਸੁਰੰਗੀ ਉਸ ਨੂੰ ਜਾਨ ਤੋਂ ਪਿਆਰੀ ਹੈ। ਸੁਰੰਗੀ ਹੀ ਉਸ ਦਾ ਗੁਰੂ ਹੈ, ਪੀਰ ਹੈ ਤੇ ਹੋਰ ਪਤਾ ਨਹੀਂ, ਕੀ ਕੀ ਦਿਸਦਾ ਹੈ, ਉਸ ਨੂੰ ਸੁਰੰਗੀ ਵਿਚ। ਦੋਹਾਂ ਦੀ ਪੱਕੀ ਵਫਾਦਾਰੀ ਦੋਸਤੀ ਹੈ।

ਮਨਮੋਹਨ ਵਾਰਸ ਭਰਾਵਾਂ ਦੀ ਕੈਸਿਟ ਤੋਂ ਬਾਅਦ ਹੋਰ ਕਲਾਕਾਰ ਵੀ ਆਪਦੀਆਂ ਕੈਸਿਟਾਂ ਵਿਚ ਸੁਰੰਗੀ ਵਜਾਉਣ ਦੀ ਮੰਗ ਕਰਨ ਲੱਗੇ, ਪਰ ਚਮਕੌਰ ਸਿੰਘ ਨੇ ਮਿਆਰੀ ਕਲਾਕਾਰਾਂ ਦਾ ਹੀ ਸਾਥ ਦਿੱਤਾ। ਕੈਸਿਟ ਵਿਚਲੇ ਮੈਟਰ ਨੂੰ ਹਮੇਸ਼ਾ ਧਿਆਨ 'ਚ ਰੱਖਿਆ। ਇਨ੍ਹਾਂ ਵਿਚ ਲੋਕਾਂ ਵਲੋਂ ਪਿਆਰੀ ਸਤਿਕਾਰੀ ਗਾਇਕਾ ਸਤਵਿੰਦਰ ਬਿੱਟੀ ਦੀ ਇਕ ਕੈਸਿਟ 'ਮਾਏ ਨੀ ਮੈਂ ਸਿੰਘ ਸੱਜਣਾਂ' ਵਿਚ ਸੁਰੰਗੀ ਦਾ ਸਾਥ ਦਿੱਤਾ।

ਇਸ ਤੋਂ ਬਾਅਦ ਕੰਵਲ ਹੀਰ ਦੀ ਪਹਿਲੀ ਕੈਸਿਟ ਵਿਚ ਸੁਰੰਗੀ ਵਜਾਈ। ਇਸ ਵਿਚ ਗੀਤ 'ਕੈਂਠੇ ਵਾਲਾ ਪੁੱਛੇ.....' ਤੇ ਹੋਰ ਗੀਤ ਹਨ। ਇਨ੍ਹਾਂ ਗੀਤਾਂ ਵਿਚ ਵੱਜਦੀ ਸੁਰੰਗੀ ਨੇ ਕੰਵਲ ਹੀਰ ਦੀ ਗਾਇਕੀ ਨੂੰ ਹੋਰ ਉਚਾ ਚੁੱਕ ਦਿੱਤਾ।

ਸੇਖੋਂ ਹੋਰਾਂ ਦੀਆਂ ਆਪਣੀਆਂ ਚਾਰੇ ਕੈਸਿਟਾਂ, ਹਰੀ ਸਿੰਘ ਨਲਵਾ, ਸ਼ਹੀਦ ਭਗਤ ਸਿੰਘ, ਬੰਦਾ ਸਿੰਘ ਬਹਾਦਰ ਤੇ ਭਾਈ ਡੱਲਾ ਤੇ ਸੁਰੰਗੀ ਨਾਲ ਸਾਥ ਦਿੱਤੇ। ਕਲਾਕਾਰਾਂ ਦੀਆਂ ਕੈਸਿਟਾਂ ਦੀ ਮੰਗ ਬਾਜ਼ਾਰ ਵਿਚ ਹਮੇਸ਼ਾ ਰਹਿੰਦੀ ਹੈ।

ਗਾਇਕੀ ਵਿਚ ਹਰਭਜਨ ਮਾਨ ਇਕ ਖਾਸ ਨਾਂ ਹੈ। ਇਸ ਦੀ ਗਾਇਕੀ ਦਾ ਸਬੱਬ ਕਰਨੈਲ ਸਿੰਘ ਪਾਰਸ ਦੇ ਨਾਲ ਚਮਕੌਰ ਸਿੰਘ ਸੇਖੋਂ ਵੀ ਬਣਦਾ ਹੈ। ਮਾਨ ਸਾਹਿਬ ਦੇ ਪਿਤਾ ਸ੍ਰ. ਹਰਨੇਕ ਸਿੰਘ ਖੇਮੂਆਣਾ ਇਨ੍ਹਾਂ ਦਾ ਗੂੜ੍ਹਾ ਦੋਸਤ ਸੀ, ਜਿਸ ਕਾਰਨ ਇਨ੍ਹਾਂ ਦੇ ਘਰ ਪਾਰਸ ਤੇ ਸੇਖੋਂ ਦੀ ਆਵਾਜਾਈ ਸੀ। ਇਨ੍ਹਾਂ ਕੋਲੋਂ ਹੀ ਹਰਭਜਨ ਮਾਨ ਤੇ ਗੁਰਸੇਵਕ ਮਾਨ ਨੂੰ ਗਾਇਕੀ ਦੀ ਰੁਚੀ ਬਣੀ। ਇਹ ਚਮਕੌਰ ਸਿੰਘ ਸੇਖੋਂ ਨੂੰ ਆਪਣੇ ਪਿਤਾ ਸਮਾਨ ਸਮਝਦੇ ਹਨ। ਮਾਨ ਤੇ ਸੇਖੋਂ ਜਦ ਵੀ ਇਕੱਠੇ ਹੁੰਦੇ ਹਨ ਤਾਂ ਖੁਸ਼ੀ ਵਿਚ ਗਾਇਕੀ ਦਾ ਰੰਗ ਬੰਨ੍ਹ ਲੈਂਦੇ ਹਨ ਤੇ ਫੇਰ ਇਸ ਰੰਗ ਨੂੰ ਯੂਟਿਊਬ 'ਤੇ ਪਾ ਦਿੰਦੇ ਹਨ। ਜਿਥੋਂ ਦਰਸ਼ਕ/ਸਰੋਤੇ ਅਨੰਦ ਮਾਣਦੇ ਰਹਿੰਦੇ ਹਨ।

ਹਰਭਜਨ ਮਾਨ ਨੇ ਆਪਣੀ ਇਕ ਡਾਕੂਮੈਂਟਰੀ ਫਿਲਮ 'ਪਿੰਡ ਦੀਆਂ ਯਾਦਾਂ' ਬਣਾਈ ਹੈ। ਉਸ ਵਿਚ ਚਮਕੌਰ ਸਿੰਘ ਸੇਖੋਂ ਨੂੰ ਸੱਦ ਕੇ ਉਚੇਚੇ ਤੌਰ 'ਤੇ ਫਿਲਮਾਇਆ ਹੈ ਅਤੇ ਹਰਭਜਨ ਮਾਨ ਨੇ ਖਾਸਮ ਖਾਸ ਸਮਝਦਿਆਂ ਸੇਖੋਂ ਲਈ ਪ੍ਰਸ਼ੰਸ਼ਾਮਈ ਸ਼ਬਦ ਵੀ ਉਚਰੇ ਹਨ। ਇਸ ਡਾਕੂਮੈਂਟਰੀ ਫਿਲਮ ਦਾ ਅਨੰਦ ਵੀ ਸਰੋਤੇ ਯੂਟਿਊਬ 'ਤੇ ਮਾਣਦੇ ਹਨ। ਚਮਕੌਰ ਸਿੰਘ ਸੇਖੋਂ ਜਿਨ੍ਹਾਂ ਰਚਨਾਵਾਂ ਦਾ ਗਾਇਨ ਯੂਟਿਊਬ 'ਤੇ ਪਾਇਆ ਗਿਆ ਹੈ, ਉਸ ਨੂੰ ਤਲਾਸ਼ ਕੇ ਸੁਣਿਆ ਜਾ ਸਕਦਾ ਹੈ। ਯੂਟਿਊਬ 'ਤੇ ਉਸ ਦੀਆਂ ਇੱਕੜ-ਦੁੱਕੜ ਨਹੀਂ, ਅਨੇਕਾਂ ਰਚਨਾਵਾਂ ਨੂੰ ਸੁਣਿਆ ਜਾ ਸਕਦਾ ਹੈ। ਜੇ ਇਸ ਨਾਲ ਗੌਣ ਵਾਲੇ ਹੋਰ ਕਲਾਕਾਰਾਂ ਦੀ ਗੱਲ ਕਰੀਏ ਤਾਂ ਉਨ੍ਹਾਂ ਵਿਚ ਗਿੱਲ ਹਰਦੀਪ, ਮੱਲੀ, ਕਰਨੈਲ ਸਿੰਘ ਪਾਰਸ, ਕਰਤਾਰ ਸਿੰਘ ਮੰਡੀ ਕਲਾਂ, ਰਛਪਾਲ ਸਿੰਘ, ਹਰਭਜਨ ਮਾਨ, ਨਵਦੀਪ ਗਿੱਲ, ਕੰਵਲ ਆਦਿ ਹਨ। ਸੇਖੋਂ ਨੂੰ ਇਕੱਲਿਆਂ ਬੋਲੀਆਂ ਪਾਉਂਦੇ ਵੀ ਸੁਣਿਆ ਜਾ ਸਕਦਾ ਹੈ। ਯੂਟਿਊਬ 'ਤੇ ਜੇ ਇਨ੍ਹਾਂ ਦੇ ਸਾਰੇ ਪ੍ਰਸੰਗਾਂ ਨੂੰ ਗਿਣਨਾ ਹੋਵੇ ਤਾਂ ਗਿਣਤੀਓਂ ਬਾਹਰ ਲੱਗਦੇ ਹਨ। ਅੱਜ ਦੇ ਕਲਾਕਾਰਾਂ ਵਿਚ ਉਹ ਬਾਬਾ ਬੋਹੜ ਦੀ ਹੈਸੀਅਤ ਰੱਖਦੇ ਹਨ।

ਚਮਕੌਰ ਸਿੰਘ ਸੇਖੋਂ ਉਹ ਮਨੁੱਖ ਹੈ ਜੋ ਸਾਰੀ ਉਮਰ ਆਪਣੀ ਕਲਾ ਨੂੰ ਸਮਰਪਿਤ ਰਿਹਾ। ਇਕ ਵਾਰ ਜੁੜ ਕੇ ਮੁੜ ਮੂੰਹ ਨਾ ਫੇਰਿਆ। ਚੱਲ ਸੋ ਚੱਲ ਵਰ੍ਹੇ ਲੰਘਦਾ ਹਯਾਤੀ ਦੇ 74ਵੇਂ ਵਰ੍ਹੇ 'ਚ ਪਹੁੰਚ ਗਿਆ ਹੈ। ਕੈਨੇਡਾ ਵਿਚ ਫੈਕਟਰੀ ਜਾਂ ਹੋਰ ਧੰਦਾ ਅਪਣਾਇਆ ਅੰਦਰੋਂ ਕਲਾ ਨਾਲ ਜੁੜਿਆ। ਰਿਆਜ ਦਾ ਪਾਠ ਕਰਨੋ ਨਾ ਖੁੰਝਿਆ। 1985 ਤੋਂ ਇਹ ਪਰਿਵਾਰ ਸਮੇਤ ਕੈਨੇਡਾ ਰਹਿ ਰਿਹਾ ਹੈ। ਲੰਮੀ ਘਾਲਣਾ ਤੋਂ ਬਾਅਦ ਹੁਣ ਇਹ ਆਪਣੀ ਜ਼ਿੰਦਗੀ ਬੜੇ ਅਰਾਮ ਨਾਲ ਬਸਰ ਕਰਦਾ ਹੈ। ਵਿਹਲਾ ਰਹਿਣਾ ਇਸ ਨੇ ਸਿੱਖਿਆ ਨਹੀਂ, ਮਨ ਨੂੰ ਰੀਝਾਉਣ ਖਾਤਰ ਗਾਇਕੀ ਤੋਂ ਮੋੜਾ ਕੱਟ ਕੇ ਲਿਖਣ ਵੱਲ ਲਾ ਲਿਆ। ਗਾਇਕ ਤੋਂ ਕਵੀ ਬਣ ਗਿਆ। ਸਿੱਖ ਮੱਤ ਦੀਆਂ ਦੋ ਪੁਸਤਕਾਂ 'ਵਾਰਾਂ ਗੁਰ ਇਤਿਹਾਸ ਦੀਆਂ' ਤੇ 'ਯੋਧਿਆਂ ਦੀਆਂ ਵਾਰਾਂ' ਪੰਜਾਬੀ ਪਾਠਕਾਂ ਦੀ ਝੋਲੀ ਪਾ ਦਿੱਤੀਆਂ ਹਨ। ਤੀਜੀ ਕਿਤਾਬ ਛਪਣ ਲਈ ਤਿਆਰ ਹੈ। ਪੱਕੀ ਰਿਹਾਇਸ਼ੀ ਕੈਨੇਡਾ ਦੇ ਸ਼ਹਿਰ ਸਰੀ ਵਿਚ ਹੈ, ਪਰ ਹਰ ਸਾਲ ਮਾਂ ਮਿੱਟੀ ਨੂੰ ਸਜਦਾ ਕਰਨ ਪਿੰਡ ਭੋਤਨੇ ਜਾਂਦਾ ਹੈ। ਸੱਚ-ਮੁੱਚ ਇਹ ਤਾਂ ਉਹ ਮਿਰਗ ਹੈ, ਜਿਸ ਨੂੰ ਪਤਾ ਨਹੀਂ, ਸੁਗੰਧੀਆਂ ਦਾ ਮਾਲਕ ਕੌਣ ਹੈ?

# 27 ਫਰਵਰੀ ਬਹੁਤ ਹੀ ਮਹੱਤਵਪੂਰਨ ਦਿਹਾੜਾ ਹੈ

ਅੱਜ ਦੇ ਦਿਨ ਹਰ ਤਰ੍ਹਾਂ ਦੀ ਨਾਬਰਾਬਰੀ ਨੂੰ ਖਤਮ ਕਰਕੇ ਸਮਾਜ ਨੂੰ ਬੇ.ਗਮ ਪੂਰਾ' ਬਣਾਉਣ ਦਾ ਸੱਦਾ ਦੇਣ ਵਾਲੇ ਅਤੇ ਬ੍ਰਾਹਮਣਵਾਦੀ ਜਾਤਪਾਤੀ ਵਿਵਸਥਾ ਨੂੰ ਚੁਣੌਤੀ ਦੇਣ ਵਾਲੇ ਮਹਾਨ ਰਾਹਬਰ ਗੁਰੂ ਰਵੀਦਾਸ ਜੀ ਦਾ ਜਨਮ ਦਿਨ ਹੈ। ਸਮੂਹ ਕਿਰਤੀ ਕਾਮਿਆਂ ਅਤੇ ਸਾਂਝੀਵਾਲਤਾ ਲਈ ਜੂਝ ਰਹੇ ਕਾਫ਼ਲਿਆਂ ਨੂੰ ਮਹਾਨ ਰਾਹਬਰ ਦੇ ਜਨਮ ਦਿਹਾੜੇ ਦੀਆਂ ਲੱਖ ਲੱਖ ਵਧਾਈਆਂ।

ਅੱਜ ਦੇ ਦਿਨ 27 ਫਰਵਰੀ 1931 ਨੂੰ ਸ਼ਹੀਦ ਭਗਤ ਸਿੰਘ ਹੋਰਾਂ ਦੇ ਸੰਗਰਾਮੀ ਸਾਥੀ, ਹਿੰਦੁਸਤਾਨ ਰਿਪਬਲਿਕਨ ਸੋਸ਼ਲਿਸਟ ਆਰਮੀ ਦੇ ਮੁਖੀ ਚੰਦਰ ਸ਼ੇਖਰ ਆਜ਼ਾਦ ਅੰਗਰੇਜ਼ ਰਾਜ ਦੀ ਪੁਲਿਸ ਨਾਲ ਜੂਝਦਿਆਂ ਸ਼ਹੀਦ ਹੋਏ ਸਨ।

ਅੱਜ ਦੇ ਦਿਨ 27 ਫਰਵਰੀ 1926 ਨੂੰ ਅੰਗਰੇਜ਼ ਹਕੂਮਤ ਵੱਲੋਂ ਛੇ ਬੱਬਰ ਅਕਾਲੀ ਸੂਰਮਿਆਂ ਨੂੰ ਫਾਂਸੀ ਦੇ ਕੇ ਸ਼ਹੀਦ ਕੀਤਾ ਗਿਆ ਸੀ। ਇਹ ਯੋਧੇ ਸਨ: 1. ਬੱਬਰ ਕਿਸ਼ਨ ਸਿੰਘ ਗੜਗੱਜ (ਵੜਿੰਗ, ਜਲੰਧਰ), 2. ਬੱਬਰ ਕਰਮ ਸਿੰਘ (ਮਾਣਕੋ, ਜਲੰਧਰ) 3. ਬੱਬਰ ਨੰਦ ਸਿੰਘ (ਘਰਿਆਲ, ਜਲੰਧਰ) 4. ਬੱਬਰ ਸੰਤਾ ਸਿੰਘ (ਛੋਟੀ ਹਰਿਆਓਂ, ਲੁਧਿਆਣਾ), 5. ਬੱਬਰ ਦਲੀਪ ਸਿੰਘ (ਧਾਮੀਆਂ, ਹੁਸ਼ਿਆਰਪੁਰ)6. ਬੱਬਰ ਧਰਮ ਸਿੰਘ (ਹਿਯਾਤਪੁਰ ਰੁੜਕੀ, ਹੁਸ਼ਿਆਰਪੁਰ)।

ਅੱਜ ਦੇ ਦਿਨ ਨਾਲ ਹੋਰ ਵੀ ਬਹੁਤ ਸਾਰੇ ਗੁੰਮਨਾਮ ਸੂਰਮਿਆਂ ਦੀਆਂ ਯਾਦਾਂ ਜੁੜੀਆਂ ਹੋਣਗੀਆਂ।

ਆਓ, ਇਹਨਾਂ ਮਹਾਨ ਰਾਹਬਰਾਂ ਅਤੇ ਸ਼ਹੀਦਾਂ ਦੀ ਘਾਲਣਾ ਨੂੰ ਸਲਾਮ ਕਰਦਿਆਂ ਬਦੀ ਦਾ ਚਿੰਨ੍ਹ ਇਸ ਜਾਬਰ ਰਾਜ ਵਿਰੁੱਧ ਜੱਦੋਜਹਿਦ ਵਿਚ ਸੰਜੀਦਗੀ ਨਾਲ ਹਿੱਸਾ ਪਾਈਏ। ਅਜੋਕੇ ਫਾਸ਼ੀਵਾਦੀ ਨਿਜ਼ਾਮ ਵਿਰੁੱਧ ਚੱਲ ਰਹੇ ਮਹਾ-ਅੰਦੋਲਨ ਨੂੰ ਤਕੜਾ ਕਰਨ ਲਈ ਪੂਰਾ ਤਾਣ ਲਗਾ ਦੇਈਏ।

# ਸ਼ਾਬਾਸ਼ ਨੌਜੁਆਨੋ, ਬਾਪੂ ਦੀ ਪੱਗ ਦੀ ਲਾਜ ਰੱਖਿਓ !



ਗੁਰਚਰਨ ਕੌਰ ਥਿੰਦ
ਕੈਲਗਰੀ
001-403-402-9635



'ਨੌਜੁਆਨ! ਤੇ ਉਹ ਵੀ ਪੰਜਾਬ ਦੀ ਜ਼ਰਖ਼ੇਜ਼ ਜ਼ਮੀਨ ਅਤੇ ਖੁੱਲ੍ਹੀ-ਡੁੱਲ੍ਹੀ ਫ਼ਿਜ਼ਾ 'ਚ ਜੰਮੇ-ਪਲ਼ੇ ਹੋਏ ਪੰਜਾਬੀ ਨੌਜੁਆਨ, ਤਾਂ ਫਿਰ ਉਹ ਬੇਪ੍ਰਵਾਹ ਹੁੰਦੇ ਨੇ, ਮੌਤ ਨੂੰ ਟਿੱਚ ਕਰਕੇ ਜਾਨਣ ਵਾਲੇ ਮਖੌਲੀਏ, ਪਿਆਰ ਨਾਲ ਭਾਵੇਂ ਗੁਲਾਮ ਬਣਾ ਲਓ ਜਾਨ ਤੱਕ ਵਾਰਨ ਲਈ ਤਿਆਰ ਪਰ ਟੈਂ ਨਹੀਂ ਮੰਨਦੇ, ਡਾਂਗਾਂ ਸੂਤ ਕੇ ਡਟ ਜਾਣ ਵਾਲੇ ਨੇ ਪੰਜਾਬੀ ਨੌਜੁਆਨ!' ਇਹ ਮੈਂ ਨਹੀਂ ਕਹਿ ਰਹੀ ਇਹ ਕੋਈ ਨੱਬੇ ਕੁ ਸਾਲ ਪਹਿਲਾਂ ਉੱਘੇ ਕਵੀ, ਪ੍ਰੋਫੈਸਰ ਪੂਰਨ ਸਿੰਘ ਵਲੋਂ 1923 ਵਿੱਚ 'ਖੁੱਲ੍ਹੇ ਮੈਦਾਨ' ਨਾਂ ਦੀ ਆਪਣੀ ਕਿਤਾਬ ਵਿੱਚ ਲਿਖੀ ਇਕ ਕਵਿਤਾ ਵਿੱਚ ਪੰਜਾਬੀ ਨੌਜੁਆਨਾਂ ਦਾ ਬਿਆਨਿਆ ਸ਼ਬਦੀ ਚਿੱਤਰ ਹੈ।

**"ਇਹ ਬੇਪ੍ਰਵਾਹ ਜੁਆਨ ਪੰਜਾਬ ਦੇ,**
**ਮੌਤ ਨੂੰ ਮਖੌਲਾਂ ਕਰਨ**
**ਮਰਨ ਥੀਂ ਨਾ ਡਰਦੇ**
**ਜਾਨ ਕੋਹ ਵਾਰ ਦੇਂਦੇ**
**ਪਰ ਟੈਂ ਨਾ ਮੰਨਣ ਕਿਸੇ ਦੀ**
**ਖਲੋ ਜਾਣ ਡਾਂਗਾਂ ਮੋਢੇ ਤੇ ਉਲਾਰ ਕੇ"**

ਪੰਜਾਬ ਦੇ ਨੌਜੁਆਨਾਂ ਦਾ ਅਜਿਹਾ ਰੂਪ ਲੋਕ ਸਦੀਆਂ ਤੋਂ ਵੇਖਦੇ ਸੁਣਦੇ ਆ ਰਹੇ ਨੇ। ਇਸ ਮਿੱਟੀ ਦੀਆਂ ਮਾਵਾਂ ਨੂੰ ਐਸੇ ਲਾਲ ਜੰਮਣ ਦਾ ਸ਼ਰਫ਼ ਹਾਸਲ ਹੈ। ਇਨ੍ਹਾਂ ਦੇ ਅਲਬੇਲੇਪਣ ਦੇ ਬਹਾਦਰੀ ਦੇ ਮੁਹੱਬਤ ਦੇ ਅਤੇ ਖੁੱਲ੍ਹੇ ਦਿਲ ਜਿਗਰੇ ਦੇ ਕਿੱਸੇ ਪੁਸ਼ਤ ਦਰ ਪੁਸ਼ਤ ਲੋਕ-ਗਾਥਾਂ ਬਣ ਜ਼ੁਬਾਨ ਦਾ ਰਸ ਬਣੇ ਹੋਏ ਹਨ। ਜਦੋਂ ਵੀ ਕਦੇ ਛਾਤੀਆਂ ਡਾਹ ਲੜ ਮਰਨ ਦੀ ਕਿਧਰੋਂ ਅਵਾਜ਼ ਆਈ ਇਹ ਮਾਵਾਂ ਦੇ ਸ਼ੇਰ ਦੂਲੇ ਇਕ ਦੂਜੇ ਤੋਂ ਮੂਹਰੇ ਹੋ ਦੌੜੇ। ਇਹ ਤੱਥ ਤੇ ਸੱਚ ਜਿੱਥੇ ਪੰਜਾਬੀ ਨੌਜੁਆਨਾਂ ਦੀ ਜੀਵਨ-ਜਾਚ ਦਾ ਹਿੱਸਾ ਹਨ ਉੱਥੇ ਸਮੇਂ ਦੇ ਕਥਾਕਾਰਾਂ ਦੀਆਂ ਲਿਖਤਾਂ ਬਣ ਪੰਜਾਬੀਆਂ ਦੇ ਇਤਿਹਾਸ ਦਾ ਕੀਮਤੀ ਖ਼ਜ਼ਾਨਾ ਬਣ ਕਿਤਾਬਾਂ ਦੇ ਪੰਨਿਆਂ ਵਿੱਚ ਵੀ ਸਾਂਭਿਆਂ ਹੋਇਆ ਹੈ।

ਆਹ ਹੁਣ ਤਾਂ ਪੂਰੀ ਦੁਨੀਆਂ ਅੱਖੀਂ ਵੇਖ ਰਹੀ ਹੈ ਕਿੰਵੇਂ ਇਹ ਧਰਤੀ ਦੇ ਪੁੱਤਰ ਆਪਣੇ ਬਾਪ ਦਾਦਿਆਂ ਨਾਲ ਮੋਢੇ ਨਾਲ ਮੋਢਾ ਜੋੜ ਆਪਣੇ ਹੱਕਾਂ ਦੀ ਪਹਿਰੇਦਾਰੀ ਕਰ ਰਹੇ ਹਨ। ਛੇ ਕੁ ਮਹੀਨੇ ਪਹਿਲਾਂ (ਅਗਸਤ ਮਹੀਨੇ) ਜਦੋਂ ਕੇਂਦਰ ਸਰਕਾਰ ਵਲੋਂ ਖੇਤੀਬਾੜੀ ਨਾਲ ਸਬੰਧਤ ਜਾਰੀ ਕੀਤੇ ਆਰਡੀਨੈਂਸ, ਕਾਨੂੰਨ ਬਣਾ ਕੇ ਲਾਗੂ ਕਰਨ ਬਾਰੇ ਜਾਣਕਾਰੀ ਜਨਤਕ ਹੋਈ ਉਦੋਂ ਤੋਂ ਹੀ ਪੰਜਾਬ ਵਿੱਚ ਕਿਸਾਨਾਂ ਵਲੋਂ ਇਨ੍ਹਾਂ ਵਿੱਚ ਦਰਜ ਖੇਤੀਬਾੜੀ ਦੀ ਉਪਜ, ਉਸਦੀ ਖਰੀਦੋ-ਫ਼ਰੋਖ਼ਤ, ਜ਼ਖੀਰੇਦਾਰੀ, ਮੰਡੀਕਰਨ ਅਤੇ ਠੇਕੇ ਦੀ ਖੇਤੀਬਾੜੀ ਦੀਆਂ ਮਦਾਂ ਨਾਲ ਅਸਹਿਮਤੀ ਪ੍ਰਗਟਾਉਂਦੇ ਧਰਨੇ ਜਾਰੀ ਹੋ ਗਏ ਸਨ। ਇਹਨਾਂ ਕਾਨੂੰਨਾਂ ਰਾਹੀਂ ਕਿਸਾਨਾਂ ਨੂੰ ਆਪਣੀ ਮਿਹਨਤ ਦੀ ਹੋਣ ਵਾਲੀ ਖੋਹ ਖਿੰਞ ਨਜ਼ਰ ਆਉਣ ਲਗੀ। ਜਾਨ ਹੂਲ ਕੇ ਕੀਤੀ ਕਮਾਈ ਦੇ ਬੋਹਲ਼ਾਂ ਤੇ ਘੋਗੜ ਕਾਂ ਮੰਡਰਾਉਂਦੇ ਦਿਸਣ ਲਗੇ। ਕਿਸਾਨਾਂ ਦੁਆਰਾ ਧਰਨਿਆਂ ਮੁਜਾਰਿਆਂ ਦੇ ਰੂਪ ਵਿੱਚ ਰੋਸ ਪ੍ਰਗਟਾਵਿਆ ਦੇ ਬਾਵਜੂਦ ਜੂਨ ਮਹੀਨੇ ਵਿੱਚ ਜਾਰੀ ਕੀਤੇ ਆਰਡੀਨੈਂਸ ਕੋਵਿਡ-19 ਦੇ ਪ੍ਰਕੋਪ ਦੇ ਚਲਦਿਆਂ 15 ਸਤੰਬਰ ਨੂੰ ਆਪਣੀ ਬਹੁਮੱਤ ਵਾਲੀ ਲੋਕ-ਸਭਾ ਵਿੱਚ ਪੇਸ਼ ਕਰਕੇ ਦੋ ਕੁ ਦਿਨਾਂ ਵਿੱਚ ਪਾਸ ਕਰ ਦਿੱਤੇ ਗਏ। ਉਪਰੰਤ ਇਹ ਬਿੱਲ 20 ਸਤੰਬਰ ਨੂੰ ਰਾਜ-ਸਭਾ ਵਿੱਚ ਪੇਸ਼ ਕਰ ਦਿੱਤੇ ਗਏ। ਇੱਥੇ ਸਰਕਾਰ ਘੱਟ ਗਿਣਤੀ ਵਿੱਚ ਸੀ। ਵਿਰੋਧੀ ਧਿਰ ਵਲੋਂ ਵੋਟਿੰਗ ਕਰਵਾਉਣ ਲਈ ਰੌਲਾ ਪਾਉਣ ਦੇ ਬਾਵਜੂਦ ਰੌਲ਼ੇ ਗੌਲ਼ੇ ਵਿਚ ਹੱਥ ਖੜੇ ਕਰਵਾ ਕੇ ਬਿੱਲ ਪਾਸ ਹੋਣ ਦਾ ਦਾਅਵਾ ਸਰਕਾਰ ਵਲੋਂ ਕਰ ਦਿੱਤਾ ਗਿਆ। ਹੁਣ ਰਾਸ਼ਟਰਪਤੀ ਵਲੋਂ ਇਨ੍ਹਾਂ ਬਿੱਲਾਂ ਤੇ ਅੰਤਮ ਮੋਹਰ ਲੁਆਉਣਾ ਕੋਈ ਔਖਾ ਕੰਮ ਨਹੀਂ ਸੀ। ਪਾਰਲੀਮੈਂਟ ਦੇ ਬਾਹਰ ਦੇਸ਼ ਭਰ ਵਿੱਚ ਇਨ੍ਹਾਂ ਕਿਸਾਨ ਵਿਰੋਧੀ ਬਿੱਲਾਂ ਪ੍ਰਤੀ ਕਿਸਾਨਾਂ ਵਲੋਂ ਉਠਾਈਆਂ ਜਾ ਰਹੀਆਂ ਵਿਰੋਧੀ ਅਵਾਜ਼ਾਂ ਨੂੰ ਅਣਗੌਲ਼ਿਆਂ ਕਰ, ਹਾਕਮ ਧਿਰ ਦੇ ਕਠਪੁੱਤਲੀ ਰਾਸ਼ਟਰਪਤੀ ਨੇ 28 ਸਤੰਬਰ ਨੂੰ ਇਹਨਾਂ ਬਿੱਲਾਂ ਉਪਰ ਆਪਣੀ ਮੋਹਰ ਲਗਾ ਇਹਨਾਂ ਨੂੰ ਤਿੰਨ ਕਾਨੂੰਨਾਂ ਦਾ ਰੂਪ ਦੇ ਦਿੱਤਾ। ਜਿਹਨਾਂ ਦੇ ਲਾਗੂ ਹੁੰਦਿਆਂ ਵੱਡੀਆਂ ਕਾਰਪੋਰੇਸ਼ਨਾਂ ਦੇ ਮਾਲਕ ਮਨਮਰਜ਼ੀ ਦੇ ਭਾਅ ਤੇ ਫ਼ਸਲਾਂ ਖਰੀਦ ਮਹਿੰਗੇ ਭਾਅ ਤੇ ਵੇਚਣ ਲਈ ਆਪਣੇ ਨਿੱਜੀ ਗੁਦਾਮਾਂ ਵਿੱਚ ਭਰ ਸਕਦੇ ਹਨ। ਇਨ੍ਹਾਂ ਲਈ ਕਿਸਾਨਾਂ ਦੀ ਜ਼ਮੀਨ ਲੀਜ਼ ਤੇ ਲੈ ਮਨਮਰਜ਼ੀ ਦੀ ਖੇਤੀ ਕਰਵਾਉਣ ਦਾ ਰਾਹ ਖੁੱਲ੍ਹ ਜਾਣਾ ਹੈ। ਗਰਮੀਆਂ ਦੀਆਂ ਤਿੱਖੜ ਦੁਪਹਿਰਾਂ ਦੇ ਸਾੜ ਅਤੇ ਸਿਆਲ ਦੀਆਂ ਕਕਰੀਲੀਆਂ ਰਾਤਾਂ ਦਾ ਕੁੰਗੜੇਵਾਂ ਝਲਦੇ ਕਿਸਾਨਾਂ ਦਾ ਰੋਹ ਹੁਣ ਹੱਦਾਂ ਬੰਨ੍ਹੇ ਟੱਪਣ ਲਗਾ।

"ਸਾਡੀ ਅਵਾਜ਼ ਸਾਡਾ ਰੋਹ ਸਾਡਾ ਰੋਸਾ ਕੋਈ ਮਾਅਨੇ ਹੀ ਨਹੀਂ ਰਖਦਾ। ਇਹ ਕਾਹਦਾ ਲੋਕਤੰਤਰ ਹੈ! ਸਾਡੀ ਮਿਹਨਤ ਦੀ ਕਮਾਈ ਦਾ ਉਜਾੜਾ ਹੁੰਦਾ ਹੋਵੇ ਤੇ ਅਸੀਂ ਡਾਂਗਾਂ ਫੜ ਰਾਖੀ ਲਈ ਵੀ ਨਾ ਉਠੀਏ। ਇਹ ਕਿੰਵੇਂ ਹੋਜੂ?" ਪੰਜਾਬੀ ਕਿਸਾਨੀ ਦੇ ਖੇਮਿਆਂ ਅੰਦਰ ਉੱਠੀ ਇਹ ਵਿਰੋਧੀ ਸੁਰ ਗੁਆਂਢੀ ਸੂਬਿਆਂ ਵਿੱਚ ਵੀ ਜ਼ੋਰ ਫੜਨ ਲਗੀ। 25 ਸਤੰਬਰ ਦੇ 'ਭਾਰਤ ਬੰਦ' ਦੇ ਸੱਦੇ ਨੂੰ ਦੇਸ਼ ਭਰ ਵਿੱਚ ਭਰਵਾਂ ਹੁੰਗਾਰਾ ਮਿਲਿਆ। ਖੇਤੀ ਦੇ ਕੰਮ ਧੰਦੇ ਪ੍ਰਵਾਰ ਦੇ ਬਾਕੀ ਜੀਆਂ ਦੇ ਜ਼ਿੰਮੇ ਲਾ ਪ੍ਰਵਾਰ ਦੇ ਬਾਪੂ ਤੇ ਦਾਦੇ ਥਾਂ ਥਾਂ ਧਰਨਿਆਂ ਤੇ ਮੁਜਾਰਿਆਂ ਵੱਲ ਨੂੰ ਚਾਲੇ ਪਾ ਤੁਰੇ। ਸਤੰਬਰ 24 ਤੋਂ 'ਰੇਲ ਰੋਕੋ' ਦੇ ਸੱਦੇ ਨੂੰ ਕਿਸਾਨਾਂ ਨੇ ਦਿਨ ਰਾਤ ਰੇਲ ਪਟੜੀਆਂ ਤੇ ਬੈਠ ਕੇ ਅੰਜਾਮ ਦਿੱਤਾ। ਪਰ ਸਰਕਾਰ ਟੱਸ ਤੋਂ ਮੱਸ ਨਾ ਹੋਈ ਸਗੋਂ ਉਹਨਾਂ ਨੂੰ ਜ਼ਰੂਰੀ ਵਸਤਾਂ ਦੇ ਪਹੁੰਚਣ ਵਿੱਚ ਰੁਕਾਵਟ ਪੈਦਾ ਕਰਨ ਲਈ ਜ਼ਿੰਮੇਵਾਰ ਗਰਦਾਨਿਆਂ ਜਾਣ ਲਗਾ ਤਾਂ 23 ਅਕਤੂਬਰ ਨੂੰ 'ਰੇਲ ਰੋਕੋ' ਦਾ ਰਾਹ ਤਿਆਗ ਕਿਸਾਨ ਆਗੂਆਂ ਨੇ ਨਵੰਬਰ 25 ਤੋਂ 'ਦਿੱਲੀ ਚਲੋ' ਦਾ ਨਾਹਰਾ ਦੇ ਦਿੱਤਾ।

ਇਸ ਨਾਹਰੇ ਨੇ ਕਿਸਾਨੀ ਵਿਰੋਧ ਤੇ ਗੁੱਸੇ ਨੂੰ 'ਕਿਸਾਨੀ ਅੰਦੋਲਨ' ਵਿੱਚ ਤਬਦੀਲ ਕਰ ਕਿਸਾਨੀ ਰੋਹ ਦਾ ਰੂਪ ਦੇ ਦਿੱਤਾ। ਇਹ ਰੋਹ ਦਿੱਲੀ ਨੂੰ ਚਾਲੇ ਪਾਉਣ ਲਈ ਲੂਹਰੀਆਂ ਲੈਣ ਲਗਾ। ਦਿੱਲੀ, ਦੇਸ਼ ਦੀ ਰਾਜਧਾਨੀ, ਜਿੱਥੇ ਪਾਰਲੀਮੈਂਟ ਵਿੱਚ ਬੈਠ ਲੋਕਾਂ ਦੁਆਰਾ ਚੁਣੇ ਹੋਏ ਲੋਕਾਂ ਦੇ ਨੇਤਾ ਉਹਨਾਂ ਦੇ ਹਿੱਤਾਂ ਦੀ ਬੇਹਤਰੀ ਲਈ ਕਾਨੂੰਨ ਬਣਾਉਂਦੇ ਹਨ, ਰਾਜ ਪ੍ਰਬੰਧ ਚਲਾਉਂਦੇ ਹਨ। ਕਿਸਾਨਾਂ ਨੇ ਉਸ ਸਥਾਨ ਤੇ ਜਾ ਆਪਣੀ ਅਵਾਜ਼ ਆਪਣੇ ਨੇਤਾਵਾਂ ਦੇ ਬੋਲ਼ੇ ਹੋ ਚੁੱਕੇ ਕੰਨਾਂ ਤਕ ਪੁਚਾਉਣ ਦਾ ਫੈਸਲਾ ਕਰ ਲਿਆ ਸੀ। ਇਹ 'ਕਿਸਾਨ ਅੰਦੋਲਨ' ਦੀ ਸਿਖ਼ਰ ਹੋ ਨਿਬੜੀ।

ਹੁਣ ਸੜਕਾਂ ਤੇ ਬੈਠੇ ਬਾਪ-ਦਾਦਿਆਂ ਨੇ ਘਰ ਬਾਹਰ ਛੱਡ ਕੇ ਵੱਡੇ ਸ਼ਹਿਰ ਵੱਲ ਚਾਲੇ ਪਾਉਣੇ ਸਨ। ਉਹ ਸ਼ਹਿਰ ਜਿਹਦੇ ਡਾਹਢੇ ਹੱਥ ਪੰਜਾਬੀਆਂ ਤੋਂ ਗੁੱਝੇ ਨਹੀਂ ਸਨ। ਹੁਣ ਮਿੱਟੀ ਨਾਲ ਮਿੱਟੀ ਹੋਣ ਵਾਲੇ ਬਾਪੂਆਂ ਦੇ ਬੁੱਢੇ ਹੱਡ 'ਕੱਲੇ ਨਹੀਂ ਜਾਣਗੇ। ਹੁਣ ਸਿਰਾਂ ਤੇ ਕੱਫ਼ਨ ਬੰਨ੍ਹ ਨੌਜੁਆਨ ਨਾਲ ਹੋ ਤੁਰੇ। ਨਾਲੇ ਟ੍ਰੈਕਟਰ ਕੀਹਨੇ ਚਲਾਉਣਾ ਸੀ? ਬਾਪੂ ਤਾਂ ਐਨਾ ਲੰਮਾ ਸਫ਼ਰ ਕਰਨੋ ਰਿਹਾ। ਨੌਜੁਆਨ ਪੁੱਤ ਭਤੀਜੇ ਸੁਹਣੀਆਂ ਨੋਕਦਾਰ ਦਸਤਾਰਾਂ ਸਜਾ ਟ੍ਰੈਕਟਰ ਸਟਾਰਟ ਕਰ ਲਏ। ਟਰਾਲੀ ਵਿੱਚ ਖਾਣ-ਪੀਣ ਤੇ ਹੋਰ ਜ਼ਰੂਰੀ ਵਸਤਾਂ ਭਰ ਟ੍ਰੈਕਟਰ ਦੇ ਪਿੱਛੇ ਜੋੜ ਲਈ। ਪਤਾ ਸੀ ਸਰਕਾਰ ਦੇ ਤਿੱਖੇ ਤੇਵਰਾਂ ਦੇ ਛੇਤੀ ਵਲ਼ ਨੀ ਨਿਕਲਣੇ। ਮਹੀਨਿਆਂ ਬੱਧੀ ਠਹਿਰਣ ਦਾ ਪ੍ਰਬੰਧ ਅਗਾਊਂ ਕਰ ਲਿਆ। ਨੌਜੁਆਨ ਪੁੱਤ ਨੂੰ ਡਰਾਈਵਰ ਸੀਟ ਤੇ ਬੈਠਾ ਵੇਖ ਨਾਲ ਬੈਠੇ ਬਾਪੂ ਦੀ ਛਾਤੀ ਅੱਜ ਹੋਰ ਚੌੜੀ ਹੋ ਗਈ। ਬਾਪੂ ਦੀ ਢਿੱਲੀ ਪੱਗ ਦੇ ਪੇਚ ਕੱਸ ਹੋ ਗਏ। ਵਾਲਾਂ ਦੀ ਬਾਹਰ ਨਿਕਲੀ ਜਟੂਰੀ ਥਾਂ ਸਿਰ ਹੋ ਸਹਿਜ-ਭਾਅ ਪੱਗ ਹੇਠ ਸਜ ਗਈ। 'ਵਾਹ ਭਈ ਸ਼ੇਰੋ! ਲ਼ਾਜ ਰੱਖ ਲਈ ਬਾਪੂ ਦੀ ਪੱਗ ਦੀ ਤੁਸਾਂ!' ਬਾਪੂ ਦੇ ਮੂੰਹੋਂ ਸਹਿਜ ਭਾਅ ਨਿਕਲ ਗਿਆ।

ਪੰਜਾਬ ਦੇ ਹਰ ਪਿੰਡੋਂ ਟ੍ਰੈਕਟਰ ਟਰਾਲੀਆਂ ਕਾਫ਼ਲਾ ਬਣ ਦਿੱਲੀ ਵੱਲ ਚਾਲੇ ਪਾ ਦਿੱਤੇ। ਦੇਸ਼ ਵਿਦੇਸ਼ ਤੋਂ ਪੁੱਜੀਆਂ ਹੌਸਲਾ ਅਫ਼ਜ਼ਾਈ ਦੀਆਂ ਖ਼ਬਰਾਂ ਹਲਾਸ਼ੇਰੀ ਬਣ ਨਾਲ ਹੋ ਤੁਰੀਆਂ। ਪੰਜਾਬ ਦੇ ਜੰਮਿਆਂ ਜਾਇਆਂ ਨੇ ਅੱਗੇ ਹੋ ਅਗਵਾਈ ਕੀਤੀ। ਚੁਫ਼ੇਰਿਓਂ ਕਿਸਾਨੀ ਹਲੂਣੀ ਗਈ। ਦੇਸ਼ ਦੇ ਕੋਨੇ ਕੋਨੇ ਤੋਂ ਧਾੜਾਂ ਦੀਆਂ ਧਾੜਾਂ ਦਿੱਲੀ ਵੱਲ ਨੂੰ ਨਿਕਲ ਤੁਰੀਆਂ। ਇਨ੍ਹਾਂ ਦਾ ਸਵਾਗਤ ਸਰਕਾਰੀ ਮਸ਼ੀਨਰੀ ਨੇ ਅਥਰੂ ਗੈਸ ਬੈਰੀਕੇਡਾਂ ਤੇ ਪਾਣੀ ਦੀਆਂ ਬੁਛਾੜਾਂ ਨਾਲ ਕੀਤਾ। ਇਥੋਂ ਤਕ ਕੇ ਜਨਤਾ ਤੋਂ ਉਗਰਾਹੇ ਟੈਕਸਾਂ ਨਾਲ ਬਣਾਈਆਂ ਸੜਕਾਂ ਪੁੱਟ ਡੂੰਘੇ ਟੋਏ ਬਣਾ ਪੈਸਿਆਂ ਦਾ ਸਤਿਆਨਾਸ਼ ਕਰ ਛੱਡਿਆ ਸੀ। ਪਰ ਇਹ ਨੌਜੁਆਨ ਪੰਜਾਬ ਦੇ!....

**ਉਖਲੋ ਜਾਣ ਡਾਂਗਾਂ ਮੋਢੇ ਤੇ ਉਲਾਰ ਕੇ,**
**ਮੰਨਣ ਬਸ ਇਕ ਆਪਣੀ ਜੁਆਨੀ ਦੇ ਜ਼ੋਰ**
**ਅਖੜਖਾਂਦ ਅਲਬੇਲੇ ਧੁਰ ਥੀਂ ਸਤਿਗੁਰਾਂ ਦੇ**
**ਅਜ਼ਾਦ ਕੀਤੇ ਇਹ ਬੰਦੇ**

ਸੱਚੀਂ, ਦਿੱਲੀ ਅੰਦਰ ਦਾਖਲ ਹੋਣ ਵਾਲੇ ਸਿੰਘੂ ਬਾਰਡਰ ਤੇ ਇਨ੍ਹਾਂ ਰੋਕਾਂ ਦੀ ਪ੍ਰਵਾਹ ਨਾ ਕਰਨ ਵਾਲੇ ਇਨ੍ਹਾਂ ਅਖੜਖਾਂਦ ਅਜ਼ਾਦ ਨੌਜੁਆਨਾਂ ਸਭ ਕੁਝ ਪੱਧਰ ਕਰ ਛੱਡਿਆ। ਪਾਣੀ ਦੀਆਂ ਬੁਛਾੜਾਂ ਦੇ ਮੂੰਹ ਮੋੜ ਦਿੱਤੇ। ਬੈਰੀਕੇਡ ਔਹ ਮਾਰੇ ਤੇ ਵਾਹਿਗੁਰੂ ਵਾਹਿਗੁਰੂ ਕਰਦੇ ਬਾਪੂਆਂ ਨੂੰ ਸੰਭਾਲ ਸੜਕੇ ਜਾ ਚੜ੍ਹੇ।

ਖ਼ਲਕਤ ਮੂੰਹ ਵਿੱਚ ਉਂਗਲਾਂ ਪਾਈ ਵੇਖੀ ਜਾਵੇ। ਹਕੂਮਤ ਠਠੰਬਰ ਕੇ ਰਹਿ ਗਈ। ਕਿਸਾਨ ਦਿੱਲੀ ਅੰਦਰ ਜਾਣ ਵਾਲੇ ਮਾਰਗ ਮੱਲ੍ਹ ਕੇ ਬਹਿ ਗਏ। "ਨਹੀਂ ਅੰਦਰ ਜਾਣ ਦੇਂਦੇ ਤਾਂ ਨਾ ਸਹੀ। ਦਿੱਲੀਏ ਤੇਰੀ ਹਿੱਕ ਤੇ ਤਾਂ ਬਹਿ ਗਏ ਆਂ ਆ ਕੇ।" ਇਕ ਗ਼ਰੂਰ ਇਕ ਸਰੂਰ ਛਾ ਗਿਆ। ਦਿਨਾਂ ਵਿੱਚ ਹਰ ਖੇਤਰ ਦੀ ਲੋਕਾਈ, ਸਮੇਤ ਜੁਆਨੀ ਦੇ ਉਸ ਨਵੀਂ ਰਹਾਇਸ਼ ਤੇ ਪਹੁੰਚਣ ਲਗੀ। ਨੌਜੁਆਨਾਂ ਦੇ ਗੀਤ ਬਦਲ ਗਏ ਸੰਗੀਤ ਬਦਲ ਗਏ। ਲੱਚਰ ਗਾਇਕੀ ਨੂੰ ਠੱਲ੍ਹ ਪੈ ਗਈ। ਕਿਸਾਨੀ ਅੰਦੋਲਨ ਦੇ ਗੀਤ ਕਿਸਾਨੀ ਸਟੇਜਾਂ 'ਤੇ ਗੂੰਜਣ ਲਗੇ। ਸੰਘਰਸ਼ ਨੂੰ ਸਮਰਪਤ ਗੀਤ ਸੰਗੀਤ ਕਵਿਤਾਵਾਂ ਤੇ ਭਾਵਨਾਵਾਂ ਸਮੇਤ ਕਵੀ ਲੇਖਕ ਤੇ ਕਲਾਕਾਰ ਅੰਦੋਲਨ ਵਿੱਚ ਹਿੱਸਾ ਪਾਉਣ ਵਹੀਰਾਂ ਘੱਤ ਤੁਰੇ। ਥਾਂ ਥਾਂ ਲੰਗਰ ਲਗ ਗਏ। ਕਿਸਾਨ ਬੀਬੀਆਂ ਭੈਣਾਂ ਮਾਵਾਂ ਜੁਆਨ ਧੀਆਂ ਸਮੇਤ ਇਸ ਅੰਦੋਲਨ ਵਿੱਚ ਆ ਸ਼ਾਮਲ ਹੋਈਆਂ ਅਤੇ ਮੋਢੇ ਨਾਲ ਮੋਢਾ ਜੋੜ ਕੇ ਅੰਦੋਲਨ ਦਾ ਹਿੱਸਾ ਬਣ ਕਈ ਕੰਮ ਸੰਭਾਲ ਲਏ। ਦੇਸ਼ਾਂ ਵਿਦੇਸ਼ਾਂ ਤੋਂ ਸਵੈ-ਸੇਵੀ ਸੰਸਥਾਵਾਂ ਹਰ ਤਰ੍ਹਾਂ ਦੀ ਲੋੜੀਂਦੀ ਮਦਦ ਪੁਚਾਉਣ ਲਈ ਮੂਹਰੇ ਹੋ ਤੁਰੀਆਂ। ਕਿਸੇ ਕਿਸਮ ਦੀ ਕੋਈ ਘਾਟ ਨਜ਼ਰ ਨਾ ਆਉਂਦੀ। ਝਟਪਟ ਲੋੜੀਂਦਾ ਸਮਾਨ ਪਹੁੰਚਣ ਲਗਾ। ਦਿੱਲੀ ਦੇ ਦੁਆਲੇ ਨਵੇਂ ਪਿੰਡ ਉਸਰ ਗਏ। ਆਲੇ ਦੁਆਲੇ ਦੇ ਹੋਟਲਾਂ ਰੈਸਟੋਰੈਂਟਾਂ ਤੇ ਉਥੋਂ ਦੇ ਵਾਸੀਆਂ ਨੇ ਆਪਣੇ ਘਰਾਂ ਦੇ ਵਿਹੜੇ ਇਨ੍ਹਾਂ ਹੱਕਾਂ ਦੇ ਰਾਖਿਆਂ ਲਈ ਚੌੜ-ਚੁਪੱਟ ਖੋਲ੍ਹ ਦਿੱਤੇ। ਚੁਫ਼ੇਰੇ ਜ਼ਾਬਤਾ ਹੀ ਜ਼ਾਬਤਾ ਹੈ। ਜੁਆਨੀ ਦੀ ਛੇੜ-ਛਾੜ ਖ਼ਰਮਸਤੀ ਜਾਂ ਖ਼ਰੂਦ ਜਿੰਵੇਂ ਨੌਜੁਆਨ ਸਭ ਕੁੱਝ ਭੁੱਲ ਹੀ ਗਏ ਹੋਣ। ਸਾਡੇ ਸਾਇਸ਼ਤਾ ਸੁਚੱਜੇ ਸੁਹਣੇ ਨੌਜੁਆਨ!

ਪਰ ਸੁਣੋ! ਇਹ ਕੋਈ ਅਸਚਰਜ ਵਰਤਾਰਾ ਨਹੀਂ। ਪੰਜਾਬ ਦੇ ਇਤਿਹਾਸ ਵਿੱਚ ਅੱਜ ਦੇ ਇਸ ਕਿਸਾਨੀ ਅੰਦੋਲਨ ਤੋਂ ਪਹਿਲਾਂ ਅਜਿਹੇ ਕਈ ਮੌਕੇ ਆਏ ਜਦੋਂ ਪੰਜਾਬੀ ਨੌਜੁਆਨ ਸਿਰ ਤਲ਼ੀ ਤੇ ਰਖ ਕੇ ਸਮੇਂ ਸਮੇਂ ਮੈਦਾਨ ਵਿੱਚ ਨਿਤਰਦੇ ਰਹੇ। ਮਹਾਰਾਜਾ ਰਣਜੀਤ ਸਿੰਘ ਦੇ ਚਾਲੀ ਸਾਲਾਂ ਦੇ ਰਾਜ ਸਮੇਂ ਇਨ੍ਹਾਂ ਪੰਜਾਬੀ ਸਿਰਲੱਥ ਯੋਧਿਆਂ ਨੇ ਪੰਜਾਬ ਦੀਆਂ ਹੱਦਾਂ ਨੂੰ ਆਫਗਾਨਿਸਤਾਨ ਨਾਲ ਜਾ ਜੋੜਿਆ ਤੇ ਲੇਹ-ਲਦਾਖ ਸਿੱਖ ਰਾਜ ਦਾ ਹਿੱਸਾ ਬਣਾ ਸਾਹ ਲਿਆ ਸੀ। ਪ੍ਰੰਤੂ ਆਪਣਿਆਂ ਹੱਥੋਂ ਮਾਰ ਖਾਧੇ ਇਹੋ ਯੋਧੇ ਸਿੱਖ ਰਾਜ ਦੇ ਪਤਨ ਸਮੇਂ ਕਿੰਨ੍ਹਾ ਚਿਰ ਯੋਗ ਅਗਵਾਈ ਭਾਲਦੇ ਭਬੰਤਰੇ ਭਟਕਦੇ ਰਹੇ। ਜਦੋਂ 1849 ਵਿੱਚ ਅੰਗਰੇਜ਼ ਨੇ ਪੰਜਾਬ ਨੂੰ ਜੱਫਾ ਮਾਰ ਕਾਬੂ ਕਰ ਲਿਆ ਅਤੇ ਪੰਜਾਬੀਆਂ ਦੀ ਬਹਾਦਰੀ ਦੇ ਕਾਇਲ ਅੰਗਰੇਜ਼ ਨੇ ਆਪਣੀ ਫ਼ੌਜ਼ ਵਿੱਚ ਇਨ੍ਹਾਂ ਦੀ ਭਰਤੀ ਲਈ ਰਾਹ ਖੋਲ੍ਹ ਦਿੱਤੇ ਤਾਂ ਇਹੋ ਪੰਜਾਬੀ ਉਸੇ ਅੰਗਰੇਜ਼ ਦੇ ਵਫ਼ਾਦਾਰ ਹੋ ਨਿਬੜੇ।

ਮਸਾਂ 7-8 ਸਾਲ ਹੀ ਲੰਘੇ ਹੋਣੇ ਕਿ 1857 ਦਾ ਗ਼ਦਰ ਛਿੜ ਪਿਆ ਜੋ ਬਾਦ ਵਿੱਚ ਭਾਰਤ ਦੀ ਅਜ਼ਾਦੀ ਦੀ ਪਹਿਲੀ ਲੜਾਈ ਕਰਕੇ ਜਾਣਿਆ ਜਾਣ ਲਗਾ। ਉਸ ਵੇਲੇ ਪੰਜਾਬੀ ਫ਼ੌਜੀਆਂ ਨੂੰ ਵਿਦੇਸ਼ੀ ਸਾਸ਼ਕਾਂ ਦਾ ਸਾਥ ਦੇਣਾ ਪਿਆ। ਇਸ ਕਰਕੇ ਜ਼ਰੂਰ ਇਤਿਹਾਸ ਵਲੋਂ ਇਨ੍ਹਾਂ ਵੱਲ ਅੰਗਰੇਜ਼ਾਂ ਦਾ ਸਾਥ ਦੇਣ ਕਰਕੇ ਉਂਗਲੀ ਉਠਾਈ ਜਾਂਦੀ ਹੈ। ਪਰ ਉਹ ਅਜਿਹਾ ਵੇਲਾ ਸੀ ਜਦੋਂ ਅਜੇ ਪੰਜਾਬੀਆਂ ਦੇ ਜ਼ਖ਼ਮ ਅੱਲ੍ਹੇ ਸਨ। ਆਪਣੇ ਮਹਾਰਾਜੇ ਦੀ ਛਤਰ-ਛਾਇਆ ਇਨ੍ਹਾਂ ਦੇ ਸਿਰੋਂ ਲੱਥ ਚੁੱਕੀ ਸੀ ਤੇ ਨਵੇਂ ਮਾਲਕਾਂ ਦੀ ਵਫ਼ਾਦਾਰੀ ਇਨਾਂ ਦੀ ਮਜ਼ਬੂਰੀ ਸੀ। ਪ੍ਰੰਤੂ ਇਹ ਮਜ਼ਬੂਰੀ ਬਹੁਤੀ ਦੇਰ ਨਹੀਂ ਰਹੀ। ਕੁਝ ਕੁ ਦਹਾਕਿਆਂ ਮਗਰੋਂ ਗੁਲਾਮੀ ਦਾ ਅਹਿਸਾਸ ਦਮ ਘੁੱਟਣ ਲਗਾ ਤਾਂ ਪੰਜਾਬੀ ਗਭਰੂਆਂ ਦਾ ਖ਼ੂਨ ਉਬਾਲ਼ੇ ਮਾਰਨ ਲਗਾ। ਪਹਿਲੀ ਸੰਸਾਰ ਯੁੱਧ ਵੇਲੇ ਉੱਤਰੀ ਅਮਰੀਕਾ ਵਿੱਚ ਵਸਦੇ ਪੰਜਾਬੀਆਂ ਨੇ ਪੰਜਾਬ ਪਹੁੰਚ ਪੰਜਾਬੀ ਫ਼ੌਜੀਆਂ ਨਾਲ ਮਿਲ ਭਾਰਤ ਦੀ ਅਜ਼ਾਦੀ ਲਈ ਗ਼ਦਰ ਦਾ ਬਿਗ਼ਲ ਵਜਾ ਦਿੱਤਾ। ਬੇਸ਼ਕ ਫੇਰ ਆਪਣਿਆਂ ਦੀ ਗ਼ਦਾਰੀ ਕਾਰਨ ਕਾਮਯਾਬੀ ਹਾਸਲ ਨਾ ਹੋਈ। ਕੁਝ ਦੇਸ਼ ਭਗਤ ਰੂਪੋਸ਼ ਹੋ ਗਏ ਕੁਝ ਫੜੇ ਗਏ ਕੁਝ ਸ਼ਹੀਦੀਆਂ ਪਾ ਗਏ। 19 ਸਾਲਾਂ ਦਾ ਨਿਧੜਕ ਗ਼ਦਰੀ ਯੋਧਾ ਕਰਤਾਰ ਸਿੰਘ ਸਰਾਭਾ 1915 ਵਿੱਚ ਭਾਰਤ ਦੀ ਅਜ਼ਾਦੀ ਦੀ ਜੰਗ ਵਿੱਚ ਆਪਣੀ ਜ਼ਿੰਦਗੀ ਦੀ ਆਹੂਤੀ ਪਾਉਣ ਵਾਲਾ ਪਹਿਲਾ ਪੰਜਾਬੀ ਨੌਜੁਆਨ ਹੋ ਨਿਬੜਿਆ। ਇਹ ਤੱਥ ਜੱਗ ਜ਼ਾਹਿਰ ਹੈ ਕਿ ਅਜ਼ਾਦੀ ਦੀ ਲੜਾਈ ਵਿੱਚ ਕੁਰਬਾਨੀਆਂ ਦੇਣ ਵਿੱਚ ਪੰਜਾਬੀ ਸਭ ਤੋਂ ਅੱਗੇ ਰਹੇ।

1947 ਵਿੱਚ ਅੰਗਰੇਜ਼ ਚਲੇ ਗਏ ਦੇਸ਼ ਅਜ਼ਾਦ ਹੋ ਗਿਆ। ਪ੍ਰੰਤੂ ਲੋਕਾਂ ਨੂੰ ਅਜ਼ਾਦੀ ਦੇ ਪ੍ਰਵਾਨਿਆਂ ਦੇ ਸੁਪਨਿਆਂ ਦਾ ਦੇਸ਼ ਅਜੇ ਸੁਪਨਿਆਂ ਵਿੱਚ ਹੀ ਵਸਿਆ ਰਹਿ ਗਿਆ ਜਾਪਿਆ। ਦੇਸ਼ ਦੀ ਅਜ਼ਾਦੀ ਤੋਂ ਛੇਤੀ ਬਾਦ ਹੀ ਚੱਲੀ ਕਮਿਉਨਿਸਟ ਲਹਿਰ ਦੌਰਾਨ ਪੰਜਾਬੀ ਨੌਜੁਆਨ ਜਿਨ੍ਹਾਂ ਨੂੰ ਭਗਤ ਸਿੰਘ ਦੇ ਸੁਪਨਿਆਂ ਦਾ ਦੇਸ਼ ਕਿਧਰੇ ਨਜ਼ਰ ਨਹੀਂ ਆਉਂਦਾ ਸੀ, ਇਸ ਵੱਲ ਖਿੱਚੇ ਗਏ। ਜਿਉਂ ਜਿਉਂ ਪੰਜਾਬ ਵਿੱਚ ਕਮਿਊਨਿਸਟ ਲਹਿਰ ਜ਼ੋਰ ਫੜਦੀ ਗਈ ਖੱਬੀ ਸੋਚ ਦੇ ਧਾਰਨੀ ਹਰ ਵਿਅਕਤੀ ਜਿਨ੍ਹਾਂ ਵਿੱਚ ਨੌਜੁਆਨ ਕਵੀ ਲੇਖਕ ਤੇ ਕਿਸਾਨ ਸ਼ਾਮਲ ਸਨ, ਨੂੰ ਸਮੇਂ ਦੀ ਸਰਕਾਰ ਤੇ ਪ੍ਰਸ਼ਾਸਨ ਨੇ ਜੇਲ੍ਹਾਂ ਵਿੱਚ ਡੱਕ ਤਸ਼ੱਦਦ ਕਰ ਇਸ ਲਹਿਰ ਨੂੰ ਕੁਚਲ ਦਿੱਤਾ। ਉਪਰੰਤ ਸਤਰਵਿਆਂ ਵਿੱਚ ਬੰਗਾਲ ਤੋਂ ਤੁਰੀ ਨਕਸਲਬਾੜੀ ਲਹਿਰ ਕਈ ਰਾਜਾਂ ਵਿੱਚ ਥੋੜ੍ਹਾ ਬਹੁਤਾ ਪ੍ਰਭਾਵ ਪਾਉਂਦੀ ਪੰਜਾਬ ਵਿੱਚ ਸਕੂਲਾਂ ਕਾਲਜਾਂ ਤੇ ਯੂਨੀਵਰਸਿਟੀਆਂ ਦੇ ਪੜ੍ਹਾਕੂਆਂ ਦੇ ਮਨਾਂ 'ਤੇ ਹਾਵੀ ਹੋ ਗਈ। ਸਰੂ ਵਰਗੇ ਸੁਹਣੇ ਸੁਨੱਖੇ ਨੌਜੁਆਨ ਮਾਪਿਆਂ ਨੂੰ ਬਿਨਾ ਖ਼ਬਰ ਕੀਤੇ ਇਸ ਲਹਿਰ ਦਾ ਹਿੱਸਾ ਬਣ ਸੁਪਨ ਸੁਨਿਹਰੇ ਸੰਸਾਰ ਦੀ ਰਚਨਾ ਕਰਨ ਲਈ ਸਿਰ ਤੇ ਕਫ਼ਨ ਬੰਨ੍ਹ ਤੁਰੇ। ਹਵਾ ਦੇ ਤੇਜ਼ ਬੁੱਲ੍ਹੇ ਵਾਂਗ ਆਈ ਇਹ ਲਹਿਰ ਛੇਤੀ ਹੀ ਕਈ ਕੀਮਤੀ ਜੁਆਨੀਆਂ ਦਾ ਨਾਸ ਕਰ, ਕਈ ਪਰਵਾਰਾਂ ਦੀ ਖ਼ੇਹ ਖ਼ਰਾਬੀ ਕਰ ਸਦਾ ਲਈ ਦਮ ਤੋੜ ਗਈ।

ਤੇ ਫਿਰ ਅੱਸੀਵਿਆਂ ਵਿਚ ਚੱਲੀ ਖਾਲਿਸਤਾਨ ਦੀ ਤਿਖੜ ਦੁਪਹਿਰ ਦੀ ਲੂਅ ਵਰਗੀ ਸੜਦੀ ਬਲਦੀ ਹਵਾ! ਤੁਫ਼ਾਨ ਦੀ ਤੇਜ਼ੀ ਨਾਲ ਵਧਦੀ ਇਹ ਲਹਿਰ ਪੰਜਾਬ ਦੀ ਜੁਆਨੀ ਨਿਗਲਣ ਲਗੀ। ਪੰਜਾਬ ਦੀਆਂ ਧੀਆਂ ਭੈਣਾਂ ਦੀ ਬੇਪਤੀ ਦਾ ਜ਼ਹਿਰ ਫ਼ਿਜ਼ਾਵਾਂ ਨੂੰ ਜ਼ਹਿਰੀਲਾ ਕਰਨ ਲਗਾ। ਪਿਓਆਂ ਦੀਆਂ ਪੱਗਾਂ ਠਾਣਿਆਂ ਵਿੱਚ ਰੁਲਣ ਲਗੀਆਂ। ਮਾਵਾਂ ਦੇ ਸੀਨੇ ਛਲਣੀ ਹੋ ਗਏ। ਦੋ ਢਾਈ ਦਹਾਕੇ ਚੱਲੀ ਇਸ ਲਹਿਰ ਨੇ ਪੰਜਾਬੀਆਂ ਦੇ ਸਾਹ ਸੂਤ ਲਏ। ਸਰਕਾਰੀ ਹੱਥਕੰਢਿਆਂ ਦੇ ਜ਼ਬਰ ਨੇ ਪੰਜਾਬੀਆਂ ਨੂੰ ਨਿਸੱਤੇ ਕਰ ਛੱਡਿਆ। ਜ਼ਿਲੱਤ ਤੇ ਬੇਰੁਜ਼ਗਾਰੀ ਦਾ ਮਾਰਿਆ ਪੰਜਾਬੀ ਨੌਜੁਆਨ ਬਾਹਰ ਨੂੰ ਵਹੀਰਾਂ ਘੱਤ ਤੁਰਿਆ। ਤੇ ਜੋ ਇੱਥੇ ਰਹਿ ਗਏ ਉਹਨਾਂ ਵਿਚੋਂ ਬਹੁਤੇ, ਕਿਸਾਨੀ ਦੀ ਮੰਦਹਾਲੀ ਦੇ ਮਾਰੇ ਕਿਸਾਨ ਮਾਪਿਆਂ ਤੋਂ ਬੇਵਾਹਰਾ ਹੋ ਸਰਕਾਰੀ ਚਾਲਾਂ ਦਾ ਸ਼ਿਕਾਰ ਹੋ ਨਸ਼ਿਆਂ ਦੇ ਵਹਿਣ ਵੱਲ ਮੁੜ ਤੁਰੇ। ਸਰਕਾਰੀ ਸਾਜ਼ਿਸ਼ਾਂ ਰੰਗ ਲਿਆਈਆਂ। ਨਸ਼ਿਆਂ ਦਾ ਵਪਾਰ ਕਰਦੇ ਪੰਜਾਬੀ ਨੌਜੁਆਨ ਗੈਂਗਸਟਰ ਬਣ ਰਾਜਨੀਤਕ ਨੇਤਾਵਾਂ ਦੇ ਹੱਥ ਠੋਕੇ ਬਣ ਉਭਰ ਖਲੋਤੇ। ਘਾਗ ਨੇਤਾਵਾਂ ਨੇ ਜੀਅ ਭਰ ਪੰਜਾਬ ਦੀ ਜੁਆਨੀ ਦਾ ਸੋਸ਼ਣ ਤੇ ਨਾਸ਼ ਕੀਤਾ।

ਪੰਜਾਬੀ ਤੇ ਕਿਸਾਨੀ ਇੱਕ ਸਿੱਕੇ ਦੇ ਦੋ ਪਹਿਲੂ ਹਨ। ਅਫ਼ਸੋਸ ਪੰਜਾਬ ਦੀ ਦੁਰਗਤੀ ਦੇ ਨਾਲ ਕਿਸਾਨੀ ਦੀ ਬੇਪਤੀ ਜੁੜਦੀ ਗਈ। ਜੇਠ ਹਾੜ ਦੀਆਂ ਤਿੱਖੜ ਦੁਪਹਿਰਾਂ ਤੇ ਪੋਹ ਮਾਘ ਦੀਆਂ ਠੰਡੀਆਂ ਕਕਰੀਲੀਆਂ ਰਾਤਾਂ ਖਿੜੇ ਮੱਥੇ ਝਾਗਣ ਵਾਲਾ ਕਿਸਾਨ ਹੱਥੀਂ ਵੱਟੇ ਰੱਸਿਆਂ ਨਾਲ ਖ਼ੁਦਕਸ਼ੀਆਂ ਦੇ ਰਾਹ ਪੈਣ ਵਾਲਾ ਹੋ ਗਿਆ। ਬੈਂਕਾਂ ਤੋਂ ਕਰੋੜਾਂ ਅਰਬਾਂ ਦੇ ਕਰਜ਼ੇ ਲੈ ਅਮੀਰ ਹੋਏ ਕਾਰਪੋਰੇਟਾਂ ਦੇ ਕਈ ਅਮੀਰ ਮਾਲਕ ਬੇਖ਼ੌਫ਼ ਵਿਦੇਸ਼ਾਂ ਵਿੱਚ ਭੱਜ ਗਏ, ਪਰ ਬੈਂਕ ਦੇ ਸਿਰ ਚੜ੍ਹੇ ਲੱਖ ਦੋ ਲੱਖ ਦੇ ਨਿਗੂਣੇ ਕਰਜ਼ੇ ਵਾਲਾ ਕਿਸਾਨ ਤੇ ਮਜ਼ਦੂਰ ਰੁੱਖਾਂ ਤੇ ਪੱਖਿਆਂ ਨਾਲ ਲਟਕ ਦਮ ਤੋੜਨ ਨੂੰ ਮਜ਼ਬੂਰ ਹੋਣ ਲਗਾ। ਦੇਸ਼ ਦੀ ਆਰਥਿਕਤਾ ਦੇ ਇਸੇ ਅਸਾਵੇਂਪਣ ਵਿਚੋਂ ਜਨਮਿਆ ਅਜੋਕਾ

ਕਿਸਾਨ-ਅੰਦੋਲਨ ! ਇਸ ਅੰਦੋਲਨ ਨੇ ਅੱਖਾਂ ਤਾਂ ਪੰਜਾਬ ਵਿੱਚ ਖੋਲ੍ਹੀਆਂ ਪਰ ਅੱਜ ਪੂਰੇ ਦੇਸ਼ ਦਾ ਰਾਹ ਦਸੇਰਾ ਬਣ ਗਿਆ ਹੈ।

ਅਜ਼ਾਦੀ ਉਪਰੰਤ ਵਾਵਰੋਲ਼ੇ ਵਰਗੇ ਚੱਲੇ ਕ੍ਰਾਂਤੀਕਾਰੀ ਅੰਦੋਲਨਾਂ ਨਾਲੋਂ ਇਹ ਕਿਸਾਨੀ-ਅੰਦੋਲਨ ਬਿਲਕੁਲ ਵਖਰਾ ਹੋ ਨਿਬੜਿਆ ਹੈ। ਉਹਨਾਂ ਵਿੱਚ ਕੇਵਲ ਨੌਜੁਆਨਾਂ ਦਾ ਜੋਸ਼ ਸਿਰ ਚੜ੍ਹ ਬੋਲਦਾ ਸੀ। ਉਹ ਹਰ ਹਿੰਸਕ ਹਰਬਾ ਵਰਤ ਸਥਾਪਤ ਸਿਸਟਮ ਨੂੰ ਸੰਘੀਓਂ ਫੜ ਤਹਿਸ ਨਹਿਸ ਕਰਨ ਲਈ ਉਤਾਵਲੇ ਹੋ ਜਾਂਦੇ ਸਨ। ਮਾਪੇ ਜੁਆਨ ਪੁੱਤਾਂ ਅੱਗੇ ਹੱਥ ਜੋੜਦੇ ਉਹਨਾਂ ਨੂੰ ਬਾਗ਼ੀ ਰਾਹਾਂ ਤੋਂ ਮੋੜਨ ਲਈ ਤਰਲੇ ਕਰਦੇ। ਨੌਜੁਆਨਾਂ ਨੂੰ ਮਾਪੇ ਕ੍ਰਾਂਤੀ ਦੇ ਰਾਹ ਦਾ ਰੋੜੇ ਲਗਦੇ, ਜਿਹੜੀ ਉਹਨਾਂ ਨੂੰ ਦਹਿਲੀਜ਼ਾਂ 'ਤੇ ਖੜੀ ਲਗਦੀ ਸੀ। ਪ੍ਰੰਤੂ ਜਦੋਂ ਇਹ ਮ੍ਰਿਗ ਤ੍ਰਿਸ਼ਨਾ ਦਾ ਛਲਾਵਾ ਅੱਖੋਂ ਪਰ੍ਹੇ ਹੁੰਦਾ ਤਾਂ ਠਾਣਿਆਂ ਵਿੱਚ ਰੁਲ਼ਦੀ ਬਾਪ ਦੀ ਪੱਗ ਉਹਦੇ ਸਿਰ 'ਤੇ ਰਖਣ ਦੀ ਆਂਗਸ ਹੀ ਉਹਨਾਂ 'ਚ ਨਹੀ ਸੀ ਬਚਦੀ। ਇਨ੍ਹਾਂ ਮਾੜੇ ਸਮਿਆਂ ਦੀ ਭੇਂਟ ਸੈਂਕੜੇ ਨਹੀਂ ਹਜ਼ਾਰਾਂ ਨੌਜੁਆਨ ਚੜ੍ਹ ਗਏ। ਸਾਹਿਤਕ ਖਜ਼ਾਨੇ ਵਿੱਚ ਨਾਵਲ ਕਹਾਣੀਆਂ ਗੀਤਾਂ ਕਵਿਤਾਵਾਂ ਤੇ ਲੇਖਾਂ ਦੀਆਂ ਲੱਖਾਂ ਦੀ ਗਿਣਤੀ ਵਿੱਚ ਰਚਨਾਵਾਂ ਇਸ ਬੀਤੇ ਇਤਿਹਾਸ ਦੀਆਂ ਗਵਾਹ ਹਨ ਜਿਨ੍ਹਾਂ ਦਾ ਹਾਸਲ ਪ੍ਰਵਾਰਾਂ ਦਾ ਮਾਰਮਿਕ ਦੁਖਾਂਤ ਬਣ ਸਾਹਮਣੇ ਆਇਆ।

ਪ੍ਰੰਤੂ ਅੱਜ ਦਾ ਕਿਸਾਨ ਅੰਦੋਲਨ ਸਮਾਜ ਦੇ ਆਰਥਿਕ ਢਾਂਚੇ ਦੀ ਟੁੱਟ-ਭੱਜ ਨੂੰ ਸ਼ਾਂਤਮਈ ਤਰੀਕੇ ਨਾਲ ਜੋੜਨ ਲਈ ਲਾਮਬੰਧ ਹੋਇਆ ਹੈ। ਇਸ ਵਿੱਚ ਪ੍ਰਵਾਰ ਦੇ ਬਜ਼ੁਰਗ ਬਾਪ-ਦਾਦੇ ਮੂਹਰੇ ਹੋ ਤੁਰੇ ਹਨ, ਕਿਉਂਜੁ ਪੰਜਾਬੀਅਤ ਦਾ ਸਵੈਮਾਣ ਦਾਅ ਤੇ ਲਗਿਆ ਹੈ। ਅੰਦਰ ਰੋਹ ਉਬਾਲ਼ੇ ਮਾਰ ਰਿਹਾ ਹੈ। ਪਰ ਆਪਣੇ ਵਿਰਸੇ ਦੀ ਆਪਣੇ ਕਿੱਤੇ ਦੀ ਆਪਣੀ ਮਾਂ-ਸਰੂਪ ਭੋਂਅ ਦੀ ਰਾਖੀ ਦੀ ਹਿੰਮਤ ਹੈ ਉਹਨਾਂ ਵਿੱਚ! ਉਹਨਾਂ ਜ਼ਮਾਨਾ ਵੇਖਿਆ ਹੈ, ਉਹਨਾਂ ਕੋਲ ਤਹੱਮਲ ਸਹਿਜ ਤੇ ਜ਼ਾਬਤਾ ਹੈ। ਜ਼ਮਾਨੇ ਦੀ ਊਚ-ਨੀਚ ਦੀ ਪਰਖ ਹੈ ਉਹਨਾਂ ਨੂੰ! ਜੋਸ਼ ਨਾਲੋਂ ਵੱਧ ਹੋਸ਼ ਤੇ ਪਹਿਰਾ ਦੇਂਦੇ ਉਹ ਪੱਕੇਂ ਪੈਰੀਂ ਮੰਜ਼ਿਲ ਵੱਲ ਵਧੇ ਹਨ। ਸਭ ਤੋਂ ਵੱਡੀ ਗੱਲ ਜੁਆਨ ਧੀਆਂ-ਪੁੱਤ ਉਹਨਾਂ ਦੇ ਪਦ-ਚਿੰਨ੍ਹਾਂ ਤੇ ਚਲਦੇ ਉਹਨਾਂ ਦੇ ਨਾਲ ਹਨ। ਪੰਜਾਬ ਦੀ ਜੁਆਨੀ ਆਪਣੇ ਵਡੇਰਿਆਂ ਦੇ ਸੰਗ ਜੋਸ਼ ਤੇ ਹੋਸ਼ ਦਾ ਸੰਗਮ ਬਣੀ ਕਦਮ-ਤਾਲ ਕਰ ਰਹੀ ਹੈ। ਜੁਆਨੀ ਦੀ ਤਿੱਖੀ ਚਾਲ ਨੇ ਬਾਪੂ ਦੀ ਪੱਗ ਦਾ ਸ਼ਮਲਾ ਉੱਚਾ ਕਰ ਰਖਿਆ ਹੈ।

ਪੰਜਾਬੀਆਂ ਬਾਰੇ ਅਕਸਰ ਕਿਹਾ ਜਾਂਦਾ ਕਿ ਉਹ ਛੇਤੀ ਹੀ ਤੱਤੇ ਵਗ ਜਾਂਦੇ ਨੇ। ਇਹ ਲੋਕ-ਭਾਖਿਆ ਸੱਚੀ ਵੀ ਹੈ ਤੇ ਥੋੜ੍ਹੀ ਬਹੁਤ ਸੱਚ ਸਾਬਤ ਹੋ ਵੀ ਰਹੀ ਹੈ। ਪਰ ਕੋਈ ਨਾ ਐਨੇ ਵੱਡੇ ਪ੍ਰਯੋਜਨ ਵਿੱਚ ਹਰ ਤਰ੍ਹਾਂ ਦੀ ਸੋਚ ਦੇ ਮਾਲਕ ਸ਼ਾਮਲ ਹੁੰਦੇ ਹਨ। ਇਸ ਗੱਲ ਦੀ ਤਸੱਲੀ ਹੈ ਕਿ ਬਹੁ-ਗਿਣਤੀ ਆਪਣੇ ਵੱਡਿਆਂ ਦੀ ਅਗਵਾਈ ਹੇਠ ਆਪਣੇ ਸਵੈਮਾਣ ਦੀ ਰਾਖੀ ਲਈ ਸੇਧੇ ਨਿਸ਼ਾਨਿਆਂ ਨੂੰ ਪਰਨਾਏ ਦਿੱਲੀ ਦੇ ਬਾਹਰਵਾਰ ਮਸਤ ਹਿਲੋਰੇ ਖਾਂਦੀ ਠੰਢੀ ਕੂਲ੍ਹ ਬਣੀ ਬੈਠੇ ਹਨ। ਦਿੱਲੀ ਦੀ ਹਕੂਮਤ ਨੂੰ ਪੜ੍ਹਨੇ ਪਾਇਆ ਇਹਨਾਂ ਸਿੱਧੜ੍ਹ ਜਿਹੇ ਅਨਪੜ੍ਹ ਆਖੇ ਜਾਣ ਵਾਲੇ ਕਿਸਾਨਾਂ ਨੇ! ਸ਼ਾਬਾਸ਼ ਨੌਜੁਆਨੋ, ਇੰਜ ਹੀ ਠੰਢੇ ਧੀਰੇ ਬਣ ਆਪਣੇ ਬਾਪੂਆਂ ਦੀ ਪੱਗ ਦੀ ਲਾਜ ਰਖਣੀ ਤੁਸੀਂ! ਯਾਦ ਰਖਿਓ, ਬਾਪੂ ਤੋਂ ਬਾਦ ਜ਼ਿੰਮੇਵਾਰੀ ਦੀ ਇਹ ਪੱਗ ਤੁਹਾਡੇ ਸਿਰ ਦਾ ਤਾਜ ਬਣਨੀ ਹੈ।

# "ਕਿਸਾਨੀ ਸੰਘਰਸ਼ ਲਈ ਆਤਮ ਚਿੰਤਨ ਦਾ ਸਮਾਂ"



ਕਿਸਾਨੀ ਸੰਘਰਸ਼ ਲਗਾਤਾਰ ਔਖੇ-ਸੌਖੇ ਦੌਰਾਂ ਵਿੱਚੋਂ ਗੁਜ਼ਰ ਰਿਹਾ ਹੈ। ਛੱਬੀ ਜਨਵਰੀ ਤੋਂ ਬਾਅਦ, ਕਿਸਾਨ ਮੋਰਚੇ ਤੇ ਰਕੇਸ਼ ਟਕੈਤ ਦੀ ਬਿਆਨਬਾਜ਼ੀ ਕੇਂਦਰ ਵਿੱਚ ਰਹੀ ਹੈ। ਜਨਤਕ ਪੱਧਰ ਤੇ ਬਹੁਤ ਸਾਰੀਆਂ ਗੱਲਾਂ ਵਿਚ ਸੰਯੁਕਤ ਮੋਰਚੇ ਦੀ ਸਾਂਝੀ ਪ੍ਰੈੱਸ ਕਾਨਫ਼ਰੰਸ ਨਾਲੋਂ ਰਾਕੇਸ਼ ਟਿਕੈਤ ਦੇ ਬਿਆਨਾਂ ਨੂੰ ਮੀਡੀਆ ਵੱਲੋਂ ਵਧੇਰੇ ਤਵੱਜੋ ਦਿੱਤੀ ਜਾ ਰਹੀ ਹੈ। ਪਾਰਲੀਮੈਂਟ ਦੇ ਚਾਲੀ ਲੱਖ ਟਰੈਕਟਰ ਲੈ ਕੇ ਕੀਤੇ ਜਾਣ ਵਾਲੇ ਘਿਰਾਓ ਨਾਲ ਸਬੰਧਤ ਬਿਆਨ ਅਤੇ ਕਿਸਾਨਾਂ ਵੱਲੋਂ ਕਣਕ ਦੀਆਂ ਖੜ੍ਹੀਆਂ ਫਸਲਾਂ ਨੂੰ ਬਰਬਾਦ ਕਰਨ ਬਾਰੇ ਬਿਆਨ, ਕਈ ਪਾਸੇ ਤੋਂ ਵਿਰੋਧੀਆਂ ਨੂੰ ਮੌਕਾ ਦੇ ਰਹੇ ਹਨ। ਕਿਤੇ ਨਾ ਕਿਤੇ ਇਹ ਚਰਚਾ ਵੀ ਹੈ ਕਿ ਕਿਧਰੇ ਇਹ ਬਿਆਨਬਾਜ਼ੀ ਮੋਰਚੇ ਨੂੰ ਹੋਰ ਦਿਸ਼ਾ ਵੱਲ ਤਾਂ ਨਹੀਂ ਲੈ ਜਾਵੇਗੀ। ਕੇਂਦਰ ਸਰਕਾਰ ਲਗਾਤਾਰ ਕਹਿ ਰਹੀ ਹੈ ਕਿ ਉਹ ਕਿਸਾਨ ਲੀਡਰਾਂ ਦੇ ਸਮੂਹ ਨਾਲ ਗੱਲ ਕਰਨ ਦੀ ਬਜਾਏ ਕਿਸਾਨ ਨੇਤਾਵਾਂ ਦੇ ਛੋਟੇ ਗਰੁੱਪ ਨਾਲ ਗੱਲਬਾਤ ਕਰਨ ਨੂੰ ਤਰਜੀਹ ਦੇ ਸਕਦੀ ਹੈ। ਕਿਸਾਨ ਮੋਰਚੇ ਦੇ ਲੰਮਾ ਚੱਲਣ ਤੋਂ ਬਾਅਦ ਮਹਿਸੂਸ ਕੀਤਾ ਜਾ ਰਿਹਾ ਹੈ ਕਿ ਬਹੁਤ ਸਾਰੇ ਕਿਸਾਨ ਕਈ ਪ੍ਰੈੱਸ ਵਾਲਿਆਂ ਕੋਲ ਅਤੇ ਸੋਸਲ ਮੀਡੀਆ ਉੱਪਰ ਇਕ ਦੂਸਰੇ ਬਾਰੇ ਬਿਆਨਬਾਜ਼ੀ ਕਰਦੇ ਨਜਰ ਆ ਰਹੇ ਹਨ। ਇਸ ਤੇ ਪ੍ਰਸ਼ਨ ਇਹ ਖੜ੍ਹਾ ਹੁੰਦਾ ਹੈ ਕਿ ਕੀ ਇਸ ਸਥਿਤੀ ਵਿੱਚ ਕਿਸਾਨ ਸੰਘਰਸ਼ ਦੀ ਇਕਜੁਟਤਾ ਖਤਰੇ ਵਿਚ ਪੈਅ ਸਕਦੀ ਹੈ? ਦੂਸਰੇ ਪਾਸੇ ਕੁਝ ਥਾਵਾਂ ਤੇ ਪੈਸੇ ਦੇ ਲੈਣ ਦੇਣ ਨੂੰ ਲੈ ਕੇ ਵੀ ਸੰਘਰਸ਼ ਕਰ ਰਹੀ ਇਕ ਕਿਸਾਨ ਜਥੇਬੰਦੀ ਦੇ ਆਪਣੇ ਹੀ ਨੇਤਾਵਾਂ ਤੇ ਸਵਾਲ ਖੜ੍ਹੇ ਹੋਣ ਲੱਗ ਪਏ ਹਨ। ਕਿਸਾਨ ਯੂਨੀਅਨ ਦੇ ਇਕ ਗਰੁੱਪ ਦੇ ਪੈਸੇ ਦਾ ਹਿਸਾਬ ਰੱਖਣ ਵਾਲੇ ਨੇਤਾ ਉੱਪਰ ਉਸ ਦੇ ਹੀ ਸਾਥੀਆਂ ਵੱਲੋਂ ਪ੍ਰਸ਼ਨ ਖੜ੍ਹੇ ਕੀਤੇ ਗਏ ਹਨ। ਕਿਸਾਨਾਂ ਦੀ ਹਮਾਇਤ ਕਰਨ ਵਾਲੇ ਵਿਦੇਸ਼ੀ ਸਮਰਥਕਾਂ ਵਿਚ ਵੀ ਦੀਪ ਸਿੱਧੂ ਅਤੇ ਲੱਖਾ ਸਧਾਣਾ ਨੂੰ ਲੈ ਕੇ ਕਈ ਕਿਸਮ ਦੀ ਨਿਰੰਤਰ ਬਿਆਨਬਾਜ਼ੀ ਕੀਤੀ ਜਾ ਰਹੀ ਹੈ। ਉਸਦੇ ਨਾਲ ਹੀ ਭਾਰਤੀ ਕਿਸਾਨ ਯੂਨੀਅਨ ਦੇ ਪੁਰਾਣੇ ਨੇਤਾਵਾਂ ਅਤੇ ਨਵੇਂ ਨੇਤਾਵਾਂ ਦੇ ਵਿਚਾਰਾਂ ਵਿੱਚ ਵੀ ਕਿਧਰੇ ਨਾ ਕਿਧਰੇ ਟਕਰਾਅ ਵਾਲੀਆਂ ਗੱਲਾਂ ਸਾਹਮਣੇ ਆਉਂਦੀਆਂ ਰਹਿੰਦੀਆਂ ਹਨ। ਅਜਿਹੀ ਸਥਿਤੀ ਵਿੱਚ ਕਿਸਾਨ ਅੰਦੋਲਨ ਜਿਸ ਆਸ਼ੇ ਅਤੇ ਉਦੇਸ਼ ਦੀ ਪੂਰਤੀ ਨਾਲ ਸੁਰੂ ਕੀਤਾ ਗਿਆ ਸੀ ਉਸ ਦੇ ਰਾਹ ਵਿੱਚ ਔਕੜਾਂ ਖੜ੍ਹੀਆਂ ਹੋ ਸਕਦੀਆਂ ਹਨ। ਜਿੱਥੋਂ ਤਕ ਕੇਂਦਰ ਸਰਕਾਰ ਅਤੇ ਕਿਸਾਨਾਂ ਦੀ ਆਪਸੀ ਗੱਲਬਾਤ ਦਾ ਪ੍ਰਸ਼ਨ ਹੈ ਉਸ ਵਿਚ ਤਕਰੀਬਨ ਖੜੋਤ ਵਾਲੀ ਸਥਿਤੀ ਹੀ ਬਣੀ ਹੋਈ ਹੈ। ਨਰੇਂਦਰ ਤੋਮਰ ਕਈ ਵਾਰ ਕਿਸਾਨਾਂ ਲਈ ਗੱਲਬਾਤ ਦੇ ਰਾਹ 'ਖੁੱਲ੍ਹੇ' ਹੋਣ ਦੀ ਗੱਲ ਤਾਂ ਕਰਦੇ ਹਨ ਪ੍ਰੰਤੂ ਮੁੱਖ ਤੌਰ ਤੇ ਕਾਨੂੰਨ ਵਾਪਸ ਲੈਣ ਬਾਰੇ ਉਨ੍ਹਾਂ ਦੀ ਰਾਇ ਪਹਿਲਾਂ ਵਾਲੀ ਹੀ ਹੈ। ਕਾਨੂੰਨਾਂ ਬਾਰੇ ਜੋ ਆਮ ਰਾਇ ਪ੍ਰਚਾਰੀ ਜਾ ਰਹੀ ਹੈ, ਜਿਸ ਅਨੁਸਾਰ ਕੇਂਦਰ ਸਰਕਾਰ ਨੇ ਕਾਨੂੰਨਾਂ ਨੂੰ ਕੁਝ ਸਮੇਂ ਲਈ ਮੁਲਤਵੀ ਕਰਨ ਦਾ ਪ੍ਰਸਤਾਵ ਦਿੱਤਾ ਸੀ ਉਸ ਬਾਰੇ ਵੀ ਚਰਚਾ ਹੋ ਰਹੀ ਹੈ। ਜਿੱਥੇ ਇੱਕ ਪਾਸੇ ਪੰਜਾਬ ਵਿੱਚ ਭਾਰਤੀ ਕਿਸਾਨ ਯੂਨੀਅਨ ਦੇ ਨੁਮਾਇੰਦਿਆਂ ਦੁਆਰਾ ਬੀ ਜੇ ਪੀ ਦੇ ਨੇਤਾਵਾਂ ਦਾ ਵਿਰੋਧ ਹੋ ਰਿਹਾ ਹੈ ਤਾਂ ਉਸ ਦੇ ਹੀ ਨਾਲ ਬੀ ਜੇ ਪੀ ਦੇ ਨੇਤਾ ਅਜੇ ਵੀ ਆਸਵੰਦ ਹਨ ਕਿ ਕਿਸਾਨੀ ਦੇ ਮਸਲੇ ਦਾ ਜਲਦ ਹੱਲ ਨਿਕਲਣ ਦੀਆਂ ਸੰਭਾਵਨਾਵਾਂ ਹਨ। ਹੁਣ ਬੁਨਿਆਦੀ ਪ੍ਰਸ਼ਨ ਜੋ ਸੋਚਣ ਲਈ ਮਜਬੂਰ ਕਰਦੇ ਹਨ ਉਹ ਇਸ ਪ੍ਰਕਾਰ ਹਨ; ਕੀ ਕਿਸਾਨ ਯੂਨੀਅਨ ਇੱਕ ਵਾਰ ਫੇਰ ਸਖ਼ਤ ਰਵੱਈਆ ਅਪਣਾ ਕੇ ਟਰੈਕਟਰ ਰੈਲੀ ਕਰਨ ਦੇ ਪੱਖ ਵਿੱਚ ਹੈ ਅਤੇ ਉਹ ਇਸ ਨੂੰ ਸਹੀ ਦਿਸ਼ਾ ਵਿੱਚ ਰੱਖ ਸਕਦੀ ਹੈ? ਕੀ ਟਿਕੈਤ ਦਾ ਨਵਾਂ ਬਿਆਨ ਕਿ ਹੁਣ ਸਾਂਸਦ ਨਹੀਂ ਘੇਰਾਂਗੇ ਅਤੇ ਫ਼ਸਲਾਂ ਨਸ਼ਟ ਕਰਨ ਦੀ ਬਜਾਏ ਗਰੀਬਾਂ ਨੂੰ ਦਾਨ ਕਰੋ, ਕਿਸਾਨੀ ਸੰਘਰਸ਼ ਦੀ ਬਿਆਨਬਾਜ਼ੀ ਨੂੰ ਹਲਕਾ ਕਰ ਸਕਦੀ ਹੈ? ਕੀ ਨੇਤਾਵਾਂ ਦੁਆਰਾ ਆਪ ਹੁਦਰੇ ਦਿੱਤੇ ਜਾਣ ਵਾਲੇ ਬਿਆਨ ਕੇਂਦਰ ਸਰਕਾਰ ਨਾਲ ਹੋਣ ਵਾਲੀ ਗੱਲਬਾਤ ਨੂੰ ਅੱਗੇ ਲਿਜਾਣ ਦੇ ਰਸਤੇ ਵਿਚ ਰੋੜਾ ਬਣ ਰਹੇ ਹਨ ? ਕੀ ਕੇਂਦਰ ਸਰਕਾਰ ਐਮ ਐਸ ਪੀ ਅਤੇ ਤਿੰਨੇ ਕਾਨੂੰਨਾਂ ਬਾਰੇ ਕਿਸਾਨਾਂ ਦੀ ਰਾਇ ਮੰਨਣ ਨੂੰ ਤਿਆਰ ਹੈ? ਕੀ ਪ੍ਰਧਾਨ ਮੰਤਰੀ ਮੋਦੀ ਅਤੇ ਉਨ੍ਹਾਂ ਦੀ ਟੀਮ ਕੋਈ ਨਵਾਂ ਪ੍ਰਸਤਾਵ ਲੈ ਕੇ ਆ ਸਕਦੀ ਹੈ? ਕੀ ਕਿਸਾਨ ਆਗੂ ਸੰਘਰਸ਼ ਨੂੰ ਲੰਬੇ ਸਮੇਂ ਤਕ ਚਲਦੇ ਰੱਖਣ ਲਈ ਆਪਸੀ ਇਕਜੁਟਤਾ ਬਣਾਈ ਰੱਖਣ ਵਿਚ ਸਫ਼ਲ ਬਣੇ ਰਹਿਣਗੇ? ਇਹ ਬਹੁਤ ਸਾਰੇ ਪ੍ਰਸ਼ਨ ਹਨ ਜੋ ਨਿਰੰਤਰ ਤੌਰ ਤੇ ਕਿਸਾਨਾਂ ਸੰਘਰਸ ਦੇ ਭਵਿੱਖ ਲਈ ਵਿਚਾਰ ਦੀ ਮੰਗ ਕਰਦੇ ਹਨ।

# ਇਕ ਕਾਮਰੇਡ ਹੋਣ ਦਾ ਅਰਥ... ?



12 ਅਪ੍ਰੈਲ 1973 ਨੂੰ ਦਿੱਲੀ ਸਹਿਰ ਵਿੱਚ ਕਾਮਰੇਡ ਤੇਜਾ ਸਿੰਘ ਸੁਤੰਤਰ ਦੀ ਅਚਾਨਕ ਮੌਤ ਹੋਈ ਸੀ। ਸੰਸਦ ਵਿੱਚ ਲੋਕ ਸਭਾ ਦਾ ਇਜਲਾਸ ਚੱਲ ਰਿਹਾ ਸੀ "ਕਾਮਰੇਡ ਸੁਤੰਤਰ ਕਿਸੇ ਮਤੇ ਉੱਤੇ ਬਹਿਸ ਕਰਕੇ ਹਟੇ ਸਨ ਕਿ ਅਚਾਨਕ ਦਿਲ ਦਾ ਦੌਰਾ ਪੈਣ ਕਾਰਨ ਉਨ੍ਹਾਂ ਦੀ ਮੌਤ ਹੋ ਗਈ। ਮਤਾ ਵੀ ਮਜ਼ਦੂਰਾਂ ਕਿਸਾਨਾਂ ਨਾਲ ਸਬੰਧਿਤ ਸੀ। ਉਸ ਸਮੇਂ ਤਤਕਾਲੀ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਵੀ ਪਾਰਲੀਮੈਂਟ ਵਿੱਚ ਮੌਜੂਦ ਸੀ। ਸਾਥੀ ਐਮ ਪੀ ਉਨ੍ਹਾਂ ਦੀ ਦੇਹ ਨੂੰ ਸੰਭਾਲਣ ਲੱਗੇ ਕਿਸੇ ਐੱਮ ਪੀ ਨੇ ਜਦੋਂ ਸੀਟ ਉੱਤੇ ਪਿਆ ਕਾਮਰੇਡ ਜੀ ਦਾ ਝੋਲਾ ਫਰੋਲਿਆ ਤਾਂ ਉਸ ਵਿੱਚੋਂ.......ਕੁਝ ਫਾਈਲਾਂ, ਸ਼ੂਗਰ ਦੀ ਦਵਾਈ, ਕੰਮ ਦੇ ਕਾਗਜ਼ ਅਤੇ ਪੋਣੇ ਵਿੱਚ ਲਪੇਟੀਆਂ ਹੋਈਆਂ ਦੋ ਰੋਟੀਆਂ ਅਤੇ ਆਚਾਰ ਦੀ ਫਾੜੀ ਮਿਲੀ ਜੋ ਉਨ੍ਹਾਂ ਦੇ ਸਾਥੀ ਮੈਂਬਰ ਪਾਰਲੀਮੈਂਟਾਂ ਨੇ ਤੁਰੰਤ ਇੰਦਰਾ ਗਾਂਧੀ ਨੂੰ ਦਿਖਾਈਆਂ। ਕਾਮਰੇਡ ਬੂਟਾ ਸਿੰਘ ਜੀ ਦੇ ਦੱਸਣ ਅਨੁਸਾਰ ਜਦੋਂ ਪਾਰਲੀਮੈਂਟ ਵਿੱਚ ਕਾਮਰੇਡ ਜੀ ਨੂੰ ਸ਼ਰਧਾਂਜਲੀ ਦਿੱਤੀ ਜਾ ਰਹੀ ਸੀ ਤਾਂ ਇੰਦਰਾ ਗਾਂਧੀ ਨੇ ਕਿਹਾ ਸੀ ਕਿ ਮੈਂ ਦੁਨੀਆ ਦੇ ਪਾਰਲੀਮੈਂਟ ਦੇ ਇਤਿਹਾਸ ਵਿੱਚ ਅਜਿਹੀ ਸਾਦਗੀ ਪਹਿਲੀ ਵਾਰ ਦੇਖੀ ਹੈ।

1971 ਵਿਚ ਲੋਕ ਸਭਾ ਹਲਕਾ ਸੰਗਰੂਰ ਤੋਂ ਸੀਪੀਆਈ ਤੇ ਕਾਂਗਰਸ ਪਾਰਟੀ ਦੇ ਸਾਂਝੇ ਉਮੀਦਵਾਰ ਤੇਜਾ ਸਿੰਘ ਸੁਤੰਤਰ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਬਲਦੇਵ ਸਿੰਘ ਮਾਨ ਵਿੱਚ ਕਾਂਟੇ ਦੀ ਟੱਕਰ ਸੀ। ਵੋਟਾਂ ਦੀ ਗਿਣਤੀ ਦੌਰਾਨ ਮੁਕਾਬਲਾ ਐਨਾ ਕਰੀਬ ਆ ਗਿਆ ਕਿ ਫਰਕ ਸਿਰਫ 210 ਵੋਟਾਂ ਦਾ ਰਹਿ ਗਿਆ। ਉਸ ਸਮੇਂ ਸਰਕਾਰ ਪ੍ਰਕਾਸ ਸਿੰਘ ਬਾਦਲ ਦੀ ਹੋਣ ਕਰਕੇ ਅੰਦਰਖਾਤੇ ਡਿਪਟੀ ਕਮਿਸਨਰ ਚਰਨ ਦਾਸ ਤੇ ਦਬਾਅ ਬਣ ਗਿਆ ਕਿ ਉਹ 210 ਵੋਟਾਂ ਨਾਲ ਬਲਦੇਵ ਸਿੰਘ ਮਾਨ ਨੂੰ ਜੇਤੂ ਐਲਾਨ ਦੇਵੇ। ਇਸ ਗੱਲ ਦਾ ਪਤਾ ਸੁਤੰਤਰ ਨੂੰ ਵੀ ਲੱਗ ਗਿਆ। ਉਹ ਡਿਪਟੀ ਕਮਿਸ਼ਨਰ ਚਰਨ ਦਾਸ ਦੇ ਕੋਲ ਬੈਠੇ ਸਨ। ਮੌਕਾ ਹੱਥੋਂ ਜਾਂਦਾ ਦੇਖ ਕੇ ਉਨ੍ਹਾਂ ਨੇ ਆਪਣਾ ਰਿਵਾਲਵਰ ਕੱਢਿਆ ਤੇ ਡੀਸੀ ਚਰਨ ਦਾਸ ਦੀ ਬੱਖੀ ਨਾਲ ਲਾ ਲਿਆ ਤੇ ਸਪੱਸ਼ਟ ਸ਼ਬਦਾਂ ਵਿਚ ਕਹਿ ਦਿੱਤਾ, "ਮੈਂ ਬਹੁਤ ਬੁੱਢਾ ਹੋ ਗਿਆ ਹਾਂ। ਤੁਸੀਂ ਮੈਨੂੰ ਸਿਆਸੀ ਤੌਰ 'ਤੇ ਮਾਰ ਰਹੇ ਹੋ, ਇਸ ਲਈ ਮੈਂ ਇਹ ਮੌਤ ਮਰਨ ਦੀ ਬਜਾਏ ਜੇਲ੍ਹ ਵਿਚ ਸੜ ਗਲ ਕੇ ਮਰਨਾ ਬਿਹਤਰ ਸਮਝਾਂਗਾ ਪਰ ਮੈਂ ਕਾਮਰੇਡ ਹਾਂ, ਦਿਨ-ਦਿਹਾੜੇ ਆਪਣੇ ਹੱਕਾਂ 'ਤੇ ਡਾਕਾ ਨਹੀਂ ਮਾਰਨ ਦੇਵਾਂਗਾ।" ਡਿਪਟੀ ਕਮਿਸ਼ਨਰ ਬੱਖੀ ਨਾਲ ਰਿਵਾਲਵਰ ਲਗਦਿਆਂ ਹੀ ਪਾਣੀ ਪਾਣੀ ਹੋ ਗਿਆ ਤੇ ਉਸ ਨੇ ਆਪਣੇ ਅੱਗੇ ਪਏ ਮਾਈਕ 'ਤੇ ਐਲਾਨ ਕਰ ਦਿੱਤਾ ਕਿ 210 ਵੋਟਾਂ ਦੇ ਫ਼ਰਕ ਨਾਲ ਤੇਜਾ ਸਿੰਘ ਸੁਤੰਤਰ ਚੋਣ ਜਿੱਤ ਗਏ ਹਨ ਤੇ ਬਲਦੇਵ ਸਿੰਘ ਮਾਨ ਨੂੰ ਹਾਰਿਆ ਹੋਇਆ ਉਮੀਦਵਾਰ ਕਰਾਰ ਦਿੰਦਾ ਹਾਂ। ਗੱਲ ਇੱਥੇ ਹੀ ਬੱਸ ਨਹੀਂ ਤੇਜਾ ਸਿੰਘ ਸੁਤੰਤਰ ਆਪਣੀ ਜਿੱਤ ਦਾ ਸਰਟੀਫਿਕੇਟ ਲੈ ਕੇ ਗਿਣਤੀ ਕੇਂਦਰ ਵਿੱਚੋਂ ਬਾਹਰ ਆਏ। ਬਾਹਰ ਸੀ ਪੀ ਆਈ ਦੇ ਆਗੂ ਤੇ ਵਰਕਰ ਹਜ਼ਾਰਾਂ ਦੀ ਗਿਣਤੀ ਵਿਚ ਖੜ੍ਹੇ ਸਨ, ਜਿਹੜੇ ਜੇਤੂ ਤੇਜਾ ਸਿੰਘ ਸੁਤੰਤਰ ਨੂੰ ਨਾਲ ਲੈ ਕੇ ਨਾਅਰੇ ਮਾਰਦੇ ਹੋਏ ਚਲੇ ਗਏ

ਮਾਝੇ ਦੇ ਜ਼ਿਲ੍ਹਾ ਗੁਰਦਾਸਪੁਰ ਵਿੱਚ ਪੈਂਦੇ ਪਿੰਡ ਅਲੂਣਾ ਦਾ ਜੰਮਿਆ ਕਿਰਤੀ ਜਿਊੜਾ ਤੇਜਾ ਸਿੰਘ ਸਤੁੰਤਰ ਬਚਪਨ ਤੋਂ ਹੀ ਲੋਕ ਹਿਤੈਸੀ ਰੰਗਾਂ ਵਿੱਚ ਰੰਗਿਆ ਗਿਆ ਸੀ। ਸਿਰਫ 18 ਸਾਲ ਦੀ ਉਮਰ ਵਿੱਚ ਕਾਲਜ ਦੀ ਪੜਾਈ ਛੱਡ ਕੇ ਜਲਿਆਂਵਾਲਾ ਬਾਗ ਦੇ ਕਤਲੇਆਮ ਖਿਲਾਫ ਐਸਾ ਉਸ ਨੇ ਘਰ ਦੀਆਂ ਬੂਹਾਂ ਨੂੰ ਅਲਵਿਦਾ ਕਹੀ ਕਿ ਆਖਰੀ ਸਾਹ ਵੀ ਉਸ ਨੇ ਲੋਕਾਂ ਦੇ ਹੱਕਾਂ ਦੀ ਆਵਾਜ ਬੁਲੰਦ ਕਰਦਿਆਂ ਘਰ ਤੋਂ ਬਹੁਤ ਦੂਰ ਦਿੱਲੀ ਦੇ ਸੰਸਦ ਭਵਨ ਵਿੱਚ ਲਿਆ। ਕਾਲਜ ਛੱਡਣ ਤੋਂ ਬਾਅਦ ਤੇਜਾ ਸਿੰਘ ਨੇ ਅਕਾਲੀ ਦਲ ਵਿਚ ਸ਼ਾਮਲ ਹੋ ਕੇ ਗੁਰਦੁਆਰਾ ਸੁਧਾਰ ਅੰਦੋਲਨ ਵਿਚ ਹਿੱਸਾ ਲਿਆ। ਸਤੰਬਰ 1921 ਈ. ਵਿਚ ਇਸ ਨੇ ਆਪਣਾ 'ਸੁਤੰਤਰ ਜੱਥਾ' ਬਣਾਇਆ ਅਤੇ ਗੁਰਦਾਸਪੁਰ ਜ਼ਿਲ੍ਹੇ ਦੇ 'ਤੇਜਾ ਵੀਹਲਾ' ਪਿੰਡ ਦਾ ਗੁਰਦੁਆਰਾ ਉਦਾਸੀਆਂ ਤੋਂ ਮੁਕਤ ਕਰਾਇਆ। ਇਸ ਕਾਮਯਾਬੀ ਕਾਰਣ ਇਸ ਦੇ ਮਿਤਰਾਂ ਨੇ ਇਸ ਦਾ ਨਾਂ 'ਤੇਜਾ ਸਿੰਘ ਸੁਤੰਤਰ' ਰਖ ਦਿੱਤਾ ਅਤੇ ਜੀਵਨ ਭਰ ਇਸੇ ਨਾਂ ਨਾਲ ਪ੍ਰਸਿੱਧ ਹੋਇਆ। ਇਸ ਤੋਂ ਬਾਦ ਗੁਰਦਾਸਪੁਰ ਜ਼ਿਲ੍ਹੇ ਦੇ ਪਿੰਡ ਉਠੀਆਂ ਦਾ ਗੁਰਦੁਆਰਾ ਆਜ਼ਾਦ ਕਰਵਾਇਆ ਅਤੇ 'ਗੁਰੂ ਕਾ ਬਾਗ਼' ਮੋਰਚੇ ਵਿਚ ਹਿੱਸਾ ਲਿਆ। ਅਕਾਲੀ ਲਹਿਰ ਵਿੱਚ ਸਮੂਲੀਅਤ ਤੋਂ ਬਾਅਦ ਉਹ ਬਹੁਤ ਛੋਟੀ ਉਮਰ ਵਿੱਚ ਇਸਦੇ ਕਾਰਜਕਾਰੀ ਮੈਂਬਰ ਵੀ ਚੁਣੇ ਗਏ ਸਨ, ਪਰ ਜਲਦੀ ਹੀ ਉਸ ਨੇ ਭਾਂਪ ਲਿਆ ਕਿ ਦੇਸ ਦੀ ਮੁਕਤੀ ਦੀ ਲੜਾਈ ਬਹੁਤ ਵੱਡੀ ਹੈ। ਇਹ ਜੰਗ ਸਿਰਫ ਗੋਲਕਾਂ ਅਤੇ ਗੁਰਧਾਮਾਂ ਦੇ ਪ੍ਰਬੰਧਕੀ ਕਬਜੇ ਤੱਕ ਸੀਮਤ ਨਹੀਂ ਹੋ ਸਕਦੀ। ਤੇਜਾ ਸਿੰਘ ਸਤੁੰਤਰ ਦੀ ਮੁਲਾਕਾਤ ਕਾਬਲ ਵਿੱਚ ਸਿੱਖੀ ਦਾ ਪ੍ਰਚਾਰ ਕਰਦਿਆਂ ਗਦਰ ਲਹਿਰ ਦੇ ਆਗੂ ਭਾਈ ਰਤਨ ਸਿੰਘ ਰਾਏਪੁਰ ਡੱਬਾ, ਊਧਮ ਸਿੰਘ ਕਸੇਲ, ਭਾਈ ਸੰਤੋਖ ਸਿੰਘ ਧਰਦਿਓ ਤੇ ਗੁਰਮੁੱਖ ਸਿੰਘ ਆਦਿ ਨਾਲ ਹੋਈ। ਇਸ ਤੋਂ ਬਾਅਦ ਉਹ ਤੁਰਕੀ ਚਲੇ ਗਏ। ਉਸ ਨੇ ਆਜਾਦ ਬੇਗ ਦੇ ਨਾਮ ਤਹਿਤ ਤੁਰਕੀ ਵਿੱਚ ਤਿੰਨ ਸਾਲ ਮਿਲਟਰੀ ਵਿੱਦਿਆ ਪ੍ਰਾਪਤ ਕੀਤੀ। 31 ਜਨਵਰੀ, 1926 ਵਿੱਚ ਉਨ੍ਹਾਂ ਨੇ 'ਪੰਜਾਬੀ ਸਭਾ' ਦੀ ਨੀਂਹ ਰੱਖੀ। 1931 ਵਿੱਚ ਪੰਜਾਬ ਯੂਨੀਵਰਸਿਟੀ ਤੋਂ ਵਿਦਵਾਨੀ ਪਹਿਲੇ ਦਰਜੇ ਵਿੱਚ ਅਤੇ ਫਿਰ ਗਿਆਨੀ ਦੂਜੇ ਦਰਜੇ ਵਿੱਚ ਪਾਸ ਕੀਤੀ। ਮਗਰੋਂ ਖਿੱਲਰ ਚੁੱਕੀ ਗ਼ਦਰ ਪਾਰਟੀ ਦਾ ਸੰਗਠਨ ਕਰਨ ਲਈ ਅਮਰੀਕਾ ਚੱਲੇ ਗਏ। ਸੰਨ 1932 ਵਿੱਚ ਉੱਤਰੀ ਅਮਰੀਕਾ ਛੱਡ ਕੇ ਮੈਕਸੀਕੋ, ਕਿਊਬਾ, ਪਾਨਾਮਾ, ਅਰਜਨਟੀਨਾ, ਊਰਗਵੇ, ਬਰਾਜ਼ੀਲ ਅਤੇ ਇਟਲੀ ਵੀ ਗਏ ਜਿੱਥੇ ਉਹ ਸ਼ਹੀਦ ਭਗਤ ਸਿੰਘ ਦੇ ਚਾਚਾ ਅਜੀਤ ਸਿੰਘ ਨੂੰ ਮਿਲੇ। 1931 ਵਿੱਚ ਤੇਜਾ ਸਿੰਘ ਪੁਰਤਗਾਲ ਪਹੁੰਚੇ ਤੇ ਫ਼ਰਾਂਸ ਹੁੰਦੇ ਹੋਏ ਜਰਮਨੀ ਚਲੇ ਗਏ, ਜਿੱਥੇ ਉਨ੍ਹਾਂ ਦੀ ਮੁਲਾਕਾਤ ਹਿਟਲਰ ਨਾਲ ਹੋਣ 'ਤੇ ਉਸ ਦੇ ਨਾਜ਼ੀ ਵਿਚਾਰ ਪਸੰਦ ਨਾ ਆਏ। ਮਗਰੋਂ ਉਹ ਰੂਸ ਦੇ ਸ਼ਹਿਰ ਮਾਸਕੋ ਤੇ ਲੈਨਿਨਗਰਾਡ ਸ਼ਹਿਰ ਵਿੱਚ ਪਹੁੰਚੇ ਅਤੇ ਜੁਲਾਈ 1934 ਵਿੱਚ ਮਾਸਕੋ ਦੀ ਕੁਤਬ ਯੂਨੀਵਰਸਿਟੀ ਵਿੱਚ ਦਾਖ਼ਲਾ ਲੈ ਕੇ ਮਾਰਕਸਵਾਦ-ਲੈਨਿਨਵਾਦ ਦਾ ਡੂੰਘਾ ਅਧਿਐਨ ਦਿਲ ਲਾ ਕੇ ਕੀਤਾ। ਇੱਥੇ ਉਨ੍ਹਾਂ ਦੀ ਮੁਲਾਕਾਤ 'ਹੋਚੀ ਮਿੰਨ੍ਹ' ਨਾਲ ਵੀ ਹੋਈ ਜੋ ਬਾਅਦ ਵਿੱਚ 'ਵੀਅਤਨਾਮ' ਦਾ ਪ੍ਰਸਿੱਧ ਸੁਤੰਤਰਤਾ ਸੰਗ੍ਰਾਮੀਆ ਬਣਿਆ। ਰੂਸ ਤੋਂ ਸਿੱਖਿਆ ਹਾਸਲ ਕਰਕੇ ਉਹ ਭਾਰਤ ਵਿੱਚ ਸਮਾਜਵਾਦੀ ਕਵਿਤਾ ਲਿਖਣ ਲੱਗ ਪਏ। ਜਿਸ ਦੇ ਸਿੱਟੇ ਵਜੋਂ 10 ਜਨਵਰੀ, 1936 ਈ: ਵਿੱਚ ਉਨ੍ਹਾਂ ਨੂੰ ਕਾਮਰੇਡ ਸੋਮਨਾਥ ਲਹਿਰੀ ਤੇ ਇਕਬਾਲ ਸਿੰਘ ਹੁੰਦਲ ਸਮੇਤ ਗ੍ਰਿਫ਼ਤਾਰ ਕਰ ਕੇ ਸ਼ਾਹ ਕੈਦੀ ਵਜੋਂ ਕੈਂਬਲਪੁਰ ਜੇਲ੍ਹ (ਹੁਣ ਜ਼ਿਲ੍ਹਾ ਅਟਕ ਪਾਕਿਸਤਾਨ 'ਚ) ਵਿੱਚ 6 ਸਾਲ ਲਈ ਨਜ਼ਰਬੰਦ ਕਰ ਦਿੱਤਾ ਗਿਆ। ਸੁਤੰਤਰ ਜੀ 1937 ਈ: ਵਿੱਚ ਕੈਦ ਦੌਰਾਨ ਕਾਂਗਰਸ ਪਾਰਟੀ ਦੇ ਨਾਮਜ਼ਦ ਮੈਂਬਰ ਵਜੋਂ ਪੰਜਾਬ ਵਿਧਾਨ ਸਭਾ ਲਈ ਚੁਣੇ ਗਏ। ਦੂਜੀ ਸੰਸਾਰ ਜੰਗ (1939-1945) ਤੋਂ ਪੰਜ ਮਹੀਨੇ ਮਗਰੋਂ ਭਾਰਤੀ ਕਮਿਊਨਿਸਟ ਪਾਰਟੀ ਨੇ ਉਸੇ ਸੇਧ ਵਿੱਚ ਆਪਣੀ ਨੀਤੀ ਨੂੰ ਬਦਲ ਕੇ ਸਾਮਰਾਜੀ ਜੰਗ ਦੀ ਥਾਂ ਜਨਤਾ ਦੀ ਜੰਗ ਦਾ ਨਵਾਂ ਨਾਅਰਾ ਦਿੱਤਾ। ਉਨ੍ਹਾਂ ਨੇ ਜੁਲਾਈ 1941 ਵਿੱਚ ਕਮਿਊਨਿਸਟ ਏਕਤਾ ਲਈ ਇੱਕ ਲੇਖ ਆਪਣੇ ਜਨਵਰੀ 1942 ਈ: ਦੇ 'ਲਾਲ ਝੰਡਾ' ਉਰਦੂ ਮੈਗਜ਼ੀਨ ਵਿੱਚ ਪ੍ਰਕਾਸ਼ਿਤ ਕੀਤਾ। ਬਾਅਦ ਵਿੱਚ ਪੰਜਾਬੀ ਵਿੱਚ 'ਲਾਲ ਸਵੇਰਾਸ ਹਫ਼ਤਾਵਾਰੀ ਵੀ ਸੰਪਾਦਿਤ ਕੀਤਾ। ਉਨ੍ਹਾਂ ਭਾਰਤ 5 ਜਨਵਰੀ 1948 ਨੂੰ 'ਲਾਲ ਕਮਿਊਨਿਸਟ ਪਾਰਟੀ' ਦੀ ਸਥਾਪਨਾ ਕੀਤੀ ਤੇ ਮਜ਼ਦੂਰਾਂ ਦੇ ਹੱਕਾਂ ਲਈ ਆਵਾਜ਼ ਉਠਾਈ। ਤੇਜਾ ਸਿੰਘ ਸੁਤੰਤਰ ਦੇ ਪੰਜਾਬ ਕਿਸਾਨ ਸਭਾ ਤੇ ਭਾਰਤੀ ਕਮਿਊਨਿਸਟ ਪਾਰਟੀ ਨਾਲ ਨੇੜੇ ਦੇ ਸਬੰਧ ਸਨ। ਪੈਪਸੂ ਦੀ ਮੁਜ਼ਾਹਰਾ ਲਹਿਰ ਦੇ ਮੋਢੀ ਆਗੂਆਂ 'ਚੋਂ ਵੀ ਉਹ ਇੱਕ ਸਨ। ਲੋਕਾਂ ਨੂੰ ਆਪਣੇ ਹੱਕਾਂ ਪ੍ਰਤੀ ਜਾਗਰੂਕ ਕਰਨ ਲਈ ਪੜ੍ਹਾਈ ਨੂੰ ਮੁੱਖ ਹਥਿਆਰ ਸਮਝਦਿਆਂ ਉਨ੍ਹਾਂ ਨੇ ਜ਼ਿਲ੍ਹਾ ਪਟਿਆਲਾ ਦੇ ਪਾਤੜਾਂ ਇਲਾਕੇ ਵਿੱਚ ਕਿਰਤੀ ਕਾਲਜ ਦੀ 1968 ਈ: ਵਿੱਚ ਨੀਂਹ ਰੱਖੀ। 1971 ਈ: ਦੀਆਂ ਲੋਕ ਸਭਾ ਚੋਣਾਂ ਦੌਰਾਨ ਸੁਤੰਤਰ ਜੀ ਸੰਗਰੂਰ ਤੋਂ ਲੋਕ ਸਭਾ ਮੈਂਬਰ ਚੁਣੇ ਗਏ ਸਨ। ਕਾਮਰੇਡ ਤੇਜਾ ਸਿੰਘ ਸੁਤੰਤਰ ਵਰਗੇ ਮਸਕੀਨ, ਮਿਹਨਤੀ ਅਤੇ ਸਾਦਾ ਕਮਿਊਨਿਸਟ ਆਗੂ ਦੀ ਜੀਵਨੀ ਪੜ੍ਹਦਿਆਂ ਮਨ ਮਾਯੂਸ ਹੋਇਆ ਕਿ ਪੰਜਾਬ ਬੌਧਿਕ ਤੌਰ 'ਤੇ ਕਿਥੇ ਪਹੁੰਚ ਗਿਆ ਹੈ। ਅਸੀਂ ਉਨਾ ਦਰਵੇਸ ਬੰਦਿਆਂ ਦੀ ਘਾਲਣਾ ਅਤੇ ਤਿਆਗ ਨੂੰ ਅਹਿਸਾਨਫਰਾਮੋਸੀ ਦੀ ਗਰਦ ਨਾਲ ਢੱਕ ਦਿੱਤਾ, ਜਿਨਾ ਨੇ ਤਾਅ ਉਮਰ ਟੁੱਟੀਆਂ ਚੱਪਲਾਂ ਨਾਲ ਸੰਗਰਾਮ ਜਾਰੀ ਰੱਖੇ, ਜਿਨਾ ਨੇ ਮੈਲੇ-ਕੁਚੈਲੇ ਕੱਪੜਿਆਂ ਨਾਲ ਵੀ ਸੰਘਰਸ ਦੀ ਸੁੱਚਤਾ ਤੇ ਦਾਗ ਨਹੀਂ ਆਉਣ ਦਿੱਤਾ।

ਪਿਛਲੇ ਕੁੱਝ ਸਮੇਂ ਤੋਂ ਭਾਰਤੀ ਮਹਾਂਦੀਪ ਵਿੱਚ ਖਾਸਕਰ ਪੰਜਾਬੀ ਖਿੱਤੇ ਵਿੱਚ ਕਾਮਰੇਡ ਦੇ ਅਰਥ ਸਿਰਫ ਧਰਮ ਦੇ ਵਿਰੋਧ ਵਿੱਚ ਜਾਂ ਇਕ ਨਾਸਤਿਕ ਵਰਗ ਵਜੋਂ ਲੈ ਜਾ ਰਹੇ ਹਨ। ਕਾਮਰੇਡ ਹੋਣ ਦੇ ਪਵਿੱਤਰ ਅਰਥ ਹਲਕੀਆਂ ਬਹਿਸਾਂ ਵਿੱਚੋਂ ਬਿਲਕੁਲ ਮਨਫੀ ਹੋ ਗਏ ਹਨ। ਸਾਇਦ ਸੋਸਲ ਮੀਡੀਆ ਦੇ ਯੁੱਗ ਵਿੱਚ ਹੋਏ ਵਿਚਾਰਾਂ ਦੇ ਧਰੁਵੀਕਰਨ ਅਤੇ ਖਪਤੀ ਸਭਿਆਚਾਰ ਵਿੱਚ ਬਦਲਦੀਆਂ ਰੁਚੀਆਂ ਨੇ ਸਮਾਜ ਵਿਚ ਵਿਚਾਰਧਾਰਿਕ ਵਿਰੋਧ ਦੇ ਬਾਵਜੂਦ ਵੀ ਸਿਦਕ ਅਤੇ ਕੁਰਬਾਨੀ ਦੇ ਜਜਬੇ ਦਾ ਸਨਮਾਨ ਕਰਨ ਦੀ ਬਜਾਏ ਸਿਰਫ ਆਪੋ ਆਪਣੀ ਧਿਰ ਦੇ ਹੱਕ ਵਿੱਚ ਭੁਗਤਣ ਦਾ ਰੁਝਾਣ ਪੈਦਾ ਕਰ ਦਿੱਤਾ ਹੈ। ਮਾਓ ਅਤੇ ਲੈਨਿਨ ਵਰਗੇ ਮਹਾਨ ਨਾਇਕਾਂ ਪ੍ਰਤੀ ਟਿੱਪਣੀਆਂ ਅਤੇ ਹੋਰ ਘਟੀਆ ਪੱਧਰ ਦੀ ਲਤੀਫੇਬਾਜੀ ਨੇ ਪੰਜਾਬੀਆਂ ਦੇ ਜਿਹਨੀ ਨੰਗਪੁਣੇ ਦਾ ਭਰਪੂਰ ਮੁਜਾਹਰਾ ਕੀਤਾ ਹੈ। ਬੇਸੱਕ ਅਜਿਹੇ ਲੋਕ ਮੁੱਠੀ-ਭਰ ਹੀ ਹੋਣਗੇ, ਪਰ ਸਮਾਜ ਦਾ ਵੱਡਾ ਸਹਿਜ ਮਨੋਭਾਵੀ ਹਿੱਸਾ ਜੋ ਸੋਸਲ ਮੀਡੀਆ ਤੇ ਸਦਾਚਾਰਿਕ ਕਦਰਾਂ ਕੀਮਤਾਂ ਅਤੇ ਵਿਵੇਕਸੀਲ ਹੋ ਕੇ ਵਿਚਰਦਾ ਉਹਨਾਂ ਨੂੰ ਜਬਰਨ ਅਜਿਹੇ ਕੂੜੇ-ਕਬਾੜੇ ਨਾਲ ਬਾਵਾਸਤਾ ਕਰਵਾ ਦਿਤਾ ਜਾਂਦਾ ਹੈ। ਆਓ ਆਪੋ ਆਪਣੇ ਰਾਜਨੀਤਕ ਖੇਮੇ ਦੇ ਹਾਸੀਏ ਤੋਂ ਬਾਹਰ ਨਿਕਲ ਕੇ, ਵਿਚਾਰਧਾਰਕ ਲਕੀਰਾਂ ਨੂੰ ਉਲੰਘ ਕੇ ਲੋਕ ਲਹਿਰਾਂ ਦੇ ਲੇਖੇ ਜੀਵਨ ਲਾਉਣ ਵਾਲੇ ਨਾਇਕਾਂ ਨੂੰ ਨਮਨ ਕਰੀਏ। ਕਾਮਰੇਡ ਤੇਜਾ ਸਿੰਘ ਸੁਤੰਤਰ ਦੀ ਮੌਤ ਵੇਲੇ ਫਰੋਲੇ ਗਏ ਝੋਲੇ ਦਾ ਸੀਨ ਅੱਜ ਵੀ ਦੇਸ ਦੇ ਹਰ ਰਾਜਨੀਤਕ ਆਗੂ ਲਈ ਇਕ ਸੀਸਾ ਹੈ।

- ਸਰਬਜੀਤ ਸੋਹੀ, ਆਸਟਰੇਲੀਆ

# ਅੰਬਾਨੀਆਂ ਹੱਥੋਂ ਕਿਸਾਨੀ ਦੀ ਲੁੱਟ



ਸਤਵੰਤ ਸ ਦੀਪਕ



ਆਪਣੇ ਪਹਿਲੇ ਲੇਖ 'ਮੌਜੂਦਾ ਭਾਰਤੀ ਕਿਸਾਨ ਅੰਦੋਲਨ ਦੇ ਅਹਿਮ ਪੱਖ' (ਪੂਰਾ ਲੇਖ On-Line, Sarokar.ca, ਜਨਵਰੀ 2021) ਵਿੱਚ 'ਅਡਾਨੀ-ਅੰਬਾਨੀ ਜੌੜੇ ਬਘਿਆੜ' ਉਪ-ਸਿਰਲੇਖ ਹੇਠ ਮੈਂ ਸੰਕੇਤ-ਮਾਤਰ ਲਿਖਿਆ ਸੀ ਕਿ ਕਿਵੇਂ ਬੀ ਜੇ ਪੀ ਦੀ ਮੋਦੀ ਸਰਕਾਰ ਨੇ ਅਡਾਨੀ-ਅੰਬਾਨੀ ਜੋੜੀ ਨੂੰ ਭਾਰਤ ਨੂੰ ਦੋਹੀਂ ਹੱਥੀਂ ਲੁੱਟਣ ਦੀ ਪੂਰੀ ਖੁੱਲ੍ਹ ਦੇ ਰੱਖੀ ਹੈ। ਇਸ ਲੁੱਟ ਵਿੱਚ ਇਹਨਾਂ ਦੇ ਕੌਮਾਂਤਰੀ ਪੂੰਜੀਵਾਦੀ ਭਾਈਵਾਲ਼ ਇਹਨਾਂ ਦੇ ਨਾਲ ਹਨ। ਅਡਾਨੀਆਂ ਬਾਰੇ ਪੂਰਾ ਲੇਖ ਛਪ ਚੁੱਕਾ ਹੈ (On-Line, Sarokar.ca 5 ਫਰਵਰੀ 2021)। ਅੰਬਾਨੀ ਦੇ ਕਾਰੋਬਾਰ-ਪੈਟਰੋਕੈਮੀਕਲਜ਼, ਰਿਟੇਲ, ਜੀਉ, ਐਕਸਪਲੋਰੇਸ਼ਨ ਐਂਡ ਪਰੋਡਕਸ਼ਨ, ਪੈਟਰੋਲੀਅਮ ਰੀਫ਼ਾਈਨਿੰਗ ਐਂਡ ਮਾਰਕਿਟਿੰਗ, ਅਤੇ ਟੈਕਸਟਾਈਲਜ਼ ਆਦਿ ਖੇਤਰਾਂ ਵਿਚ ਆਪਣਾ ਜਾਲ਼ ਵਿਛਾਇਆ ਹੋਇਆ ਹੈ। ਸਾਰੇ ਤਾਣੇਬਾਣੇ ਬਾਰੇ ਪੂਰੇ ਵੇਰਵੇ ਸਹਿਤ ਲਿਖ ਸਕਣਾ ਇਸ ਲੇਖ ਦੇ ਕਲਾਵੇ ਤੇ ਸਮਰੱਥਾ ਤੋਂ ਬਾਹਰ ਹੈ। ਹੱਥਲੇ ਲੇਖ ਵਿਚ ਅਸੀਂ ਨਵੇਂ ਖੇਤੀ ਕਾਨੂੰਨਾਂ ਅਤੇ ਕਿਸਾਨੀ ਦੇ ਸੰਦਰਭ ਵਿਚ ਭਾਰਤ ਅਤੇ ਪੰਜਾਬ ਵਿੱਚ ਕਿਸਾਨਾਂ ਦੀ ਭੋਇੰ, ਖੇਤੀ-ਉਪਜ (Produce) ਨਾਲ਼ ਜੁੜੇ ਬਿਜ਼ਨੈੱਸ 'ਰਿਲਾਇੰਸ ਰਿਟੇਲ', 'ਰਿਲਾਇੰਸ ਜੀਉ', ਰਿਲਾਇੰਸ ਜੀਉਕ੍ਰਿਸ਼ੀ, ਰਿਲਾਇੰਸ ਜੀਉ ਟਾਵਰਾਂ, ਅਤੇ ਕੰਨਟਰੈੱਕਟ ਫ਼ਾਰਮਿੰਗ ਵਿਚ ਅੰਬਾਨੀਆਂ ਦੀ ਧੜਵੈਲ ਦਖ਼ਲ-ਅੰਦਾਜ਼ੀ ਬਾਰੇ ਚਰਚਾ ਕਰਾਂਗੇ।

**ਨਵੇਂ ਖੇਤੀ ਕਾਨੂੰਨ-WHO ਦਾ ਏਜੰਡਾ:** ਆਰਥਿਕ ਮਾਹਿਰਾਂ ਅਨੁਸਾਰ ਨਵੇਂ ਖੇਤੀ ਕਾਨੂੰਨਾਂ ਦਾ ਵਰਤਾਰਾ ਵਰਡ ਟਰੇਡ ਆਰਡਰ (WHO) ਤਹਿਤ ਚੱਲ ਰਿਹਾ ਹੈ। ਕ੍ਰਿਸ਼ੀ ਸਮਝੌਤਾ Agreement on Agriculture (AoA)(1*) ਵਰਡ ਟਰੇਡ ਆਰਗੇਨਾਈਜ਼ੇਸ਼ਨ (WHO) ਦੀ ਇਕ ਅੰਤਰਰਾਸ਼ਟਰੀ ਸੰਧੀ ਹੈ। AoA ਸੰਧੀ ਖੇਤੀ ਵਿਚ ਬੰਦਸ਼ਾਂ ਬਿਨਾਂ ਫ਼ਰੀ ਟਰੇਡ ਦੀ ਵਕਾਲਤ ਕਰਦੀ ਹੈ। ਮੋਦੀ ਸਰਕਾਰ ਦਾ WHO ਨਾਲ਼ ਖੇਤੀ ਉਤੇ ਲਿਖਤੀ ਸਮਝੌਤਾ: ਕ੍ਰਿਸ਼ੀ ਸਮਝੌਤਾ (AoA) ਹੈ, ਜਿਸ ਤਹਿਤ ਇਹ ਖੇਤੀ ਕਾਨੂੰਨ ਲਿਆਉਣੇ ਉਸਦੀ ਅੰਤਰਰਾਸ਼ਟਰੀ ਵਪਾਰਕ ਮਜ਼ਬੂਰੀ ਬਣੀ ਹੋਈ ਹੈ, ਉਹ ਸਕਤਿਆਂ ਤੋਂ ਭੱਜ ਨਹੀਂ ਸਕਦਾ। ਨੱਥ ਖ਼ਸਮ ਹੱਥ! WHO ਸਰਕਾਰ ਦੁਆਰਾ ਖੇਤੀ ਲਈ ਦਿੱਤੀਆਂ ਸਬਸਿਡੀਆਂ ਨੂੰ ਆਜ਼ਾਦ ਮੰਡੀ ਦੀ ਆਰਥਿਕਤਾ ਦੇ ਰਸਤੇ ਵਿਚ ਰੁਕਾਵਟ ਸਮਝਦੀ ਹੈ। WHO ਅਨੁਸਾਰ ਇਹ ਸਬਸਿਡੀਆਂ ਵਿਕਸਤ ਦੇਸ਼ਾਂ ਅਤੇ ਵਿਕਾਸ-ਸ਼ੀਲ ਦੇਸ਼ਾਂ ਵਿਚਲੇ ਵਪਾਰ ਦੇ ਰਾਹ ਵਿਚ ਵਿਘਨ ਅਤੇ ਝਗੜੇ ਦੀ ਜੜ੍ਹ ਹਨ। ਵਿਕਸਤ ਦੇਸ਼ਾਂ ਦਾ ਵਿਕਾਸ-ਸ਼ੀਲ ਦੇਸ਼ਾਂ ਉਪਰ ਇਲਜ਼ਾਮ ਹੈ ਕਿ ਉਹ ਖੇਤੀ ਦੀ ਕੀਮਤ 'ਚ ਸਹਾਰਾ ਦੇਣ (MSPs), ਮਹਿਸੂਲ ਦੇ ਨਿਯਮ, ਆਯਾਤ ਨਿਰਯਾਤ ਅਤੇ ਰੱਖਿਆਵਾਦੀ ਨੀਤੀਆਂ ਰਾਹੀਂ ਕਿਸਾਨਾਂ ਨੂੰ ਵੱਡੀਆਂ ਸਬਸਿਡੀਆਂ ਦੇ ਰਹੇ ਹਨ। ਇਸੇ ਕਰਕੇ ਮੋਦੀ MSP ਬਾਰੇ ਚੁੱਪ ਹੈ । ਕਿਸਾਨਾਂ ਵੱਲੋਂ ਜਿੱਥੇ ਭਾਰਤ ਵਿਚਲੇ ਤਿੰਨੇ ਖੇਤੀ ਕਾਨੂੰਨਾਂ ਦੀ ਮੁਕੰਮਲ ਵਾਪਸੀ ਅਤੇ ਦੀ ਮੰਗ ਉਠਾਈ ਗਈ ਹੈ, ਉਥੇ ਅੰਤਰਰਾਸ਼ਟਰੀ ਪੱਧਰ 'ਤੇ WHO ਵਰਗੇ ਅਦਾਰਿਆਂ ਦੀ ਜਕੜ 'ਚੋਂ ਭਾਰਤ ਨੂੰ ਆਜ਼ਾਦ ਕਰਵਾਉਣ ਦੀ ਮੰਗ ਵੀ ਉਠਾਉਣੀ ਚਾਹੀਦੀ ਹੈ, ਕਿਉਂਕਿ ਤਾਕਤ ਦਾ ਪਾਸਕੂ ਕਿਸਾਨਾਂ ਹੱਥ ਨਹੀਂ, ਬਲਕਿ ਬਹੁ-ਕੌਮੀ ਕਾਰਪੋਰੇਸ਼ਨਾਂ ਅਤੇ ਕੰਪਨੀਆਂ ਪਾਸ ਹੈ, ਜਿਹੜੀਆਂ ਵਰਡ ਟਰੇਡ ਆਰਗੇਨਾਈਜ਼ੇਸ਼ਨ (WHO), ਵਰਡ ਬੈਂਕ (World Bank) ਅਤੇ ਦੇਸ਼ਾਂ ਦੀਆਂ ਸਰਕਾਰਾਂ ਰਾਹੀਂ ਅਪਣੀ ਹਿੰਢ ਪੁਗਾ ਰਹੀਆਂ ਹਨ, ਮੋਦੀ ਤਾਂ ਮਹਿਜ਼ ਉਹਨਾਂ ਦਾ ਜੀ-ਹਜ਼ੂਰੀਆ ਹੈ।

**ਗਹਿਣੇ ਟਿਕਿਆ ਭਾਰਤ:** ਭਾਰਤ ਦੀ ਅਜੋਕੀ ਆਰਥਿਕ ਹਾਲਤ 'ਤੇ ਪੰਛੀ ਝਾਤ: ਬਦੇਸ਼ੀ ਕਰਜ਼ਾ 500 ਬਿਲੀਅਨ ਯੂ ਐਸ ਡਾਲਰ ਤੋਂ ਵੱਧ। ਵੋਡਾਫ਼ੋਨ 50,000 ਕਰੋੜ ਰੁਪਏ ਘਾਟੇ 'ਚ, ਏਅਰਟੈੱਲ 23,000 ਕਰੋੜ ਰੁਪਏ ਘਾਟੇ 'ਚ; ਬੀ ਐੱਸ ਐੱਨ ਐੱਲ 14,000 ਕਰੋੜ ਰੁਪਏ ਘਾਟੇ 'ਚ, 54,000 ਨੌਕਰੀਆਂ ਤੋਂ ਬਰਖ਼ਾਸਤ; ਐੱਮ ਟੀ ਐੱਨ ਐੱਲ 750 ਕਰੋੜ ਰੁਪਏ ਘਾਟੇ 'ਚ; ਸੇਲ 286 ਕਰੋੜ ਰੁਪਏ ਘਾਟੇ 'ਚ; ਏਅਰ ਇੰਡੀਆ 4,600 ਕਰੋੜ ਰੁਪਏ ਘਾਟੇ 'ਚ; ਇੰਡੀਗੋ 1,062 ਕਰੋੜ ਰੁਪਏ ਘਾਟੇ 'ਚ; ਜੈੱਟ ਏਅਰਵੇਜ਼ ਬੰਦ; ਇੰਡੀਆਪੋਸਟ 15,000 ਕਰੋੜ ਰੁਪਏ ਘਾਟੇ 'ਚ; ਪੀਐੱਨ ਬੀ 4,750 ਕਰੋੜ ਕਰੋੜ ਰੁਪਏ ਘਾਟੇ 'ਚ; ਯੂਨੀਅਨ ਬੈਂਕ 1,190 ਕਰੋੜ ਕਰੋੜ ਰੁਪਏ ਘਾਟੇ 'ਚ; 5 ਏਅਰਪੋਰਟ ਅਡਾਨੀ ਨੂੰ ਵੇਚੇ ਜਾ ਚੁੱਕੇ ਹਨ; ਰੇਲਵੇ ਵਿਕਾਊ ਹੈ; ਲਾਲ ਕਿਲ੍ਹੇ ਸਮੇਤ ਹੋਰ ਵਿਰਾਸਤੀ ਇਮਾਰਤਾਂ ਕਿਰਾਏ ਜਾਂ ਲੀਜ਼ 'ਤੇ ਦਿੱਤੀਆਂ ਜਾ ਚੁੱਕੀਆਂ ਹਨ ਜਾਂ ਦਿੱਤੀਆਂ ਜਾ ਰਹੀਆਂ ਹਨ। ਮੁਕਦੀ ਗੱਲ, ਮੋਦੀ ਨੇ ਸਮੁੱਚੇ ਭਾਰਤ ਦੀ ਹੋਣੀ ਦਾ ਇੰਤਕਾਲ ਅੰਬਾਨੀਆਂ, ਅਡਾਨੀਆਂ ਤੇ ਉਹਨਾਂ ਵਰਗਿਆਂ ਦੇ ਨਾਂ ਕਰਾ ਦਿੱਤਾ ਹੈ। ਮੁਕੇਸ਼ ਅੰਬਾਨੀ 88 ਬਿਲੀਅਨ ਡਾਲਰ (ਯੂ ਐੱਸ) ਵਾਲ਼ੀ 'ਰਿਲਾਇੰਸ ਇੰਡਸਟਰੀਜ਼' ਦਾ ਚੇਅਰਮੈਨ ਅਤੇ ਚਾਲਕ ਹੈ, ਜਿਸਦੇ ਪੈਟਰੋਕੈਮੀਕਲਜ਼, ਆਇਲ ਐਂਡ ਗੈਸ, ਟੈਲੀਕਾਮ ਅਤੇ ਰੀਟੇਲ ਵਿਚ ਕਾਰੋਬਾਰ ਹਨ। ਫੋਰਬਜ਼ (2*) ਅਨੁਸਾਰ ਮੁਕੇਸ਼ ਅੰਬਾਨੀ ਸੰਨ 2020 ਦੇ ਭਾਰਤ ਦਾ ਸਭ ਤੋਂ ਅਮੀਰ ਲੋਕ ਵਿਅਕਤੀ ਹੈ । ਜਿਸ ਜਗ੍ਹਾ 'ਤੇ ਅੰਬਾਨੀ ਦਾ ਦੁਨੀਆਂ ਦਾ ਸਭ ਤੋਂ ਮਹਿੰਗਾ ਪ੍ਰਾਈਵੇਟ ਭਵਨ 'ਐਨਟੀਲੀਆ' (3*) ਉੱਸਰਿਆ ਹੋਇਆ ਹੈ, ਉਹ ਜ਼ਮੀਨ 60 ਯਤੀਮਾਂ ਦੇ ਰੈਣ-ਬਸੇਰੇ ਲਈ ਬਣੇ ਇਕ ਯਤੀਮਖਾਨੇ ਦੀ ਸੰਪਤੀ ਸੀ, ਜੋ ਗ਼ੈਰ-ਕਾਨੂੰਨੀ ਢੰਗ ਨਾਲ਼ ਵੇਚੀ ਗਈ ਸੀ। ਟਰੱਸਟ ਜਿਸਦਾ ਲੋੜਵੰਦ (ਵੰਚਿਤ) ਬੱਚਿਆਂ ਲਈ ਸੰਸਥਾਪਣ ਕੀਤਾ ਸੀ, ਨੇ 4532 ਵਰਗ ਮੀਟਰ ਜ਼ਮੀਨ ਐਨਟੀਲੀਆ ਕੁਮਰਸ਼ਲ ਪ੍ਰਾਈਵੇਟ ਲਿਮਿਟਿਡ ਨੂੰ ਜੁਲਾਈ 2002 ਵਿਚ ਸਿਰਫ਼ 210.5 ਮਿਲੀਅਨ ਰੁਪਏ ਵਿਚ ਵੇਚੀ ਜਦ ਕਿ ਇਸ ਦੀ ਮਾਰਕੀਟ ਕੀਮਤ 1.5 ਬਿਲੀਅਨ ਰੁਪਏ ਦੇ ਲਗਭਗ ਸੀ। ਐਨਟੀਲੀਆ ਮੰਬਈ, ਭਾਰਤ ਦੇ ਬਿਲੀਅਨੇਅਰਜ਼ ਦੀ ਕਲੋਨੀ ਵਿਚ ਇਕ ਪ੍ਰਾਈਵੇਟ ਰਿਹਾਇਸ਼ੀ ਇਮਾਰਤ ਹੈ। ਮਈ 2020 ਤੱਕ ਇਸਦੀ ਕੀਮਤ 2.2 ਬਿਲੀਅਨ ਯੂ ਐੱਸ ਡਾਲਰ ਸੀ, ਬ੍ਰਿਟਿਸ਼ ਕਰਾਊਨ ਪਰਾਪਰਟੀ ਬੱਕਿੰਗਹੈਮ ਪੈਲੈਸ ਤੋਂ ਦੂਸਰੇ ਨੰਬਰ ਦੀ, ਦੁਨੀਆਂ ਦੀ ਸਭ ਤੋਂ ਵੱਧ ਕੀਮਤੀ ਪ੍ਰਾਈਵੇਟ ਰਿਹਾਇਸ਼ੀ ਇਮਾਰਤ ਹੈ ।

**ਰਿਲਾਇੰਸ ਇੰਡਸਟਰੀਜ਼ ਲਿਮਿਟਿਡ:** ਜੇਕਰ ਅਡਾਨੀ ਦਾ ਖਾਧ ਅਨਾਜ ਤੇ ਟਰਾਂਸਪੋਰਟ ਇੰਡਸਟਰੀ ਉੱਪਰ ਮੁਕੰਮਲ ਗ਼ਲਬਾ ਹੈ ਤਾਂ ਅੰਬਾਨੀ ਨੇ ਪੂਰੇ ਭਾਰਤ ਵਿਚ 'ਰਿਲਾਇੰਸ ਰਿਟੇਲ' ਦਾ ਖਾਣ-ਪਦਾਰਥ (ਗਰੋਸਰੀ), ਸਬਜ਼ੀਆਂ, ਫ਼ਲ਼, ਫੁੱਲ, ਕਰਿਆਨੇ, ਲਿਬਾਸ, ਜੁੱਤੀਆਂ ਅਤੇ ਰੋਜ਼ਮੱਰਾ ਜ਼ਿੰਦਗੀ ਦੇ ਢੰਗ-ਤਰੀਕੇ, ਘਰ ਦੀ ਦਿੱਖ ਨਿਖ਼ਾਰਨ ਵਾਲੀਆਂ ਵਸਤਾਂ, ਇਲੈਕਟ੍ਰੌਨਿਕ ਦਾ ਸਮਾਨ, ਖੇਤੀ-ਉਪਕਰਨ ਅਤੇ ਨਿਵੇਸ਼, ਫੌਰੀ ਖੱਪਤਕਾਰੀ ਅਤੇ ਹੰਢਣਸਾਰ ਦੇ ਕਾਰੋਬਾਰ ਦਾ ਤੰਦੂਆ ਜਾਲ਼ ਵਿਛਾ ਰੱਖਿਆ ਹੈ। ਰਿਲਾਇੰਸ ਰਿਟੇਲ (4*) ਅੰਬਾਨੀ ਦੀ ਰਿਟੇਲ (ਪਰਚੂਨ) ਕੰਪਨੀ ਹੈ, ਜੋ ਰਿਲਾਇੰਸ ਇੰਡਸਟਰੀਜ਼ ਲਿਮਿਟਿਡ ਦੀ ਮਾਤਹਿਤ (ਸਹਾਇਕ) ਕੰਪਨੀ ਹੈ। 2006 ਵਿਚ ਸਥਾਪਿਤ ਹੋਈ ਇਹ ਰੈਵਿਨਿਊ ਦੇ ਪੱਖ ਤੋਂ ਭਾਰਤ ਦੀ ਸਭ ਤੋਂ ਵੱਡੀ ਕੰਪਨੀ ਹੈ। ਰਿਲਾਇੰਸ ਰਿਟੇਲ ਦੇ ਜਨਵਰੀ 2021 ਤੱਕ ਭਾਰਤ ਦੇ 7000 ਕਸਬਿਆਂ ਅਤੇ ਸ਼ਹਿਰਾਂ ਵਿੱਚ 30.2 ਮਿਲੀਅਨ ਵਰਗ ਫੁੱਟ ਏਰੀਏ ਦੇ 12201 ਸਟੋਰ ਸਨ, ਜਿਸ ਦੀ ਸਾਲਾਨਾਂ ਆਮਦਨ 162 ਬਿਲੀਅਨ ਰੁਪਏ (23 ਬਿਲਿਅਨ / US$) ਤੋਂ ਵੀ ਵੱਧ ਸੀ। ਰਿਲਾਇੰਸ ਰਿਟੇਲ ਦੀਆਂ ਮਾਤਹਿਤ ਕੰਪਨੀਆਂ ਅਤੇ ਵਿਭਾਗਾਂ ਦੀ ਗਿਣਤੀ ਤਾਂ 45 ਤੋਂ ਵੀ ਵੱਧ ਹੈ, ਪਰ ਹੇਠਾਂ ਸਿਰਫ਼ ਪ੍ਰਮੁੱਖ ਕੰਪਨੀਆਂ ਦੀ ਲਿਸਟ ਹੀ ਦਿੱਤੀ ਜਾ ਰਹੀ ਹੈ: ਰਿਲਾਇੰਸ ਫ਼ਰੈੱਸ਼; ਰਿਲਾਇੰਸ ਸਮਾਰਟ; ਰਿਲਾਇੰਸ ਡਿੱਜੀਟਲ; ਰਿਲਾਇੰਸ ਐੱਲ ਵਾਈ ਐੱਫ਼; ਰਿਲਾਇੰਸ ਜਿਊਲਜ਼; ਰਿਲਾਇੰਸ ਟਰੈਂਡਸ; ਰਿਲਾਇੰਸ ਮਾਰਕਿਟ ਐਂਡ ਰਿਲਾਇੰਸ ਮਾਰਕਿਟ ਹੋਲਸੇਲ ਕੈਸ਼ ਐਂਡ ਕੈਰੀ; ਏਜੀਉ; ਹੈਮਲੇਜ਼; ਜੀਉਮਾਰਟ; ਸ਼੍ਰੀ ਕਾਨਨ ਡਿਪਾਰਟਮੈਂਟ ਸਟੋਰ; ਫਿਊਚਰ ਗਰੁੱਪ; ਨੈੱਟਮੈਡਜ਼; ਅਰਬਨ ਲੈਡਰ ਆਦਿ।

ਅੰਬਾਨੀ ਦੀ ਰਿਲਾਇੰਸ ਰਿਟੇਲ ਦੋ ਕਰੋੜ ਫੇਰੀ ਵਿਕ੍ਰੇਤਾ (Street Vendors) ਅਤੇ ਪਰਚੂਨ ਦੀਆਂ ਛੋਟੀਆਂ ਦੁਕਾਨਾਂ ਅਤੇ ਖੋਖੇ ਵਾਲ਼ਿਆਂ ਦਾ ਰੁਜ਼ਗਾਰ ਖੋਹ ਰਹੀ ਹੈ ਅਤੇ ਆਉਣ ਵਾਲ਼ੇ ਸਮੇ ਵਿਚ ਕਈ ਕਰੋੜ ਹੋਰ ਲੋਕ ਇਸ ਦੀ ਮਾਰ ਵਿਚ ਆਉਣ ਦਾ ਖ਼ਦਸ਼ਾ ਯਕੀਨੀ ਬਣਦਾ ਜਾ ਰਿਹਾ ਹੈ। ਇਹ ਗਿਣਤੀ ਸਿਰਫ਼ ਉਹਨਾਂ ਦੀ ਹੈ ਜਿਨ੍ਹਾਂ ਦੀ ਕੋਈ ਪੱਕੀ ਦੁਕਾਨ ਜਾਂ ਖੋਖਾ ਨਹੀਂ ਹੈ, ਇਹ ਲੋਕ ਰੇੜ੍ਹੀਆਂ, ਸਾਈਕਲਾਂ, ਆਟੋ-ਰਿਕਸ਼ਿਆਂ ਆਦਿ 'ਤੇ ਆਪਣਾ ਸਮਾਨ ਗਲ਼ੀਉ-ਗਲ਼ੀ ਅਤੇ ਘਰੋ-ਘਰੀਂ ਵੇਚਕੇ ਉਪਜੀਵਕਾ ਕਮਾਉਂਦੇ ਅਤੇ ਆਪਣੇ ਪਰਵਾਰ ਪਾਲ਼ਦੇ ਹਨ। ਪੱਕੀਆਂ ਦੁਕਾਨਾਂ ਅਤੇ ਖੋਖਿਆਂ ਵਾਲ਼ਿਆਂ ਸਮੇਤ ਇਹ ਗਿਣਤੀ ਸ਼ਾਇਦ 2 ਕਰੋੜ ਤੋਂ ਵੀ ਵੱਧ ਹੋਵੇਗੀ। ਇਹਨਾਂ ਫੇਰੀ ਵਿਕ੍ਰੇਤਾ ਜਾਂ ਦੁਕਾਨਾਂ ਤੋਂ ਸੌਦਾ ਵੇਚਣ ਵਾਲ਼ੇ ਮਾਮੂਲੀ ਮੁਨਾਫ਼ਾ ਕਮਾ ਕੇ ਆਪਣੇ ਪਰਵਾਰ ਪਾਲ਼ਦੇ ਹਨ। ਭੇਡਚਾਲ ਇਨੀ ਹੈ ਰਿਲਾਇੰਸ ਰਿਟੇਲ ਵਰਗੇ ਮੈਗਾ ਸਟੋਰਾਂ ਤੋਂ ਸਮਾਨ ਖਰੀਦਣਾ ਮੱਧਵਰਗੀ ਅਤੇ ਉੱਚਵਰਗੀ 'ਸਾਊ ਲੋਕਾਂ' ਲਈ ਅੱਜਕੱਲ ਰੁਤਬੇ / ਹੈਸੀਅਤ ਦਾ ਪੈਮਾਨਾ ਬਣ ਗਿਆ ਹੈ! ਵਿਡੰਬਨਾਂ ਇਹ ਹੈ ਕਿ ਫਲ਼, ਸਬਜ਼ੀਆਂ ਤੇ ਹੋਰ ਸਮਾਨ ਖ਼ਰੀਦਣ ਸਮੇਂ ਇਹ ਲੋਕ ਕਿਵੇਂ ਫੇਰੀ ਵਿਕ੍ਰੇਤਾ ਨਾਲ਼ ਰੁੱਖੇ ਢੰਗ ਨਾਲ਼ ਪੇਸ਼ ਆਉਂਦੇ ਹਨ। ਪਰ ਇਹੀ ਲੋਕ ਜਦ 'ਜੀਉਮਾਰਟ' ਜਾਂਦੇ ਹਨ ਜਿੱਥੇ ਇਹੀ ਫਲ਼, ਸਬਜ਼ੀਆਂ ਅਤੇ ਸਮਾਨ ਦੇ ਰੇਟ 'ਤਿੰਨ ਤੋਂ ਤੇਰਾਂ' ਬਣ ਜਾਂਦੇ ਹਨ ਤਾਂ ਇਹ ਲੋਕ ਬਿਨਾ ਕਿੰਤੂ-ਪਰੰਤੂ ਕੀਤਿਆਂ ਪੂਰੀ ਕੀਮਤ ਦੇ ਕੇ ਨੌਕਰਾਂ ਹੱਥ ਝੋਲ਼ੇ ਪਕੜਾਈ ਸਟੋਰ 'ਚੋਂ ਇਕ ਵੱਖਰੇ ਮਿਜ਼ਾਜ ਨਾਲ਼ ਬਾਹਰ ਆਉਂਦੇ ਹਨ!

**ਰਿਲਾਇੰਸ ਜੀਉਕ੍ਰਿਸ਼ੀ:** ਰਿਲਾਇੰਸ ਜੀਉਕ੍ਰਿਸ਼ੀ ਨਾਲ਼ ਖੇਤ ਤੋਂ ਰਸੋਈ (ਫ਼ਾਰਮ ਟੂ ਫੋਰਕ) ਸੁਪਲਾਈ ਚੇਨ ਮਾਰਕਿਟ ਨੂੰ ਜਿੱਤਣ 'ਤੇ ਨਿਗ੍ਹਾ ਰੱਖ ਰਿਹਾ ਹੈ (5*): ਕਿਸਾਨਾਂ ਨੂੰ ਖੇਤੀ ਦੀ ਜ਼ਮੀਨ ਦੇ ਫ਼ਾਰਮਲੈਂਡ ਡੈਟਾ ਦੀ ਮੱਦਦ ਨਾਲ਼ ਸੂਖ਼ਮ ਖੇਤੀ ਕਰਨ ਲਈ ਰਿਲਾਇੰਸ ਨੇ ਹੁਣੇ ਹੀ ਜੀਉਕ੍ਰਿਸ਼ੀ ਐੱਪ ਉਤਾਰਿਆ ਹੈ। ਇਹ ਐੱਪ ਜਿਹੜੀ ਅਜੇ ਬੀਟਾ ਮੋਡ ਵਿਚ ਹੈ, ਡੈਟਾ ਐਨਾਲਿਕਟਸ ਦੀ ਮਦਦ ਨਾਲ਼ ਕਿਸਾਨਾਂ ਨੂੰ ਫਸਲਾਂ ਦੇ ਬੀਜਣ, ਪਾਣੀ ਲਾਉਣ, ਅਤੇ ਖਾਦ ਦੇਣ ਦੇ ਸਹੀ ਸਮੇਂ ਬਾਰੇ ਚੌਕਸ ਕਰੇਗੀ। ਕੰਪਨੀ ਦਾ ਵਿਸ਼ਵਾਸ ਹੈ ਕਿ ਇਹ ਉਤਪਾਦਨ ਅਤੇ ਝਾੜ ਵਧਾਏਗੀ। ਐਗਰੀ ਸੁਪਲਾਈ ਚੇਨ ਵਿਚ ਵੀ ਰਿਲਾਇੰਸ ਵੱਡੀਆਂ ਪੁਲਾਂਘਾਂ ਭਰ ਰਿਹਾ ਹੈ। ਬਿਜ਼ਨੈੱਸ ਸਟੈਂਡਰਡਜ਼ ਰਿਪੋਰਟ ਅਨੁਸਾਰ ਰਿਲਾਇੰਸ ਦਾ ਖੇਤ ਤੋਂ ਰਸੋਈ (ਫ਼ਾਰਮ ਟੂ ਫੋਰਕ) ਬਿਜ਼ਨੈੱਸ ਪਰਚੂਨ ਲਈ ਲੋੜੀਦੀਆਂ ਸਾਰੀਆਂ ਸਬਜ਼ੀਆਂ ਦਾ ਘੱਟੋ ਘੱਟ 50% ਫਸਲ ਦੀ ਕਟਾਈ ਤੋਂ ਲੈ ਕੇ ਸਟੋਰ ਤੱਕ ਪੁਜਣ ਲਈ 12 ਘੰਟੇ ਦਾ ਸਮਾਂ ਯਕੀਨੀ ਬਣਾਉਣ ਲਈ ਧਿਆਨ ਦੇਵੇਗਾ। ਇਸ ਨਾਲ਼ ਇਸਦੇ ਮੌਜੂਦਾ ਰਿਲਾਇੰਸ ਫ਼ਰੈੱਸ਼ ਅਤੇ ਜੀਉਮਾਰਟ ਅਤੇ ਦੂਸਰੇ ਸਟੋਰਾਂ ਨੂੰ ਫ਼ਾਇਦਾ ਪਹੁੰਚੇਗਾ। ਕੰਪਨੀ ਨੇ 77% ਫ਼ਲ ਸਿੱਧੇ ਕਿਸਾਨਾਂ ਤੋਂ ਪ੍ਰਾਪਤ ਕਰ ਲਏ ਹਨ। ਹੁਣ ਇਹ ਲੱਗਦਾ ਹੈ ਕਿ ਰਿਲਾਇੰਸ ਜੀਉ ਖੇਤੀ ਸੈਕਟਰ 'ਤੇ ਹਮਲਾ ਕਰਨ ਲਈ ਪੂਰੀ ਤਰ੍ਹਾਂ ਤਿਆਰ ਹੈ, ਜੋ ਕਿ ਦੇਸ਼ ਦੀ ਜੀ ਡੀ ਪੀ ਦਾ 15% ਬਣਦੀ ਹੈ। ਰਿਲਾਇੰਸ ਦਾ ਖੇਤ ਤੋਂ ਰਸੋਈ (ਫ਼ਾਰਮ ਟੂ ਫੋਰਕ) ਬਿਜ਼ਨੈੱਸ ਕਰਿਆਨੇ ਲਈ ਲੋੜੀਦੀਆਂ ਸਾਰੀਆਂ ਸਬਜ਼ੀਆਂ ਦਾ ਘੱਟੋ ਘੱਟ 50% ਫਸਲ ਦੀ ਕਟਾਈ ਤੋਂ ਲੈ ਕੇ ਸਟੋਰ ਤੱਕ ਪੁਜਣ ਲਈ 12 ਘੰਟੇ ਦਾ ਸਮਾਂ ਯਕੀਨੀ ਬਣਾਉਣ ਲਈ ਧਿਆਨ ਦੇਵੇਗਾ ।

**ਰਿਲਾਇੰਸ ਜੀਉ** : ਅੰਬਾਨੀ ਦਾ ਭਾਰਤ ਦੀ ਟੈਲੀਕਾਮ ਇੰਡਸਟਰੀ ਵਿਚ ਲਗਭਗ ਮੁਕੰਮਲ ਗਲਬਾ ਹੈ। ਰਿਲਾਇੰਸ ਜੀਉ ਨੇ ਆਪਣਾ ਅਸਰ-ਰਸੂਖ ਵਰਤ ਕੇ ਸਰਕਾਰੀ ਇਮਾਰਤਾਂ ਉੱਪਰ ਆਪਣੇ ਟਾਵਰ ਲਗਾਉਣ ਲਈ ਜ਼ਮੀਨ ਦੇ ਅਧਿਕਾਰ ਅਤੇ ਮਨਜ਼ੂਰੀ ਲੈ ਲਈ, ਜਿਸਦੀ ਹੋਰ ਕਿਸੇ ਆਪਰੇਟਰ ਨੂੰ ਇਜਾਜ਼ਤ ਨਹੀਂ ਸੀ। ਜੇਕਰ ਕੇਂਦਰ ਸਰਕਾਰ ਜਾਂ ਰਾਜ ਸਰਕਾਰ ਦੀ ਟਾਵਰ ਲਗਾਉਣ ਲਈ ਜ਼ਮੀਨ ਦੇ ਅਧਿਕਾਰ ਦੀ ਕੋਈ ਨੀਤੀ ਹੈ ਤਾਂ ਉਹ ਬਾਕੀ ਕੰਪਨੀਆਂ ਵਾਸਤੇ ਵੀ ਉਹੀ ਹੋਣੀ ਚਾਹੀਦੀ ਸੀ, ਪਰ ਅਜਿਹਾ ਨਹੀਂ ਹੋਇਆ। ਅੱਜ ਤੁਸੀਂ ਚੰਡੀਗੜ੍ਹ ਦੇ ਪਬਲਿਕ ਪਾਰਕਾਂ ਵਿਚ, ਪਿੰਡਾਂ ਵਿਚ ਸਰਕਾਰ ਦੇ ਸੁਵਿਧਾ ਕੇਂਦਰਾਂ, ਇਥੋਂ ਤੀਕ ਕਿ ਪੰਜਾਬ ਦੇ ਥਾਣਿਆਂ ਵਿਚ ਵੀ ਜੀਉ ਟਾਵਰ ਲੱਗੇ ਦੇਖ ਸਕਦੇ ਹੋ। ਇਸ ਦੀ ਕਿਸ ਨੇ ਮਨਜ਼ੂਰੀ ਦਿੱਤੀ? ਕੌਣ ਇਸਦਾ ਕਿਰਾਇਆ ਵਸੂਲ ਰਿਹਾ ਹੈ? ਮੇਜ਼ ਦੇ ਥੱਲੇ ਕੀ ਆਨ-ਪ੍ਰਦਾਨ ਹੋਇਆ? ਕਿਸੇ ਨੂੰ ਪਤਾ ਨਹੀਂ। ਇਹ ਰਿਆਇਤਾਂ ਕਿਸੇ ਹੋਰ ਕੰਪਨੀ ਨੂੰ ਕਿਉਂ ਨਹੀਂ? ਹੁਣ ਜਦ ਬੀ ਐੱਸ ਐੱਨ ਐੱਲ ਮਸਾਂ 4ਜੀ ਦੇ ਟੈਂਡਰ ਜਾਰੀ ਕਰਨ ਦੇ ਸਮਰੱਥ ਹੋਇਆ ਹੈ, ਤਾਂ ਟੈਂਡਰ ਦੀਆਂ ਸ਼ਰਤਾਂ ਵਿਚ ਛੁੱਚਰਾਂ ਡਾਹ ਕੇ ਮੋਦੀ ਸਰਕਾਰ ਇਸ ਨੂੰ ਹੋਰ ਲਮਕਾ ਕੇ ਨਵੇਂ ਸਿਰਿਉਂ ਟੈਂਡਰ ਜਾਰੀ ਕਰਨ ਦੀਆਂ ਹਦਾਇਤਾਂ ਦੇ ਰਹੀ ਹੈ, ਪਰ ਦੂਜੇ ਪਾਸੇ 'ਆਤਮਨਿਰਭਰ ਭਾਰਤ' ਨੂੰ 5ਜੀ ਨਾਲ਼ ਜੋੜ ਕੇ ਪ੍ਰਾਈਵੇਟ ਅਦਾਰੇ ਰਿਲਾਇੰਸ ਵੱਲੋਂ 2021 ਦੇ ਦੂਜੇ ਅੱਧ ਵਿਚ 5ਜੀ ਲਾਂਚ ਕਰਨ ਦਾ ਖੁੱਲਮ-ਖੁੱਲ੍ਹਾ ਪ੍ਰੋਤਸਾਹਨ ਕਰ ਰਹੀ ਹੈ। ਮੋਦੀ ਸਰਕਾਰ ਦੀ ਨਜ਼ਰੇ-ਇਨਾਇਤ ਨਾਲ਼ ਦੇਸ਼ ਦੇ ਸਭ ਤੋਂ ਅਮੀਰ ਵਿਅਕਤੀ ਨੇ 2016 ਤੋਂ ਸ਼ੁਰੂ ਤੋਂ ਲੈ ਕੇ ਰਿਲਾਇੰਸ ਜੀਉ ਦਾ ਮਾਰਕਿਟ ਵਿਚ ਐਸਾ ਛਿੱਕਾ ਮਾਰਿਆ ਕਿ ਛੋਟੇ ਕਾਰੋਬਾਰੀ ਸ਼ਰੀਕਾਂ ਨੂੰ ਜਾਂ ਤਾਂ ਆਪਣੇ ਵਿਚ ਹਜ਼ਮ ਕਰ ਲਿਆ ਜਾਂ ਉਹਨਾਂ ਨੂੰ ਧੰਦੇ 'ਚੋਂ ਬਾਹਰ ਧੱਕ ਦਿਤਾ ਹੈ।

**ਮੋਬਾਈਲ ਟਾਵਰ ਅਤੇ ਈ ਐੱਮ ਐੱਫ਼:** ਭਾਰਤ ਵਿਚ ਮੋਬਾਈਲ ਟਾਵਰਾਂ ਤੋਂ ਪੈਦਾ ਹੋਣ ਵਾਲ਼ੀ ਇਲੈੱਕਟ੍ਰੋ ਮੈਗਨੈਟਿਕ ਫ਼ੀਲਡ ਰੇਡੀਏਸ਼ਨ (ਈ ਐੱਮ ਐੱਫ਼) ਦੇ ਮਿਆਰ ਮਿਥਣ ਲਈ ਭਾਰਤ ਸਰਕਾਰ ਨੇ 2008 ਵਿਚ ਇੰਟਰਨੈਸ਼ਨਲ ਕਮਿਸ਼ਨ ਫ਼ਾਰ ਨਾਨ-ਆਇਉਨਾਈਜ਼ਿੰਗ ਰੇਡੀਏਸ਼ਨ ਪ੍ਰੋਟੈੱਕਸ਼ਨ (ICNIRP) (6*) ਦੀਆਂ ਗਾਈਡਲਾਈਨਜ਼ ਨੂੰ ਅਪਣਾਇਆ। ਉਪਰੇਟਰਾਂ ਦੇ ਲਾਈਸੈਂਸ ਦੀਆਂ ਸ਼ਰਤਾਂ 4.11.2008 ਨੂੰ ਸੋਧੀਆਂ ਗਈਆਂ, ਜਿਸ ਵਿਚ (ICNIRP) ਦੀਆਂ ਰੇਡੀਏਸ਼ਨ ਦੇ ਮਿਥੇ ਮਾਪ-ਦੰਡ ਦੀ ਤਾਮੀਲ ਦੀਆਂ ਹਦਾਇਤਾਂ ਸਨ। ਰੇਡੀਏਸ਼ਨ ਦੇ ਸੋਧੇ ਹੋਏ ਮਾਪ-ਦੰਡ: 2010 ਵਿਚ ਡਿਪਾਰਟਮੈਂਟ ਆਫ਼ ਟਰਾਂਸਪੋਰਟੇਸ਼ਨ (Dot) ਦੁਆਰਾ ਸੰਸਥਾਪੀ ਇੰਟਰ ਮਿਨਿਸਟ੍ਰੀਅਲ ਕਮੇਟੀ ਦੀਆਂ ਸਿਫ਼ਾਰਸ਼ਾਂ ਉੱਤੇ ਆਧਾਰਿਤ ਮੋਬਾਈਲ ਟਾਵਰਾਂ ਤੋਂ ਪੈਦਾ ਹੋਣ ਵਾਲ਼ੀ ਇਲੈੱਕਟ੍ਰੋ ਮੈਗਨੈਟਿਕ ਰੇਡੀਏਸ਼ਨ ਦੇ ਲੈਵਲ ਨੂੰ ਘਟਾ ਕੇ ICNIRP ਦੇ ਮਿਥੇ ਲੈਵਲ ਦਾ ਮਹਿਜ਼ ਦਸਵਾਂ ਹਿੱਸਾ ਕਰ ਦਿੱਤਾ ਗਿਆ। ਜਾਪਦਾ ਹੈ ਕਿ ਉੱਪਰ ਦਿੱਤੇ ਇੰਟਰਨੈਸ਼ਨਲ ਮਾਪਦੰਡ ਭਾਰਤ ਵਿਚ ਮਹਿਜ਼ ਖਾਨਾਪੂਰਤੀ ਕਰਨ ਵਾਸਤੇ ਹੀ ਅਪਣਾਏ ਗਏ ਹਨ, ਵਾਸਤਵ ਵਿਚ ਅੰਬਾਨੀ ਵਰਗੇ ਪੂੰਜੀਪਤੀ ਘਰਾਣਿਆਂ ਦੇ ਹਿਤਾਂ ਦੀ ਪੂਰਤੀ ਲਈ ਇਸ ਵਿਚ ਜਿਸ ਵਸੀਹੀ ਪੱਧਰ 'ਤੇ ਛੋਟਾਂ (ਦਸਵਾਂ ਹਿੱਸਾ) ਦਿੱਤੀਆਂ ਗਈਆਂ ਹਨ, ਉਹ ਰੇਡੀਏਸ਼ਨ ਦੇ ਇੰਟਰਨੈਸ਼ਨਲ ਮਾਪਦੰਡਾਂ ਦੀ ਘੋਰ ਉਲੰਘਣਾਂ ਹੈ। ਭਾਵੇਂ ਦਲੀਲ ਦਿੱਤੀ ਜਾ ਸਕਦੀ ਹੈ ਕਿ ਇਹ ਛੋਟਾਂ ਤਾਂ ਭਾਰਤ ਦੀ ਸਾਰੀ ਟੈਲੀਕਾਮ ਇੰਡਸਟਰੀ ਵਾਸਤੇ ਲਾਗੂ ਹੁੰਦੀਆਂ ਹਨ, ਪਰ ਸਭ ਨੂੰ ਪਤਾ ਹੈ ਆਖ਼ਰ ਵਿਚ ਇਸਦਾ ਫ਼ਾਇਦਾ ਅੰਬਾਨੀਆਂ ਵਰਗੇ ਵੱਡੇ ਖਿਡਾਰੀਆਂ ਨੂੰ ਹੀ ਹੋਣਾ ਹੈ।

**ਸੈੱਲ ਫ਼ੋਨ ਟਰਾਂਸਮਿਸ਼ਨ ਖੰਭੇ ਦੇ ਨੇੜੇ ਰਹਿਣ ਦਾ ਕੈਂਸਰ ਹੋਣ ਦੀ ਦਰ 'ਤੇ ਅਸਰ** : The Influence of Being Physically Near to a Cell Phone Transmission Mast on the Incidence of Cancer(7*): ਇਹ ਰੀਸਰਚ ਜਰਮਨੀ ਦੇ ਬਾਵਾਰੀਆ ਸੂਬੇ ਦੇ ਨਾਇਲਾ ਸ਼ਹਿਰ ਵਿਚ 1994 ਤੋਂ 2004 ਤੱਕ ਦੇ ਸਮੇਂ ਵਿੱਚ ਕੀਤੀ ਗਈ ਸੀ। ਨਾਇਲਾ ਦੀ ਸਟੱਡੀ ਰਿਪੋਰਟ ਇਹ ਸਿੱਟਾ ਕੱਢਦੀ ਹੈ ਕਿ ਪਿਛਲੇ ਦਸ ਸਾਲਾਂ (1994-2004) ਦੌਰਾਨ ਜਿਹੜੇ ਵਿਅਕਤੀ ਸੈੱਲੂਲਰ ਟਰਾਂਸਮਿੱਟਰ ਤੋਂ 400 ਮੀਟਰ ਦੇ ਘੇਰੇ ਵਿਚ ਰਹਿੰਦੇ ਸਨ, ਵਿਚ ਕੈਂਸਰ ਹੋਣ ਦਾ ਖ਼ਤਰਾ ਉਹਨਾਂ ਲੋਕਾਂ ਤੋਂ ਤਿੰਨ ਗੁਣਾਂ ਵੱਧ ਸੀ ਜਿਹੜੇ ਇਸ ਤੋਂ ਵਧੇਰੇ ਦੂਰੀ 'ਤੇ ਰਹਿੰਦੇ ਸਨ। ਯਾਦ ਰਹੇ ਕਿ ਇਕੱਲੇ ਰਿਲਾਇੰਸ ਜੀਉ ਇੰਫ਼ਰਾਟੈੱਲ ਦੇ ਪੋਰਟਫੋਲੀਉ ਵਿਚ ਤਕਰੀਬਨ 130,000 ਟੈਲੀਕਾਮ ਟਾਵਰ ਹਨ। ਭਵਿੱਖ ਵਿਚ ਹੋਰ ਟਾਵਰ ਲੱਗਣ ਨਾਲ਼ ਇਹ

ਗਿਣਤੀ 175,000 ਹੋ ਜਾਣ ਦੀ ਸੰਭਾਵਨਾ ਹੈ। ਇਸ ਤੋਂ ਪੈਦਾ ਹੋਣ ਵਾਲੀ ਇਲੈੱਕਟ੍ਰੋ ਮੈਗਨੈਟਿਕ ਫ਼ੀਲਡ ਰੇਡੀਏਸ਼ਨ ਅਤੇ ਸੰਭਾਵਿਤ ਕੈਂਸਰ ਦਾ ਅੰਦਾਜ਼ਾ ਲਾਇਆ ਜਾ ਸਕਦਾ ਹੈ। ਦੁਰਭਾਗ ਦੀ ਗੱਲ ਇਹ ਹੈ ਕਿ ਰਿਲਾਇੰਸ ਜੀਓ ਵੱਲੋਂ ਪਬਲਿਕ ਨੂੰ ਇਸ ਬਾਰੇ ਪੂਰੀ ਤਰ੍ਹਾਂ ਹਨੇਰੇ ਵਿਚ ਰੱਖਿਆ ਜਾ ਰਿਹਾ ਹੈ। ਦੂਜੇ ਪਾਸੇ ਲੋਕਾਂ ਨੂੰ ਭਰਮਾਉਣ ਲਈ ਵੱਡੇ ਵੱਡੇ ਲਾਲਚ ਦਿੱਤੇ ਜਾ ਰਹੇ ਹਨ, ਰਿਲਾਇੰਸ ਜੀਓ ਲੋਕਾਂ ਨੂੰ ਆਪਣੇ ਘਰ ਦੀ ਛੱਤ ਜਾਂ ਜ਼ਮੀਨ 'ਤੇ ਟਾਵਰ ਲਾਉਣ ਦਾ ਕਿਰਾਇਆ 50,000 ਰੁਪਏ ਪ੍ਰਤੀ ਮਹੀਨਾ ਤੱਕ ਦੀ ਪੇਸ਼ਕਸ਼ ਕਰ ਰਿਹਾ ਹੈ।

**ਕੰਟਰੈਕਟ ਫ਼ਾਰਮਿੰਗ:** 4 ਜਨਵਰੀ, 2021 ਨੂੰ ਇਕ ਪਬਲਿਕ ਸਟੇਟਮੈਂਟ ਵਿਚ ਰਿਲਾਇੰਸ ਇੰਡਸਟਰੀਜ਼ ਲਿਮਿਟਿਡ (ਆਰ ਆਈ ਐੱਲ) ਨੇ ਕਿਸਾਨਾਂ ਨੂੰ ਯਕੀਨ ਦੁਆਇਆ ਗਿਆ ਸੀ ਕਿ ਉਹਨਾਂ ਦੀ ਠੇਕੇ 'ਤੇ ਖੇਤੀ ਜਾਂ ਖੇਤੀ ਦੀ ਜ਼ਮੀਨ ਖ਼ਰੀਦਣ ਵਿਚ ਕੋਈ ਰੁਚੀ ਨਹੀਂ, ਅਤੇ ਇਸ ਤਰ੍ਹਾਂ ਕਰਨ ਦਾ ਉੱਕਾ ਹੀ ਵਿਚਾਰ ਨਹੀਂ ਹੈ। ਪਰ ਆਰ ਆਈ ਐੱਲ ਦੇ ਵੱਡੇ ਮਾਰਕੇ ਵਾਲੇ ਪ੍ਰੋਗਰਾਮ ਜਿਵੇਂ ਕਿ 'ਭਾਰਤ ਇੰਡੀਆ ਜੋੜੋ' (ਬੀ ਆਈ ਜੀ) ਸਕੀਮ ਅਤੇ ਬਾਇਓਡੀਜ਼ਲ ਦੀ ਪੈਦਾਵਾਰ ਵਿਚ ਕਿਸਾਨਾਂ ਦੀ ਸ਼ਮੂਲੀਅਤ ਦੀ ਯੋਜਨਾ ਬਾਰੇ ਖੇਤੀ ਵਿਗਿਆਨੀ ਏ. ਪਰਸਾਦ ਰਾਉ ਨੇ 2013 ਵਿਚ 'ਫ਼ਰੰਟਲਾਈਨ' (8*) ਵਿਚ ਛਪੇ ਲੇਖ ਵਿਚ ਕਿਹਾ ਹੈ ਕਿ ਜਿੱਥੇ ਜ਼ਮੀਨ ਦੇ ਵਾਹੁਣ ਤੋਂ ਲੈ ਕੇ ਖੇਤੀ ਦੇ ਸੰਦਾਂ ਅਤੇ ਤਕਨੀਕ ਦੇ ਖ਼ਰਚੇ ਪਹਿਲੇ ਤਿੰਨ ਸਾਲ ਇਸ ਪ੍ਰੋਗਰਾਮ ਦੇ ਜ਼ਰੀਏ ਚੁੱਕੇ ਜਾਣਗੇ, ਇਹ ਨਾਲ ਹੀ ਕਿਸਾਨਾਂ 'ਤੇ ਇਕਰਾਰਨਾਮਿਆਂ ਦੀਆਂ ਸ਼ਰਤਾਂ ਮੜ੍ਹ ਦਿੰਦਾ ਹੈ। ਰਾਉ ਨੇ ਕਿਹਾ ਕਿ ਅਨਜਾਣੇ 'ਚ ਕਿਸਾਨ ਅੰਗਰੇਜ਼ੀ-ਭਾਸ਼ਾ ਵਿਚ ਲਿਖੇ ਕੰਟਰੈੱਕਟ ਦੀਆਂ ਸ਼ਰਤਾਂ ਨੂੰ ਪਰਵਾਨ ਕਰਨ ਲਈ ਸਹਿਮਤ ਹੋ ਗਏ ਹਨ, ਜਿਸ ਵਿਚ ਇਹ ਸ਼ਰਤ ਵੀ ਸ਼ਾਮਲ ਹੈ ਕਿ ਠੇਕੇ ਦੀ ਤਿੰਨ ਸਾਲ ਦੀ ਮਿਆਦ ਖ਼ਤਮ ਹੋਣ ਤੱਕ ਸਮਝੌਤੇ ਦੀਆਂ ਸ਼ਰਤਾਂ ਜ਼ਾਹਿਰ ਨਹੀਂ ਕੀਤੀਆਂ ਜਾਣੀਆਂ ਚਾਹੀਦੀਆਂ ਅਤੇ ਇਹ ਕਿ ਕੋਈ ਵੀ ਝਗੜਾ ਕੇਵਲ ਰਿਲਾਇੰਸ ਦੇ ਹੈੱਡਕੁਅਰਟਰ (ਮੁੰਬਈ) ਵਿਖ਼ੇ ਹੀ ਨਿਪਟਾਇਆ ਜਾ ਸਕੇਗਾ, ਜਿਸ ਦਾ ਮਤਲਬ ਹੈ ਕਿਸਾਨਾਂ ਨੂੰ ਕਿਸੇ ਕਾਨੂੰਨੀ ਮੱਦਦ ਤੋਂ ਵਾਂਝਿਆਂ ਰੱਖਣਾ। ਬਿਲਾਸਪੁਰ (ਛੱਤੀਸਗੜ੍ਹ) ਦੇ ਇਕ ਸੋਸ਼ਲ ਵਰਕਰ ਨੇ 'DownToEarth' ਨੂੰ ਦੱਸਿਆ ਕਿ ਵੱਡੀਆਂ ਕਾਰਪੋਰੇਸ਼ਨਾਂ ਸਰਕਾਰ ਦੁਆਰਾ ਜੈਟਰੋਫ਼ਾ (ਜਿਸ ਤੋਂ ਬਾਇਓਡੀਜ਼ਲ ਬਣਾਇਆ ਜਾਂਦਾ ਹੈ) ਦੀ ਕੀਤੀ ਮਸ਼ਹੂਰੀ ਨੂੰ ਭਾਰੀਆਂ-ਖੁੱਲ੍ਹੀਆਂ ਚਰਾਗਾਹਾਂ ਅਤੇ ਜੰਗਲਾਤ ਵਾਲੀ ਜ਼ਮੀਨ ਦੇ ਵੱਡੇ ਖੱਤਿਆਂ ਨੂੰ ਹੜੱਪਣ ਲਈ ਵਰਤਣਗੀਆਂ। ਉਸਨੇ ਇਹ ਵੀ ਕਿਹਾ ਕਿ ਰਾਜ-ਸਰਕਾਰ ਨੇ 200,000 ਹੈਕਟੇਅਰ ਜ਼ਮੀਨ ਰਿਲਾਇੰਸ ਵਰਗੀ ਵੱਡੀ ਕੰਪਨੀ ਨੂੰ ਦੇਣ ਦਾ ਵਾਅਦਾ ਕੀਤਾ ਹੈ। 2008 ਦੇ ਸ਼ੁਰੂ ਵਿਚ 'ਲਵਮਿੰਟ' ਦਾ ਕਥਨ ਸੀ ਕਿ RLS ਨੇ ਆਂਧਰਾ ਪਰਦੇਸ਼, ਮਹਾਰਾਸ਼ਟਰਾ, ਮੱਧ ਪਰਦੇਸ਼ ਅਤੇ ਗੁਜਰਾਤ ਦੇ ਕਿਸਾਨਾਂ ਨਾਲ 100,000 ਏਕੜ ਦੇ ਸਮੂਹ ਖੱਤਿਆਂ ਉੱਪਰ 100,000 ਟੰਨ ਬਾਇਓ ਡ੍ਰਿਊਲ ਕਸ਼ੀਦਣ ਦੇ ਕਾਰਖ਼ਾਨੇ ਲਗਾਉਣ ਬਾਰੇ "ਗੱਠ-ਬੰਧਨ ਕੀਤਾ" ਹੈ। RLS ਨੇ ਨਿਜ਼ਾਮਾਬਾਦ ਦੀ 2,200 ਏਕੜ ਬੰਜਰ ਭੂਮੀ ਉੱਪਰ ਇਕ ਤੇ ਦੋ ਸਾਲ ਪੁਰਾਣੇ ਜੈਟਰੋਫ਼ਾ ਦੇ ਬਗੀਚੇ ਲਾਉਣ ਦੇ 1,200 ਕਿਸਾਨਾਂ ਨਾਲ ਸਮਝੌਤੇ 'ਤੇ ਦਸਤਖ਼ਤ ਕੀਤੇ ਹਨ। ਜਦ 'ਸਬਰੰਗ' ਨੇ ਕੰਪਨੀ ਦੇ ਇਸ ਕਥਨ ਬਾਰੇ ਕਿਸਾਨ ਆਗੂ ਹਾਨਨ ਮੋਲਾਹ ਤੱਕ ਪਹੁੰਚ ਕੀਤੀ ਤਾਂ ਉਸ ਨੇ ਕਿਹਾ "ਰਿਲਾਇੰਸ ਦੀ ਆਪਣੀ ਮਾਲਕੀ ਹੇਠ ਹਜ਼ਾਰਾਂ ਏਕੜ ਜ਼ਮੀਨ ਹੈ। ਇਹ ਜ਼ਮੀਨ ਕਿਸੇ ਅਸਮਾਨ ਤੋਂ ਨਹੀਂ ਡਿੱਗੀ ਬਲਕਿ ਕਿਸਾਨਾਂ ਤੋਂ ਹੀ ਲਈ ਗਈ ਹੈ। ਸਾਨੂੰ ਪੱਕਾ ਪਤਾ ਹੈ ਕਿ ਭਵਿੱਖ ਵਿਚ ਵੀ ਉਹ ਲਗਾਤਾਰ ਇੰਝ ਹੀ ਕਰਨਗੇ। ਇਸੇ ਤਰ੍ਹਾਂ ਰਿਲਾਇੰਸ ਇੰਡਸਟਰੀਜ਼ ਨੇ ਨਵੀਂ ਮੁੰਬਈ ਸਪੈਸ਼ਲ ਇਕਨੌਮਿਕ ਜ਼ੋਨ (NMSEZ) (9*) ਕੋਲੋਂ ਗਲੋਬਲ ਇਕਨੌਮਿਕ ਹੱਬ ਬਣਾਉਣ ਵਾਸਤੇ ਸ਼ੁਰੂਆਤੀ ਰਕਮ 2,180 ਕਰੋੜ ਰੁਪਏ ਦੇ ਕੇ 4,000 ਏਕੜ ਜ਼ਮੀਨ ਠੇਕੇ 'ਤੇ ਲਈ ਹੈ। ਰਿਲਾਇੰਸ, ਜੋ ਕਿ ਦੇਸ਼ ਵਿਚ ਅੰਬਾਂ ਦਾ ਸਭ ਤੋਂ ਵੱਡਾ ਉਤਪਾਦਕ ਹੈ, ਜਾਮਨਗਰ, ਗੁਜਰਾਤ ਵਿਖ਼ੇ 600 ਏਕੜ ਜ਼ਮੀਨ ਦਾ ਮਾਲਕ ਹੈ। ਇਸ ਦੇ ਬਾਵਜੂਦ, ਉਸਦਾ ਬਿਆਨ ਹੈ ਕਿ ਕੰਪਨੀ ਕੋਲ ਖੇਤੀ ਦੀ ਜ਼ਮੀਨ ਨਹੀਂ ਹੈ, ਇਕ ਕੋਰਾ ਝੂਠ ਹੈ।

ਅਸੀਂ ਦੇਖ ਸਕਦੇ ਹਾਂ ਕਿ ਕਿਸਾਨ ਅੰਦੋਲਨ ਦੌਰਾਨ ਪੰਜਾਬ ਵਿਚ ਉਖਾੜੇ ਗਏ ਜੀਓ ਟਾਵਰਾਂ ਨੂੰ ਲੈ ਕੇ ਅੰਬਾਨੀ ਦਾ ਬਿਆਨ ਕਿ ਉਹਨਾਂ ਦੀ "ਠੇਕੇ 'ਤੇ ਖੇਤੀ ਜਾਂ ਖੇਤੀ ਦੀ ਜ਼ਮੀਨ ਖ਼ਰੀਦਣ ਵਿਚ ਕੋਈ ਰੁਚੀ ਨਹੀਂ", ਅਤੇ "ਇਸ ਤਰ੍ਹਾਂ ਕਰਨ ਦਾ ਉੱਕਾ ਹੀ ਵਿਚਾਰ ਨਹੀਂ ਹੈ" ਉਨਾ ਹੀ ਸੱਚਾ ਹੈ ਜਿੰਨੇ ਮੋਦੀ ਦੇ ਜੁਮਲੇ ਕਿ 'ਬੀ ਜੇ ਪੀ ਦੀ ਸਰਕਾਰ ਬਣਦਿਆਂ ਹੀ ਕਾਲੇ ਧਨ ਨੂੰ ਵਾਪਸ ਲਿਆਵਾਂਗੇ', 'ਲੋਕਾਂ ਦੇ ਖਾਤੇ ਵਿਚ 15-15 ਲੱਖ ਰੁਪਏ ਜਮ੍ਹਾਂ ਕਰਾਵਾਂਗੇ', 'ਹਰ ਸਾਲ ਦੋ ਕਰੋੜ ਲੋਕਾਂ ਨੂੰ ਰੁਜ਼ਗਾਰ ਦਿਆਂਗੇ', ਵਗੈਰਾ ਵਗੈਰਾ।

ਧੰਨਵਾਦ ਸਹਿਤ ਹਵਾਲੇ: (1*) Agreement on Agriculture (AoA) Uruguay Round Agreement; (2*) Mukesh Ambani (forbes.com); (3*) Wikipedia, the free encyclopedia: Antilia Building; (4*) Wikipedia: Reliance Retail; (5*) INC42 PLUS, ?????? ????, 29 June 2020; (6*) OVERVIEW OF INDIAN POLICY "Electro Magnetic Field (EMF) Radiation from Mobile Towers & Handsets"; (7*) The Influence of Being Physically Near to a Cell Phone Transmission Mast on the Incidence of Cancer; (8*) Is Reliance Not Walking the Talk on Contract Farming? Courtesy: Sabrangindia, 17 January 2021; (9*) The Economic Times, PTI March 08, 2019: Reliance Industries leases 4,000 acre land from Navi Mumbai SEZ for economic hub

# ਦੇਸ ਭਗਤੀ: ਖੇਤੀ ਕਾਨੂੰਨ, ਸੰਘਰਸ਼ ਤੇ ਸਰਕਾਰ

ਜਗਮੇਲ ਸਿੰਘ



ਸੰਘਰਸਾਂ ਦੇ ਖੇਤਰ ਵਿੱਚ ਨਵੀਆਂ ਨਰੋਈਆਂ ਪੈੜਾਂ ਪਾਉਂਦਿਆਂ ਦਾਇਰਾ ਤੇ ਦਬਾਅ ਵਧਾ ਰਹੇ ਕਿਸਾਨ ਘੋਲ ਦੀ ਚੁਣੌਤੀ ਨੂੰ ਕੁਚਲਣਾ ਸਰਕਾਰ ਲਈ ਸਿਰਦਰਦੀ ਬਣਿਆ ਹੋਇਆ ਹੈ। ਸਿਰਦਰਦੀ ਇਸ ਕਰਕੇ ਵੀ ਬਣੀ ਹੋਈ ਹੈ ਕਿ ਸਬਰ, ਸਿਦਕ, ਸਿਰੜ, ਸਿਸਤ ਅਤੇ ਵਿਸਵ-ਵਿਆਪੀ ਲੋਕ ਰਾਇ ਤੇ ਹਮਾਇਤ ਦੀ ਜੁੜਵੀਂ-ਤਾਕਤ, ਸਰਕਾਰਾਂ ਵੱਲੋਂ ਥੋਕ ਰੂਪ ਵਿੱਚ ਵਰਤੇ ਜਾਂਦੇ ਨਿਸੰਗ ਲਾਠੀ-ਗੋਲੀ ਵਾਲੇ ਜਾਬਰ ਹੱਥਾਂ ਨੂੰ ਰੋਕਦੀ ਹੈ। ਰਾਜ ਸੱਤਾ ਤੇ ਬਣੇ ਰਹਿਣ ਵਾਲਿਆਂ ਲਈ ਸਿਆਸੀ ਖੋਰੇ ਦਾ ਝੋਰਾ ਵੱਡਾ ਹੁੰਦਾ ਹੈ। ਇਹ ਸਿਰਦਰਦੀ ਹਟਾਉਣ ਲਈ ਰਾਸ਼ਟਰਵਾਦ ਦੇ ਜਨੂੰਨ ਨੂੰ ਹੱਥਾ ਬਣਾਇਆ ਗਿਆ ਹੈ ਸਰਕਾਰ ਨੇ ਭਾਰਤੀ ਜਨਤਾ ਪਾਰਟੀ ਤੇ ਰਾਸ਼ਟਰੀ ਸੋਇਮ ਸੇਵਕ ਸੰਘ ਦੇ ਹਿੰਦੂ ਰਾਸਟਰਵਾਦ ਦੇ ਫਿਰਕੂ ਅਜੰਡੇ ਨੂੰ ਮੁਲਕ ਸਿਰ ਮੜ੍ਹਨਾ ਆਪਣਾ ਪਰਮ ਧਰਮ ਬਣਾਇਆ ਹੋਇਆ ਹੈ। ਫਿਰਕੂ ਪਾਲਾਬੰਦੀਆਂ ਨੂੰ ਰਾਜਸੀ ਤਾਕਤ ਹਾਸਲ ਕਰਨ ਜਾਂ ਹਾਸਲ 'ਤੇ ਗਲਬਾ ਪਾਈ ਰੱਖਣ ਦੇ ਸਾਧਨ ਵਜੋਂ ਵਰਤਿਆ ਜਾ ਰਿਹਾ ਹੈ। ਏਹਦੇ ਲਈ ਸਰਕਾਰੀ ਸਰਪ੍ਰਸਤੀ ਹੇਠ ਜੁੜੀਆਂ ਫਿਰਕੂ ਕਾਤਲੀ ਭੀੜਾਂ ਦੀ ਅਨੇਕਾਂ ਵਾਰ ਪਰਦਾ ਰਹਿਤ ਵਰਤੋਂ ਕੀਤੀ ਗਈ ਹੈ। ਸਰਕਾਰ ਜਾਂ ਪਾਰਟੀ ਤੋਂ ਵੱਖਰੇ ਵਿਚਾਰਾਂ ਨੂੰ ਰਾਸਟਰ ਵਿਰੋਧੀ ਕਹਿ ਕੇ ਭੰਡਿਆ ਤੇ ਜੇਲ੍ਹੀਂ ਡੱਕਿਆ ਜਾ ਰਿਹਾ ਹੈ।

2014 ਵਿੱਚ ਕੁਰਸੀ ਉਪਰ ਬੈਠਦਿਆਂ ਸਾਰ 'ਦੇਸ ਭਗਤੀ' ਦਾ ਤਮਗਾ ਖੁਦ ਹੀ ਜੇਬ 'ਤੇ ਟੰਗ ਕੇ ਚੱਲ ਰਹੀ ਸਰਕਾਰ ਨੇ ਖੇਤੀ ਕਾਨੂੰਨਾਂ ਦਾ ਵਿਰੋਧ ਸ਼ੁਰੂ ਹੁੰਦਿਆਂ ਹੀ ਦੇਸ ਭਗਤੀ ਦੇ ਝੂਠ ਦੀਆਂ ਪੰਡਾਂ ਸਿਰਾਂ 'ਤੇ ਧਰ ਲੋਕਾਂ ਵਿੱਚ ਵਰਤਾਉਣ ਚੜ੍ਹ ਪਈ। "ਕਿਸਾਨਾਂ ਦੀ ਆਮਦਨੀ ਦੁੱਗਣੀ ਕਰਨ ਅਤੇ ਦੇਸ ਦਾ ਵਿਕਾਸ ਕਰਨ" ਦਾ ਰਟਣ ਮੰਤਰ ਸ਼ੁਰੂ ਕਰ ਦਿੱਤਾ। ਮੰਤਰੀਆਂ ਤੇ ਅਫਸਰਸਾਹੀ ਦਾ ਲਾਮ ਲਸਕਰ ਵੱਖ ਵੱਖ ਸੂਬਿਆਂ ਵਿਚ ਭੇਜਿਆ ਗਿਆ ਟੈਕਸਾਂ ਰਾਹੀਂ ਲੋਕਾਂ ਤੋਂ ਇੱਕਠਾ ਕੀਤਾ ਢਾਈ ਸੌ ਕਰੋੜ ਰੁਪਈਆ ਰੋੜ੍ਹ ਦਿੱਤਾ।

ਦੇਸ ਭਗਤੀ ਦੇ ਨਾਂ ਦੇ ਥੱਲੇ, ਕਿਸਾਨ ਘੋਲ 'ਤੇ ਬੋਲਣ ਹੱਲੇ : ਸਰਕਾਰ ਨੇ ਘੋਲ ਨੂੰ ਦੇਸ-ਵਿਰੋਧੀ ਅਤੇ ਘੋਲ ਵਿੱਚ ਸਾਮਲ ਲੋਕਾਂ ਨੂੰ ਦੇਸ-ਧ੍ਰੋਹੀ ਗਰਦਾਨਣ ਦੀਆਂ ਕੋਸ਼ਿਸ਼ਾਂ ਕੀਤੀਆਂ ਹਨ। ਘੋਲ ਨੂੰ ਪੰਜਾਬੀਆਂ, ਖਾਲਸਤਾਨੀਆਂ, ਅੱਤਵਾਦੀਆਂ, ਸ਼ਹਿਰੀ ਨਕਸਲੀਆਂ, ਕਾਮਰੇਡਾਂ ਦਾ ਘੋਲ ਹੋਣ ਦਾ ਲੇਬਲ ਲਾ ਕੇ ਹਿਮਾਇਤ ਤੋਂ ਨਿਖੇੜ ਕੇ ਖਤਮ ਕਰਨ ਦੀ ਚਾਲ ਚੱਲੀ ਗਈ ਹੈ। ਸਰਕਾਰ, ਭਾਜਪਾ ਤੇ ਰਾਸਟਰੀ ਸੋਇਮ ਸੇਵਕ ਸੰਘ ਦੇ ਆਈ. ਟੀ. ਸੈੱਲ ਵੱਲੋਂ ਅਤੇ ਸਰਕਾਰ ਪੱਖੀ ਮੀਡੀਏ ਵੱਲੋਂ ਇਹ ਪ੍ਰਚਾਰਨ 'ਤੇ ਪੂਰਾ ਟਿੱਲ ਲਾਇਆ ਗਿਆ ਹੈ ਕਿਸਾਨ ਘੋਲ 'ਤੇ ਇੱਕ ਧਰਮ ਦਾ ਠੱਪਾ ਲਾ ਕੇ, ਘੋਲ ਨੂੰ ਇਕ ਰਾਜ ਦਾ ਘੋਲ ਦੱਸ ਕੇ, ਦੂਜੇ ਰਾਜਾਂ ਵਿੱਚ ਉਲਟ ਲਾਮਬੰਦੀ ਦੀਆਂ ਕੋਸ਼ਿਸ਼ਾਂ ਕਰਕੇ, ਤਿਰੰਗੇ ਦੇ ਅਪਮਾਨ ਦਾ ਝੂਠਾ ਰਾਮ ਰੌਲਾ ਪਾ ਕੇ ਦੰਗੇ-ਫਸਾਦ ਭੜਕਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ ਹਨ। ਡਰਾਉਣ ਭਜਾਉਣ ਦੀ ਨੀਤ ਨਾਲ ਸਥਾਨਕ ਲੋਕਾਂ ਦੇ ਨਾਂ ਹੇਠ ਫਿਰਕੂ ਗੁੰਡਾ ਟੋਲਿਆਂ ਤੋਂ ਦਿੱਲੀ ਅੰਦਰ ਕਿਸਾਨ ਮੋਰਚਿਆਂ 'ਤੇ ਹਮਲਾ ਕਰਵਾਇਆ ਗਿਆ ਹੈ। ਮੋਰਚਿਆਂ ਦੀ ਜੇਲ੍ਹਬੰਦੀ ਕੀਤੀ ਗਈ ਲੋਹੇ ਤੇ ਕੰਕਰੀਟ ਦੀ ਬੈਰੀਕੇਡਿੰਗ ਕੀਤੀ ਗਈ, ਕੰਡਿਆਲੀਆਂ ਤਾਰਾਂ ਲਾਈਆਂ ਗਈਆਂ, ਨੁਕੀਲੇ ਕਿੱਲ ਗੱਡੇ ਗਏ ਤੇ ਵੱਡੀ ਪੁਲਸ ਨਫਰੀ ਦੀ ਤਾਇਨਾਤੀ ਵਧਾਈ ਗਈ ਹੈ। ਪ੍ਰਧਾਨ ਮੰਤਰੀ ਵੱਲੋਂ ਅੰਦੋਲਨਕਾਰੀਆਂ ਨੂੰ ਨਫਰਤ ਦੇ ਪਾਤਰ ਬਣਾਉਣ ਦੀ ਚਾਲ ਤਹਿਤ ਪਰਜੀਵੀ ਕਿਹਾ ਗਿਆ ਹੈ।

**ਦੇਸ ਭਗਤੀ ਦੇ ਨਾਂ ਦੇ ਥੱਲੇ, ਸਾਮਰਾਜ ਦੀ ਚਾਕਰੀ ਚੱਲੇ :** ਪਾਰਲੀਮੈਂਟ ਵਿੱਚ ਪ੍ਰਧਾਨ ਮੰਤਰੀ ਤੇ ਵਿੱਤ ਮੰਤਰੀ ਦੇ ਪੂਰੇ ਹੋਸ-ਹਵਾਸ ਨਾਲ ਦਿੱਤੇ ਭਾਸਣ ਕਿਸੇ ਹੋਰ ਸਬੂਤ ਦੀ ਲੋੜ ਨਹੀਂ ਰਹਿਣ ਦਿੰਦੇ ਕਿ ਸਰਕਾਰ ਕਿਸ ਦੇ ਢਿੱਡ ਵਿੱਚ ਲੱਤ ਮਾਰ ਰਹੀ ਹੈ ਅਤੇ ਕਿਸ ਦੀ ਤਜੌਰੀ ਦੀਆਂ ਕੁੱਖਾਂ ਕੱਢ ਰਹੀ ਹੈ।

ਇਹਨਾਂ ਭਾਸਣਾਂ ਦਾ ਸਿੱਧਾ ਸਿੱਧਾ ਅਰਥ ਲੋਕਾਂ ਨਾਲ ਧ੍ਰੋਹ ਅਤੇ ਜੋਕਾਂ ਪ੍ਰਤੀ ਡੁੱਲ ਡੁੱਲ ਪੈਂਦੀ ਵਫਾਦਾਰੀ ਹੈ। ਪ੍ਰਧਾਨ ਮੰਤਰੀ ਨੇ ਕਾਰਪੋਰੇਟਾਂ ਤੇ ਸਾਮਰਾਜੀਆਂ ਨੂੰ ਮੁਲਕ ਦੇ ਸਾਰੇ ਖੇਤਰ ਚਲਾਉਣ ਦੇ ਯੋਗ ਵਿਅਕਤੀਆਂ ਵਜੋਂ ਪੇਸ ਕਰਦਿਆਂ ਆਪਣੇ ਭਾਸਣ ਵਿੱਚ ਆਪਣੀਆਂ ਸਰੀਕ ਪਾਰਟੀਆਂ ਦੇ ਵੀ ਕੰਨ ਖਿੱਚੇ ਹਨ ਕਿ, ਹੁਣ ਨਿੱਜੀ ਖੇਤਰ ਦੀ ਨਿੰਦਾ ਕਰਕੇ ਵੋਟਾਂ ਹਾਸਲ ਕਰਨ ਦਾ ਸਮਾਂ ਨਹੀਂ ਹੈ, ਇਹੀ ਹਨ ਜਿਹੜੇ ਧਨ-ਜਾਇਦਾਦ ਪੈਦਾ ਕਰਦੇ ਹਨ, ਆਈ.ਏ.ਐੱਸ. ਅਫਸਰ ਫੈਕਟਰੀਆਂ ਤੇ ਏਅਰਲਾਈਨਾਂ ਨਹੀਂ ਚਲਾ ਸਕਦੇ, ਕੌਮ ਨੂੰ ਬਾਬੂਆਂ ਦੇ ਹਵਾਲੇ ਕਰਕੇ ਕੁਝ ਵੀ ਹਾਸਲ ਨਹੀਂ ਕੀਤਾ ਜਾ ਸਕਦਾ। ਪ੍ਰਧਾਨ ਮੰਤਰੀ ਦੇ ਭਾਸਣ ਨੂੰ ਅੱਗੇ ਵਧਾਉਂਦਿਆਂ ਵਿੱਤ ਮੰਤਰੀ ਨੇ ਕਿਹਾ ਕਿ 1948 ਦੀਆਂ ਕੌਮੀਕਰਨ ਤੇ ਮਿਸਰਤ ਸਮਾਜਵਾਦੀ ਨੀਤੀਆਂ ਨੇ ਮੁਲਕ ਦੇ ਕਾਰੋਬਾਰਾਂ ਦਾ ਬੇੜਾ ਗਰਕ ਕੀਤਾ ਹੈ। ਪਬਲਿਕ ਖੇਤਰ ਵਿੱਚੋਂ ਨਿਵੇਸ ਵਾਪਸ ਖਿੱਚਣ ਲਈ ਮਾੜੀ ਮੋਟੀ ਜਾਂ ਸਤਹੀ ਪਹੁੰਚ ਨਾਲ ਕੰਮ ਨਹੀਂ ਚੱਲਣਾ। ਭਾਜਪਾ ਤਾਂ ਜਨਸੰਘ ਦੇ ਸਮੇਂ ਤੋਂ ਹੀ ਅਜਿਹੇ ਸੁਧਾਰਾਂ ਪ੍ਰਤੀ ਵਚਨਬੱਧ ਰਹੀ ਹੈ।

ਇਹ ਨੇ ਪਹਿਲਾਂ ਵਾਲੀਆਂ ਸਰਕਾਰਾਂ ਤੋਂ ਵੀ ਅੱਗੇ ਵੱਧ ਕੇ ਅਮਰੀਕਾ ਵਰਗੇ ਸਾਮਰਾਜੀ ਮੁਲਕਾਂ ਅਤੇ ਉਹਨਾਂ ਦੀਆਂ ਬਣਾਈਆਂ ਸੰਸਾਰ ਬੈਂਕ, ਸੰਸਾਰ ਵਪਾਰ ਸੰਗਠਨ, ਕੌਮਾਂਤਰੀ ਮੁਦਰਾ ਫੰਡ ਵਰਗੀਆਂ ਸੰਸਥਾਵਾਂ ਦੇ ਹੁਕਮਾਂ ਉੱਤੇ ਫੁੱਲ ਚੜ੍ਹਾਉਂਦੇ ਹੋਏ ਦੇਸ ਦੀ ਸੰਪਤੀ ਨੂੰ ਸਾਮਰਾਜੀ ਕੰਪਨੀਆਂ ਤੇ ਕਾਰਪੋਰੇਟਾਂ ਹਵਾਲੇ ਕੀਤਾ ਹੈ। ਕਰੋੜਾਂ ਦੇ ਅਰਸੇ ਅੰਦਰ ਹੀ ਦੇਸ ਦੇ ਹੋਰਾਂ, ਰੇਲਵੇ, ਖਣਿਜ, ਹਵਾਬਾਜ਼ੀ, ਪ੍ਰਮਾਣੂ ਊਰਜਾ ਵਰਗੇ ਸਾਰੇ ਅਹਿਮ ਖੇਤਰ ਵਿਦੇਸੀ ਕੰਪਨੀਆਂ ਲਈ ਖੋਲ੍ਹ ਦਿੱਤੇ ਗਏ ਹਨ। ਇਸੇ ਅਰਸੇ ਦੌਰਾਨ ਕਿਰਤ ਕਾਨੂੰਨ ਸੋਧ ਕੇ ਇਹਨਾਂ ਕੰਪਨੀਆਂ ਨੂੰ ਮੁਲਕ ਅੰਦਰ ਸਸਤੀ ਅਤੇ ਮਨਮਰਜੀ ਦੀਆਂ ਸਰਤਾਂ ਤੇ ਲੇਬਰ ਉਪਲੱਬਧ ਕਰਵਾਈ ਗਈ ਹੈ। ਬਿਜਲੀ ਸੋਧ ਬਿੱਲ 2020 ਰਾਹੀਂ ਲੋਕਾਂ ਤੋਂ ਹਰ ਪ੍ਰਕਾਰ ਦੀਆਂ ਸਬਸਿਡੀਆਂ ਖੋਹ ਕੇ ਵੱਡੇ ਕਾਰਪੋਰੇਟਾਂ ਨੂੰ ਮੁਨਾਫੇ ਦੇਣ ਦੀਆਂ ਗਰੰਟੀਆਂ ਕੀਤੀਆਂ ਗਈਆਂ ਹਨ। ਇਹਨਾਂ ਨਵੇਂ ਖੇਤੀ ਕਾਨੂੰਨਾਂ ਰਾਹੀਂ ਮੁਲਕ ਦੀ ਖੇਤੀ ਪੂਰੀ ਤਰ੍ਹਾਂ ਵੱਡੀਆਂ ਕੰਪਨੀਆਂ ਦੀ ਲੁੱਟ ਦੇ ਹਵਾਲੇ ਕੀਤੀ ਗਈ ਹੈ। ਅਨਾਜ, ਦਾਲਾਂ, ਆਲੂ, ਪਿਆਜ, ਤੇਲ, ਤੇਲ ਬੀਜ ਵਰਗੀਆਂ ਅਤਿ ਜ਼ਰੂਰੀ ਚੀਜ਼ਾਂ ਦੀ ਕਾਲਾ ਬਾਜਾਰੀ ਦੀ ਇਜਾਜਤ ਦਿੱਤੀ ਗਈ ਹੈ। ਸਰਕਾਰੀ ਰਾਸਨ ਦੇ ਡਿਪੂ ਸਿਸਟਮ ਅਤੇ ਐਫ. ਸੀ. ਆਈ. ਵਰਗੀਆਂ ਸਰਕਾਰੀ ਖਰੀਦ ਏਜੰਸੀਆਂ ਖਤਮ ਕਰਨ ਦਾ ਰਾਹ ਲਿਆ ਗਿਆ ਹੈ। ਇਹ ਸਾਰੇ ਉਹੀ ਕਦਮ ਹਨ, ਜਿਹਨਾਂ ਨੂੰ ਲਾਗੂ ਕਰਨ ਲਈ ਸਾਮਰਾਜੀਆਂ ਨੇ ਭਾਰਤੀ ਸਰਕਾਰ ਨੂੰ ਲੰਮੇ ਚਿਰ ਤੋਂ ਨਿਰਦੇਸ ਦਿੱਤੇ ਹੋਏ ਹਨ। ਇਸ ਸਬੰਧੀ ਦਿੱਤੀਆਂ ਹਦਾਇਤਾਂ ਸੰਸਾਰ ਬੈਂਕ, ਸੰਸਾਰ ਵਪਾਰ ਸੰਸਥਾ ਤੇ ਕੌਮਾਂਤਰੀ ਮੁਦਰਾ ਕੋਸ ਦੇ ਦਸਤਾਵੇਜਾਂ ਵਿਚ ਦਰਜ ਹਨ।

**ਸੱਚੀ ਦੇਸ ਭਗਤੀ ਦੇ ਅਰਥ:** ਅਨੇਕਾਂ ਸਰਕਾਰੀ ਅਦਾਰਿਆਂ ਤੇ ਕਾਰੋਬਾਰਾਂ ਦਾ ਨਿੱਜੀਕਰਨ ਤੇ ਅਪਨਿਵੇਸ ਕਰਨਾ ਦੇਸ ਭਗਤੀ ਨਹੀਂ ਹੁੰਦੀ। ਕਾਰਪੋਰੇਟਾਂ ਤੇ ਬਹੁਕੌਮੀ ਕੰਪਨੀਆਂ ਨੂੰ ਕਾਨੂੰਨੀ-ਖੁੱਲਾਂ, ਸਸਤੀਆਂ ਜ਼ਮੀਨਾਂ, ਕੱਚਾ ਮਾਲ ਤੇ ਲੇਬਰ, ਕਰਜਾ-ਮਾਫੀ, ਟੈਕਸ-ਛੋਟਾਂ ਦੇਣੀਆਂ ਅਤੇ ਲੋਕਾਂ ਨੂੰ ਜਮੀਨਾਂ ਤੋਂ ਬੇਦਖਲੀ, ਬੇਰੁਜਗਾਰੀ, ਛਾਂਟੀਆਂ, ਬਿਮਾਰੀਆਂ ਤੇ ਸਸਤੇ ਕਰਜ਼ਿਆਂ ਤੋਂ ਜਵਾਬ ਦੇਣਾ ਅਤੇ ਬਿਜਲੀ ਸੋਧ ਬਿੱਲ ਤੇ ਸਨਅਤੀ ਮਜਦੂਰਾਂ ਵਿਰੋਧੀ ਕੋਡ ਬਣਾਉਣੇ ਦੇਸ ਭਗਤੀ ਨਹੀਂ ਹੈ। ਸੰਸਾਰ ਬੈਂਕ, ਸੰਸਾਰ ਵਪਾਰ ਸੰਸਥਾ ਤੇ ਕੌਮਾਂਤਰੀ ਮੁਦਰਾ ਕੋਸ ਦੀਆਂ ਸਰਤਾਂ ਤੇ ਹਿਦਾਇਤਾਂ ਨੂੰ ਇੰਨ-ਬਿੰਨ ਮੰਨਣਾ ਤੇ ਲੋਕਾਂ ਸਿਰ ਮੜ੍ਹਨਾ ਦੇਸ ਭਗਤੀ ਨਹੀਂ ਹੈ।

ਇਹ ਖੇਤੀ ਕਾਨੂੰਨਾਂ ਨੇ, ਇਹਨਾਂ ਦੀ ਵਾਪਸੀ ਲਈ ਚੱਲ ਰਹੇ ਘੋਲ ਨੇ ਅਤੇ ਘੋਲ ਪ੍ਰਤੀ ਸਰਕਾਰ ਦੇ ਰਵੱਈਏ ਨੇ ਸਰਕਾਰ ਦੀ ਦੇਸ ਭਗਤੀ ਨੂੰ ਢਕੀ ਰਿੱਝਣ ਨਹੀਂ ਦਿੱਤਾ ਹੈ।

ਸੱਚੀ ਦੇਸ ਭਗਤੀ ਦੇ ਅਰਥ ਦੇਸ ਦੀ ਸੰਪਤੀ ਨੂੰ ਕਾਰਪੋਰੇਟਾਂ ਤੇ ਸਾਮਰਾਜੀਆਂ ਵੱਲੋਂ ਲੁੱਟੇ ਜਾਣ ਤੋਂ ਰੋਕਣਾ ਹੈ। ਅੱਜ ਖੇਤੀ ਕਾਨੂੰਨਾਂ ਨੂੰ ਰੱਦ ਕਰਾਉਣ ਦੇ ਘੋਲ ਦੀ ਸਫਲਤਾ ਲਈ ਲੋਕ ਹਿੱਸਿਆਂ ਦਾ ਸਾਂਝਾ ਘੋਲ ਬਣਾਉਣਾ ਹੈ। ਪ੍ਰਚੂਨ ਖੇਤਰ ਨੂੰ ਨਿਗਲ ਰਹੀਆਂ ਵਾਲਮਾਰਟ ਵਰਗੀਆਂ ਸਾਮਰਾਜੀ ਕੰਪਨੀਆਂ ਤੇ ਰਿਲਾਇੰਸ ਵਰਗੇ ਕਾਰਪੋਰੇਟ ਘਰਾਣਿਆਂ ਰੋਕਣਾ ਹੈ। ਸਰਕਾਰੀ ਹਸਪਤਾਲਾਂ ਦੀਆਂ ਜਮੀਨਾਂ ਤੇ ਸਾਧਨ ਹੜੱਪ ਕੇ ਉਸਰੇ ਮੈਕਸ, ਫੋਰਟਿਸ ਵਰਗੇ ਸਾਹੀ ਹਸਪਤਾਲਾਂ ਨੂੰ ਸਰਬੱਤ ਲਈ ਜਨਤਕ ਖੇਤਰ ਦੇ ਬਣਾਉਣਾ ਹੈ। ਲੋਕਾਂ ਤੋਂ ਐਕੁਆਇਰ ਕੀਤੀਆਂ ਜਮੀਨਾਂ ਉਪਰ ਉਸਰੀਆਂ ਸੜਕਾਂ ਤੇ ਬਣੇ ਟੋਲ ਪਲਾਜਿਆਂ ਨੂੰ ਹਟਾਉਣਾ ਹੈ। ਕਾਰਪੋਰੇਟ ਤੋਂ ਜਮੀਨਾਂ ਤੇ ਸਰਕਾਰੀ ਰਾਸਨ ਡਿਪੂਆਂ ਨੂੰ ਬਚਾਉਣਾ,ਐਫ ਸੀ ਆਈ ਤੇ ਸਾਰੀਆਂ ਸਰਕਾਰੀ ਖਰੀਦ ਏਜੰਸੀਆਂ ਅਤੇ ਇਹਨਾਂ ਵਿੱਚਲਾ ਰੁਜਗਾਰ ਬਚਾਉਣਾ, ਜਰੂਰੀ ਵਸਤਾਂ ਦੀਆਂ ਕੀਮਤਾਂ ਅਸਮਾਨੀਂ ਚੜਨੋਂ ਰੋਕਣਾ ਅਤੇ ਸਭ ਤੋਂ ਵੱਧ ਕੇ ਦੇਸ ਦੀ ਅਨਾਜ ਦੇ ਮਾਮਲੇ ਵਿਚ ਆਤਮ ਨਿਰਭਰਤਾ ਬਚਾਉਣਾ ਹੈ। ਸੰਖੇਪ ਵਿੱਚ, ਅੱਜ ਇਸ ਕਾਰਪੋਰੇਟੀ ਲੁੱਟ ਖਿਲਾਫ ਸੰਘਰਸ ਦਾ ਹੋਰ ਵਧੇਰੇ ਦ੍ਰਿੜਤਾ, ਚੇਤਨਾ, ਸਬਰ ਤੇ ਪੂਰੀ ਤਿਆਰੀ ਨਾਲ ਅੰਗ ਬਣਨਾ ਹੀ ਸੱਚੀ ਦੇਸ ਭਗਤੀ ਹੈ।

(ਸੰਪਰਕ :9417224822)

# ਜੀਹਦਾ ਜਨਮ ਦਿਨ ਭਾਰਤ ਦੀ ਸਮੁੱਚੀ ਕਿਸਾਨ ਲਹਿਰ ਮਨਾ ਰਹੀ ਹੈ।



1907 ਵਿੱਚ ਚੱਲੀ ਕਿਸਾਨ ਲਹਿਰ" ਪੱਗੜੀ ਸੰਭਾਲ ਜੱਟਾ" ਦਾ ਸਿਰਮੌਰ ਆਗੂ ਸੀ, ਜਿਸ ਲਹਿਰ ਨੇ ਪਹਿਲੀ ਵਾਰ ਪੰਜਾਬ ਦੀ ਧਰਤੀ ਤੇ ਅੰਗਰੇਜ ਹਕੂਮਤ ਨੂੰ ਵਖਤ ਪਾਇਆ। ਜਮੀਨਾਂ ਤੇ ਹਕੂਮਤੀ ਕਬਜੇ ਦੇ ਕਾਨੂੰਨ ਖਿਲਾਫ ਜਨਤਕ ਲੜਾਈ ਦਾ ਮੁੱਢ ਬੱਨ੍ਹਿਆ।

ਆਪਣੇ ਭਰਾ ਸਵਰਨ ਸਿੰਘ ਸਮੇਤ ਮਾਂਡਲੇ ਦੀ ਜੇਲ੍ਹ 'ਚ ਜਲਾਵਤਨੀ ਕੱਟੀ, ਪਰ ਲੋਕ ਲਹਿਰ ਦੇ ਜੋਰ ਰਿਹਾ ਹੋਇਆ। ਲਹਿਰ ਦਾ ਜੋਰ ਏਨਾ ਸੀ ਕਿ ਫੌਜ ਦੀ ਇੱਕ ਬਟਾਲੀਅਨ ਨੇ ਇਸਦੇ ਪੱਖ ਵਿੱਚ ਬਗਾਵਤ ਤੱਕ ਕੀਤੀ। ਸਰਕਾਰ ਨੂੰ ਕਾਨੂੰਨ ਵੀ ਵਾਪਸ ਲੈਣਾ ਪਿਆ ਤੇ ਰਿਹਾ ਵੀ ਕਰਨਾ ਪਿਆ, ਭਰਾ ਸਵਰਨ ਸਿੰਘ ਪਰ ਜੇਲ੍ਹ ਵਿੱਚ ਹੀ ਸ਼ਹੀਦ ਹੋ ਗਿਆ।

ਮਗਰੋਂ 38 ਸਾਲ ਤੱਕ ਜਲਾਵਤਨ ਰਿਹਾ, ਬਹੁਤ ਸਾਰੇ ਦੇਸਾਂ 'ਚ ਰਿਹਾ, ਪਰ ਹਰ ਪਲ ਭਾਰਤ ਨੂੰ ਬਸਤੀਵਾਦੀ ਹਾਕਮਾਂ ਤੋਂ ਅਜਾਦ ਕਰਾਉਣ ਦੇ ਲੇਖੇ ਲਾਇਆ।

ਸ਼ਹੀਦ-ਏ-ਆਜਮ ਭਗਤ ਸਿੰਘ ਦਾ ਚਾਚਾ ਤੇ ਉਹਦਾ ਪ੍ਰੇਰਨਾ ਸਰੋਤ, ਚਾਚਾ ਅਜੀਤ ਸਿੰਘ 15 ਅਗਸਤ 1947 ਦੀ ਉਸ ਰਾਤ ਅਲਵਿਦਾ ਕਹਿ ਗਿਆ ਜਦੋਂ ਲਾਲ ਕਿਲੇ ਤੋਂ ਯੂਨੀਅਨ ਜੈਕ ਨੂੰ ਉਤਾਰਿਆ ਜਾ ਰਿਹਾ ਸੀ।

ਪੰਜਾਬ ਤੇ ਭਾਰਤ ਅੰਦਰ ਕਿਸਾਨ ਲਹਿਰ ਦਾ ਮੋਢੀ ਚਾਚਾ ਅਜੀਤ ਸਿੰਘ ਏਸ ਕਿਸਾਨ ਸੰਘਰਸ਼ ਦਾ ਪ੍ਰੇਰਨਾ ਸ੍ਰੋਤ ਹੈ। ਆਉ ਉਹਦੀ ਕੁਰਬਾਨੀ,ਸੋਚ ਤੇ ਨਿਸ਼ਠਾ ਨੂੰ ਪ੍ਰਨਾਮ ਕਰਦੇ ਹੋਏ, ਜਮੀਨਾਂ ਤੇ ਕਬਜੇ ਦੇ ਇਸ ਨਵੇਂ ਹਮਲੇ ਖਿਲਾਫ ਮੌਜੂਦਾ ਕਿਸਾਨ ਸੰਘਰਸ਼ ਨੂੰ ਜਿੱਤ ਤੱਕ ਲਿਜਾਣ ਦਾ ਅਹਿਦ ਲਈਏ।

ਚਾਚਾ ਅਜੀਤ ਸਿੰਘ ਅਮਰ ਰਹੇ।

# ਉੱਤਰ ਪ੍ਰਦੇਸ਼ ਵਿਸ਼ੇਸ਼ ਸੁਰੱਖਿਆ ਬਲ: ਸਰਭਸੱਤਾਵਾਦ ਵੱਲ ਵੱਡਾ ਕਦਮ



ਡਾ. ਅਜੀਤਪਾਲ ਸਿੰਘ
ਬਠਿੰਡਾ
98156-29301



ਕੋਈ ਸੂਬਾ ਕਾਨੂੰਨ ਬਣਾਉਣ ਦੀ ਆਪਣੀ ਸ਼ਕਤੀ ਦੀ ਵਰਤੋਂ ਕਰਕੇ ਕਿਵੇਂ ਨਾਗਰਿਕਾਂ ਦੀ ਆਜ਼ਾਦੀ ਖੋਹ ਸਕਦਾ ਹੈ ਅਤੇ ਵਿਧੀ ਦੁਆਰਾ ਸਥਾਪਿਤ ਪ੍ਰਕਿਰਿਆ ਦੀ ਵਰਤੋਂ ਕਰਕੇ ਆਖਰ 'ਅਥਾਰਿਟੇਰਿਜ਼ਮ ਸਟੇਟ' ਵਿੱਚ ਕਿਵੇਂ ਤਬਦੀਲ ਹੋ ਸਕਦਾ ਹੈ, ਇਸ ਦੀ ਤਾਜਾ ਉਦਾਹਰਣ ਹੈ ਉੱਤਰ ਪ੍ਰਦੇਸ਼ ਵਿਸ਼ੇਸ਼ ਸੁਰੱਖਿਆ ਬਲ ਅਧਿਨਿਯਮ 2020। ਜ਼ਿਕਰਯੋਗ ਹੈ ਕਿ ਛੱਬੀ ਜੂਨ 2020 ਨੂੰ ਐਲਾਨੇ ਅਤੇ ਸੀਐਮ ਦੇ ਡ੍ਰੀਮ ਪ੍ਰੋਜੈਕਟ ਦੇ ਰੂਪ ਵਿੱਚ ਪ੍ਰਾਰਿਤ- ਪ੍ਰਸਾਰਿਤ ਉੱਤਰ ਪ੍ਰਦੇਸ਼ ਸਪੈਸ਼ਲ ਸੁਰੱਖਿਆ ਬਲ ਨਾਲ ਸਬੰਧਤ ਕਨੂੰਨ ਜੋ ਪਹਿਲਾਂ ਅਧਿਆਦੇਸ਼ ਦੇ ਰੂਪ ਵਿੱਚ ਲਿਆਂਦਾ ਗਿਆ ਸੀ, ਵਿਧਾਨ ਸਭਾ ਚ ਪਾਸ ਹੋਣ ਪਿੱਛੋਂ ਛੇ ਅਗਸਤ 2020 ਨੂੰ ਵਰਤੋਂ ਵਿੱਚ ਆ ਚੁੱਕਿਆ ਹੈ। ਇਥੇ ਇਹ ਜ਼ਿਕਰਯੋਗ ਹੈ ਕਿ ਉੱਤਰ ਪ੍ਰਦੇਸ਼ ਪੁਲੀਸ ਮਹਾਨਿਦੇਸ਼ਕ ਨੂੰ ਇਹ ਨਿਰਦੇਸ਼ ਦਿੱਤਾ ਜਾ ਚੁੱਕਾ ਹੈ ਕਿ ਤਿੰਨ ਮਹੀਨਿਆਂ ਦੇ ਅੰਦਰ ਅੰਦਰ ਇਸ ਫੋਰਸ ਨੂੰ ਹੋਂਦ ਚ ਲਿਆਂਦਾ ਜਾਵੇ-ਸ਼ੁਰੂ ਵਿੱਚ ਅੱਠ ਬਟਾਲੀਅਨ ਦਾ ਗਠਨ ਨੜਿੱਨਵੇ ਸੌ ਪੁਲੀਸ ਕਰਮੀਆਂ ਨਾਲ ਮਿਲ ਕੇ ਹੋਵੇਗਾ ਜਿਸ ਦਾ ਕਮਾਂਡੈਂਟ ਆਫਿਸਰ ਏ ਡੀ ਜੀ ਰੈਂਕ ਦਾ ਪੁਲੀਸ ਆਫੀਸਰ ਹੋਵੇਗਾ ਅਤੇ ਮੁੱਖ ਦਫਤਰ ਲਖਨਊ ਵਿੱਚ ਹੋਵੇਗਾ। ਇਸ ਅਧਿਨਿਯਮ ਦੀਆਂ ਵਿਵਸਥਾਵਾਂ ਤੇ ਨਜ਼ਰ ਮਾਰੀਏ ਤਾਂ ਪਤਾ ਲੱਗਦਾ ਹੈ ਕਿ ਇਹ ਪੁਲੀਸ ਬਲ ਬਿਨਾਂ ਜਵਾਬਦੇਹੀ ਦੇ ਵਿਆਪਕ ਸ਼ਕਤੀਆਂ ਨਾਲ ਲੈਸ ਅਤੇ ਨਾਗਰਿਕਾਂ ਨੂੰ ਨਿਆਂ ਦੇਣ ਦੇ ਅਧਿਕਾਰ ਤੋਂ ਵਾਂਝਾ ਕਰਦਾ ਹੈ, ਜੋ ਕਿ ਅਪਰਾਧਕ ਨਿਆਂ ਵਿਵਸਥਾ ਦੇ ਸਿਧਾਂਤਾਂ ਦੇ ਹੀ ਵਿਰੁੱਧ ਹੈ। ਰਾਜ ਸਰਕਾਰ ਵੱਲੋਂ ਇਸ ਅਲੀਟ ਪੁਲੀਸ ਫੋਰਸ ਨੂੰ ਮਜਬੂਤੀ ਪ੍ਰਦਾਨ ਕਰਕੇ ਇਲਾਹਾਬਾਦ ਉੱਚ ਅਦਾਲਤ ਦੁਆਰਾ ਦਸੰਬਰ 2019 ਚ ਕਿਸੇ ਹੋਰ ਕੇਸ ਦੇ ਹਵਾਲੇ ਨਾਲ ਇਸ ਆਦੇਸ਼ ਨੂੰ ਢਾਲ ਬਣਾਇਆ ਹੈ। ਇਸ ਹੁਕਮ ਵਿੱਚ ਹਾਈ ਕੋਰਟ ਨੇ ਬਿਜਨੌਰ ਅਦਾਲਤ ਕੈਂਪਸ ਸਮੇਤ ਸੂਬੇ ਭਰ ਦੀਆਂ ਜ਼ਿਲ੍ਹਾ ਅਦਾਲਤਾਂ ਭਾਰਤ ਵਿੱਚ ਹੋਈਆਂ ਕਈ ਅਪਰਾਧਿਕ ਤੇ ਗੋਲੀਬਾਰੀ ਦੀਆਂ ਘਟਨਾਵਾਂ ਤੇ ਚਿੰਤਾ ਜਾਹਿਰ ਕਰਦੇ ਹੋਏ ਰਾਜ ਸਰਕਾਰ ਨੂੰ ਨਿਰਦੇਸ਼ ਕੀਤਾ ਸੀ ਕਿ ਅਦਾਲਤਾਂ ਦੀ ਸੁਰੱਖਿਆ ਯਕੀਨੀ ਬਣਾਈ ਜਾਵੇ। ਇਸ ਹਿਤ ਵਿਸ਼ੇਸ਼ ਸਿਖਲਾਈ ਪ੍ਰਪਤ ਉੱਚ ਸੁਰੱਖਿਆ ਬਲ ਮੁਹੱਈਆ ਕਰਾਏ ਜਾਣ, ਜਿਸ ਨਾਲ ਅਦਾਲਤਾਂ ਚ ਪੇਸ਼ੀ ਹੋਣ ਵਾਲੇ ਲੋਕਾਂ ਦੇ ਆਈਡੀ ਕਾਰਡ, ਸੀਸੀਟੀਵੀ ਕੈਮਰੇ ਅਤੇ ਵਾਅਦਾਕਾਰੀਆਂ ਦਾ ਦਾਖਲਾ ਸਮੁਚਿਤ ਰੂਪ ਨਾਲ ਹੋ ਸਕੇ।ਇੱਥੇ ਇਹ ਜ਼ਿਕਰ ਕਰਨਾ ਪ੍ਰਸੰਗਿਕ ਹੋਵੇਗਾ ਕਿ ਅਦਾਲਤ ਦੇ ਹੁਕਮ ਵਿਚ ਇਕ ਸਪੈਸ਼ਲਾਈਜ਼ਡ ਸਿਕਿਉਰਿਟੀ ਫੋਰਸ ਦੀ ਗੱਲ ਕੀਤੀ ਗਈ ਸੀ ਨਾ ਕਿ ਸਪੈਸ਼ਲ ਸਕਿਊਰਿਟੀ ਪੁਲੀਸ ਫੋਰਸ ਦੇ ਗਠਨ ਦਾ ਨਿਰਦੇਸ਼ ਦਿੱਤਾ ਗਿਆ ਸੀ। ਅਦਾਲਤ ਦੇ ਇਸ ਆਦੇਸ਼ ਦੀ ਤੁਰੰਤ ਪਾਲਣਾ ਕਰਦੇ ਹੋਏ ਇਹ ਅਜਿਹਾ ਕਾਨੂੰਨ ਲਿਆਂਦਾ ਗਿਆ ਜਿਸ ਦੇ ਤਹਿਤ ਕੀਤੀਆਂ ਗਈਆਂ ਕਾਰਵਾਈਆਂ ਵਿਚ ਅਦਾਲਤ ਖ਼ੁਦ ਫ਼ੈਸਲਾ ਨਹੀਂ ਲੈ ਸਕਦੀ। ਇਸ ਤਰ੍ਹਾਂ ਅਦਾਲਤ ਦਾ ਇਹ ਆਦੇਸ਼ ਖ਼ੁਦ ਉਸ ਦੇ ਲਈ ਮੁਸੀਬਤ ਹੀ ਸਾਬਤ ਹੋਇਆ। ਇਹ ਕਾਨੂੰਨ ਇੱਕ ਅਜਿਹੀ ਪੁਲੀਸ ਬਲ ਦੇ ਗਠਨ ਹਿੱਤ ਰਾਜ ਨੂੰ ਯੋਗ ਬਣਾਉਂਦਾ ਹੈ ਜੋ 'ਸੀਕਰਟ ਸਟੇਟ' ਪੁਲੀਸ ਜਾਂ ਨਾਜ਼ੀ ਜਰਮਨੀ ਦੇ ਗੈਸਟਾਪੋ ਦੀ ਰਚਨਾ ਜੱਗ ਜਾਹਿਰ ਕਰਦਾ ਹੈ। ਇਸ ਅਧਿਨਿਯਮ ਵਿੱਚ ਕੁੱਲ ਉਨੀ ਧਾਰਾਵਾਂ ਹਨ, ਜਿਸ ਵਿਚ ਧਾਰਾ ਸਤਾਰਾਂ ਜਿਥੇ ਇਸ ਅਧਿਨਿਯਮ ਦੇ ਅਮਲ ਵਿਚ ਆਉਣ ਨਾਲ ਰਾਜ ਸਰਕਾਰ ਨੂੰ ਕਾਨੂੰਨ ਬਣਾਉਣ ਦੀ ਸ਼ਕਤੀ ਮੁਹੱਈਆ ਕਰਦੀ ਹੈ, ਉਥੇ ਧਾਰਾ ਅਠਾਰਾਂ ਅੱਧਿਨਿਯਮ ਦੇ ਉਪਬੰਧਾਂ ਨੂੰ ਪ੍ਰਭਾਵੀ ਬਣਾਉਣ ਲਈ ਪੈਦਾ ਹੋਣ ਵਾਲੀਆਂ ਕਠਿਨਾਈਆਂ ਨੂੰ ਦੂਰ ਕਰਨ ਹਿੱਤ ਆਦੇਸ਼ ਜਾਰੀ ਕਰਨ ਦੇ ਬਾਰੇ ਸ਼ਕਤੀ ਮੁਹਈਆ ਕਰਦੀ ਹੈ। ਧਾਰਾ 10-11 ਬੇਹੱਦ ਖ਼ਤਰਨਾਕ ਜੋ ਮੈਜਿਸਟ੍ਰੇਟ ਦੇ ਹੁਕਮ ਬਿਨਾਂ ਜਾਂ ਵਰੰਟ ਨਾ ਹੋਣ ਦੇ ਬਾਵਜੂਦ ਕਿਸੇ ਤੇ ਨੂੰ ਵੀ ਗ੍ਰਿਫਤਾਰ ਕਰਨ ਤੇ ਤਲਾਸੀ ਲੈਣ ਦੀਆਂ ਵਿਵਸਥਾਵਾਂ ਕਰਦੀਆਂ ਹਨ। ਨਾਲ ਹੀ ਇਸ ਦੀ ਧਾਰਾ 15 ਇਸ ਸੁਰੱਖਿਆ ਬਲ ਦੇ ਮੈਂਬਰਾਂ ਨੂੰ ਕਿਸੇ ਵੀ ਸਿਵਲ ਜਾਂ ਅਪਰਾਧਕ ਕਾਰਵਾਈ ਤੋਂ ਸੁਰੱਖਿਅਤ ਕਰਦੀ ਹੈ। ਸੰਖੇਪ ਵਿਚ ਕਹਿਣਾ ਹੋਵੇ ਤਾਂ ਇਹ ਕਸ਼ਮੀਰ ਅਤੇ ਉੱਤਰ ਪੂਰਬ ਦੇ ਕਾਨੂੰਨ ਅਫਸਪਾ ਵਾਂਗੂੰ ਹੈ। ਇਸ ਦੀ ਧਾਰਾ 16 ਅਦਾਲਤਾਂ ਦੁਆਰਾ ਸੁਰੱਖਿਆ ਫੋਰਸਾਂ ਦੇ ਮੈਂਬਰਾਂ ਵਿਰੁੱਧ ਸਰਕਾਰ ਤੋਂ ਪਹਿਲਾਂ ਇਜਾਜ਼ਤ ਲਏ ਬਿਨਾਂ ਕਿਸੇ ਤਰ੍ਹਾਂ ਦੀ ਕਾਰਵਾਈ ਕਰਨ ਤੇ ਪਾਬੰਦੀ ਲਾਉਂਦੀ ਹੈ। ਯਾਨੀ ਕਿਸੇ ਅਦਾਲਤ ਨੂੰ ਵੀ ਇਸ ਸੁਰੱਖਿਆ ਫੋਰਸ ਤੇ ਕਾਰਵਾਈ ਕਰਨ ਤੋਂ ਪਹਿਲਾਂ ਸਰਕਾਰ ਤੋਂ ਇਜਾਜ਼ਤ ਲੈਣੀ ਪਵੇਗੀ। ਅਧਿਨਿਯਮ ਦੇ ਮਕਸਦਾਂ ਤੇ ਨਜ਼ਰ ਪਾਈਏ ਤਾਂ ਇਹ ਲੱਗਦਾ ਹੈ ਕਿ ਇਸ ਸੁਰੱਖਿਆ ਫੋਰਸ ਦਾ ਗਠਨ ਉੱਚ ਅਦਾਲਤ, ਜ਼ਿਲ੍ਹਾ ਅਦਾਲਤਾਂ, ਪ੍ਰਸਾਸ਼ਨਿਕ ਭਵਨਾਂ,ਉਦਯੋਗਿਕ ਇਕਾਈਆਂ, ਵਪਾਰਕ ਤੇ ਬੈਂਕਿੰਗ ਅਦਾਰਿਆਂ ਵਰਗੇ ਮਹੱਤਵਪੂਰਨ ਥਾਵਾਂ ਅਤੇ ਅਧਿਸੂਚਿਤ ਵਿਅਕਤੀਆਂ ਦੀ ਸੁਰੱਖਿਆ ਲਈ ਕੀਤਾ ਗਿਆ ਹੈ ਤਾਂ ਕਿ ਯੂਪੀ ਪੁਲੀਸ ਤੇ ਪੀ ਏ ਸੀ ਬਲ ਨੂੰ ਇਨ੍ਹਾਂ ਖੇਤਰਾਂ ਤੋਂ ਮੁਕਤ

ਕੀਤਾ ਜਾ ਸਕੇ। ਇਸ ਫੋਰਸ ਦਾ ਨਿਰਮਾਣ ਸੀਆਈਐਸਐਫ, ਸੀਆਰਪੀਐਫ ਅਤੇ ਉੜੀਸਾ ਤੇ ਮਹਾਰਾਸ਼ਟਰ ਦੇ ਵਿਸੇਸ ਸਹਿਯੋਗ ਸੁਰੱਖਿਆ ਬਲਾਂ ਦੀ ਤਰਜ ਤੇ ਕੀਤਾ ਗਿਆ ਹੈ। ਇਸ ਐਕਟ ਵਿੱਚ ਕਈ ਵਿਵਸਥਾਵਾਂ ਉਕਤ ਫੋਰਸਾਂ ਤੋਂ ਵੱਖਰੀਆਂ ਹਨ ਜੋ ਕਿ ਕਿਸੇ ਜਮਹੂਰੀ ਦੇਸ਼ ਦੇ ਲਈ ਬੇਹੱਦ ਖ਼ਤਰਨਾਕ ਹਨ ਜਿਵੇਂ ਇਸ ਦੀ ਧਾਰਾ 7 ਅਨੁਸਾਰ ਨਾ ਸਿਰਫ ਸਰਕਾਰੀ ਅਦਾਰਿਆਂ,ਅਦਾਲਤਾਂ, ਹਵਾਈ ਅੱਡਿਆਂ,ਸਨਅਤੀ ਵਪਾਰਕ ਭਵਨਾਂ ਦੀ ਸੁਰੱਖਿਆ ਹਿੱਤ ਇਨ੍ਹਾਂ ਦਾ ਨਿਯੋਜਨ ਹੋਵੇਗਾ ਬਲਕਿ ਪ੍ਰਾਈਵੇਟ ਲੋਕਾਂ ਤੇ ਉਨ੍ਹਾਂ ਦੇ ਰਿਹਾਇਸ਼ੀ ਕੈਂਪਸਾਂ ਦੇ ਮਹੱਤਵਪੂਰਨ ਅਦਾਰਿਆਂ ਦੀ ਸੁਰੱਖਿਆ ਚ ਡੀ ਜੀ ਪੀ ਦੀ ਇਜਾਜਤ ਨਾਲ ਸਾਰੀ ਤਨਖਾਹ ਦੇ ਕੇ ਲਾਇਆ ਜਾ ਸਕੇਗਾ। ਕਹਿਣ ਦਾ ਭਾਵ ਕਿ ਇਹ ਸੁਰੱਖਿਆ ਫੋਰਸਾਂ ਦੇ ਨਿੱਜੀਕਰਨ ਵੱਲ ਇੱਕ ਹੋਰ ਖ਼ਤਰਨਾਕ ਕੜੀ ਹੈ। ਯੂ ਪੀ ਐੱਸ ਐੱਸ ਐੱਫ ਕਈ ਹੋਰ ਮਾਨਿਆ ਵਿੱਚ ਬੇਹੱਦ ਖ਼ਤਰਨਾਕ ਹੈ ਜਿਵੇਂ ਸੀਆਈਐਸਐਫ ਵਰਗੇ ਕੇਂਦਰੀ ਫੋਰਸਾਂ ਦੇ ਤਹਿਤ ਗ੍ਰਿਫਤਾਰੀ ਤੇ ਤਲਾਸ਼ੀ ਲੈਣ ਦੀ ਤਾਕਤ ਸਿਰਫ਼ ਨਿਸ਼ਚਿਤ ਰੈਂਕ ਦੇ ਅਫ਼ਸਰਾਂ ਨੂੰ ਹੀ ਪ੍ਰਾਪਤ ਹੈ, ਜਦਕਿ ਯੂ ਪੀ ਐਸ ਐਸ ਐਫ ਦੇ ਸਾਰੇ ਮੈਂਬਰਾਂ ਨੂੰ ਚਾਹੇ ਉਨ੍ਹਾਂ ਦਾ ਰੈਂਕ ਕੁਝ ਵੀ ਹੋਵੇ ਨੂੰ ਇਹ ਸ਼ਕਤੀ ਮੁਹੱਈਆ ਕੀਤੀ ਗਈ ਹੈ। ਧਿਆਨ ਰਹੇ ਕਿ ਸੀ ਆਰ ਪੀ ਐਫ ਵਰਗੇ ਅਰਧ ਫੌਜੀ ਬਲਾਂ ਜਿਨ੍ਹਾਂ ਦੀ ਪੂਰੇ ਦੇਸ਼ ਵਿੱਚ 246 ਬਟਾਲੀਅਨਾਂ ਹਨ ਅਤੇ ਜੋ ਸੰਸਦ ਭਵਨ ਕੈਂਪਸ ਸਿਖਰਲੀ ਅਦਾਲਤ ਦੇ ਕੈਂਪਸ ਵਰਗੇ ਮਹੱਤਵਪੂਰਨ ਅਦਾਰਿਆਂ ਦੀ ਸੁਰੱਖਿਆ ਅਤੇ ਪਾਕਿ ਤੇ ਚੀਨ ਦੀਆਂ ਸਰਹੱਦਾਂ ਦੀ ਸੁਰੱਖਿਆ ਵਿੱਚ ਲੱਗੀਆਂ ਫੌਜਾਂ ਦੀ ਸਹਾਇਤਾ ਵਿੱਚ ਭੂਮਿਕਾ ਨਿਭਾਉਂਦੀ ਹੈ- ਨੂੰ ਵੀ ਬਿਨਾਂ ਵਾਰੰਟ ਤਲਾਸ਼ੀ ਲੈਣ ਤੇ ਗ੍ਰਿਫਤਾਰੀ ਦੀ ਤਾਕਤ ਨਹੀਂ ਹਾਸਿਲ ਹੈ। ਇਸ ਤਰ੍ਹਾਂ ਅਧਿਨਿਯਮ ਦੀ ਧਾਰਾ ਦੱਸ ਅਤੇ ਗਿਆਰਾਂ ਅਨੁਸਾਰ ਯੂ ਪੀ ਐਸ ਐਸ ਐਫ ਦੇ ਹਰੇਕ ਮੈਂਬਰ ਨੂੰ ਬਿਨਾਂ ਜਵਾਬਦੇਹੀ ਦੇ ਸਿਰਫ ਸ਼ੱਕ ਦੇ ਆਧਾਰ ਤੇ ਹੀ ਕਿਸੇ ਬੰਦੇ ਨੂੰ ਗ੍ਰਿਫਤਾਰ ਕਰਨ, ਤਲਾਸ਼ੀ ਲੈਣ ਅਤੇ ਬੰਦ ਕਰਕੇ ਰੱਖਣ ਦੀ ਤਾਕਤ ਬਿਨਾਂ ਮੈਜਿਸਟ੍ਰੇਟ ਦੇ ਹੁਕਮਾਂ ਦੇ ਜਾਂ ਬਿਨਾਂ ਵਰੰਟ ਦੇ ਮੁਹੱਈਆ ਕੀਤੀ ਗਈ ਹੈ। ਫੋਰਸ ਦਾ ਕੋਈ ਵੀ ਮੈਂਬਰ ਮੌਕੇ ਤੇ ਉਸ ਵਕਤ ਗ੍ਰਿਫਤਾਰੀ,ਤਲਾਸ਼ੀ ਜਾਂ ਨਜਰਬੰਦੀ ਦਾ ਫੈਸਲਾ ਕਰਨ ਵਾਲਾ ਇਕੋ ਇਕ ਅਧਿਕਾਰੀ ਹੋਵੇਗਾ। ਇਹ ਸਭ ਉਸ ਦੇ ਵਿਅਕਤੀਗਤ ਫੈਸਲੇ ਤੇ ਨਿਰਭਰ ਕਰੇਗਾ। ਯਾਨੀ ਇਹ ਮੰਨ ਲਿਆ ਗਿਆ ਹੈ ਕਿ ਇਸ ਫੋਰਸ ਦਾ ਹਰ ਮੈਂਬਰ ਹਰ ਤਰ੍ਹਾਂ ਦੇ ਮਨੁੱਖੀ ਔਗੁਣਾਂ ਤੋਂ ਮੁਕਤ ਹੋਵੇਗਾ ਅਤੇ ਉਸ ਦਾ ਫੈਸਲਾ ਸਹੀ ਹੀ ਹੋਵੇਗਾ। ਇਨਾ ਹੀ ਨਹੀਂ ਅਧਿਨਿਯਮ ਵਿੱਚ ਸਭ ਤੋਂ ਹੈਰਾਨ ਕਰਨ ਵਾਲਾ ਉਪਬੰਦ ਇਹ ਹੈ ਕਿ ਯੂ ਪੀ ਐਸਐਸਐਫ ਦਾ ਕੋਈ ਮੈਂਬਰ ਉਸ ਵਲੋਂ ਕੀਤੇ ਕਿਸੇ ਵੀ ਅਪਰਾਧਕ ਕੰਮ ਦੇ ਲਈ ਨਾਮਜਦ ਕਰਕੇ ਕਿਸੇ ਅਦਾਲਤ ਵਿੱਚ ਪੇਸ਼ ਨਹੀਂ ਕੀਤਾ ਜਾਵੇਗਾ, ਭਾਵੇਂ ਹੀ ਉਸ ਨੇ ਜਰੂਰਤ ਤੋਂ ਜ਼ਿਆਦਾ ਤਾਕਤ ਦੀ ਵਰਤੋਂ ਕੀਤੀ ਹੋਵੇ, ਕਿਸੇ ਦੀ ਨਿੱਜਤਾ ਦੇ ਅਧਿਕਾਰ ਦਾ ਉਲੰਘਣ ਕੀਤਾ ਹੋਵੇ ਜਾਂ ਦੂਸਰੀਆਂ ਨੁਕਸਾਨ ਪਹੁੰਚਾਉਣ ਵਾਲੀਆਂ ਕਾਰਵਾਈਆਂ ਕੀਤੀਆਂ ਹੋਣ। ਕਾਨੂੰਨ ਦੀ ਕੋਈ ਵੀ ਅਦਾਲਤ ਫੋਰਸ ਦੇ ਇਨ੍ਹਾਂ ਮੈਂਬਰਾਂ ਵਿਰੁੱਧ ਕਿਸੇ ਅਪਰਾਧ ਦਾ ਨੋਟਿਸ ਵੀ ਰਾਜ ਸਰਕਾਰ ਦੀ ਇਜਾਜਤ ਬਿਨਾਂ ਨਹੀਂ ਲੈ ਸਕਦੀ। ਸੀ ਆਈ ਐਸ ਐਫ ਵਿੱਚ ਕਿਸੇ ਮੈਂਬਰ ਵਿਰੁੱਧ ਮੁਕੱਦਮਾ ਚਲਾਉਣ ਹਿੱਤ ਸਮਰੱਥ ਅਧਿਕਾਰੀ ਨੂੰ ਤਿੰਨ ਮਹੀਨੇ ਦੇ ਅੰਦਰ ਅੰਦਰ ਫੈਸਲਾ ਲੈਣਾ ਹੁੰਦਾ ਹੈ ਜਦਕਿ ਰਾਜ ਪੱਧਰੀ ਇਸ ਪੁਲਸ ਫੋਰਸ ਨਾਲ ਸਬੰਧਤ ਅਜੇਹੀ ਕੋਈ ਵੀ ਵਿਵਸਥਾ ਨਹੀਂ ਕੀਤੀ ਗਈ ਹੈ। ਇਸ ਤਰ੍ਹਾਂ ਯੂ ਪੀ ਐਸ ਐਸ ਐਫ ਦੇ ਤਹਿਤ ਇਕ ਰਾਜ ਪੱਧਰੀ ਪੁਲਸ ਤਾਕਤ ਨੂੰ ਦਿੱਤੀਆਂ ਗਈਆਂ ਅਸਾਧਾਰਨ ਸ਼ਕਤੀਆਂ ਤੇ ਮਨਮਾਨੀਆਂ ਕੇਂਦਰੀ ਬਲਾਂ ਤੋਂ ਵੀ ਵੱਧ ਹਨ। ਇਹ ਸੰਘੀ ਵਿਵਸਥਾ ਵਾਲੇ ਸੰਵਿਧਾਨਕ ਲੋਕਰਾਜ ਵਿਚ ਸਟੇਟ ਦੇ ਅੰਦਰ ਇਕ ਹੋਰ ਸਟੇਟ ਬਣਾਉਣ ਦੇ ਬਰਾਬਰ ਹੈ। ਇਹ ਕਾਨੂੰਨ ਦੀ ਤਬਦੀਲੀ ਏਜੰਸੀ ਨੂੰ ਸ਼ੁੱਡੋ-ਆਰਮੀ ਵਿਚ ਤਬਦੀਲ ਕਰਨ ਦੀ ਕੋਝੀ ਹਰਕਤ ਹੈ, ਜੋ ਰੋਜਮਰਾ ਦੇ ਮਾਮਲਿਆਂ ਵਿੱਚ ਦਖਲਅੰਦਾਜੀ ਤਾਂ ਕਰੇਗੀ ਹੀ ਬਲਕਿ ਉਸ ਦੀ ਜਵਾਬਦੇਹੀ ਕੁਝ ਨਹੀਂ ਹੋਵੇਗੀ। ਇਹ ਸਭ ਸੰਵਿਧਾਨਕ ਲੋਕਤੰਤਰ ਵਾਲੇ ਦੇਸ਼ ਵਿਚ ਸੰਵਿਧਾਨ- ਜੋ ਕਿ ਸੁਪਰੀਮ ਲੌਕ ਦ ਲੈਂਡ- ਹੁੰਦਾ ਹੈ- ਕਿ ਆਸਾਂ ਉਮੰਗਾਂ ਨੂੰ ਨਜਰਅੰਦਾਜ ਕਰਨ ਅਤੇ ਸੱਚ ਵੰਡਣ ਦੇ ਬੁਨਿਆਦੀ ਸਿਧਾਂਤਾਂ ਦੀਆਂ ਧੱਜੀਆਂ ਉਡਾਉਣ ਵਰਗੀ ਕੋਸ਼ਿਸ਼ ਲੱਗਦੀ ਹੈ।

ਉਕਤ ਕਨੂੰਨ ਦੀ ਧਾਰਾਵਾਂ 18 ,ਉਪਬੰਦ ਨੂੰ ਪ੍ਰਭਾਵੀ ਬਣਾਉਣ ਵਿੱਚ ਆਉਣ ਵਾਲੀਆਂ ਕਠਿਨਾਈਆਂ ਨੂੰ ਦੂਰ ਕਰਨ ਅਤੇ ਚੀਜਾਂ ਦੇ ਸਪਸ਼ਟੀਕਰਨ ਹਿੱਤ ਸੂਬਾ ਸਰਕਾਰ ਨੂੰ ਆਦੇਸ਼ ਜਾਰੀ ਕਰਨ ਲਈ ਸਮਰੱਥਾ ਬਣਾਉਂਦੀ ਹੈ ਪਰ ਨਾਲ ਹੀ ਇਹ ਵਿਵਸਥਾ ਕਰ ਦਿੱਤੀ ਹੈ ਕਿ 'ਅਧਿਨਿਯਮ ਲਾਗੂ ਹੋਣ ਦੇ ਅਗਲੇ ਦੋ ਸਾਲਾਂ ਤੱਕ ਕੋਈ ਨਵਾਂ ਆਦੇਸ਼ ਜਾਰੀ ਨਹੀਂ ਕੀਤਾ ਜਾ ਸਕੇਗਾ', ਇਸ ਤੋਂ ਜ਼ਾਹਰ ਹੁੰਦਾ ਹੈ ਕਿ ਜੇ ਸਾਲ 2022 ਵਿੱਚ ਮੌਜੂਦਾ ਹਾਕਮ ਪਾਰਟੀ

ਸੱਤਾ ਤੋਂ ਬੇਦਖਲ ਹੋ ਜਾਂਦੀ ਹੈ ਤਾਂ ਵੀ ਨਵੀਂ ਬਣੀ ਕਿਸੇ ਹੋਰ ਪਾਰਟੀ ਦੀ ਸਰਕਾਰ ਵੀ ਕੋਈ ਨਵਾਂ ਆਦੇਸ਼ ਜਾਰੀ ਨਹੀਂ ਕਰ ਸਕੇਗੀ। ਇਹ ਵਿਵਸਥਾ ਰਾਜ ਦੇ ਛੁਪੇ ਇਰਾਦੇ ਨੂੰ ਵੀ ਜੱਗ ਜ਼ਾਹਰ ਕਰਦੀ ਹੈ। ਇਸ ਤੋਂ ਇਲਾਵਾ ਪੂਰੇ ਐਕਟ ਵਿਚ ਬਾਰ ਬਾਰ ਇਹ ਦੁਹਰਾਇਆ ਗਿਆ ਹੈ ਕਿ ਇਸ ਸਪੈਸ਼ਲ ਸਕਿਊਰਿਟੀ ਫੋਰਸ (ਜੋ ਕਿ ਰਾਜ ਪੁਲੀਸ ਬਲ ਦੇ ਇੱਕ ਦਿਨ ਦੇ ਰੂਪ ਵਿੱਚ ਹੋਵੇਗੀ)-ਦੇ ਮੈਂਬਰਾਂ ਦੀ ਭਰਤੀ ਦੀਆਂ ਪੁਲਸ ਦੀਆਂ ਆਮ ਸੇਵਾ ਸ਼ਰਤਾਂ ਦੇ ਜ਼ਰੀਏ ਹੋਵੇਗੀ ਅਤੇ ਉਨ੍ਹਾਂ ਤੇ ਲਾਗੂ ਹੋਣ ਵਾਲੇ ਕਾਨੂੰਨ ਭਾਵ ਪੁਲਸ ਅਧਿਨਿਯਮ 1861 ਤੇ ਉਤਰ ਪ੍ਰਦੇਸ਼ ਪੁਲੀਸ ਰੈਗੂਲੇਸ਼ਨ ਨਾਲ ਰਾਜ ਕੀਤਾ ਜਾਵੇਗਾ। ਇਸ ਸਪੈਸ਼ਲ ਫੋਰਸਜ਼ ਦਾ ਕਮਾਂਡੈਂਟ ਆਫੀਸਰ ਆਪਣਾ ਇਕ ਏ ਡੀ ਜੀ ਰੈਂਕ ਦਾ ਇੱਕ ਪੁਲਸ ਅਫਸਰ ਹੋਵੇਗਾ ਤੇ ਉਸ ਨੂੰ ਆਮ ਪੁਲਸ ਫੋਰਸਾਂ ਦੇ ਮੈਂਬਰਾਂ ਨੂੰ ਰੈਗੂਲੇਟ ਕਰਨ ਹਿੱਤ ਜਾਰੀ ਦਿਸ਼ਾ ਨਿਰਦੇਸ਼ਾਂ ਤੇ ਪਾਬੰਦੀਆਂ ਤੋਂ ਮੁਕਤ ਰੱਖਿਆ ਗਿਆ ਹੈ। ਇਸ ਤਰ੍ਹਾਂ ਇਹ ਵਿਧੀ ਦੁਆਰਾ ਸਥਾਪਤ ਪ੍ਰਕਿਰਿਆ ਦੇ ਮੂਲ ਸਿਧਾਂਤ ਦੇ ਹੀ ਖ਼ਿਲਾਫ ਬਣਾਇਆ ਗਿਆ ਹੈ। ਯੂ ਪੀ ਐਸ ਐਸ ਐਫ ਐਕਟ 2020 ਦੀ ਵਿਵਸਥਾ ਦੁਨੀਆਂ ਭਰ ਵਿੱਚ ਆਮ ਅਪਰਾਧਿਕ ਵਿਧੀ ਦੇ ਸਿਧਾਂਤਾਂ ਦੀ ਉਲੰਘਣਾ ਵਿੱਚ ਬਣਾਈ ਗਈ ਹੈ। ਇਸ ਫੋਰਸ ਦੇ ਮੈਂਬਰਾਂ ਵੱਲੋਂ ਗ੍ਰਿਫਤਾਰ ਕੀਤੇ ਗਏ ਵਿਅਕਤੀ ਨੂੰ ਹਿਰਾਸਤ ਵਿੱਚ ਰੱਖੇ ਜਾਣ ਦਾ ਸਥਾਨ ਤੇ ਗ੍ਰਿਫਤਾਰ ਵਿਅਕਤੀ ਦੇ ਰਿਸ਼ਤੇਦਾਰਾਂ ਆਦਿ ਨੂੰ ਸੂਚਨਾ ਦੇਣ ਤੋਂ ਮੁਕਤ ਕਰ ਕੇ ਬੰਦੀਆਂ ਨੂੰ ਪ੍ਰਾਪਤ ਮੌਲਿਕ ਅਧਿਕਾਰਾਂ ਦੀ ਉਲੰਘਣਾ ਤਾਂ ਹੈ ਹੀ, ਨਾਲ ਹੀ ਸੁਪਰੀਮ ਕੋਰਟ ਵੱਲੋਂ ਜਾਰੀ ਦਿਸ਼ਾ ਨਿਰਦੇਸ਼ਾਂ ਜਿਨ੍ਹਾਂ ਵਿੱਚ ਗ੍ਰਿਫਤਾਰ ਕੀਤੇ ਗਏ ਵਿਅਕਤੀ ਦੇ ਅਧਿਕਾਰਾਂ ਦਾ ਜ਼ਿਕਰ ਹੈ, ਸੀਆਰਪੀਸੀ ਦੀ ਧਾਰਾ 50,50,57 ਤੇ ਸੰਵਿਧਾਨ ਦੇ ਅਨੁਛੇਦ 21 ਤੇ 22 ਆਦਿ ਦੀ ਸ਼ਰੇਆਮ ਉਲੰਘਣਾ ਵੀ ਹੈ। ਇਸ ਤੋਂ ਇਲਾਵਾ ਗ੍ਰਿਫਤਾਰੀ ਨੂੰ ਅਦਾਲਤ ਦੀ ਸਕਰੂਟਨੀ ਤੋਂ ਪਰ੍ਹੇ ਰੱਖਣਾ ਕਾਨੂੰਨੀ ਹੱਲ ਤੋਂ ਵੰਚਿਤ ਰੱਖਣ ਦੇ ਬਰਾਬਰ ਹੈ। ਅੱਧਿਨਿਯਮ ਦੀ ਧਾਰਾ 7 ਜੋ ਨਿਜੀ ਅਦਾਰਿਆਂ ਤੇ ਵਿਅਕਤੀਆਂ ਦੀ ਸੁਰੱਖਿਆ ਵਿਚ ਤਨਖਾਹ ਬਦਲੇ ਡੀਜੀਪੀ ਵੱਲੋਂ ਨਿਯੁਕਤ ਕੀਤੇ ਜਾਣ ਨੂੰ ਸਹੀ ਬਣਾਉਂਦੀ ਹੈ ਤੇ ਮਾਨਚਾਹੀ ਵਰਤੋਂ ਦੀ ਸੰਭਾਵਨਾ ਨੂੰ ਬਲ ਬਖਸ਼ਦੀ ਹੈ। ਇਹ ਇਕ ਲੋਕ ਕਲਿਆਣਕਾਰੀ ਰਾਜ ਦੀ ਧਾਰਨਾ ਜਿਸ ਚ ਰਾਜ ਦੇ ਆਪਣੇ ਸਾਰੇ ਨਾਗਰਿਕਾਂ ਦੀ ਸੁਰੱਖਿਆ ਅਤੇ ਕਲਿਆਣ ਦੀ ਉਮੀਦ ਕੀਤੀ ਜਾਂਦੀ ਹੈ, ਦੀ ਧਾਰਨਾ ਦੇ ਉਲਟ ਧਨੀ ਤੇ ਲੱਠਮਾਰ ਵਿਅਕਤੀਆਂ ਦੇ ਪੱਖ ਵਿੱਚ ਰਾਜ ਦਾ ਝੁਕਾਅ ਜ਼ਾਹਿਰ ਕਰਦਾ ਹੈ। ਇਸ ਤਰ੍ਹਾਂ ਇਹ ਕਨੂੰਨ ਭਾਰਤੀ ਸੰਵਿਧਾਨ ਦੇ ਹੀ ਉਲਟ ਹੈ।

ਇਸ ਤਰ੍ਹਾਂ ਦੀ ਇਲੀਟ ਫੋਰਸ ਦਾ ਗਠਨ ਉੱਤਰ ਪ੍ਰਦੇਸ਼ ਵਰਗੇ ਰਾਜ ਵਿੱਚ ਜਿੱਥੇ ਸੂਬੇ ਦਾ ਖ਼ਜ਼ਾਨਾ ਪਹਿਲਾਂ ਤੋਂ ਹੀ ਲਾਚਾਰ ਸਥਿਤੀ ਵਿੱਚ ਹੋਵੇ ਅਤੇ ਕੋਰੋਨਾ ਕਾਲ ਵਿੱਚ ਆਪਣੇ ਨਾਗਰਿਕਾਂ ਦੇ ਹਿੱਤ ਵਿੱਚ ਬਿਹਤਰ ਫੈਸਲੇ ਨਾ ਲਏ ਗਏ ਹੋਣ,ਅਜਿਹੇ ਵਿੱਚ ਕੋਈ ਰਾਜਨੀਤਕ ਪ੍ਰਭੂ ਆਪਣੇ ਇਸ ਸਨਕੀ ਫੈਸਲੇ ਨਾਲ ਰਾਜ ਦੇ ਖ਼ਜ਼ਾਨੇ ਦੀ ਵਰਤੋਂ ਯੂ ਪੀ ਐਸ ਐਸ ਐਫ ਦੇ ਗਠਨ ਵਿੱਚ ਲਗਪਗ ਅਠਾਰਾਂ ਹਜ਼ਾਰ ਕਰੋੜ ਰੁਪਏ ਨਿਵੇਸ਼ ਕਰੇ ਇਹ ਕਿਸੇ ਵੀ ਨੁਕਤਾਨਜਰੀਏ ਤੋਂ ਅਕਲਮੰਦੀ ਨਹੀਂ ਹੈ। ਪਹਿਲਾਂ ਤੋਂ ਹੀ ਮੌਜੂਦ ਪੁਲਸ ਫੋਰਸ ਤੇ ਪ੍ਰੋਸ਼ੀਅਲ ਆਰਮਡ ਕਾਂਸਟੇਬੁਲਰੀ(ਪੀਏਸੀ) ਉਨ੍ਹਾਂ ਦੀਆਂ ਖਾਲੀ ਅਸਾਮੀਆਂ ਭਰ ਕੇ ਇਹ ਕੋਸ਼ਿਸ਼ ਕੀਤੀ ਜਾ ਸਕਦੀ ਸੀ। ਯੂਪੀ ਪੁਲੀਸ ਜੋ ਕਿ ਸਟਾਫ ਦੀ ਘਾਟ,ਢਾਂਚਾਗਤ ਵਿਵਸਥਾਵਾਂ ਦੀ ਕਮੀ ਤੇ ਬਜਟ ਦੀ ਨਿਗੂਣੀ ਸਹਾਇਤਾ ਆਦਿ ਨਾਲ ਜੂਝ ਰਹੀ ਹੈ,ਇਸ ਨੂੰ ਦੂਰ ਕੀਤੇ ਬਿਨਾਂ ਵਾਧੂ ਭਾਰ ਸਰਕਾਰੀ ਖਜ਼ਾਨੇ ਤੇ ਪਾਉਣਾ ਬਿਲਕੁਲ ਹੀ ਵਾਜਿਬ ਨਹੀਂ ਹੈ। ਅਜਿਹੇ ਸਮੇਂ ਵਿੱਚ ਜਦ ਯੂਏਪੀਏ, ਐਨ ਐਸ ਏ ਤੇ ਦੇਸ਼ ਧ੍ਰੋਹ ਵਰਗੇ ਕਾਨੂੰਨਾਂ ਦੀ ਵਰਤੋਂ ਸਰਕਾਰ ਨਾਲ ਨੀਤੀਗਤ ਅਸਹਿਮਤੀ ਰੱਖਣ ਵਾਲੇ ਨਾਗਰਿਕਾਂ ਵਿਰੁੱਧ ਧੜੱਲੇ ਨਾਲ ਕੀਤੀ ਜਾ ਰਹੀ ਹੈ ਤੇ ਇਸ ਸੰਬੰਧੀ ਜੱਜਾਂ ਵਕੀਲਾਂ, ਸਰਗਰਮ ਕਾਰਕੁਨਾਂ ਤੇ ਹੋਰ ਸਮਾਜ ਦੇ ਜਾਣੇ ਪਛਾਣੇ ਲੋਕਾਂ ਵੱਲੋਂ ਚਿੰਤਾ ਵੀ ਜ਼ਾਹਰ ਕੀਤੀ ਜਾ ਰਹੀ ਹੈ, ਬਿਨਾਂ ਕਿਸੇ ਜੁਆਬਦੇਹੀ ਦੇ ਅਸਾਧਾਰਨ ਸ਼ਕਤੀਆਂ ਨਾਲ ਯੁਕਤ ਪੁਲੀਸ ਸੁਰੱਖਿਆ ਫੋਰਸ ਦਾ ਗਠਨ ਰਾਜ ਦੀ ਮਨਸ਼ਾ ਤੇ ਸ਼ੱਕ ਜ਼ਾਹਰ ਕਰਦਾ ਕਰਦਾ ਹੈ। ਇੰਨਾ ਹੀ ਨਹੀਂ ਇਸ ਅਧਿਨਿਯਮ 'ਤੇ ਰਾਜ ਵਿਧਾਨ ਸਭਾ ਵਿੱਚ ਲੋੜੀਂਦੀ ਚਰਚਾ ਵੀ ਨਹੀਂ ਕੀਤੀ ਗਈ। ਵਿਧਾਨ ਪ੍ਰੀਸ਼ਦ ਵਰਗੇ ਸਦਨ ਵਿਚ ਜਿਥੇ ਵਿਰੋਧੀ ਧਿਰ ਬਹੁਮਤ ਵਿੱਚ ਹੈ ਨੂੰ ਭਰੋਸੇ ਵਿੱਚ ਲਏ ਬਿਨਾਂ ਜਲਦਬਾਜ਼ੀ ਵਿੱਚ ਪਾਸ ਕਰਾ ਲਿਆ ਗਿਆ। ਇਹ ਸਭ ਜ਼ਾਹਿਰ ਕਰਦਾ ਹੈ ਕਿ ਕੋਈ ਚੁਣੀ ਹੋਈ ਸਰਕਾਰ ਪ੍ਰਚੰਡ ਬਹੁਮਤ ਦੇ ਪੜਦੇ ਹੇਠ ਕਿਵੇਂ ਜਨਵਿਰੋਧੀ ਬੇਲੋੜੇ ਕਾਨੂੰਨਾਂ ਦੀ ਨਿਰਮਾਣ ਕਰ ਸਕਦੀ ਹੈ, ਜੋ ਕਿ ਸੰਵਿਧਾਨਕ ਲੋਕਤੰਤਰ ਦੇ ਉੱਕਾ ਹੀ ਹਿੱਤ ਵਿੱਚ ਨਹੀਂ ਹੋਵੇਗਾ। ਸੰਖੇਪ ਵਿਚ ਕਹਿਣਾ ਹੋਵੇ ਤਾਂ ਯੂ ਪੀ ਐੱਸ ਐੱਸ ਐੱਫ ਨੇ ਯੂਪੀ ਪੁਲੀਸ ਦਾ "ਆਪਕੀ ਸੁਰੱਖਿਆ ਸਾਡਾ ਸੰਕਲਪ" ਨੂੰ "ਆਪਕਾ ਜੋਖਿਮ ਸਾਡਾ ਸੰਕਲਪ" ਵਿੱਚ ਤਬਦੀਲ ਕਰ ਦਿੱਤਾ ਹੈ। ਇਹ ਕਿਸੇ ਰਾਜ ਦੇ ਫਾਸ਼ੀਵਾਦੀ ਹੋਣ ਵੱਲ ਇਕ ਹੋਰ ਕਦਮ ਹੈ।

( ਕਰਟਸੀ ਰਮੇਸ਼ ਕੁਮਾਰ ਦਸਤਕ
ਨਵੰਬਰ-ਦਸੰਬਰ 2020)

NEW SERVICE BY CARE INC

CARE AUDIOLOGY

Calgary 403-605-6300
ਸੋਮਵਾਰ ਤੋ ਸ਼ਨੀਵਾਰ 10 ਵਜੇ ਤੋ 6 ਵਜੇ ਤੱਕ
ਐਤਵਾਰ ਬੰਦ

## ਕੀ ਤੁਸੀਂ ਜਾਣਦੇ ਹੋ ਕਿ ਵਡੇਰੀ ਉਮਰ ਵਿੱਚ ਤੰਦਰੁਸਤ ਰਹਿਣ ਲਈ ਸੁਣਨ ਸ਼ਕਤੀ ਦਾ ਪੂਰਾ ਹੋਣਾ ਬਹੁਤ ਹੀ ਜਰੂਰੀ ਹੈ....??

ਦੁਨੀਆਂ ਦੀ ਪ੍ਰਸਿੱਧ ਮੈਡੀਕਲ ਯੂਨੀਵਰਸਿਟੀ ਦੀ ਖੋਜ ਮੁਤਾਬਿਕ ਜੇਕਰ ਘੱਟ ਸੁਣਨ ਦਾ ਇਲਾਜ ਨਾ ਕੀਤਾ ਜਾਵੇ ਤਾਂ ਉਦਾਸੀ, ਦਿਮਾਗੀ ਕਮਜ਼ੋਰੀ, ਦਿਲ ਦਾ ਦੌਰਾ ਅਤੇ ਡਿੱਗਣ ਦੇ ਖਤਰੇ ਵੱਧ ਜਾਂਦੇ ਹਨ।

ਸ਼ੁਨਣ ਸ਼ਕਤੀ ਕਮਜ਼ੋਰ ਹੋਵੇ ਤਾਂ ਵੱਡੀ ਗਲਤਫ਼ਹਿਮੀ ਹੋ ਸਕਦੀ ਹੈ।ਬਜ਼ੁਰਗਾਂ ਨੂੰ ਵੱਖੋ-ਵੱਖ ਸੇਵਾਵਾਂ ਦੇਣ ਵਾਲੇ Care Inc. ਨੇ ਹੁਣ ਖੋਲ ਦਿੱਤੀ ਹੈ Care Audiology! ਜਿੱਥੇ ਦੁਨਿਆਂ ਦੀਆਂ Latest ਮਸ਼ੀਨਾ ਨਾਲ ਕੰਨਾ ਦਾ hearing test ਕੀਤਾ ਜਾਂਦਾ ਹੈ।ਤੁਸੀਂ ਮੁਫਤ hearing aid ਲੈਣ ਵਾਸਤੇ ਵੀ ਕੁਆਲੀਫਾਈ ਕਰ ਸਕਦੇ ਹੋ।19 ਸਾਲ ਤੋਂ ਵੱਧ ਉਮਰ ਵਾਲਿਆਂ ਦਾ hearing test free ਕਰਦੇ ਨੇ।

‘ਕੇਅਰ ਇੰਕ’
ਤੁਹਾਡੀ ਸੇਫਟੀ, ਸਾਡਾ ਵਿਸ਼ਵਾਸ
Payment Plans Available



www.careinc.ca
Calgary Store: #124 - 4774 Westwinds Drive N.E., Calgary Alberta, Canada
Phone: 403-605-6300 Fax : 403-536-4057 Email : calgary@careinc.ca



Al Karim TRAVEL & TOURS



# ALKARIM TRAVEL & TOURS

## Less Fares Guaranteed

ਇੰਡੀਆ, ਪਾਕਿਸਤਾਨ, ਬੰਗਲਾਦੇਸ਼, ਸ਼੍ਰੀਲੰਕਾ, ਅਫਰੀਕਾ, ਅਫਗਾਨਿਸਤਾਨ, ਯੋਰਪ, ਫੀਜੀ ਜਾਂ ਆਸਟ੍ਰੇਲੀਆ ਜਾਣ, ਨਨਕਾਣਾ ਸਾਹਿਬ ਗਰੁੱਪ ਯਾਤਰਾ ਅਤੇ ਇੰਡੀਆ ਵੀਜ਼ਾ ਵਾਸਤੇ ਅਪਲੀਕੇਸ਼ਨ ਫੀਸ ਸਿਰਫ਼ 10 ਡਾਲਰ ਲਈ ਅਲਕਰੀਮ ਟਰੈਵਲ ਐਂਡ ਟੂਰਜ 'ਤੇ ਪਹੁੰਚੋ ਜਾਂ ਫੋਨ ਕਰੋ।

Best Fares to and from :
India, Pakistan, Afghanistan, Bangladesh, Sri Lanka, Africa, Fiji & Beyond

Arrange Nanakana Sahib Yatra Group & Vacation packages

PASSPORT SERVICE, VISA SERVICE
SUPER VISA & SUPER VISA INSURANCE

Money Transfer via TRANS-FAST,
"Indian Visa application fee $10 only"

403-454-8011

VILLAGE SQ. MALL #123, 2640-52 STREET N.E. CALGARY, AB
Email : info@alkarimtraveltours.com
www.alkarimtraveltours.com



Skyview BLINDS & SHADES
Quality Never Lies



For all your window and wall covering needs contact

(587) 496-9783 | (403) 714-0416
info@skyviewshades.ca | www.skyviewshades.ca
Unit# 129, 10985 38 St NE Calgary, AB, T3N1E7



HMP ਐਚ ਐਮ ਪੀ ਪ੍ਰੋਫੈਸ਼ਨਲ ਕੰਸਟ੍ਰਕਸ਼ਨ ਲਿਮਟਿਡ
PROFESSIONAL CONSTRUCTION LTD.
Specialist in: www. hmphome.com

- Built Garage
- Garage Door Opener & Install
- New Garage Door
- Repair Old Garage Door
- Roofing, Fence, Deck
- New Houses Framing
- Old House Extension & any other add on construction Work

ਨਵੀਂ ਗੈਰਾਜ ਬਣਾਉਣ ਲਈ ਗੈਰਾਜ ਡੋਰ ਓਪਨਰ, ਨਵੀਂ ਗੈਰਾਜ ਡੋਰ, ਪੁਰਾਣੀ ਗੈਰਾਜ ਡੋਰ ਰਿਪੇਅਰ, ਰੂਫਿੰਗ, ਫੈਂਸ, ਡੈੱਕ, ਨਵੇਂ ਘਰਾਂ ਦੀ ਫਰੇਮਿੰਗ, ਪੁਰਾਣੇ ਘਰ ਦੀ ਐਕਸਟੈਂਸ਼ਨ ਅਤੇ ਹੋਰ ਕੋਈ ਵੀ ਕੰਸਟਰਕਸ਼ਨ ਦਾ ਕੰਮ ਕਰਾਉਣ ਲਈ ਫੋਨ ਕਰੋ।

Free Estimate Paul Sekhon: 403-701-4947

HMP CUSTOM CABINETS LTD.
Specialist in : Custom Kitchen, Bars, Washroom Vanity, Closet & All Commercial Mill Work



Paul Sekhon: 403-829-5000

Bay 11 2316 27 Ave. NE, Calgary Ph. : 403-701-4947


SAVANNA
Market Dental
Dr. Amerjot Kler | Dr. Kam Sahota | Dr. Aman Cheema
202/204 9036 St NE
Calgary, Alberta T3J 2E3
403-590-4888
www.savannamarketdental.com


PUNJABI SWEETS
House & Restaurant
All Kinds of Sweets
Non-Veg & Vegi Food
Take out
We do catering also
Fast & Best
Friendly
Service
ਤਾਜਾ ਅਤੇ ਸਵਾਦੀ ਖਾਣਾ ਜਿਵੇਂ ਸਮੋਸੇ, ਗੋਲਗੱਪੇ,
ਚਾਟ, ਤਾਜ਼ਾ ਮਠਿਆਈ ਬਰਫ਼ੀ, ਗੁਲਾਬ ਜਾਮਣ,
ਰਸਗੁੱਲੇ, ਲੱਡੂ ਅਤੇ ਜਲੇਬੀਆਂ ਖਾਣ ਜਾਂ ਲਿਜਾਣ ਲਈ
ਅੱਜ ਹੀ ਸਾਡੇ ਰੈਸਟੋਰੈਂਟ 'ਤੇ ਪਹੁੰਚੋ ਜਾਂ ਫੋਨ ਕਰੋ।
Open 7 Days a Week
403-293-5252
Bay 113 216 Saddle Towne Cir, N.E. T3J 0C9


We are Hiring Insurance Advisors
Join our fast growing team of Desjardins Financial Security to work with all major insurance & investment companies.
* You will get full commission. * We are Hiring Full Time or Part Time.
* New & Experienced Advisors.
We can help to get license.
Call Harcharan Parhar @ 403-681-8689


BLUE BIRD
IMMIGRATION CONSULTING INC
BLUE BIRD
IMMIGRATION CONSULTING INC
iccrc
IMMIGRATION CONSULTANTS OF CANADA REGULATORY COUNCIL
crcic
CONSEIL DE RÉGLEMENTATION DES CONSULTANTS EN IMMIGRATION DU CANADA
Jaspreet Kaur Gill
ICCRC Member CAPIC Member
Commissioner for Oaths (Alberta)
• Family Sponsorship • Citizenship Application
• PR Card Application • Super Visa • Visitor Visa
• Sponsorship Letters • Express Entry & Skilled Worker
405-4656 Westwinds Dr NE Calgary Alberta T3J 3Z5
Ph.: 403-453-6575 | bluebirdimm@gmail.com


SHAHI FLAVOURS
TRUST IN TASTE
SHAHI
MEAT • INDIAN FOOD
Unit 4130, 4310 104 Ave NE, Calgary, AB | 403.274.2600
Kawal Dhillon
403-918-0600
www.shahiflavours.ca
Takeout & Catering
Sabi Singh
403-690-9980


ESTATEVIEW
REAL ESTATE & PROPERTY MANAGEMENT
Harcharan (HP) Parhar
REALTOR®
For all your Real Estate need
Please Call
Harcharan Parhar
Cell 403.681.8689
hp8689@gmail.com


AK Kitchen Cabinet Ltd.
We build your imaginations
Office : (403) 234-9233 | Fax : (403) 234-9220
We are hiring workers
Ahmad
403-615-7086
Umar
403-629-4824
Anwar
403-463-0786
#2, 3530 32 Street NE, T1Y 6G7
Akkitchencabinet@hotmail.com


GOOD EARTH
BUILDERS
MANI BASHIR
Project Manager (Director)
• Custom build home
• Home renovation
• Basement & Garage
mani@goodearthbuilders.ca
www.GoodEarthbuilders.ca
1-403-992-8476 | 1-800-448-4565

Trust Your Memories to the Professionals

**Dream Productions inc.**

Wedding, Birthday, Engagement, Slide Show, Music Video, T.V. Program, Modeling Picture, Concert, Community Event Etc.



*We can Also Arrange Decoration Party Rentals*

Customer satisfaction is our pride!

| Video | Photography | Music |
|---|---|---|
| Video film with single, double & multiple camera system (Broadcast Quality) | Digital Photography (Coloured, black and white) digital enhancement | DJ, Lighting, screen Projector live sound etc. |

403-835-2762 or 29 DREAM (37326)

*Special Packages Available For All Occasions*

For Honest and Best Results Please Call :

Cell. (403)-680-1895

Fax. (403)-457-1216

Email : taranmand@shaw.ca



MLS MULTIPLE LISTING SERVICE® R REALTOR® REAL ESTATE BOARD

Taranjit "T. J." Mand
Real Estate Associate

**Max Value Reality Ltd.**



**Amandeep Gill**
Financial Security Advisor offering Life, Health, Group Insurance and Investments

Desjardins Financial Security® Independent Network

FINANCIAL SERVICES

- Life Insurance (WL, UL, Term)
- Critical Illness Insurance
- Disability Insurance
- Registered Education Savings Plan (RESP)
- Registered Retirement Savings Plan (RRSP)
- Tax Free Savings Account (TFSA)
- Drug & Dental Plan
- Super Visa Insurance
- Mortgage & Loans

209-5401 Temple Drive N.E.
Calgary, AB T1Y 3R7

Office : 403-455-1720
Cell : 403-919-6962
amandeep.gill@dfsin.ca

CELL: 403-619-5949

MAND TIRES LTD



403-619-5949



UNBEATABLE TIRE PRICES
MOUNTING AND ROTATIONS
USED TIRES
FLAT REPAIRS

MAND TIRES LTD

TRUCK AND TRAILER TIRES
Calgary

**PERFECT**

**Furnace & Duct Cleaning Ltd.**




Install new Furnace air Conditioning garage heater Furnace repair water tank

Truck mounted unit with High Power Vacuum & 200 Psi







We Clean :

- Ducts Cleaning
- Furnaces
- Hot Water Tanks
- Dryer Vents
- Carpet Cleaning
- Humidifiers Installation
- Hot water Tank Installation
- Gas Fire Place & Air Conditions

We Install New Furnace, Hot water Tank & Air Condition

ਅਸੀਂ ਡਕਟ ਕਲੀਨਿੰਗ, ਫਰਨੇਸ, ਹੌਟ ਵਾਟਰ ਟੈਂਕ, ਗੈਸ ਫਾਇਰ ਪਲੇਸ ਅਤੇ ਏਅਰ ਕੰਡੀਸ਼ਨ, ਹਿਊਮਡੀਫਾਇਰ, ਡਰਾਇਰ ਦੇ ਵੈਂਟ ਅਤੇ ਕਾਰਪੈਂਟ ਕਲੀਨ ਕਰਦੇ ਹਾਂ।

For service call :
Piara Dhillon : 403-401-0710
Gurwinder Dhillon : 403-771-2748

# ਕੱਲ ਵੀ ਮੈਂ ਲਿਖਦਾ ਲਿਖਦਾ ਰਹਿ ਗਿਆ ਮੈਂ ਸੋਚਿਆ ਕੀ ਕਤੀੜਾਂ ਦੇ ਮੂੰਹ ਲੱਗਣਾਂ



ਕੱਲ ਵੀ ਮੈਂ ਲਿਖਦਾ ਲਿਖਦਾ ਰਹਿ ਗਿਆ ਮੈਂ ਸੋਚਿਆ ਕੀ ਕਤੀੜਾਂ ਦੇ ਮੂੰਹ ਲੱਗਣਾਂ। ਯਰ ਤੁਸੀਂ ਤਾਂ ਜਵਾਂ ਹੱਦ ਕਰੀ ਜਾਂਦੇ ਉ। ਮੈਂ ਸ਼ਰੇਆਮ ਹਿੱਕ ਠੋਕ ਕੇ ਕਹਿਣਾ ਵੀ ਬਾਹਲੇ ਕੁਝ ਕੁ ਜਿਹੜੇ ਜਹਿਰਾਂ ਘੋਲੀ ਜਾਂਦੇ ਆ ਅੰਦੋਲਨ ਥੋਡੇ ਕਰਕੇ ਖਰਾਬ ਹੋਉ ਪੱਕਾ। ਤੁਸੀ ਦੇ ਨਾਲੋਂ 100 ਗੁਣਾ ਖਤਰਨਾਕ ਹੋ। ਬਹੁਤ ਵੀਰ ਨੇ ਜੋ ਮਦਦ ਵੀ ਭੇਜ ਰਹੇ ਨੇ ਜਿੱਤ ਨੂੰ ਉਡੀਕ ਰਹੇ ਨੇ। ਦੀਪ ਲੱਖੇ ਤੇ ਜੱਥੇਬੰਦੀ ਦੀ ਛੱਡੋ ਥੋਨੂੰ ਤਾਂ ਯਰ ਧੀਆਂ ਭੈਣਾਂ ਦੀ ਇੱਜਤ ਈ ਨੀ ਕਰਨੀ ਆਉਂਦੀ। 3-4 ਦਿਨ ਤੋਂ ਵੇਖੀ ਜਾਂਨੇ ਆ ਤੁਸੀ ਸੋਨੀਆ ਮਾਨ ਬਾਰੇ ਕੀ ਕੀ ਮੰਦਾ ਚੰਗਾ ਬੋਲੀ ਜਾਂਦੇ ਉ। ਥੋਨੂੰ ਬਾਹਰ ਬੈਠਿਆਂ ਨੂੰ ਮਾੜਾ ਮੋਟਾ ਵੀ ਪਤਾ ਉ ਕਰ ਕੀ ਰਹੀ ਆ। ਅੰਦੋਲਨ ਦੇ ਪਹਿਲੇ ਦਿਨੋਂ ਈ ਉ ਟਿੱਕਰੀ ਬਾਡਰ ਤੇ ਨਿਰੰਤਰ ਸੇਵਾ ਕਰ ਰਹੀ ਐ। ਅਪਣੇ ਸਾਥੀਆਂ ਤੇ ਕਲੱਬ ਆਲਿਆਂ ਨਾਲ ਮਿਲਕੇ ਉਹਨੇ ਬਹਾਦਰਗੜ ਬੱਸ ਸਟੈਂਡ ਤੇ ਮਾਤਾਵਾਂ ਭੈਣਾਂ ਦੇ ਰਹਿਣ ਲਈ ਟੈਂਟ ਤਿਆਰ ਕੀਤੇ। ਖਾਣ ਪੀਣ ਤਾਂ ਛੱਡੋ ਕਿਸੇ ਤਰਾਂ ਦੀ ਕੋਈ ਵੀ ਮੈਡੀਕਲ ਦੀ ਜ਼ਰੂਰਤ ਐ ਤਾਂ 2 ਮਿੰਟ ਚ ਟੀਮ ਪਹੁੰਚ ਜਾਂਦੀ ਐ ਬਾਥਰੂਮ ਤੇ ਕੱਪੜੇ ਧੋਣ ਆਲੀਆਂ ਮਸ਼ੀਨਾਂ ਦਾ ਬਹੁਤ ਵਧੀਆ ਪ੍ਰਬੰਧ ਕੀਤਾ। ਘੱਟੋ ਘੱਟ 300 ਬੀਬੀਆਂ ਦੇ ਰਹਿਣ ਪ੍ਰਬੰਧ ਕੀਤਾ। ਤੁਸੀ ਨੀ ਆ ਸਕਦੇ ਤਾਂ ਕਿਸੇ ਆਵਦੇ ਜਾਣਕਾਰ ਨੂੰ ਭੇਜ ਦਿਉ ਗੇੜਾ ਮਾਰ ਆਉ। ਲੱਗਪਗ ਸਾਰੇ ਟਿੱਕਰੀ ਬਾਡਰ ਤੇ ਈ ਦਿਨ ਰਾਤ ਪੂਰੀ ਤਨਦੇਹੀ ਨਾਲ ਡਿਉਟੀ ਦਿੰਦੇ ਨੇ ਹਰਫ ਚੀਮਾ ਕੰਵਰ ਗਰੇਵਾਲ ਰਾਜਵੀਰ ਜਵੰਧਾ ਸੋਨਿਆ ਮਾਨ ਗਾਲਵ ਵੜੈਚ ਤੇ ਇਹਨਾਂ ਦੀ ਸਾਰੀ ਟੀਮ। ਤੁਸੀ ਯਰ ਗਾਲਾਂ ਕੱਢੀ ਜਾਂਦੇ ਈ ਸ਼ਰੇਆਮ ਈ। ਪਹਿਲਾਂ ਇਹ ਦੱਸੋ। ਤੁਹਾਡੀਆਂ ਭੈਣਾਂ ਕਿਨੇ ਦਿਨ ਲਾਕੇ ਆਇਆਂ ਸਿੰਘੂ ਜਾਂ ਟਿੱਕਰੀ 'ਤੇ ਹੋ ਸਕਦਾ ਤੁਹਾਡੀਆਂ ਮਾਤਾਂਵਾਂ ਭੈਣਾ ਵੀ ਇਹਨਾਂ ਦੇ ਬਣਾਏ ਟੈਂਟ ਚ ਰਹਿਕੇ ਆਈਆਂ ਹੋਣ। ਅਗਲੀ ਨੂੰ 85 ਦਿਨ ਹੋਗੇ। ਉਹਦਾ ਵੀ ਫਿਊਚਰ ਆ ਘਰ ਬਾਰ ਕੰਮ ਕਾਰ ਆ। ਆਹ ਹੁਣ ਤਾਂ ਫੇਰ ਵੀ ਠੱਲ ਪਈ ਆ ਤੁਸੀ ਕਰਤੂਤਾਂ ਕੀ ਕਰਦੇ ਰਹੇ ਉ। ਕਿਤੇ ਮਾਮੇ ਦੀ ਕੁੜੀ ਨਾਲ ਵਿਆਹ ਕਿਤੇ ਵੱਟਾ ਸੱਟਾ ਕਿਸੇ ਨੇ ਕਾਗਜਾਂ ਚ ਭੂਆ ਦੀ ਕੁੜੀ ਨਾਲ ਵਿਆਹ। 30-30 ਲੱਖ ਲਾਕੇ ਭੈਣਾਂ ਵਿਆਹ ਤੀਆਂ ਕਿਸੇ ਨੇ 30 ਲੱਖ ਲਾ ਦੇਣਾ। ਥੋਡੇ ਇਹਨਾਂ ਕੰਮਾਂ ਨਾਲੋਂ ਤਾਂ ਚੰਗਾ ਈ ਆ ਇੱਕ ਕੁੜੀ ਉਥੇ ਸੇਵਾ ਕਰ ਰਹੀ ਐ।

ਥੋਡੇ ਯਰ ਭੇਜੇ ਪੈਸੇ ਫੰਡ ਨੂੰ ਚੱਟਣਾ ਯਰ ਜਦੋਂ ਤੁਸੀ ਇੱਕ ਕੁੜੀ ਦੀ ਇੱਜਤ ਨੀ ਕਰ ਸਕਦੇ। ਤੁਸੀ ਡੱਕ ਕੇ ਦਾਰੂ ਨਾਲ ਨਾਲ ਰੱਖ ਕੇ ਬੀਚ ਤੇ ਸੀਖਾਂ ਜੀਆ ਆਲਾ ਚੁੱਲਾ ਟੈਟ ਹੋਕੇ ਤੁਸੀ ਸ਼ੁੱਭਚਿੰਤਕ ਬਣ ਜਾਂਦੇ ਉ।

ਸੋਨੀਆ ਦੀਆਂ ਫੋਟੋ ਪਾਈ ਜਾਂਦੇ ਆ ਅਖੇ ਨਕੋਦਰ ਜਾਂਦੀ ਆ ਬਾਬੇ ਕੋਲ। ਯਰ ਅਗਲੀ ਦੀ ਸ਼ਰਧਾ ਜੋ ਜਿੱਥੇ ਮਰਜੀ ਜਾਵੇ ਜਿਹਨੂੰ ਮਰਜੀ ਮੰਨੇ ਤੁਸੀ ਕੀ ਲੈਣਾਂ। ਕਿਉਂ ਆਪਾ ਕਿਸੇ ਮੁਸਲਮਾਨ ਦੀ ਜਗਾ ਤੇ ਜਾ ਨੀ ਸਕਦੇ। ਜਦੋਂ ਕੋਈ ਮੁਸਲਮਾਨ ਭਾਈ ਹਰਿਮੰਦਰ ਸਾਹਿਬ ਆਉਂਦਾ ਜਾਂ ਕੋਈ ਹਿੰਦੂ ਆਉਂਦਾ ਉਦੋ ਤਾਂ ਬੜੇ ਚੌੜੇ ਹੋਕੇ ਫੇਸਬੁੱਕ ਤੇ ਫੋਟੋ ਪਾਉਂਦੇ ਵੀ ਵੇਖੇ ਇਹ ਧਰਮ ਵੀ ਸਿੱਖ ਧਰਮ ਨੂੰ ਮੰਨਦਾ। ਤੇ ਜਦੋਂ ਸਿੱਖ ਕਿਤੇ ਜਾਂਦਾ ਫੇਰ ਥੋਡੇ ਚਲੂਣੇ ਲੜਦੇ ਆ।

ਮੁਕਦੀ ਗੱਲ ਏ ਆ ਵੀ ਵੀਰੋ ਥੋਡੇ ਨਾਲ ਕੋਈ ਵੈਰ ਨੀ ਨਾ ਕੋਈ ਅਪਣਾ ਜ਼ਮੀਨ ਦਾ ਰੌਲਾ ਆਪਾ ਅੰਦੋਲਨ ਚ ਆਪਾਂ ਜ਼ਮੀਨਾਂ ਬਚਾਉਣ ਗਏ ਆਂ। ਚੰਗਾ ਮਾੜਾ ਕਿਸੇ ਨੂੰ ਕਹਿਣ ਦੀ ਲੋੜ ਨੀ ਖਾਸ ਕਰਕੇ ਧੀਆਂ ਭੈਣਾਂ ਨੂੰ। ਇਹ ਤਾਂ ਸਭ ਦੀਆਂ ਸਾਂਝੀਆਂ ਹੁੰਦੀਆਂ। ਐਵੇਂ ਨਿੱਕੀਆਂ ਨਿੱਕੀਆਂ ਗੱਲਾਂ ਤੇ ਆਪਾਂ ਆਪਸੀ ਫਰਕ ਨਾ ਪਵਾਈਏ।

ਜਮੀਨ ਦੀ ਗੱਲ ਆ ਤੇ ਅਗਲਾ ਸ਼ਬਦ ਅਪਣੇ ਮੂੰਹ ਚ "ਜਿੱਤ" ਹੋਣਾ ਚਾਹੀਦਾ।

- ਚੈਨਾਂ ਗੁਰਵਿੰਦਰ ਸਿੰਘ ਬਰਾੜ


SAHAR COMMUNICATIONS
SMART SECURITY SERVICES

Sahar Communications
Smart Security Systems

Alarm Systems

HD 4K CCTV Camera

Home Automation & Home Theatre


- ਸੀਸੀਟੀਵੀ ਸਕਿਊਰਿਟੀ ਕੈਮਰਾ ਸਿਸਟਮ ਲਗਾਉਣ ਲਈ ਸਾਡੇ ਨਾਲ ਸੰਪਰਕ ਕਰੋ।
- ਆਪਣੇ ਘਰ ਵਿਚ ਮੋਨੀਟਰਿੰਗ ਅਲਾਰਮ ਲਗਾਓ ਤੇ Insurance discount ਪਾਓ
- ਅਲਾਰਮ ਸਿਸਟਮ - ਮੋਨੀਟਰਿੰਗ (ਸ਼ੁਰੂ 0.50 Cents ਪ੍ਰਤੀ ਦਿਨ)
- ਨਵੇਂ ਘਰਾਂ ਲਈ ਸਕਿਊਰਿਟੀ, ਆਡਿਓ, ਹੋਮ ਥੀਏਟਰ, ਹੋਮ ਆਟੋਮਿਸ਼ਨ ਵਾਇਰਿੰਗ ਆਦਿ ਲਗਵਾਉਣ ਲਈ ਸਾਡੇ ਨਾਲ ਸੰਪਰਕ ਕਰੋ।

Bay 10 4101 19 St NE Calgary
info@saharservices.com | www.saharservices.com
403-695-3939




Star Jewellers Ltd.
Specialist in 22KT Gold
We Specialize In :
- Make to Order - Buy Old Gold - 22 KT Exquisite Jewellery
- Repair Broken Jewellery - All Other Special Occasion Gifts and Wears
We have moved from SE to NE
*Buy *Sell *Repair
Serving From Last 20 Years
ਵਿਆਹ ਸ਼ਾਦੀਆਂ ਜਾਂ ਕਿਸੇ ਵੀ ਮੌਕੇ ਲਈ ਗਹਿਣੇ ਖਰੀਦਣਾ ਜਾਂ ਰਿਪੇਅਰ ਕਰਵਾਉਣਾ ਚਾਹੁੰਦੇ ਹੋ ਤਾਂ ਅੱਜ ਹੀ ਸਟਾਰ ਜਿਊਲਰ 'ਤੇ ਵਧੀਆ ਡਿਜਾਇਨਾਂ ਲਈ
ਹਰੀਮਤ ਸਿੰਘ ਜਾਂ ਜਸਪ੍ਰੀਤ ਸਿੰਘ ਸੰਪਰਕ ਕਰੋ
OPEN 7 DAYS A WEEK
Harmit Singh or Jaspreet Singh
Ph. 403-235-4409
Cityscape Landing Plaza Unit 1118,
4310 - 104 Ave NE Calgary, Alberta





SUKHI PAINTING
& DECO LTD.
FREE ESTIMATE
BEST DEALS
GUARANTEED WORK :
Residential & Commercial *Painting *Interior
* Exterior * Stucco * Pressure Washing
ਰੈਜ਼ੀਡੈਂਸ਼ੀਅਲ, ਕਮਰਸ਼ੀਅਲ, ਅੰਦਰ ਜਾਂ ਬਾਹਰ ਸਟੱਕੋ ਪੇਂਟ ਅਤੇ ਪ੍ਰੈਸ਼ਰ ਵਾਸ਼ ਕਿਸੇ ਵੀ ਤਰ੍ਹਾਂ ਦਾ ਪੇਂਟ ਕਰਵਾਉਣਾ ਹੋਵੇ ਤਾਂ ਸੁੱਖੀ ਪੇਂਟ ਅਤੇ ਡੈਕੋਰੇਸ਼ਨ ਵਾਲਿਆਂ ਨੂੰ ਯਾਦ ਰੱਖੋ।
Foy your Painting, We are just a call away!
ਸੁੱਖੀ/SUKHI : Cell : 403-630-9005 | Fax : 403-730-6351
Unit 6 - 3600 21 St NE Calgary, AB, T2E 6V6 sukhipainting@gmail.com



SUPER VISA INSURANCE
ਸੁਪਰ ਵੀਜ਼ਾ ਇੰਸ਼ੋਰੈਂਸ
With all the BENEFITS & REQUIREMENTS
SUPER VISA INSURANCE RATES
AGE 40-54 ($1038) AGE 55-59 ($1116) AGE 60-64 ($1317)
AGE 65-69 ($1606) AGE 70-74 ($2210) AGE 75-79 ($2470)
Note: All rates are based on $1000 deductible, No Pre Existing Condition, For 1 Year term, $100000 Coverage
LIFE INSURANCE, CRITICAL ILLNESS INSURANCE, DISABILITY INSURANCE, RRSP, RESP ETC.
Full Refund if Visa Denied, Partial Refund if Return early (with no claim) Ask for more details.
ਆਪਣੇ ਪੇਰੈਂਟਸ ਜਾਂ ਗਰੈਂਡ ਪੇਰੈਂਟਸ ਦੇ ਸੁਪਰ ਵੀਜ਼ਾ ਜਾਂ ਰੈਗੂਲਰ ਵੀਜ਼ਾ ਲਈ ਟਰੈਵਲ ਇੰਸ਼ੋਰੈਂਸ ਦੀਆਂ ਹਰ ਤਰ੍ਹਾਂ ਦੀਆਂ ਭਰੋਸੇਯੋਗ ਅਤੇ ਤਸੱਲੀਬਖਸ਼ ਸੇਵਾਵਾਂ ਲਈ ਹਰਚਰਨ ਸਿੰਘ ਪਰਹਾਰ ਨਾਲ ਸੰਪਰਕ ਕਰੋ।
For More Information Call
HARCHARAN SINGH PARHAR
403-681-8689
Note : We also Provide all other Financial, Investment & Insurance Services including individual or group Medical Plans (including Blue Cross). Book Your Appointment for further details.
208, 4656-WESTWINDS DR. N.E. CALGARY AB T3J 3Z5




Dr. Baltej Parhar, Chiropractor
Tired of living in pain? Relying on pain medications to get you through the day ? Always getting the same answers or treatments with no results?
Dr. Parhar Strives to ensure his patients are pain-free and able to move again so they can get back to work and doing the things they love. Call and book your consultation today!
* Insurance Billing * Multidisciplinary care * Cold Laser Therapy
* 1 on 1 appointments * Rehab facility on-site * Educational Classes
ਕੀ ਤੁਸੀਂ ਦਰਦ ਨਾਲ ਜੀਉਂਦੇ ਥੱਕ ਗਏ ਹੋ? ਡਾ. ਪਰਹਾਰ ਨੂੰ ਜਵਾਬ ਲੱਭਣ ਵਿੱਚ ਤੁਹਾਡੀ ਮੱਦਦ ਕਰਨ ਦਿਓ ਤਾਂ ਜੋ ਤੁਸੀਂ ਉਨ੍ਹਾਂ ਚੀਜ਼ਾਂ ਨੂੰ ਵਾਪਸ ਕਰ ਸਕੋ ਜੋ ਤੁਸੀਂ ਪਸੰਦ ਕਰਦੇ ਹੋ। ਅੱਜ ਹੀ ਸਲਾਹ-ਮਸ਼ਵਰੇ ਲਈ ਕਾਲ ਕਰੋ ਜਾਂ ਈ-ਮੇਲ ਕਰੋ।
403-389-2541 Email : baltajparhar@hotemail.com

# ਭੀੜ ਬਨਾਮ ਇਕੱਠ

ਕੁਲਦੀਪ ਸਿੰਘ ਦੀਪ (ਡਾ.)



ਭੀੜਾਂ ਬੇਸਿਰੀਆਂ ਹੁੰਦੀਆਂ ਹਨ..ਭੇਡਾਂ ਵਾਂਗ..ਸਿਰ ਸੁੱਟੀਂ ਇਕ ਦੂਜੇ ਦੇ ਪਿੱਛੇ ਤੁਰਦੀਆਂ ਹਨ..ਜਾਂ ਫਿਰ ਭੀੜਾਂ ਖੂੰਖਾਰ ਭੇੜੀਏ ਵਰਗੀਆਂ ਹੁੰਦੀਆਂ ਹਨ, ਜੋ ਬਿਨਾ ਕਿਸੇ ਦੀ ਗੱਲ ਸੁਣੇ ਸਾਮ੍ਹਣੇ ਵਾਲੇ ਨੂੰ ਨਿਗਲ ਜਾਂਦੀਆਂ ਹਨ..ਭੀੜ ਦਾ ਕੋਈ ਧਰਮ ਨਹੀਂ ਹੁੰਦਾ...ਸਗੋਂ ਭੀੜ ਧਰਮ ਦੇ ਭੇਸ ਵਿਚ ਅਧਰਮ ਦੇ ਗੱਫੇ ਵੰਡਦੀ ਹੈ..ਭੀੜ ਉਸ ਧੂੜ ਵਰਗੀ ਹੁੰਦੀ ਹੈ, ਜੋ ਜਦ ਅਸਮਾਨ ਵਿਚ ਚੜ੍ਹਦੀ ਹੈ ਤਾਂ ਇਕ ਵਾਰ ਸਾਰਾ ਕੁਝ ਦਿਸਣਾ ਬੰਦ ਕਰ ਦਿੰਦੀ ਹੈ, ਪਰ ਆਖਰ ਧੂੜ ਨੇ ਥੱਲੇ ਹੀ ਡਿੱਗਣਾ ਹੁੰਦਾ ਹੈ ਤੇ ਭੀੜ ਵੀ ਇੰਝ ਹੀ ਕਰਦੀ ਹੈ।

ਇੱਕਠ ਸਾਬਤ ਸਬੂਤੇ ਤੇ ਜਿਉਂਦੇ ਜਾਗਦੇ ਲੋਕਾਂ ਦਾ ਜਥੇਬੰਦਕ ਸਮੂਹ ਹੁੰਦਾ ਹੈ, ਜੋ ਬੱਝਵੇਂ ਰੂਪ ਵਿਚ ਕਿਸੇ ਮਿਸ਼ਨ ਲਈ ਮਿੱਥ ਕੇ ਚਲਦਾ ਹੈ ਤੇ ਨਿਸਾਨੇ ਦੀ ਪੂਰਤੀ ਲਈ ਡਟਿਆ ਰਹਿੰਦਾ ਹੈ ਤੇ ਲੋੜ ਪੈਣ ਤੇ ਮਰਜੀਵੜਿਆਂ ਵਾਂਗ ਹਰ ਕੁਰਬਾਨੀ ਦੇਣ ਲਈ ਅੱਗੇ ਆਉਂਦਾ ਹੈ..ਸਬਰ ਤੇ ਸਿਦਕ ਨਾਲ ਹਰ ਤਸੀਹਾ ਜਰਦਾ ਹੈ ਤੇ ਸੋਚ ਸਮਝ ਕੇ ਵਿਰੋਧੀ ਦਾ ਮੁਕਾਬਲਾ ਕਰਦਾ ਹੈ।

ਭੀੜ ਬੇਦਲੀਲ ਹੁੰਦੀ ਹੈ ਜੋ ਬੋਲਦੀ ਨਹੀਂ ਚੀਕਦੀ ਹੈ..ਚੀਕ ਦੀ ਨਾ ਕੋਈ ਸਮਝ ਹੁੰਦੀ ਹੈ ਤੇ ਨਾ ਕੋਈ ਸਮਝ ਆਉਂਦੀ ਹੈ..ਚੀਕ ਤੁਹਾਡੇ ਕੰਨ ਤਾਂ ਪਾੜ ਸਕਦੀ ਹੈ, ਪਰ ਤੁਹਾਨੂੰ ਕੁਝ ਸਮਝਾ ਨਹੀਂ ਸਕਦੀ।

ਇੱਕਠ ਬਾਦਲੀਲ ਹੁੰਦਾ ਹੈ ..ਜੋ ਚੀਖਦਾ ਨਹੀਂ ਬੋਲਦਾ ਹੈ..ਜੋ ਸਿੱਧਾ ਹੋ ਕੇ ਟਕਰਦਾ ਹੈ, ਗੱਲਬਾਤ ਦੀ ਮੇਜ਼ ਤੇ ਵੀ ਤੇ ਯੁੱਧ ਦੇ ਮੋਰਚੇ ਤੇ ਵੀ...ਉਹ ਤੁਹਾਡੇ ਤੇ ਆਪਣੀ ਗੱਲ ਥੋਪਦਾ ਨਹੀਂ, ਬਲਕਿ ਠਰੰਮੇ ਨਾਲ ਸਮਝਾਉਂਦਾ ਹੈ ਤੇ ਅਗਲੇ ਨੂੰ ਭਰੋਸੇ ਵਿਚ ਲੈਣ ਦਾ ਯਤਨ ਕਰਦਾ ਹੈ..ਤੇ ਜੇ ਸਾਮ੍ਹਣੇ ਵਾਲਾ ਸ਼ਾਤਿਰ ਨਾ ਹੋਵੇ ਤਾਂ ਉਸ ਨੂੰ ਇਹ ਗੱਲ ਸਮਝ ਆ ਜਾਂਦੀ ਹੈ ਤੇ ਜੇ ਸ਼ਾਤਿਰ ਹੋਵੇ ਤਾਂ ਇਹ ਹੋਰ ਵੱਡੇ ਤੇ ਫੈਸਲਾਕੁਨ ਯੁੱਧਾਂ ਦਾ ਆਧਾਰ ਬਣ ਜਾਂਦਾ ਹੈ।

ਭੀੜ ਅੰਨ੍ਹੇਵਾਹ ਹਮਲਾ ਕਰਦੀ ਹੈ..ਇਹ ਬਿਨਾ ਦੇਖੇ ਕਿ ਸਾਮ੍ਹਣੇ ਵਾਲਾ ਇਕੱਲਾ ਹੈ, ਕਮਜ਼ੋਰ ਹੈ, ਠੀਕ ਹੈ, ਜਾਂ ਗ਼ਲਤ ਹੈ..ਉਹ ਅਜਿਹਾ ਰੋਬੋਟ ਹੁੰਦੀ ਹੈ, ਜਿਸ ਦੇ ਪਿੱਛੇ ਉਸ ਦਾ ਆਪਣਾ ਦਿਮਾਗ ਨਹੀਂ ਹੁੰਦਾ ਬਲਕਿ ਉਹ ਪਹਿਲਾਂ ਤੋਂ ਫੀਡ ਕੀਤੇ ਪ੍ਰੋਗਰਾਮ ਦੇ ਮੁਤਾਬਕ ਮਸ਼ੀਨ ਵਾਂਗ ਕੰਮ ਕਰਦੀ ਹੈ।

ਇੱਕਠ ਹਮਲਾ ਨਹੀਂ ਕਰਦਾ...ਯੁੱਧ ਦੇ ਦੌਰਾਨ ਵੀ ਧੀਰਜ ਨਹੀਂ ਖੋਂਦਾ...ਵਿਰੋਧੀ ਪ੍ਰਤੀ ਵੀ ਮਨੁੱਖੀ ਭਾਵ ਰੱਖਦਾ ਹੈ...ਸਥਿਤੀਆਂ ਦੇ ਮੁਤਾਬਕ ਫੈਸਲੇ ਲੈਂਦਾ ਹੈ..ਹਾਲਾਤਾਂ ਦੇ ਮੁਤਾਬਕ ਐਕਸ਼ਨ ਚੇਂਜ ਕਰਦਾ ਹੈ...ਅਤੇ ਮਿੱਥੇ ਨਿਸ਼ਾਨੇ ਤੱਕ ਪਹੁੰਚਣ ਦੀ ਕੋਸ਼ਿਸ਼ ਕਰਦਾ ਹੈ।

ਭੀੜ ਅੱਖਾਂ ਦੇ ਪੱਟੀ ਬੰਨ੍ਹੇ ਹੋਏ ਅੰਨ੍ਹੇ ਝੋਟੇ ਵਰਗੀ ਹੁੰਦੀ ਹੈ, ਜਿਸ ਨੂੰ ਦਿਸਦਾ ਕੁਝ ਨਹੀਂ, ਪਰ ਉਜਾੜ ਬਹੁਤ ਕੁਝ ਦਿੰਦਾ ਹੈ। ਜਦ ਕਿਧਰੇ ਵੀ ਭੀੜਾਂ ਆਪਣੀਆਂ ਅੱਖਾਂ ਤੇ ਜਾਤ, ਮਜ਼ਹਬ, ਤੇ ਰੰਗ-ਨਸਲ ਦੇ ਖੋਪੇ ਲਾ ਕੇ ਤੁਰਦੇ ਹਨ ਤਾਂ ਕੋਈ ਵੀ ਅਣਹੋਣੀ ਵਾਪਰ ਸਕਦੀ ਹੈ। ਇੱਕਠ ਪ੍ਰਵਾਸੀ ਪੰਛੀਆਂ ਵਰਗਾ ਹੁੰਦਾ ਹੈ ਜੋ ਬਗਾਨੀਆਂ ਥਾਵਾਂ ਤੇ ਜਾ ਕੇ ਵੀ ਆਪਣੇ ਅਸਲ ਨਾਲ ਜੁੜਿਆ ਰਹਿੰਦਾ ਹੈ। ਰਾਹ ਨਹੀਂ ਭੁਲਦਾ, ਕਿਸੇ ਨੂੰ ਤੰਗ-ਪਰੇਸ਼ਾਨ ਨਹੀਂ ਕਰਦਾ ਤੇ ਆਪਣਾ ਮਿਸ਼ਨ ਫਤਿਹ ਕਰਕੇ ਵਾਪਿਸ ਪਰਤਦਾ ਹੈ।

ਭੀੜ ਹਲਕੇਮ ਕੁੱਤੇ ਵਰਗੀ ਹੁੰਦੀ ਹੈ, ਜਿਸ ਦੇ ਮੂੰਹ ਵਿਚ ਝੱਗ ਹੁੰਦੀ ਹੈ ਤੇ ਅੰਦਰ ਜ਼ਹਿਰ ਭਰੀ ਹੁੰਦੀ ਹੈ। ਉਸ ਦੇ ਮੂਹਰੇ ਜੋ ਵੀ ਆਉਂਦਾ ਹੈ ਤਾਂ ਉਸੇ ਨੂੰ ਵੱਢਦੀ ਜਾਂਦੀ ਹੈ।

ਇੱਕਠ ਮਸਤ ਹਾਥੀਆਂ ਵਰਗਾ ਹੁੰਦਾ ਹੈ ਜੋ ਕੁਤਿਆਂ ਦੀ ਪਰਵਾਹ ਨਾ ਕਰਕੇ ਆਪਣੀ ਚਾਲ ਤੁਰਦਾ ਰਹਿੰਦਾ ਹੈ।

ਭੀੜ ਸਿਰਫ ਹਮਲਾ ਕਰਨ ਜਾਣਦੀ ਹੈ..ਜੇਕਰ ਸਾਮ੍ਹਣੇ ਵਾਲੀ ਧਿਰ ਤਾਕਤਵਰ ਹੈ ਤਾਂ ਇਹ ਚੱਡਿਆਂ ਵਿਚ ਪੂਛ ਦੇ ਕੇ ਵਾਪਿਸ ਦੌੜਦੀ ਹੈ ਤੇ ਜੁੱਤੀਆਂ ਵੀ ਨਹੀਂ ਚੁੱਕਦੀ... ਉਸ ਤੋਂ ਬਾਅਦ ਖੱਲਾਂ ਖੂੰਜਿਆਂ ਵਿਚ ਵੜ੍ਹ ਜਾਂਦੀ ਹੈ ਤੇ ਸਾਮ੍ਹਣੇ ਆ ਕੇ ਕਬੂਲਣ ਦਾ ਜੇਰਾ ਨਹੀ ਕਰਦੀ।

ਇੱਕਠ ਲਿਆਕਤ ਨਾਲ ਅੱਗੇ ਵਧਦਾ ਹੈ..ਕਿੱਥੇ ਹਮਲਾ ਕਰਨਾ ਹੈ ਤੇ ਕਦੋਂ ਕਰਨਾ ਹੈ ਤੇ ਕਿੰਨਾ ਕਰਨਾ ਹੈ? ਇਹਨਾਂ ਸੁਆਲਾਂ ਤੇ ਚਿੰਤਨ ਕਰਦਾ ਹੈ... ਆਪਣੇ ਸੱਚ ਤੋਂ ਮੁਨਕਰ ਨਹੀਂ ਹੁੰਦਾ...ਉਸ ਨੂੰ ਸਵੀਕਾਰਦਾ ਹੈ..ਆਪਣੀ ਪਛਾਣ ਨਹੀਂ ਲੁਕਾਉਂਦਾ...ਨੰਗੇ ਧੜ ਲਲਕਾਰਦਾ ਹੈ।

ਅੱਜ ਸੱਤਾ ਦੀ ਮਸ਼ੀਨਰੀ ਦੇ ਜਿਹੜੇ ਪੁਰਜੇ ਕਿਸਾਨਾਂ ਦੇ ਇਕੱਠਾਂ ਨੂੰ ਭੀੜ ਕਹਿੰਦੇ ਹਨ, ਉਹ ਅਸਲ ਵਿਚ ਆਪ ਗਿਣ ਮਿੱਥੇ ਕੇ ਭੀੜਾਂ ਤਿਆਰ ਕਰਦੇ ਹਨ...ਦਿਹਾੜੀਆਂ ਦੇ ਬੰਦੇ ਖਰੀਦ ਕੇ....ਦਾਰੂਆਂ ਪਿਆ ਕੇ ਤੇ ਆਪਣੇ ਵਾਹਨਾਂ ਤੇ ਚੜ੍ਹਾ ਕੇ ਰੈਲੀਆਂ ਵਿਚ ਇਕੱਠ ਕਰਨ ਦਾ ਢੋਂਗ ਕਰਦੇ ਹਨ।

ਭਾੜੇ ਦੇ ਡੱਡੂਆਂ ਨੂੰ ਖਰੀਦ ਕੇ ਥਾਂ ਥਾਂ ਦੰਗੇ ਅਤੇ ਫਸਾਦ ਕਰਾਉਂਦੇ ਹਨ, ਅੱਗਾਂ ਲਗਵਾਉਂਦੇ ਹਨ, ਇਮਾਰਤਾਂ ਨੂੰ ਢਹਿ ਢੇਰੀ ਕਰਵਾਉਂਦੇ ਹਨ ਅਤੇ ਸਾਰਾ ਕੁਝ ਕਰ ਕਰਾ ਕੇ ਵੀ ਪਛਾਣ ਛੁਪਾ ਲੈਂਦੇ ਹਨ... ਇਸੇ ਲਈ ਅਦਾਲਤਾਂ ਵਿਚ ਵਰ੍ਹਿਆਂਬੱਧੀ ਕੇਸ ਚਲਦੇ ਰਹਿਣ ਤੋਂ ਬਾਅਦ ਵੀ ਕਿਸੇ ਤੇ ਦੋਸ਼ ਸਿੱਧ ਨਹੀਂ ਹੁੰਦਾ...ਯਕੀਨ ਨਹੀਂ ਹੁੰਦਾ ਤਾਂ ਦੇਖ ਲਉ..ਗੋਧਰਾ ਵਿਚ ਸੈਂਕੜੇ ਲੋਕ ਮਾਰਨ ਵਾਲੇ ਕਾਤਿਲ ਕੌਣ ਸਨ? ਕੋਈ ਉੱਘ ਸੁੱਘ ਨਿਕਲੀ? ਬਾਬਰੀ ਮਸਜਿਦ ਢਾਹੁਣ ਵਾਲੇ ਲੋਕ ਕੌਣ ਸਨ? ਕੋਈ ਉੱਘ ਸੁੱਘ ਨਿਕਲੀ...ਦਿੱਲੀ ਵਿਚ ਦੰਗਾ-ਭਾਗ ਇਕ ਤੇ ਭਾਗ ਦੋ ਕਰਵਾਉਣ ਵਾਲੇ ਲੋਕ ਕੌਣ ਸਨ?ਕੋਈ ਖੁਰਾ ਖੋਜ ਮਿਲਿਆ...ਥਾਂ ਥਾਂ ਮੌਬ ਲਿੰਚਿਗਾਂ ਕਰਾਉਣ ਵਾਲੇ ਲੋਕ ਕੌਣ ਸਨ? ਕਿਸੇ ਅਦਾਲਤ ਵਿਚ ਕੁਝ ਸਿੱਧ ਹੋਇਆ? ਥਾਂ ਥਾਂ ਰੇਪ ਕਰਾਉਣ ਦੇ ਪਿੱਛੇ ਕਿਹੜੀਆਂ ਤਾਕਤਾਂ ਕੰਮ ਕਰਦੀਆਂ ਹਨ? ਕਦੇ ਸਮਝ ਆਈ? ਵਿਦਿਅਕ ਅਦਾਰਿਆਂ ਵਿਚ ਨਕਾਬ ਪਹਿਨ ਕੇ ਕੁੜੀਆਂ ਤੱਕ ਨਾਲ ਬੇਹੁਰਮਤੀ ਕਰਨ ਵਾਲੇ ਕਿਸ ਜੇਲ੍ਹ ਵਿਚ ਬੰਦ ਹਨ, ਕੋਈ ਜਾਣਦਾ ਹੈ? ਯੂ ਪੀ ਦੇ ਵਿਕਾਸ ਦੇ ਪਿੱਛੇ ਦਹਾਕਿਆਂ ਤੋਂ ਸਰਪ੍ਰਸਤੀ ਦੇਣ ਵਾਲੇ ਕਿਹੜੇ 'ਵਿਕਾਸਵਾਦੀ' ਸਨ? ਕਿਸੇ ਨੂੰ ਪਤਾ ਹੈ? ਇਹ ਸਾਰਾ ਕਾਰਾ ਕਰਨ ਵਾਲੀਆਂ ਭੀੜਾਂ ਹੁੰਦੀਆਂ ਹਨ..ਜਿਹੜੀਆਂ ਆਪਣੇ ਦਿਮਾਗ਼ ਨਾਲ ਨਹੀਂ ਕਿਸੇ ਹੋਰ ਦੇ ਰਿਮੋਟ ਨਾਲ ਕੰਮ ਕਰਦੀਆਂ ਹਨ...ਤੇ ਉਹਨਾਂ ਨੂੰ ਪਤਾ ਹੁੰਦਾ ਹੈ ਕਿ ਭੀੜ ਦਾ ਸੀਸੀਟੀਵੀ ਲੱਗਣ ਤੋਂ ਬਾਅਦ ਵੀ ਕੋਈ ਚਿਹਰਾ ਨਹੀਂ ਹੁੰਦਾ ਤੇ ਉਹਨਾਂ ਨੂੰ ਪਤਾ ਹੁੰਦਾ ਹੈ ਕਿ ਉਹਨਾਂ ਦੇ ਪਿੱਛੇ ਕੰਮ ਕਰਦੀ ਤਾਕਤ ਨੇ ਉਹਨਾਂ ਦਾ ਵਾਲ ਵਿੰਗਾ ਨਹੀਂ ਹੋਣ ਦੇਣਾ ਹੁੰਦਾ..ਸਗੋਂ ਅੰਦਰਖਾਤੇ ਉਹਨਾਂ ਨੂੰ ਦੌਲਤਾਂ ਤੇ ਰੁਤਬਿਆਂ ਨਾਲ ਮਾਲਾਮਾਲ ਕਰ ਦਿੱਤਾ ਜਾਂਦਾ ਹੈ। ਇਹ ਹਰ ਦੌਰ ਦੀ ਸੱਤਾ ਦਾ ਸਦੀਵੀ ਸੱਚ ਹੈ।

ਇਕ ਉਦਾਹਰਨ ਨਾਲ ਗੱਲ ਸਪਸ਼ਟ ਕਰਦੇ ਹਾਂ। ਕੋਈ ਮੁਲਾਜ਼ਮ ਸੀ..ਉਹ ਜਿਹੜੇ ਪਿੰਡ ਜਾਂਦਾ ਸੀ, ਉਥੋਂ ਦੇ ਲੋਕ ਪ੍ਰਸ਼ਾਸ਼ਨ ਦੇ ਮਗਰ 'ਅਲੀ-ਅਲੀ' ਕਰਕੇ ਪੈ ਜਾਂਦੇ ਕਿ ਇਹ ਨਿਕੰਮਾ ਤੇ ਗੁੰਡਾ ਬੰਦਾ ਹੈ, ਇਸ ਨੂੰ ਸਾਡੇ ਪਿੰਡ ਨਾ ਭੇਜੋ...ਉਸ ਮੁਲਾਜ਼ਮ ਨੂੰ ਇਲਾਕੇ ਦੇ ਵੱਡੇ ਨੇਤਾ ਨੇ ਆਪਣੀ ਜਥੇਬੰਦੀ ਦਾ ਪ੍ਰਧਾਨ ਬਣਾਇਆ ਹੋਇਆ ਸੀ। ਇਕ ਦਿਨ ਕੁਝ ਸਿਆਣੇ ਬੰਦਿਆਂ ਨੇ ਪੁੱਛਿਆ ਕਿ ਨੇਤਾ ਜੀ, ਇਹ ਬੰਦਾ ਥਾਂ ਥਾਂ ਆਪਣੀ ਬਦਨਾਮੀ ਕਰਾਉਂਦਾ ਹੈ ਤੇ ਤੁਸੀਂ ਪ੍ਰਧਾਨ ਕਿਸੇ ਸਿਆਣੇ ਮੁਲਾਜ਼ਮ ਨੂੰ ਕਿਉਂ ਨਹੀਂ ਬਣਾਉਂਦੇ? ਨੇਤਾ ਦਾ ਜੁਆਬ ਬਹੁਤ ਕਮਾਲ ਸੀ : ਅਕੇ ਜਿਹੜੇ ਸਿਆਣੇ ਨੇ ਉਹ ਹਰ ਕੰਮ ਚ ਸਿਆਣਪਾਂ ਦੇ ਦਲੀਲਾਂ ਘੋਟਣ ਲੱਗ ਜਾਂਦੇ ਹਨ...ਇਹਨੂੰ ਮੈਂ ਜਦ ਵੀ ਕਹਿ ਦੇਵਾਂ ਚਲ ਬਈ ਸ਼ੇਰਾ ਲੈ ਜਾ ਦਸ ਬੰਦੇ ਇੱਕਠੇ ਕਰਕੇ ਫਲਾਣੀ ਥਾਂ ਡਾਂਗ ਖੜਕਾ ਕੇ ਆਉਂਣੀ ਹੈ...ਇਹ 'ਇਹ' ਨਹੀਂ ਪੁੱਛਦਾ ਕਿ ਕਿਉਂ? ਬਸ 'ਜੀ ਜਨਾਬ' ਕਹਿ ਕੇ ਤੁਰ ਪੈਂਦਾ...ਆਹ ਥੋਡੇ ਸਿਆਣੇ ਐਂ ਤੁਰ ਪੈਣਗੇ?...ਸਾਨੂੰ ਸੌ 'ਕੁੱਤੇ' ਬਿੱਲੇ ਕੰਮ ਕਰਨੇ ਪੈਂਦੇ ਨੇ...

ਸੋ ਸੱਤਾ ਨੇ ਜਿੰਨੇ 'ਕੁੱਤੇ ਬਿੱਲੇ' ਕੰਮ ਕਰਨੇ ਹੁੰਦੇ ਹਨ..ਉਹ ਸਾਰੇ ਇਹਨਾਂ ਬੇਸਿਰੀਆਂ ਭੀੜਾਂ ਤੋਂ ਕਰਾਉਣੇ ਹੁੰਦੇ ਨੇ...ਇਸ ਲਈ ਸੱਤਾ ਨੂੰ ਹਮੇਸਾ ਇੱਕਠ ਵੀ ਭੀੜ ਹੀ ਲਗਦੇ ਨੇ।

ਜਦ ਕਿ ਕਿਸਾਨ ਸੰਘਰਸ਼ ਨੂੰ ਲੱਗਭਗ ਤਿੰਨ ਮਹੀਨੇ ਹੋ ਚੁੱਕੇ ਹਨ...ਸਿਵਾਇ ਇਕ ਮੰਦਭਾਗੇ ਦਿਨ ਦੇ ਜਿਸ ਦਿਨ ਸੱਤਾ ਦੁਆਰਾ ਹੀ ਆਪਣੀ ਚਾਲਬਾਜ਼ੀ ਨਾਲ ਕੁਝ ਲੋਕਾਂ ਨੂੰ ਬਰਗਲਾ ਕੇ ਤੇ ਮੌਕਾ ਪ੍ਰਦਾਨ ਕਰਕੇ ਇਸ ਸੰਘਰਸ਼ ਨੂੰ ਬਦਨਾਮ ਕਰਨ ਦਾ ਰਾਹ ਪੱਧਰਾ ਕੀਤਾ ਗਿਆ...ਬਾਕੀ ਸਾਰੇ ਦਿਨਾਂ ਵਿਚ ਇਕ ਵੀ ਬਦਅਮਨੀ ਦੀ ਘਟਨਾ ਨਹੀਂ ਵਾਪਰੀ...ਇਸ ਲਈ ਇਹ ਭੀੜ ਨਹੀਂ ਇਕ ਮਿਸ਼ਨ ਲਈ ਜੁੜੇ ਲੋਕਾਂ ਦਾ ਅਨੁਸ਼ਾਸਿਤ ਇਕੱਠ ਹੈ...26 ਜਨਵਰੀ ਨੂੰ ਜਦ ਆਗੂਆਂ ਨੂੰ ਇਹ ਪਤਾ ਲੱਗਾ ਕਿ ਕੁਝ ਅਣਹੋਣੀ ਘਟਨਾ ਵਾਪਰ ਚੁੱਕੀ ਹੈ ਤਾਂ ਉਹਨਾਂ ਆਪੋ ਆਪਣੇ ਕਾਡਰ ਨੂੰ ਵਾਪਿਸ ਪਰਤਣ ਲਈ ਕਿਹਾ ਤਾਂ ਕੁਝ ਗਿਣਤੀ ਦੇ ਟਰੈਕਟਰਾਂ ਨੂੰ ਛੱਡ ਕੇ ਲੱਖਾਂ ਟਰੈਕਟਰ ਆਪਣੇ ਟਿਕਾਣਿਆਂ ਨੂੰ ਪਰਤ ਗਏ ਸੀ...ਇਹ ਭੀੜ ਕਦੇ ਨਹੀਂ ਕਰ ਸਕਦੀ ਇੱਕੱਠ ਹੀ ਕਰ ਸਕਦੇ ਹਨ ਜਿਹੜੇ ਆਪਣੇ ਆਗੂਆਂ ਦੇ ਇਕ ਨੋਲ ਤੇ ਵਾਪਿਸ ਪਰਤ ਜਾਂਦੇ ਨੇ।

ਦੁਨੀਆਂ ਵਿਚ ਕਿਤੇ ਵੀ ਕੋਈ ਭੀੜ ਸਿੱਧੇ ਮੱਥੇ ਆਪਣੀ ਪਛਾਣ ਉਜਾਗਰ ਕਰਕੇ ਇਕ ਦਿਨ ਵੀ ਨਹੀਂ ਵਿਚਰ ਸਕਦੀ.ਇਹ ਮਰਜੀਵੜੇ ਜਿਸ ਵਿਚ 5 ਸਾਲ ਦੇ ਬਾਲ ਤੋਂ ਲੈ ਕੇ 80 ਸਾਲ ਤੱਕ ਦੇ ਬਜ਼ੁਰਗ ਤੇ ਔਰਤਾਂ ਸ਼ਾਮਿਲ ਨੇ, 90 ਦਿਨ ਤੋਂ ਦਿੱਲੀ ਦੇ ਸਾਮ੍ਹਣੇ ਹਿੱਕਾਂ ਤਾਣੀ ਬੈਠੇ ਹਨ...ਆਪਣੇ ਆਪ ਨੂੰ ਹੀ ਨਹੀਂ...ਦਿੱਲੀ ਦੇ ਲੱਖਾਂ ਲੋਕਾਂ ਨੂੰ ਲੰਗਰ ਛਕਾਉਂਦੇ ਹਨ..ਧੀ ਭੈਣ ਦੀ ਰਾਖੀ ਕਰਦੇ ਹਨ...ਐਬੂਲੈਂਸਾਂ ਨੂੰ ਲੰਘਣ ਲਈ ਇਕ ਮਿੰਟ ਵਿਚ ਥਾਂ ਬਣਾਉਂਦੇ ਹਨ....ਗਰੀਬਾਂ ਦੇ ਨਿਆਣਿਆਂ ਨੂੰ ਪੜ੍ਹਾਂਉਂਦੇ ਹਨ...ਸੰਘਰਸ਼ ਦੇ ਮੈਦਾਨ ਵਿਚ ਵੀ ਲਾਇਬਰੇਰੀਆਂ ਚਲਾਉਂਦੇ ਹਨ..ਜਾਤਾਂ ਮਜ਼ਹਬਾਂ ਤੇ ਖੇਤਰਾਂ ਦੇ ਭੇੜ ਮਿਟਾਉਂਦੇ ਹਨ...ਜੇ ਅਜੇ ਵੀ ਕਿਸੇ ਨੂੰ ਇਹ ਭੀੜ ਲਗਦੀ ਹੈ ਤਾਂ ਉਸ ਨੂੰ ਆਪਣੇ 'ਸੀ ਪੀ ਯੂ' ਵਿਚ ਸਟਰੌਂਗ ਐਂਟੀ ਵਾਇਰਸ ਪੁਆ ਲੈਣਾ ਚਾਹੀਦਾ ਹੈ ਕਿਉਂਕਿ ਉਸ ਦੀ ਵਿੰਡੋ ਪੂਰੀ ਤਰ੍ਹਾਂ ਕਰਪਟ ਹੋ ਚੁੱਕੀ ਹੈ...

ਜੇ ਇਕ ਆਗੂ ਦੇ ਹੰਝੂ ਲੱਖਾਂ ਲੋਕਾਂ ਨੂੰ ਰਾਹ ਵਿੱਚੋਂ ਮੁੜਨ ਲਈ ਮਜ਼ਬੂਰ ਕਰ ਸਕਦੇ ਹਨ...ਨੱਬੇ ਦਿਨ ਤੋਂ ਥਾਂ ਥਾਂ ਤੇ ਬਿਨਾ ਕਿਸੇ ਸਰਕਾਰੀ ਮਸੀਨਰੀ ਅਤੇ ਬਿਨਾ ਕਿਸੇ ਪੈਸੇ ਦੇ ਰੈਲੀਆਂ, ਰੈਲੇ ਤੇ ਮਹਾਂਪੰਚਾਇਤਾਂ ਕਰ ਸਕਦੇ ਹਨ...ਤਿੰਨ ਘੰਟੇ ਬੱਸਾਂ ਤੇ ਰੇਲਾਂ ਰੋਕ ਕੇ ਲੱਖਾਂ ਲੋਕ ਸ਼ਾਂਤੀ ਨਾਲ ਆਪਣੇ ਘਰ ਮੁੜ ਜਾਂਦੇ ਹਨ...ਜਿਨ੍ਹਾਂ ਦੇ ਸਮਰਥਨ ਵਿਚ ਆਪਣੇ ਆਪ ਨੂੰ ਇਨਸਾਨ ਸਮਝਣ ਵਾਲੇ ਉਹ ਕਰੋੜਾਂ ਲੋਕ ਵੀ ਹਾਅ ਦਾ ਨਾਹਰਾ ਮਾਰਦੇ ਹਨ, ਜਿਨ੍ਹਾਂ ਦੀ ਇਹਨਾਂ ਨਾਲ ਕੋਈ ਰੰਗ ਨਸਲ ਦੀ ਸਾਂਝ ਨਹੀਂ...ਸਿਰਫ ਇਨਸਾਨੀਅਤ ਦਾ ਰਿਸ਼ਤਾ ਹੈ...ਉਹ ਕਦੇ ਭੀੜ ਨਹੀਂ ਹੋ ਸਕਦੀ..

ਭੀੜ ਨਫਰਤ ਪੈਦਾ ਕਰਦੀ ਹੈ, ਇੱਕਠ ਦਿਲਾਂ ਨੂੰ ਜਿੱਤਦੇ ਹਨ...ਭੀੜ ਵਿਨਾਸ਼ ਕਰਦੀ ਹੈ..ਇੱਕਠ ਨਿਰਮਾਣ ਦਾ ਰਾਹ ਪੱਧਰਾ ਕਰਦੇ ਹਨ..ਭੀੜ ਸੱਤਾ ਦੇ ਇਸ਼ਾਰਿਆਂ ਤੇ ਸਮਾਜ ਵਿਰੋਧੀ ਉਦੇਸ਼ ਲੈ ਕੇ ਚਲਦੀ ਹੈ.,.ਤੇ ਮਨੁੱਖੀ ਇਤਹਾਸ ਨੂੰ ਕਲੰਕਤ ਕਰਦੀ ਹੋਈ ਇਸ ਤੇ ਬਦਨੁਮਾ ਦਾਗ ਬਣ ਜਾਂਦੀ ਹੈ। ਇੱਕੱਠ ਸੱਤਾ ਦੇ ਹੰਕਾਰ ਨੂੰ ਚੂਰ ਚੂਰ ਕਰਦੇ ਹੋਏ ਇਤਿਹਾਸ ਬਦਲਦੇ ਹਨ ਤੇ ਸਦਾ ਸਦਾ ਲਈ ਮਨੁੱਖੀ ਇਤਿਹਾਸ ਦਾ ਸੁਨਹਿਰਾ ਪੰਨਾ ਬਣ ਜਾਂਦੇ ਹਨ...

ਹੁਣ ਤੁਸੀਂ ਫੈਸਲਾ ਆਪ ਕਰ ਲਉ ਕਿਸਾਨ ਸੰਘਰਸ਼ ਬੇਸਿਰੀ ਭੀੜ ਹੈ ਜਾਂ ਆਪਣੇ ਰਿਜ਼ਕ ਨੂੰ ਬਚਾਉਣ ਲਈ ਤੁਰੇ ਲੋਕਾਂ ਦਾ ਬੇਮਿਸਾਲ ਇਕੱਠ ਹੈ?

# Leading unions and community organizations across Canada and elsewhere express support for India's farmers



In a full-page ad in today's Toronto Star, labour, community and civil society organizations in Canada and elsewhere expressed their support for India's farmers. This Declaration of Solidarity comes at a time when thousands of farmers in India have been engaged for months in the largest and longest sustained non-violent resistance movement in Indian and possibly world history, surpassing Mahatma Gandhi's historic 1930 Dandi March against the abhorrent British colonial Salt Law. The Declaration is part of a growing movement outside India to demonstrate that the world is watching and that we are firmly behind the farmers and their struggle to survive.

The farmers are protesting farm laws that will destroy the livelihoods of the millions employed in agriculture in India while blatantly advancing the interests of Prime Minister Modi's corporate cronies. This is a struggle for survival that has brought out farmers and agricultural workers throughout the country, across class and caste lines. For almost four months now, hundreds of thousands have been protesting peacefully in the outdoors, braving the freezing winter and withstanding water cannons, tear gas, and barricades. Over 200 have died. Women from farm families are on the front lines. Even older farmers in their 80s are active participants.

Prime Minister Modi rammed the farm laws through Parliament in September, through dubious process and without debate, relying on a pliant media and pandemic conditions to muffle opposition outside Parliament. This happened without consultation with farmers' representatives. When despite continued attempts at repression, the movement only grew stronger, the government launched an all-out effort to vilify and criminalize the farmers, including through arrests. The farmers' movement has now also become a movement to defend the democratic rights to free speech, assembly, and peaceful dissent enshrined in the Indian Constitution, in resistance to Modi's increasingly authoritarian regime.

"In these last months, the world has watched tens of thousands of Indian farmers and farm workers leave their fields for the streets to protest the corporate takeover of their livelihoods," said Hassan Yussuff, President of the Canadian Labour Congress. "Canadian unions support their fight to repeal laws that will impoverish millions of small farmers and leave more farm workers unemployed."

At this historic moment we stand with Indian farmers in their struggle for survival, for justice, for democracy, for a say in determining and protecting their futures and that of successive generations. The Government of India must repeal the unjust farm laws and meet the farmers' demands.


**Feroz Mehdi (Français)**
**514-982-6606 ext. 2247**
**Dolores Chew (English)**
**514-885-5976**

# ਆਓ ਦੇਖੀਏ ਇਹ ਟੂਲਕਿਟ ਅਸਲ ਵਿਚ ਕੀ ਹੈ?

ਕੁਲਦੀਪ ਸਿੰਘ ਦੀਪ (ਡਾ.)







ਜਦ ਸੱਤਾ ਦਾ ਗਰੂਰ ਸਿਰ ਨੂੰ ਚੜ੍ਹਦਾ ਹੈ ਤਾਂ ਸੱਤਾ ਦੇ ਮਾਲਕ ਬਣੇ ਬੈਠੇ ਸੱਤਾਜੀਵੀ ਲੋਕ 'ਬੰਬ' ਬਣ ਜਾਂਦੇ ਹਨ ਜੋ ਉਸ ਹਰ ਬੰਦੇ ਦੇ ਸਿਰ ਤੇ ਫਟਦੇ ਹਨ, ਜੋ ਸੱਤਾ ਦੇ ਖਿਲਾਫ ਮਾਸਾ ਕੁ ਵੀ ਕੁਸਕਦਾ ਹੈ। ਅਜਿਹੇ ਦੌਰ ਦਾ ਸਭ ਤੋਂ ਖਤਰਨਾਕ ਵਰਤਾਰਾ ਇਹ ਹੁੰਦਾ ਹੈ ਕਿ ਉਹ ਲੋਕਾਂ ਵਿਚ ਇਹ ਭਰਮ ਪੈਦਾ ਕਰਦੇ ਹਨ ਕਿ ਸੱਤਾ ਤੇ ਦੇਸ਼ ਇੱਕੋ ਚੀਜ਼ ਹੀ ਹੁੰਦੇ ਹਨ, ਜਦ ਕਿ ਇਹ ਕੋਰਾ ਝੂਠ ਹੈ। ਦੇਸ਼/ਵਤਨ ਇਕ ਸੰਕਲਪ ਹੁੰਦਾ ਹੈ ਜੋ ਇਸ ਦੇ ਵਸਨੀਕਾਂ ਦੇ ਮਨਾਂ ਵਿਚ ਵੱਸਿਆ ਹੁੰਦਾ ਹੈ। ਵਤਨ ਦੀ ਮਿੱਟੀ ਨੂੰ ਇਸ ਦੇ ਹਰ ਨਾਗਰਿਕ ਨੇ ਕਦੇ ਆਪਣੇ ਪਸੀਨੇ ਨਾਲ ਸਿੰਝਿਆ ਹੁੰਦਾ ਹੈ ਤੇ ਕਦੇ ਆਪਣੇ ਖੂਨ ਨਾਲ ਸਿੰਝਿਆ ਹੁੰਦਾ ਹੈ। ਇਸੇ ਕਰਕੇ ਰਾਹਤ ਇੰਦੌਰੀ ਕਹਿੰਦਾ ਹੈ :

**ਅਗਰ ਖਿਲਾਫ ਹੈਂ, ਹੋਨੇ ਦੋ, ਜਾਨ ਥੋੜੀ ਹੈ**
**ਯੇ ਸਭ ਧੂੰਆਂ ਹੈ, ਕੋਈ ਆਸਮਾਨ ਥੋੜੀ ਹੈ**
**ਹਮਾਰੇ ਮੂੰਹ ਸੇ ਜੋ ਨਿਕਲੇ ਵਹੀ ਸਦਾਕਤ ਹੈ**
**ਹਮਾਰੇ ਮੂੰਹ ਮੇਂ ਤੁਮਹਾਰੀ ਜ਼ੁਬਾਨ ਥੋੜੀ ਹੈ**
**ਜੋ ਆਜ ਸਾਹਿਬ ਏ ਮਸਨਦ ਹੈ ਕਲ੍ਹ ਨਹੀਂ ਹੋਂਗੇ**
**ਕਿਰਾਏਦਾਰ ਹੈਂ ਜਾਤੀ ਮਕਾਨ ਥੋੜੀ ਹੈ**
**ਸਭੀ ਕਾ ਖੂਨ ਸ਼ਾਮਿਲ ਹੈ ਯਹਾਂ ਕੀ ਮਿੱਟੀ ਮੇਂ**
**ਕਿਸੇ ਕੇ ਬਾਪ ਕਾ ਹਿੰਦੁਸਤਾਨ ਥੋੜੇ ਹੈ।**

ਟੂਲਕਿਟ ਮਾਮਲਾ ਵੀ ਅਜਿਹਾ ਹੀ ਮਾਮਲਾ ਹੈ ਜਿਸ ਨੂੰ ਸੱਤਾ ਦੇ ਖਿਲਾਫ ਵਿਦਰੋਹ ਦੀ ਥਾਂ ਦੇਸ਼ ਦੇ ਖਿਲਾਫ ਵਿਦਰੋਹ ਐਲਾਨਿਆ ਜਾ ਰਿਹਾ ਹੈ ਅਤੇ ਇਸ ਗੱਲ ਦਾ ਗੋਦੀ ਮੀਡੀਆ ਦੁਆਰਾ ਝੂਠਾ ਪ੍ਰਚਾਰ ਕੀਤਾ ਜਾ ਰਿਹਾ ਹੈ। ਅਸਲ ਵਿਚ ਸਾਡੀ ਬਦਕਿਸਮਤੀ ਇਹ ਹੈ ਕਿ ਸੱਤਾ ਤੇ ਕਾਬਜ਼ ਜਮਾਤ ਦੇਸ਼ ਦਾ ਚਿਹਰਾ ਬਣ ਜਾਂਦੀ ਹੈ। ਜਦ ਉਹ ਸੱਤਾ ਦੇਸ਼ ਦਾ ਪ੍ਰਬੰਧ ਲੋਕਾਂ ਦੀ ਇੱਛਾ ਦੇ ਵਿਰੁਧ ਮਨਮਾਨੇ ਤਰੀਕੇ ਨਾਲ ਚਲਾਉਂਦੀ ਹੈ ਤਾਂ ਅਵਾਮ ਦੀ ਪ੍ਰਤੀਕਿਰਿਆ ਸੱਤਾ ਦੇ ਵਿਰੁੱਧ ਹੋ ਜਾਂਦੀ ਹੈ ਤੇ ਸੱਤਾ ਉਸ ਨੂੰ ਦੇਸ਼ ਦਾ ਵਿਰੋਧ ਕਹਿ ਕੇ ਕਿਸੇ ਨੂੰ ਵੀ ਦੇਸ਼ ਧਰੋਹੀ ਸਾਬਤ ਕਰਨ ਲਈ ਆਪਣੀ ਸਾਰੀ ਤਾਕਤ ਝੋਕ ਦਿੰਦੀ ਹੈ। ਕਿਸਾਨ ਸੰਘਰਸ਼ ਨਾਲ ਵੀ ਅਜਿਹਾ ਹੀ ਹੋਇਆ ਹੈ।

ਜਦ ਵੀ ਭਾਰਤ ਤੋਂ ਬਾਹਰ ਬੈਠੇ ਕਿਸੇ ਬੰਦੇ ਜਾਂ ਸੰਸਥਾ ਨੇ ਕਿਸਾਨਾਂ ਦੇ ਹੱਕ ਵਿਚ ਆਵਾਜ਼ ਉਠਾਈ ਹੈ ਤਾਂ ਉਸ ਨੇ ਦੇਸ਼ ਨੂੰ ਨਹੀਂ ਭੰਡਿਆ ਬਲਕਿ ਦੇਸ਼ ਦੀ ਸੱਤਾ ਤੇ ਕਾਬਜ਼ ਜਮਾਤ ਦੇ ਕਿਰਦਾਰ ਅਤੇ ਵਿਹਾਰ ਤੇ ਉਂਗਲੀ ਉਠਾਈ ਹੈ। ਪਰ ਸੱਤਾ ਨੂੰ ਇਹ ਵਿਰੋਧ ਹਜ਼ਮ ਨਹੀਂ ਹੋ ਰਿਹਾ। ਇਸ ਲਈ ਉਹ ਉਹਨਾਂ ਦੁਆਰਾ ਲਾਏ ਇਲਜ਼ਾਮਾਂ ਦਾ ਦਲੀਲ ਨਾਲ ਖੰਡਨ ਕਰਨ ਦੀ ਥਾਂ ਦੇਸ਼ਭਗਤੀ ਦਾ ਇਮੋਸ਼ਨਲ ਪੱਤਾ ਖੇਡਦੀ ਹੈ ਤੇ ਇਸ ਬਹਾਨੇ ਕਿਸਾਨਾਂ ਤੇ ਦੇਸ਼ ਦੀ ਛਵੀ ਨੂੰ ਵਿਗਾੜਨ ਦਾ ਇਲਜ਼ਾਮ ਲਗਾ ਕੇ ਬਦਨਾਮ ਕਰਦੀ ਹੈ।

ਰਿਹਾਨਾ, ਖਲੀਫਾ, ਮੀਨਾ ਅਤੇ ਗਰੇਟਾ ਵਰਗੀਆਂ ਸੈਲੀਬਰਿਟੀਜ਼ ਦੇ ਟਵੀਟਾਂ ਤੋਂ ਬਾਅਦ ਸੱਤਾ ਪੂਰੀ ਤਰ੍ਹਾਂ ਬੌਖਲਾਹਟ ਵਿਚ ਹੈ। ਉਸ ਕੋਲ ਇਹਨਾਂ ਟਿੱਪਣੀਆਂ ਦਾ ਕੋਈ ਤੋੜ ਨਹੀਂ ਹੈ, ਸਿਵਾਇ ਇਹ ਕਹਿਣ ਦੇ ਕਿ ਇਹ ਭਾਰਤ ਦੀ ਛਵੀ ਖਰਾਬ ਕਰਨ ਦੀ ਇਕ ਮੁਹਿੰਮ ਹੈ। ਇਸ ਲਈ ਉਹ ਇਸ ਦਾ ਖੰਡਨ ਕਰਨ ਲਈ ਸਮਨਾਂਤਰ 'ਦੇਸ਼ਭਗਤ ਸੈਲੀਬਰਿਟੀਜ਼' ਨੂੰ ਖੜ੍ਹਾ ਕਰਦੀ ਹੈ। ਭਾਰਤੀ ਸਿਨੇਮਾ ਦੇ ਸਟਾਰ ਕਲਾਕਾਰਾਂ ਦੁਆਰਾ ਰਾਤੋ-ਰਾਤ ਉੱਠ ਕੇ ਇੱਕੋ ਤਰ੍ਹਾਂ ਦੀ ਭਾਸ਼ਾ ਵਿਚ ਟਵੀਟ ਕਰਨਾ ਕੀ ਸਿੱਧ ਕਰਦਾ ਹੈ?

ਇਹੋ ਕਿ ਤੂੰ ਨੀ ਬੋਲਦੀ ਰਕਾਨੇ ਤੂੰ ਨੀ ਬੋਲਦੀ ਤੇਰਾ ਚੋਂ 'ਮੱਘਰ ਸਿਓਂ' ਬੋਲਦਾ...

ਹੁਣ ਤੁਹਾਨੂੰ ਇਹ ਤਾਂ ਪਤਾ ਲੱਗ ਗਿਆ ਹੈ ਕਿ ਇਹ ਮੱਘਰ ਸਿੰਘ ਕੌਣ ਹੈ। ਪਰ ਇਹ ਸ਼ਾਇਦ ਨਹੀ ਪਤਾ ਲੱਗਿਆ ਹੋਣਾ ਕਿ ਉਹੀ ਕਿਉਂ ਬੋਲਦਾ ਹੈ? ਗੱਲ ਕਾਫੀ ਟੇਢੀ ਹੈ। ਇਹ ਸਾਰੀ ਪੈਸੇ ਦੀ ਖੇਡ ਹੈ। ਇਕ ਹੋਰ ਅਖਾਣ ਨਾਲ ਇਹ ਗੱਲ ਸਮਝੀ ਜਾ ਸਕਦੀ ਹੈ ਕਿ ਜਿੰਨ੍ਹਾਂ ਦੇ ਆਪਣੇ ਘਰ ਸ਼ੀਸ਼ੇ ਦੇ ਹੁੰਦੇ ਹਨ, ਉਹ ਦੂਜਿਆਂ ਦੇ ਘਰਾਂ ਤੇ ਪੱਥਰ ਨਹੀਂ ਮਾਰਦੇ। ਭਲਾ ਕਿਉਂ? ਕਿਉਂ ਕਿ ਇੱਕੋ ਪੱਥਰ ਨਾਲ ਇਹਨਾਂ ਦੇ ਘਰ ਹੀ ਨਹੀਂ ਮੱਥੇ ਵੀ ਚਕਨਾਚੂਰ ਹੋ ਜਾਂਦੇ ਹਨ। ਬਸ ਮੱਘਰ ਸਿਓ ਦੇ ਰੂਪ ਵਿਚ ਸੱਤਾ ਨੇ ਬਹੁਤ ਸਾਰੇ ਪੱਥਰ ਇੱਕਠੇ ਕੀਤੇ ਹੋਏ ਹਨ। ਕਦੇ ਸੁਪਰੀਮ ਕੋਰਟ ਵਾਲਾ ਪੱਥਰ ਚਲਾ ਦਿੰਦੇ ਹਨ, ਕਦੇ ਇਨਕਮ ਟੈਕਸ ਵਾਲਾ, ਕਦੇ ਈ ਡੀ ਵਾਲਾ, ਕਦੇ ਸੀਬੀਆਈ ਵਾਲਾ। ਜੇ ਹੋਰ ਨਹੀਂ ਤਾਂ ਆਪਣੀਆਂ 'ਫੌਜਾਂ' ਨੂੰ ਅਲੀ ਅਲੀ ਕਰਕੇ ਮਗਰ ਪਾ ਦਿੰਦੇ ਹਨ ਤੇ ਉਹ ਕਿਸੇ ਨੂੰ ਪਾਕਿਸਤਾਨੀ ਕਹਿ ਕੇ ਤੇ ਕਿਸੇ ਨੂੰ ਚੀਨੀ ਕਹਿ ਕੇ ਬਾਰਡਰ ਪਾਰ ਕਰਾਉਣ ਦੀਆਂ ਧਮਕੀਆਂ ਦਿੰਦੇ ਹਨ। ਇਹਨਾਂ ਸਟਾਰਾਂ ਚੋਂ ਕਿਸੇ ਨੇ ਰਾਜ ਸਭਾ ਦੀ ਸੀਟ ਲੈਣੀ ਹੁੰਦੀ ਹੈ, ਕਿਸੇ ਨੇ ਲੋਕ ਸਭਾ ਦੀ, ਕਿਸੇ ਨੇ ਐਮ ਐਲ ਏ ਬਣਨਾ ਹੁੰਦਾ ਹੈ ਤੇ ਕਿਸੇ ਨੇ ਕਿਸੇ ਬੋਰਡ ਦਾ ਚੇਅਰਮੈਨ ਅਤੇ ਕਿਸੇ ਨੇ ਕੋਈ ਐਵਾਰਡ ਲੈਣਾ ਹੁੰਦਾ ਹੈ। । ਸੱਤਾ ਕੋਲ ਏਨੇ ਹੱਡ ਹੁੰਦੇ ਹਨ ਕਿ ਕਿਸੇ ਦੇ ਮੂੰਹ ਵਿਚ ਕੋਈ ਦੇ ਦਿੰਦੀ ਹੈ ਤੇ ਕਿਸੇ ਦੇ ਮੂੰਹ ਵਿਚ ਕੋਈ...ਜੇਕਰ ਕੋਈ ਹੱਡ ਲੈਣ ਤੋਂ ਇਨਕਾਰ ਕਰਦਾ ਹੈ ਤਾਂ 'ਹੱਡ ਤੋੜਨ' ਦੀ ਮੁਹਿੰਮ ਸ਼ੁਰੂ ਹੋ ਜਾਂਦੀ ਹੈ। ਤਾਂ ਹੀ ਇਹ ਵਿਚਾਰੇ 'ਮੱਘਰ ਸਿੰਘ' ਦੇ ਸਾਊ ਪੁੱਤ ਬਣ ਕੇ ਉਸ ਦੀ ਹਾਂ ਵਿਚ ਹਾਂ ਮਿਲਾਉਂਦੇ ਹਨ।

ਸਾਰੇ ਸਿਤਾਰਿਆਂ ਨੇ ਇੱਕੋ ਆਵਾਜ਼ ਵਿਚ ਕਿਹਾ ਕਿ ਇਹ ਸਾਡੇ ਘਰ ਦਾ ਮਾਮਲਾ ਹੈ। ਜੇ ਭਾਈ ਘਰ ਦਾ ਮਾਮਲਾ ਹੈ ਤਾਂ ਮੱਘਰ ਸਿੰਘ ਨੂੰ ਵੀ ਕਹਿ ਦਿਓ ਕਿ ਖਸਮਾ ਆ ਜਾ..ਉਹਨਾਂ ਦੀ ਗੱਲ ਸੁਣੀਏ ਜਿਹੜੇ ਵਰਦੇ ਕੱਕਰਾਂ ਵਿਚ ਵੀ ਭੁੰਜੇ ਬੈਠੇ ਹਨ। ਅੱਜ ਤਿੰਨ ਮਹੀਨੇ ਹੋਣ ਨੂੰ ਆਏ ਹਨ ਨਾ ਮੱਘਰ ਸਿੰਘ ਦੇ ਕੰਨ ਤੇ ਜੂੰ ਸਰਕੀ ਹੈ ਤੇ ਨਾ ਉਸ ਦੇ ਇਹਨਾਂ ਸਾਊ ਪੁੱਤਾਂ ਤੇ। ਜਿਸ ਆਵਾਮ ਨੇ ਇਹਨਾਂ ਨੂੰ ਸਿਰ-ਅੱਖਾਂ ਤੇ ਬਿਠਾਇਆ, ਜਿਨ੍ਹਾਂ ਦੀ 'ਗ਼ਰੀਬੀ' ਤੇ ਫਿਲਮਾਂ ਬਣਾ ਕੇ ਇਹ 'ਅਮੀਰ' ਬਣ ਗਏ। ਜਿਨ੍ਹਾਂ ਦੇ ਲੰਗਾਰ ਦਿਖਾ ਕੇ ਇਹ ਗਲਾਂ ਵਿਚ ਪਦਮ ਸ੍ਰੀ ਤੇ ਹੋਰ ਪਤਾ ਨਹੀਂ ਕਿਹੜੇ ਕਿਹੜੇ ਮੈਡਲ ਪੁਆ ਗਏ, ਉਸ ਕੋਲ ਇਕ ਵਾਰ ਵੀ ਜਾ ਕੇ ਨਹੀਂ ਪੁੱਛਿਆ ਕਿ ਬਾਪੂ ਜਿਉਂਦਾ ਹੈ ਕਿ ਸਹਿਕਦਾ ਹੈ ਕਿ ਤੜਫਦਾ ਹੈ ਕਿ ਰੱਬ ਦੇ ਘਰ ਚਲਾ ਗਿਆ ਹੈ। ਤੇ ਜੇ ਉਹ 'ਰੱਬ ਦੀਆਂ ਬੰਦੀਆਂ' ਨੇ ਕਿਤੇ ਵੀ ਬੈਠੀਆਂ ਨੇ ਇਹਨਾਂ ਬਾਪੂਆਂ ਦੇ ਹੱਕ ਵਿਚ ਦੋ ਬੋਲ ਬੋਲਤੇ ਤਾਂ ਇਹਨਾਂ ਨੇ ਉਹ ਸਿੰਗ ਮਿੱਟੀ ਚੁੱਕ ਲਈ ਕਿ ਰਹੇ ਰੱਬ ਦਾ ਨਾਂ।

ਅਕੇ ਜੀ ਉਹਨਾਂ ਦਾ ਸਾਡੇ ਨਾਲ ਕੀ ਰਿਸ਼ਤਾ ਹੈ?

ਭਲਿਓ ਮਾਣਸੋ ਬੰਦੇ ਦਾ ਬੰਦੇ ਨਾਲ ਕੀ ਰਿਸ਼ਤਾ ਹੁੰਦਾ ਹੈ? ਇਨਸਾਨੀਅਤ ਦੀ ਸਾਂਝ ਹੀ ਤਾਂ ਸਭ ਤੋਂ ਵੱਡੀ ਸਾਂਝ ਹੁੰਦੀ ਹੈ। ਜੇ ਆਪਣੀ ਸਰਹੱਦ ਤੋਂ ਪਾਰ ਸਾਡਾ ਕਿਸੇ ਨਾਲ ਕੋਈ ਰਿਸ਼ਤਾ ਹੀ ਨਹੀਂ ਤਾਂ ਕਹਿ ਦਿਓ ਕਿ ਈਸਾ, ਸੁਕਰਾਤ, ਮਨਸੂਰ, ਹਜ਼ਰਤ ਮੁਹੰਮਦ, ਪਲੇਟੋ, ਗੈਲੀਲੀਓ, ਅਰਸਤੂ, ਆਈਂਸਟਾਈਨ ਸਾਰੇ ਦੁਨੀਆਂ ਦੇ ਖਲਨਾਇਕ ਹਨ, ਉਹ ਸਾਡੇ ਕੁਝ ਨਹੀਂ ਲੱਗਦੇ। ਜਿਨ੍ਹਾਂ ਵਿਦੇਸ਼ੀ ਹਮਰੁਤਬਾ ਹਾਕਮਾਂ ਨਾਲ ਸੱਤਾ ਝੂਲੇ ਝੂਟਦੀ ਰਹੀ ਹੈ, ਸੈਰਾਂ ਕਰਾਉਂਦੀ ਰਹੀ ਹੈ, ਉਹਨਾਂ ਦੇ ਦੇਸ਼ਾਂ ਵਿਚ ਜਾ ਕੇ ਨਗਾਰੇ ਵਜਾਉਂਦੀ ਰਹੀ ਹੈ, ਉਹਨਾਂ ਨੂੰ ਆਪਣੇ ਘਰ ਬੁਲਾਉਂਦੀ ਰਹੀ ਹੈ, ਉਹਨਾਂ ਦੀ ਜੈ ਹੋ ਦੇ ਨਾਹਰੇ ਲਗਾਉਂਦੀ ਰਹੀ ਹੈ, ਉਹਨਾਂ ਦੀ ਪਿੱਠ ਖੁਰਕਦੀ ਰਹੀ ਹੈ ਅਤੇ ਆਪਣੀ ਖੁਰਕਾਉਂਦੀ ਰਹੀ ਹੈ, ਉਹਨਾਂ ਸਾਰਿਆਂ ਨਾਲ ਫੇਰ ਸਾਡਾ ਕੀ ਰਿਸ਼ਤਾ ਹੈ? ਜਦੋ ਕੋਈ ਸਾਡੀ ਤਾਰੀਫ ਕਰਦਾ ਹੈ ਤਾਂ ਅਸੀਂ ਗਲੋਬਲ ਹੁੰਦੇ ਹਾਂ ਤੇ ਜਦ ਕੋਈ ਆਲੋਚਨਾ ਕਰਦਾ ਹੈ ਤਾਂ ਅਸੀਂ ਸਥਾਨਕ ਹੁੰਦੇ ਹਾਂ। ਕਿਰਦਾਰ ਦਾ ਇਹ ਦੋਗਲਾਪਣ ਦੇਸ਼ ਦਾ ਲੱਛਣ ਨਹੀਂ ਹੁੰਦਾ, ਦੇਸ਼ ਦੀ ਸੱਤਾ ਦਾ ਲੱਛਣ ਹੁੰਦਾ ਹੈ। ਦੇਸ਼ ਦਾ ਲੱਛਣ ਤਾਂ

**ਵਸੂਧੈਵ ਕੁਟੰਬਕੰਮ ਵਾਲਾ ਹੈ..**
**ਸਰਬੱਤ ਦੇ ਭਲੇ ਵਾਲਾ ਹੈ...**
**ਨਾ ਕੋਈ ਵੈਰੀ ਨਾ ਹੀ ਬਿਗਾਨਾ ਵਾਲਾ ਹੈ...**

ਜੇ ਦੇਸ਼ ਦੀ ਛਵੀ ਇਹਨਾਂ ਚਾਰ ਟਿੱਪਣੀਆਂ ਨਾਲ ਖਰਾਬ ਹੁੰਦੀ ਹੈ ਤਾਂ ਉਦੋਂ ਕਿਉਂ ਨਹੀਂ ਹੁੰਦੀ ਜਦ ਇਸ ਸੱਤਾ ਦੀ ਲਾਡਲੀ ਬੀਬੀ ਨੱਥੂ ਰਾਮ ਗੌਡਸੇ ਨੂੰ ਆਪਣਾ ਨਾਇਕ ਮੰਨ ਕੇ ਮਹਾਤਮਾ ਗਾਂਧੀ ਦਾ ਅਪਮਾਨ ਕਰਦੀ ਹੈ ਤੇ ਅੱਜੇ ਤੱਕ ਵੀ ਉਹ ਸੱਤਾਜੀਵੀਆਂ ਦੀ ਉਸੇ ਤਰ੍ਹਾਂ ਲਾਡਲੀ ਹੈ।

ਕੀ ਨੀਰਵ ਮੋਦੀ ਤੇ ਮਾਲੀਆ ਦੇ ਅਰਬਾਂ ਰੁਪਏ ਲੈ ਕੇ ਬਾਹਰ ਭੱਜਣ ਨਾਲ ਦੇਸ਼ ਦੀ ਛਵੀ ਬਿਲਕੁਲ ਖਰਾਬ ਨਹੀਂ ਹੁੰਦੀ?

ਕੀ ਕਿਸੇ ਕੁੜੀ ਨਾਲ ਬਲਾਤਕਾਰ ਹੋਣ ਤੋਂ ਬਾਅਦ ਵੀ ਜਦ ਸੱਤਾ ਰੇਪਿਸਟ ਨਾਲ ਖੜ੍ਹਦੀ ਹੈ ਤਾਂ ਦੇਸ਼ ਦੀ ਛਵੀ ਦੀ ਕੋਈ ਕੰਨੀ ਨਹੀਂ ਭੁਰਦੀ?

ਜਦ ਦੇਸ਼ ਭ੍ਰਿਸ਼ਟਾਚਾਰ ਵਿਚ 92ਵੇਂ ਪਾਇਦਾਨ ਤੇ ਖੜ੍ਹਾ ਹੁੰਦਾ ਹੈ, ਭੁੱਖਮਰੀ ਦੇ ਮਾਮਲੇ ਵਿਚ 100 ਤੋਂ ਉੱਪਰ ਖੜਾ ਹੁੰਦਾ ਹੈ ਤੇ ਅਜਿਹੇ ਹੋਰ ਕਿੰਨੇ ਹੀ ਪੈਰਾਮੀਟਰਾਂ ਵਿਚ ਹੇਠਲੇ ਡੰਡਿਆ ਤੇ ਖੜ੍ਹਾ ਹੁੰਦਾ ਹੈ ਤਾਂ ਦੇਸ਼ ਦੀ ਛਵੀ ਤੇ ਕੋਈ ਅਸਰ ਨਹੀਂ ਪੈਂਦਾ।

ਜਦ ਰੁਪਈਏ ਦੀ ਕੀਮਤ ਹਰ ਰੋਜ਼ ਘਟਦੀ ਹੈ, ਮਹਿੰਗਾਈ ਹਰ ਰੋਜ਼ ਵਧਦੀ ਹੈ ਤੇ ਪੈਟਰੋਲ ਸੌ ਰੁਪਏ ਨੂੰ ਪਹੁੰਚ ਜਾਂਦਾ ਹੈ ਤਾਂ ਦੇਸ਼ ਦੀ ਛਵੀ ਬਿਲਕੁਲ ਵੀ ਖਰਾਬ ਨਹੀਂ ਹੁੰਦੀ।

ਜਦ ਦੇਸ਼ ਦੇ ਡੇਢ ਲੱਖ ਤੋਂ ਵੱਧ ਕਿਸਾਨ ਮਜ਼ਦੂਰ ਖੁਦਕੁਸ਼ੀ ਕਰ ਜਾਂਦੇ ਹਨ ਤਾਂ ਦੇਸ਼ ਦੀ ਛਵੀ ਨੂੰ ਕੋਈ ਅਸਰ ਨਹੀਂ ਪੈਂਦਾ?

ਪਰ ਜਦ ਕੋਈ ਦਿਸ਼ਾ ਰਵੀ, ਨੌਦੀਪ ਜ਼ਮੀਰ ਦੀ ਆਵਾਜ਼ ਤੇ ਆਪਣੇ ਕਿਰਤੀ ਕਿਸਾਨਾਂ ਤੇ ਮਜ਼ਦੂਰਾਂ ਦੇ ਹੱਕ ਵਿਚ ਬੋਲ ਪੈਂਦੀ ਹੈ ਤਾਂ ਦੇਸ਼ ਦੀ ਛਵੀ ਖਰਾਬ ਹੋ ਜਾਂਦੀ ਹੈ।

ਦੇਸ਼ ਦਾ ਖੇਤੀ ਮੰਤਰੀ ਸੰਸ਼ਦ ਵਿਚ ਬਿਆਨ ਦਿੰਦਾ ਹੈ ਕਿ ਸਾਨੂੰ ਨਹੀਂ ਪਤਾ ਕਿ ਕਿੰਨੇ ਕਿਸਾਨ ਮਰ ਗਏ ਹਨ। ਰਾਜ ਕਰਦੀ ਪਾਰਟੀ ਦਾ ਇਕ ਸੀਨੀਅਰ ਮੈਂਬਰ ਇਹ ਬਿਆਨ ਦਿੰਦਾ ਹੈ ਕਿ ਕਿਸਾਨਾਂ ਦੀ ਮੌਤ ਲਈ ਕਿਸਾਨ ਜ਼ਿੰਮੇਵਾਰ ਹਨ। ਇਹ ਸੰਵੇਦਨਹੀਨਤਾ ਦੀ ਸਿਖਰ ਹੈ। ਤੇ ਜਦ ਕੋਈ ਆਪਣੇ ਦੇਸ਼ ਦੀ ਗੱਦੀ ਦੇ ਬੈਠਾ ਹਾਕਮ ਆਪਣੇ ਹੀ ਲੋਕਾਂ ਪ੍ਰਤੀ ਏਨਾ ਸੰਵੇਦਨਹੀਨ ਹੈ ਤਾਂ ਇਹ ਦੇਸ਼ ਦਾ ਅਪਮਾਨ ਨਹੀਂ ਹੈ?

ਸੱਤਾ ਨੂੰ ਹਰ ਰੋਜ਼ ਕਿਸਾਨਾਂ ਨੂੰ ਬਦਨਾਮ ਕਰਨ ਲਈ ਇਕ ਸਕਰਿਪਟ ਚਾਹੀਦੀ ਹੁੰਦੀ ਹੈ। ਉਸ ਸਕਰਿਪਟ ਨੂੰ ਉਹ ਆਪਣੇ ਗੋਦੀ ਮੀਡੀਆ ਰਾਹੀਂ ਰੋਜ਼ ਉਦੋਂ ਤੱਕ ਘਸਾਉਂਦੀ ਹੈ ਜਦ ਤੱਕ ਉਸ ਦਾ ਆਪਣੇ ਹੀ ਵਤਨ ਦੇ ਲੋਕਾਂ ਨੂੰ ਭੰਡਣ ਦਾ ਕੋਟਾ ਪੂਰਾ ਨਹੀਂ ਹੋ ਜਾਂਦਾ।

ਟੂਲਕਿਟ ਵੀ ਇਕ ਨਵੀਂ ਸਕਰਿਪਟ ਹੈ ਜੋ ਕੁਝ ਦਿਨ ਚੱਲਣੀ ਹੈ। ਜਦ ਘਸ ਗਈ ਫੇਰ ਕੋਈ ਹੋਰ ਸਕਰਿਪਟ ਘੜਨ ਦੀ ਕੋਸ਼ਿਸ਼ ਕੀਤੀ ਜਾਏਗੀ।

ਜਿਸ ਟੂਲਕਿਟ ਦੇ ਆਧਾਰ ਤੇ ਇਹ ਇਲਜ਼ਾਮ ਲਾਏ ਜਾ ਰਹੇ ਕਿ ਇਸ ਨਾਲ ਦੇਸ਼ ਦੀ ਛਵੀ ਖਰਾਬ ਹੋ ਰਹੀ ਹੈ। ਉਸ ਟੂਲਕਿਟ ਦੇ ਇਲਜ਼ਾਮ ਵਿਚ ਗ੍ਰਿਫਤਾਰ ਕੀਤੀ ਕੁੜੀ ਦਿਸ਼ਾ ਦੇ ਖਿਲਾਫ ਟਵਿੱਟਰ ਤੇ ਜਿੰਨਾ ਗੰਦ ਬਕਿਆ ਜਾ ਰਿਹਾ ਹੈ, ਉਸ ਨਾਲ ਇਸ ਦੇਸ਼ ਦੀ ਛਵੀ ਬਿਲਕੁਲ ਖਰਾਬ ਨਹੀਂ ਹੁੰਦੀ।

ਕਿਸੇ ਤੇ ਇਲਜ਼ਾਮ ਲੱਗਣ ਦਾ ਮਤਲਬ ਉਸ ਦਾ ਗੁਨਾਹ ਸਿੱਧ ਹੋਣਾ ਨਹੀਂ ਹੁੰਦਾ। ਪਰ ਸੱਤਾ ਆਪਣੇ ਗੋਦੀ ਮੀਡੀਆ ਤੇ ਆਈ ਟੀ ਸੈਲਾਂ ਰਾਹੀਂ ਉਸ ਦੇ ਖਿਲਾਫ ਏਨੀ ਘਟੀਆ ਮੁਹਿੰਮ ਚਲਾਉਂਦੀ ਹੈ ਜਿਵੇਂ ਕਿਸੇ ਇਕ ਟਿੱਪਣੀ ਨਾਲ ਉਹ ਏਲੀਅਨ ਬਣ ਗਈ ਹੋਵੇ ਤੇ ਦੇਸ਼ ਨੂੰ ਹੜੱਪ ਕਰ ਗਈ ਹੋਵੇ।

ਅੱਜੇ ਉਸ ਤੇ ਕੇਸ ਚਲਣਾ ਹੈ, ਫੈਸਲਾ ਹੋਣਾ ਹੈ। ਜੇ ਕੱਲ੍ਹ ਨੂੰ ਉਹ ਕੁੜੀ ਅਦਾਲਤ ਵੱਲੋਂ ਬਰੀ ਹੋ ਕੇ ਬਾਹਰ ਆ ਜਾਂਦੀ ਹੈ ਤਾਂ ਕੀ ਇਸ ਬਕਵਾਸ ਮੀਡੀਆ ਦੇ ਖਿਲਾਫ ਕਿਸੇ ਦੀ ਕਿਰਦਾਰਕੁਸ਼ੀ ਕਰਨ ਦਾ ਕੇਸ ਨਹੀਂ ਚੱਲਣਾ ਚਾਹੀਦਾ? ਅਜਿਹਾ ਪਹਿਲਾਂ ਵੀ ਬਹੁਤ ਵਾਰ ਹੋਇਆ ਹੈ। 20-20 ਸਾਲਾਂ ਬਾਅਦ ਮੁਜ਼ਰਿਮ ਤਸਲੀਮ ਕੀਤੇ ਲੋਕ ਬਰੀ ਹੋ ਕੇ ਬਾਹਰ ਆ ਜਾਂਦੇ ਹਨ। ਜਿਨ੍ਹਾਂ ਲੋਕਾਂ ਨੂੰ ਪੁਲਿਸ ਨੇ ਨਕਸਲੀ ਬਣਾ ਕੇ ਝੂਠੇ ਪੁਲਿਸ ਮੁਕਾਬਲਿਆਂ ਵਿਚ ਮਾਰ ਦਿੱਤਾ ਸੀ। ਬਾਅਦ ਵਿਚ ਅਦਾਲਤ ਨੇ ਇਹ ਸਿੱਧ ਕਰ ਦਿੱਤਾ ਸੀ ਕਿ ਇਹ ਝੂਠਾ ਮੁਕਾਬਲਾ ਸੀ। ਉਹਨਾਂ ਨੂੰ ਕੋਈ ਵੀ ਸਜ਼ਾ ਸੁਣਾ ਦਿੱਤੀ ਜਾਵੇ, ਕੀ ਉਹ ਮਾਵਾਂ ਦੇ ਪੁੱਤ ਵਾਪਿਸ ਆ ਜਾਣਗੇ?

ਸੋ ਦੋਸਤੋ। ਸੱਤਾ ਅਤੇ ਦੇਸ਼ ਨੂੰ ਆਪਸ ਵਿਚ ਨਿਖੇੜੋ। ਦੇਸ਼ ਸੱਤਾ ਤੋਂ ਬਹੁਤ ਵੱਡੀ ਚੀਜ਼ ਹੁੰਦਾ ਹੈ। ਸੱਤਾ ਭਗਤੀ ਤੇ ਦੇਸ਼ ਭਗਤੀ ਵਿਚ ਜ਼ਮੀਨ ਅਸਮਾਨ ਦਾ ਫਰਕ ਹੁੰਦਾ ਹੈ। ਸੱਤਾ ਦਾ ਕੋਈ ਧਰਮ ਨਹੀਂ ਹੁੰਦਾ, ਸੱਤਾ ਤਾਂ ਧਰਮਾਂ ਦੇ ਆਧਾਰ ਤੇ ਵੰਡੀਆਂ ਪਾਉਂਦੀ ਹੈ। ਜਦ ਵੀ ਵੋਟਾਂ ਆਉਂਦੀਆਂ ਹਨ, ਧਰਮਾਂ ਤੇ ਜਾਤਾਂ ਦੇ ਮੁੱਦੇ ਖੜ੍ਹੇ ਕਰ ਲਏ ਜਾਂਦੇ ਹਨ, ਲੋਕਾਂ ਨੂੰ ਆਪਸ ਵਿਚ ਪਾੜਕੇ ਮੁੜ ਇਹ ਜਮਾਤਾਂ ਕੁਰਸੀਆਂ ਤੇ ਕਾਬਜ਼ ਹੋ ਜਾਂਦੀਆਂ ਹਨ ਅਤੇ ਆਮ ਬੰਦੇ ਕੋਲ ਹੱਥ ਮੱਲਣ ਤੋਂ ਬਿਨਾ ਕੁਝ ਵੀ ਨਹੀਂ ਰਹਿੰਦਾ।

ਸੱਤਾ ਦੇ ਕਿਰਦਾਰ ਨੂੰ ਸਮਝੋ..ਦੇਸ਼ ਨੂੰ ਪਿਆਰ ਕਰੋ...ਪਰ ਸੱਤਾ ਦੀਆਂ ਨਲਾਇਕੀਆਂ ਤੇ ਸਾਜ਼ਿਸ਼ਾਂ ਦਾ ਪਰਦਾਫਾਸ ਕਰੋ..ਇਨਸਾਨੀਅਤ ਦੇ ਰਿਸਤੇ ਤੋਂ ਵੱਡਾ ਕੋਈ ਰਿਸ਼ਤਾ ਨਹੀਂ ਹੁੰਦਾ। ਦੁਨੀਆਂ ਵਿਚ ਕਿਤੇ ਵੀ ਕਿਸੇ ਨਾਲ ਬੇਇਨਸਾਫੀ ਹੁੰਦੀ ਹੈ ਤਾਂ ਡਟ ਕੇ ਬੋਲੋ, ਲਿਖੋ, ਨਾਲ ਖੜ੍ਹੋ, ਲੜੋ। ਕਿਉਂਕਿ ਜੇਕਰ ਅੱਜ ਤੁਸੀਂ ਉਸ ਦੇ ਨਾਲ ਨਹੀਂ ਖੜ੍ਹੇ ਤਾਂ ਕੱਲ੍ਹ ਨੂੰ ਤੁਹਾਡੇ ਨਾਲ ਖੜ੍ਹਨ ਵਾਲਾ ਕੋਈ ਨਹੀਂ ਹੋਵੇਗਾ। ਇਹੀ ਹਰ ਦੌਰ ਦੀ ਸੱਤਾ ਚਾਹੁੰਦੀ ਹੈ।

ਇਸ ਲਈ ਜੇਕਰ ਜਿਉਂਦੇ ਹੋ ਤਾਂ ਬੋਲੋ...
ਆਦਮੀ
ਜਦ ਤੱਕ ਜਿੰਦਾ ਰਹਿੰਦਾ ਹੈ
ਬੋਲਦਾ ਹੈ
ਆਦਮੀ
ਜਦ ਬੋਲਣਾ ਬੰਦ ਕਰ ਦਿੰਦਾ ਹੈ
ਤਾਂ ਮਰ ਜਾਂਦਾ ਹੈ।

ਹੈਦਰ ਅਲੀ ਆਤਿਸ਼ ਦਾ ਇਕ ਸ਼ਿਅਰ ਹੈ :

**ਬੜਾ ਸ਼ੋਰ ਸੁਨਤੇ ਥੇ ਪਹਿਲੂ ਮੇਂ ਦਿਲ ਕਾ**
**ਜੋ ਚੀਰਾ ਤੋ ਇਕ ਕਤਰਾ ਏ ਖੂੰ ਨਿਕਲਾ**

ਦੋਸਤੋ ਜਦੋਂ ਦੀ ਸਰਕਾਰ, ਦਿੱਲੀ ਪੁਲਿਸ ਅਤੇ ਗੋਦੀ ਮੀਡੀਆ ਨੇ 'ਟੂਲਕਿਟ' ਮਸਲੇ ਤੇ 'ਹਾਏ ਬੂ' ਕਰਕੇ ਅਸਮਾਨ ਸਿਰ ਤੇ ਚੱਕਿਆ ਹੈ, ਉਦੋਂ ਤੋਂ ਇਹ ਲਗਦਾ ਸੀ ਕਿ ਇਹ ਬਹੁਤ ਵੱਡਾ ਬੰਬ ਹੋਏਗਾ ਜੋ ਕੋਈ ਸਾਡੇ ਮੰਜੇ ਥੱਲੇ ਰੱਖ ਗਿਆ। ਜੇ ਕਿਤੇ ਇਹ ਚਲ ਪੈਂਦਾ ਧਰਤੀ ਤੇ ਮਹਾਂ-ਪਰਲੋ ਆ ਜਾਣੀ ਸੀ। ਖਬਰਾਂ ਸੁਣ ਸੁਣ, ਪੁਲਿਸ ਅਫਸਰਾਂ ਦੀਆਂ ਵੀਡੀਓ ਕਾਨਫਰੰਸ਼ਾਂ ਦੇਖ ਦੇਖ, ਗ੍ਰਿਫਤਾਰੀਆਂ ਤੇ ਗ੍ਰਿਫਤਾਰੀਆਂ ਹੁੰਦੀਆਂ ਦੇਖ ਇਹ ਲਗਦਾ ਸੀ ਕਿ ਇਹ ਟੂਲਕਿਟ ਸਚਮੁਚ ਹੀ ਬਹੁਤ ਵੱਡਾ ਦਿਓ ਹੋਣਾ, ਜੋ ਸਾਰਿਆਂ ਨੂੰ ਮੂੰਹ ਵਿਚ ਪਾ ਕੇ ਕੱਚਾ ਚਬਾ ਜਾਏਗਾ। ਫੇਰ ਸੋਚਿਆ ਚਲੋ ਮਨਾ! ਦੇਖੀ ਜਾਊਗੀ, ਇਕ ਵਾਰ ਤਾਂ ਭੂੰਡਾਂ ਦੇ ਖੱਕਰ ਵਿਚ ਹੱਥ ਪਾ ਕੇ ਦੇਖੀਏ। ਸੀ ਐਨ ਐਨ ਅਖਬਾਰ, ਰਿਹਾਨਾ, ਮੀਨਾ ਹੈਰਿਸ, ਮੀਆਂ ਖਲੀਫਾ ਅਤੇ ਗਰੇਟਾ ਦੁਆਰਾ ਕੀਤੇ ਟਵਿਟਰਾਂ ਦੀ ਫਰੋਲਾ-ਫਰੋਲੀ ਕਰਦਿਆਂ ਆਖਰ ਇਹ 'ਬੋਤਲ ਵਾਲਾ ਜਿੰਨ' ਦਿਖਾਈ ਦੇ ਗਿਆ ਅਤੇ ਇਕ ਵਾਰ ਆਪਣੇ ਆਪ ਨੂੰ ਇਹ ਕਹਿ ਕੇ 'ਚੜ੍ਹ ਜਾ ਬੱਚਾ ਸੂਲੀ ਪੇ ਭਲੀ ਕਰੇਗਾ ਰਾਮ' ਬੋਤਲ ਦਾ ਢੱਕਣ ਚੱਕ ਦਿੱਤਾ। ਪਰ ਇਹ ਕੀ? ਪੱਟਿਆ ਪਹਾੜ ਨਿਕਲਿਆਂ ਚੂਹਾ। ਜਦ





ਤੁਸੀਂ ਇਸ ਟੂਲਕਿਟ ਨੂੰ ਪੜ੍ਹੋਗੇ ਤਾਂ ਤੁਸੀਂ ਵੀ ਸ਼ਾਇਦ ਇੰਝ ਹੀ ਕਹੋਗੇ।

ਇੰਟਰਨੈਟ ਅਤੇ ਸੋਸ਼ਲ ਮੀਡੀਏ ਦੀ ਭਾਸ਼ਾ ਵਿਚ ਵਰਤਿਆ ਜਾਣ ਵਾਲਾ ਸ਼ਬਦ 'ਟੂਲਕਿਟ' ਹੋਰ ਕੁਝ ਵੀ ਨਹੀਂ, ਬਸ ਇਕ 'ਲੀਫਲੈਟ' ਹੈ...ਇਕ ਪੈਂਫਲਿਟ ਹੈ..ਹੋਰ ਸੌਖਾ ਸਮਝਣਾ ਹੋਵੇ ਤਾਂ ਇਕ ਪੋਸਟਰ ਹੈ ਜੋ ਟਾਈਪ ਕਰਕੇ 'ਕਿਸੇ ਦੇਸ਼ ਧਰੋਹੀ' ਨੇ ਨੈਟ ਤੇ ਪਾ ਦਿੱਤਾ ਅਤੇ ਬਾਅਦ ਵਿਚ ਰਵੀ ਦਿਸ਼ਾ, ਨਿਕਿਤਾ ਅਤੇ ਸ਼ਾਤਨੂੰ ਵਰਗੇ ਵਾਤਾਵਰਣ ਪ੍ਰੇਮੀਆਂ ਨੇ ਆਪਣੇ ਟਵੀਟ ਦੇ ਨਾਲ ਟੈਗ ਕਰ ਦਿੱਤਾ। ਨਾ ਇਸ ਨੂੰ ਗੁਪਤ ਤੌਰ ਤੇ ਪਾਇਆ ਹੈ ਤੇ ਨਾ ਇਸ ਵਿਚ ਕੁਝ ਵੀ ਗੁਪਤ ਹੈ, ਬਲਕਿ ਇਸ ਨੂੰ 'ਓਪਨ ਡਾਕੂਮੈਂਟ' ਦੇ ਰੂਪ ਵਿਚ ਜਨਤਕ ਤੌਰ ਤੇ ਟੈਗ ਕੀਤਾ ਗਿਆ ਸੀ। ਪਹਿਲੇ ਦਿਨ ਤੋਂ ਹੀ ਇਸ ਨੂੰ ਕੋਈ ਵੀ ਡਾਊਨਲੋਡ ਕਰ ਸਕਦਾ ਸੀ ਤੇ ਪੜ੍ਹ ਸਕਦਾ ਸੀ।

ਅਸਲ ਵਿਚ ਇਹ ਕਿਸਾਨ ਸੰਘਰਸ਼ ਦਾ ਸਮਰਥਨ ਕਰਨ ਲਈ ਬਣਾਇਆ ਸੰਖੇਪ ਪਲੈਨ ਹੈ, ਜਿਸ ਵਿਚ ਕ੍ਰਮਬੱਧ ਤਰੀਕੇ ਨਾਲ ਪਹਿਲਾਂ ਤਾਂ ਸੰਖੇਪ ਵਿਚ ਕਿਸਾਨ ਸੰਘਰਸ਼ ਦੇ ਪਿਛੋਕੜ ਬਾਰੇ ਸਮਝਾਇਆ ਹੈ, ਬਾਅਦ ਵਿਚ ਕਿਸਾਨਾਂ ਦੇ ਹੱਕ ਵਿਚ ਪ੍ਰਦਰਸ਼ਨ ਕਰਨ ਲਈ ਕੁਝ ਆਨਲਾਈਨ ਤੇ ਆਫਲਾਈਨ ਤਰੀਕੇ ਸੁਝਾਏ ਗਏ ਹਨ। ਇਸ ਕਿਸਮ ਦੀ ਪਲੈਨਿੰਗ ਸਾਰੀਆਂ ਕਿਸਾਨ ਜਥੇਬੰਦੀਆਂ ਤੇ ਉਹਨਾਂ ਦੀਆਂ ਸਮਰਥਕ ਜਥੇਬੰਦੀਆਂ ਅਕਸਰ ਬਣਾਉਂਦੀਆਂ ਹਨ। ਕੋਈ ਮੂੰਹਜ਼ੁਬਾਨੀ ਬਣਾ ਲੈਂਦਾ ਹੈ ਤੇ ਕੋਈ ਲਿਖਤੀ, ਪਰ ਕਿਸੇ ਨੇ ਟੂਲਕਿਟ ਬਣਾ ਕੇ ਟਵਿੱਟਰ ਤੇ ਟਵੀਟ ਨਹੀਂ ਕੀਤਾ ਸੀ। ਇਸ ਨੂੰ ਬਣਾਉਣ ਵਾਲੀ ਜਥੇਬੰਦੀ 'ਪੋਇਟਿਕ ਜਸਿਟਸ' ਕਿਉਂਕਿ ਵਿਦੇਸ਼ਾਂ ਵਿਚ ਕੰਮ ਕਰਨ ਵਾਲੀ ਜਥੇਬੰਦੀ ਸੀ, ਇਸ ਲਈ ਇਸ ਦਸਤਾਵੇਜ਼ ਨੂੰ 'ਭਾਰਤ ਬਨਾਮ ਵਿਦੇਸ਼' ਬਣਾ ਕੇ 'ਦੇਸ਼ਭਗਤੀ ਬਨਾਮ ਦੇਸ਼ ਧਰੋਹੀ' ਦੇ ਏਜੰਡੇ ਹੇਠ ਲਿਆਂਦਾ ਅਤੇ ਰਾਈ ਦਾ ਪਹਾੜ ਬਣਾ ਦਿੱਤਾ। ਹੇਠਾਂ ਇਸ ਦਸਤਾਵੇਜ਼ ਦਾ ਮੋਟਾ ਮੋਟਾ ਜਿਹਾ ਪੰਜਾਬੀ ਰੂਪ ਪੇਸ਼ ਕੀਤਾ ਹੈ ਤੇ ਨਾਲ ਫੋਟੋਆਂ ਦੇ ਰੂਪ ਵਿਚ ਇਸ ਦਾ ਅਸਲ ਰੂਪ ਪੇਸ਼ ਕੀਤਾ ਹੈ। ਇਹ ਇਸ ਖਰੜੇ ਦਾ ਅੱਖਰ-ਅੱਖਰ ਅਨੁਵਾਦ ਨਹੀਂ ਹੈ, ਇਹ ਸੇਵਾ ਕੋਈ ਸੱਜਣ ਹੋਰ ਕਰ ਸਕਦਾ ਹੈ। ਮੇਰਾ ਮਕਸਦ ਤੁਹਾਡੇ ਨਾਲ ਇਸ ਦਾ ਤੱਥ ਆਧਾਰਿਤ ਰੂਪ ਪੇਸ਼ ਕਰਨਾ ਹੈ, ਇਹ ਠੀਕ ਹੈ ਜਾਂ ਗ਼ਲਤ ਇਸ ਦਾ ਫੈਸਲਾ ਤੁਸੀਂ ਆਪ ਕਰਨਾ ਹੈ। ਪਰ ਧਿਆਨ ਰੱਖਣਾ ਕਿਤੇ ਰਵੀ ਦਿਸ਼ਾ ਵਾਂਗ ਕੱਲ੍ਹ ਨੂੰ ......ਚਲੋ ਖੈਰ..ਪੇਸ਼ ਹੈ।

**ਪੰਜਾਬੀ ਵਿਚ ਇਸ ਟੂਲਕਿਟ ਦਾ ਭਾਵ ਅਰਥ**
**ਭਾਰਤ ਵਿਚ ਕਿਸਾਨ ਸੰਘਰਸ਼**

ਨੋਟ: ਇਹ ਇੱਕ ਅਜਿਹਾ ਦਸਤਾਵੇਜ ਹੈ ਜਿਸਦਾ ਉਦੇਸ਼ ਭਾਰਤ ਵਿੱਚ ਚੱਲ ਰਹੇ ਕਿਸਾਨਾਂ ਦੇ ਵਿਰੋਧ-ਪ੍ਰਦਰਸਨਾਂ ਤੋਂ ਅਣਜਾਣ ਵਿਅਕਤੀ ਨੂੰ ਇਸ ਸਾਰੀ ਸਥਿਤੀ ਨੂੰ ਬਿਹਤਰ ਤਰੀਕੇ ਨਾਲ ਸਮਝਣ ਅਤੇ ਇਸ ਗੱਲ ਦਾ ਫੈਸਲਾ ਲੈਣ ਦੇ ਯੋਗ ਬਣਾਉਣਾ ਹੈ ਤਾਂ ਕਿ ਉਹ ਸੋਚ ਸਕੇ ਕਿ ਉਹ ਆਪਣੇ ਵਿਸਲੇਸਣ ਦੇ ਅਧਾਰ ਤੇ ਕਿਸ ਤਰ੍ਹਾਂ ਕਿਸਾਨੀ ਦਾ ਸਮਰਥਨ ਕਰਨਾ ਹੈ।

2015-16 ਦੀ ਖੇਤੀਬਾੜੀ ਮਰਦਮਸੁਮਾਰੀ ਦੇ ਅਨੁਸਾਰ ਭਾਰਤ ਵਿੱਚ ਜ਼ਿਆਦਾਤਰ ਜੋਤਾਂ (86 ਪ੍ਰਤੀਸਤ) ਛੋਟੀਆਂ ਅਤੇ ਸੀਮਾਂਤ ਹਨ। ਇਹ ਆਕਾਰ ਵਿਚ ਦੋ ਹੈਕਟੇਅਰ ਤੋਂ ਘੱਟ ਹਨ ਅਤੇ ਇਨ੍ਹਾਂ ਘਰਾਂ ਦੀ ਆਮਦਨੀ ਖਪਤ ਦੇ ਹੋਣ ਵਾਲੇ ਖਰਚਿਆਂ ਤੋਂ ਪਹਿਲਾਂ ਹੀ ਘੱਟ ਹੈ।

ਇਹ ਇਤਿਹਾਸਕ ਤੌਰ 'ਤੇ ਹਾਸੀਆਗਤ ਕਿਸਾਨ, ਜਿਨ੍ਹਾਂ ਦਾ ਆਜਾਦੀ ਤੋਂ ਪਹਿਲਾਂ ਜਗੀਰਦਾਰੀ ਦੌਰ ਦੇ ਜ਼ ਮੀਂਦਾਰਾਂ ਅਤੇ ਬਸਤੀਵਾਦੀਆਂ ਦੁਆਰਾ ਸੋਸਣ ਕੀਤਾ ਗਿਆ ਸੀ ਅਤੇ 1990 ਤੋਂ ਬਾਅਦ ਸੰਸਾਰੀਕਰਨ ਅਤੇ ਉਦਾਰੀਕਰਨ ਦੀਆਂ ਨੀਤੀਆਂ ਦੁਆਰਾ ਸ਼ੋਸ਼ਣ ਕੀਤਾ ਗਿਆ, ਅੱਜ ਵੀ ਭਾਰਤੀ ਆਰਥਿਕਤਾ ਦੀ ਰੀੜ ਦੀ ਹੱਡੀ ਹਨ।

ਕਰਜਾਈ ਹੋਣ ਕਾਰਨ ਅਤੇ ਢਾਂਚਾਗਤ ਸਹਾਇਤਾ ਦੀ ਘਾਟ ਕਾਰਨ ਹੋਈਆਂ ਹਜਾਰਾਂ ਖੁਦਕੁਸੀਆਂ ਹੋਣ ਦੇ ਬਾਵਜੂਦ, ਇਸ ਡੂੰਘੀਆਂ ਜੜ੍ਹਾਂ ਵਾਲੀ ਸਮੱਸਿਆ ਦੇ ਹੱਲ ਦੀ ਅਣਹੋਂਦ ਨੂੰ ਇਹਨਾਂ ਖੇਤੀਬਾੜੀ ਕਾਨੂੰਨਾਂ ਨੇ ਹੋਰ ਡੂੰਘਾ ਕਰ ਦਿੱਤਾ ਹੈ ਜੋ ਕਿ ਇਨ੍ਹਾਂ ਕਿਸਾਨਾਂ ਨਾਲ ਬਿਨਾਂ ਕਿਸੇ ਸਲਾਹ ਮਸਵਰੇ ਦੇ ਪਾਸ ਕੀਤੇ ਗਏ ਹਨ। ਇਹ ਕਿਸਾਨ ਜਿਹੜੇ ਬਹੁਗਿਣਤੀ ਭਾਰਤੀ ਆਬਾਦੀ ਨੂੰ ਰੋਜ਼ਾਨਾ ਖਾਣਾ ਪ੍ਰਦਾਨ ਕਰਦੇ ਹਨ।

ਉਹਨਾਂ ਨੂੰ ਸਵੈ-ਨਿਰਭਰ ਅਤੇ ਖੁਸਹਾਲ ਬਣਾਉਣ ਵਿਚ ਮਦਦ ਕਰਨ ਦੀ ਬਜਾਏ, ਜ਼ਿਆਦਾਤਰ ਕਿਸਾਨਾਂ ਨੂੰ ਵੱਡੇ ਕਾਰਪੋਰੇਸ਼ਨਾਂ ਅਤੇ ਅੰਤਰਰਾਸ਼ਟਰੀ ਅਦਾਰਿਆਂ ਦੇ ਨਿਯੰਤਰਣ ਦੇ ਅਧੀਨ ਕੀਤਾ ਜਾ ਰਿਹਾ ਹੈ ਜਿਨ੍ਹਾਂ ਦਾ ਇਕੋ ਇਕ ਮਕਸਦ ਮੁਨਾਫ਼ਾ ਹੈ ਅਤੇ ਕੁਦਰਤੀ ਸਰੋਤਾਂ ਦਾ ਵੱਧ ਤੋਂ ਵੱਧ ਸੋਸ਼ਣ ਕਰਨਾ ਹੈ। ਇਹੋ ਵਿਨਾਸਕਾਰੀ ਤਾਕਤਾਂ ਜੋ ਇਸ ਗ੍ਰਹਿ ਨੂੰ ਨਸਟ ਕਰ ਰਹੀਆਂ ਹਨ, ਉਹੀ ਹਨ ਜੋ ਸਾਡੇ ਦੇਸ ਦੇ ਸਭ ਤੋਂ ਵੱਧ ਲੋਕਾਂ ਦੀਆਂ ਜਾਨਾਂ ਲੈ ਰਹੀਆਂ ਹਨ, ਇਹ ਹੁਣ ਆਪਣੇ ਏਕਾਧਿਕਾਰ ਨੂੰ ਵਧਾਉਂਦੇ ਹੋਏ ਅਤੇ ਆਪਣੇ ਨਿੱਜੀਕਰਨ ਦੇ ਏਜੰਡੇ ਨੂੰ ਵਿਸ਼ਵਵਿਆਪੀ ਕਰਦੇ ਹੋਏ ਫਿਲਪੀਨਜ ਤੋਂ ਕੋਲੰਬੀਆ ਤੱਕ, ਸਾਰੀ ਦੁਨੀਆ ਭਰ ਵਿੱਚ ਦੁਹਰਾਉਂਦੀਆਂ ਨਜ਼ਰ ਆ ਰਹੀਆਂ ਹਨ।

ਇਹ (ਦਸਤਾਵੇਜ਼) ਸਿਰਫ ਇਕ ਦੇਸ ਅਤੇ ਇਸ ਦੇ ਦੱਬੇ-ਕੁਚਲੇ ਲੋਕਾਂ ਬਾਰੇ ਨਹੀਂ ਬਲਕਿ ਇਹ ਵਿਸਵ ਭਰ ਦੇ ਆਮ ਲੋਕਾਂ ਬਾਰੇ ਹੈ ਜੋ ਆਪਣੇ ਆਪ ਨੂੰ ਆਤਮ ਨਿਰਭਰ ਰੱਖਣ,ਆਪਣੇ ਪਰਿਵਾਰਾਂ ਦੀ ਦੇਖਭਾਲ ਕਰਨ ਬਾਰੇ ਸੁਰੱਖਿਅਤ ਮਹਿਸੂਸ ਕਰਨ ਅਤੇ ਚੰਗੀ ਤਰ੍ਹਾਂ ਰਹਿਣ ਦਾ ਮੌਕਾ ਚਾਹੁੰਦੇ ਹਨ,

ਉਨ੍ਹਾਂ ਦੀਆਂ ਆਪਣੀਆਂ ਸਰਤਾਂ 'ਤੇ, ਜਿਵੇਂ ਕਿ ਕਿਸੇ ਵੀ ਲੋਕਤੰਤਰ ਵਿਚ ਉਸ ਦੀ ਭਾਵਨਾ ਦੇ ਮੁਤਾਬਕ ਉਹਨਾਂ ਕੋਲ ਇਹ ਸਹੂਲਤ ਹੋਣੀ ਚਾਹੀਦੀ ਹੈ।

ਹੇਠਾਂ ਬਹੁਤ ਸਾਰੇ ਸਰੋਤ ਸੂਚੀਬੱਧ ਕੀਤੇ ਹਨ ਜੋ ਕੀਤੇ ਜਾਣ ਵਾਲੇ ਜਰੂਰੀ ਐਕਸ਼ਨਾਂ ਬਾਰੇ ਵਧੇਰੇ ਸਮਝ ਪ੍ਰਦਾਨ ਕਰਦੇ ਹਨ

1. ਭਾਰਤੀ ਕਿਸਾਨਾਂ ਲਈ ਆਪਣਾ ਸਮਰਥਨ ਦੇਣ ਲਈ ਹੈਸ਼ਟੈਗ ਟਵੀਟ ਕਰੋ : #FarmersProtest #StandWithFarmers

2. ਆਪਣੇ ਕਿਸੇ ਵੀ ਸਰਕਾਰੀ ਨੁਮਾਇੰਦੇ ਨੂੰ ਕਾਲ ਕਰੋ / ਈਮੇਲ ਕਰੋ ਅਤੇ ਉਨ੍ਹਾਂ ਨੂੰ ਕਾਰਵਾਈ ਕਰਨ ਲਈ ਕਹੋ, ਆਨਲਾਈਨ ਪਟੀਸਨਾਂ 'ਤੇ ਦਸਤਖਤ ਕਰੋ ਅਤੇ ਜੈਵਿਕ ਬਾਲਣ ਉਦਯੋਗਾਂ ਤੋਂ ਵੰਚਿਤ ਹੋਣ ਤੇ ਐਕਸ਼ਨ ਕਰੋ.

3. 13/14 ਫਰਵਰੀ, 2021 ਨੂੰ ਸਭ ਤੋਂ ਨੇੜਲੀ ਭਾਰਤੀ ਅੰਬੈਸੀ, ਮੀਡੀਆ ਹਾਉਸ ਜਾਂ ਆਪਣੀ ਸਥਾਨਕ ਸਰਕਾਰ ਦੇ ਦਫਤਰਾਂ ਦੇ ਨੇੜੇ ਇਕ ਜਮੀਨੀ ਐਕਸ਼ਨ ਦਾ ਪ੍ਰਬੰਧ ਕਰੋ।

4. #FarmersProtest #StandWithFarmers ਸੋਸਲ ਮੀਡੀਆ 'ਤੇ ਤਸਵੀਰਾਂ ਸੇਅਰ ਕਰੋ।

ਪਹਿਲਾਂ ਕੀਤੀਆਂ ਜਾਣ ਵਾਲੀਆਂ ਕਾਰਵਾਈਆਂ

1. ਸੋਸਲ ਮੀਡੀਆ 'ਤੇ #FarmersProtest #StandWithFarmers ਹੈਸਟੈਗਾਂ ਨਾਲ ਫੋਟੋ/ਵੀਡਿਓ ਸੰਦੇਸ ਸਾਂਝੇ ਕਰਕੇ ਕਿਸਾਨਾਂ ਨਾਲ ਆਪਣੀ ਇਕਜੁਟਤਾ ਸਾਂਝਾ ਕਰੋ।

2. ਡਿਜੀਟਲ ਹੜਤਾਲ ਕਰੋ : #AskIndiaWhy

3. @PMOIndia, @nstomar (Minister of Agriculture & Farmer Welfare), ਆਪਣੀ ਸਟੇਟ ਅਤੇ IMF, WTO, FAO, World Bank ਵਰਗੇ ਅਦਾਰਿਆਂ ਨੂੰ ਟੈਗ ਕਰਕੇ ਟਵੀਟ ਕਰਦੇ ਰਹੋ।

4. ਇਸ ਮੁੱਦੇ ਬਾਰੇ ਹੋਰ ਪੜ੍ਹੋ : https://ruralindiaonline.org/.../farming-and-its-crisis/

5. ਜ਼ਮੀਨੀ ਐਕਸ਼ਨ : ਭਾਰਤੀ ਦੂਤਘਰਾਂ, ਸਰਕਾਰ ਦਫਤਰ ਅਤੇ ਮੀਡੀਆ ਹਾਉਸਾਂ ਦੇ ਨੇੜੇ ਪ੍ਰਦਰਸ਼ਨ ਕਰੋ।

6. ਕਿਸਾਨੀ ਮਾਰਚ/ਪਰੇਡ (ਆਪਣੀ ਕਿਸਮ ਦਾ ਪਹਿਲਾ ਪ੍ਰਦਰਸ਼ਨ) ਨੂੰ ਦੇਖੋ ਅਤੇ ਇਸ ਵਿਚ ਸ਼ਾਮਿਲ ਹੋਵੋ ਅਤੇ ਬਾਅਦ ਵਿਚ ਦਿੱਲੀ ਦੇ ਬਾਰਡਰਾਂ ਤੇ ਵਾਪਿਸ ਜਾਓ।

7. ਆਪਣੇ ਕਿਸੇ ਵੀ ਸਰਕਾਰੀ ਨੁਮਾਇੰਦੇ ਨੂੰ ਕਾਲ ਕਰੋ ਜਾਂ ਈਮੇਲ ਕਰੋ ਅਤੇ ਉਨ੍ਹਾਂ ਨੂੰ ਕਾਰਵਾਈ ਕਰਨ ਲਈ ਕਹੋ, ਆਨਲਾਈਨ ਪਟੀਸਨਾਂ 'ਤੇ ਦਸਤਖਤ ਕਰੋ ਅਤੇ ਜੈਵਿਕ ਇੰਧਨ ਤੋਂ ਵੰਚਿਤ ਕਰਨ ਵਾਲਿਆਂ ਤੇ ਕੋਈ ਐਕਸ਼ਨ ਲਉ।

ਫਾਰਮਰਜ ਪ੍ਰੋਟੈਸਟ ਦਸਤਾਵੇਜ਼ ਤੋਂ ਪੂਰਾ



ਖਾਕਾ ਪ੍ਰਾਪਤ ਕਰੋ ਕਿ ਤੁਸੀਂ ਕਿਵੇਂ ਮਦਦ ਕਰ ਸਕਦੇ ਹੋ ?

- ਜ਼ਮੀਨੀ ਪ੍ਰਦਰਸ਼ਨਾਂ ਵਿਚ ਹਿੱਸਾ ਲਓ ਜਾਂ ਇਹਨਾਂ ਦਾ ਪ੍ਰਬੰਧ ਕਰੋ।
- ਆਪਣੇ ਸ਼ਹਿਰ/ਰਾਜ/ ਦੇਸ਼ ਵਿੱਚ ਹੋ ਰਹੇ ਵਿਰੋਧ ਪ੍ਰਦਰਸਨਾਂ ਦਾ ਪਤਾ ਕਰੋ ਜਾਂ ਫਿਰ ਵੱਡੇ ਜਾਂ ਛੋਟੇ ਪ੍ਰਦਰਸ਼ਨ ਦਾ ਆਪ ਪ੍ਰਬੰਧ ਕਰੋ। ਹੇਠਾਂ ਦਿੱਤੇ ਵਿਕਲਪਾਂ ਤੋਂ ਇਲਾਵਾ ਤੁਹਾਨੂੰ ਆਪਣੀ ਸਥਾਨਕ ਸਰਕਾਰ ਦੇ ਨੇੜੇ ਜਾਂ ਤਾਂ ਭਾਰਤੀ ਦੂਤਾਵਾਸਾਂ ਦੇ ਨੇੜੇ ਵਿਰੋਧ ਪ੍ਰਦਰਸਨ ਕਰਨ ਲਈ ਉਤਸਾਹਤ ਕਰੋ। ਜਦੋਂ ਵੀ ਸੰਭਵ ਹੋਵੇ ਇਕੱਠ ਕਰਨ ਦੀ ਕੋਸ਼ਿਸ਼ ਕਰੋ।

ਪ੍ਰਬੰਧ ਕਰਨ ਵਿੱਚ ਸਹਾਇਤਾ ਲਈ ਸਰੋਤ

1. #SandWithFarmers ਏਕਤਾ ਵੀਡੀਓ

- ਵਿਰੋਧ ਕਰ ਰਹੇ ਕਿਸਾਨਾਂ ਨੂੰ ਆਪਣੇ ਸਮਰਥਨ ਦਾ ਸੁਨੇਹਾ ਸਾਂਝਾ ਕਰਨ ਲਈ ਵੀਡੀਓ (ਲੈਂਡਸਕੇਪ ਮੋਡ ਵਿੱਚ ਬਣਾਉਣ ਨੂੰ ਤਰਜ਼ੀਹ ਦਿਓ) ਬਣਾਓ। ਜਾਂ ਆਪਣੇ ਸ਼ਹਿਰ/ਕਸਬੇ/ਪਿੰਡ ਵਿਚ ਕਿਤੇ ਵੀ ਇਕਜੁਟਤਾ ਦੇ ਸੰਦੇਸ ਵਾਲੇ ਪੋਸਟਰ/ਕਾਗਜ਼/ਚਾਰਟ/ਕਾਰਡ ਫੜੋ ਅਤੇ ਤਸਵੀਰਾਂ ਖਿੱਚਾਓ।
- ਭਾਰਤ ਦਾ ਮਨੁੱਖੀ ਅਧਿਕਾਰਾਂ ਦੀ ਉਲੰਘਣਾ, ਹਿੰਸਾ ਅਤੇ ਆਪਣੇ ਸਭ ਤੋਂ ਕਮਜੋਰ ਨਾਗਰਿਕਾਂ ਨਾਲ ਵਿਤਕਰੇ ਦਾ ਲੰਮਾ ਇਤਿਹਾਸ ਰਿਹਾ ਹੈ।
- ਭਾਰਤ ਦੇ ਕਿਸਾਨੀ ਅਤੇ ਹੋਰ ਨਾਗਰਿਕਾਂ ਨੂੰ ਵਿਸਵਵਿਆਪੀ ਭਾਈਚਾਰੇ ਦੇ ਧਿਆਨ ਦੀ ਜਰੂਰਤ ਹੈ। ਦੁਨੀਆ ਨੂੰ ਇਹ ਜਾਣਨ ਦੀ ਜਰੂਰਤ ਹੈ ਕਿ ਭਾਰਤ ਆਪਣੇ ਹਾਸੀਆਗਤ ਭਾਈਚਾਰਿਆਂ ਦੀਆਂ ਆਵਾਜਾਂ ਨੂੰ ਨਜਰ ਅੰਦਾਜ ਕਰ ਰਿਹਾ ਹੈ। ਸਾਨੂੰ ਪੂਰੀ ਦੁਨੀਆ ਤੋਂ ਏਕਤਾ ਅਤੇ ਸਹਾਇਤਾ ਦੀ ਲੋੜ ਹੈ।
- Digital Strike with the hashtags #StandWithFarmers and #FarmersProtest
- ਬਾਕੀ ਦੁਨੀਆ ਦੇ ਨਾਲ-ਨਾਲ ਆਪਣਾ ਟਵੀਟ ਸਮਰਥਨ ਦਿਓ। : Hashtags: #StandwithFarmers #FarmersProtest
- ਟੈਗ ਕਰਨ ਲਈ ਅਕਾਊਂਟ : ਜੇ ਚਾਹੋ ਤਾਂ ਆਪਣੇ ਰਾਜ ਦੇ ਮੁਖੀ, ਆਈਐਮਐਫ, ਡਬਲਯੂ ਬੀ ਅਤੇ ਜਾਂ ਡਬਲਯੂ ਟੀ ਓ ਨੂੰ ਟੈਗ ਕਰੋ।

ਹੋਰ ਕਾਰਵਾਈਆਂ

- ਸਥਾਨਕ ਪ੍ਰਤੀਨਿਧ ਨਾਲ ਸੰਪਰਕ ਕਰੋ।
- ਭਾਰਤ ਸਰਕਾਰ 'ਤੇ ਅੰਤਰਰਾਸਟਰੀ ਦਬਾਅ ਬਣਾਉਣਾ ਜ਼ਰੂਰੀ ਹੈ। templates ਨੂੰ ਲੱਭਣ ਲਈ ਹੇਠਾਂ ਦਿੱਤੇ ਬਟਨ ਤੇ ਕਲਿਕ ਕਰੋ, ਆਪਣੇ ਸਥਾਨਕ ਪ੍ਰਤੀਨਿਧੀ ਨੂੰ ਸੂਚਨਾ ਦੱਸੋ। ਨਾਗਰਿਕ ਦੇ ਤੌਰ 'ਤੇ ਆਪਣੀ ਡਿਊਟੀ ਕਰੋ, ਚਾਹੇ ਤੁਸੀਂ ਕਿਤੇ ਵੀ ਹੋਵੋਂ।
- ਆਪਣੇ ਨੁਮਾਇੰਦਿਆਂ ਨੂੰ ਫੋਨ ਕਰੋ।
- ਆਪਣੀ ਸਰਕਾਰ ਨੂੰ ਈਮੇਲ ਭੇਜੋ।
- ਪਟੀਸਨਾਂ 'ਤੇ ਦਸਤਖਤ ਕਰੋ।
- ਮਿੱਠੇ-ਮਿੱਠੀ ਰਾਜ ਦੁਆਰਾ ਫੈਲਾਈ ਹਿੰਸਾ ਦੀ ਨਿੰਦਾ ਕਰੋ ਅਤੇ ਭਾਰਤ ਸਰਕਾਰ ਤੋਂ ਮੰਗ ਕਰੋ ਕਿ ਉਹ ਪ੍ਰਦਰਸਨਕਾਰੀਆਂ ਦੀ ਗੱਲ ਸੁਣੇ ਅਤੇ ਚੁੱਪ ਨਾ ਰਹੇ ਅਤੇ ਉਨ੍ਹਾਂ ਦੀ ਅਸਹਿਮਤੀ ਦਾ ਮਖੌਲ ਨਾ ਉਡਾਵੇ। ਇਕ ਪਟੀਸਨ 'ਤੇ ਦਸਤਖਤ ਕਰੋ।
- 3 ਖੇਤੀ ਬਿੱਲ ਖਤਮ ਕਰਨ ਲਈ ਪਟੀਸ਼ਨ ਪਾਓ ਅਤੇ ਅਤੇ ਸੰਘਰਸ਼ ਕਰਨ ਵਾਲੇ ਕਿਸਾਨਾਂ ਦਾ ਸਮਰਥਨ ਕਰੋ।
- ਸੰਯੁਕਤ ਰਾਸਟਰ ਨੂੰ ਪਟੀਸਨ ਕਰੋ : ਅਸਹਿਮਤੀ ਜਾਹਰ ਕਰਨ ਦੀ ਆਜਾਦੀ ਲੋਕਤੰਤਰ ਦਾ ਮਹੱਤਵਪੂਰਨ ਥੰਮ ਹੈ।
- ਤੁਸੀਂ ਯੂਕੇ ਦੇ ਸੰਸਦ ਮੈਂਬਰਾਂ ਨੂੰ ਭਾਰਤ ਵਿਚ ਕਿਸਾਨੀ ਦੀ ਸਹਾਇਤਾ ਲਈ ਕਹਿ ਸਕਦੇ ਹੋ।

ਆਖਰ ਟੂਲਕਿਟ ਬੰਬ 'ਲੈਬ' (ਅਦਾਲਤ) ਵਿਚ ਜਾ ਕੇ ਵੀ ਆਪਣੇ ਪ੍ਰੀਖਣ ਵਿਚ ਫਿੱਸਸਸਸਸਸਸ ਹੋ ਗਿਆ ਹੈ। ਦਿੱਲੀ ਦੀ ਪਟਿਆਲਾ ਹਾਉਸ ਕੋਰਟ ਨੇ ਐਨਵਾਇਰਮੈਂਟ ਐਕਟੀਵਿਸਟ ਦਿਸ਼ਾ ਰਵੀ ਨੂੰ ਜ਼ਮਾਨਤ ਦੇਣ ਨਾਲ ਕਈਆਂ ਦੇ ਚਿਹਰਿਆਂ ਤੋਂ ਨਕਾਬ ਉੱਤਰ ਗਿਆ ਹੈ। ਕੋਰਟ ਨੇ ਇਸ ਕੇਸ ਤੇ ਫੈਸਲਾ ਕਰਦਿਆਂ ਜੋ ਟਿਪਣੀਆਂ ਕੀਤੀਆਂ ਹਨ, ਉਹਨਾਂ ਨਾਲ ਕਈਆਂ ਨੂੰ ਚੱਪਣੀ ਵਿਚ ਨੱਕ ਡੋਬ ਕੇ ਮਰ ਜਾਣਾ ਚਾਹੀਦਾ ਹੈ, ਪਰ ਬਦਕਿਸਮਤੀ ਇਹ ਹੈ ਕਿ ਇਹਨਾਂ ਕੋਲ ਨਾ ਨੱਕ ਹੈ ਨਾ ਚੱਪਣੀ ਹੈ ਤੇ ਨਾ ਜ਼ੁਰਅਤ ਹੈ। ਆਓ ਪਹਿਲਾਂ ਦੇਖਦੇ ਹਾਂ ਕਿ ਕੋਰਟ ਨੇ ਕਿਹਾ ਕੀ ਹੈ ?

ਪਟਿਆਲਾ ਹਾਉਸ ਕੋਰਟ ਦੇ ਐਡੀਸ਼ਨ ਸ਼ੈਸ਼ਨ ਜੱਜ ਧਰਮਿੰਦਰ ਰਾਣਾ ਨੇ ਕਿਹਾ ਕਿ ਸਰਕਾਰ ਦੇ ਬਣਾਏ ਹੋਏ ਕਨੂੰਨ ਜਾਂ ਸਰਕਾਰ ਦੀ ਵਿਚਾਰਧਾਰਾ ਨਾਲ ਅਹਿਸਮਤੀ ਦਿਖਾਉਣਾ ਜਾਂ ਉਸ ਦੇ ਖਿਲਾਫ ਕੁਝ ਬੋਲਣਾ ਦੇਸ਼ਧਰੋਹ ਨਹੀਂ ਹੈ। ਦਿਲੀ ਪੁਲਿਸ ਕੋਈ ਵੀ ਅਜਿਹਾ ਸਬੂਤ ਨਹੀਂ ਦੇ ਸਕੀ ਜੋ ਦਿਸ਼ਾ ਨੂੰ 26 ਜਨਵਰੀ ਨੂੰ ਦਿੱਲੀ ਵਿਚ ਹੋਈ ਹਿੰਸਾ ਨਾਲ ਜੋੜ ਸਕੇ। ਉਹਨਾਂ ਕਿਹਾ ਕਿ ਦਿਸ਼ਾ ਰਵੀ ਦੀ ਵਟਸਐਪ ਚੈਟ ਤੇ ਉਸ ਦੁਆਰਾ ਬਣਾਇਆ ਟੂਲਕਿਟ ਕਿਸੇ ਵੀ ਤਰੀਕੇ ਨਾਲ ਦੇਸ਼ਧਰੋਹ ਦੇ ਅਪਰਾਧ ਨਾਲ ਨਹੀ ਜੁੜਦਾ। ਅਤੇ ਇਸ ਗੱਲ ਦਾ ਵੀ ਕੋਈ ਸਬੂਤ ਨਹੀ ਹੈ ਕਿ ਦਿਸ਼ਾ ਰਵੀ ਦੁਆਰਾ ਬਣਾਏ ਟੂਲਕਿਟ ਨੇ ਹੀ ਲੱਖਾਂ ਲੋਕਾਂ ਨੂੰ ਭੜਕਾਇਆ ਸੀ ਤੇ 26 ਜਨਵਰੀ ਨੂੰ ਦਿੱਲੀ ਵਿਚ ਹਿੰਸਾ ਕਰਨ ਲਈ ਪ੍ਰੇਰਿਆ ਸੀ। ਜੱਜ ਨੇ ਅੱਗੇ ਕਿਹਾ ਕਿ ਜਿਹੜੇ 150 ਲੋਕ 26 ਜਨਵਰੀ ਦੀ ਹਿੰਸਾ ਵਿਚ ਗ੍ਰਿਫਤਾਰ ਹੋਏ ਹਨ, ਉਹਨਾਂ ਵਿੱਚੋਂ ਕਿਸੇ ਇਕ ਨੇ ਵੀ ਇਹ ਨਹੀਂ ਕਿਹਾ ਕਿ ਉਹਨਾਂ ਨੇ ਦਿਸ਼ਾ ਦੇ ਕਹਿਣ ਤੇ ਇਹ ਟੂਲਕਿਟ ਪੜ੍ਹ ਕੇ ਹਿੰਸਾ ਕੀਤੀ ਸੀ। ਕੋਰਟ ਨੇ ਕਿਹਾ ਕਿ ਇਸ ਪੂਰੀ ਟੂਲਕਿਟ ਵਿਚ ਇਕ ਵੀ ਅਜਿਹਾ ਸ਼ਬਦ ਨਹੀਂ ਹੈ ਜਿਸ ਨੂੰ ਪੜ੍ਹ ਕੇ ਇਹ ਕਿਹਾ ਜਾਵੇ ਕਿ ਇਸ ਸ਼ਬਦ ਦੇ ਆਧਾਰ ਤੇ ਲੋਕ ਭੜਕੇ ਤੇ ਦਿੱਲੀ ਵਿਚ ਹਿੰਸਾ ਹੋਈ।

ਪੁਲਿਸ ਦਾ ਇਹ ਇਲਜ਼ਾਮ ਵੀ ਸੀ ਕਿ ਉਹ 'ਪੋਇਟਿਕਸ ਜਸਟਿਸ ਫਾਉਂਡੇਸ਼ਨ' ਨਾਂ ਦੀ ਸੰਸਥਾ ਨਾਲ ਜੁੜੀ ਹੋਈ ਸੀ ਤੇ ਉਸ ਨਾਲ ਗੱਲ ਕਰਦੀ ਸੀ। ਤੇ ਇਹ ਸੰਸਥਾ ਪੁਲਿਸ ਦੇ ਹਿਸਾਬ ਨਾਲ ਖਾਲਿਸਤਾਨੀ ਸੰਸਥਾ ਹੈ। ਅਦਾਲਤ ਨੇ ਕਿਹਾ ਕਿ ਐਕਟੀਵਿਸਟ ਦਿਸ਼ਾ ਰਵੀ ਅਤੇ ਪਾਬੰਦੀਸ਼ੁਦਾ ਸਿੱਖ ਸੰਗਠਨ 'ਸਿੱਖ ਫਾਰ ਜਸਟਿਸ' ਵਿਚਕਾਰ ਕੋਈ ਵੀ ਸਬੰਧ ਹੋਣ ਦੇ ਸਬੂਤ ਰਿਕਾਰਡ ਤੇ ਨਹੀਂ ਹਨ। ਨਾਲ ਹੀ ਇਹ ਨੁਕਤਾ ਵੀ ਉਠਾਇਆ ਹੈ ਕਿ ਦਿੱਲੀ ਪੁਲਿਸ ਨੇ ਅਜਿਹਾ ਕੋਈ ਸਬੂਤ ਨਹੀਂ ਦਿੱਤਾ ਕਿ ਸਰਕਾਰ ਨੇ ਇਸ ਸੰਸਥਾ ਤੇ ਕੋਈ ਰੋਕ ਲਗਾ ਰਖੀ ਹੈ ਜਾਂ ਇਸ ਦੇ ਖਿਲਾਫ ਕਿਸੇ ਕੋਰਟ ਵਿਚ ਕੋਈ ਕੇਸ ਚੱਲ ਰਿਹਾ ਹੈ। ਅਤੇ ਅਦਾਲਤ ਨੇ ਸਪਸ਼ਟ ਕਿਹਾ ਕਿ ਦਿਸ਼ਾ ਦਾ 'ਪੋਇਟਿਕਸ ਜਸਟਿਸ ਫਾਉਂਡੇਸ਼ਨ' ਨਾਲ ਗੱਲ ਕਰਨਾ, ਜਿਹੜੀ ਨਾ ਬੈਨ ਹੈ ਤੇ ਨਾ ਉਸ ਦੇ ਖਿਲਾਫ ਕਿਸੇ ਅਦਾਲਤ ਵਿਚ ਕੋਈ ਕੇਸ ਚਲ ਰਿਹਾ ਹੈ, ਦੇਸ਼ ਧਰੋਹ ਨਹੀਂ ਹੈ। ਅਦਾਲਤ ਨੇ ਕਿਹਾ ਕਿ ਰਿਕਾਰਡ ਤੇ ਅਜਿਹਾ ਕੁਝ ਵੀ ਨਹੀਂ ਹੈ, ਜਿਸ ਨਾਲ ਅਜਿਹਾ ਲਗਦਾ ਹੋਵੇ ਕਿ ਦਿਸ਼ਾ ਰਵੀ ਵੱਖਵਾਦੀ (ਦੇਸ਼ ਤੋੜਨ ਵਾਲੇ) ਵਿਚਾਰ ਰਖਦੀ ਹੋਵੇ। ਅਦਾਲਤ ਨੇ ਇਹ ਵੀ ਕਿਹਾ ਵਟਸਐਪ ਗਰੁੱਪ ਬਣਾਉਣ ਅਤੇ ਨੁਕਸਾਨ ਨਾ ਪਹੁੰਚਾਉਣ ਵਾਲੇ ਕਿਸੇ ਟੂਲਕਿਟ ਦਾ ਐਡਿਟਰ ਹੋਣਾ ਕੋਈ ਅਪਰਾਧ ਨਹੀਂ ਹੈ।

ਸਿਰਫ ਏਨਾ ਹੀ ਨਹੀਂ, ਅਦਾਲਤ ਨੇ ਪੁਲਿਸ ਦੇ ਰਵਈਏ ਤੇ ਵੀ ਇਹ ਕਹਿ ਕੇ ਕਿੰਤੂ ਕੀਤਾ ਹੈ ਕਿ ਜਾਂਚ ਏਜੰਸੀ ਨੂੰ ਅੰਦਾਜ਼ੇ ਦੇ ਆਧਾਰ ਤੇ ਕਿਸੇ ਨਾਗਰਿਕ ਦੀ ਸੁਤੰਤਰਤਾ ਤੇ ਅੱਗੇ ਹੋਰ ਪਾਬੰਦੀ ਲਾਉਣ ਨਹੀਂ ਦਿੱਤੀ ਜਾ ਸਕਦੀ। ਇਸ ਤੇ ਪਹਿਲਾਂ ਪੁਲਿਸ ਵੱਲੋਂ ਇਹ ਇਲਜ਼ਾਮ ਲੱਗਾ ਸੀ ਕਿ ਟੂਲਕਿਟ ਖੇਤੀ ਕਨੂੰਨਾਂ ਦੇ ਖਿਲਾਫ ਕਿਸਾਨਾਂ ਦੇ ਵਿਰੋਧ ਪ੍ਰਦਰਸ਼ਨ ਦੀ ਆੜ ਹੇਠ ਭਾਰਤ ਵਿਚ ਅਸ਼ਾਂਤੀ ਪੈਦਾ ਕਰਨ ਅਤੇ ਹਿੰਸਾ ਫੈਲਾਉਣ ਦੀ ਵਿਸ਼ਵ ਵਿਆਪੀ ਸਾਜ਼ਿਸ਼ ਦਾ ਹਿੱਸਾ ਸੀ।

ਦਿਸ਼ਾ ਰਵੀ ਉੱਪਰ ਲਾਏ ਇਲਜ਼ਾਮਾਂ ਦੇ ਘਟੀਆ ਅਤੇ ਅਨੈਤਿਕ ਹੋਣ ਦਾ ਤਾਂਵਕੋਈ ਅੰਤ ਹੀ ਨਹੀਂ ਹੈ। ਫਿਰ ਵੀ ਜੇਕਰ ਚਰਚਾ ਕਰੀਏ ਤਾਂ ਟਵਿਟਰ ਤੇ ਇਕ ਇਲਜ਼ਾਮ ਇਹ ਵੀ ਲਾਇਆ ਸੀ ਕਿ ਦਿਸ਼ਾ ਰਵੀ ਆਪਣੇ ਵਕੀਲ ਅਖਿਲ ਸਿੱਬਲ ਨੂੰ ਹਰ ਪੇਸ਼ੀ ਦਾ ਛੇ ਤੋਂ ਸੱਤ ਲੱਖ ਰੁਪਈਆ ਦੇ ਰਹੀ ਹੈ। ਪਰ ਅਖਿਲ ਸਿਬਲ ਨੇ ਸਪਸ਼ਟ ਕੀਤਾ ਕਿ ਉਹ ਇਹ ਕੇਸ ਬਿਨਾ ਕੋਈ ਫੀਸ ਲਏ ਲੜ ਰਹੇ ਹਨ।

ਟਵਿਟਰ ਤੇ ਅਜਿਹੇ ਇਲਜ਼ਾਮਾਂ ਦੀ ਮੁਹਿੰਮ ਕੋਈ ਅਚਨਚੇਤ ਨਹੀ ਹੈ ਬਲਕਿ ਇਹ ਬਹੁਤ ਸੋਚ ਸਮਝ ਕੇ ਚਲਾਈ ਗਈ ਮੁਹਿੰਮ ਹੈ। ਅਜਿਹੀਆਂ ਟਿਪੱਣੀਆਂ ਦੀ ਇਕ ਖਾਸ ਦਿਸ਼ਾ ਹੈ। ਜਿਵੇਂ :

ਕੰਗਣਾ ਨੇ ਕਿਹਾ ਕਿ ਦਾਦੀ ਮਹਿੰਦਰ ਕੌਰ ਨੇ ਇਹ ਫੋਟੋ ਪੈਸੇ ਲੈ ਕੇ ਖਿਚਵਾਈ ਹੈ।

ਰਿਹਾਨਾ ਤੇ ਖਲੀਫਾ ਦੇ ਟਵੀਟਾਂ ਤੇ ਕਿਹਾ ਗਿਆ ਕਿ ਉਹਨਾਂ ਨੇ ਇਹ ਟਵੀਟ ਕਰੋੜਾਂ ਰੁਪਏ ਲੈ ਕੇ ਕੀਤੇ ਹਨ।

ਹੁਣ ਦਿਸ਼ਾ ਰਵੀ ਦੇ ਵਕੀਲ ਦੇ ਮਾਮਲੇ ਤੇ ਕਿਹਾ ਹੈ ਕਿ ਉਹ ਇਹ ਕੇਸ ਛੇ ਤੋਂ ਸੱਤ ਲੱਖ ਰੁਪਈਆ ਲੈ ਕੇ ਲੜ ਰਿਹਾ ਹੈ।

ਵਕੀਲ ਨੇ ਸਪਸ਼ਟ ਕੀਤਾ ਕਿ ਉਹ ਇਹ ਕੇਸ ਪ੍ਰੋ-ਬੋਨੋ ਆਧਾਰ ਤੇ ਕਰ ਰਿਹਾ ਹੈ ਅਤੇ ਕੋਈ ਫੀਸ ਨਹੀਂ ਲੈ ਰਿਹਾ ਹੈ। ਮੈਂ ਮੰਨਦਾ ਹਾਂ ਕਿ ਕੇਸ ਵਿਚ ਹਾਈਕੋਰਟ ਦੇ ਸਾਮ੍ਹਣੇ ਜੋ ਮੁੱਦੇ ਉਠਾਏ ਗਏ ਹਨ, ਉਹ ਬਹੁਤ ਜ਼ਰੂਰੀ ਹਨ। ਮੁੱਖ ਮੁੱਦਾ ਇਹ ਹੈ ਕਿ ਮੀਡੀਆ ਨੇ ਜਿਸ ਜਾਣਕਾਰੀ ਦੇ ਆਧਾਰ ਤੇ ਵਿਸਤਾਰਤ ਗੱਲਬਾਤ ਕੀਤੀ ਹੈ, ਉਸ ਨਾਲ ਕੀ ਉਸ ਨਾਗਰਿਕ ਤੇ ਬੁਨਿਆਦੀ ਅਧਿਕਾਰਾਂ ਤੇ ਪ੍ਰਭਾਵ ਪੈ ਰਿਹਾ ਹੈ ਕਿ ਨਹੀਂ, ਜਿਸਦੀ ਅਜੇ ਜਾਂਚ ਚੱਲ ਰਹੀ ਹੈ। ਇਹਨਾਂ ਅਧਿਕਾਰਾਂ ਵਿਚ ਨਿਜੱਤਾ, ਵਕਾਰ, ਨਿਰਪੱਖ ਸੁਣਵਾਈ ਅਤੇ ਬੇਗੁਨਾਹੀ ਦੀ ਸੰਭਾਵਨਾ ਸ਼ਾਮਿਲ ਹੈ। ਅਤੇ ਇਹ ਜਾਣਕਾਰੀ ਵੀ ਉਹ ਹੈ ਜੋ ਕੇਸ ਦਾ ਹਿੱਸਾ ਹੈ ਅਤੇ ਪਬਲਿਕ ਰਿਕਾਰਡ ਵਿਚ ਨਹੀਂ ਹੈ ਅਤੇ ਪੁਲਿਸ ਨੇ ਸੰਭਾਵਿਤ ਤੌਰ ਤੇ ਲੀਕ ਕੀਤੀ ਹੈ।

ਦਿਸ਼ਾ ਰਵੀ ਨੂੰ ਜਮਾਨਤ ਦਿੰਦੇ ਹੋਏ ਉਸ ਦੇ ਹੱਕ ਵਿਚ ਸੁਣਾਏ ਇਸ ਫੈਸਲੇ ਨਾਲ ਗੋਦੀ ਮੀਡੀਆ ਪੂਰੀ ਤਰ੍ਹਾਂ ਸਦਮੇ ਵਿਚ ਹੈ। ਉਸ ਨੂੰ ਇਸ ਗੱਲ ਦਾ ਬਹੁਤ ਫਿਕਰ ਹੈ ਕਿ ਹੁਣ ਦੇਸ਼ ਵਿਚ ਅਜਿਹੀਆਂ ਤਾਕਤਾਂ ਸਿਰ ਚੁੱਕਣਗੀਆਂ।

ਸੱਤਾ ਦੀਆਂ ਉਮੀਦਾਂ ਤੇ ਪਾਣੀ ਫਿਰ ਗਿਆ ਹੈ। ਦਿੱਲੀ ਪੁਲਿਸ ਜੋ ਇਕ ਹਫਤੇ ਤੋਂ ਲਗਾਤਾਰ ਗ੍ਰਿਫਤਾਰੀਆਂ ਕਰਦੀ ਹੋਈ ਪ੍ਰੈਸ ਕਾਨਫਰੰਸਾਂ ਕਰਕੇ ਕਿਸਾਨ ਅੰਦੋਲਨ ਨੂੰ ਬਦਨਾਮ ਕਰਨ ਦਾ ਡਰਾਮਾ ਕਰ ਰਹੀ ਸੀ, ਉਸ ਨੂੰ ਵੀ ਕਰਾਰਾ ਝਟਕਾ ਲੱਗਾ ਹੈ। ਹੁਣ ਉਸ ਨੂੰ ਵੀ ਇਹ ਅਹਿਸਾਸ ਹੋਣਾ ਚਾਹੀਦਾ ਹੈ ਕਿ ਆਪਣੇ ਸਿਆਸੀ ਆਕਾਵਾਂ ਨੂੰ ਖੁਸ਼ ਕਰਨ ਲਈ ਕੀਤੀ ਜਾਣ ਵਾਲੀ ਕਾਰਵਾਈ ਬੰਦ ਕੀਤੀ ਜਾਣੀ ਚਾਹੀਦੀ ਹੈ। ਟਵਿੱਟਰ ਤੇ ਜਿੰਨਾਂ ਲੋਕਾਂ ਨੇ ਦਿਸ਼ਾ, ਨਿਕਿਤਾ ਤੇ ਸ਼ਾਂਤਨੂੰ ਦੇ ਖਿਲਾਫ ਮੁਹਿੰਮ ਚਲਾਈ ਅਤੇ ਦਿਸ਼ਾ ਦੇ ਖਿਲਾਫ ਨੀਚਤਾ ਦੀ ਹੱਦ ਤੱਕ ਗਿਰਦੇ ਹੋਏ ਅਸਲੀਲ ਅਤੇ ਅਨੈਤਿਕ ਭੰਡੀ ਪ੍ਰਚਾਰ ਕੀਤਾ ਕਿ ਉਹਨਾਂ ਤੇ ਕੋਈ ਕਾਰਵਾਈ ਵੀ ਹੋਣੀ ਚਾਹੀਦੀ।

ਕਨੂੰਨ ਵਿਚ ਇਹ ਵਿਵਸਥਾ ਹੋਣੀ ਚਾਹੀਦੀ ਹੈ ਕਿ ਕਿਸੇ ਵੀ ਮੁਲਜ਼ਿਮ ਨੂੰ ਮੁਜਰਿਮ ਮੰਨਣ ਤੋਂ ਪਹਿਲਾਂ ਹੀ ਜੇਕਰ ਮੀਡੀਆ, ਸੋਸ਼ਲ ਮੀਡੀਆ ਜਾਂ ਸਟੇਟ ਦੀ ਕੋਈ ਏਜੰਸੀ ਜਾਣ ਬੁੱਝ ਕੇ ਕਿਸੇ ਦਾ ਚਰਿਤਰ ਹਨਨ ਕਰਨ ਦੀ ਮੁਹਿੰਮ ਚਲਾਉਂਦੀ ਹੈ ਤਾ ਉਸ ਦੇ ਖਿਲਾਫ ਵੀ ਪਰਚਾ ਦਰਜ ਹੋਣਾ ਚਾਹੀਦੀ ਹੈ, ਤਾਂ ਹੀ ਇਸ ਗ਼ੈਰ ਇਖਲਾਕੀ ਵਿਹਾਰ ਨੂੰ ਘਟਾਇਆ ਜਾ ਸਕਦਾ ਹੈ ਅਤੇ ਸੱਤਾ ਦੁਆਰਾ ਆਪਣੀ ਮਸ਼ੀਨਰੀ ਦੀ ਤਾਕਤ ਨਾਲ ਲੋਕ ਸੰਘਰਸ਼ਾਂ ਨੂੰ ਕੁਚਲਣ ਦੀ ਮੁਹਿੰਮ ਨੂੰ ਠੱਲਿਆ ਜਾ ਸਕਦਾ ਹੈ।

9876820600

# ਭਾਰਤ ਦੇ ਕਿਸਾਨਾਂ ਨਾਲ ਇਕਜੁੱਟਤਾ ਦਾ ਬਿਆਨ

ਕਾਰਪੋਰੇਸ਼ਨਾਂ ਪੱਖੀ ਖੇਤੀ ਕਾਨੂੰਨਾਂ ਨੂੰ ਰੱਦ ਕੀਤੇ ਜਾਣ ਲਈ ਚੱਲ ਰਿਹਾ ਕਿਸਾਨ ਅੰਦੋਲਨ ਭਾਰਤ ਦੇ ਇਤਿਹਾਸ ਵਿੱਚ ਸਭ ਤੋਂ ਵੱਡੀ ਅਤੇ ਲੰਮੇ ਸਮੇਂ ਤੱਕ ਚੱਲਣ ਵਾਲੀ ਅਹਿੰਸਕ ਲਹਿਰ ਬਣ ਗਿਆ ਹੈ, ਅਤੇ ਬਰਤਾਨਵੀ ਬਸਤੀਵਾਦੀ ਨਿਜ਼ਾਮ ਦੇ ਲੂਣ ਨਾਲ ਸੰਬੰਧਿਤ ਘਿਣਾਉਣੇ ਕਾਨੂੰਨਾਂ ਵਿਰੁੱਧ ਮਹਾਤਮਾ ਗਾਂਧੀ ਵੱਲੋਂ ਕੱਢੇ ਇਤਿਹਾਸਕ ਡਾਂਡੀ ਮਾਰਚ ਤੋਂ ਵੀ ਅੱਗੇ ਲੰਘ ਗਿਆ ਹੈ।

ਲੋਕਸਭਾ ਵਿੱਚ ਆਪਣੀ ਨਿਰਦਈ ਬਹੁਸੰਮਤੀ ਦੀ ਵਰਤੋਂ ਕਰਦਿਆਂ ਅਤੇ ਰਾਜ ਸਭਾ ਵਿੱਚ, ਜਿੱਥੇ ਇਸ ਕੋਲ ਬਹੁਸੰਮਤੀ ਨਹੀਂ ਸੀ, ਬੋਲ ਕੇ ਵੋਟ ਪਾਉਣ ਦੀ ਸ਼ੱਕੀ ਜੁਗਤ ਵਰਤਦਿਆਂ ਅਤੇ ਇਸ ਗੱਲ ਨੂੰ ਧਿਆਨ ਵਿੱਚ ਰੱਖਦਿਆਂ ਕਿ ਕੋਵਿਡ ਮਹਾਂਮਾਰੀ ਕਾਰਨ ਪਾਰਲੀਮੈਂਟ ਤੋਂ ਬਾਹਰ ਵਿਰੋਧ ਨਹੀਂ ਹੋਵੇਗਾ, ਮੋਦੀ ਹਕੂਮਤ ਨੇ ਸਤੰਬਰ 2020 ਵਿੱਚ ਖੇਤੀ ਕਾਨੂੰਨਾਂ ਨੂੰ ਚੋਰੀ ਚੋਰੀ ਪਾਰਲੀਮੈਂਟ ਵਿੱਚ ਪਾਸ ਕਰ ਦਿੱਤਾ। ਇਹ ਕਾਨੂੰਨ ਕਿਸਾਨਾਂ ਜਾਂ ਉਨ੍ਹਾਂ ਦੀ ਪ੍ਰਤੀਨਿੱਧਤਾ ਕਰਨ ਵਾਲੀਆਂ ਕਿਸਾਨ ਯੂਨੀਅਨਾਂ ਨਾਲ ਕੋਈ ਵੀ ਸਲਾਹ ਮਸਵਰਾ ਕੀਤੇ ਬਿਨਾਂ ਲਿਖੇ ਗਏ। ਕਿਸਾਨਾਂ ਨੇ ਕਈ ਦਹਾਕਿਆਂ ਤੋਂ ਵੱਖ ਵੱਖ ਸਰਕਾਰਾਂ ਵੱਲੋਂ ਕਿਸਾਨਾਂ ਨਾਲ ਕੀਤੇ ਵਾਅਦਿਆਂ ਅਤੇ ਵਚਨਾਂ ਦੇ ਉਲਟ ਜਾਣ ਵਾਲੇ ਇਹਨਾਂ ਕਾਨੂੰਨਾਂ ਦਾ ਲਗਾਤਾਰ ਵਿਰੋਧ ਕੀਤਾ ਹੈ। ਇਸ ਗੱਲ ਦੇ ਮੱਦੇਨਜਰ ਕਿ ਪ੍ਰਧਾਨ ਮੰਤਰੀ ਦੀ ਭਾਰਤੀ ਜਨਤਾ ਪਾਰਟੀ (ਬੇ ਜੀ ਪੀ) ਨੇ ਘੱਟੋਘੱਟ ਸਮਰਥਨ ਮੁੱਲ (ਐੱਮ ਐਸ ਪੀ) ਨੂੰ ਜਰੂਰੀ ਬਣਾਉਣ ਅਤੇ ਭਾਰਤ ਦੀ ਖੇਤੀ ਅਤੇ ਕਿਸਾਨਾਂ ਨੂੰ ਬਚਾਉਣ ਲਈ ਮਹੱਤਵਪੂਰਨ ਸਵਾਮੀਨਾਥਨ ਰਿਪੋਰਟ ਨੂੰ ਲਾਗੂ ਕਰਨ ਦੇ ਮੁੱਦਿਆਂ ਵਾਲੇ ਕਿਸਾਨ - ਪੱਖੀ ਪਲੇਟਫਾਰਮ 'ਤੇ ਚੋਣ ਲੜੀ ਸੀ, ਇਨ੍ਹਾਂ ਕਾਨੂੰਨਾਂ ਦੇ ਪਾਸ ਕੀਤੇ ਜਾਣ ਤੋਂ ਵੱਡਾ ਵਿਅੰਗ ਕੀ ਹੋ ਸਕਦਾ ਹੈ। ਇਹ ਕਾਨੂੰਨ ਖੇਤੀ ਸੈਕਟਰ ਨਾਲ ਸੰਬੰਧਿਤ ਵੱਡੀ ਗਿਣਤੀ ਦੇ ਹਿਤਾਂ ਦੇ ਉਲਟ ਜਾ ਕੇ ਖੁੱਲ੍ਹੇਆਮ ਅੰਬਾਨੀ ਅਤੇ ਅਡਾਨੀ ਵਰਗੇ ਮੋਦੀ ਦੇ ਯਾਰ ਸਰਮਾਏਦਾਰਾਂ ਦੇ ਹਿਤਾਂ ਦਾ ਸਮਰਥਨ ਕਰਕੇ ਕਿਸਾਨਾਂ ਨੂੰ ਕਾਰਪੋਰੇਟ ਮਗਰਮੱਛਾਂ ਅੱਗੇ ਸੁੱਟਦੇ ਹਨ।

ਆਜ਼ਾਦ ਭਾਰਤ ਦੇ ਇਤਿਹਾਸ ਵਿੱਚਲੀ ਕਿਸੇ ਵੀ ਹੋਰ ਸਰਕਾਰ ਤੋਂ ਵੱਧ ਕੇ ਮੁੱਠੀ ਭਰ ਅਤੇ ਪੂਰੀ ਤਰ੍ਹਾਂ ਕਾਰਪੋਰੇਟ ਵਸ਼ਿਸ਼ਟ ਵਰਗ ਦੇ ਹਿੱਤਾਂ ਵਿੱਚ ਕੰਮ ਕਰ ਰਹੀ ਇਸ ਸਰਕਾਰ ਅਤੇ ਉਸ ਦੀਆਂ ਪ੍ਰਾਪੇਗੰਡਾ ਕਰਨ ਵਾਲੀਆਂ ਮਸ਼ੀਨਾਂ ਨੇ ਆਪਣਾ ਧਿਆਨ ਹੱਲ ਲੱਭਣ 'ਤੇ ਨਹੀਂ ਸਗੋਂ ਅੰਦੋਲਨਾਂ ਅਤੇ ਉਨ੍ਹਾਂ ਦੇ ਸਾਰੇ ਸਮਰਥਕਾਂ ਨੂੰ ਖੁਸਹਾਲ ਸੂਬਿਆਂ ਵਿਚਲੇ ਖਾਸ ਹਿਤਾਂ (ਵੱਡੇ ਅਤੇ ਛੋਟੇ ਕਿਸਾਨਾਂ) ਦੀ ਨੁਮਾਇੰਦਗੀ ਕਰਨ ਵਾਲੇ ਦੱਸ ਕੇ ਉਨ੍ਹਾਂ ਦੀ ਉਚਿਤਤਾ ਨੂੰ ਨਕਾਰਨ 'ਤੇ ਕੇਂਦਰਿਤ ਕੀਤਾ ਹੋਇਆ ਹੈ। ਇਸ ਤੋਂ ਵੱਡਾ ਝੂਠ ਕੋਈ ਹੋਰ ਨਹੀਂ ਹੋ ਸਕਦਾ। ਇਸ ਲਹਿਰ ਦੀ ਸ਼ੁਰੂਆਤ ਘੱਟੋ ਘੱਟ 2017 ਤੱਕ ਜਾਂਦੀ ਹੈ ਅਤੇ ਇਸ ਨਾਲ ਸੰਬੰਧਿਤ ਯੂਨੀਅਨਾਂ ਸਾਰੇ ਦੇਸ ਦੇ ਕਿਸਾਨ ਭਾਈਚਾਰੇ ਵਿਚਲੇ ਵਿਸ਼ਾਲ ਹਿੱਸਿਆਂ-ਖੇਤਾਂ ਵਿੱਚ ਕੰਮ ਕਰਨ ਵਾਲੇ ਮਜ਼ਦੂਰਾਂ ਤੋਂ ਲੈ ਕੇ ਸੀਮਾਂਤ, ਛੋਟੀ ਅਤੇ ਦਰਮਿਆਨੀ ਕਿਸਾਨੀ- ਦੀ ਨੁਮਾਇੰਦਗੀ ਕਰਦੀਆਂ ਹਨ। ਆਲ ਇੰਡੀਆ ਕਿਸਾਨ ਸੰਘਰਸ਼ ਕੋਆਰਡੀਨੇਸ਼ਨ ਕਮੇਟੀ (ਏ ਆਈ ਕੇ ਐੱਸ ਸੀ ਸੀ) 20 ਸੂਬਿਆਂ ਦੀਆਂ 250 ਜਥੇਬੰਦੀਆਂ ਦੀ ਨੁਮਾਇੰਦਗੀ ਕਰਦੀ ਹੈ ਅਤੇ ਦਲਿਤ ਖੇਤ ਮਜ਼ਦੂਰਾਂ ਤੋਂ ਲੈ ਕੇ ਛੋਟੇ ਅਤੇ ਦਰਮਿਆਨੇ ਕਿਸਾਨਾਂ ਦਾ ਇਕ ਵਿਲੱਖਣ ਅਤੇ ਵਿਸ਼ਾਲ ਗਠਬੰਧਨ ਹੈ। ਦਰਅਸਲ ਆਲ ਇੰਡੀਆ ਕਿਸਾਨ ਸੰਘਰਸ਼ ਕੋਆਰਡੀਨੇਸ਼ਨ ਕਮੇਟੀ ਨੇ ਸੰਨ 2018 ਵਿੱਚ (ਬੇ ਜੀ ਪੀ ਤੋਂ ਬਿਨਾਂ ਹੋਰ 21 ਪਾਰਟੀਆਂ ਦੇ ਸਮਰਥਨ ਨਾਲ) ਖੇਤੀ ਨੂੰ ਕਰਜਾ-ਮੁਕਤ ਅਤੇ ਕਾਇਮ ਰਹਿਣ ਯੋਗ ਧੰਦਾ ਬਣਾਉਣ ਲਈ ਪ੍ਰਾਈਵੇਟ ਮੈਂਬਰਾਂ ਦੇ ਇਕ ਬਿੱਲ ਰਾਹੀਂ ਸੁਧਾਰਾਂ ਦਾ ਏਜੰਡਾ ਪੇਸ਼ ਕੀਤਾ ਸੀ।

ਕਈ ਮਹੀਨਿਆਂ ਤੋਂ ਦੇਸ ਦੀ ਰਾਜਧਾਨੀ ਦੀਆਂ ਹੱਦਾਂ 'ਤੇ ਹਜ਼ਾਰਾਂ ਦੀ ਗਿਣਤੀ ਵਿਚ ਸ਼ਾਂਤਮਈ ਅੰਦੋਲਨ ਕਰ ਰਹੇ ਕਿਸਾਨਾਂ ਨੂੰ ਦਿੱਲੀ ਦੇ ਸਰਦ ਮੌਸਮ ਦੌਰਾਨ ਹਰ ਕਿਸਮ ਦੇ ਸਰਕਾਰੀ ਜਬਰ ਦਾ ਸਾਹਮਣਾ ਕਰਨਾ ਪਿਆ ਹੈ। ਉਨ੍ਹਾਂ ਨੇ ਪੁਲਸ ਵਲੋਂ ਵਰਤੀਆਂ ਪਾਣੀ ਦੀਆਂ ਬੁਛਾੜਾਂ, ਅੱਥਰੂ ਗੈਸ ਅਤੇ ਉਨ੍ਹਾਂ ਦਾ ਰਾਹ ਰੋਕਦੇ ਸਰਕਾਰ ਦੇ ਅਨੇਕਾਂ ਕੋਹਜੇ ਯਤਨਾਂ ਦੀ ਮਾਰ ਝੱਲੀ ਹੈ। ਇਨ੍ਹਾਂ ਕਠੋਰ ਸਥਿਤੀਆਂ ਕਾਰਨ 220 ਤੋਂ ਵੱਧ ਕਿਸਾਨ ਆਪਣੀ ਜਾਨ ਗੁਆ ਚੁੱਕੇ ਹਨ, ਕਈਆਂ ਨੇ ਔਖਿਆਈਆਂ ਕਾਰਨ ਖੁਦ ਹੀ ਆਪਣੀ ਜਾਨ ਲੈ ਲਈ ਹੈ। ਔਰਤਾਂ ਦੀ ਸੰਪੂਰਨ ਸਮੂਲੀਅਤ, ਚਾਹੇ ਉਹ ਟਰੈਕਟਰ ਚਲਾਉਣ ਵਾਲੀਆਂ ਵਜੋਂ ਜਾਂ ਮਾਰਚਾਂ ਵਿਚ ਹਿੱਸਾ ਲੈਣ ਵਾਲੀਆਂ ਵਜੋਂ ਹੋਵੇ, ਕਿਸਾਨਾਂ ਦੇ ਇਸ ਅੰਦੋਲਨ ਦਾ ਇਕ ਹੋਰ ਵਿਸ਼ੇਸ ਖਾਸਾ ਹੈ। ਇਸ ਅੰਦੋਲਨ ਵਿਚ ਆਪਣੀ ਭਰਪੂਰ ਸਮੂਲੀਅਤ ਨਾਲ ਔਰਤਾਂ ਉੱਤਰੀ ਭਾਰਤ ਦੇ ਪਿੰਡਾਂ 'ਚ ਪ੍ਰਚਲਤ ਪਿੱਤਰੀ-ਸੱਤਾ ਤੋਂ ਨਾਬਰ ਤੇ ਉਸ ਦੀ ਵਿਰੋਧਤਾ ਵਿਚ ਖੜ੍ਹ ਕੇ ਇਹ ਸਾਬਤ ਕਰ ਰਹੀਆਂ ਹਨ ਕਿ ਉਹ ਵੀ ਮਰਦ ਕਿਸਾਨਾਂ ਦੇ ਬਰਾਬਰ ਦੀਆਂ ਕਿਸਾਨ ਹਨ। ਅੰਦੋਲਨ ਦਾ ਇੱਕ ਹੋਰ ਉਘੜਵਾਂ ਪੱਖ ਹੈ ਬਜੁਰਗ ਕਿਸਾਨਾਂ, ਜਿਨ੍ਹਾਂ ਵਿਚ ਕਈ ਆਪਣੀ ਉਮਰ ਦੇ ਅੱਸੀਵੀਆਂ ਵਿਚ ਹਨ, ਦੀ ਹਾਜਰੀ ਇਸ ਗੱਲ ਦੀ ਗਵਾਹੀ ਹੈ ਕਿ ਸਮੁੱਚੀ ਕਿਸਾਨ ਬਰਾਦਰੀ ਇਸ ਤਾਨਾਸ਼ਾਹੀ ਸਰਕਾਰ ਦੀ ਵਿਰੋਧਤਾ ਵਿਚ ਖੜ੍ਹੀ ਹੈ।

ਸਰਕਾਰ ਵਲੋਂ 26 ਜਨਵਰੀ ਨੂੰ ਸ਼ਾਂਤਮਈ ਅੰਦੋਲਨ ਨੂੰ ਹਿੰਸਾਤਮਕ ਬਣਾਉਣ ਦੀ ਨਾਕਾਮ ਕੋਸਸ ਤੋਂ ਬਾਅਦ ਅੰਦੋਲਨ ਹੁਣ ਨਵੇਂ ਪੜਾਅ ਵਿਚ ਪਹੁੰਚ ਗਿਆ ਹੈ। ਪਹਿਲੀ ਗੱਲ, ਉੱਤਰ ਪ੍ਰਦੇਸ, ਹਰਿਆਣਾ ਅਤੇ ਪੰਜਾਬ ਵਿਚ ਹੋਈਆਂ ਵਿਸ਼ਾਲ ਮਹਾਂ-ਪੰਚਾਇਤਾਂ ਦਰਸਾਉਂਦੀਆਂ ਹਨ ਕਿ ਸਾਰੇ ਭਾਰਤ ਵਿੱਚੋਂ ਇਸ ਅੰਦੋਲਨ ਨੂੰ ਮਿਲਦੀ ਹਿਮਾਇਤ ਹੁਣ ਪਹਿਲਾਂ ਨਾਲੋਂ ਵੀ ਕਈ ਗੁਣਾ ਵੱਧ ਗਈ ਹੈ। ਦੂਜੀ ਗੱਲ, ਸਰਕਾਰ ਵਲੋਂ ਕਿਸਾਨਾਂ ਨੂੰ ਅਤੇ ਉਨ੍ਹਾਂ ਦੀ ਹਿਮਾਇਤ ਵਿਚ ਆਏ ਨੌਜਵਾਨਾਂ, ਪੱਤਰਕਾਰਾਂ ਅਤੇ ਮਨੁੱਖੀ ਹੱਕਾਂ ਲਈ ਖੜ੍ਹਨ ਵਾਲਿਆਂ ਨੂੰ ਬਦਨਾਮ ਕਰਨ ਅਤੇ ਅਪਰਾਧੀ ਸਾਬਤ ਕਰਨ ਦੀਆਂ ਘਿਨਾਉਣੀਆਂ ਕੋਸ਼ਸ਼ਾਂ ਕਾਰਨ ਇਹ ਲਹਿਰ ਹੁਣ ਵੱਡੇ ਆਧਾਰ ਵਾਲੀ ਅਤੇ ਭਾਰਤੀ ਸੰਵਿਧਾਨ ਵਿਚ ਸ਼ਾਮਲ ਹੱਕਾਂ ਦੀ ਰਾਖੀ ਕਰਨ ਵਾਲੀ ਲਹਿਰ ਬਣ ਗਈ ਹੈ। ਜ਼ਿਆਦਾ ਮਹੱਤਵਪੂਰਨ ਗੱਲ ਇਹ ਹੈ ਕਿ ਇਨ੍ਹਾਂ ਹੱਕਾਂ ਵਿੱਚ ਬੋਲਣ ਦੀ ਅਤੇ ਰਲ਼ ਕੇ ਆਵਾਜ ਉਠਾਉਣ ਦੀ ਆਜਾਦੀ ਅਤੇ ਸਰਕਾਰ ਦੀਆਂ ਨੀਤੀਆਂ ਅਤੇ ਕੰਮਾਂ ਦੀ ਸ਼ਾਂਤਮਈ ਢੰਗ ਨਾਲ ਨਾਬਰੀ ਅਤੇ ਵਿਰੋਧਤਾ ਕਰਨ ਦੇ ਹੱਕ ਸ਼ਾਮਲ ਹਨ। ਤੀਜੀ ਗੱਲ, ਹਾਲ ਹੀ ਵਿੱਚ ਇਨ੍ਹਾਂ ਖੇਤੀ ਕਾਨੂੰਨਾਂ ਦੀ ਆਈ ਐਮ ਐਫ ਅਤੇ ਅਮਰੀਕਾ ਦੀ ਸਰਕਾਰ ਵਲੋਂ ਕੀਤੀ ਹਿਮਾਇਤ ਕਾਰਨ ਇਹ ਸਾਫ ਹੋ ਗਿਆ ਹੈ ਕਿ ਇਨ੍ਹਾਂ ਕਾਨੂੰਨਾਂ ਦੇ ਹਿਮਾਇਤ ਵਿੱਚ ਕਿੰਨੀਆਂ ਵੱਡੀਆਂ ਸ਼ਕਤੀਆਂ ਹਨ ਜਿਸ ਨਾਲ ਇਸ ਲਹਿਰ ਵਿਚ ਸਾਮਰਾਜਵਾਦ ਵਿਰੋਧੀ ਸੁਰ ਵੀ ਸ਼ਾਮਲ ਹੋ ਗਈ ਹੈ।

ਜਮਹੂਰੀ ਹੱਕਾਂ ਲਈ ਖੜ੍ਹਨ ਅਤੇ ਉਨ੍ਹਾਂ ਦੀ ਰਾਖੀ ਕਰਨ ਵਾਲੀਆਂ ਜਥੇਬੰਦੀਆਂ ਵਜੋਂ ਅਸੀਂ ਮੰਨਦੇ ਹਾਂ ਕਿ ਇਨ੍ਹਾਂ ਹੱਕਾਂ 'ਤੇ ਕਿਤੇ ਵੀ ਹੋਇਆ ਹਮਲਾ ਹਰ ਜਗ੍ਹਾ 'ਤੇ ਹੋਇਆ ਹਮਲਾ ਹੈ। ਕਿਸਾਨ ਆਪਣਾ ਸਭ ਕੁਝ ਦਾਅ 'ਤੇ ਲਾ ਕੇ ਅਤੇ ਆਪਣੀਆਂ ਜ਼ਿੰਦਗੀਆਂ ਨੂੰ ਖਤਰੇ ਵਿਚ ਪਾ ਕੇ ਸਮੁੱਚੇ ਭਾਰਤ ਦੇ ਲੋਕਾਂ ਦੇ ਸੰਵਿਧਾਨਕ ਹੱਕਾਂ ਨੂੰ ਕਾਇਮ ਰੱਖਣ ਲਈ ਜੱਦੋਜਹਿਦ ਕਰ ਰਹੇ ਹਨ ਅਤੇ ਸਾਰੀ ਦੁਨੀਆਂ ਸਾਹਮਣੇ ਇਕ ਸ਼ਾਨਦਾਰ ਉਦਾਹਰਣ ਪੇਸ਼ ਕਰ ਰਹੇ ਹਨ। ਉਨ੍ਹਾਂ ਦੀ ਬਹਾਦਰੀ ਅਤੇ ਕੁਰਬਾਨੀ ਸਾਡੀ ਵਲੋਂ ਹਰ ਕਿਸਮ ਦੀ ਮਦਦ ਦੀ ਹੱਕਦਾਰ ਹੈ ਅਤੇ ਅਸੀਂ ਸਦਾ ਲਈ ਉਨ੍ਹਾਂ ਦੇ ਸ਼ੁਕਰਗੁਜਾਰ ਰਹਾਂਗੇ।

ਅਸੀਂ ਕਿਸਾਨਾਂ ਦੀ ਬਹਾਦਰੀ ਨੂੰ ਸਲਾਮ ਕਰਦੇ ਹਾਂ ਅਤੇ ਆਪਣੇ ਜੀਵਨ ਦੀ ਕੁਰਬਾਨੀ ਦੇ ਗਈਆਂ ਰੂਹਾਂ ਨੂੰ ਸ਼ਰਧਾਂਜਲੀ ਭੇਟ ਕਰਦੇ ਹਾਂ ਜਿਨ੍ਹਾਂ ਵੱਡੇ ਨਿਸ਼ਾਨੇ ਲਈ ਆਪਣਾ ਸਭ ਕੁਝ ਕੁਰਬਾਨ ਕਰ ਦਿੱਤਾ। ਅਸੀਂ ਭਾਰਤ ਦੀ ਸਰਕਾਰ ਤੋਂ ਇਹ ਮੰਗ ਕਰਦੇ ਹਾਂ ਕਿ ਉਹ ਲਹਿਰ ਨੂੰ ਬਦਨਾਮ ਕਰਨਾ ਬੰਦ ਕਰੇ ਅਤੇ ਮਨੁੱਖੀ ਹੱਕਾਂ ਦੀ ਰਾਖੀ ਲਈ ਲੜਨ ਵਾਲਿਆਂ ਅਤੇ ਭਾਰਤ ਦੇ ਵੱਖਰੇ ਵੱਖਰੇ ਹਿੱਸਿਆਂ ਵਿੱਚੋਂ ਇਸ ਲਹਿਰ ਦੀ ਹਿਮਾਇਤ ਵਿਚ ਆਵਾਜ ਉਠਾਉਣ ਵਾਲਿਆਂ ਨੂੰ ਅਪਰਾਧੀ ਸਾਬਤ ਕਰਨ ਦੀਆਂ ਆਪਣੀਆਂ ਕਾਰਵਾਈਆਂ 'ਤੇ ਰੋਕ ਲਾਵੇ।

**ਅਸੀਂ ਕਿਸਾਨਾਂ ਦੇ ਹੱਕ ਵਿਚ ਖੜ੍ਹੇ ਹਾਂ ਅਤੇ ਮੰਗ ਕਰਦੇ ਹਾਂ ਕਿ ਭਾਰਤ ਦੀ ਸਰਕਾਰ ਹੇਠ ਲਿਖੇ ਕਦਮ ਚੁੱਕੇ:**

ਕਾਰਪੋਰੇਟਾਂ ਦੇ ਹੱਕ ਵਿਚ ਬਣਾਏ ਨਾਜਾਇਜ ਖੇਤੀ ਕਾਨੂੰਨਾਂ ਨੂੰ ਰੱਦ ਕਰੇ
ਬਿਜਲੀ ਸਬੰਧੀ ਕਾਨੂੰਨ ਰੱਦ ਕਰੇ
ਕਿਸਾਨਾਂ 'ਤੇ ਪ੍ਰਦੂਸ਼ਨ ਸਬੰਧੀ ਬਣਾਏ ਕਾਨੂੰਨ ਰੱਦ ਕਰੇ
ਖੇਤੀ ਦੀਆਂ ਸਾਰੀਆਂ ਵਸਤਾਂ ਲਈ ਐਮ ਐਸ ਪੀ ਰੇਟਾਂ ਨੂੰ ਸਵਾਮੀ ਨਾਥਨ ਕਮਿਸ਼ਨ ਵਲੋਂ ਸੁਝਾਏ ਸੀ2+ 50% ਅਨੁਸਾਰ ਲਾਗੂ ਕਰੇ
ਐਮ ਐਸ ਪੀ ਦੀ ਲਿਖਤੀ ਗਰੰਟੀ ਦੇਵੇ

**ਦਸਖਤ ਕਰਨ ਵਾਲੇ:**

ਕੈਨੇਡੀਅਨ ਲੇਬਰ ਕਾਂਗਰਸ (ਸੀ ਐੱਲ ਸੀ)
ਅਲਬਰਟਾ ਫੈਡਰੇਸ਼ਨ ਆਫ ਲੇਬਰ (ਏ ਐੱਫ ਐੱਲ)
ਬਰਿਟਸ ਕੋਲੰਬੀਆ ਫੈਡਰੇਸ਼ਨ ਆਫ ਲੇਬਰ
ਬਰਿਟਸ ਕੋਲੰਬੀਆ ਟੀਚਰਜ ਫੈਡਰੇਸ਼ਨ (ਬੀ ਸੀ ਟੀ ਐੱਫ)
ਕੈਨੇਡੀਅਨ ਯੂਨੀਅਨ ਆਫ ਪਬਲਿਕ ਇੰਪਲੌਈਜ (ਕਿਊਪੀ)
ਕੈਨੇਡੀਅਨ ਯੂਨੀਅਨ ਆਫ ਪੋਸਟਲ ਵਰਕਰਜ (ਕੱਪ-ਡਬਲਿਊ)
ਕੌਂਸਲ ਸੈਂਟਰਲ ਡੂ ਮਾਂਟਰੀਅਲ ਮੈਟਰੋਪੋਲੀਟਨ-ਸੀ ਐੱਸ ਐੱਨ
ਫੈਡਰੇਸ਼ਨ ਨੈਸਨਲ ਦੇ ਸਿਨਆਓ ਏ ਦੇ ਸਿਨਆਓ ਡੂ ਕਿਊਬਕ-ਸੀ ਐੱਸ ਐੱਨ
ਹੌਸਪੀਟਲ ਇੰਪਲੌਈਜ ਯੂਨੀਅਨ (ਐੱਚ ਈ ਯੂ), ਵੈਨਕੂਵਰ, ਬੀ ਸੀ
ਮੈਨੀਟੋਬਾ ਫੈਡਰੇਸ਼ਨ ਆਫ ਲੇਬਰ (ਐੱਮ ਐੱਫ ਐੱਲ)
ਨੈਸਨਲ ਯੂਨੀਅਨ ਆਫ ਪਬਲਿਕ ਐਂਡ ਜਨਰਲ ਇੰਪਲੌਈਜ (ਐੱਨ ਯੂ ਪੀ ਜੀ ਈ)
ਓਨਟੇਰੀਓ ਫੈਡਰੇਸ਼ਨ ਆਫ ਲੇਬਰ
ਸਸਕੈਚਵਨ ਫੈਡਰੇਸ਼ਨ ਆਫ ਲੇਬਰ
ਯੂਨੀਫੋਰ ਨੈਸ਼ਨਲ
ਯੂਨਾਈਟਿਡ ਸਟੀਲ ਵਰਕਰਜ (ਯੂ ਐੱਸ ਡਬਲਿਊ)
ਟਰਾਂਟੋ ਐਂਡ ਯੌਰਕ ਰਿਜਨ ਲੇਬਰ ਕੌਂਸਲ
ਵੈਨਕੂਵਰ ਐਂਡ ਡਿਸਟ੍ਰਿਕਟ ਲੇਬਰ ਕੌਂਸਲ
ਅਕੈਡਮਿਕਸ ਐਂਡ ਐਕਟਵਿਸਟਸ ਅਗੇਂਸਟ ਹੇਟ, ਕੈਨੇਡਾ
ਆਲਟਰਨੇਟਿਵ, ਮਾਂਟਰੀਅਲ
ਆਲਟਰਨੇਟਿਵ, ਇੰਟਰਨੈਸ਼ਨਲ
ਅੰਬੇਦਕਰਾਈਟ ਬੁੱਧਿਸਟ ਐਸੋਸੀਏਸ਼ਨ ਆਫ ਟੈਕਸਜ (ਏ ਬੀ ਏ ਟੀ)
ਐਂਟੀ ਕਾਸਟ ਡਿਸਕਰੀਮੀਨੇਸ਼ਨ ਅਲਾਇੰਸ, ਯੂ ਕੇ
ਏਸੀਅਨ ਕੈਨੇਡੀਅਨ ਲੇਬਰ ਅਲਾਇੰਸ (ਏ ਸੀ ਐੱਲ ਏ)
ਲੇ ਆਰਟਿਸਟ ਪੋ ਲਾ ਪੈ
ਬਿਟਵੀਨ ਦੀ ਲਾਈਨਜ ਬੁਕਸ, ਟਰਾਂਟੋ
ਕੈਂਪਨ ਅਗੇਂਸਟ ਕਰਿਮਿਨਲਾਈਜਿੰਗ ਕਮਿਊਨਿਟੀਜ, ਯੂ ਕੇ
ਕੈਨੇਡੀਅਨ ਫੌਰਨ ਪਾਲਸੀ ਇੰਸਟੀਚਿਊਟ
ਕੈਨੇਡੀਅਨ ਅਗੇਂਸਟ ਓਪਰੇਸ਼ਨ ਐਂਡ ਪਰਸੀਕਿਊਸ਼ਨ
ਕੇਅਰਿੰਗ ਫਾਰ ਸੋਸਲ ਜਸਟਿਸ ਕੁਲੈਕਟਿਵ
ਕੇਅਰਮੌਂਗਰਿੰਗ ਇੰਟਰਨੈਸ਼ਨਲ
ਇੰਮੀਗਰੈਂਟ ਵਰਕਰਜ ਸੈਂਟਰ (ਆਈ ਡਬਲਿਊ ਸੀ) ਮਾਂਟਰੀਅਲ
ਸੈਂਟਰ ਫਾਰ ਸਟੱਡੀ ਐਂਡ ਰਿਸਰਚ ਇਨ ਸਾਊਥ ਏਸੀਆ (ਸੀਰਾਜ) ਮਾਂਟਰੀਅਲ
ਕੁਲੈਕਟਿਵ-ਸੀ ਈ ਡੀ ਈ ਟੀ ਆਈ ਐੱਮ, ਫਰਾਂਸ
ਦ ਕਾਰਨਰ ਹਾਊਸ, ਯੂ ਕੇ
ਕਰੈਸੈਂਟ ਹੱਬ
ਕਮਿਊਨਿਟੀ ਫੂਡ ਸੈਂਟਰਜ ਕੈਨੇਡਾ
ਦਲਿਤ ਸੌਲੀਡੈਰਟੀ ਫੋਰਮ-ਯੂ ਐੱਸ ਏ
ਡੈਮੋਕਰੇਸੀ, ਇਕੁਐਲਟੀ ਐਂਡ ਸੈਕੂਲਰਜਿਮ ਇਨ ਸਾਊਥ ਏਸੀਆ, ਵਿਨੀਪੈੱਗ
ਦਿਸ਼ਾ, ਕੈਨੇਡਾ
ਈਸਟ ਇੰਡੀਅਨ ਡਿਫੈਂਸ ਕਮੇਟੀ, ਵੈਨਕੂਵਰ
ਈ ਟੀ ਸੀ ਗਰੁੱਪ, ਕਿਊਬਿਕ
ਯੂਰਪ ਸੌਲੀਡੇਅਰ ਸੈਨਜ ਫਰੰਟੀਅਰਜ (ਈ ਐੱਸ ਐੱਸ ਐੱਫ), ਫਰਾਂਸ
ਕਿਊਬਕ ਵਿਮਨ ਫੈਡਰੇਸ਼ਨ
ਵਿਮਨ ਆਫ ਡਾਇਵਰਸ ਓਰੀਜਨਜ (ਡਬਲਿਊ ਡੀ ਓ), ਮਾਂਟਰੀਅਲ
ਫਰਨਵੁੱਡ ਪਬਲਿਸਿੰਗ, ਹੈਲੀਫੈਕਸ ਅਤੇ ਵਿਨੀਪੈੱਗ
ਫਾਊਂਡੇਸ਼ਨ ਦੀ ਲੰਡਨ ਸਟੋਰੀ ਨੀਦਰਲੈਂਡਜ
ਜੀਓਪੁਲੀਟੀਕਲ ਇਕਾਨਮੀ ਰਿਸਰਚ ਗਰੁੱਪ
ਗਲੋਬਲ ਜਸਟਿਸ ਈਕੋਲੋਜੀ ਪ੍ਰੋਜੈਕਟ
ਗੁੱਡ ਜੌਬਜ ਫਾਰ ਆਲ ਕੋਆਲੀਸਨ, ਟਰਾਂਟੋ
ਗੁਰਸਰਨ ਸਿੰਘ ਮੈਮੋਰੀਅਲ ਲੈਕਚਰ ਕਮੇਟੀ, ਵੈਨਕੂਵਰ
ਹਿਮਾਲਿਆ ਸੀਨੀਅਰਜ ਕਿਊਬਿਕ (ਐੱਚ ਐੱਸ ਕਿਊ)
ਹਿੰਦੂਜ ਫਾਰ ਹਿਉਮਨ ਰਾਈਟਸ (ਐੱਚ ਐੱਫ ਐੱਚ ਆਰ)
ਇੰਡੀਆ ਸਿਵਲ ਵਾਚ ਇੰਟਰਨੈਸ਼ਨਲ (ਆਈ ਸੀ ਡਬਲਿਊ ਆਈ)
ਇੰਡੀਆ ਸਿਵਲ ਵਾਚ, ਮਾਂਟਰੀਅਲ
ਇੰਡੀਆ ਸੋਲੀਡੈਰਟੀ, ਜਰਮਨੀ
ਇੰਡੀਆ ਰਿਜਿਸਟੈਂਸ ਨੈੱਟਵਰਕ, ਨੌਰਵੇਅ
ਇੰਡੀਅਨ ਸ਼ਡਿਊਲਡ ਕਾਸਟ ਵੈਲਫੇਅਰ ਐਸੋਸੀਏਸ਼ਨ, ਯੂ ਕੇ
ਜਸਟਿਸ ਫਾਰ ਆਲ
ਜਸਟਿਸ ਫਾਰ ਮਾਈਗਰੈਂਟ ਵਰਕਰਜ, ਕੈਨੇਡਾ
ਖਨੀਸਾ ਐਜੂਕੇਸਨ ਐਂਡ ਡਿਵੈਲਪਮੈਂਟ ਟਰੱਸਟ, ਸਾਊਥ ਅਫਰੀਕਾ
ਕਰਡਿਸ ਪੀਪਲਜ ਅਸੰਬਲੀ, ਯੂ ਕੇ
ਦ ਕਰਡਿਸ ਵਿਮਨਜ ਇਨੀਸੀਏਟਿਵ ਇਨ ਦਾ ਯੂ ਕੇ
ਮਾਕੂਖਨਈ ਰੂਰਲ ਮੂਵਮੈਂਟ, ਸਾਊਥ ਅਫਰੀਕਾ
ਮਾਂਟਰੀਅਲ ਸੀਰਾਏ
ਪਾਕਿਸਤਾਨ ਆਰਗੇਨਾਈਜੇਸ਼ਨ ਆਫ ਕਿਊਬਕ (ਪੀ ਓ ਕਿਊ)
ਪਾਸ ਮੈਮੋਰੀਅਲ ਇੰਟਰਨੈਸ਼ਨਲ ਟਰੱਸਟ
ਪੀਸ ਇਨ ਕੁਰਦਸਤਾਨ, ਯੂ ਕੇ
ਪੀਪਲਜ ਹੈਲਥ ਮੂਵਮੈਂਟ ਕੈਨੇਡਾ
ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ, ਕੈਲਗਰੀ
ਪੰਜਾਬੀ ਕਲਚਰਲ ਐਸੋਸੀਏਸ਼ਨ (ਪੀ ਸੀ ਏ) ਐਡਮੰਟਨ
ਪੰਜਾਬੀ ਲਿਟਰੇਰੀ ਐਂਡ ਕਲਚਰਲ ਐਸੋਸੀਏਸ਼ਨ, ਵਿਨੀਪੈੱਗ
ਕੁਆਲੀਟੇਟਿਵ ਰਿਸਰਚ ਲੈਬ-ਗਲੋਬਲ ਸਾਊਥ
ਕਿਊਬਕ ਮੂਵਮੈਂਟ ਫਾਰ ਪੀਸ
ਰਿਸਪੈਕਟਿੰਗ ਐਲਡਰਜ ਕਮਿਊਨਟੀਜ ਅਗੇਂਸਟ ਅਬਿਊਜ
ਇਟਾਲੀਅਨ ਕੋਆਰਡੀਨੇਸ਼ਨ ਇਨ ਸੁਪੋਰਟ ਆਫ ਅਫਗਾਨ ਵਿਮਨ
ਰਾਇਰਸਨ ਸੈਂਟਰ ਫਾਰ ਸਟੱਡੀਜ ਇਨ ਫੂਡ ਸਿਕਿਊਰਟੀ, ਟਰਾਂਟੋ
ਸਰੋਕਾਰਾਂ ਦੀ ਅਵਾਜ, ਟਰਾਂਟੋ
ਸੈਕੂਲਰ ਪੀਪਲਜ ਐਸੋਸੀਏਸ਼ਨ, ਐਡਮੰਟਨ
ਸ੍ਰੀ ਗੁਰੂ ਰਵੀਦਾਸ ਸਭਾ, ਡਰਬੀ ਯੂ ਕੇ
ਸਿੱਖ ਵਿਰਸਾ ਇੰਟਰਨੈਸ਼ਨਲ, ਕੈਲਗਰੀ
ਐੱਸ ਓ ਏ ਐੱਸ ਇੰਡੀਆ ਸੁਸਾਇਟੀ (ਸਕੂਲ ਆਫ ਓਰੀਐਂਟਲ ਐਂਡ ਅਫਰੀਕਨ ਸਟੱਡੀਜ, ਲੰਡਨ, ਯੂ ਕੇ)
ਦ ਸੋਸਲ ਜਸਟਿਸ ਸੈਂਟਰ, ਕਵਾਂਟਲਨ ਪੌਲੀਟੈਕਨਿਕ ਯੂਨੀਵਰਸਿਟੀ, ਬੀ ਸੀ
ਸੋਸਲਿਸਟ ਪ੍ਰੋਜੈਕਟ ਕੈਨੇਡਾ
ਸੁਸਾਇਟੀ ਫਾਰ ਸੋਸਲਿਸਟ ਸਟੱਡੀਜ, ਕੈਨੇਡਾ
ਸਾਊਥ ਏਸੀਅਨ ਦਲਿਤ ਐਂਡ ਆਦਿਵਾਸੀ ਨੈੱਟਵਰਕ (ਸਦਨ-ਐੱਸ ਏ ਡੀ ਏ ਐੱਨ)
ਸਾਊਥ ਏਸੀਅਨ ਵਿਮਨਜ ਕਮਿਊਨਿਟੀ ਸੈਂਟਰ (ਐੱਸ ਏ ਡਬਲਿਊ ਸੀ ਸੀ), ਮਾਂਟਰੀਅਲ
ਸਾਊਥਾਲ ਬਲੈਕ ਸਿਸਟਰਜ, ਯੂ ਕੇ
ਸਾਊਥ ਏਸੀਅਨ ਨੈਟਵਰਕ ਫਾਰ ਸੈਕੂਲਰਜਿਮ ਐਂਡ ਡੈਮੋਕਰੇਸੀ (ਸੰਸਦ)
ਸਾਊਥ ਏਸੀਅਨ ਯੂਥ (ਐੱਸ ਏ ਵਾਈ) ਕੁਲੈਕਟਿਵ, ਮਾਂਟਰੀਅਲ
ਸਾਊਥ ਡਰਬਨ ਕਮਿਊਨਿਟੀ ਇਨਵਾਇਰਮੈਂਟਲ ਅਲਾਇੰਸ, ਸਾਊਥ ਅਫਰੀਕਾ
ਤਰਕਸੀਲ ਕਲਚਰਲ ਸੁਸਾਇਟੀ ਆਫ ਕੈਨੇਡਾ
ਤੀਸਰੀ ਦੁਨੀਆ, ਮਾਂਟਰੀਅਲ
ਯੂਨੀਟੇਰੀਅਨ ਚਰਚ ਆਫ ਮਾਂਟਰੀਅਲ
ਵੁਆਇਸਿਜ ਅਗੇਂਸਟ ਫਾਸਿਜਮ ਇਨ ਇੰਡੀਆ
ਵੈਸਟ ਕੋਸਟ ਕੋਆਲੀਸ਼ਨ ਅਗੇਂਸਟ ਰੇਸਿਜਮ (ਡਬਲਿਊ ਸੀ ਸੀ ਏ ਆਰ), ਵੈਨਕੂਵਰ
ਵਿਮਨ ਡਿਫੈਂਡ ਰੋਜਾਵਾ, ਯੂ ਕੇ

## ਜਦੋਂ ਜ਼ਮੀਰ ਜਾਗਦੀ ਆ ਤਾਂ ਅਨੇਕਾਂ ਲੋੜਾਂ-ਲਾਲਸਾਵਾਂ ਦੀ ਬਲੀ ਮੰਗਦੀ ਆ...।

ਮੋਦੀ ਲਾਣੇ ਦੀ ਗੋਦੀ 'ਚ ਬਹਿ ਗਏ ਪ੍ਰਮੁੱਖ ਨਿੱਜੀ ਚੈਨਲਾਂ ਵਿੱਚੋਂ ਇੱਕ 'ਏਬੀਪੀ ਨਿਊਜ਼' ਦਾ ਇੱਕ ਤਜ਼ਰਬੇਕਾਰ ਪੱਤਰਕਾਰ ਰਕਸ਼ਿਤ ਸਿੰਘ ਅੱਜ ਯੂਪੀ ਦੇ ਮੇਰਠ 'ਚ ਹੋਈ ਕਿਸਾਨ ਮਹਾਂ-ਪੰਚਾਇਤ ਦੀ ਕਵਰੇਜ ਕਰਨ ਪਹੁੰਚਦਾ ਹੈ। ਰਕਸ਼ਿਤ ਸਿੰਘ ਪਿਛਲੇ ਕਈ ਹਫ਼ਤਿਆਂ ਤੋਂ ਅਜੀਬ ਸ਼ਸ਼ੋਪੰਜ 'ਚ ਹੈ। ਉਹਦਾ ਪਿਤਾ 10 ਸਾਲ ਪਹਿਲਾਂ ਮਰ ਚੁੱਕਾ ਹੈ। ਮਾਂ ਬਿਰਧ ਹੈ। ਪਤਨੀ ਹੈ ਤੇ 4 ਸਾਲ ਦਾ ਮਾਸੂਮ ਪੁੱਤਰ ਹੈ। ਸੁਖਦ ਗੱਲ ਇਹ ਕਿ ਰਕਸ਼ਿਤ ਨਾਮੀ ਖ਼ਬਰ ਚੈਨਲ ਦਾ ਪੱਕਾ ਮੁਲਾਜ਼ਮ ਹੋਣ ਕਰਕੇ ਸਾਲਾਨਾ 12.60 ਲੱਖ ਰੁਪਏ ਦੇ ਪੈਕੇਜ 'ਤੇ ਹੈ।



ਰਕਸ਼ਿਤ ਦੇ ਮਨ-ਮਸਤਕ 'ਚ ਲੰਬੇ ਸਮੇਂ ਤੋਂ ਕੁੱਝ ਹੇਠਲੀ-ਉੱਤੇ ਹੋ ਰਹੀ ਆ। ਮੇਰਠ ਦੀ ਕਿਸਾਨ ਮਹਾਂ-ਪੰਚਾਇਤ ਦੀ ਚੱਲ ਰਹੀ ਵਿਸ਼ਾਲ ਰੈਲੀ ਦੌਰਾਨ ਉਸ ਦੇ ਸਬਰ ਦਾ ਬੰਨ੍ਹ ਟੁੱਟਦਾ ਹੈ ਤੇ ਉਹ ਮਾਈਕ ਫੜ ਕੇ ਆਪਣੀ ਨੌਕਰੀ ਨੂੰ ਲੱਤ ਮਾਰਨ ਦਾ ਐਲਾਨ ਕਰ ਦਿੰਦਾ ਹੈ। ਉਹ ਆਖਦਾ ਹੈ ਕਿ ਉਹ ਇਹ ਐਲਾਨ ਕਰਨ ਤੋਂ ਬਾਅਦ ਭੁੱਖਾ ਮਰ ਸਕਦਾ ਹੈ ਕਿਉਂ ਕਿ ਉਹ ਸਿਰਫ਼ ਪੱਤਰਕਾਰੀ ਕਰਨੀ ਜਾਣਦਾ ਹੈ। ਹਾਲਾਂ ਕਿ ਉਸੇ ਵਕਤ ਰੈਲੀ 'ਚੋਂ ਕਿਸਾਨਾਂ ਦੀਆਂ ਆਵਾਜ਼ਾਂ ਬੁਲੰਦ ਹੁੰਦੀਆਂ ਹਨ ਕਿ ਤੈਨੂੰ ਭੁੱਖਾ ਨਹੀਂ ਰਹਿਣ ਦਿਆਂਗੇ ਪਰ ਫਿਰ ਵੀ ਰਕਸ਼ਿਤ ਭਵਿੱਖ ਤੋਂ ਡਰਦਾ ਹੈ।

ਉਸ ਦੌਰਾਨ ਜਦੋਂ ਉਹ ਏਬੀਪੀ ਚੈਨਲ ਦੀ ਭਰਵੀਂ ਤਨਖ਼ਾਹ ਵਾਲੀ ਨੌਕਰੀ ਨੂੰ ਲੱਤ ਮਾਰਨ ਦਾ ਐਲਾਨ ਕਰਦਾ ਹੈ ਤਾਂ ਉਸ ਅੰਦਰਲਾ ਵਿਚਾਰਕ-ਲਾਵਾ ਫੁੱਟ ਪੈਂਦਾ ਹੈ। ਉਹ ਆਖਦੇ ਕਿ ਉਸਦਾ ਦਮ ਘੁੱਟ ਰਿਹਾ ਸੀ। ਸੱਚ ਨੂੰ ਦਬਾਇਆ ਜਾ ਰਿਹੈ ਤੇ ਝੂਠ ਨੂੰ ਸੱਚ ਬਣਾ ਕੇ ਪਰੋਸਿਆ ਜਾ ਰਿਹੈ। ਇਸ ਦੌਰਾਨ ਜਿਹੜੀ ਖ਼ਾਸ ਗੱਲ ਰਕਸ਼ਿਤ ਸਿੰਘ ਨੇ ਕੀਤੀ ਉਹ ਇਹ ਸੀ ਕਿ ਪਿਛਲੇ ਡੇਢ ਮਹੀਨੇ ਤੋਂ ਉਸਦੇ ਮਨ 'ਚ ਵੱਡਾ ਸਵਾਲ ਚੱਲ ਰਿਹਾ ਸੀ ਕਿ ਅੱਜ ਤੋਂ 20 ਸਾਲ ਬਾਅਦ ਜਦੋਂ ਉਸ ਦਾ 4 ਸਾਲਾ ਪੁੱਤ 24-25 ਸਾਲ ਦਾ ਗੱਭਰੂ ਹੋ ਜਾਵੇਗਾ ਅਤੇ ਉਸਨੂੰ ਇਹ ਸਵਾਲ ਕਰੂਗਾ ਕਿ, ਪਾਪਾ ਜਦੋਂ ਦੇਸ਼ ਵਿੱਚ 'ਅਣਐਲਾਨੀ ਐਮਰਜੈਂਸੀ' ਲਾਗੂ ਸੀ ਤਾਂ ਤੂੰ ਕੀ ਕਰਦਾ ਸੀ? ਤਾਂ ਉਹ ਆਪਣੇ ਪੁੱਤ ਨੂੰ 56 ਇੰਚੀ ਨਾ ਵੀ ਹੋਵੇ ਤਾਂ ਜਿੰਨਾ ਵੀ ਹੋਵੇ ਆਪਣਾ ਸੀਨਾ ਠੋਕ ਕੇ ਕਹਿ ਸਕੇਗਾ ਕਿ "ਪੁੱਤ ਮੈਂ ਉਸ ਵਕਤ ਸੱਚ ਨਾਲ ਖੜ੍ਹਾ ਸੀ ਤੇ ਕਿਸਾਨਾਂ ਨਾਲ ਖੜ੍ਹਾ ਸੀ।"

ਪੱਤਰਕਾਰ ਵੀਰ ਰਕਸ਼ਿਤ ਸਿੰਘ, ਅਸੀਂ ਜਾਣਦੇ ਹਾਂ ਕਿ ਜਾਗਦੀ ਜ਼ਮੀਰ ਲੋੜਾਂ-ਲਾਲਸਾਵਾਂ ਦੀ ਬਲੀ ਮੰਗਦੀ ਹੁੰਦੀ ਆ ਅਤੇ ਸਾਨੂੰ ਕਲਮਾਂ ਦੇ ਵਣਜਾਰਿਆਂ ਨੂੰ ਤੇਰੇ 'ਤੇ ਫ਼ਖ਼ਰ ਹੈ। ਹੁਣ ਅਸੀਂ ਆਪਣੇ ਅੰਦਰ ਝਾਤ ਮਾਰੀਏ॥ ਅਸੀਂ ਕਿੱਥੇ ਖੜ੍ਹੇ ਆ?

**ਮਨਦੀਪ ਸਿੰਘ ਭਰੋਵਾਲ**

# Statement of Solidarity with Farmers of India

The farmers' agitation for the repeal of the pro-corporate farm laws has become the largest and longest sustained non-violent movement in Indian history, surpassing Mahatma Gandhi's historic Dandi March against the abhorrent Salt Law of the British colonial regime.

The Modi regime rammed the farm laws stealthily through Parliament in September 2020, using its brute majority in the Lok Sabha, resorting to the questionable maneuver of a voice vote in the Rajya Sabha where it did not have a majority, and counting on the pandemic to muffle opposition outside Parliament. These laws were drafted without any consultation with farmers or their representatives, the farmers' unions. The farmers have consistently opposed these laws, which go against the promises and commitments made to farmers by different governments over several decades. This is especially ironic given that Prime Minister Modi's BJP campaigned on a pro-farmer platform, including making a minimum support price (MSP) mandatory and implementing the Swaminathan Report that is critical to saving India's agriculture and farmers. The laws blatantly advance the interests of Modi's crony corporate capitalists, such as Ambani and Adani, against those of the vast majority of the agricultural sector, effectively throwing farmers to the corporate sharks.

The government and its propaganda machines, acting in the interests of a narrower and more exclusively corporate elite than any government has in independent India's history, have concentrated not on finding solutions but on delegitimizing the protests and all who support them as representing special interests (large and rich farmers) in prosperous states. Nothing can be further from the truth. This movement goes back to at least to 2017 and the unions associated with it represent a wide cross section of the farming community from across the country - from agricultural labour to marginal, small and medium peasantry. The All India Kisan Sangharsh Coordination Committee (AIKSCC) represents 250 organizations from 20 states, a unique broad coalition, from Dalit agricultural laborers to small and middle peasants. In fact it is the AIKSSC which through a private members bill (supported by 21 political parties other than the BJP) introduced in 2018 a reform agenda towards making farming debt-free and sustainable.

For several months the hundreds of thousands of farmers protesting peacefully on the borders of the national capital have faced and withstood brutal repressive policing including water cannons, tear gas and barricades in the near freezing conditions of a Delhi winter. 220 farmers have died as a result of the harsh conditions, a few unfortunately by their own hands as despair overcame them. The full participation of women in the protests, whether as tractor drivers or marchers, is another notable feature of the farmers' agitation. Denying and defying the patriarchal stereotypes of rural north India through their participation in the protests, the women have demonstrated their full status as farmers on par with men. Another feature is the participation of older farmers, some in their 80s, providing evidence of the determination of the entire farm community to defy the diktats of a repressive regime.

After the attempt of the regime to subvert the non-violent peaceful protest demonstrations on January 26, the farmers' agitation has now entered a new phase. First, the already growing support for it from farmers across India is now even stronger, with vast gatherings or mahapanchayats of farmers held in the states of Uttar Pradesh, Haryana and Punjab. Second, with the state's vilification and criminalization of the farmers and those who have come out in support of them, including youth, journalists and human rights defenders, the movement has now acquired the character of a broad-based attempt to defend the very democratic rights enshrined in the Indian Constitution, most importantly, the freedom of speech and assembly and the right of peaceful dissent from and opposition to the actions and policies of the government. Third, the recent declarations of support for the farm laws by the IMF and the US government indicate the range of forces backing them, adding an antiimperialist dimension to the struggle against them.

As organizations that work to extend and defend democratic rights, we recognize that an attack on such rights anywhere is an attack on them everywhere. The farmers are literally sacrificing their well-being and putting their lives on the line to uphold these constitutional guarantees on behalf of all the people of India and are setting a glorious example to the entire world. Their heroism and their sacrifice deserve our strong support and our undying gratitude.

We salute the heroism of the farmers and pay homage to the departed souls who sacrificed their all to the larger

cause. We demand that the Government of India stop vilifying the movement and criminalising the human and democratic rights defenders and others who are part of the widespread support for it from diverse sections of Indian people.

We support the farmers' demands that the Government of India take the following actions:

REPEAL THE UNJUST PRO-CORPORATE FARM LAWS

REPEAL THE ELECTRICITY ACT

REPEAL THE POLLUTION PENALTY ON FARMERS

EXTEND MSP AT SWAMINATHAN COMMISSION RECOMMENDED RATE OF C2+50% TO ALL FARM PRODUCTS

PROVIDE WRITTEN GUARANTEE OF MSP

**Signatories:**

Canadian Labour Congress (CLC)/ Congrès du travail du Canada (CTC)
Alberta Federation of Labour (AFL)
British Columbia Federation of Labour (BCFL)
British Columbia Teachers' Federation (BCTF)
Canadian Union of Public Employees (CUPE)/ Syndicat canadien de la function publique (SCFP)
Canadian Union of Postal Workers (CUPW)/ Syndicat des travailleurs et travailleuses des postes (STTP)
Conseil central du Montréal métropolitain – CSN
Fédération nationale des enseignantes et des enseignants du Québec-CSN
Hospital Employees' Union (HEU)
Manitoba Federation of Labour (MFL)
National Union of Public and General Employees (NUPGE)
Ontario Federation of Labour (OFL)
Saskatchewan Federation of Labour
Unifor National
United Steelworkers (USW)/Le Syndicat des Métallos, Canada
Toronto and York Region Labour Council
Vancouver & District Labour Council
Academics and Activists Against Hate, Canada
Alternatives, Montréal
National Union of Public and General Employees (NUPGE)
Alternatives International
Ambedkarite Buddhist Association of Texas (ABAT)
Anti Caste Discrimination Alliance, UK
Asian Canadian Labour Alliance (ACLA)
Les Artistes pour la Paix
Between the Lines Books, Toronto
Campaign Against Criminalising Communities, UK
Canadian Foreign Policy Institute
Canadians Against Oppression and Persecution
Caring for Social Justice Collective/Collectif Soignons la justice sociale, Québec
CareMongering International
Centre de travailleurs et travailleuses immigrant/es/ Immigrant Workers' Centre (CTI/ IWC), Montreal
Centre for Study and Research in South Asia (CERAS), Montreal
Collectif-CEDETIM, France
The Corner House, UK
Crescent Hub, The
Community Food Centres Canada/ Centres communautaires d'alimentation du Canada
Dalit Solidarity Forum-USA
Democracy Equality and Secularism in South Asia, Winnipeg
Disha, Canada
East India Defence Committee, Vancouver
ETC Group, Quebec
Europe solidaire sans frontières (ESSF), France
Fédération des femmes du Québec (FFQ)/Québec Women's Federation
Femmes de diverses origines/ Women of Diverse Origins (FDO-WDO), Montreal
Fernwood Publishing, Halifax and Winnipeg
Foundation the London Story Netherlands
Geopolitical Economy Research Group
Global Justice Ecology Project
Good Jobs for All Coalition, Toronto
Gursharan Singh Memorial Lecture Committee, Vancouver
Himalaya Seniors of Quebec (HSQ)
Hindus for Human Rights (HfHR)
Hospital Employees' Union (HEU), Vancouver, BC
India Civil Watch International (ICWI)
India Civil Watch-Montrreal
India Solidarity, Germany
Indian Resistance Network, Norway
Indian Scheduled Caste Welfare Association UK
Indian Workers' Association GB (COC), UK
Justice for All
Justicia for Migrant Workers (J4MW), Canada
Khanyisa Education and Development Trust, South Africa
Kurdish People's Assembly, UK
The Kurdish Women's Initiative in the UK
Makukhanye Rural Movement, South Africa
Montreal Serai
Pakistan Organization of Quebec (POQ)
Pash Memorial International Trust
4
Peace in Kurdistan, UK
People's Health Movement Canada/Mouvement populaire pour la santé au Canada
Progressive Cultural Association, Calgary
Punjabi Cultural Association (PCA) Edmonton.
Punjabi Literary and Cultural Association, Winnipeg
Qualitative Research Lab-Global South
Quebec Movement for Peace
Respecting Elders Communities against Abuse/Ressources Ethnoculturelles Contre l'Abus envers
les Aîné(e)s(RECAA), Montreal
Rete jin Milano and CISDA (Italian Coordination in Support of Afghan Women)
Ryerson Centre for Studies in Food Security, Toronto
Sarokaran Di Awaaz, Toronto
Secular Peoples' Association, Edmonton
Shri Guru Ravidas Sabha Derby (UK)
Sikh Virsa International, Calgary
SOAS India Society (School of Oriental and African Studies, London, UK)
The Social Justice Centre, Kwantlen Polytechnic University, B.C.
Socialist Project, Canada
Society for Socialist Studies, Canada
South Asian Dalit and Adivasi Network (SADAN)
South Asian Women's Community Centre (SAWCC)/ Centre communautaire des femmes sud-asiatiques, Montreal
Southall Black Sisters, UK
South Asian Network for Secularism and Democracy (SANSAD)
South Asian Youth (SAY) Collective/Collectif jeunesse sud-asiatiques (JSA)/, Montreal
South Durban Community Environmental Alliance, South Africa
Taraksheel Cultural Society of Canada
Toronto Association for Democracy in China
Teesri Duniya, Montreal
Unitarian Church of Montreal/ Église unitarienne de Montréal
Voices Against Fascism in India
West Coast Coalition Against Racism (WCCAR), Vancouver
Women Defend Rojava, UK

ਮੇਘ ਰਾਜ ਮਿੱਤਰ
9888787440

# ਤਰਕਸ਼ੀਲ ਧਰਮ ਵਿਰੋਧੀ ਨਹੀਂ ਹਨ



ਤਰਕਸ਼ੀਲ ਨਾ ਤਾਂ ਕੌਮ-ਪਰਸਤੀ ਦੀ ਹਾਮੀ ਹਨ ਅਤੇ ਨਾ ਹੀ ਅੰਨੀ ਦੇਸ-ਭਗਤੀ ਦੇ। ਉਨਾਂ ਨੇ ਕਦੇ ਵੀ ਇਹ ਨਹੀਂ ਚਾਹਿਆ ਕਿ ਸੰਸਾਰ ਵਿਚ ਪਰਮਾਣੂ ਧਮਾਕੇ ਕੀਤੇ ਜਾਣ ਜਾਂ ਪਰਮਾਣੂ ਬੰਬਾਂ ਦੀ ਵਰਤੋਂ ਨਾਲ ਇਨਸਾਨੀਅਤ ਦਾ ਘਾਣ ਕੀਤਾ ਜਾਵੇ। ਸਗੋਂ ਉਹ ਸਮੇਂ-ਸਮੇਂ ਸਿਰ ਆਪਣੀਆਂ ਪੁਸਤਕਾਂ ਅਤੇ ਰਸਾਲਿਆਂ ਰਾਹੀਂ ਇਨ੍ਹਾਂ ਦੀ ਵਰਤੋਂ ਵਿਰੁੱਧ ਲੋਕਾਂ ਨੂੰ ਸੁਚੇਤ ਵੀ ਕਰਦੇ ਰਹੇ ਹਨ। 2011 ਦੀ ਮਰਦਮਸੁਮਾਰੀ ਸਮੇਂ ਤਰਕਸੀਲ ਵੱਲੋਂ ਲੋਕਾਂ ਨੂੰ ਅਪੀਲ ਕੀਤੀ ਗਈ ਸੀ ਕਿ ਉਹ ਧਰਮ ਵਾਲੇ ਖਾਨੇ ਵਿਚ ਇਨਸਾਨੀਅਤ ਲਿਖਵਾਉਣ ਕਿਉਂਕਿ ਉਨਾਂ ਦੀ ਨਜਰ ਵਿਚ ਧਰਮ ਅੱਜ ਦੀਆਂ ਹਾਲਤਾਂ ਵਿਚ ਕੋਈ ਹਾਂ-ਪੱਖੀ ਰੋਲ ਅਦਾ ਨਹੀਂ ਕਰ ਰਿਹਾ ਹੈ।

ਅੱਜ ਤੋਂ ਦਸ ਕੁ ਹਜ਼ਾਰ ਸਾਲ ਪਹਿਲਾਂ ਮਨੁੱਖ ਪਸ਼ੂਆਂ ਵਰਗੀ ਜ਼ਿੰਦਗੀ ਜਿਉਂ ਰਿਹਾ ਸੀ। ਨਾ ਤਾਂ ਉਸਨੂੰ ਭੈਣਾਂ-ਭਰਾਵਾਂ, ਮਾਤਾ-ਪਿਤਾ ਦੇ ਰਿਸ਼ਤਿਆਂ ਦੀ ਸਮਝ ਸੀ ਅਤੇ ਨਾ ਹੀ ਉਹ ਸੱਚ ਝੂਠ ਜਾਇਜ਼ ਨਜਾਇਜ਼ ਗੱਲਾਂ ਨੂੰ ਸਮਝਦਾ ਸੀ ਅਤੇ ਇਸਦੇ ਨਾਲ ਹੀ ਉਹ ਵੱਖ-ਵੱਖ ਘਟਨਾਵਾਂ ਪਿੱਛੇ ਕੰਮ ਕਰਨ ਵਾਲੇ ਵਿਗਿਆਨਕ ਕਾਰਨਾਂ ਨੂੰ ਸਮਝਣ ਤੋਂ ਅਸਮਰਥ ਸੀ। ਇਸ ਲਈ ਜਿਸ ਦੀ ਲਾਠੀ ਉਸਦੀ ਮੱਝ ਵਾਲੀ ਕਹਾਵਤ ਪੂਰੀ ਤਰਾਂ ਪਰਚਲਿਤ ਸੀ। ਜੇ ਅਸੀਂ ਇਹ ਕਹਿ ਲਈਏ ਕਿ ਮਨੁੱਖ ਜੰਗਲੀ ਜਾਨਵਰਾਂ ਵਾਲੀ ਜ਼ਿੰਦਗੀ ਜਿਉਂ ਰਿਹਾ ਸੀ ਤਾਂ ਇਸ ਵਿੱਚ ਕੋਈ ਅਤਿਕਥਨੀ ਨਹੀਂ ਹੋਵੇਗੀ। ਕੁਝ ਸੂਝਵਾਨ ਵਿਚਾਰਕਾਂ ਨੇ ਇਸ ਜੰਗਲੀ ਸਮਾਜ ਵਿੱਚ ਕੁਝ ਕਾਨੂੰਨ ਬਣਾਉਣ ਦੀ ਗੱਲ ਤੋਰੀ ਅਤੇ ਇਸ ਤਰਾਂ ਮੁੱਢਲੇ ਸਮੇਂ ਵਿੱਚ ਧਰਮ ਦਾ ਰੋਲ ਹਾਂ ਪੱਖੀ ਰਿਹਾ ਹੈ। ਜੇ ਅੱਜ ਸਾਡੇ ਸਮਾਜ ਵਿੱਚ ਇੱਕ ਇਸਤਰੀ ਇੱਕ ਪੁਰਸ ਦਾ ਨਿਯਮ ਜਾਂ ਕੁਝ ਸਪਸਟ ਜਾਇਜ਼ ਨਾਜਾਇਜ਼ ਦੇ ਨਿਯਮ ਪਰਚਲਿਤ ਹਨ ਤਾਂ ਇਹ ਧਰਮਾਂ ਦਾ ਹੀ ਯੋਗਦਾਨ ਹੈ ਕਿ ਮਨੁੱਖ ਕੁਝ ਸੱਭਿਅਕ ਹੋਇਆ ਹੈ। ਵੱਖ-ਵੱਖ ਵਿਚਾਰਕਾਂ ਨੇ ਧਰਮ ਨੂੰ ਇੰਜ ਪਰਿਭਾਸ਼ਿ?ਤ ਕੀਤਾ ਹੈ।

ਸੰਸਕਿਰਤ ਦੇ ਪ੍ਰਸਿੱਧ ਵਿਆਕਰਣਕਾਰ ਪਾਨਿਨੀ ਅਨੁਸਾਰ ਧਰਮ ਸਬਦ ਦੀ ਉਤਪਤੀ ਧਿਰ ਅਰਥਾਤ ਧਾਤੂ ਤੋਂ ਹੋਈ ਹੈ ਜਿਸ ਦਾ ਅਰਥ ਹੈ 'ਧਾਰਨ ਕਰਨਾ'। ਇੱਕ ਨਿਸਚਿਤ ਵਿਧੀ ਨੂੰ ਧਾਰਨ ਕਰਨਾ। ਸੋ ਧਰਮ ਦਾ ਅਰਥ ਹੈ ਜ਼ਿੰਦਗੀ ਨੂੰ ਸੁਚੱਜੇ ਢੰਗ ਨਾਲ ਜਿਉਣ ਲਈ ਕੁਝ ਖਾਸ ਨਿਯਮਾਂ ਅਸੂਲਾਂ ਜਾਂ ਸਿਧਾਂਤਾਂ ਨੂੰ ਧਾਰਨ ਕਰਨਾ। ਕੁਝ ਹੋਰ ਵਿਦਵਾਨਾਂ ਨੇ ਵੀ ਧਰਮ ਨੂੰ ਪਰਿਭਾਸ਼ਿ?ਤ ਕੀਤਾ ਹੈ ਜਿਵੇਂ ਉਪਨਿਸਦਾਂ ਵਿੱਚ ਕਿਹਾ ਗਿਆ ਹੈ ਕਿ 'ਜੋ ਸੱਚ ਹੈ ਉਹ ਧਰਮ ਹੈ, ਜੋ ਧਰਮ ਹੈ ਉਹ ਸੱਚ ਹੈ।' ਜੈਮਿਨੀ ਕਰਮਕਾਂਡਾਂ ਨੂੰ ਕਰਨਾ ਹੀ ਧਰਮ ਮੰਨਦਾ ਹੈ। ਮੰਨੂ ਮਨ ਤੇ ਕਾਬੂ, ਪਵਿੱਤਰਤਾ, ਖਿਮਾ, ਚੋਰੀ ਨਾ ਕਰਨਾ, ਇੰਦਰੀਆਂ ਨੂੰ ਵੱਸ ਵਿੱਚ ਰੱਖਣਾ, ਗਿਆਨ ਤੇ ਵਿੱਦਿਆ ਪ੍ਰਾਪਤ ਕਰਨਾ, ਸੱਚ ਦਾ ਪਾਲਣ ਕਰਨਾ, ਕ੍ਰੋਧ ਦਾ ਤਿਆਗ ਕਰਨਾ ਆਦਿ ਨੂੰ ਧਰਮ ਦੱਸਦਾ ਹੈ। ਬੁੱਧ ਧਰਮ ਦਾ ਸੰਸਥਾਪਕ ਗੌਤਮ ਬੁੱਧ ਹਿੰਸਾ, ਚੋਰੀ ਨਾ ਕਰਨੀ, ਸਦਾ ਸੱਚ ਬੋਲਣਾ, ਚੰਗਾ ਚਾਲ ਚਲਣ ਰੱਖਣਾ, ਚੰਗੇ ਵਿਚਾਰ ਰੱਖਣਾ, ਸੰਜਮ ਨਾਲ ਰਹਿਣਾ, ਨਸ਼ਿਆਂ ਤੋਂ ਬਚਣਾ, ਕਿਸੇ ਦਾ ਬੁਰਾ ਨਾ ਕਰਨਾ ਆਦਿ ਨਿਯਮਾਂ ਨੂੰ ਹੀ ਧਰਮ ਮੰਨਦਾ ਹੈ। ਆਧੁਨਿਕ ਵਿਦਵਾਨਾਂ ਵਿੱਚੋਂ ਬਹੁਤਿਆਂ ਨੇ ਮਨੁੱਖੀ ਫਰਜਾਂ ਨੂੰ ਨਿਭਾਉਣਾ ਹੀ ਧਰਮ ਮੰਨਿਆ ਹੈ। ਸੋ ਜੇ ਅਸੀਂ ਧਰਮਾਂ ਦੀ ਵੱਖ-ਵੱਖ ਪਰਿਭਾਸਾ ਵੱਲ ਝਾਤ ਮਾਰੀਏ ਤਾਂ ਸਾਨੂੰ ਸਪਸਟ ਨਜਰ ਆਉਂਦਾ ਹੈ ਕਿ ਵਧੀਆ ਮਨੁੱਖੀ ਗੁਣਾਂ ਨੂੰ ਹੀ ਧਰਮ ਕਿਹਾ ਜਾਂਦਾ ਹੈ।

ਪਰ ਜਦੋਂ ਅਸੀਂ ਮਨੁੱਖੀ ਇਤਿਹਾਸ ਵੱਲ ਨਜਰ ਮਾਰਦੇ ਹਾਂ ਤਾਂ ਧਰਮ ਦਾ ਘਿਨਾਉਣਾ ਤੇ ਵਿਕਰਾਲ ਰੂਪ ਸਪਸਟ ਨਜਰ ਆਉਂਦਾ ਹੈ।

ਹੁਣ ਤੱਕ ਧਰਤੀ ਤੇ ਲੜਾਈਆਂ ਵਿੱਚ ਜਿੰਨੇ ਲੋਕ ਮਾਰੇ ਗਏ ਹਨ ਉਨ੍ਹਾਂ ਵਿੱਚੋਂ ਦੋ ਤਿਹਾਈ ਧਰਮ ਦੇ ਨਾਂ ਤੇ ਹੀ ਲੜੀਆਂ ਗਈਆਂ। ਕਿਸੇ ਮਹਾਂਮਾਰੀ ਵਿੱਚ ਵੀ ਇੰਨੇ ਲੋਕਾਂ ਦਾ ਘਾਣ ਨਹੀਂ ਹੋਇਆ। ਭਾਰਤ ਨੇ ਪਾਕਿਸਤਾਨ ਅਤੇ ਚੀਨ ਨਾਲ ਕਈ ਜੰਗਾਂ ਲੜੀਆਂ ਹਨ ਪਰ ਇਸ ਤੋਂ ਸੈਂਕੜੇ ਗੁਣਾ ਵੱਧ ਲੋਕ ਧਰਮ ਦੇ ਨਾਂ ਤੇ ਹੀ ਕਤਲ ਕਰ ਦਿੱਤੇ ਗਏ ਹਨ। 1947 ਵਿੱਚ ਦੋਹੇਂ ਪੰਜਾਬਾਂ ਦੇ ਪੰਜ ਲੱਖ ਤੋਂ ਵੱਧ ਲੋਕ ਧਰਮ ਨੇ ਮੌਤ ਦੀ ਬਲੀ ਚੜ੍ਹਾ ਦਿੱਤੇ। 43 ਲੱਖ ਦੇ ਕਰੀਬ ਲੋਕਾਂ ਨੂੰ ਘਰੋਂ ਬੇਘਰ ਕਰ ਦਿੱਤਾ। ਪਿਛਲੇ ਦਹਾਕੇ ਵਿੱਚ ਹੀ ਦਿੱਲੀ ਵਿੱਚ 3000 ਸਿੱਖਾਂ ਨੂੰ ਕਤਲ ਕਰ ਦਿੱਤਾ ਗਿਆ। 30,000 ਤੋਂ ਵੱਧ ਬੰਦੇ ਪੰਜਾਬ ਦੀ ਧਰਤੀ ਦੇ ਉੱਪਰ ਪੁਲਸ ਅਤੇ ਧਰਮਾਂ ਦੇ ਪ੍ਰਚਾਰਕਾਂ ਵੱਲੋਂ ਗੱਡੀ ਚਾੜ ਦਿੱਤੇ ਗਏ। ਲਗਭਗ ਦਸ ਸਾਲ ਸਹਿਮ ਦਾ ਵਾਤਾਵਰਣ ਪੰਜਾਬ ਦੀ ਧਰਤੀ ਦੇ ਉੱਪਰ ਧਰਮਾਂ ਵਾਲਿਆਂ ਨੇ ਹੀ ਪੈਦਾ ਕੀਤਾ ਹੋਇਆ ਸੀ।

ਕੀ ਧਰਮ ਦਾ ਇਹੀ ਪਹਿਲੂ ਨੁਕਸਾਨਦਾਇਕ ਨਹੀਂ ਹੈ? ਜਦੋਂ ਤੋਂ ਮਨੁੱਖ ਨੇ ਵਿਗਿਆਨਕ ਖੋਜਾਂ ਕਰਨੀਆਂ ਸੁਰੂ ਕੀਤੀਆਂ ਸਨ। ਉਸੇ ਸਮੇਂ ਤੋਂ ਧਰਮ ਵਾਲਿਆਂ ਨੇ ਵਿਗਿਆਨੀਆਂ ਦਾ ਵਿਰੋਧ ਕਰਨਾ ਸੁਰੂ ਕਰ ਦਿੱਤਾ ਸੀ। ਉਦਾਹਰਣ ਦੇ ਤੌਰ ਤੇ ਭਾਰਤ ਵਿੱਚ ਬੁੱਧ ਮੱਤ ਦਾ ਜੋਰ ਸੀ। ਕਿਉਂਕਿ ਬੁੱਧ ਮੱਤ ਅਹਿੰਸਾ ਵਿੱਚ ਵਿਸਵਾਸ ਰੱਖਦਾ ਸੀ। ਕਿਸੇ ਵੀ ਮਨੁੱਖ ਜਾਂ ਜਾਨਵਰ ਦੀ ਚੀਰ-ਫਾੜ ਕਰਨਾ ਬੁੱਧ ਧਰਮ ਦੇ ਨਿਯਮਾਂ ਦੇ ਉਲਟ ਸੀ। ਇਸ ਲਈ ਇੱਥੇ ਸਰਜਰੀ ਵਿਗਿਆਨ ਨੂੰ ਵਿਕਸਿਤ ਨਹੀਂ ਹੋਣ ਦਿੱਤਾ ਗਿਆ। ਜਦੋਂ ਕਾਪਰਨਿਕਸ ਨੇ ਇਹ ਘੋਸਣਾ ਕਰ ਦਿੱਤੀ ਕਿ ਧਰਤੀ ਸੂਰਜ ਦੁਆਲੇ ਘੁੰਮਦੀ ਹੈ ਉਸੇ ਸਮੇਂ ਹੀ ਇਸਾਈਆਂ ਨੇ ਕਾਪਰਨਿਕਸ ਵਿਰੁੱਧ ਜਿ?ਹਾਦ ਖੜਾ ਕਰ ਦਿੱਤਾ। ਬਰੂਨੋ ਨਾਂ ਦੇ ਵਿਗਿਆਨਕ ਨੂੰ ਜਿਉਂਦਿਆਂ ਹੀ ਅੱਗ ਵਿੱਚ ਸਾੜ ਦਿੱਤਾ ਗਿਆ। ਗਲੈਲੀਓ ਨੂੰ ਉਮਰ ਕੈਦ ਦੀ ਸਜਾ ਦਿੱਤੀ ਗਈ। ਅੱਜ ਦੀ ਐਨੋਟਮੀ ਦੇ ਸੰਸਥਾਪਕ ਵਾਸਲੀਅਸ ਦਾ ਵੀ ਬੁਰਾ ਹਾਲ ਕੀਤਾ ਗਿਆ ਕਿਉਂਕਿ ਉਹ ਮਨੁੱਖੀ ਸਰੀਰ ਦੀ ਅੰਦਰੂਨੀ ਬਣਤਰ ਨੂੰ ਸਮਝਣ ਲਈ ਲਾਸਾਂ ਕਬਰਾਂ ਵਿੱਚੋਂ ਕੱਢ ਕੇ ਘਰ ਲਿਆਉਂਦਾ ਸੀ ਅਤੇ ਉਹਨਾਂ ਦੀ ਚੀਰ ਫਾੜ ਕਰਿਆ ਕਰਦਾ ਸੀ। ਇੱਕ ਰਾਤ ਉਹ ਆਪਣੀ ਮਾਂ ਦੀ ਲਾਸ ਕਬਰ ਵਿੱਚੋਂ ਕੱਢ ਲਿਆਇਆ। ਉਥੋਂ ਦੀ ਧਾਰਮਿਕ ਅਦਾਲਤ ਨੇ ਉਸ ਨੂੰ ਜਬਰਦਸਤੀ ਹੱਜ ਕਰਨ ਲਈ ਭੇਜ ਦਿੱਤਾ ਅਤੇ ਰਸਤੇ ਵਿੱਚ ਹੀ ਉਸਦੀ ਮੌਤ ਹੋ ਗਈ। ਮਨੁੱਖੀ ਸਰੀਰ ਵਿੱਚ ਖੂਨ ਦੇ ਦੌਰੇ ਦੀ ਖੋਜ ਕਰਨ ਵਾਲੇ ਵਿਲੀਅਮ ਹਾਰਵੇ ਦਾ ਹਸਰ ਵੀ ਅਜਿਹਾ ਹੀ ਕੀਤਾ ਗਿਆ। ਜਾਨ ਵਾਇਰ ਨੇ ਇਹ ਘੋਸਣਾ ਕਰ ਦਿੱਤੀ ਕਿ ਬੁਰੀਆਂ ਜਾਂ ਚੰਗੀਆਂ ਆਤਮਾਵਾਂ ਨਹੀਂ ਹੁੰਦੀਆਂ ਸਗੋਂ ਮਾਨਸਿਕ ਰੋਗ ਹੁੰਦੇ ਹਨ। ਤਾਂ ਉਸਨੂੰ ਵੀ ਨੌਕਰੀ ਵਿੱਚੋਂ ਕੱਢ ਦਿੱਤਾ ਗਿਆ ਅਤੇ ਉਸਦੀਆਂ ਕਿਤਾਬਾਂ ਜਨਤਕ ਤੌਰ ਤੇ ਫੂਕ ਦਿੱਤੀਆਂ ਗਈਆਂ। ਇਹੋ ਹਸਰ ਉਸ ਦੇ ਚੇਲੇ ਰੈਕਨਾਡ ਸਕਾਟ ਦਾ ਕੀਤਾ ਗਿਆ ਕਿਉਂਕਿ ਉਹ ਭੂਤਾਂ ਦੀ ਹੋਂਦ ਨੂੰ ਨਹੀਂ ਮੰਨਦਾ ਸੀ।

ਧਰਮ ਦੇ ਨਾਂ ਦੇ ਉੱਪਰ ਲੱਖਾਂ ਹੀ ਨਾਗੇ ਸਾਧੂ ਹਰ ਸਾਲ ਨੰਗੇ ਹੋ ਕੇ ਜਲੂਸ ਕੱਢਦੇ ਹਨ। ਉਹਨਾਂ ਉੱਪਰ ਕੋਈ ਕਾਨੂੰਨ ਲਾਗੂ ਨਹੀਂ ਕੀਤਾ ਜਾਂਦਾ। ਉੜੀਸਾ ਵਿੱਚ ਲੱਖਾਂ ਹੀ ਲੋਕ ਆਪਣੇ ਕੱਪੜੇ ਲਾਹ ਕੇ ਕਈ ਕਿਲੋਮੀਟਰਾਂ ਦੀ ਯਾਤਰਾ ਕਰਕੇ ਨਦੀਆਂ ਵਿੱਚ ਨੰਗੇ ਹੀ ਨਹਾਉਣ ਜਾਂਦੇ ਹਨ। ਇਹ ਸਭ ਕੁਝ ਧਰਮ ਦੇ ਨਾਂ ਤੇ ਹੁੰਦਾ ਹੈ। ਹਰ ਕੋਈ ਸਮਝਦਾ ਹੈ ਨਸੇ ਬੁਰੀ ਚੀਜ ਹਨ, ਪਰ ਪੰਜਾਬ ਦੇ ਨਹਿੰਗਾਂ ਨੂੰ ਕੌਣ ਰੋਕਦਾ ਹੈ। ਜਾਂ ਦੱਖਣੀ ਭਾਰਤ ਦੇ ਮੰਦਰਾਂ ਵਿੱਚ ਨਸੇ ਮਿਲਣਾ ਆਮ ਹੈ। ਹਰੇਕ ਸਾਧ ਸੰਤ ਦੇ ਡੇਰੇ ਵਿੱਚ ਹੋਰ ਕੁਝ ਮਿਲੇ ਜਾਂ ਨਾ ਮਿਲੇ ਪਰ ਨਸੇ ਜਰੂਰ ਆਮ ਹੁੰਦੇ ਹਨ।

ਧਰਮ ਦੇ ਨਾਂ ਦੇ ਉੱਪਰ ਪ੍ਰਦੂਸ਼ਣ ਜ਼ੋਰਾਂ 'ਤੇ ਹੈ। ਸਵੇਰ ਦਾ ਸਮਾਂ ਸਾਡੇ ਲਈ ਬੇਹਤਰੀਨ ਸਮਾਂ ਹੁੰਦਾ ਹੈ। ਧਾਰਮਿਕ ਸਥਾਨਾਂ ਤੇ ਉੱਚੀ ਆਵਾਜ ਵਿੱਚ ਵੱਜਦੇ ਲਾਊਡ ਸਪੀਕਰ ਇਸ ਸਮੇਂ ਨੂੰ ਹੀ ਬਰਬਾਦ ਕਰ ਦਿੰਦੇ ਹਨ। ਵਿਦਿਆਰਥੀਆਂ ਤੇ ਮਰੀਜ਼ਾਂ ਦੀ ਹਾਲਤ ਹੋਰ ਵੀ ਭੈੜੀ ਹੋ ਜਾਂਦੀ ਹੈ। ਨਦੀਆਂ ਨਾਲਿਆਂ ਦਾ ਪਾਣੀ ਸੈਂਕੜੇ ਲੋਕ ਨਹਾ ਕੇ ਗੰਦਾ ਕਰ ਦਿੰਦੇ ਹਨ ਅਤੇ ਫੇਰ ਉਸੇ ਪਾਣੀ ਨੂੰ ਪਵਿੱਤਰ ਪਾਣੀ ਸਮਝ ਕੇ ਪੀਣ ਲਈ ਢੋਲੀਆਂ ਭਰ ਕੇ ਘਰਾਂ ਨੂੰ ਲੈ ਜਾਂਦੇ ਹਨ। ਬਹੁਤ ਸਾਰੇ ਮੰਦਰ ਜਾਂ ਗੁਰਦੁਆਰੇ ਸੜਕਾਂ ਜਾਂ ਸਾਂਝੀਆਂ ਥਾਵਾਂ ਨੂੰ ਰੋਕ ਕੇ ਹੀ ਉਸਾਰੇ ਜਾਂਦੇ ਹਨ। ਕਿਉਂਕਿ ਸਿਆਸੀ ਲੀਡਰਾਂ ਨੇ ਵੋਟਾਂ ਲੈਣੀਆਂ ਹੁੰਦੀਆਂ ਹਨ। ਇਸ ਲਈ ਉਹ ਇਨ੍ਹਾਂ ਨਾਜਾਇਜ਼ ਕੰਮਾਂ ਵਿੱਚ ਧਾਰਮਿਕ ਅਦਾਰਿਆਂ ਦੀ ਮੱਦਦ ਕਰਦੇ ਹਨ।

ਭੂਤਾਂ-ਪਰੇਤਾਂ ਅਤੇ ਨਿੱਤ ਨੇਮਾਂ ਦੀ ਉਲੰਘਣਾ ਕਾਰਨ ਹੋਏ ਵਹਿਮ ਕਰਕੇ ਹਜਾਰਾਂ ਵਿਅਕਤੀ ਮਾਨਸਿਕ ਰੋਗੀ ਬਣਕੇ ਸਾਡੇ ਕੋਲ ਆਏ ਹਨ। ਕਰਮਾਂ ਅਤੇ ਕਿਸਮਤਾਂ ਦਾ ਚੱਕਰ ਉਨਾਂ ਨੂੰ ਬੁਜਦਿਲ ਬਣਾ ਦਿੰਦਾ ਹੈ ਅਤੇ ਉਹ ਆਤਮ-ਵਿਸਵਾਸ ਖੋ ਬੈਠਦੇ ਹਨ ਅਤੇ ਫੇਰ ਸਾਧਾਂ-ਸੰਤਾਂ, ਆਤਮਾ-ਪ੍ਰਮਾਤਮਾ ਦੇ ਨਾਂ ਦੀਆਂ ਝੂਠੀਆਂ ਫੌੜੀਆਂ ਲੈ ਕੇ ਤੁਰਨ ਦਾ ਯਤਨ ਕਰਦੇ ਹਨ। ਦੇਵੀ-ਦੇਵਤਿਆਂ ਦੀਆਂ ਤਸਵੀਰਾਂ ਵਿੱਚ ਦਿਖਾਈਆਂ ਗਈਆਂ ਚਾਰ-ਚਾਰ, ਛੇ-ਛੇ, ਅੱਠ-ਅੱਠ ਬਾਹਵਾਂ ਅਤੇ ਸਿ?ਵਜੀ ਦੇ ਜੂੜੇ ਵਿੱਚੋਂ ਨਿਕਲਦੀ ਪਾਣੀ ਦੀ ਧਾਰਾ ਅਤੇ ਸੱਤ ਮੂੰਹੇ ਸੱਪ ਦੀ ਸਿਰੀ ਤੇ ਖੜ੍ਹੇ ਕ੍ਰਿਸ਼ਨ ਜੀ 'ਮਹਾਰਾਜ' ਦੇ ਦਰਸਨ ਕਰਕੇ ਬੱਚਿਆਂ ਦੀ ਸੋਚ ਗੈਰ ਵਿਗਿਆਨਕ ਬਣ ਜਾਂਦੀ ਹੈ। ਸਿੱਟੇ ਵਜੋਂ ਉਹ ਲਾਈ ਲੱਗ ਕਿਸਮ ਦੇ ਇਨਸਾਨ ਬਣ ਜਾਂਦੇ ਹਨ। ਜਿਹਨਾਂ ਦੇ ਦਿਮਾਗ ਸਦਾ ਬੰਦ ਰਹਿੰਦੇ ਹਨ।

ਬਾਬੇ ਨਾਨਕ ਨੇ ਭਾਵੇਂ ਇਸਤਰੀ ਜਾਤੀ ਦੀ ਪਰਸੰਸਾ ਕੀਤੀ ਹੈ ਪਰ ਬਹੁਤ ਸਾਰੇ ਧਰਮ ਗਰੰਥਾਂ ਵਿਚ ਇਸਤਰੀ ਜਾਤੀ ਨੂੰ ਭੰਡਿਆ ਗਿਆ ਹੈ। ਕੋਈ ਕਹਿੰਦਾ ਹੈ ਕਿ ਇਸਤਰੀਆਂ ਮੂਰਖ ਅਤੇ ਅਸੁਭ ਹੁੰਦੀਆਂ ਹਨ। ਕੋਈ ਕਹਿੰਦਾ ਹੈ ਕਿ ਇਸਤਰੀਆਂ ਨੂੰ ਵੇਦ ਪੜਨ ਦਾ ਹੱਕ ਨਹੀਂ ਹੈ। ਕੋਈ ਹੋਰ ਲਿਖਦਾ ਹੈ ਕਿ ਇਸਤਰੀਆਂ ਨੂੰ ਬਚਪਨ ਵਿਚ ਆਪਣੇ ਪਿਤਾ, ਜਵਾਨੀ ਵਿਚ ਆਪਣੇ ਪਤੀ ਅਤੇ ਬੁਢਾਪੇ ਵਿਚ ਆਪਣੇ ਪੁੱਤਰਾਂ ਅਨੁਸਾਰ ਚੱਲਣਾ ਚਾਹੀਦਾ ਹੈ। ਕਈ ਧਰਮ ਤਿੰਨ-ਤਿੰਨ ਚਾਰ-ਚਾਰ ਇਸਤਰੀਆਂ ਨਾਲ ਵਿਆਹ ਕਰਵਾਉਣ ਨੂੰ ਜਾਇਜ ਠਹਿਰਾਉਂਦੇ ਹਨ। ਕਿਸੇ ਹੋਰ ਧਰਮ ਗਰੰਥ ਵਿਚ ਲਿਖਿਆ ਹੁੰਦਾ ਹੈ ਕਿ ਇਸਤਰੀਆਂ ਸੜਕ ਦੇ ਕਿਨਾਰੇ ਤੇ ਜਲਣ ਵਾਲੇ ਉਹ ਦੀਵੇ ਹਨ ਜਿਹੜੇ ਨਰਕ ਦਾ ਮਾਰਗ ਵਿਖਾਉਂਦੇ ਹਨ। ਸੋ ਭਾਰਤੀ ਇਸਤਰੀ ਦੀ ਹਾਲਤ ਅੱਜ ਜੇ ਏਨੀ ਬੁਰੀ ਹੈ ਤਾਂ ਇਹ ਸਿਰਫ ਧਾਰਮਿਕ ਅੰਧ-ਵਿਸਵਾਸਾਂ ਕਰਕੇ ਹੀ ਹੈ।

ਸਾਇਦ ਅਸੀਂ ਭੁੱਲ ਗਏ ਹਾਂ ਕਿ ਇਹ ਧਰਮ ਹੀ ਸੀ ਜਿਸਨੇ ਮਨੁੱਖ ਜਾਤੀ ਦੇ ਇੱਕ ਹਿੱਸੇ ਜਿਸ ਨੂੰ ਅੱਜ ਵੀ ਸੂਦਰ ਕਿਹਾ ਜਾਂਦਾ ਹੈ ਨੂੰ ਆਪਣੇ ਗਲਾਂ ਵਿੱਚ ਕੁੱਜੇ ਲਟਕਾ ਕੇ ਤੇ ਮਗਰ ਝਾੜੀਆਂ ਬੰਨ ਕੇ ਤੁਰਨ ਲਈ ਮਜਬੂਰ ਕੀਤਾ ਸੀ ਤਾਂ ਜੋ ਉਹਨਾਂ ਦੇ ਥੁੱਕ ਉੱਪਰ ਕਿਸੇ ਬਰਾਹਮਣ ਦਾ ਪੈਰ ਨਾ ਟਿਕ ਜਾਵੇ ਅਤੇ ਉਹਨਾਂ ਦੀਆਂ ਪੈੜਾਂ ਵਿੱਚ ਕਿਸੇ ਬਰਾਹਮਣ ਦਾ ਪੈਰ ਨਾ ਧਰਿਆ ਜਾਵੇ। ਜਰਾ ਸੋਚੋ ਐਕਲਵਿਆ ਦਾ ਕਸੂਰ ਕੀ ਸੀ ਅਤੇ ਕਿਉਂ ਦਰੋਣਾਚਾਰੀਆ ਨੇ ਉਸਦਾ ਅੰਗੂਠਾ ਹੀ ਵੱਢਵਾ ਲਿਆ ਸੀ ?

ਭਾਰਤ ਵਿੱਚ ਸਮੱਸਿਆਵਾਂ ਦਿਨੋ ਦਿਨ ਵਧ ਰਹੀਆਂ ਹਨ। ਇਸ ਦਾ ਇੱਕ ਕਾਰਨ ਵੱਧ ਆਬਾਦੀ ਵੀ ਹੈ। ਕਰਮਾਂ ਅਤੇ ਕਿਸਮਤਾਂ ਧਰਮ ਦੀਆਂ ਪੈਦਾਵਾਰ ਹਨ ਅਤੇ ਇਹ ਆਬਾਦੀ ਨੂੰ ਵਧਾਉਂਦੀਆਂ ਹਨ। ਇੱਕ ਪਾਸੇ ਮਜਦੂਰਾਂ ਅਤੇ ਕਿਸਾਨਾਂ ਨੂੰ ਦਿਨ ਰਾਤ ਮਿਹਨਤ ਕਰਕੇ ਆਪਣਾ ਪੇਟ ਭਰਨਾ ਪੈਂਦਾ ਹੈ। ਦੂਜੇ ਪਾਸੇ ਧਰਮਾਂ ਦੇ ਨਾਂ ਤੇ ਕਰੋੜਾਂ ਲੋਕ ਵਿਹਲੇ ਫਿਰਦੇ ਹਨ। ਸਾਧਾਂ ਸੰਤਾਂ ਦੇ ਵੱਗ ਪਰਜੀਵੀ ਬਣਕੇ ਲੋਕਾਂ ਦੀ ਮਿਹਨਤ ਨੂੰ ਖਾਈ ਜਾਂਦੇ ਹਨ। ਗੁਰਦੁਆਰੇ ਦੇ ਭਾਈ ਜੀ, ਮੰਦਰ ਦੇ ਪੁਜਾਰੀ ਉਹ ਵਿਹਲੜ ਲਾਣੇ ਹਨ ਜਿਹੜੇ ਡੱਕਾ ਦੂਹਰਾ ਨਾ ਕਰ ਕੇ ਤਰਾਂ ਤਰਾਂ ਦੇ ਸਵਾਦਲੇ ਭੋਜਨ ਛਕਦੇ ਹਨ। ਇਨਾਂ ਦੀਆਂ ਕਮਾਈਆਂ ਉੱਪਰ ਤਾਂ ਸਰਕਾਰਾਂ ਟੈਕਸ ਵੀ ਨਹੀਂ ਲਾਉਂਦੀਆਂ।

ਜੇ ਵੇਖਿਆ ਜਾਵੇ ਭਾਰਤ ਦਾ ਸਭ ਤੋਂ ਵੱਡਾ ਨੁਕਸਾਨ ਤਾਂ ਸਾਡੀ ਧਾਰਮਿਕ ਸੋਚ ਨੇ 1947 ਵਿੱਚ ਹੀ ਕਰ ਦਿੱਤਾ ਸੀ ਜਦੋਂ ਪਾਕਿਸਤਾਨ ਬਣਾ ਕੇ ਅਸੀਂ ਨਾਲੇ ਤਾਂ ਆਪਣੀ ਵੱਡੀ ਆਬਾਦੀ ਨੂੰ ਅਤੇ ਵੱਡੇ ਇਲਾਕੇ ਨੂੰ ਆਪਣਾ ਦੁਸਮਣ ਬਣਾ ਲਿਆ ਸੀ ਅਤੇ ਜਿਸਦਾ ਸਵਾਦ ਅਸੀਂ ਹਰ ਪੰਜ-ਸੱਤ ਸਾਲ ਪਹਿਲਾਂ ਹੋਣ ਵਾਲੀਆਂ ਲੜਾਈਆਂ ਵਿੱਚ ਆਪਣੇ ਹਜਾਰਾਂ ਫੌਜੀ ਮਰਵਾ ਕੇ ਲੈ ਚੁੱਕੇ ਹਾਂ ਅਤੇ ਅੱਜ ਵੀ ਲੈ ਰਹੇ ਹਾਂ।

ਕੁਝ ਲੋਕ ਇਹ ਵੀ ਦਾਅਵਾ ਕਰਦੇ ਹਨ ਕਿ ਮਨੁੱਖ ਵਿੱਚ ਚੰਗੀਆਂ ਕਦਰਾਂ ਕੀਮਤਾਂ ਧਰਮ ਕਰਕੇ ਹੀ ਪੈਦਾ ਹੁੰਦੀਆਂ ਹਨ ਤਾਂ ਤੇਤੀ ਕਰੋੜ ਦੇਵੀ, ਦੇਵਤਿਆਂ ਦੇ ਦੇਸ ਭਾਰਤ ਵਿੱਚ ਝੂਠ, ਕਪਟ, ਭ੍ਰਿਸਟਾਚਾਰ ਦੁਨੀਆਂ ਵਿੱਚੋਂ ਸਭ ਤੋਂ ਵੱਧ ਕਿਉਂ ਹੈ?

ਅੱਜ ਜਦੋਂ ਵਿਗਿਆਨਕ ਖੋਜਾਂ ਇੰਟਰਨੈਟ, ਟੈਲੀਵੀਜਨ, ਟੈਲੀ ਕਮਿਊਨੀਕੇਸਨ ਨੇ ਸਾਰੀ ਦੁਨੀਆਂ ਨੂੰ ਇੱਕ ਪਿੰਡ ਦੇ ਰੂਪ ਵਿੱਚ ਬਦਲ ਦਿੱਤਾ ਹੈ ਤਾਂ ਵੱਖ-ਵੱਖ ਧਰਮਾਂ ਨੂੰ ਕਾਇਮ ਰੱਖਣ ਦੀ ਕੀ ਅਹਿਮੀਅਤ ਹੈ? ਸੋ ਜੇ ਅਸੀਂ ਚਾਹੁੰਦੇ ਹਾਂ ਕਿ ਆਉਣ ਵਾਲੇ ਸਮੇਂ ਵਿੱਚ ਸਾਰੀ ਦੁਨੀਆਂ ਉੱਪਰ ਇੱਕ ਹੀ ਸਰਕਾਰ ਹੋਵੇ, ਇੱਥੇ ਸਰਹੱਦਾਂ ਨਾ ਹੋਣ ਕਿਤੇ ਵੀ ਜਾਣ ਲਈ ਵੀਜੇ, ਪਾਸਪੋਰਟਾਂ ਦੀ ਲੋੜ ਨਾ ਹੋਵੇ ਤਾਂ ਸਾਨੂੰ ਧਰਮਾਂ ਨੂੰ ਸਦਾ ਲਈ ਤਿਲਾਂਜਲੀ ਦੇਣੀ ਪਵੇਗੀ। ਤਾਂ ਜੋ 21ਵੀਂ ਸਦੀ ਦਾ ਮਨੁੱਖ ਹੋਰ ਵੱਡੀਆਂ ਪੁਲਾਂਘਾਂ ਪੁੱਟਣ ਲਈ ਅੱਗੇ ਵਧ ਸਕੇ। ਸਾਡੇ ਭਾਰਤ ਵਿੱਚ ਸਾਡੇ ਸਿਆਸੀ ਆਗੂਆਂ ਨੂੰ ਧਾਰਮਿਕ ਲੋਕਾਂ ਦੀਆਂ ਵੋਟਾਂ ਪ੍ਰਾਪਤ ਕਰਨ ਲਈ ਇਹਨਾਂ ਦੀਆਂ ਜਾਇਜ ਨਾਜਾਇਜ ਮੰਗਾਂ ਨੂੰ ਮੰਨਣਾ ਪੈਂਦਾ ਹੈ। ਹਰ ਸਿਆਸੀ ਲੀਡਰ ਆਪਣੀ ਚੋਣ ਦਾ ਮਹੂਰਤ ਆਪਣੇ ਇਲਾਕੇ ਦੇ ਬਹੁ ਗਿਣਤੀ ਵੋਟਰਾਂ ਦੇ ਧਾਰਮਿਕ ਜਜਬਾਤਾਂ ਨੂੰ ਸਮਝਦਾ ਹੋਇਆ ਉਹਨਾਂ ਦੇ ਧਾਰਮਿਕ ਅਦਾਰਿਆਂ ਵਿੱਚੋਂ ਸੁਰੂ ਕਰਦਾ ਹੈ। ਹਰ ਵਿਅਕਤੀ ਨੂੰ ਜਨਮ ਸਮੇਂ, ਸਕੂਲ ਵਿੱਚ ਦਾਖਲ ਹੋਣ ਸਮੇਂ, ਵਿਆਹ ਸਮੇਂ ਅਤੇ ਨੌਕਰੀ ਪ੍ਰਾਪਤ ਕਰਨ ਸਮੇਂ ਅਤੇ ਮਰਨ ਸਮੇਂ ਆਪਣਾ ਜਾਤ-ਪਾਤ ਅਤੇ ਧਰਮ ਲਿਖਵਾਉਣਾ ਪੈਂਦਾ ਹੈ। ਇਸ ਲਈ ਅਸੀਂ ਪਿਛਲੇ 71 ਵਰਿਆਂ ਤੋਂ ਹੀ ਧਰਮ ਆਧਾਰਿਤ ਰਾਜਨੀਤੀ ਅਧੀਨ ਲੰਘਾ ਰਹੇ ਹਾਂ। ਜਿਸ ਦੇ ਸਿੱਟੇ ਸਾਡੇ ਸਾਹਮਣੇ ਹਨ। ਅੱਜ ਹਿੰਦੁਸਤਾਨ ਵਿੱਚ ਕਰੋੜਾਂ ਲੋਕ ਬੇਰੁਜ਼ਗਾਰੀ ਦਾ ਸ਼ਿਕਾਰ ਹਨ ਅਤੇ ਇੰਨੇ ਹੀ ਹਰ ਰੋਜ ਭੁੱਖੇ ਸੜਕਾਂ ਤੇ ਸੌਂਦੇ ਹਨ। ਥਾਂ ਥਾਂ ਭ੍ਰਿਸਟਾਚਾਰ ਫੈਲਿਆ ਹੋਇਆ ਹੈ। ਕੋਈ ਵੀ ਦੇਵੀ ਦੇਵਤਾ ਜਾਂ ਧਾਰਮਿਕ ਆਗੂ ਆਪਣੇ ਭਗਤਾਂ ਨੂੰ ਭ੍ਰਿਸਟਾਚਾਰ ਤੋਂ ਕਿਨਾਰਾ ਕਰਨ ਲਈ ਵਰਜਦਾ ਨਹੀਂ। ਭਾਵੇਂ ਅਸੀਂ ਸਮਝਦੇ ਹਾਂ ਕਿ ਰਾਜਨੀਤੀ ਅਜਿਹੀ ਚੰਗੀ ਚੀਜ ਹੈ ਜਿਸ ਨਾਲ ਸਮੁੱਚੇ ਲੋਕਾਂ ਦੀ ਕਿਸਮਤ ਪੂਰੀ ਤਰਾਂ ਬਦਲੀ ਜਾ ਸਕਦੀ ਹੈ। ਸਾਡੇ ਗੁਆਂਢੀ ਦੇਸ ਚੀਨ ਨੇ ਭਾਰਤ ਨਾਲੋਂ ਵੱਧ ਆਬਾਦੀ ਹੁੰਦੇ ਹੋਏ ਵੀ ਉਥੋਂ ਦੇ ਲੋਕਾਂ ਨੂੰ ਇੱਜਤ ਭਰੀ ਜ਼ਿੰਦਗੀ ਜਿਉਣਾ ਸਿਖਾ ਦਿੱਤਾ ਹੈ। ਫਿਰ ਕਿਉਂ ਅਸੀਂ ਭਾਰਤੀ ਕੰਗਾਲ ਅਤੇ ਭੀਖਮੰਗੇ ਬਣੇ ਹਾਂ? ਇਹ ਸੋਚਣ ਦੀ ਗੱਲ ਹੈ, ਜਦੋਂ ਅਸੀਂ ਸੋਚਾਂਗੇ ਤਾਂ ਧਰਮ ਅਧਾਰਿਤ ਰਾਜਨੀਤੀ ਹੀ ਇਸ ਗੱਲ ਦੀ ਜੁੰਮੇਵਾਰ ਹੋਵੇਗੀ।

ਸੋ ਜੇ ਧਰਮਾਂ ਦਾ ਨਜਰੀਆ ਇਨਸਾਨਾਂ ਵਿਚ ਵਧੀਆ ਕਦਰਾਂ-ਕੀਮਤਾਂ ਪੈਦਾ ਕਰਨਾ ਹੀ ਹੁੰਦਾ ਤਾਂ ਤਰਕਸੀਲਾਂ ਨੂੰ ਇਸ ਗੱਲ ਵਿਚ ਕੋਈ ਇਤਰਾਜ ਨਹੀਂ ਸੀ ਪਰ ਅੱਜ ਧਰਮ ਤਾਂ ਸਿਰਫ ਪਾਠ ਕਰਨੇ, ਜਗਰਾਤੇ ਕਰਨੇ ਕਰਵਾਉਣੇ, ਹਵਨ ਕਰਨੇ, ਵਰਤ ਰੱਖਣੇ, ਦਾਨ-ਪੁੰਨ ਕਰਨਾ ਕਰਵਾਉਣਾ, ਵਿਸੇਸ ਪਹਿਰਾਵੇ ਪਹਿਨਣੇ ਪਹਿਨਾਉਣੇ, ਯੱਗ ਕਰਨੇ, ਟੱਲੀਆਂ ਖੜਕਾਉਣਾ ਆਦਿ ਨੂੰ ਹੀ ਸਮਝਿਆ ਜਾ ਰਿਹਾ ਹੈ ਅਤੇ ਹਰ ਧਰਮ ਜਿਵੇਂ ਘੁਮਿਆਰੀ ਆਪਣੇ ਹੀ ਬਣਾਏ ਭਾਂਡੇ ਨੂੰ ਵਧੀਆ ਦੱਸਦੀ ਹੈ ਇਸ ਤਰਾਂ ਹਰ ਧਾਰਮਿਕ ਵਿਅਕਤੀ ਆਪਣੇ ਹੀ ਧਰਮ ਨੂੰ ਸੰਸਾਰ ਦਾ ਸਭ ਤੋਂ ਵਧੀਆ ਧਰਮ ਦਰਸਾਉਂਦਾ ਹੈ। ਅਸੀਂ ਤਰਕਸੀਲ ਗਰੰਥਾਂ, ਮੂਰਤੀਆਂ ਅਤੇ ਅਸਥਾਨਾਂ ਨਾਲੋਂ ਮਨੁੱਖ ਨੂੰ ਵਧੀਆ ਸਮਝਦੇ ਹਾਂ। ਅਸੀਂ ਇਹ ਵੀ ਸਮਝਦੇ ਹਾਂ ਕਿ ਉਪਰੋਕਤ ਤਿੰਨੇ ਚੀਜਾਂ ਦੀ ਰਚਨਾ ਕਰਨ ਵਾਲਾ ਵੀ ਮਨੁੱਖ ਹੀ ਹੈ ਅਤੇ ਇਨਾਂ ਚੀਜਾਂ ਦੀ ਖਾਤਰ ਇਨਸਾਨੀਅਤ ਦਾ ਘਾਣ ਕਰਨਾ ਬਹੁਤ ਘਟੀਆ ਹੈ। ਇਸ ਲਈ ਅਸੀਂ ਤਰਕਸੀਲ, ਹਿੰਦੂ, ਸਿੱਖ ਜਾਂ ਮੁਸਲਮਾਨ ਹੋਣ ਨਾਲੋਂ ਇਨਸਾਨ ਹੋਣ ਨੂੰ ਤਰਜੀਹ ਦਿੰਦੇ ਹਾਂ।

ਭਾਰਤੀ ਸੰਵਿਧਾਨ ਵੀ ਧਾਰਾ 51ਏ ਅਨੁਸਾਰ ਗਿਆਨ ਵਿਗਿਆਨ ਦਾ ਪ੍ਰਚਾਰ ਅਤੇ ਪ੍ਰਸਾਰ ਕਰਨਾ ਹਰੇਕ ਭਾਰਤੀ ਨਾਗਰਿਕ ਦਾ ਮੁੱਢਲਾ ਫਰਜ ਹੈ। ਪਰ ਭਾਰਤੀ ਸੰਵਿਧਾਨ ਵਿੱਚ ਧਾਰਾ 295ਏਏ ਮੂੰਹ ਅੱਡੀ ਖੜ੍ਹੀ ਹੈ। ਡਾ. ਅੰਬੇਦਕਰ ਨੇ ਤਾਂ ਕਿਹਾ ਸੀ ਕਿ ਆਜਾਦ ਭਾਰਤ ਵਿੱਚ ਵਿਗਿਆਨ ਵਿਰੋਧੀ ਗੱਲਾਂ ਵਾਲੇ ਧਾਰਮਿਕ ਗਰੰਥਾਂ ਨੂੰ ਛਾਪਣ ਲਈ ਮੁੜ ਇਜਾਜਤ ਨਹੀਂ ਦਿੱਤੀ ਜਾਵੇਗੀ। ਅੰਬੇਦਕਰ ਦੀ ਮੌਤ ਤੋਂ ਬਾਅਦ ਇਸ ਗੱਲ ਨੂੰ ਲਾਗੂ ਕਰਨ ਦਾ ਯਤਨ ਨਹੀਂ ਕੀਤਾ ਗਿਆ। ਅੱਜ ਜੇ ਵਿਗਿਆਨਕ ਧਾਰਾ 51ਏ ਅਨੁਸਾਰ ਗਿਆਨ ਅਤੇ ਵਿਗਿਆਨ ਦਾ ਪ੍ਰਚਾਰ ਅਤੇ ਪ੍ਰਸਾਰ ਕਰਦੇ ਹਨ ਤਾਂ ਉਹਨਾਂ ਦੇ ਰਸਤੇ ਵਿੱਚ295 ਏਏ ਅੜਿੱਕਾ ਬਣ ਕੇ ਖੜ ਜਾਂਦੀ ਹੈ। ਜਿਸ ਅਨੁਸਾਰ ਬੇਅਦਬੀ ਕਰਨ ਵਾਲੇ ਵਿਅਕਤੀ ਨੂੰ ਸਿੱਧੀ ਹੀ ਉਮਰ ਕੈਦ ਦੀ ਸਜਾ ਦਿੱਤੀ ਜਾਵੇਗੀ ਅਤੇ ਸਾਰੀ ਉਮਰ ਲਈ ਉਸਨੂੰ ਜੇਲ ਵਿੱਚ ਹੀ ਸੜਨਾ ਪਵੇਗਾ। ਪਰ ਜਿਹੜੀਆਂ ਗੱਲਾਂ ਧਾਰਮਿਕ ਗਰੰਥਾਂ ਵਿੱਚ ਵਿਗਿਆਨ ਵਿਰੋਧੀ ਭਰੀਆਂ ਪਈਆਂ ਹਨ, ਨਵੇਂ ਕਾਨੂੰਨ ਅਨੁਸਾਰ ਉਹਨਾਂ ਵਿਰੁੱਧ ਕੋਈ ਵੀ ਆਵਾਜ਼ ਨਹੀਂ ਕੱਢ ਸਕਦਾ। ਅਸੀਂ ਸਮਝਦੇ ਸਾਂ ਕਿ ਭਾਰਤ ਪਾਕਿਸਤਾਨ ਨਾਲੋਂ ਇਹਨਾਂ ਗੱਲਾਂ ਵਿੱਚ ਕਈ ਦਹਾਕੇ ਅਗਾਂਹ ਨਿਕਲ ਚੁੱਕਾ ਹੈ ਪਰ ਅੱਜ ਦੇ ਹਾਕਮ ਮਨੁੱਖ ਨੂੰ ਮੁੜ ਪਾਕਿਸਤਾਨ ਨਾਲੋਂ ਪਿੱਛੇ ਧੱਕ ਰਹੇ ਹਨ।

ਇਸ ਲਈ ਅਸੀਂ ਵਾਰ-ਵਾਰ ਆਪਣੇ ਲੋਕਾਂ ਨੂੰ ਅਪੀਲ ਕਰਦੇ ਹਾਂ ਕਿ ਆਓ ਲੋਕੋ ਧਰਮਾਂ ਦੀਆਂ ਵਲਗਣਾਂ ਵਿਚੋਂ ਬਾਹਰ ਨਿਕਲ ਕੇ ਸੱਚੇ-ਸੁੱਚੇ ਇਨਸਾਨ ਬਣੀਏ।

**ਸੰਸਥਾਪਕ ਤਰਕਸ਼ੀਲ ਸੁਸਾਇਟੀ**
**ਤਰਕਸ਼ੀਲ ਨਿਵਾਸ, ਕੱਚਾ ਕਾਲਜ ਰੋਡ**
**ਗਲੀ ਨੰ 8, ਬਰਨਾਲਾ**

## ਸਰਦਾਰ ਭਗਤ ਸਿੰਘ, 23 ਮਾਰਚ ਦੇ ਸ਼ਹੀਦਾਂ ਅਤੇ ਅੱਠ ਮਾਰਚ ਦੇ ਕੌਮਾਂਤਰੀ ਔਰਤ ਦਿਵਸ ਨੂੰ ਸਮਰਪਿਤ

# ਦੋ ਰੋਜ਼ਾ ਪੁਸਤਕ ਮੇਲਾ

## 20 ਅਤੇ 21 ਮਾਰਚ 2021 ਦਿਨ ਸ਼ਨਿਚਰਵਾਰ ਅਤੇ ਐਤਵਾਰ ਨੂੰ




**ਸਮਾਂ: ਸਵੇਰੇ 10 ਵਜੇ ਤੋਂ ਸ਼ਾਮ 6 ਵਜੇ ਤੱਕ**

**ਸਥਾਨ: ਸਿੱਖ ਵਿਰਸਾ ਹਾਲ**

208, 4656-WESTWINDS DR. (NE)
CALGARY, AB., T3J 3Z5




ਤੁਸੀਂ ਸ਼ਹੀਦ ਭਗਤ ਸਿੰਘ ਬੁੱਕ ਸੈਂਟਰ ਕੈਲਗਰੀ ਤੋਂ ਪੰਜਾਬੀ, ਹਿੰਦੀ, ਅੰਗਰੇਜ਼ੀ ਵਿੱਚ ਸਾਹਿਤਕ, ਸਮਾਜਿਕ, ਧਾਰਮਿਕ, ਰਾਜਨੀਤਕ, ਤਰਕਸ਼ੀਲ, ਸਿਹਤ ਸੰਬੰਧੀ, ਕਹਾਣੀਆਂ, ਨਾਵਲ ਆਦਿ ਲੈ ਸਕਦੇ ਹੋ। ਹੋਰ ਜਾਣਕਾਰੀ ਲਈ ਮਾਸਟਰ ਭਜਨ ਸਿੰਘ 403-455-4220 ਅਤੇ ਹਰਚਰਨ ਪਰਹਾਰ 403-681-8689 ਨਾਲ ਸੰਪਰਕ ਕੀਤਾ ਜਾ ਸਕਦਾ ਹੈ।




**Master Bhajan Singh: 403-455-4220**
**Harcharan Parhar: 403-681-8689**

## Shaheed Bhagat Singh Book Centre Calgary

ਨੋਟ: ਪਾਠਕਾਂ ਦੀ ਮੰਗ 'ਤੇ ਬਹੁਤ ਸਾਰੀਆਂ ਨਵੀਂਆਂ ਅਤੇ ਸਟਾਕ ਵਿੱਚੋਂ ਖ਼ਤਮ ਪੁਰਾਣੀਆਂ ਕਿਤਾਬਾਂ ਦੀ ਸ਼ਿਪਮੈਂਟ ਸਾਡੇ ਕੋਲ ਪਹੁੰਚ ਚੁੱਕੀ ਹੈ।

































# ਕਿਰਤੀ ਵੀਰਾਂਗਣਾਂ ਨੌਦੀਪ ਕੌਰ ਅਤੇ ਸ਼ਿਵ ਕੁਮਾਰ ਬਾਰੇ ਖ਼ਾਮੋਸ਼ੀ ਦੇ ਮਾਇਨੇ

**-ਬੂਟਾ ਸਿੰਘ**

ਹਾਲ ਹੀ ਵਿਚ ਕੌਮਾਂਤਰੀ ਪੱਧਰ ’ਤੇ ਚਰਚਾ ਹੋਣ ਕਾਰਨ ਮਜ਼ਦੂਰ ਕਾਰਕੁੰਨ ਨੌਦੀਪ ਕੌਰ ਨਾਲ ਵਧੀਕੀ ਦਾ ਭਾਰਤ ਦੀਆਂ ਜਮਹੂਰੀ ਤਾਕਤਾਂ ਨੂੰ ਵੀ ਨੋਟਿਸ ਲੈਣਾ ਪਿਆ ਹੈ। ‘ਦੇਰ ਆਇਦ, ਦਰੁਸਤ ਆਇਦ’ ਅਨੁਸਾਰ ਨੌਦੀਪ ਕੌਰ ਅਤੇ ਉਸ ਦੇ ਸਾਥੀ ਸ਼ਿਵ ਕੁਮਾਰ ਦੀ ਰਿਹਾਈ ਲਈ ਆਵਾਜ਼ ਉੱਠਣੀ ਸ਼ੁਰੂ ਹੋ ਗਈ ਹੈ। ਕੇਂਦਰੀ ਸਿੰਘ ਸਭਾ ਚੰਡੀਗੜ੍ਹ ਨੇ ਨੌਦੀਪ ਕੌਰ ਦੇ ਮਾਮਲੇ ਦੀ ਪੈਰਵਾਈ ਕਰਨ ਅਤੇ ਪਰਿਵਾਰ ਦੀ ਵਿਤੀ ਮੱਦਦ ਕਰਨ ਦੀ ਜ਼ਿੰਮੇਵਾਰੀ ਓਟੀ ਹੈ। ਉੱਘੇ ਵਕੀਲਾਂ ਵੱਲੋਂ ਉਸ ਦੀ ਜ਼ਮਾਨਤ ਲਈ ਕਾਨੂੰਨੀ ਚਾਰਾਜੋਈ ਕਰਨ ਦੀਆਂ ਖ਼ਬਰਾਂ ਹਨ। ਲੇਕਿਨ ਸ਼ਿਵ ਕੁਮਾਰ ਦੀ ਗ੍ਰਿਫ਼ਤਾਰੀ ਬਾਰੇ ਮਜ਼ਦੂਰ ਜਥੇਬੰਦੀਆਂ ਤੋਂ ਬਿਨਾਂ ਬਾਕੀ ਜਥੇਬੰਦੀਆਂ ਖ਼ਾਮੋਸ਼ ਹਨ। ਹਾਲਾਂਕਿ, ਗ੍ਰਿਫ਼ਤਾਰੀ ਸਿੰਘੂ ਹੱਦ ਉੱਪਰ ਹੋਈ ਸੀ, ਲੇਕਿਨ ਸੰਯੁਕਤ ਕਿਸਾਨ ਮੋਰਚੇ ਨੇ ਤਿੰਨ ਹਫ਼ਤੇ ਤੱਕ ਇਸ ਦੀ ਨਿਖੇਧੀ ਨਹੀਂ ਕੀਤੀ। ਸਾਂਝੇ ਰੂਪ ’ਚ ਨਾ ਸਹੀ, ਕਿਸਾਨ ਜਥੇਬੰਦੀਆਂ ਦੇ ਆਗੂ ਆਪਣੇ ਤੌਰ ’ਤੇ ਗ੍ਰਿਫ਼ਤਾਰੀ ਵਿਰੁੱਧ ਆਵਾਜ਼ ਉਠਾ ਸਕਦੇ ਸਨ। ਉਹ ਸਾਰੇ ਖ਼ਾਮੋਸ਼ ਰਹੇ। ਕੁਛ ਨਿਆਂਪਸੰਦਾਂ ਦੀ ਪਹਿਲਕਦਮੀਂ, ਖ਼ਾਸ ਕਰਕੇ ਅਮਰੀਕਨ ਉੱਪ-ਰਾਸ਼ਟਰਪਤੀ ਕਮਲਾ ਹੈਰਿਸ ਦੀ ਭਣੇਵੀਂ ਮੀਨਾ ਹੈਰਿਸ ਦੀ ਟਵੀਟ ਨਾਲ ਨੌਦੀਪ ਕੌਰ ਦਾ ਮਾਮਲਾ ਕੌਮਾਂਤਰੀ ਪੱਧਰ ’ਤੇ ਚਰਚਾ ਵਿਚ ਆ ਗਿਆ ਹੈ। ਭਾਰਤੀ ਹੁਕਮਰਾਨ ਕਸੂਤੀ ਹਾਲਤ ’ਚ ਘਿਰ ਗਏ ਹਨ ਜੋ ਆਲਮੀ ਜਵਾਬਦੇਹੀ ਤੋਂ ਬਚਣ ਲਈ ‘ਅੰਦਰੂਨੀ ਮਾਮਲਾ’ ਦੀ ਘਸੀਪਿਟੀ ਦਲੀਲ ਦੇਣ ’ਚ ਡੂੰਘਾ ਯਕੀਨ ਰੱਖਦੇ ਹਨ। ਭਗਵੇਂ ਬਰਗੇਡ ਦੇ ਸੱਜੇਪੱਖੀ ਜੋਟੀਦਾਰਾਂ ਨੂੰ ਛੱਡ ਕੇ ਬਾਕੀ ਜ਼ਿਆਦਾਤਰ ਦੁਨੀਆ ਨੇ ਇਸ ਜਾਅਲੀ ਲੋਕਤੰਤਰ ਦਾ ਅਸਲ ਚਿਹਰਾ ਇਕ ਵਾਰ ਫਿਰ ਚੰਗੀ ਤਰ੍ਹਾਂ ਦੇਖ-ਸਮਝ ਲਿਆ ਹੈ।

ਹੁਣ ਆਵਾਜ਼ ਉੱਠਣਾ ਚੰਗੀ ਗੱਲ ਹੈ, ਲੇਕਿਨ ਡੂੰਘੀ ਚਿੰਤਾ ਦੀ ਗੱਲ ਇਹ ਹੈ ਕਿ ਲੋਕ ਹਿਤਾਂ ਲਈ ਸੰਘਰਸ਼ਾਂ ਦੀ ਅਗਵਾਈ ਕਰਨ ਵਾਲੇ ਆਗੂ ਵੀ ਕਈ ਬੇਹੱਦ ਗੰਭੀਰ ਮਾਮਲਿਆਂ ਦਾ ਨੋਟਿਸ ਨਹੀਂ ਲੈਂਦੇ ਅਤੇ ਲੋਕ ਹਿੱਤਾਂ ਲਈ ਜੂਝਣ ਵਾਲੇ ਕਾਰਕੁੰਨ ਨਿਖੇੜੇ ਦੀ ਹਾਲਤ ’ਚ ਸਟੇਟ ਦੇ ਦਹਿਸ਼ਤਗਰਦ ਹਮਲਿਆਂ ਦਾ ਸੰਤਾਪ ਝੱਲਦੇ ਰਹਿੰਦੇ ਹਨ। ਜਮਹੂਰੀ ਹੱਕਾਂ ਦੇ ਕਾਰਕੁੰਨ ਦੀ ਹੈਸੀਅਤ ’ਚ ਮੈਂ ਤੁਰੰਤ 13 ਜਨਵਰੀ ਦੀ ਸਵੇਰ ਨੂੰ ਨੌਦੀਪ ਕੌਰ ਦੀ ਗ੍ਰਿਫ਼ਤਾਰੀ ਦੀ ਨਿਖੇਧੀ ਕਰਦੇ ਹੋਏ ਸੋਸ਼ਲ ਮੀਡੀਆ ਉੱਪਰ ਪੋਸਟ ਪਾਈ, ਜਿਸ ਨੂੰ 248 ਲੋਕਾਂ ਨੇ ਅੱਗੇ ਸ਼ੇਅਰ ਕੀਤਾ ਅਤੇ 358 ਲੋਕਾਂ ਨੇ ਇਸ ਉੱਪਰ ਕੁਮੈਂਟ ਕਰਕੇ ਗ੍ਰਿਫ਼ਤਾਰੀ ਦਾ ਵਿਰੋਧ ਵੀ ਕੀਤਾ। ਲੇਕਿਨ ਜਿੰਨੀ ਸ਼ਿੱਦਤ ਅਤੇ ਗੰਭੀਰਤਾ ਨਾਲ ਇਹ ਮਾਮਲਾ ਉਠਾਕੇ ਉਸ ਦੀ ਰਿਹਾਈ ਲਈ ਮੁਹਿੰਮ ਲਾਮਬੰਦੀ ਹੋਣੀ ਚਾਹੀਦੀ ਸੀ, ਉਹ ਗੰਭੀਰਤਾ ਨਹੀਂ ਦਿਖਾਈ ਗਈ। ਕਹਾਣੀ ਸੋਸ਼ਲ ਮੀਡੀਆ ਉੱਪਰ ਹੀ ਖ਼ਤਮ ਹੋ ਗਈ। ਕਿਸਾਨ ਜਥੇਬੰਦੀਆਂ ਦੀ ਤਾਂ ਗੱਲ ਛੱਡੋ, ਮਜ਼ਦੂਰ ਜਥੇਬੰਦੀਆਂ ਨੇ ਵੀ ਇਸ ਦਾ ਬਾਕਾਇਦਾ ਨੋਟਿਸ ਲੈ ਕੇ ਮਾਮਲਾ ਹੱਥ ਵਿਚ ਨਹੀਂ ਲਿਆ। ਅੱਜ ਜਿਹਨਾਂ ਹਿੱਸਿਆਂ ਨੇ ਇਸ ਮਾਮਲੇ ਨੂੰ ਕਿਸਾਨ ਆਗੂਆਂ ਨੂੰ ਭੰਡਣ ਦਾ ਮੁੱਦਾ ਬਣਾਇਆ ਹੋਇਆ ਹੈ, ਜੋ ਹਰ ਮਾਮਲੇ ਨੂੰ ਕਮਿਊਨਿਸਟਾਂ ਉੱਪਰ ਹਮਲਾ ਕਰਨ ਦਾ ਬਹਾਨਾ ਬਣਾਉਣ ਦੀ ਤਾਕ ’ਚ ਬੈਠੇ ਰਹਿੰਦੇ ਹਨ, ਇਸ ਸਾਰੇ ਸਮੇਂ ਦੌਰਾਨ ਉਹ ਸਾਰੇ ਖ਼ਾਮੋਸ਼ ਰਹੇ।

ਨੌਦੀਪ ਕੌਰ ਜ਼ਿਲ੍ਹਾ ਮੁਕਤਸਰ ਦੇ ਪਿੰਡ ਗੰਧੜ ਦੇ ਦਲਿਤ ਕਿਰਤੀ ਪਰਿਵਾਰ ਦੀ ਜਾਈ ਹੈ। ਪਰਿਵਾਰ ਦਾ ਹੱਥ ਵਟਾਉਣ ਦੇ ਨਾਲ-ਨਾਲ ਉਹ ਦਿੱਲੀ ਯੂਨੀਵਰਸਿਟੀ ਵਿਚ ਅੱਗੇ ਪੜ੍ਹਾਈ ਕਰਨਾ ਚਾਹੁੰਦੀ ਹੈ। ਉਸ ਦਾ ਬਾਕੀ ਪਰਿਵਾਰ ਵੀ ਸਮਾਜਿਕ ਹਿਤਾਂ ਅਤੇ ਸਰੋਕਾਰਾਂ ਨਾਲ ਜੁੜਿਆ ਹੋਇਆ ਹੈ। ਉਸ ਦੀਆਂ ਦੋ ਭੈਣਾਂ ਵਿਦਿਆਰਥੀ ਜਥੇਬੰਦੀਆਂ ਵਿਚ ਸਰਗਰਮ ਆਗੂ ਹਨ ਅਤੇ ਉਸ ਦੇ ਮਾਤਾ ਜੀ ਗੰਧੜ ਬਲਾਤਾਕਾਰ ਕਾਂਡ ਦੇ ਦੋਸ਼ੀਆਂ ਨੂੰ ਜੇਲ੍ਹ ਭਿਜਵਾਉਣ ਲਈ ਸੰਘਰਸ਼ ਵਿਚ ਜੇਲ੍ਹ ਜਾ ਚੁੱਕੇ ਹਨ। ਨੌਦੀਪ ਕੌਰ +2 ਕਰਨ ਤੋਂ ਬਾਦ ਦਿੱਲੀ ਦੇ ਕੁੰਡਲੀ ਸਨਅਤੀ ਖੇਤਰ ਵਿਚ ਬੱਲਬ ਬਣਾ?ਣ ਵਾਲੀ ਐਫਆਈਈਐਮ ਇੰਡਸਟਰੀਜ਼ ਵਿਚ ਨੌਕਰੀ ਕਰਦੀ ਸੀ। ਮਜ਼ਦੂਰ ਅਧਿਕਾਰ ਲਹਿਰ ਵਿਚ ਸਰਗਰਮ ਹੋਣ ਕਾਰਨ ਉਸ ਨੂੰ ਚਾਰ ਮਹੀਨੇ ਬਾਦ ਨੌਕਰੀ ਤੋਂ ਕੱਢ ਦਿੱਤਾ ਗਿਆ ਸੀ। ਜਦ ਕਾਲੇ ਕਾਨੂੰਨਾਂ ਨੂੰ ਰੱਦ ਕਰਾਉਣ ਲਈ ਮਹਾ ਅੰਦੋਲਨ ਨੇ ਦਿੱਲੀ ਦੀਆਂ ਹੱਦਾਂ ਉੱਪਰ ਮੋਰਚੇ ਮੱਲ ਲਏ ਤਾਂ ਨੌਦੀਪ ਕੌਰ ਵੀ ਪਿੱਛੇ ਨਾ ਰਹੀ। ਉਸ ਨੇ ਆਪਣੇ ਸਾਥੀਆਂ ਸਮੇਤ ਕੁੰਡਲੀ ਖੇਤਰ ਦੇ ਮਜ਼ਦੂਰਾਂ ਨੂੰ ਮਹਾ ਅੰਦੋਲਨ ਦੀ ਹਮਾਇਤ ’ਚ ਲਾਮਬੰਦ ਕਰਨ ਲਈ ਮੁਹਿੰਮ ਚਲਾਉਣੀ ਸ਼ੁਰੂ ਕਰ ਦਿੱਤੀ। ਉਹਨਾਂ ਦੇ ਯਤਨਾਂ ਨਾਲ ਮਜ਼ਦੂਰਾਂ ਦੇ ਕਾਫ਼ਲੇ ਸਿੰਘੂ ਹੱਦ ਉੱਪਰ ਇਤਿਹਾਸਕ ਸੰਘਰਸ਼ ਵਿਚ ਲਗਾਤਾਰ ਹਿਸਾ ਲੈ ਰਹੇ ਸਨ। ਨਾਲ ਦੀ ਨਾਲ ਨੌਦੀਪ ਕੌਰ ਫੈਕਟਰੀ ਮਾਲਕਾਂ ਦੀਆਂ ਮਨਮਾਨੀਆਂ ਅਤੇ ਮਜ਼ਦੂਰਾਂ ਦੇ ਸੋਸ਼ਣ ਵਿਰੁੱਧ ਆਵਾਜ਼ ਉਠਾ ਰਹੀ ਸੀ। ਸਿੰਘੂ ਹੱਦ ਉੱਪਰ ਉਹਨਾਂ ਨੇ ਵੀ ਆਪਣਾ ਟੈਂਟ ਲਗਾਇਆ ਹੋਇਆ ਸੀ, ਜਿੱਥੋਂ ਰਾਤ ਸਮੇਂ ਪੁਲਿਸ ਉਸ ਨੂੰ ਅਗਵਾ ਕਰਕੇ ਲੈ ਗਈ ਅਤੇ ਜੇਲ੍ਹ ਵਿਚ ਡੱਕ ਦਿੱਤਾ। ਕੁਛ ਦਿਨ ਬਾਦ ਉਸ ਦੇ ਸਾਥੀ ਸ਼ਿਵ ਕੁਮਾਰ, ਜੋ ਮਜ਼ਦੂਰ ਅਧਿਕਾਰ ਸੰਗਠਨ ਦੇ ਪ੍ਰਧਾਨ ਹਨ, ਨੂੰ ਵੀ ਗ੍ਰਿਫ਼ਤਾਰ ਕਰ ਲਿਆ ਗਿਆ। ਸ਼ਿਵ ਕੁਮਾਰ ਹਰਿਆਣਾ ਦੇ ਇਕ ਗਰੀਬ ਦਲਿਤ ਪਰਿਵਾਰ ਨਾਲ ਸੰਬੰਧਿਤ ਹਨ। ਫੈਕਟਰੀ ਮਾਲਕਾਂ ਦੇ ਇਸ਼ਾਰੇ ’ਤੇ ਸੋਨੀਪਤ ਪੁਲਿਸ ਵੱਲੋਂ ਹਿਰਾਸਤ ਵਿਚ ਉਸ ਨੂੰ ਨਿਹਾਇਤ ਬੇਕਿਰਕੀ ਨਾਲ ਤਸੀਹੇ ਦਿੱਤੇ ਗਏ। ਉਸ ਦੇ ਪੈਰਾਂ ਦੇ ਨਹੁੰ ਖਿਚ ਦਿੱਤੇ ਗਏ ਅਤੇ ਉਸ ਨੂੰ ਕਿਸੇ ਤਿੱਖੀ ਚੀਜ਼ ਨਾਲ, ਸੰਭਵ ਹੈ ਕਿੱਲਾਂ ਨਾਲ ਕੋਹਿਆ ਗਿਆ ਜਿਸ ਦੀ ਤਸਦੀਕ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਆਦੇਸ਼ ’ਤੇ ਸਰਕਾਰੀ ਮੈਡੀਕਲ ਚੰਡੀਗੜ੍ਹ ਦੇ ਡਾਕਟਰਾਂ ਦੇ ਪੈਨਲ ਵੱਲੋਂ ਕੀਤੀ ਮੈਡੀਕਲ ਜਾਂਚ ਵਿਚ ਹੋਈ ਹੈ।



ਨੌਦੀਪ ਕੌਰ ਦੀ ਗ੍ਰਿਫ਼ਤਾਰੀ 12 ਜਨਵਰੀ 2021 ਦੀ ਰਾਤ ਨੂੰ ਹੋਈ, ਅਗਲੇ ਦਿਨ ‘ਸ਼ਹੀਦ ਭਗਤ ਸਿੰਘ ਛਾਤਰ ਏਕਤਾ ਮੰਚ’ ਦੇ ਕਾਰਕੁੰਨਾਂ ਨੇ ਇਹ ਸੂਚਨਾ ਸੋਸ਼ਲ ਮੀਡੀਆ ਉੱਪਰ ਪਾ ਦਿੱਤੀ ਕਿ ਫੈਕਟਰੀ ਮਾਲਕਾਂ ਦੇ ਗੁੰਡਿਆਂ ਵੱਲੋਂ 2 ਜਨਵਰੀ ਨੂੰ ਸਰੇਆਮ ਪੁਲਿਸ ਅਧਿਕਾਰੀਆਂ ਦੀ ਸ਼ਹਿ ਨਾਲ ਮਜ਼ਦੂਰਾਂ ਨੂੰ ਦਹਿਸ਼ਤਜ਼ਦਾ ਕਰਨ ਲਈ ਗੋਲੀਆਂ ਚਲਾਈਆਂ ਗਈਆਂ ਸਨ। ਫੈਕਟਰੀ ਮਾਲਕ ਮਜ਼ਦੂਰਾਂ ਦੀਆਂ ਉਜ਼ਰਤਾਂ ਨਹੀਂ ਦੇ ਰਹੇ ਸਨ ਅਤੇ ਉਹਨਾਂ ਦਾ ਬੇਕਿਰਕੀ ਨਾਲ ਸ਼ੋਸ਼ਣ ਕਰ ਰਹੇ ਸਨ। ਕੁੰਡਲੀ ?ਦਯੋਗਿਕ ਐਸੋਸੀਏਸ਼ਨ (ਕੇਆਈਏ) ਅਤੇ ਮਜ਼ਦੂਰ ਸ਼ੋਸ਼ਣ ਦੀ ਪੁਸ਼ਤਪਨਾਹੀ ਕਰਨ ਵਾਲਾ ਹਰਿਆਣਾ ਪ੍ਰਸ਼ਾਸਨ ਨੌਦੀਪ ਕੌਰ ਅਤੇ ਉਸ ਦੇ ਸਾਥੀਆਂ ਦੀਆਂ ਸਰਗਰਮੀਆਂ ਤੋਂ ਖ਼ਫ਼ਾ ਸਨ। ਉਹਨਾਂ ਨੂੰ ਡਰ ਸੀ ਕਿ ਮੌਜੂਦਾ ਮਹਾ ਅੰਦੋਲਨ ਦੌਰਾਨ ਮਜ਼ਦੂਰਾਂ ਦੀ ਹੱਕ-ਜਤਾਈ ਕਿਤੇ ਬੜੇ ਪੈਮਾਨੇ ਦਾ ਮਜ਼ਦੂਰ ਅੰਦੋਲਨ ਨਾ ਬਣ ਜਾਵੇ, ਕਿਉਂਕਿ ਮਜ਼ਦੂਰ ਵਰਗ ਵਿਚ ਕਿਰਤ ਕਾਨੂੰਨਾਂ ਵਿਚ ਤਾਜ਼ਾ ਸੋਧਾਂ ਵਿਰੁੱਧ ਬੇਚੈਨੀ ਫੈਲ ਰਹੀ ਹੈ। ਪੁਲਿਸ ਗੁੰਡਿਆਂ ਅਤੇ ਫੈਕਟਰੀ ਮਾਲਕਾਂ ਉੱਪਰ ਐਫ.ਆਈ.ਆਰ. ਦਰਜ ਕਰਨ ਤੋਂ ਇਨਕਾਰੀ ਹੈ। ਉਲਟਾ ਨੌਦੀਪ ਕੌਰ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਉਸ ਉੱਪਰ ਪੂਰੀ ਤਰ੍ਹਾਂ ਝੂਠਾ ਕੇਸ ਪਾ ਦਿੱਤਾ ਗਿਆ। ਹੁਣ ਕੁੰਡਲੀ ਇੰਡਸਟ੍ਰੀਅਲ ਐਸੋਸੀਏਸ਼ਨ ਦੇ ਮੁਖੀ ਇਸ ਗੱਲ ਤੋਂ ਹੀ ਮੁੱਕਰ ਗਏ ਹਨ ਕਿ ਨੌਦੀਪ ਕੌਰ ਇਸ ਇਲਾਕੇ ਦੀ ਇਕ ਫੈਕਟਰੀ ਵਿਚ ਕੰਮ ਕਰਦੀ ਸੀ। ਸਰਮਾਏਦਾਰਾ ਲੋਟੂ ਲਾਣਾ ਹੁਣ ਇਸ ਤੋਂ ਅਣਜਾਣਤਾ ਦਾ ਨਾਟਕ ਕਰ ਰਿਹਾ ਹੈ ਕਿ ਨੌਦੀਪ ਕੌਰ ਨਾਲ ਹਿਰਾਸਤ ਵਿਚ ਪੁਲਿਸ ਵੱਲੋਂ ਜਿਨਸੀ ਹਿੰਸਾ ਅਤੇ ਹੋਰ ਵਧੀਕੀਆਂ ਕੀਤੀਆਂ ਗਈਆਂ ਹਨ। ਦੂਜੇ ਪਾਸੇ, ਇਹ ਸ਼ਖ਼ਸ ਇਹ ਵੀ ਦਾਅਵਾ ਕਰ ਰਹੇ ਹਨ ਕਿ ਲਾਲ ਝੰਡੇ ਵਾਲੀਆਂ ਯੂਨੀਅਨਾਂ ਫੈਕਟਰੀ ਮਾਲਕਾਂ ਨੂੰ ਪ੍ਰੇਸ਼ਾਨ ਕਰ ਰਹੀਆਂ ਹਨ। ਉਹ ਕਹਿ ਰਹੇ ਹਨ ਕਿ ਜੇ ਫੈਕਟਰੀਆਂ ਵਿਚ ਨਿੱਜੀ ਸਕਿਊਰਿਟੀ ਗਾਰਡ ਨਾ ਹੁੰਦੇ ਤਾਂ ਯੂਨੀਅਨ ਆਗੂਆਂ ਨੇ ਮਜ਼ਦੂਰਾਂ ਨੂੰ ਭੜਕਾ ਕੇ ਸਾਡੇ ਸਿਰ ਪੜਵਾ ਦੇਣੇ ਸਨ। ਉਹ ਇਹ ਵੀ ਕਹਿ ਰਹੇ ਹਨ ਕਿ ਨੌਦੀਪ ਕੌਰ ਸ਼ਾਹੀਨ ਬਾਗ਼ ਪ੍ਰਦਰਸ਼ਨਾਂ ਵਿਚ ਵੀ ਹਿੱਸਾ ਲੈਂਦੀ ਸੀ। ਇਹ ਬਿਰਤਾਂਤ ਸਿਰਜ ਕੇ ਉਹ ਮਾਮਲੇ ਨੂੰ ਫਿਰਕੂ ਰੰਗਤ ਦੇਣ ਦੀ ਚਾਲ ਖੇਡ ਰਹੇ ਹਨ।

ਇਸ ਝੂਠੇ ਬਿਰਤਾਂਤ ਤੋਂ ਅਸਲ ਕਹਾਣੀ ਸਮਝੀ ਜਾ ਸਕਦੀ ਹੈ। ਫੈਕਟਰੀ ਮਾਲਕਾਂ ਨੂੰ ਮਜ਼ਦੂਰਾਂ ਦਾ ਆਪਣੇ ਹੱਕਾਂ ਦੀ ਰਾਖੀ ਯੂਨੀਅਨ ਬਣਾਉਣ ਅਤੇ ਇਕੱਠੇ ਹੋਣ ਦੇ ਸੰਵਿਧਾਨਕ ਹੱਕ ਇਸਤੇਮਾਲ ਕਰਨਾ ਬਹੁਤ ਚੁਭਦਾ ਹੈ। ਸਰਮਾਏਦਾਰੀ ਦੀ ਰਾਖੀ ਲਈ ਆਰ.ਐੱਸ.ਐੱਸ.-ਭਾਜਪਾ ਸਰਕਾਰ ਨੇ ਪਿਛਲੇ ਮਹੀਨਿਆਂ ’ਚ ਯੂਨੀਅਨ ਬਣਾਉਣ ਅਤੇ ਸੰਘਰਸ਼ ਦਾ ਹੱਕ ਖੋਹਣ ਲਈ ਕਾਨੂੰਨਾਂ ਵਿਚ ਬੇਕਿਰਕ ਰੱਦੋਬਦਲ ਕਰਕੇ ਸੰਵਿਧਾਨਕ ਹੱਕ ਨੂੰ ਗ਼ੈਰਕਾਨੂੰਨੀ ਬਣਾ ਦਿੱਤਾ ਹੈ। ਜ਼ਮੀਨੀਂ ਪੱਧਰ ’ਤੇ ਆਰ.ਐੱਸ.ਐੱਸ. ਦੀ ਵਿਚਾਰਧਾਰਾ ਕਿਰਤੀ ਜਮਾਤ ਉੱਪਰ ਹਮਲਾ ਕਰਨ ਦਾ ਇਕ ਮੁੱਖ ਹਥਿਆਰ ਹੈ। ਸੰਘ ਪਰਿਵਾਰ ਦੇ ਟੋਲੇ ਸਰਮਾਏਦਾਰੀ ਦੇ ਗੁੰਡਿਆਂ ਦੀ ਭੂਮਿਕਾ ਨਿਭਾਉਣ ਤੋਂ ਵੀ ਗੁਰੇਜ਼ ਨਹੀਂ ਕਰਦੇ। ਦਸੰਬਰ 2020 ’ਚ ਹਿੰਦੂ ਜਾਗਰਿਤੀ ਮੰਚ ਨਾਂਅ ਦੇ ਇਕ ਗਰੋਹ ਨੇ ਕੁੰਡਲੀ ਖੇਤਰ ਵਿਚ ਮਜ਼ਦੂਰ ਅਧਿਕਾਰ ਲਹਿਰ ਦੇ ਕਾਰਕੁੰਨਾਂ ਉੱਪਰ ਸਰੇਆਮ ਹਮਲਾ ਕਰਕੇ ਮਜ਼ਦੂਰ ਲਾਮਬੰਦੀ ਨੂੰ ਤੋੜਣ ਦੀ ਕੋਸ਼ਿਸ਼ ਕੀਤੀ ਸੀ।

ਨੌਦੀਪ ਕੌਰ 12 ਜਨਵਰੀ ਤੋਂ ਬਿਨਾਂ ਜ਼ਮਾਨਤ ਹਿਰਾਸਤ ਵਿਚ ਹੈ ਅਤੇ ਕਰਨਾਲ ਜੇਲ੍ਹ ਵਿਚ ਬੰਦ ਹੈ। ਫੈਕਟਰੀ ਮਾਲਕਾਂ ਅਤੇ ਪੁਲਿਸ ਦੇ ਨਾਪਾਕ ਗੱਠਜੋੜ ਵੱਲੋਂ ਉਹਨਾਂ ਵਿਰੁੱਧ ਤਿੰਨ ਐਫਆਈਆਰ ਦਰਜ ਕਰਵਾਈਆਂ ਗਈਆਂ ਹਨ। ਉਹਨਾਂ ਉੱਪਰ ਘਾਤਕ ਹਥਿਆਰ ਰੱਖਣ, ਗ਼ੈਰਕਾਨੂੰਨੀ ਇਕੱਠ ਕਰਨ, ਸਰਕਾਰੀ ਅਧਿਕਾਰੀਆਂ ਨੂੰ ਡਿਊਟੀ ਕਰਨ ਤੋਂ ਰੋਕਣ, ਫਿਰੌਤੀ ਵਸੂਲਣ, ਅਪਰਾਧਿਕ ਧਮਕੀਆਂ ਦੇਣ, ਫੈਕਟਰੀ ਵਿਚ ਗ਼ੈਰਕਾਨੂੰਨੀ ਤੌਰ ’ਤੇ ਦਾਖ਼ਲ ਹੋਣ ਅਤੇ ਇਰਾਦਾ ਕਤਲ ਦੀਆਂ ਸੰਗੀਨ ਧਾਰਾਵਾਂ ਲਗਾਈਆਂ ਗਈਆਂ ਹਨ ਤਾਂ ਜੁ ਉਹ ਲੰਮਾ ਸਮਾਂ ਬਿਨਾਂ ਜ਼ਮਾਨਤ ਜੇਲ੍ਹ ਵਿਚ ਸੜਦੇ ਰਹਿਣ। ਉਸ ਦੀ ਜ਼ਮਾਨਤ ਦੀ ਅਰਜ਼ੀ ਸੈਸ਼ਨ ਜੱਜ ਵੱਲੋਂ ਦੋ ਵਾਰ ਰੱਦ ਕਰ ਦਿੱਤੀ ਗਈ। ਕੁਛ ਕੇਸਾਂ ਵਿਚ ਉਸ ਨੂੰ ਜ਼ਮਾਨਤ ਮਿਲ ਗਈ ਹੈ ਅਤੇ ਇਕ ਅਰਜ਼ੀ ਸੁਣਵਾਈ ਅਧੀਨ ਹੈ। ਇਸੇ ਤਰ੍ਹਾਂ ਸ਼ਿਵ ਕੁਮਾਰ ਵੀ ਅਜੇ ਤੱਕ ਬਿਨਾਂ ਜ਼ਮਾਨਤ ਜੇਲ੍ਹ ਵਿਚ ਬੰਦ ਹੈ। ਅਦਾਲਤਾਂ ਦੇ ਜੱਜਾਂ ਵੱਲੋਂ ਆਪਣਾ ਦਿਮਾਗ ਵਰਤ ਕੇ ਫ਼ੈਸਲੇ ਲੈਣ ਦੀ ਬਜਾਏ ਸਰਕਾਰੀ ਪੱਖ ਵੱਲੋਂ ਪੇਸ਼ ਦਲੀਲਾਂ ਨੂੰ ਮੰਨ ਕੇ ਮੁਲਜ਼ਮ ਨੂੰ ਜ਼ਮਾਨਤ ਦਾ ਹੱਕ ਦੇਣ ਤੋਂ ਇਨਕਾਰ ਕਰਨਾ ਆਮ ਹੈ। ਇਸ ਮਾਮਲੇ ’ਚ ਵੀ ਪੁਲਿਸ ਅਧਿਕਾਰੀਆਂ ਵੱਲੋਂ ਮੋਟੀਆਂ ਰਿਸ਼ਵਤਾਂ ਲੈ ਕੇ ਜੋ ਪੂਰੀ ਤਰ੍ਹਾਂ ਝੂਠੀ ਕਹਾਣੀ ਘੜੀ ਗਈ, ਜੱਜ ਨੇ ਅੱਖਾਂ ਮੀਟ ਕੇ ਮਨਜ਼ੂਰ ਕਰ ਲਈ ਅਤੇ ਜ਼ਮਾਨਤ ਦੀਆਂ ਅਰਜ਼ੀਆਂ ਰੱਦ ਕਰ ਦਿੱਤੀਆਂ ਗਈਆਂ। ਨੌਦੀਪ ਕੌਰ ਦਾ ਸਹੀ ਡਾਕਟਰੀ ਮੁਆਇਨਾ ਨਹੀਂ ਹੋਣ ਦਿੱਤਾ ਗਿਆ। ਜੋ ਵੀ ਡਾਕਟਰੀ ਰਿਪੋਰਟ ਹੈ, ਉਹ ਪੁਲਿਸ ਹਿਰਾਸਤ ਵਿਚ ਉਸ ਉੱਪਰ ਮਰਦ ਪੁਲਸੀਆਂ ਵੱਲੋਂ ਕੀਤੇ ਵਹਿਸ਼ੀ ਤਸ਼ੱਦਦ ਅਤੇ ਉਸ ਦੇ ਜਨਣ ਅੰਗਾਂ ਉੱਪਰ ਜਿਨਸੀ ਹਮਲੇ ਦੀ ਤਸਦੀਕ ਕਰਦੀ ਹੈ। ਇਹ ਲਾਕਾਨੂੰਨੀਆਂ ਕਰਨ ਵਾਲੇ ਪੁਲਿਸ ਅਧਿਕਾਰੀ ਕਾਨੂੰਨ ਦੇ ਠੇਕੇਦਾਰ ਬਣੇ ਹੋਏ ਹਨ ਕਿਉਂਕਿ ਸਟੇਟ ਲਾਕਾਨੂੰਨੀਆਂ ਅਤੇ ਮਜ਼ਲੂਮ ਹਿੱਸਿਆਂ ਵਿਰੁੱਧ ਜੁਰਮਾਂ ਦੀ ਪੁਸ਼ਤਪਨਾਹੀ ਕਰਦਾ ਹੈ ਅਤੇ ਜਾਬਰ ਤੇ ਭ੍ਰਿਸ਼ਟ ਪੁਲਿਸ ਮਸ਼ੀਨਰੀ ਜਵਾਬਦੇਹੀ ਤੋਂ ਪੂਰੀ ਤਰ੍ਹਾਂ ਮੁਕਤ ਹੈ।

ਹਿਰਾਸਤੀ ਕਤਲ, ਤਸ਼ੱਦਦ ਅਤੇ ਔਰਤਾਂ ਨਾਲ ਬਲਾਤਕਾਰ ਨਵੀਂ ਗੱਲ ਨਹੀਂ। ਇਸ ਬਾਰੇ ਮੁੱਖਧਾਰਾ ਸਿਆਸਤ ਆਮ ਹੀ ਖ਼ਾਮੋਸ਼ ਰਹਿੰਦੀ ਹੈ। ਇਨਸਾਫ਼ਪਸੰਦ ਕਹਾਉਣ ਵਾਲੇ ਅਗਾਂਹਵਧੂ ਹਿੱਸਿਆਂ ਦਾ ਰਵੱਈਆ ਵੀ ਚੋਣਵਾਂ ਹੁੰਦਾ ਹੈ। ਕਸ਼ਮੀਰ, ਛੱਤੀਸਗੜ੍ਹ ਅਤੇ ਹੋਰ ਮਾਓਵਾਦੀ ਜ਼ੋਰ ਵਾਲੇ ਇਲਾਕਿਆਂ ਵਿਚ ਵਰਦੀਧਾਰੀਆਂ ਵੱਲੋਂ ਔਰਤਾਂ ਦੇ ਸਮੂਹਿਕ ਬਲਾਤਕਾਰਾਂ ਅਤੇ ਹੋਰ ਜਿਨਸੀ ਹਿੰਸਾ ਉੱਪਰ ਰਾਸ਼ਟਰਵਾਦ ਦੇ ਡੰਗੇ ਰਵਾਇਤੀ ਖੱਬੇਪੱਖੀ ਅਤੇ ਹੋਰ ਇਨਸਾਫ਼ਪਸੰਦ ਕਦੇ ਅੰਦੋਲਨ ਨਹੀਂ ਕਰਦੇ। ਜਦ ਹਿਰਾਸਤ ਦੌਰਾਨ ਆਦਿਵਾਸੀ ਕਾਰਕੁੰਨ ਸੋਨੀ ਸੋਰੀ ਦੇ ਗੁਪਤ ਅੰਗਾਂ ਵਿਚ ਪੱਥਰ ਧੱਕਣ ਵਾਲੇ ਪੁਲਿਸ ਅਧਿਕਾਰੀ ਨੂੰ ਗਣਤੰਤਰ ਦਿਵਸ ਉੱਪਰ ਵਿਸ਼ੇਸ਼ ਸਨਮਾਨ ਦੇ ਕੇ ਸਨਮਾਨਿਤ ਕੀਤਾ, ਉਦੋਂ ਕੋਈ ਅੰਦੋਲਨ ਨਹੀਂ ਹੋਇਆ। ਜਾਗਰੂਕਤਾ ਦਾ ਹਾਲ ਇਹ ਹੈ ਕਿ ਹਿਰਾਸਤੀ ਕਤਲ, ਝੂਠੇ ਪੁਲਿਸ ਮੁਕਾਬਲੇ, ਹਿਰਾਸਤ ਵਿਚ ਔਰਤਾਂ ਉੱਪਰ ਜਿਨਸੀ ਹਿੰਸਾ ਜ਼ਿਆਦਾਤਰ ਲੋਕਾਂ ਲਈ ਕੋਈ ਮੁੱਦਾ ਨਹੀਂ ਹੈ। ਖ਼ਾਸ ਕਰਕੇ, ਜੇ ਔਰਤ ਦਲਿਤ, ਕਸ਼ਮੀਰ, ਮੁਸਲਮਾਨ ਜਾਂ ਕਿਸੇ ਹੋਰ ਨਿਤਾਣੇ ਭਾਈਚਾਰੇ ਦੀ ਹੈ।

ਹਾਲਾਂਕਿ ਇਸ ਵਕਤ ਖੇਤੀ ਕਾਨੂੰਨਾਂ ਵਿਰੁੱਧ ਮਹਾ ਅੰਦੋਲਨ ਨਾਲ ਗਰਮਾਏ ਮਾਹੌਲ ਵਿਚ ਮਨੁੱਖੀ ਹੱਕਾਂ ਲਈ ਜੂਝਣ ਦੀ ਨਵੀਂ ਚੇਤਨਾ ਆਈ ਹੈ, ਫਿਰ ਵੀ ਨੌਦੀਪ ਕੌਰ ਉੱਪਰ ਜ਼ੁਲਮਾਂ ਦੀ ਕਹਾਣੀ ਨੂੰ ਚਰਚਾ ਵਿਚ ਆਉਣ ਲਈ 24-25 ਦਿਨ ਲੱਗ ਗਏ। ਇਸ ਡੂੰਘੇ ਰੂਪ ’ਚ ਜਾਤਪਾਤੀ, ਮਰਦਾਵੀਂ ਸੋਚ ਵਾਲੇ ਅਤੇ ਸਮਾਜਿਕ ਨਿਆਂ ਵਿਰੋਧੀ ਸਮਾਜ ਵਿਚ ਮਜ਼ਲੂਮ ਹਿੱਸਿਆਂ ਨੂੰ ਆਪਣੇ ਨਾਲ ਹੋਏ ਧੱਕੇ ਅਤੇ ਅਨਿਆਂ ਦੀ ਦਾਸਤਾਨ ਸੁਣਾਉਣ ਲਈ ਵੀ ਲੰਮੇ ਸੰਤਾਪ ਵਿੱਚੋਂ ਗੁਜ਼ਰਨਾ ਪੈਂਦਾ ਹੈ। ਸੰਯੁਕਤ ਕਿਸਾਨ ਮੋਰਚੇ ਨੇ ਇਸ ਦਾ ਨੋਟਿਸ ਨਹੀਂ ਲਿਆ, ਵਿਅਕਤੀਗਤ ਕਿਸਾਨ ਜਥੇਬੰਦੀਆਂ ਨੇ ਵੀ ਨਹੀਂ। ਸਟੇਟ ਕਿੰਨਾ ਕੁ ਲੋਕਤੰਤਰੀ ਹੈ ਇਹ ਵੱਖਰਾ ਸਵਾਲ ਹੈ, ਜੇ ਜਾਗਰੂਕ ਹਿੱਸੇ ਵੀ ਮਨੁੱਖੀ ਹੱਕਾਂ ਦੇ ਘਾਣ ਪ੍ਰਤੀ ਸਰੋਕਾਰ ਨਹੀਂ ਦਿਖਾਉਂਦੇ ਤਾਂ ਉਹਨਾਂ ਦਾ ਲੋਕਤੰਤਰੀ ਅਤੇ ਅਗਾਂਹਵਧੂ ਹੋਣਾ ਵੀ ਸਵਾਲਾਂ ਦੇ ਘੇਰੇ ਵਿਚ ਹੈ। ਭਾਰਤੀ ਸਮਾਜ ਵਿਚ ਇਸ ਸਮੱਸਿਆ ਦੀਆਂ ਜੜ੍ਹਾਂ ਬਹੁਤ ਡੂੰਘੀਆਂ ਹਨ। ਅਮਰੀਕਾ ਵਰਗੇ ਸਮਾਜ ਵਿਚ ਇਕ ਸਿਆਹਫ਼ਾਮ ਵਿਅਕਤੀ ਦਾ ਪੁਲਿਸ ਵੱਲੋਂ ਜਨਤਕ ਕਤਲ ਭਾਰੀ ਸਮਾਜੀ ਉੱਥਲ-ਪੁੱਥਲ ਨੂੰ ਜਨਮ ਦਿੰਦਾ ਹੈ, ਭਾਰਤ ਵਿਚ ਮਨੁੱਖੀ ਹੱਕਾਂ ਪ੍ਰਤੀ ਸਰੋਕਾਰ ਵਿਅਕਤੀ ਦੀ ਜਾਤ, ਲਿੰਗ ਅਤੇ ਧਾਰਮਿਕ ਪਛਾਣ ਦੇ ਆਧਾਰ ’ਤੇ ਤੈਅ ਹੁੰਦਾ ਹੈ।

ਇਸ ਸਥਿਤੀ ਨੂੰ ਬਦਲਣ ਲਈ ਯੁਗ-ਪਲਟਾਊ ਹੰਭਲਾ ਮਾਰਨ ਦੀ ਲੋੜ ਹੈ।



# ਟੂਲਕਿਟ ਵਾਲੀ ਬੀਬੀ ਗਰੇਟਾ ਥਨਬਰਗ ਕੌਣ ਹੈ ?

**ਅਜਾਇਬ ਸਿੰਘ ਟਿਵਾਣਾ**

ਪਿਛਲੇ ਦਿਨਾਂ ’ਚ ਵਾਤਾਵਰਨ ਕਾਰਕੁਨ ਦਿਸ਼ਾ ਰਵੀ ਨੂੰ ਟੂਲਕਿਟ ਮਾਮਲੇ ’ਚ ਹਿਰਾਸਤ ’ਚ ਲਿਆ ਗਿਆ ਸੀ ਅਤੇ ਉਸ ਤੋਂ ਇਲਾਵਾ ਇੰਜੀਨੀਅਰ ਸ਼ਾਂਤਨੂ ਮੁਲਕ ਅਤੇ ਵਕੀਲ ਨਿਕਿਤਾ ਜੈਕਬ ਨੂੰ ਪੁਲਿਸ ਵੱਲੋਂ ਸਹਿ-ਮੁਲਜ਼ਮ ਨਾਮਜਦ ਕੀਤਾ ਗਿਆ ਸੀ। ਇੱਥੇ ਹੀ ਵੱਸ ਨਹੀਂ ਇਸ ਕੇਸ ਦੀਆਂ ਤੰਦਾਂ ਭਾਰਤ ਦੇ ਕਿਸਾਨਾਂ ਦੇ ਸੰਘਰਸ਼ ਦੀ ਹਮਾਇਤ ਕਰਨ ਵਾਲੀ ਵਿਸ਼ਵ ਪ੍ਰਸਿੱਧ ਵਾਤਾਵਰਨ ਕਾਰਕੁਨ ਗਰੇਟਾ ਥਨਬਰਗ ਨਾਲ ਜੋੜਕੇ ਇਸ ਨੂੰ ‘ਭਾਰਤ ਖਿਲਾਫ਼ ਕੌਮਾਂਤਰੀ ਸ਼ਾਜਿਸ਼’ ਦਾ ਰੂਪ ਦੇ ਦਿੱਤਾ ਗਿਆ।ਅਜਿਹੀ ਸਥਿਤੀ ਵਿੱਚ ਇਹ ਲਾਜਮੀ ਬਣ ਜਾਂਦਾ ਹੈ ਕਿ ਅਸਲੀਅਤ ਨੂੰ ਜਾਣਿਆ ਜਾਵੇ। ਗਰੇਟਾ ਥਨਬਰਗ ਸਵੀਡਨ ਦੀ ਸਿਰਫ 18 ਸਾਲਾਂ ਦੀ ਉਹ ਹੋਣਹਾਰ ਲੜਕੀ ਹੈ ਜਿਸ ਨੂੰ ਪਾਕਿਸਤਾਨ ਦੀ ਮਲਾਲਾ ਯੂਸਫਜਈ ਤੋਂ ਬਾਅਦ ਇੰਨੀ ਛੋਟੀ ਉਮਰ ’ਚ ਵਿਸ਼ਵ ਭਰ ’ਚ ਅਥਾਹ ਪਿਆਰ ਅਤੇ ਸਤਿਕਾਰ ਮਿਲਿਆ ਹੈ। ਉਹ ਕਹਿੰਦੀ ਹੈ ਕਿ ਕੋਈ ਵੀ ਐਨਾ ਛੋਟਾ ਨਹੀਂ ਹੁੰਦਾ ਜਿਸ ਨਾਲ ਕੋਈ ਫਰਕ ਨਾ ਪਵੇ।

ਉਸ ਦਾ ਨਾਮ ਦੋ ਵਾਰ (2019 ਅਤੇ 2020) ਨੋਬਲ ਸ਼ਾਂਤੀ ਪੁਰਸਕਾਰ ਲਈ ਨਾਮਜਦ ਕੀਤਾ ਜਾ ਚੁੱਕਾ ਹੈ ਅਤੇ ਅਨੇਕਾਂ ਇਨਾਮ ਸਨਮਾਨ ਮਿਲ ਚੁੱਕੇ ਹਨ।2019 ਦੀ ਫੋਰਬਸ ਦੀ ਸੂਚੀ ਵਿੱਚ ਉਸ ਦਾ ਨਾਂ ਦੁਨੀਆਂ ਦੀਆਂ 100 ਸਭ ਤੋਂ ਵੱਧ ਸ਼ਕਤੀਸ਼ਾਲੀ ਔਰਤਾਂ ’ਚ ਸ਼ਾਮਿਲ ਕੀਤਾ ਗਿਆ ਸੀ। ਉਸ ਨੇ 15 ਸਾਲ ਦੀ ਉਮਰ ’ਚ ਆਪਣੀ ਪੜ੍ਹਾਈ ਨੂੰ ਮਨੁੱਖਤਾ ਦੇ ਹਿਤਾਂ ’ਚ ਦਾਅ ਤੇ ਲਾ ਦਿੱਤਾ ਹੈ। ਉਸ ਨੇ ਅਗਸਤ 2018 ’ਚ ਸਕੂਲ ਦੀ ਚਾਰ ਦੀਵਾਰੀ ਤੋਂ ਬਾਹਰ ਆਕੇ ਸਟਾਕਹੋਮ ਵਿਖੇ ਸਵੀਡਨ ਦੀ ਪਾਰਲੀਮੈਂਟ ਦੇ ਬਾਹਰ ਇਸ ਲਈ ਰੋਸ ਪ੍ਰਦਰਸ਼ਨ ਕਰਨਾ ਸ਼ੁਰੂ ਕਰ ਦਿੱਤਾ ਸੀ ਕਿ ਦੁਨੀਆਂ ਦੇ ਰਾਜਨੀਤਕ ਆਗੂਆਂ ਵੱਲੋਂ ਵਾਤਾਵਰਨ ’ਚ ਵਧ ਰਹੇ ਪ੍ਰਦੂਸ਼ਨ ਨੂੰ ਰੋਕਣ ਲਈ ਅਮਲ ’ਚ ਕੁੱਝ ਨਹੀਂ ਕੀਤਾ ਜਾ ਰਿਹਾ ਜਦੋਂ ਕਿ ਨੌਜਵਾਨ ਅਤੇ ਆਉਣ ਵਾਲੀਆਂ ਪੀੜੀਆਂ ਦਾ ਭਵਿੱਖ ਗੰਭੀਰ ਖਤਰੇ ਦਾ ਸਾਹਮਣਾ ਕਰ ਰਿਹਾ ਹੈ।ਉਸ ਨੇ ਉਸ ਨੂੰ ਸਕੂਲ ਵਾਪਸ ਜਾਣ ਦੀ ਨਸੀਹਤ ਦੇਣ ਵਾਲਿਆਂ ਨੂੰ ਕੋਰੇ ਸ਼ਬਦਾਂ ’ਚ ਕਿਹਾ ਕਿ ਜੇਕਰ ਤਹਾਨੂੰ ਸਾਡਾ ਇੰਨਾ ਹੀ ਫਿਕਰ ਹੈ ਤਾਂ ਤੁਸੀਂ ਸਾਡੀ ਥਾਂ ਤੇ ਸੜਕਾਂ ਤੇ ਆ ਜਾਓ ਤੇ ਸਾਡੇ ਵਾਲਾ ਕੰਮ ਕਰੋ।

ਉਸ ਨੇ ਜਲਵਾਯੂ ਤਬਦੀਲੀ ਦੇ ਮੁੱਦੇ ਤੇ ਵਿਸ਼ਵ ਆਗੂਆਂ ਨੂੰ ਚੁਣੌਤੀ ਦਿੱਤੀ। ਸ਼ੁਰੂ ਸ਼ੁਰੂ ਵਿੱਚ ਉਸ ਦੇ ਮਾਪੇ ਵੀ ਉਸ ਨਾਲ ਸਹਿਮਤ ਨਹੀਂ ਸਨ ਪਰੰਤੂ ਜਲਵਾਯੂ ਪ੍ਰਦੂਸ਼ਣ ਦੀ ਵਜ੍ਹਾ ਕਰਕੇ ਧਰਤੀ ਤੇ ਵਧ ਰਹੀ ਤਪਸ਼ ਬਾਰੇ ਕੀਤੀਆਂ ਉਸ ਦੀਆਂ ਬੇਬਾਕ ਟਿੱਪਣੀਆਂ ਨੇ ਨੌਜਵਾਨਾਂ ਦਾ ਧਿਆਨ ਹੀ ਨਹੀਂ ਖਿੱਚਿਆ ਬਲਕਿ ਆਪਣੇ ਮਾਪਿਆਂ ਦਾ ਦਿਲ ਵੀ ਜਿੱਤ ਲਿਆ।ਉਹ ਇਸ ਸਰਗਰਮੀ ’ਚ ਡਟਕੇ ਉਸ ਦੀ ਮਦਦ ਤੇ ਆ ਗਏ। ਉਸ ਦੀ ਅਵਾਜ ਨੂੰ ਵੱਡਾ ਹੁੰਗਾਰਾ ਮਿਲਣਾ ਸ਼ੁਰੂ ਹੋਇਆ। ਉਨ੍ਹਾਂ ਨੇ “ਭਵਿੱਖ ਲਈ ਸ਼ੁੱਕਰਵਾਰ” ਨਾਂ ਹੇਠ ਸਕੂਲ ਜਲਵਾਯੂ ਹੜਤਾਲ ਲਹਿਰ ਸ਼ੁਰੂ ਕੀਤੀ।ਉਸ ਨੇ 8 ਸਤੰਬਰ 2018 ਨੂੰ ਸਟਾਕਹੋਮ ਹੋਏ ਜਲਵਾਯੂ ਮਾਰਚ ਨੂੰ ਸੰਬੋਧਨ ਕੀਤਾ ਅਤੇ ਵਿਸ਼ਵ ਆਗੂਆਂ ਨੂੰ ਕਿਹਾ ਕਿ ਸਾਡੀਆਂ ਜਿੰਦਗੀਆਂ ਤੁਹਾਡੇ ਹੱਥਾਂ ’ਚ ਹਨ। 31 ਅਕਤੂਬਰ ਨੂੰ ਲੰਦਨ ਵਿਖੇ ਬਗਾਵਤ ਦੇ ਐਲਾਨਨਾਮੇ ਤਹਿਤ ਕਿਹਾ ਕਿ ਲਗਭਗ ਹਰ ਚੀਜ਼ ਜਾਂ ਗਲਤ ਹੈ ਜਾਂ ਠੀਕ ਵਿੱਚ-ਵਿਚਾਲੇ ਕੁੱਝ ਨਹੀਂ।ਭਾਵ ਜਲਵਾਯੂ ਦੇ ਸੰਕਟ ਦੇ ਮਸਲੇ ਤੇ ਸਪੱਸ਼ਟ ਸਟੈਂਡ ਲਿਆ ਜਾਣਾ ਚਾਹੀਦਾ ਹੈ ਕਿ ਇਹ ਸੰਕਟ ਹੈ ਜਾਂ ਨਹੀਂ। ਜੇ ਹੈ ਤਾਂ ਇਸ ਦੇ ਹੱਲ ਲਈ ਠੋਸ ਕਦਮ ਚੱਕੇ ਜਾਣੇ ਚਾਹੀਦੇ ਹਨ। 15 ਦਸੰਬਰ 2018 ਨੂੰ ਪੋਲੈਂਡ ’ਚ ਹੋਈ ਸੰਯੁਕਤ ਰਾਸ਼ਟਰ ਜਲਵਾਯੂ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਵਿਸ਼ਵ ਆਗੂਆਂ ਨੂੰ ਸਾਫ ਸਾਫ ਬੋਲਣ ਦੀ ਤਾਕੀਦ ਕਰਦਿਆਂ ਕਿਹਾ: “ਤੁਸੀਂ ਸਿਰਫ ਹਰੇ, ਸਦੀਵੀ ਆਰਥਿਕ ਵਿਕਾਸ ਬਾਰੇ ਬੋਲਦੇ ਹੋ ਕਿਉਂਕਿ ਤੁਸੀ ਬਦਨਾਮ ਹੋਣ ਤੋਂ ਡਰਦੇ ਹੋ। ਤੁਸੀਂ ਸਿਰਫ ਉਨ੍ਹਾਂ ਭੈੜੇ ਵਿਚਾਰਾਂ ਨਾਲ ਅੱਗੇ ਵਧਣ ਦੀ ਗੱਲ ਕਰਦੇ ਹੋ ਜਿੰਨ੍ਹਾਂ ਨੇ ਸਾਨੂੰ ਇਸ ਝੰਜਟ ’ਚ ਲਿਆ ਸੁੱਟਿਆ ਹੈ....ਪਰੰਤੂ ਮੈਨੂੰ ਹਰਮਨ ਪਿਆਰੇ ਹੋਣ ਦਾ ਫਿਕਰ ਨਹੀਂ, ਮੈਨੂੰ ਤਾਂ ਜਲਵਾਯੂ ਇਨਸਾਫ ਅਤੇ ਜੀਵਨ ਵਾਲੇ ਗ੍ਰਹਿ ਦਾ ਫਿਕਰ ਹੈ”। ਜਨਵਰੀ 2019 ਨੂੰ ਦਾਵੋਸ ਵਿਖੇ ਵਿਸ਼ਵ ਆਰਥਿਕ ਮੰਚ ਨੂੰ ਸੰਬੋਧਨ ਕਰਦਿਆਂ ਧੜੱਲੇ ਨਾਲ ਕਿਹਾ : “ਮੈਨੂੰ ਗਲਤ ਸਾਬਤ ਕਰੋ,. ਸਾਡੇ



ਘਰ ਨੂੰ ਅੱਗ ਲੱਗੀ ਹੋਈ ਹੈ”। 21 ਫਰਵਰੀ 2019 ਨੂੰ ਬਰੱਸਲਜ਼ ਵਿਖੇ ਯੂਰਪੀਨ ਆਰਥਿਕ ਅਤੇ ਸਮਾਜਿਕ ਕਮੇਟੀ ਨੂੰ ਸੰਬੋਧਨ ਕਰਦਿਆਂ ਕਿਹਾ : “ਤੁਸੀਂ ਵਿਗੜੇ ਹੋਏ ਗੈਰਜਿੰਮੇਦਾਰ ਬੱਚਿਆਂ ਦੀ ਤਰਾਂ ਕਾਰਜ ਕਰ ਰਹੇ ਹੋ”। ਕਿੰਨੇ ਹੀ ਹੋਰ ਕੌਮਾਂਤਰੀ ਮੰਚਾਂ ਨੂੰ ਸੰਬੋਧਨ ਕਰਦਿਆਂ ਉਸ ਨੇ ਜਲਵਾਯੂ ਸੰਕਟ ਦੇ ਮੁੱਦੇ ਅਤੇ ਇਸ ਦੇ ਫੌਰੀ ਹੱਲ ਲਈ ਅਮਲ ’ਚ ਕਦਮ ਚੱਕਣ ਦੀ ਲੋੜ ਨੂੰ ਉਭਾਰਿਆ ਹੈ।

**ਉਸ ਦਾ ਵਿਚਾਰ ਹੈ:** ਅਸੀਂ ਸਾਰੇ ਇਕੱਠੇ ਫਰਕ ਪਾ ਸਕਦੇ ਹਾਂ।ਕਿਸੇ ਨੂੰ ਤਾਂ ਇਸ ਸਭ ਕਾਸੇ ਦਾ ਦੋਸ਼ੀ ਮੰਨਿਆ ਹੀ ਜਾਵੇਗਾ। ਕੁੱਝ ਲੋਕ-ਕੁੱਝ ਕੰਪਨੀਆਂ ਅਤੇ ਖਾਸ ਕਰਕੇ ਕੁੱਝ ਫੈਸਲੇ ਕਰਨ ਵਾਲੇ-ਸਹੀ ਤਰ੍ਹਾਂ ਇਹ ਜਾਣ ਗਏ ਹਨ ਕਿ ਉਹ ਧਨ ਦੇ ਅਥਾਹ ਭੰਡਾਰ ਇਕੱਤਰ ਕਰਨ ਲਈ ਕਿੰਨੀਆਂ ਅਣਮੋਲ ਕਦਰਾਂ ਦੀ ਬਲੀ ਦੇ ਚੁੱਕੇ ਹਨ।..ਮੈਂ ਇਨ੍ਹਾਂ ਕੰਪਨੀਆਂ ਅਤੇ ਫੈਸਲੇ ਕਰਨ ਵਾਲਿਆਂ ਨੂੰ ਹਕੀਕੀ ਅਤੇ ਦਲੇਰਾਨਾ ਜਲਵਾਯੂ ਕਾਰਜ ਲਈ ਚੁਣੌਤੀ ਦੇਣਾ ਚਹੁੰਦੀ ਹਾਂ। ਸਾਡੀ ਸੱਭਿਅਤਾ ਇੱਕ ਮਿੱਟੀ ’ਤੇ ਉਸਾਰੇ ਕਿਲੇ ਵਾਂਗ ਨਾਜ਼ੁਕ ਹੈ। ਇਸ ਦਾ ਮੂੰਹ-ਮੱਥਾ ਤਾਂ ਬੜਾ ਖੂਬਸੂਰਤ ਹੈ ਪਰ ਨੀਹਾਂ ਠੋਸ ਹੋਣ ਤੋਂ ਕਿਤੇ ਪਰ੍ਹਾਂ ਨੇ। ਜੇ ਹਾਲਾਤ ਇਸੇ ਤਰ੍ਹਾਂ ਬਣੇ ਰਹੇ ਤਾਂ 2030 ਤੱਕ ਅਸੀਂ ਅਜਿਹੀ ਚੇਨ ਪ੍ਰਤੀਕਿਰਆ ਸ਼ੁਰੂ ਕਰ ਚੁੱਕੇ ਹੋਵਾਂਗੇ ਜਿਸ ਨੂੰ ਪਿੱਛੇ ਮੋੜਨਾ ਮਨੁੱਖੀ ਕੰਟਰੋਲ ਵਿੱਚ ਨਹੀਂ ਰਹੇਗਾ ਅਤੇ ਬਹੁਤੀ ਸੰਭਾਵਨਾ ਹੈ ਕਿ ਇਹ ਸਾਡੀ ਸੱਭਿਅਤਾ ਦੇ ਅੰਤ ਵੱਲ ਲੈ ਜਾਵੇਗਾ।ਅਗਰ ਤੁਸੀਂ ਮੈਨੂੰ ਨਹੀਂ ਸੁਣਨਾ ਚਾਹੁੰਦੇ ਨਾ ਸੁਣੋ, ਤੁਸੀਂ ਵਿਗਿਆਨ ਨੂੰ ਤਾਂ ਸੁਣੋ।ਇਹ ਭਵਿੱਖ ਬਾਣੀਆਂ ਵਿਗਿਆਨਕ ਤੱਥਾਂ ਤੇ ਅਧਾਰਿਤ ਹਨ ਜੋ ਆਈ ਪੀ ਸੀ ਸੀ (‘ਦ ਇੰਟਰਗਵਰਨਮੈਂਟਲ ਪੈਨਲ ਆੱਨ ਕਲਾਈਮੇਟ ਚੇਂਜ) ਨੇ ਸਾਹਮਣੇ ਲਿਆਂਦੇ ਹਨ ਜਿਨ੍ਹਾਂ ਦੀ ਲਗਭਗ ਵਿਸ਼ਵ ਦੇ ਸਾਰੇ ਵੱਡੇ ਵਿਗਿਆਨਕ ਅਦਾਰਿਆਂ ਨੇ ਪੁਸ਼ਟੀ ਕੀਤੀ ਹੈ। ਜਲਵਾਯੂ ਸੰਕਟ ਸਭ ਤੋਂ ਵੱਡੀ ਅਤੇ ਗੰਝਲਦਾਰ ਚੁਣੌਤੀ ਹੈ ਜਿਸ ਦਾ ਕਿ ਮਨੁੱਖੀ ਪ੍ਰਜਾਤੀ ਨੇ ਕਦੇ ਸਾਹਮਣਾ ਕੀਤਾ ਹੈ। ਫਿਰ ਵੀ ਇਸ ਦਾ ਮੁੱਖ ਹੱਲ ਇੰਨਾ ਆਸਾਨ ਹੈ ਕਿ ਇੱਕ ਛੋਟਾ ਜਿਹਾ ਬੱਚਾ ਵੀ ਸਮਝ ਸਕਦਾ ਹੈ। ਉਹ ਹੱਲ ਹੈ ਕਿ ਸਾਨੂੰ ਆਪਣੀਆਂ ਗਰੀਨ ਹਾਊਸ ਗੈਸਾਂ ਦੇ ਨਿਕਾਸ ਨੂੰ ਰੋਕਣਾ ਪੈਣਾ ਹੈ। ਜਾਂ ਤਾਂ ਸਾਨੂੰ 1.5 ਡਿਗਰੀ ਸੈਲਸੀਅਸ ਗਰਮੀ ਨੂੰ ਰੋਕਣਾ ਹੋਵੇਗਾ ਜਾਂ ਨਹੀਂ ਦੋ ਹੀ ਪੱਖ ਹਨ ਬਾਕੀ ਸਭ ਝੂਠ ਹੈ। ਉਸ ਦੇ ਇਹ ਸਮੁੱਚੇ ਵਿਚਾਰ “ਨੋ ਵਨ ਇਜ਼ ਟੂ ਸਮਾਲ ਟੂ ਮੇਕ ਅ ਡਿਫਰੈਂਸ” ਵਿੱਚ ਸੰਗ੍ਰਿਹਤ ਹਨ। ਉਸ ਦੇ ਪਰਿਵਾਰ ਬਾਰੇ ਵਧੇਰੇ ਜਾਣਕਾਰੀ “ਸੀਨਜ਼ ਫਰੌਮ ਦ ਹਾਰਟ” ’ਚੋਂ ਪ੍ਰਾਪਤ ਕੀਤੀ ਜਾ ਸਕਦੀ ਹੈ।

ਉਸ ਦੇ ਇੰਨ੍ਹਾਂ ਵਿਚਾਰਾਂ ਅਤੇ ਕਾਰਜਾਂ ਦੀ ਰੌਸ਼ਨੀ ’ਚ ਘੱਟੋ ਘੱਟ ਇੰਨਾ ਤਾਂ ਜਰੂਰ ਦਾਅਵੇ ਨਾਲ ਕਿਹਾ ਜਾ ਸਕਦਾ ਹੈ ਕਿ ਸਮੁੱਚੀ ਕਾਇਨਾਤ ਅਤੇ ਮਨੁੱਖਤਾ ਦੇ ਭਵਿੱਖ ਦੀ ਚਿੰਤਾ ਕਰਨ ਵਾਲੀ ਇਹ ਲੜਕੀ ਕਿਸੇ ਦੇਸ਼ ਲਈ ਖਤਰਾ ਨਹੀਂ ਹੋ ਸਕਦੀ ਸਾਡੇ ਸਭਨਾਂ ਲਈ ਪੱਤਝੜ ਦੇ ਮੌਸਮਾਂ ’ਚ ਇੱਕ ਆਸ ਦੀ ਕਿਰਨ ਜ਼ਰੂਰ ਹੋ ਸਕਦੀ ਹੈ। ਇਸੇ ਸਮੇਂ ਉਸ ਦੀ ਸ਼ਖਸ਼ੀਅਤ ਤੇ ਚਿੱਕੜ ਉਛਾਲਣ ਵਾਲਿਆਂ ਤੇ ਤਰਸ ਜਰੂਰ ਆਉਂਦਾ ਹੈ।
















# ਕੇਂਦਰੀ ਬਜਟ ਖੇਤੀ ਖੇਤਰ ਨੂੰ ਕਾਰਪੋਰੇਟ ਹਵਾਲੇ ਕਰੇਗਾ



ਸੁਖਪਾਲ ਸਿੰਘ
98760-63523



ਕੇਂਦਰੀ ਬਜਟ 2021-22 ਉਸ ਸਮੇਂ ਪੇਸ਼ ਕੀਤਾ ਗਿਆ ਹੈ, ਜਦੋਂ ਸਮੁੱਚਾ ਸੰਸਾਰ ਪੂੰਜੀਵਾਦੀ ਪ੍ਰਬੰਧ ਆਰਥਿਕ ਮੰਦੀ ਵਿਚ ਫਸਿਆ ਹੋਇਆ ਹੈ ਪਰ ਭਾਰਤ ਦੁਨੀਆ ਦੇ ਸਾਰੇ ਦੇਸ਼ਾਂ ਨਾਲੋਂ ਗੰਭੀਰ ਆਰਥਿਕ ਮੰਦੀ ਵਿਚੋਂ ਗੁਜ਼ਰ ਰਿਹਾ ਹੈ। ਅੱਜ ਭਾਰਤ ਅੰਦਰ ਬੇਰੁਜਗਾਰੀ, ਭੁੱਖਮਰੀ ਅਤੇ ਮਹਿੰਗਾਈ ਦੀਆਂ ਅਲਾਮਤਾਂ ਰਿਕਾਰਡ ਪੱਧਰ ਤੇ ਪਹੁੰਚ ਗਈਆਂ ਹਨ। ਭਾਰਤੀ ਅਰਥਚਾਰੇ ਦੇ ਸਾਰੇ ਖੇਤਰ (ਸਨਅਤੀ, ਸੇਵਾ ਤੇ ਖੇਤੀ) ਸੰਕਟ ਵਿਚ ਫਸੇ ਹੋਏ ਹਨ ਅਤੇ ਪਿਛਲੀਆਂ ਦੋ ਤਿਮਾਹੀਆਂ ਵਿਚ ਭਾਰਤੀ ਆਰਥਿਕਤਾ ਦੀ ਕੁੱਲ ਘਰੇਲੂ ਪੈਦਾਵਾਰ ਮਨਫ਼ੀ ਹੋ ਗਈ ਹੈ। ਜਰੱਈ ਸੰਕਟ ਕਾਰਨ ਕਿਸਾਨ ਵੱਡੇ ਪੈਮਾਨੇ ਤੇ ਖੇਤੀ ਛੱਡ ਰਹੇ ਹਨ ਅਤੇ ਕਰਜ਼ਈ ਹੋਏ ਕਿਸਾਨ ਤੇ ਖੇਤ ਮਜ਼ਦੂਰ ਖੁਦਕਸ਼ੀਆਂ ਕਰ ਰਹੇ ਹਨ। ਇਸ ਦੇ ਬਾਵਜੂਦ ਕੇਂਦਰ ਸਰਕਾਰ ਨੇ ਭਾਰਤੀ ਕਾਰਪੋਰੇਟਾਂ ਅਤੇ ਸਾਮਰਾਜੀ ਬਹੁਕੌਮੀ ਕੰਪਨੀਆਂ ਦੇ ਹਿੱਤਾਂ ਨੂੰ ਅੱਗੇ ਵਧਾਉਣ ਲਈ ਤਿੰਨ ਖੇਤੀ ਕਾਨੂੰਨ ਪਾਸ ਕੀਤੇ ਹਨ ਜਿਨ੍ਹਾਂ ਖ਼ਿਲਾਫ਼ ਕਿਸਾਨ ਦੇਸ਼ ਭਰ ਅੰਦਰ ਅੰਦੋਲਨ ਕਰ ਰਹੇ ਹਨ। ਇਸ ਵਿਰਾਟ ਜਨ ਅੰਦੋਲਨ ਨੂੰ ਭਾਰਤ ਅਤੇ ਦੁਨੀਆ ਭਰ ਅੰਦਰ ਵਿਆਪਕ ਸਮਰਥਨ ਮਿਲ ਰਿਹਾ ਹੈ। ਇਸ ਹਾਲਤ ਵਿਚ ਕੇਂਦਰ ਸਰਕਾਰ ਨੂੰ ਕਿਸਾਨਾਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਸਾਰਥਿਕ ਕਦਮ ਚੁੱਕਣੇ ਚਾਹੀਦੇ ਸਨ ਪਰ ਕੇਂਦਰੀ ਬਜਟ ਅੰਦਰ ਕਿਸਾਨਾਂ ਦੀਆਂ ਪਹਾੜ ਜਿੱਡੀਆਂ ਸਮੱਸਿਆਵਾਂ ਨੂੰ ਅਣਗੌਲਿਆਂ ਕੀਤਾ ਗਿਆ ਹੈ।

ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦੇ ਵਾਅਦੇ ਤੋਂ ਨੰਗੇ ਚਿੱਟੇ ਰੂਪ ਵਿਚ ਭੱਜ ਜਾਣਾ ਇਸ ਬਜਟ ਵਿਚ ਸਪੱਸਟ ਨਜ਼ਰ ਆਉਂਦਾ ਹੈ, ਕਿਉਂਕਿ ਖੇਤੀ ਬਜਟ ਦੀ ਰਾਸ਼ੀ ਪਿਛਲੇ ਸਾਲ ਨਾਲੋਂ ਵੀ ਘਟਾ ਦਿੱਤੀ ਗਈ ਹੈ। ਕਿਸਾਨੀ ਸੰਘਰਸ਼ ਵਿਚ ਸਾਰੀਆਂ ਫ਼ਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ (ਐੱਮਐੱਸਪੀ) ਦੀ ਕਾਨੂੰਨੀ ਮਾਨਤਾ ਦੀ ਮੰਗ ਨੂੰ ਜ਼ੋਰ ਨਾਲ ਉਭਾਰਿਆ ਜਾ ਰਿਹਾ ਹੈ ਪਰ ਸਰਕਾਰ ਦੁਆਰਾ ਫ਼ਸਲਾਂ ਦੀ ਐੱਮਐੱਸਪੀ ਉਪਰ ਯਕੀਨਨ ਜਨਤਕ ਖਰੀਦ ਨੂੰ ਪ੍ਰਭਾਵਸ਼ਾਲੀ ਬਣਾਉਣ ਤੋਂ ਪਾਸਾ ਵੱਟਿਆ ਗਿਆ। ਬਜਟ ਤੋਂ ਸਪੱਸ਼ਟ ਹੈ ਕਿ ਸਰਕਾਰ ਦਾ ਫ਼ਸਲਾਂ ਦੀ ਲਾਗਤ ਘਟਾਉਣ ਜਾਂ ਫ਼ਸਲਾਂ ਦੀਆਂ ਕੀਮਤਾਂ ਨੂੰ ਵਧਾਉਣ ਦਾ ਕੋਈ ਇਰਾਦਾ ਨਹੀਂ। ਖੇਤੀਬਾੜੀ, ਸਹਿਕਾਰਤਾ ਅਤੇ ਕਿਸਾਨ ਭਲਾਈ ਵਿਭਾਗ ਲਈ ਬਜਟ ਅਲਾਟਮੈਂਟ 131531 ਕਰੋੜ ਰੁਪਏ ਹੈ ਜਿਸ ਵਿਚੋਂ 123017 ਕਰੋੜ ਰੁਪਏ ਭਲਾਈ ਸਕੀਮਾਂ ਲਈ ਰੱਖੇ ਗਏ ਹਨ। ਇਹ ਪਿਛਲੇ ਸਾਲ ਨਾਲੋਂ 11382 ਕਰੋੜ ਰੁਪਏ ਘੱਟ ਹਨ। ਪ੍ਰਧਾਨ ਮੰਤਰੀ ਕਿਸਾਨ ਸਕੀਮ ਅਧੀਨ ਹਰ ਕਿਸਾਨ ਪਰਿਵਾਰ ਨੂੰ 6000 ਰੁਪਏ ਸਾਲਾਨਾ ਆਮਦਨ ਸਹਾਇਤਾ ਤੋਂ ਵਧਾ ਕੇ 18000 ਰੁਪਏ ਸਾਲਾਨਾ ਪਰਿਵਾਰ ਦੀ ਸਹਾਇਤਾ ਕਰਨ ਦੀ ਉਮੀਦ ਕੀਤੀ ਜਾਂਦੀ ਸੀ। ਆਮਦਨ ਦੇ ਵਾਧੇ ਨੂੰ ਤਾਂ ਛੱਡੋ, ਬਜਟ ਵਿਚ ਅਲਾਟ ਕੀਤੇ ਫੰਡ 9 ਕਰੋੜ ਲਾਭਪਾਤਰੀ ਘਰਾਂ ਲਈ ਵੀ ਨਾਕਾਫ਼ੀ ਹਨ ਜਦਕਿ ਪਹਿਲਾ ਟੀਚਾ 14 ਕਰੋੜ ਘਰਾਂ ਦਾ ਸੀ। ਇਸ ਤੋਂ ਇਲਾਵਾ, ਠੇਕੇ-ਹਿੱਸੇ ਵਾਲੀ ਜ਼ਮੀਨ ਤੇ ਖੇਤੀ ਕਰਨ ਵਾਲੇ ਕਿਸਾਨ, ਮੁਜਾਹਰੇ ਅਤੇ ਖੇਤ ਮਜ਼ਦੂਰਾਂ ਜਿਨ੍ਹਾਂ ਨੂੰ ਇਸ ਯੋਜਨਾ ਵਿਚ ਸ਼ਾਮਿਲ ਕਰਨ ਦੀ ਉਮੀਦ ਕੀਤੀ ਜਾਂਦੀ ਸੀ, ਅਜੇ ਵੀ ਇਸ ਆਮਦਨੀ ਸਹਾਇਤਾ ਤੋਂ ਵਾਂਝੇ ਹਨ।

ਮੰਡੀ ਕੁਸ਼ਲਤਾ ਨੂੰ ਮਾਡਰਨ ਖੇਤੀ ਵਿਕਾਸ ਮਾਰਗ ਦਾ ਧੁਰਾ ਮੰਨਿਆ ਜਾਂਦਾ ਹੈ। ਭਾਰਤ ਨੂੰ ਇਸ ਸਮੇਂ 7000 ਦੇ ਮੁਕਾਬਲੇ 42000 ਖੇਤੀਬਾੜੀ ਪੈਦਾਵਾਰ ਮੰਡੀ ਕਮੇਟੀਆਂ (ਏਪੀਐੱਮਸੀ) ਦੀ ਜ਼ਰੂਰਤ ਹੈ ਪਰ ਇਨ੍ਹਾਂ ਦੀ ਗਿਣਤੀ ਵਧਾਉਣ ਦਾ ਕੋਈ ਪ੍ਰਬੰਧ ਨਹੀਂ ਹੈ। ਅਸਲ ਵਿਚ ਸਰਕਾਰ ਰੈਗੂਲੇਟਿਡ ਮੰਡੀ ਵਿਵਸਥਾ ਖ਼ਤਮ ਕਰ ਰਹੀ ਹੈ। ਬਜਟ ਇਸ ਦੀ ਬਜਾਏ ਇਹ ਕਹਿੰਦਾ ਹੈ ਕਿ ਇਹ ਇਲੈਕਟ੍ਰੌਨਿਕ-ਨੈਸ਼ਨਲ ਖੇਤੀਬਾੜੀ ਮੰਡੀ (ਈ-ਨੈਮ) ਨਾਲ 1000 ਹੋਰ ਬਾਜ਼ਾਰਾਂ ਨੂੰ ਜੋੜ ਦੇਵੇਗਾ ਜਿਸ ਦਾ ਸਪੱਸਟ ਮਤਲਬ ਨਵੇਂ ਖੇਤੀ ਕਾਨੂੰਨਾਂ ਤਹਿਤ ਠੇਕਾ ਖੇਤੀ ਅਤੇ ਕਾਰਪੋਰੇਟ ਖੇਤੀ ਨੂੰ ਉਤਸ਼ਾਹਤ ਕਰਨਾ ਹੈ। ਮੌਜੂਦਾ ਖੇਤੀ ਸੰਕਟ ਵਿਚ ਬਿਹਤਰ ਬਜਟ ਦੀ ਉਮੀਦ ਕੀਤੀ ਜਾ ਰਹੀ ਸੀ ਪਰ ਸਰਕਾਰ ਨੇ ਬਜਟ ਵਿਚ ਸਿਰਫ਼ ਖਰੀਦ ਦੇ ਅੰਕੜੇ ਪੇਸ਼ ਕੀਤੇ ਹਨ। ਸਰਕਾਰ ਨੇ ਕਿਹਾ ਕਿ ਲਾਭਪਾਤਰੀ ਕਿਸਾਨਾਂ ਦੀ ਗਿਣਤੀ 2013-14 ਵਿਚ 35.57 ਲੱਖ ਤੋਂ ਵਧਾ ਕੇ 2019-20 ਵਿਚ 43.36 ਲੱਖ ਕੀਤੀ ਗਈ ਹੈ ਪਰ ਅਜੇ ਵੀ ਲਾਭਪਾਤਰੀ ਕਿਸਾਨਾਂ ਦੀ ਇਹ ਗਿਣਤੀ ਬਹੁਤ ਘੱਟ ਹੈ। ਭਾਰਤ ਵਿਚ ਕੁੱਲ 14 ਕਰੋੜ ਤੋਂ ਵੱਧ ਖੇਤੀ ਜੋਤਾਂ ਹਨ, ਇਨ੍ਹਾਂ ਨੂੰ ਕੁਸ਼ਲ ਮੰਡੀ ਵਿਵਸਥਾ ਦੀ ਜ਼ਰੂਰਤ ਹੈ। ਕੇਂਦਰ ਨੇ ਇਸ ਵਿੱਤੀ ਸਾਲ ਦੌਰਾਨ 2,73,309 ਕਰੋੜ ਰੁਪਏ ਦੇ ਅਨਾਜ, ਦਾਲਾਂ, ਕਪਾਹ ਦੀ ਖਰੀਦ ਕੀਤੀ ਹੈ ਜੋ ਪਿਛਲੇ ਸਾਲ 2,13,017 ਕਰੋੜ ਰੁਪਏ ਸਨ। ਇਹ ਵੀ ਹੁੱਬ ਕੇ ਦੱਸਿਆ ਜਾ ਰਿਹਾ ਹੈ ਕਿ ਕਾਂਗਰਸ ਸਰਕਾਰ ਦੁਆਰਾ ਇਹ ਖਰੀਦ 2013-14 ਵਿਚ ਸਿਰਫ਼ 98,128 ਕਰੋੜ ਰੁਪਏ ਦੀ ਹੀ ਕੀਤੀ ਗਈ ਸੀ। ਅਸਲ ਵਿਚ, ਉਤਪਾਦਨ ਦੀ ਮਾਤਰਾ ਵਿਚ ਵਾਧਾ ਅਤੇ ਐੱਮਐੱਸਪੀ ਵਧਣ ਕਾਰਨ (ਜੋ ਖੇਤੀ ਲਾਗਤਾਂ ਵਧਣ ਕਾਰਨ ਵਧੀ ਹੈ) ਇਹ ਖਰਚਾ ਵਧਿਆ ਹੈ। ਕੇਂਦਰ ਸਰਕਾਰ ਨੇ ਨਾ ਤਾਂ ਖੇਤੀ ਇਨਪੁਟਸ (ਬੀਜ, ਖਾਦਾਂ, ਰਸਾਇਣ ਆਦਿ) ਦੇ ਖਰਚੇ ਘਟਾਉਣ ਲਈ ਸਬਸਿਡੀਆਂ ਦੇਣ ਦਾ ਉਪਬੰਦ ਕੀਤਾ ਅਤੇ ਨਾ ਹੀ ਸਾਰੀਆਂ ਫ਼ਸਲਾਂ ਦੀ ਐੱਮਐੱਸਪੀ ਵਧਾਉਣ ਲਈ ਕੁਝ ਕੀਤਾ। ਖੇਤੀ ਨੂੰ ਕੁਝ ਮੁਨਾਫ਼ੇਯੋਗ ਬਣਾਉਣ ਲਈ ਸਭ ਤੋਂ ਅਹਿਮ ਕਾਰਕ ਫ਼ਸਲਾਂ ਲਈ ਯੋਗ ਕੀਮਤਾਂ ਦਾ ਹੋਣਾ ਹੈ। ਇਸ ਕਾਰਜ ਲਈ ਫ਼ਸਲਾਂ ਦੀਆਂ ਲਾਗਤਾਂ (ਏ 2+ਐੱਫਐੱਲ) ਦੇ ਆਧਾਰ ਤੇ ਨਹੀਂ ਬਲਕਿ ਅੰਤਿਮ ਲਾਗਤਾਂ (ਸੀ 2, ਜਿਸ ਵਿਚ ਸਾਰੇ ਖਰਚੇ ਸ਼ਾਮਿਲ ਹੁੰਦੇ ਹਨ) ਦੇ ਆਧਾਰ 'ਤੇ ਐੱਮਐੱਸਪੀ ਨਿਯਮਤ ਕਰਨ ਦੀ ਜ਼ਰੂਰਤ ਹੈ।

ਮੌਜੂਦਾ ਕੇਂਦਰ ਸਰਕਾਰ ਦੇ 2014 ਵਿਚ ਸੱਤਾ ਵਿਚ ਆਉਣ ਤੋਂ ਪਹਿਲਾਂ ਹੀ ਕਿਸਾਨਾਂ ਨੂੰ ਮੌਜੂਦਾ ਪੱਧਰ ਦਾ ਐੱਮਐੱਸਪੀ ਮਿਲ ਰਿਹਾ ਸੀ। ਲੋੜ ਸਵਾਨੀਨਾਥਨ ਕਮੇਟੀ ਅਤੇ ਰਮੇਸ਼ ਚੰਦ ਕਮੇਟੀ ਰਿਪੋਰਟ ਅਨੁਸਾਰ ਸਾਰੀਆਂ ਫ਼ਸਲਾਂ ਦੀ ਐੱਮਐੱਸਪੀ ਤੇ ਖਰੀਦ ਨੂੰ ਯਕੀਨੀ ਬਣਾਉਣ ਦੀ ਸੀ ਪਰ ਬਜਟ ਇਸ ਪੱਖੋਂ ਅਛੂਤਾ ਹੈ। ਸਭ ਫਸਲਾਂ ਦੀ ਖਰੀਦ ਲਈ ਰੱਖੇ ਫੰਡਾਂ ਦੀ ਵੰਡ ਅਸਲ ਵਿਚ ਅੰਦਾਜ਼ਨ 17 ਲੱਖ ਕਰੋੜ ਰੁਪਏ ਦੇ ਫੰਡਾਂ ਨਾਲੋਂ ਬਹੁਤ ਘੱਟ ਹੈ। ਕੇਂਦਰ ਨੇ ਇਹ ਪ੍ਰਭਾਵ ਦਿੱਤਾ ਹੈ ਕਿ ਪਿਛਲੇ ਛੇ ਸਾਲਾਂ ਦੌਰਾਨ ਸਰਕਾਰ ਨੇ ਕਿਸਾਨਾਂ ਨੂੰ ਵਧੇਰੇ ਅਦਾਇਗੀ ਕੀਤੀ ਹੈ ਅਤੇ ਸਰਕਾਰ ਉਨ੍ਹਾਂ ਲਈ ਕਾਫ਼ੀ ਹੰਭਲੇ ਮਾਰ ਰਹੀ ਹੈ। ਇਹ ਸੱਚ ਨਹੀਂ। ਅੱਜ ਕਿਸਾਨਾਂ ਦੀ ਅਸਲ ਆਮਦਨੀ ਦੀ ਸਹੀ ਤਸਵੀਰ ਜਾਣਨ ਲਈ ਸ਼ੁੱਧ ਖੇਤੀ ਆਮਦਨ, ਰੋਜ਼ਮੱਰਾ ਦੇ ਵੱਡੇ ਖਰਚੇ, ਮਹਿੰਗੀ ਸਿੱਖਿਆ ਅਤੇ ਸਿਹਤ ਸੰਭਾਲ ਬਾਰੇ ਹਾਲਾਤ ਨੂੰ ਸਮਝਣਾ ਜ਼ਰੂਰੀ ਹੈ। ਕਿਸਾਨੀ ਵੱਡੇ ਕਰਜ਼ੇ ਦੇ ਬੋਝ ਹੇਠ ਹੈ। ਕਿਸਾਨਾਂ ਦੇ ਕਰਜ਼ੇ ਦਾ ਨਿਬੇੜਾ ਕਰਨ ਦੀ ਬਜਾਏ ਕੇਂਦਰੀ ਬਜਟ ਨੇ ਪਿਛਲੇ ਸਾਲ ਦੇ 15 ਲੱਖ ਕਰੋੜ ਰੁਪਏ ਦੇ ਮੁਕਾਬਲੇ ਕਰਜ਼ੇ ਵਿਚ 10 ਪ੍ਰਤੀਸ਼ਤ ਵਾਧੇ ਕਰ ਕੇ 16.5 ਲੱਖ ਕਰੋੜ ਰੁਪਏ ਦਾ ਪ੍ਰਸਤਾਵ ਦਿੱਤਾ ਹੈ। ਇਹ ਕਦਮ ਕਿਸਾਨਾਂ ਨੂੰ ਹੋਰ ਕਰਜ਼ੇ ਵਿਚ ਧੱਕੇਗਾ। ਬਜਟ ਵਿਚ ਖੁਦਕੁਸ਼ੀਆਂ ਕਰਨ ਵਾਲੇ ਕਿਸਾਨਾਂ ਦੇ ਕਰਜ਼ੇ ਮੁਆਫ਼ ਕਰਨ ਅਤੇ ਮੁਆਵਜ਼ੇ ਲਈ ਕੁਝ ਰਕਮ ਰੱਖਣੀ ਚਾਹੀਦੀ ਸੀ। ਬਹੁਤ ਸਾਰੇ ਛੋਟੇ ਕਿਸਾਨ ਆਪਣੇ ਕਰਜ਼ਿਆਂ ਦਾ ਵਿਆਜ ਅਦਾ ਕਰਨ ਦੇ ਵੀ ਯੋਗ ਨਹੀਂ ਹਨ। ਸਰਕਾਰ ਕਰਜ਼ੇ ਦਾ ਨਿਬੇੜਾ ਕਰਨ ਦੀ ਬਜਾਏ ਉਨ੍ਹਾਂ ਨੂੰ ਵਧੇਰੇ ਕਰਜ਼ੇ ਮੁਹੱਈਆ ਕਰਨ ਲਈ ਤਿਆਰ ਹੈ ਜੋ ਆਖਰਕਾਰ ਉਨ੍ਹਾਂ ਨੂੰ ਹੋਰ ਮੰਦਹਾਲੀ ਵੱਲ ਧੱਕੇਗਾ। ਭਾਰਤ ਵਿਚ ਹਰ ਰੋਜ਼ 2400 ਤੋਂ ਵੱਧ ਕਿਸਾਨ ਖੇਤੀ ਛੱਡ ਰਹੇ ਹਨ ਪਰ ਇਸ ਬਜਟ ਵਿਚ ਉਨ੍ਹਾਂ ਦੇ ਮੁੜ ਵਸੇਬੇ ਦਾ ਕੋਈ ਪ੍ਰਬੰਧ ਨਹੀਂ ਹੈ।

ਕੇਂਦਰੀ ਬਜਟ ਤੋਂ ਉਮੀਦ ਕੀਤੀ ਜਾ ਰਹੀ ਸੀ ਕਿ ਕੋਵਿਡ-19 ਮਹਾਮਾਰੀ ਕਾਰਨ ਪ੍ਰਭਾਵਿਤ ਖੇਤ ਮਜ਼ਦੂਰਾਂ ਅਤੇ ਪੇਂਡੂ ਮਜ਼ਦੂਰਾਂ ਨੂੰ ਰੁਜ਼ਗਾਰ ਦੇ ਮੌਕੇ ਮੁਹੱਈਆ ਹੋਣਗੇ; ਆਸ ਸੀ ਕਿ ਬਜਟ ਵਿਚ ਮਗਨਰੇਗਾ ਵਿਚ ਦਿਹਾੜੀ ਦੀਆਂ ਦਰਾਂ ਵਿਚ ਵਾਧੇ ਦੇ ਨਾਲ ਕੰਮ-ਕਾਜੀ ਦਿਨਾਂ ਵਿਚ ਵਾਧਾ ਕਰ ਕੇ ਰੁਜ਼ਗਾਰ ਦੇ ਵਧੇਰੇ ਮੌਕੇ ਮਿਲਣਗੇ। ਫਿਲਹਾਲ ਇਹ ਯੋਜਨਾ 100 ਦਿਨ ਪ੍ਰਤੀ ਪਰਿਵਾਰ ਸਾਲਾਨਾ ਦੇ ਨਿਰਧਾਰਿਤ ਰੁਜ਼ਗਾਰ ਦੀ ਥਾਂ ਮਜ਼ਦੂਰਾਂ ਨੂੰ 39 ਦਿਨਾਂ ਦਾ ਰੁਜ਼ਗਾਰ ਦਿੰਦੀ ਹੈ। ਅਫ਼ਸੋਸ ਕਿ ਇਸ ਯੋਜਨਾ ਤਹਿਤ ਅਲਾਟ ਕੀਤੇ ਫੰਡਾਂ ਵਿਚ ਪਿਛਲੇ ਸਾਲ 111500 ਕਰੋੜ ਰੁਪਏ ਦੀ ਸੋਧ ਕੀਤੀ ਰਕਮ ਤੋਂ ਘਟ ਕੇ 73000 ਕਰੋੜ ਰੁਪਏ ਰਹਿ ਗਈ ਜਿਸ ਨਾਲ ਮਗਨਰੇਗਾ ਅਧੀਨ ਕਮਜ਼ੋਰ ਵਰਗ ਦੇ ਕੰਮ-ਕਾਜੀ ਦਿਨਾਂ ਵਿਚ ਹੋਰ ਕਮੀ ਆਵੇਗੀ। ਬਜਟ ਵਿਚ ਕਿਸਾਨੀ ਦੀਆਂ ਵੱਡੀਆਂ ਮੁਸ਼ਕਿਲਾਂ ਹੱਲ ਕਰਨ ਦੀ ਥਾਂ ਮਹਿਜ਼ ਲਿਪਾ-ਪੋਚੀ ਦਾ ਕੰਮ ਕੀਤਾ ਗਿਆ ਹੈ। ਕੁੱਲ ਮਿਲਾ ਕੇ ਇਸ ਬਜਟ ਵਿਚ ਕਿਸਾਨਾਂ, ਖੇਤੀਬਾੜੀ ਅਤੇ ਪੇਂਡੂ ਖੇਤਰ ਦੀਆਂ ਮੁੱਖ ਸਮੱਸਿਆਵਾਂ ਦੇ ਹੱਲ ਲਈ ਫੰਡਾਂ ਦੀ ਅਲਾਟਮੈਂਟ ਨਿਗੂਣੀ ਹੈ। ਇਨ੍ਹਾਂ ਹਾਲਾਤ ਵਿਚ ਖੇਤੀ ਸੈਕਟਰ ਦਾ ਸੰਕਟ ਹੋਰ ਡੂੰਘਾ ਹੋਵੇਗਾ। ਨਵ-ਉਦਾਰੀਵਾਦੀ ਨੀਤੀਆਂ ਦੇ ਅਜਿਹੇ ਹਾਲਾਤ ਅਧੀਨ ਅਰਥਚਾਰੇ ਨੂੰ ਕਾਰਪੋਰੇਟਾਂ ਦੇ ਹਵਾਲੇ ਕਰਨਾ ਹੋਰ ਸੁਖਾਲਾ ਹੋ ਜਾਂਦਾ ਹੈ। ਇਹ ਸਭ ਕੁਝ ਇਸ ਦਿਸ਼ਾ ਵਿਚ ਹੀ ਕੀਤਾ ਜਾ ਰਿਹਾ ਹੈ। ਕਾਰਪੋਰੇਟ ਇਸ ਖੇਤਰ ਵਿਚ ਬਹੁਤ ਵੱਡੇ ਪੱਧਰ ਤੇ ਤਿਆਰੀ ਕਰ ਚੁੱਕੇ ਹਨ। ਕਿਸਾਨੀ ਸੰਕਟ ਦਾ ਹੱਲ ਕਰਨ ਦੀ ਥਾਂ ਦੇਸ਼ ਵਿਚ ਕਿਸਾਨ ਉਤਪਾਦਿਕ ਸੰਗਠਨ (ਐੱਫਪੀਓ), ਆਧੁਨਿਕ ਪ੍ਰਾਈਵੇਟ ਸਾਈਲੋ ਅਤੇ ਠੇਕਾ ਖੇਤੀ ਦੀ ਵਿਵਸਥਾ ਰਾਹੀਂ ਕਾਰਪੋਰੇਟ ਖੇਤੀ ਵਿਕਸਤ ਕੀਤੀ ਜਾਵੇਗੀ। ਦੇਸ਼ ਵਿਚ ਐਗਰੀ-ਬਿਜ਼ਨਸ ਪ੍ਰਫੁਲਤ ਕਰ ਕੇ ਜ਼ਰੂਰੀ ਵਸਤਾਂ ਸੋਧ ਕਾਨੂੰਨ ਰਾਹੀਂ ਸਮੁੱਚੀ ਖਾਧ-ਪਦਾਰਥ ਮੰਡੀ ਉਪਰ ਕੰਟਰੋਲ ਕੀਤਾ ਜਾਵੇਗਾ। ਇਸ ਦੇ ਨਾਲ ਹੀ ਕਾਰਪੋਰੇਟਾਂ ਵੱਲੋਂ ਮਸਨੂਈ ਬੌਧਿਕਤਾ (ਆਰਟੀਫ਼ੀਸ਼ੀਅਲ ਇੰਟੈਲੀਜੈਂਸ) ਰਾਹੀਂ ਵੱਡੇ ਪੱਧਰ ਦੀ ਖੇਤੀ ਕਰ ਕੇ ਈ-ਨੈਮ ਅਤੇ ਵਾਅਦਾ ਵਪਾਰ ਰਾਹੀਂ ਸਮੂਹ ਸੰਸਾਰ ਖੇਤੀ ਅਰਥਚਾਰੇ ਨੂੰ ਕੰਟਰੋਲ ਕਰਨ ਦੀਆਂ ਸੰਭਾਵਨਾਵਾਂ ਹਨ। ਕੇਂਦਰੀ ਬਜਟ ਭਾਰਤੀ ਅਰਥਚਾਰੇ ਨੂੰ ਇਸ ਦਿਸ਼ਾ ਵੱਲ ਤੋਰਨ ਦੀ ਹੀ ਨਿਰਦੇਸ਼ਨਾ ਕਰੇਗਾ।

*ਪ੍ਰਮੁੱਖ ਅਰਥ ਸ਼ਾਸਤਰੀ, ਪੀਏਯੂ ਲੁਧਿਆਣਾ।






# ਹਕੂਮਤ ਦਾ ਸਰਕਾਰੀ ਤੋਤਾ ਬਣਿਆ ਭਾਰਤੀ ਮੀਡੀਆ

**ਬਿੰਨੀ**

ਪਿਛਲੇ ਕੁੱਝ ਸਮੇਂ ਤੋਂ ਭਾਰਤ ਦੀ ਫਾਸੀਵਾਦੀ ਹਕੂਮਤ ਆਪਣੇ ਪੂਰੇ ਜਲੌਅ ਵਿੱਚ ਹੈ। ਦੂਜੇ ਪਾਸੇ ਵਕਤ ਦੇ ਅਜਿਹੇ ਹਨ੍ਹੇਰੇ ਦੌਰ ਬਾਰੇ ਗੱਲ ਕਰਦਿਆਂ ਲੋਕਾਂ ਦੀ ਨਾਬਰੀ ਤਹਿਜ਼ੀਬ ਵੱਲੋਂ ਦਰਜ ਕਰਾਈ ਗਈ ਆਪਣੀ ਹੋਂਦ ਦਾ ਜ਼ਿਕਰ ਕਰਨਾ ਵੀ ਬਣਦਾ ਹੈ। ਇਤਿਹਾਸ ਤੋਂ ਸਬਕ ਲਈਏ ਤਾਂ ਕਿਸੇ ਦੇਸ਼ ਦੀ ਫਾਸੀਵਾਦੀ ਹਕੂਮਤ ਲਈ ਇਹ ਲਾਜਮੀ ਹੁੰਦਾ ਹੈ ਕਿ ਕਿਸੇ ਦੇਸ਼ ਦੇ ਮੁੱਖ ਪ੍ਰਚਾਰਕ ਸਾਧਨਾਂ, ਜਿਹਨਾਂ ਦੀ ਜਨਤਾ ਤੱਕ ਡੂੰਘੀ ਪਹੁੰਚ ਹੋਵੇ (ਸਿਨੇਮਾ ਅਤੇ ਮੀਡੀਆ) ਦਾ ਵੱਧ ਤੋਂ ਵੱਧ ਫਾਸੀਵਾਦੀਕਰਨ ਕਰਕੇ ਫਾਸੀਵਾਦੀ ਹਕੂਮਤ ਵੱਲੋਂ ਅਪਣੇ ਸਿਆਸੀ ਫੈਸਲਿਆਂ ਰਾਹੀਂ ਕੀਤੇ ਗਏ ਅਤੇ ਕੀਤੇ ਜਾਣ ਵਾਲ਼ੇ ਲੋਕਾਂ ਦੇ ਘਾਣ ਨੂੰ ਲੋਕਾਂ ਦੀ ਭਲਾਈ ਵਜੋਂ ਪੇਸ਼ ਕਰਨਾ ਅਤੇ ਫਾਸੀਵਾਦੀ ਹਕੂਮਤ ਨੂੰ ਸਮੇਂ ਦੀ ਸਭ ਤੋਂ ਵੱਧ ਲੋਕ ਭਲਾਈ ਸਰਕਾਰ ਸਾਬਤ ਕਰਨਾ। ਇੱਕ ਜਰਮਨ ਕਵੀ ਦੇ ਸ਼ਬਦ ਉਧਾਰੇ ਲੈਂਦਿਆਂ ਕਹੀਏ ਤਾਂ ਕਸਾਈ ਨੂੰ ਭੇਡਾਂ ਦੇ ਰਹਿਨੁਮਾ ਵਜੋਂ ਪੇਸ਼ ਕਰਨਾ। ਸਾਡੇ ਦੇਸ਼ ਦਾ ਮੀਡੀਆ ਅਤੇ ਸਾਡੇ ਦੇਸ਼ ਦੇ ਫਿਲਮੀ ਕਲਾਕਾਰ ਇਤਿਹਾਸ ਦੇ ਇਸ ਸਬਕ ਨੂੰ ਪੂਰੀ ਤਰ੍ਹਾਂ ਸੱਚ ਸਾਬਤ ਕਰ ਰਹੇ ਹਨ। ਸਾਡੀ ਫਾਸੀਵਾਦੀ ਹਕੂਮਤ ਵੱਲੋਂ ਦੇਸ਼ 'ਚ ਪੈਦਾ ਕੀਤੀ ਦੇਸ਼ਪ੍ਰੇਮੀ ਤੇ ਦੇਸ਼ਧ੍ਰੋਹੀ ਦੀ ਵੰਡ ਨੂੰ ਮੀਡੀਆ ਅਤੇ ਸਿਨਮਾ ਵੀ ਉਸੇ ਹੀ ਸ਼ਿੱਦਤ ਨਾਲ਼ ਲੋਕਾਂ ਦੇ ਜਹਿਨ 'ਚ ਵਸਾਉਣ ਦਾ ਯਤਨ ਕਰ ਰਿਹਾ ਹੈ।

ਭਾਵੇਂ ਉਹ ਮੋਦੀ ਹਕੂਮਤ ਵੱਲੋਂ ਲਿਆਂਦੇ ਗਏ ਨਾਗਰਿਕਤਾ ਕਨੂੰਨਾਂ ਦੌਰਾਨ ਇਹਨਾਂ ਕਨੂੰਨਾਂ ਦਾ ਵਿਰੋਧ ਕਰਨ ਵਾਲ਼ੇ ਲੋਕਾਂ ਨੂੰ ਦੇਸ਼ਧ੍ਰੋਹੀ ਸਾਬਤ ਕਰਨਾ ਹੋਵੇ ਜਾਂ ਆਪਣੀ ਅਜ਼ਾਦੀ ਲਈ ਭਾਰਤੀ ਸੱਤ੍ਹਾ ਨਾਲ਼ ਦਹਾਕਿਆਂ ਤੋਂ ਜੂਝ ਰਹੇ ਕਸ਼ਮੀਰੀ ਲੋਕਾਂ ਨੂੰ ਵੱਖਵਾਦੀ ਤੇ ਪਾਕਿਸਤਾਨ ਦੇ ਏਜੰਟ ਸਾਬਤ ਕਰਨਾ ਹੋਵੇ ਜਾਂ ਅੱਜ ਖੇਤੀ ਕਨੂੰਨਾਂ ਦਾ ਵਿਰੋਧ ਕਰਦੇ ਲੋਕਾਂ ਨੂੰ ਖਾਲਿਸਤਾਨੀ ਜਾਂ ਦਹਿਸ਼ਤਗਰਦ ਸਾਬਤ ਕਰਨਾ ਹੋਵੇ।

ਜੇਕਰ ਅਸੀਂ ਅੱਜ ਇਹਨਾਂ ਮੁੱਦਿਆਂ 'ਤੇ ਬਣਾਏ ਗਏ ਮੀਡੀਆ ਦੇ ਪ੍ਰੋਗਰਾਮਾਂ ਨੂੰ ਵੇਖੀਏ ਤਾਂ ਪਤਾ ਲੱਗਦਾ ਹੈ ਕਿ ਮੀਡੀਆ ਸਰਕਾਰ ਦੀਆਂ ਇਹਨਾਂ ਜਾਲਮ ਨੀਤੀਆਂ ਉੱਤੇ ਬਹਿਸ ਚਲਾਉਣ, ਸਰਕਾਰ ਤੋਂ ਸਵਾਲ ਪੁੱਛਣ, ਲੋਕਾਂ ਨੂੰ ਇਹਨਾਂ ਸਵਾਲਾਂ ਬਾਰੇ ਸੋਚਣ ਲਾਉਣ ਦੇ ਕਿਸੇ ਰਉਂ 'ਚ ਬਿਲਕੁਲ ਨਹੀਂ, ਸਗੋਂ ਮੀਡੀਆ ਸਰਕਾਰੀ ਤੋਤਾ ਬਣਕੇ ਕਸਾਈ ਨੂੰ ਹੀ ਭੇਡਾਂ ਦਾ ਰਹਿਨੁਮਾ ਦੱਸਦਾ ਹੈ ਅਤੇ ਇਹਨਾਂ ਨੀਤੀਆਂ ਦਾ ਵਿਰੋਧ ਕਰਨ ਵਾਲ਼ਿਆਂ ਨੂੰ ਦੇਸ਼ਧ੍ਰੋਹੀ ਗਰਦਾਨਦਾ ਹੈ। ਅੱਜ ਮੌਜੂਦਾ ਖੇਤੀ ਕਨੂੰਨਾਂ ਖਿਲਾਫ ਚੱਲ ਰਹੀ ਲਹਿਰ 'ਤੇ ਮੀਡੀਆ ਵੱਲੋਂ ਚਲਾਈਆਂ ਜਾਂਦੀਆਂ ਬਹਿਸਾਂ 'ਚ ਤੁਸੀਂ ਸ਼ਰ੍ਹੇਆਮ ਹੀ ਟੀ.ਵੀ. ਐਂਕਰਾਂ ਵੱਲੋਂ ਇਹਨਾਂ ਕਨੂੰਨਾਂ ਦੇ ਵਿਰੋਧ 'ਚ ਦਿੱਲੀ ਬੈਠੇ ਲੋਕਾਂ ਨੂੰ ਭਾੜੇ 'ਤੇ ਲਿਆਂਦੇ ਗਏ ਬੰਦੇ ਅਤੇ ਖਾਲਿਸਤਾਨੀ ਜਾਂ ਦਹਿਸ਼ਤਗਰਦਾਂ ਦੇ ਫਤਵੇ ਦਿੰਦੇ ਸੁਣ ਸਕਦੇ ਹੋ। ਮੋਦੀ ਰਾਜ ਵਿੱਚ ਧਾਰਮਿਕ ਘੱਟਗਿਣਤੀਆਂ, ਖਾਸਕਰ ਮੁਸਲਮਾਨਾਂ ਖਿਲਾਫ ਹੋਈਆਂ ਤਸ਼ੱਦਦ ਦੀਆਂ ਘਟਨਾਵਾਂ ਭਾਰਤੀ ਇਤਿਹਾਸ ਵਿੱਚ ਮਿਸਾਲੀ ਥਾਂ ਰੱਖਦੀਆਂ ਹਨ ਜਿਹਨਾਂ ਨੂੰ ਭੁਲਾਇਆ ਨਹੀਂ ਜਾ ਸਕਦਾ। ਪਰ ਅੱਜ ਜਦੋਂ ਕੋਈ ਇਹ ਕਹਿੰਦਾ ਹੈ ਕਿ ਮੁਸਲਮਾਨ ਇਸ ਦੇਸ਼ 'ਚ ਡਰ ਮਹਿਸੂਸ ਕਰਦਾ ਹੈ ਤਾਂ ਇਹ ਮੀਡੀਆ ਉਹਨਾਂ ਨੂੰ ਪਾਕਿਸਤਾਨੀ ਏਜੰਟ ਕਹਿ ਦਿੰਦਾ ਹੈ। ਖੇਤੀ ਕਨੂੰਨਾਂ ਖਿਲਾਫ ਚੱਲ ਰਹੀ ਲਹਿਰ ਦੀ ਹਮਾਇਤ 'ਚ ਰੇਆਨਾ, ਗ੍ਰੇਟਾ ਜਾਂ ਹੋਰਨਾਂ ਵੱਲੋਂ ਕੀਤੀਆਂ ਗਈਆਂ ਟਿੱਪਣੀਆਂ 'ਤੇ ਕੋਈ ਸਾਰਥਕ ਬਹਿਸ ਚਲਾਉਣ ਦੀ ਥਾਂ ਮੀਡੀਆ ਇਹਨੂੰ ਭਾਰਤ ਦੀ ਅਖੌਤੀ ਜਮਹੂਰੀਅਤ ਉੱਤੇ ਹਮਲਾ ਦੱਸਦਾ ਹੈ ਅਤੇ ਹਮੇਸ਼ਾਂ ਵਾਂਗ ਇਸਨੂੰ ਕੌਮੀ ਮਸਲਾ ਬਣਾਉਂਦੇ ਹੋਏ ਇਹਨਾਂ ਬਿਆਨਾਂ ਦੇ ਪੱਖ 'ਚ ਖੜ੍ਹੇ ਲੋਕਾਂ ਨੂੰ ਦੇਸ਼ਧ੍ਰੋਹੀ ਐਲਾਨਦਾ ਹੈ।

ਅੱਜ ਸਾਡੇ ਸਾਹਮਣੇ ਦੋ ਤਰ੍ਹਾਂ ਦਾ ਮੀਡੀਆ ਹੈ, ਇੱਕ ਮੁੱਖ ਧਾਰਾ ਦਾ ਉਹ ਮੀਡੀਆ ਹੈ ਜਿਸਨੂੰ ਰਵੀਸ਼ ਕੁਮਾਰ ਨੇ ਗੋਦੀ ਮੀਡੀਆ ਆਖਿਆ ਸੀ ਤੇ ਦੂਜੇ ਪਾਸੇ ਲੋਕ-ਪੱਖੀ ਮੀਡੀਆ ਹੈ। ਜਦੋਂ ਕੋਵਿਡ-19 ਦੀ ਪੂਰਨਬੰਦੀ ਵੇਲੇ ਲੋਕਾਂ ਦੀਆਂ ਔਕੜਾਂ ਦੀ ਗੱਲ ਆਉਂਦੀ ਹੈ ਤਾਂ ਗੋਦੀ ਮੀਡੀਆ ਨੀਂਦ ਦੀਆਂ ਗੋਲ਼ੀਆਂ ਖਾ ਕੇ ਬੇਹੋਸ਼ ਹੋ ਜਾਂਦਾ ਹੈ ਜਾਂ ਕੁਝ ਨਵੇਂ ਇਸ਼ਤਿਹਾਰ ਖਰੀਦ ਕੇ ਤੁਹਾਡੇ ਸਾਹਮਣੇ ਆਉਂਦੇ ਨੇ ਉਹ ਤਬਲੀਗੀ ਮੁਸਲਮਾਨ ਇਸ਼ਤਿਹਾਰ ਵੀ ਹੋ ਸਕਦਾ ਹੈ ਤੇ ਚੀਨ ਸਰਹੱਦੀ ਇਸ਼ਤਿਹਾਰ ਵੀ ਹੋ ਸਕਦਾ ਹੈ। ਇਸੇ ਤਰ੍ਹਾਂ ਸਾਡੇ ਸਾਹਮਣੇ ਕਿਸਾਨ ਲਹਿਰ ਸਮੇਂ ਗੋਦੀ ਮੀਡੀਆ ਮੋਦੀ ਸਰਕਾਰ ਦੇ ਚਮਚੇ ਦੀ ਭੂਮਿਕਾ ਅਦਾ ਕਰ ਰਿਹਾ ਹੈ। ਕਦੇ ਇਹ ਜੀ ਨਿਊਜ, ਨਿਊਜ 24 ਤੇ ਆਜ ਤੱਕ ਆਦਿ ਜਿਹੇ ਚਮਚੇ ਖਾਲਿਸਤਾਨੀ, ਦਹਿਸ਼ਤਗਰਦ ਇਸ਼ਤਿਹਾਰ ਲੈ ਆਉਂਦੇ ਹਨ। ਅੱਜ ਭਾਜਪਾ ਸਰਕਾਰ ਦੇ ਰੁਖ ਤੋਂ ਸਾਫ ਹੈ ਕਿ 90 ਫੀਸਦੀ ਮੀਡੀਆ ਵੀ ਸਰਕਾਰ ਦੀ ਤਾਨਾਸ਼ਾਹੀ ਦਾ ਹਥਿਆਰ ਬਣ ਕੇ ਰਹਿ ਗਿਆ ਹੈ ਜੋ ਲੋਕਾਂ ਵਿੱਚ ਸਰਕਾਰ ਦੀ ਹਾਂ 'ਚ ਹਾਂ ਮਿਲ਼ਾਉਣ ਲਈ ਅਣਥੱਕ ਪ੍ਰਚਾਰ ਕਰਦਾ ਹੈ। ਮੋਦੀ ਸਰਕਾਰ, ਸਰਕਾਰੀ ਪ੍ਰਬੰਧ ਅਤੇ ਸਮਾਜਿਕ ਹਾਲਤਾਂ ਉੱਪਰ ਪੱਤਰਕਾਰੀ ਕਰਨ ਵਾਲ਼ਿਆਂ ਲਈ ਗ੍ਰਿਫਤਾਰੀਆਂ, ਪਰਚੇ ਤੇ ਜੇਲ੍ਹਾਂ ਰਹਿ ਗਈਆਂ ਹਨ।



ਸੋਸ਼ਲ ਮੀਡੀਆ ਵੀ ਸਰਕਾਰ ਦੇ ਇਸ ਫਾਸੀਵਾਦੀ ਹਮਲੇ ਤੋਂ ਅਛੋਹ ਨਹੀਂ ਹੈ। ਇਸ ਮਸਲੇ ਨੂੰ ਲੈਕੇ ਅਸੀਂ 'ਲਲਕਾਰ' 'ਚ ਕਈ ਵਾਰ ਲਿਖ ਚੁੱਕੇ ਹਾਂ। ਪਰ ਖੇਤੀ ਕਨੂੰਨਾ ਖਿਲਾਫ ਉੱਠੀ ਇਸ ਲਹਿਰ ਦੌਰਾਨ ਵੀ ਕਿਸਾਨ ਜਥੇਬੰਦੀਆਂ ਦੇ ਟਵਿੱਟਰ ਖਾਤਿਆਂ ਨੂੰ ਬੰਦ ਕਰਨਾ, 'ਕਾਰਵਾਂ' ਜਿਹੀਆਂ ਸਰਕਾਰ ਦੀਆਂ ਲੋਕਦੋਖੀ ਨੀਤੀਆਂ ਦੀਆਂ ਅਲੋਚਨਾ ਕਰਨ ਵਾਲ਼ੀਆਂ ਮੀਡੀਆ ਸੰਸਥਾਵਾਂ ਦੇ ਟਵਿੱਟਰ ਖਾਤਿਆਂ ਨੂੰ ਬੰਦ ਕਰਨਾ, ਇੰਟਰਨੈਟ ਸਹੂਲਤਾਂ ਠੱਪ ਕਰਨਾ, ਲਹਿਰ ਨੂੰ ਬਦਨਾਮ ਕਰਨ, ਖਿੰਡਾਉਣ ਲਈ ਸਰਕਾਰੀ ਚਾਲਾਂ ਨੂੰ ਬੇਨਕਾਬ ਕਰਦੇ ਪੱਤਰਕਾਰਾਂ ਨੂੰ ਜੇਲ੍ਹਾਂ 'ਚ ਤੁੰਨਣਾ ਇਹਦੀਆਂ ਕੁੱਝ ਮਿਸਾਲਾਂ ਹਨ।

ਪਿੱਛੇ ਜਿਹੇ ਪੱਤਰਕਾਰਾਂ ਨੂੰ ਗ੍ਰਿਫਤਾਰ ਕਰਨ ਦਾ ਵਰਤਾਰਾ ਮੋਦੀ ਸਰਕਾਰ ਦੀਆਂ ਨੀਤੀ ਨੂੰ ਸਾਫ ਜਾਹਿਰ ਕਰਦਾ ਹੈ। ਇਹ ਨੀਤੀ ਹੈ ਸੱਤ੍ਹਾ ਸਾਹਮਣੇ ਸੱਚ ਬੋਲਣੋਂ ਨਾ ਹਟਣ ਵਾਲ਼ਿਆਂ ਨੂੰ ਲਗਾਤਾਰ ਤਸੀਹੇ ਦੇਣਾ ਅਤੇ ਅਰਨਬ ਗੋਸਵਾਮੀ ਜਿਹੇ ਕੁੱਝ ਟੁੱਕੜਬੋਚਾਂ ਅਤੇ ਸੰਸਥਾਵਾਂ ਨੂੰ ਇਨਾਮ ਦੇ ਕੇ ਮੋਦੀ ਦੀ ਹਾਂ 'ਚ ਹਾਂ ਮਿਲ਼ਾਉਣ ਵਾਲ਼ਾ ਦਰਬਾਰੀ ਮੀਡੀਆ ਖੜ੍ਹਾ ਕਰਨਾ। 26 ਜਨਵਰੀ ਦੀ ਘਟਨਾ ਤੋਂ ਬਾਅਦ ਇਹ ਗ੍ਰਿਫਤਾਰੀਆਂ ਹੋਰਨਾਂ ਲਈ ਇੱਕ ਧਮਕੀ ਹਨ ਕਿ ਉਹਨਾਂ ਲੋਕਾਂ ਦਾ ਵੀ ਇਹੀ ਹਸ਼ਰ ਹੋਵੇਗਾ ਜੇਕਰ ਉਹ ਅਰਨਬ ਗੋਸਵਾਮੀ ਦੇ ਮੁੱਖ ਧਾਰਾ ਮੀਡੀਆ ਵਾਂਗ ਸੱਤ੍ਹਾ ਦੇ ਸਹਾਇਕ ਨਹੀਂ ਬਣਦੇ। ਇਹ ਘਟਨਾਵਾਂ ਸਾਫ ਕਰਦੀਆਂ ਨੇ ਕਿ ਜੇਕਰ ਤੁਸੀਂ ਸਰਕਾਰ ਵੱਲ਼ੋਂ ਕਰੋਨਾ ਡਰਾਮੇ ਦਾ ਡਰ ਫੈਲਾਉਣ 'ਚ, ਸਰਕਾਰ ਦੀਆਂ 'ਸਵੱਛ ਭਾਰਤ' ਯੋਜਨਾਵਾਂ ਤੇ 'ਉੱਜਵਲ' ਯੋਜਨਾਵਾਂ ਅਤੇ ਸਰਕਾਰ ਦੇ ਲੋਕਮਾਰੂ ਬਜਟ ਨੂੰ ਲੋਕਾਂ 'ਚ ਲਿਸ਼ਕਾ ਕੇ ਪ੍ਰਚਾਰਦੇ ਹੋ ਤਾਂ ਤੁਹਾਡੇ ਲਈ ਇਨਾਮ ਹੀ ਇਨਾਮ ਹਨ ਪਰ ਜੇਕਰ ਤੁਸੀਂ ਸੱਤ੍ਹਾ ਨੂੰ ਉਹਦੇ ਜਾਲਮ ਕਾਰਿਆਂ ਦਾ ਸ਼ੀਸ਼ਾ ਵਿਖਾਉਣ ਦੀ ਕੋਸ਼ਿਸ਼ ਕਰਦੇ ਹੋ ਤਾਂ, ਕਰੋਨਾ ਡਰਾਮੇ 'ਚ ਭਾਗ ਨਾ ਲੈਕੇ ਸਨਅਤੀ ਮਜ਼ਦੂਰਾਂ ਦੀ ਹਿਜ਼ਰਤ ਵਿਖਾਉਂਦੇ ਹੋ ਜਾਂ ਮੌਜੂਦਾ ਕਿਸਾਨ ਲਹਿਰ 'ਚ ਲੋਕਾਂ ਨੂੰ ਦਹਿਸ਼ਤਗਰਦ, ਖਾਲਿਸਤਾਨੀ ਕਹਿਣ ਦੀ ਥਾਂ ਉਹਨਾਂ ਦਾ ਪੱਖ ਲੈਕੇ ਸਰਕਾਰ ਵੱਲੋਂ ਇਸ ਲਹਿਰ ਨੂੰ ਖੋਰਾ ਲਾਉਣ ਦਾ ਸੱਚ ਵਿਖਾਉਂਦੇ ਹੋ ਤਾਂ ਸਰਕਾਰੀ ਜੇਲ੍ਹਾਂ ਤੁਹਾਡੀ ਉਡੀਕ ਕਰ ਰਹੀਆਂ ਨੇ।




Buying | Selling | Investing

HOMELIFE HIGHER STANDARDS

Homelife/Miracle Realty Ltd. Brokerage

Each Office Independently Owned & Operated

Bill (Baljinder) Bath

Realtor

Dir: 416.567.0008

Email: Bill5670008@gmail.com

821 Bovaird Drive Unit #31, Brampton L6X 0T9

ਮੈਟਰੋ ਇਮੀਗ੍ਰੇਸ਼ਨ



ਸੁਰੇਸ਼ ਗੁਪਤਾ

ਸਰਟੀਫਾਇਡ ਇਮੀਗਰੇਸ਼ਨ ਪਰੈਕਟੀਸ਼ਨਰ

1. ਅਸੀਂ ਕੈਨੇਡਾ ਦੇ ਜਾਂ ਕੈਨੇਡਾ ਦੇ ਬਾਹਰਲੇ ਸਪਾਉਸ ਕੇਸ ਐਪਲਕੇਸ਼ਨਾਂ ਵੀ ਪ੍ਰੋਸੈਸ ਕਰਦੇ ਹਾਂ। ਸਾਡੇ ਨਾਲ ਸਬੰਧਤ ਦਫ਼ਤਰ ਲੁਧਿਆਣੇ ਅਤੇ ਜਲੰਧਰ ਵੀ ਹੈ।
2. ਪੇਰੈਂਟਸ ਜਾਂ ਗ੍ਰੈਂਡ-ਪੇਰੈਂਟਸ ਦੇ ਸੁਪਰਵੀਜਾ ਕੇਸ
3. ਵਿਜਟਰ ਟੂ ਕੈਨੇਡਾ (ਐਫਡੇਵਿਟ)
4. ਇਨਵੀਟੇਸ਼ਨ ਤੇ ਐਕਸਪ੍ਰੈਸ ਐਂਟਰੀ ਵੀਜਾ
5. ਪੀ ਆਰ ਲਈ ਐਲ.ਆਈ.ਐਮ.ਏ.
6. ਹਰ ਕਿਸਮ ਦੇ ਰਫੀਉਜਲ ਦੇ ਕੇਸ ਜਿਵੇਂ ਸਪਾਉਸਲ, ਇਨਸਫੀਸ਼ਐਂਟ ਇਨਕਮ, ਕ੍ਰਿਮਨਿਲ, ਮੈਡੀਕਲ ਰਫੀਉਜਲ ਆਦਿ ਦੇ ਕੇਸਾਂ ਲਈ ਆਈ.ਏ.ਡੀ. ਨੂੰ ਅਪੀਲ ਕੇਸ
7. ਸੈਲਫ ਇੰਮਪਲਾਇਮੈਂਟ ਕੇਸ ਜਿਵੇਂ ਫਾਰਮਰ, ਆਰਟਿਸਟ ਆਦਿ
8. ਪੀ.ਐਨ.ਪੀ ਮੈਨਟਿਬਾ, ਐਲਬਰਟਾ, ਸਸਕੈਚ, ਪੀ ਈ ਆਈ, ਇਨਵੈਸਟਰ, ਪੀ ਐਨ ਪੀ ਬਿਜਨਸ।
9. ਕਮਸ਼ਿਨਰ ਫਾਰ ਓਥ
10. ਫੈਮਲੀ ਸਪਾਂਸਰਸ਼ਿਪ (ਪੇਰੈਂਟਸ ਜਾਂ ਗਰੈਂਡ ਪੇਰੈਂਟਸ)
11. ਪੀ.ਆਰ. ਕਾਰਡ ਰਿਨੀਉਅਲ
12. ਪਾਰਡਨ ਜਾਂ ਯੂ ਐਸ ਵੇਵਰ ਐਪਲਕਿਸ਼ਨ
13. ਸਿਟੀਜ਼ਨਸ਼ਿਪ ਐਪਲੀਕੇਸ਼ਨ
14. ਯੂ.ਐਸ. ਵਿਜਿਟਰ ਵੀਜਾ
15. ਵਿਜਿਟਰ, ਵਰਕ, ਸਟੂਡੈਂਟ ਵੀਜਾ ਐਕਟੈਂਸ਼ਨ
16. ਪੀ ਆਰ ਐਪਲੀਕੇਸ਼ਨ, ਸਕੀਲਡ, ਵਰਕਰ, ਕੈਨੇਡਿਅਨ ਐਕਸਪੀਰੀਅਸ ਕਲਾਸ, ਲਿਵ-ਇਨ ਕੇਅਰ ਗਿਵਰ
17. ਐਚ.ਆਰ.ਧੀ.ਐਸ ਤੋਂ ਐਲ.ਐਮ.ਆਈ.ਏ. ਫਾਰ ਵਰਕ ਪਰਿਮਟ
18. ਸੀ.ਏ.ਆਈ.ਪੀ.ਸੀ.. ਸੀਆਰ ਸੀ ਤੋਂ ਸਾਰੀ ਫਾਇਲ ਦੀ ਕਾਪੀ ਲਈ
19. ਨਾਮ ਬਦਲੀ
20. ਨਿਉਜ਼ੀਲੈਂਡ ਜਾਂ ਕੇਨੇਡਾ ਲਈ ਸਟੂਡੈਂਟ ਵੀਜਾ
21. ਬਿਜਿਨਸ/ਐਂਟਰਪਰਿਨਰ ਐਪਲੀਕੇਸ਼ਨਨ

Suresh Gupta

Certified Immigration Practitioner (RCIC) Member ICCRC

905-913-7700

info@metroimmigration.com www.metroimmigration.com

12-2355 Derry Road East, Mississauga, Ont. L5S 1V6

ZOLO

Mandeep Dhaliwal

Sales Representative

416-648-9053

416-898-8932

dhaliwal.mandeep137@gmail.com



202-895 Lawrence Ave E, North York, ON M3C 3L2

HOMELIFE HIGHER STANDARDS

Home Life/Superstars

Real Estate Ltd., Brokerage

Each office is independently owned & operated

*Residential *Commercial

*Investment *Condominium

Cell : 416-274-1146

Email : sliddar@hotmail.com

*Office : 905-792-7800 *Fax : 905-792-9092



Sukdev Singh Liddar

*2555 Steeles Ave E. Unit 11 *Brampton *ON*L6T4L6

# ਪੰਜਾਬੀ ਲਿਖਾਰੀ ਸਭਾ ਕੈਲਗਰੀ ਦੀ ਫਰਵਰੀ 2021 ਮਹੀਨੇ ਦੀ ਮੀਟਿੰਗ ਕੌਮਾਂਤਰੀ ਮਾਂ ਬੋਲੀ ਦਿਵਸ ਨੂੰ ਰਹੀਂ ਸਮਰਪਿਤ !

## *ਕਿਸਾਨੀ ਅੰਦੋਲਨ ਨਾਲ ਸਬੰਧਤ ਰਚਨਾਵਾਂ ਸਹਿਤ ਹੋਈ ਵਿਚਾਰ ਚਰਚਾ।*



ਪੰਜਾਬੀ ਲਿਖਾਰੀ ਸਭਾ ਕੈਲਗਰੀ ਆਪਣੀ ਮਹੀਨਾਵਾਰ ਮੀਟਿੰਗ ਜ਼ੂਮ ਦੇ ਮਾਧਿਅਮ ਰਾਹੀਂ ਨਿਰਵਿਘਨ ਕਰਦੀ ਆ ਰਹੀ ਹੈ। ਫਰਵਰੀ ਮਹੀਨੇ ਦੀ ਮੀਟਿੰਗ ਵਿਚ ਭਾਗ ਲੈਣ ਵਾਲੇ ਬੁਲਾਰਿਆਂ ਦੀ ਗਿਣਤੀ ਵਿੱਚ ਹੋਰ ਵੀ ਵਾਧਾ ਦੇਖਣ ਨੂੰ ਮਿਲਿਆ। ਮੀਟਿੰਗ ਦੇ ਆਗਾਜ਼ ਵਿੱਚ ਮੀਤ ਪ੍ਰਧਾਨ ਬਲਵੀਰ ਗੋਰਾ ਨੇ ਸਭ ਨੂੰ ਜੀ ਆਇਆਂ ਆਖਿਆ। ਜਨਰਲ ਸਕੱਤਰ ਜ਼ੋਰਾਵਰ ਬਾਂਸਲ ਨੇ ਅਗਲੀ ਕਾਰਵਾਈ ਸ਼ੁਰੂ ਕਰਦਿਆਂ ਭਾਵੁਕ ਸ਼ਬਦਾਂ ਵਿਚ ਸ਼ੋਕ ਮਤੇ ਸਾਂਝੇ ਕੀਤੇ ਜਿਨ੍ਹਾਂ ਵਿਚ ਪਹਿਲਾਂ ਜ਼ਿਕਰ ਲੇਖਕ ਤੇ ਫ਼ਿਲਮ ਨਿਰਦੇਸ਼ਕ ਦਰਵੇਸ਼ ਦਰਸ਼ਨ, ਥੀਏਟਰ ਨਾਲ ਸਬੰਧਤ ਬਹੁਪੱਖੀ ਸ਼ਖਸੀਅਤ ਡਾ. ਦਰਸ਼ਨ ਬੜੀ ਦੇ ਇਲਾਵਾ ਚਰਨਪਾਲ ਗਿੱਲ ਜਿਨ੍ਹਾਂ 'ਫਾਰਮਰਸ ਫਾਰਮ ਵਰਕਰ ਯੂਨੀਅਨ' ਬਣਾ ਕੇ ਵਰਕਰਾਂ ਦੇ ਹੱਕਾਂ ਲਈ ਸੰਘਰਸ਼ ਕੀਤਾ, ਨਸਲਵਾਦ ਵਿਰੋਧੀ ਸੰਘਰਸ਼ ਕਮੇਟੀ ਦੀ ਅਗਵਾਈ ਕੀਤੀ, ਬਜ਼ੁਰਗਾਂ ਦੀ ਸਹੂਲਤ ਲਈ 'ਨਾਨ ਪ੍ਰਾਫਿਟ ਗੁਰੂ ਨਾਨਕ' ਸੀਨੀਅਰ ਹੋਮ ਬਣਾਇਆ, ਉਹ ਦੋ ਫਰਵਰੀ ਨੂੰ ਕੈਂਸਰ ਦੀ ਨਾਮੁਰਾਦ ਬਿਮਾਰੀ ਨਾਲ ਇਸ ਫਾਨੀ ਜਹਾਨ ਨੂੰ ਅਲਵਿਦਾ ਆਖ ਗਏ। ਪੰਜਾਬੀ ਲਿਖਾਰੀ ਸਭਾ ਦੀ ਪੂਰੀ ਕਮੇਟੀ ਵੱਲੋਂ ਇਨ੍ਹਾਂ ਸ਼ਖਸੀਅਤਾਂ ਨੂੰ ਸ਼ਰਧਾ ਦੇ ਅਕੀਦੇ ਭੇਟ ਕੀਤੇ ਗਏ। ਕਿਸਾਨੀ ਸੰਘਰਸ਼ ਵਿਚ ਸ਼ਹੀਦ ਹੋਏ ਅੰਦੋਲਨਕਾਰੀਆਂ ਦੀ ਸ਼ਹਾਦਤ ਨੂੰ ਪ੍ਰਣਾਮ ਕੀਤਾ। ਨੌਦੀਪ ਕੌਰ ਤੇ ਦਿਸ਼ਾ ਰਵੀ ਪ੍ਰਤੀ ਸਰਕਾਰ ਦੀ ਵਧੀਕੀ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਤੇ ਉਨ੍ਹਾਂ ਦੀ ਰਿਹਾਈ ਦੀ ਮੰਗ ਵੀ ਕੀਤੀ ਗਈ। ਬਲਜਿੰਦਰ ਸੰਘਾ ਨੇ ਚਰਨਪਾਲ ਗਿੱਲ ਬਾਰੇ ਹੋਰ ਵਿਸਥਾਰ 'ਚ ਜਾਣਕਾਰੀ ਸਾਂਝੀ ਕੀਤੀ ਤੇ 'ਦੋਸਤ ਲਈ ਦੁਆ' ਤੇ 'ਮੀਡੀਆ' ਕਵਿਤਾਵਾਂ ਵੀ ਸਾਂਝੀਆਂ ਕੀਤੀਆਂ। ਗੁਰਚਰਨ ਕੌਰ ਥਿੰਦ, ਹਰੀਪਾਲ, ਸੁਖਵਿੰਦਰ ਤੂਰ, ਪਰਮਿੰਦਰ ਰਮਨ, ਸੁਖਜੀਤ, ਹਰਕੰਵਲ ਸਾਹਿਲ, ਸ਼ਿਵ ਕੁਮਾਰ ਸਰਮਾ, ਜਸਵੀਰ ਸਹੋਤਾ, ਮਹਿੰਦਰਪਾਲ ਐਸ ਪਾਲ, ਹਰਮਿੰਦਰ ਚੁੱਘ, ਗਾ ਕੇ ਸੁਣਾਈ। ਕਿਸਾਨੀ ਅੰਦੋਲਨ ਤੇ ਮਾਂ ਬੋਲੀ ਨੂੰ ਸਮਰਪਤ ਅਗਲੀਆਂ ਰਚਨਾਵਾਂ ਵਿਚ ਸਰਬਜੀਤ ਉੱਪਲ, ਗੁਰਦੀਸ਼ ਗਰੇਵਾਲ, ਮੰਗਲ ਚੱਠਾ, ਸਰਵਣ ਸਿੰਘ ਸੰਧੂ, ਜੋਰਾਵਰ ਬਾਂਸਲ, ਜਗਦੀਪ ਸਿੱਧੂ ਨੇ ਕਵਿਤਾਵਾਂ ਸੁਣਾਈਆਂ। ਸਾਰੀ ਮੀਟਿੰਗ ਹੀ ਪੰਜਾਬੀ ਮਾਂ ਬੋਲੀ ਨੂੰ ਸਮਰਪਿਤ ਰਹੀ ਤੇ ਕਿਸਾਨੀ ਸੰਘਰਸ਼ ਉੱਤੇ ਡੂੰਘੀਆਂ ਵਿਚਾਰਾਂ ਹੋਈਆਂ। ਅਖੀਰ ਵਿੱਚ ਮੀਤ ਪ੍ਰਧਾਨ ਬਲਵੀਰ ਗੋਰਾ ਨੇ ਮੀਟਿੰਗ ਨੂੰ ਕਾਮਯਾਬ ਬਣਾਉਣ ਲਈ ਹਾਜ਼ਰ ਬੁੱਧੀਜੀਵੀਆਂ ਦਾ ਧੰਨਵਾਦ ਕੀਤਾ ਤੇ ਅਗਲੀ ਮੀਟਿੰਗ ਜੋ ਇੱਕੀ ਮਾਰਚ ਨੂੰ ਜ਼ੂਮ ਦੇ ਮਾਧਿਅਮ ਰਾਹੀਂ ਹੋਏਗੀ। ਉਸ ਵਿਚ ਹਾਜ਼ਰ ਹੋਣ ਲਈ ਅਪੀਲ ਕੀਤੀ.ਸਭਾ ਬਾਰੇ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਲਈ ਪ੍ਰਧਾਨ ਦਵਿੰਦਰ ਮਲਹਾਂਸ ਨੂੰ4039932201 ਤੇ ਜਨਰਲ ਸਕੱਤਰ ਜ਼ੋਰਾਵਰ ਬਾਂਸਲ 5874377805 ਨੂੰ ਸੰਪਰਕ ਕੀਤਾ ਜਾ ਸਕਦਾ ਹੈ!




ਪੁੱਤ ਦੀ ਥਾਂ 'ਤੇ ਖੜ੍ਹਾ ਟਰੈਕਟਰ ਭਰੇ ਹਾਜ਼ਰੀ ਦਿੱਲੀ!
ਫੁੱਲ ਤਾਰ ਕੇ ਪਹੁੰਚਿਆ ਬਾਪੂ ਅੱਖ ਅਜੇ ਵੀ ਗਿੱਲੀ!















# ਕਿੱਲ, ਕਾਂਟੇਦਾਰ ਤਾਰ, ਕਿਸਾਨ ਮੋਰਚਾ ਅਤੇ ਲੋਕਰਾਜ

ਡਾ. ਗੁਰਨਾਮ ਕੌਰ, ਕੈਨੇਡਾ



ਕਿਸਾਨਾਂ ਨੇ ਆਪਣਾ ਅੰਦੋਲਨ ਤਿੰਨ ਕਾਲੇ ਖੇਤੀ ਕਾਨੂੰਨਾਂ ਨੂੰ ਵਾਪਸ ਕਰਾਉਣ ਅਤੇ ਐਮ. ਐਸ. ਪੀ. ਨੂੰ ਕਾਨੂੰਨ ਵਜੋਂ ਪਾਸ ਕਰਵਾ ਕੇ ਖੇਤੀ ਉਪਜ ਦੀ ਖਰੀਦ ਉਸ ਕੀਮਤ 'ਤੇ ਲਾਜ਼ਮੀ ਬਣਾਉਣ ਨੂੰ ਲੈ ਕੇ ਸ਼ੁਰੂ ਕੀਤਾ ਸੀ, ਜਿਸ ਵਿਚ ਚੌਥੀ ਹੋਰ ਕੋਈ ਮੰਗ ਸ਼ਾਮਲ ਨਹੀਂ ਸੀ। ਕਿਸਾਨ ਆਗੂ ਜਾਣਦੇ ਹਨ ਕਿ ਜੇ ਇੱਕ ਵਾਰ ਇਹ ਕਾਨੂੰਨ ਲਾਗੂ ਹੋ ਜਾਂਦੇ ਹਨ ਤਾਂ ਕਿਸਾਨ ਖੇਤੀ ਤੋਂ ਬਾਹਰ ਹੋ ਜਾਵੇਗਾ, ਕਿਉਂਕਿ ਕਾਰਪੋਰੇਟਾਂ ਨੂੰ ਕਿਸਾਨ ਦੀ ਲੋੜ ਹੀ ਨਹੀਂ ਰਹਿਣੀ। ਅੱਜ ਦੇ ਕਿਸਾਨ ਆਗੂ ਪੜ੍ਹੇ-ਲਿਖੇ ਹਨ। ਉਨ੍ਹਾਂ ਨੂੰ ਇਹ ਬਹੁਤ ਚੰਗੀ ਤਰ੍ਹਾਂ ਪਤਾ ਹੈ ਕਿ ਇਹ ਕਾਨੂੰਨ ਗੈਟ ਦੇ ਸਮਝੌਤੇ ਅਨੁਸਾਰ ਬਣਾਏ ਗਏ ਹਨ ਅਤੇ ਇਹ ਲੜਾਈ ਬਹੁਤ ਵੱਡੀ ਅਤੇ ਲੰਬੀ ਹੈ। ਇਹ ਉਹ ਕਿਸਾਨ ਨੇਤਾ ਹਨ, ਜਿਨ੍ਹਾਂ ਦਾ ਕਿਸਾਨ ਸੰਘਰਸ਼ਾਂ ਨੂੰ ਚਲਾਉਣ ਦਾ ਲੰਬਾ ਤਜ਼ਰਬਾ ਹੈ।

ਇਹ ਕੋਈ ਕੱਲ ਹੀ ਉਠ ਕੇ ਆਗੂ ਨਹੀਂ ਬਣੇ, ਸਗੋਂ ਇਨ੍ਹਾਂ ਵਿਚ ਉਹ ਵੀ ਹਨ, ਜੋ 1970ਵਿਆਂ ਤੋਂ ਕਿਸਾਨ ਸੰਘਰਸ਼ਾਂ ਨੂੰ ਸਫਲਤਾ ਪੂਰਵਕ ਚਲਾਉਂਦੇ ਆ ਰਹੇ ਹਨ। ਇਨ੍ਹਾਂ ਨੂੰ ਖੁੱਲ੍ਹੇ ਵਪਾਰ, ਖੁੱਲ੍ਹੀਆਂ ਮੰਡੀਆਂ ਤੋਂ ਲੈ ਕੇ ਕੌਮਾਂਤਰੀ ਵਪਾਰ ਸਮਝੌਤਿਆਂ, ਸ਼ਾਂਤਾ ਕੁਮਾਰ ਰਿਪੋਰਟ, ਸਵਾਮੀਨਾਥਨ ਕਮਿਸ਼ਨ ਤੱਕ ਇੱਕ ਇੱਕ ਕਾਨੂੰਨ ਦੀ ਬਾਰੀਕੀ ਨਾਲ ਸਮਝ ਹੈ।

ਕਿਸਾਨ ਆਗੂ ਆਪਣੀਆਂ ਸਟੇਜਾਂ ਤੋਂ ਦੱਸਦੇ ਹਨ ਕਿ ਗੈਟ ਦੇ 12ਵੇਂ ਅਧਿਆਇ ਵਿਚ ਇਹ ਦਰਜ ਹੈ ਕਿ ਕਿਸਾਨ ਨੂੰ ਦਿੱਤੀਆਂ ਜਾਂਦੀਆਂ ਸਹੂਲਤਾਂ ਭਾਵੇਂ ਉਹ ਸਬਸਿਡੀ ਹੈ ਜਾਂ ਕੁਝ ਹੋਰ ਰਿਆਇਤਾਂ, ਭਾਰਤ ਨੂੰ ਬੰਦ ਕਰਨ ਲਈ ਕਿਹਾ ਗਿਆ ਹੈ। ਉਹ ਇਸ ਦੇ ਇਤਿਹਾਸ ਵਿਚ ਜਾਂਦਿਆਂ ਦੱਸਦੇ ਹਨ ਕਿ ਗੈਟ ਦੀ ਮੀਟਿੰਗ ਵਿਚ ਭਾਰਤ ਦਾ ਪ੍ਰਿੰਸੀਪਲ ਸਕੱਤਰ ਐਸ. ਪੀ. ਸ਼ੁਕਲਾ ਸੀ, ਜਿਸ ਨੇ ਉਦੋਂ ਦੀ ਭਾਰਤ ਸਰਕਾਰ ਨੂੰ ਆਗਾਹ ਕੀਤਾ ਸੀ ਕਿ ਗੈਟ ਦਾ ਖਰੜਾ ਭਾਰਤ ਲਈ ਤਬਾਹਕੁਨ ਅਤੇ ਖਤਰਨਾਕ ਹੈ ਅਤੇ ਭਾਰਤ ਨੂੰ ਇਸ ਸਮਝੌਤੇ 'ਤੇ ਸਹਿਮਤੀ ਨਹੀਂ ਦੇਣੀ ਚਾਹੀਦੀ। ਉਹ ਇਹ ਵੀ ਜਾਣਦੇ ਹਨ ਕਿ ਸੰਸਾਰ ਬੈਂਕ ਨੇ ਭਾਰਤੀ ਸਰਕਾਰ ਨੂੰ ਚਿੱਠੀ ਲਿਖੀ ਸੀ ਕਿ ਐਸ. ਪੀ. ਸ਼ੁਕਲਾ ਨੂੰ ਹਟਾ ਕੇ ਉਸ ਦੀ ਥਾਂ ਅਨਵਰ ਅਲ ਹੁੱਡਾ ਨੂੰ ਪ੍ਰਿੰਸੀਪਲ ਸਕੱਤਰ ਲਾਇਆ ਜਾਵੇ ਅਤੇ ਉਸ ਤੋਂ ਬਾਅਦ ਨਰਸਿਮਹਾ ਰਾਉ ਦੀ ਸਰਕਾਰ ਆਈ, ਜਿਸ ਨੇ ਇਵੇਂ ਹੀ ਕੀਤਾ; ਐਸ. ਪੀ. ਸ਼ੁਕਲਾ ਨੂੰ ਹਟਾ ਕੇ ਉਸ ਦੀ ਥਾਂ ਅਨਵਰ ਅਲ ਹੁੱਡਾ ਨੂੰ ਪ੍ਰਿੰਸੀਪਲ ਸਕੱਤਰ ਬਣਾ ਦਿੱਤਾ।

ਕਿਸਾਨ ਜਾਣਦੇ ਹਨ ਕਿ ਅਮਰੀਕਾ ਦਾ ਸੰਸਾਰ ਬੈਂਕ 'ਤੇ ਦਬਦਬਾ ਕਾਇਮ ਹੈ ਅਤੇ ਇਹੀ ਵਜ੍ਹਾ ਹੈ ਕਿ ਅਮਰੀਕਾ ਦੇ ਨਵੇਂ ਬਣੇ ਰਾਸ਼ਟਰਪਤੀ ਜੋਅ ਬਾਇਡਨ ਨੇ ਭਾਰਤੀ ਸਰਕਾਰ ਵੱਲੋਂ ਕਿਸਾਨਾਂ ਦੇ ਮਨੁੱਖੀ ਅਧਿਕਾਰਾਂ ਦੀ ਹੋ ਰਹੀ ਉਲੰਘਣਾ ਬਾਰੇ ਤਾਂ ਭਾਰਤ ਨੂੰ ਕਿਹਾ ਹੈ, ਪਰ ਕਾਨੂੰਨ ਰੱਦ ਕਰਨ ਬਾਰੇ ਅਮਰੀਕਾ ਚੁੱਪ ਹੈ। ਕਿਸਾਨ ਨੇਤਾ ਆਪਣੀਆਂ ਮੰਗਾਂ ਬਾਰੇ ਪੂਰੀ ਤਰ੍ਹਾਂ ਸੁਚੇਤ ਹਨ। ਉਨ੍ਹਾਂ ਦਾ ਇਹ ਸੁਚੇਤ ਹੋਣਾ ਹੀ ਸੀ ਕਿ ਆਰਡੀਨੈਂਸ ਆਉਣ ਤੋਂ ਪਹਿਲਾਂ ਹੀ ਉਨ੍ਹਾਂ ਨੇ ਪੰਜਾਬ ਦੀਆਂ ਰਾਜਨੀਤਕ ਪਾਰਟੀਆਂ ਦੇ ਲੀਡਰਾਂ ਨੂੰ, ਸਮੇਤ ਰਾਜਕਰਤਾ ਕਾਂਗਰਸ ਪਾਰਟੀ ਦੇ, ਕਿਸਾਨ ਭਵਨ ਚੰਡੀਗੜ੍ਹ ਵਿਚ ਮੀਟਿੰਗ ਕਰਕੇ ਆਗਾਹ ਕੀਤਾ ਸੀ ਕਿ ਇਸ ਕਿਸਮ ਦੇ ਕਾਨੂੰਨ ਆਉਣ ਵਾਲੇ ਹਨ। ਇਹੀ ਵਜ੍ਹਾ ਸੀ ਕਿ ਆਰਡੀਨੈਂਸ ਆਉਂਦਿਆਂ ਹੀ ਵੱਖ ਵੱਖ ਕਿਸਾਨ ਜਥੇਬੰਦੀਆਂ ਵੱਲੋਂ ਆਰਡੀਨੈਂਸਾਂ ਦੇ ਖਿਲਾਫ ਧਰਨਿਆਂ ਦੇ ਰੂਪ ਵਿਚ ਅੰਦੋਲਨ ਸ਼ੁਰੂ ਕਰ ਦਿੱਤਾ ਗਿਆ ਸੀ, ਜਿਸ ਵਿਚ ਟੋਲ ਪਲਾਜਿਆਂ ਤੋਂ ਲੈ ਕੇ ਰਿਲਾਇੰਸ ਦੇ ਪੈਟਰੋਲ ਪੰਪਾਂ, ਸ਼ਾਪਿੰਗ ਮਾਲਾਂ ਅਤੇ ਰੇਲਵੇ ਟਰੈਕਾਂ ਤੱਕ ਦਾ ਘਿਰਾਓ ਸ਼ਾਮਲ ਸੀ। ਸਾਰੀ ਮੁਖਾਲਫਤ ਦੇ ਬਾਵਜੂਦ ਬਹੁਤ ਹੀ ਗੈਰ-ਸੰਵਿਧਾਨਕ ਤਰੀਕੇ ਨਾਲ, ਰਾਜ ਸਭਾ ਵਿਚ ਬਿਨਾ ਕਿਸੇ ਵੋਟਿੰਗ ਕਰਾਉਣ ਦੇ ਕਾਨੂੰਨ ਪਾਸ ਕਰ ਦਿੱਤੇ ਗਏ।

ਕਿਸਾਨ ਲੀਡਰਾਂ ਦੀ ਯੋਗਤਾ, ਦੂਰ-ਅੰਦੇਸ਼ ਰਹਿਨੁਮਾਈ ਹੀ ਸੀ ਕਿ ਪੰਜਾਬ ਤੋਂ ਸ਼ੁਰੂ ਹੋ ਕੇ ਅੰਦੋਲਨ ਹਰਿਆਣੇ ਤੱਕ ਫੈਲਿਆ; ਹਰਿਆਣੇ ਦੇ ਨੌਜੁਆਨ ਕਿਸਾਨਾਂ ਨੇ ਗੁਰਨਾਮ ਸਿੰਘ ਚੜੂੰਨੀ ਦੀ ਅਗਵਾਈ ਵਿਚ 25 ਨਵੰਬਰ ਨੂੰ ਹਰਿਆਣਾ ਸਰਕਾਰ ਵੱਲੋਂ ਲਾਏ ਗਏ ਹਰ ਤਰ੍ਹਾਂ ਦੇ ਬੈਰੀਅਰ ਤੋੜਨ ਵਿਚ ਅਗਵਾਈ ਕਰਕੇ ਪੰਜਾਬ ਦੇ ਕਿਸਾਨਾਂ ਲਈ ਦਿੱਲੀ ਪਹੁੰਚਣਾ ਆਸਾਨ ਬਣਾਇਆ। ਸਾਰੇ ਲੋਕ ਇਸ ਤੱਥ ਤੋਂ ਭਲੀਭਾਂਤ ਜਾਣੂ ਹਨ। ਕਿਸਾਨ ਆਗੂਆਂ ਦੀ ਦੂਰ-ਅੰਦੇਸ਼ੀ ਅਤੇ ਸਾਂਝੀ ਸਮਝ ਹੀ ਸੀ ਕਿ ਵੱਖ ਵੱਖ ਵਿਚਾਰਧਾਰਾਵਾਂ ਦੇ ਧਾਰਨੀ ਹੋਣ ਦੇ ਬਾਵਜੂਦ ਉਹ 32 ਜਥੇਬੰਦੀਆਂ ਦਾ ਸਾਂਝਾ ਮੋਰਚਾ ਬਣਾ ਕੇ ਭਾਰਤ ਦੀਆਂ ਕਰੀਬ ਪੰਜ ਸੌ ਕਿਸਾਨ ਜਥੇਬੰਦੀਆਂ ਨੂੰ ਆਪਣੇ ਨਾਲ ਜੋੜਨ ਵਿਚ ਸਫਲ ਹੋ ਸਕੇ। ਉਨ੍ਹਾਂ ਦਾ ਸਾਂਝਾ ਏਜੰਡਾ ਕਿ ਇਹ ਕਾਨੂੰਨ ਵਾਪਸ ਕਰਾਕੇ ਐਮ. ਐਸ. ਪੀ. ਅਤੇ ਖਰੀਦ ਦੀ ਗਾਰੰਟੀ ਕਰਵਾਉਣੀ ਹੈ, ਨੇ ਉਨ੍ਹਾਂ ਨੂੰ ਇੱਕ ਦੂਜੇ ਨਾਲ ਜੋੜਿਆ ਹੋਇਆ ਹੈ। ਇਹ ਸਭ ਦਾ ਸਾਂਝਾ ਪ੍ਰੋਗਰਾਮ ਹੈ।

ਇਹੀ ਨਹੀਂ ਕਿ ਉਨ੍ਹਾਂ ਦੇ ਇਸ ਸਾਂਝੇ ਪ੍ਰੋਗਰਾਮ ਸਦਕਾ ਹੀ ਅੱਜ ਇਹ ਮੋਰਚਾ ਸਾਰੇ ਭਾਰਤ ਦੇ ਕਿਸਾਨਾਂ ਦਾ ਅੰਦੋਲਨ ਬਣ ਗਿਆ ਹੈ, ਸਗੋਂ ਉਨ੍ਹਾਂ ਵੱਲੋਂ ਸ਼ੁਰੂ ਕੀਤੀ ਇਹ ਜਾਗ੍ਰਿਤੀ ਲਹਿਰ ਹੀ ਹੈ, ਜਿਸ ਨੇ ਹਰ ਵਰਗ ਨੂੰ ਉਨ੍ਹਾਂ ਦੀ ਹਮਾਇਤ 'ਤੇ ਲਿਆ ਖੜ੍ਹਾ ਕੀਤਾ ਹੈ, ਭਾਵੇਂ ਉਹ ਆਮ ਸ਼ਹਿਰੀ ਹਨ, ਛੋਟੇ ਦੁਕਾਨਦਾਰ, ਦਿੱਲੀ ਦੇ ਬਾਰਡਰਾਂ 'ਤੇ ਵੱਸੇ ਆਮ ਪਿੰਡਾਂ ਦੇ ਲੋਕ, ਵਕੀਲ, ਵਿਦਿਆਰਥੀ, ਅਧਿਆਪਕ, ਅਧਿਆਤਮਕ ਹਸਤੀਆਂ, ਕਲਾਕਾਰ, ਗਾਇਕ, ਲੋਕ-ਹਿਤਾਂ ਨੂੰ ਪ੍ਰਣਾਏ ਪੱਤਰਕਾਰ, ਸੇਵਾ-ਮੁਕਤ ਸੁਰੱਖਿਆ ਕਰਮੀ, ਸਮਾਜ ਸੇਵੀ ਅਤੇ ਮਨੁੱਖੀ ਅਧਿਕਾਰ ਕਾਰਕੁਨ ਜਾਂ ਸੇਵਾਮੁਕਤ ਉੱਚ-ਅਧਿਕਾਰੀ ਹਨ; ਇਹੀ ਨਹੀਂ ਇਸ ਅੰਦੋਲਨ 'ਤੇ ਅੱਜ ਕੌਮਾਂਤਰੀ ਪੱਧਰ 'ਤੇ ਸਭ ਦੀਆਂ ਨਿਗਾਹਾਂ ਟਿਕੀਆਂ ਹੋਈਆਂ ਹਨ ਅਤੇ ਅੰਦੋਲਨ ਦੀ ਹਮਾਇਤ ਕੌਮਾਂਤਰੀ ਪੱਧਰ 'ਤੇ ਹੋ ਰਹੀ ਹੈ। ਇਹ ਅੰਦੋਲਨ ਫਾਸ਼ੀਵਾਦੀ ਸਰਕਾਰ ਦੇ ਨਾਲ ਨਾਲ ਕਾਰਪੋਰੇਟ ਸਰਮਾਏਦਾਰੀ ਦੇ ਖਿਲਾਫ ਵੀ ਹੈ, ਜਿਸ ਦਾ ਸਿਹਰਾ ਪੰਜਾਬ ਅਤੇ ਪੰਜਾਬੀ ਕਿਸਾਨਾਂ ਨੂੰ ਜਾਂਦਾ ਹੈ। ਕਿਸਾਨ ਜਾਣਦੇ ਹਨ ਕਿ ਉਨ੍ਹਾਂ ਦੀ ਇਹ ਲੜਾਈ ਕਾਰਪੋਰੇਟ ਪੱਖੀ ਸਰਕਾਰ ਅਤੇ ਮਹਿਜ਼ ਉਸ ਆਰਥਿਕ ਕੁਲੀਨ ਵਰਗ ਕਾਰਪੋਰੇਟ ਨਾਲ ਹੀ ਨਹੀਂ ਹੈ, ਜੋ ਉਨ੍ਹਾਂ ਦਾ ਸੋਸ਼ਣ ਕਰਦਾ ਹੈ, ਸਗੋਂ ਉਸ ਕਾਰਪੋਰੇਟ ਆਰਥਿਕ ਕੁਲੀਨ ਵਰਗ ਨਾਲ ਹੈ, ਜਿਸ ਨੂੰ ਕਿਸਾਨਾਂ ਦੀ ਲੋੜ ਹੀ ਨਹੀਂ ਰਹਿਣੀ।

ਪਿਛਲੇ ਲੇਖ ਵਿਚ ਵੀ ਜ਼ਿਕਰ ਕੀਤਾ ਸੀ ਕਿ 26 ਜਨਵਰੀ ਦੇ ਲਾਲ ਕਿਲੇ ਵਾਲੇ ਵਰਤਾਰੇ ਨੇ ਅੰਦੋਲਨ ਨੂੰ ਹਰ ਤਰ੍ਹਾਂ ਨਾਲ ਢਾਹ ਲਾਈ ਹੈ ਅਤੇ ਬਤੌਰ ਸਿੱਖ ਸਾਡੀ ਕਿਸੇ ਵੀ ਤਰ੍ਹਾਂ ਦੀ ਸ਼ਾਨ ਨੂੰ ਚਾਰ ਚੰਨ ਨਹੀਂ ਲਾਏ। ਸਿੱਖੀ ਦੀ ਸ਼ਾਨ ਵਿਚ ਵਾਧਾ ਟਿੱਕਰੀ, ਸਿੰਘੂ-ਕੁੰਡਲੀ ਬਾਰਡਰ 'ਤੇ ਚੱਲ ਰਹੇ ਧਰਨਿਆਂ ਦੌਰਾਨ ਸੇਵਾ, ਸਬਰ, ਸੰਤੋਖ, ਸਾਂਝੀਵਾਲਤਾ ਦੇ ਸੰਦੇਸ਼ ਰਾਹੀਂ ਸਿੱਖ ਕੀਮਤ ਸਿਧਾਂਤਾਂ ਦੇ ਪ੍ਰਤੱਖਣ ਨੇ ਕੀਤਾ ਸੀ; ਜਿਸ ਦੇ ਅਸਰ ਹੇਠ ਚਾਰੇ ਪਾਸੇ ਸਿੱਖਾਂ ਅਤੇ ਪੰਜਾਬ ਦੇ ਚਰਚੇ ਹੋ ਰਹੇ ਸਨ। ਇਨ੍ਹਾਂ ਧਰਨਿਆਂ ਰਾਹੀਂ ਪਹਿਲੀ ਵਾਰ ਹਿੰਦੁਸਤਾਨ ਦੀ ਜਨਤਾ ਨੂੰ ਸਿੱਖ ਨੈਤਿਕ ਕੀਮਤਾਂ ਅਤੇ 'ਸਰਬੱਤ ਦਾ ਭਲਾ' ਵਾਲੇ ਸਿੱਖ ਸਭਿਆਚਾਰ ਦੇ ਦਰਸ਼ਨ-ਦੀਦਾਰੇ ਹੋਏ ਸਨ। 26 ਜਨਵਰੀ ਦੇ ਇਸ ਸਾਰੇ ਵਰਤਾਰੇ ਬਾਰੇ ਜ਼ਿਕਰ ਸੀਨੀਅਰ ਪੱਤਰਕਾਰ ਸ. ਜਸਪਾਲ ਸਿੰਘ ਸਿੱਧੂ ਨੇ 'ਜੰਗ ਸਿੰਘਾਂ ਤੇ ਫਰੰਗੀਆਂ' ਨਾਮੀ ਸ਼ਾਹ ਮੁਹੰਮਦ ਦੀ ਲਿਖੀ ਵਾਰ ਨੂੰ ਲੈ ਕੇ ਇਤਿਹਾਸਕ ਹਵਾਲਿਆਂ ਨਾਲ ਬਹੁਤ ਹੀ ਤਫਸੀਲ ਵਿਚ 20 ਫਰਵਰੀ ਦੇ ਪੰਜਾਬ ਟਾਈਮਜ਼ ਵਿਚ ਇਸੇ ਵਾਰ ਦੀ ਤੂਕ "ਕੋਈ ਅਕਲ ਦਾ ਕਰੋ ਇਲਾਜ ਯਾਰੋ" ਨਾਮੀ ਲੇਖ ਵਿਚ ਕੀਤਾ ਹੈ। ਇਸ ਲੇਖ ਵਿਚ ਡੋਗਰਿਆਂ ਦੀਆਂ ਸਾਜਿਸ਼ਾਂ ਦੇ ਨਾਲ ਨਾਲ, ਜਿਹੜੀਆਂ ਖਾਲਸਾ ਫੌਜਾਂ ਦੀ ਹਾਰ ਅਤੇ ਸਿੱਖ ਰਾਜ ਦੀ ਤਬਾਹੀ ਦਾ ਕਾਰਨ ਬਣੀਆਂ, 26 ਜਨਵਰੀ ਦੀ ਲਾਲ ਕਿਲੇ 'ਤੇ ਘਟਨਾ ਦੇ ਸਬੰਧ ਵਿਚ ਬਹੁਤ ਸਾਰੇ ਪ੍ਰਸ਼ਨ ਵੀ ਉਠਾਏ ਹਨ। ਇਹ ਪਾਠਕਾਂ ਨੇ ਪੜ੍ਹਿਆ ਹੀ ਹੈ, ਜਿਸ ਦੇ ਵਿਸਥਾਰ ਵਿਚ ਜਾਣ ਦੀ ਇੱਥੇ ਲੋੜ ਨਹੀਂ ਜਾਪਦੀ।

ਜਸਪਾਲ ਸਿੰਘ ਸਿੱਧੂ ਨੇ ਆਪਣੇ ਸਿਰਲੇਖ "ਕੋਈ ਅਕਲ ਦਾ ਕਰੋ ਇਲਾਜ ਯਾਰੋ" ਰਾਹੀਂ ਮੋਰਚੇ ਦੀ ਮੁਖਾਲਫਤ ਕਰਨ ਵਾਲੇ ਬੁੱਧੀਜੀਵੀਆਂ ਨੂੰ ਇੱਕ ਤਰ੍ਹਾਂ ਨਾਲ ਤਰਲਾ ਮਾਰਿਆ ਹੈ ਕਿ ਬੱਸ ਕਰੋ, ਹੁਣ ਬਹੁਤ ਹੋ ਗਈ; ਮੋਰਚਾ ਚੱਲ ਲੈਣ ਦਿਉ, ਕਿਉਂ ਮੋਰਚੇ ਨੂੰ ਢਾਹ ਲਾ ਰਹੇ ਹੋ? ਜ਼ਰਾ ਸੋਚਣ ਵਾਲੀ ਗੱਲ ਹੈ ਕਿ ਜੇ ਲਾਲ ਕਿਲੇ ਦੀ ਘਟਨਾ ਨਾ ਵਾਪਰਦੀ ਤਾਂ ਜਿੰਨੀ ਸ਼ਾਨ ਨਾਲ ਟਰੈਕਟਰ ਪਰੇਡ ਨਿਕਲ ਰਹੀ ਸੀ, ਦੇਸ਼-ਵਿਦੇਸ਼ ਵਿਚ ਉਸ ਦਾ ਕਿੰਨਾ ਹਾਂ-ਮੁਖੀ ਪ੍ਰਭਾਵ ਪੈਣਾ ਸੀ। ਜਿਸ ਦਿਨ ਤੋਂ ਅੰਦੋਲਨ ਸ਼ੁਰੂ ਹੋਇਆ ਹੈ, ਸਰਕਾਰ ਅਤੇ ਗੋਦੀ ਮੀਡੀਆ ਦਾ ਪੂਰਾ ਜ਼ੋਰ ਲੱਗਿਆ ਹੋਇਆ ਸੀ ਕਿ ਇਸ ਨੂੰ ਅਰਬਨ ਨਕਸਲ, ਟੁਕੜੇ ਟੁਕੜੇ ਗੈਂਗ, ਖਾਲਿਸਤਾਨੀ ਅਤੇ ਮਹਿਜ਼ ਪੰਜਾਬ ਦਾ ਅੰਦੋਲਨ ਸਾਬਤ ਕਰ ਸਕੇ, ਪਰ ਕੋਈ ਸਫਲਤਾ ਪ੍ਰਾਪਤ ਨਹੀਂ ਸੀ ਹੋ ਰਹੀ।

ਇਸ ਘਟਨਾ ਨੇ ਸਰਕਾਰ ਅਤੇ ਗੋਦੀ ਮੀਡੀਆ ਲਈ ਉਹ ਸਾਰੇ ਰਸਤੇ ਖੋਲ੍ਹ ਦਿੱਤੇ, ਜਿਨ੍ਹਾਂ ਰਾਹੀਂ ਮੋਰਚੇ ਨੂੰ ਢਾਹ ਲਾਈ ਜਾ ਸਕਦੀ ਹੈ ਅਤੇ ਬਦਨਾਮ ਕੀਤਾ ਜਾ ਸਕਦਾ ਹੈ। ਦਿੱਲੀ ਦੇ ਬਾਰਡਰਾਂ 'ਤੇ ਬਾਰਾਂ-ਬਾਰਾਂ ਤਹਿਆਂ ਵਿਚ ਬੈਰੀਕੇਡ ਲਾ ਦਿੱਤੇ ਗਏ, ਕਿੱਲ ਠੋਕ ਕੇ ਸੀਮਿੰਟ ਨਾਲ ਪੱਕੇ ਕਰ ਦਿੱਤੇ, ਜਿਸ ਤਰ੍ਹਾਂ ਨਾਜੀਆਂ ਨੇ ਯਹੂਦੀਆਂ ਨੂੰ ਕੈਂਪਾਂ ਵਿਚ ਡੱਕ ਕੇ ਕੰਡੇਦਾਰ ਤਾਰਾਂ ਲਾਈਆਂ ਸਨ, ਉਸ ਕਿਸਮ ਦੀਆਂ ਕੰਡੇਦਾਰ ਤਾਰਾਂ ਦੀ ਬੈਰੀਕੇਡਿੰਗ ਕਰ ਦਿੱਤੀ ਹੈ, ਜਿਵੇਂ ਉਹ ਕਿਸਾਨ ਨਾ ਹੋ ਕੇ ਕੋਈ ਜੰਗੀ ਕੈਦੀ ਹੋਣ। ਆਲੇ-ਦੁਆਲੇ ਖਾਈਆਂ ਪੱਟ ਦਿੱਤੀਆਂ ਹਨ ਤਾਂ ਕਿ ਸਥਾਨਕ ਲੋਕ ਤੰਗ ਹੋਣ ਅਤੇ ਕਿਸਾਨਾਂ ਦੇ ਵਿਰੁਧ ਹੋ ਜਾਣ; ਕਿੰਨੇ ਭੋਲੇ-ਭਾਲੇ ਕਿਸਾਨ ਜੋ ਲਾਲ ਕਿਲੇ ਵੱਲ ਗਏ ਵੀ ਨਹੀਂ ਸੀ, ਬਰਾੜੀ ਮੈਦਾਨ ਵਰਗੀਆਂ ਥਾਂਵਾਂ 'ਤੇ ਲੱਗੇ ਧਰਨਿਆਂ ਵਿਚੋਂ ਚੁੱਕ ਕੇ ਜੇਲ੍ਹਾਂ ਵਿਚ ਡੱਕ ਦਿੱਤੇ, ਬਹੁਤ ਸਾਰਿਆਂ ਦੀ ਕੋਈ ਉੱਘ-ਸੁੱਘ ਨਹੀਂ ਮਿਲ ਰਹੀ ਕਿ ਉਹ ਕਿੱਥੇ ਹਨ? ਜਿਨ੍ਹਾਂ ਦੇ ਨੌਜੁਆਨ ਪੁੱਤਰਾਂ ਦੀ ਉੱਘ-ਸੁੱਘ ਨਹੀਂ ਮਿਲ ਰਹੀ, ਉਨ੍ਹਾਂ ਮਾਪਿਆਂ ਦਾ ਕੀ ਹਾਲ ਹੈ? ਕੀ ਇਸ ਦਾ ਅੰਦਾਜ਼ਾ ਉਸ ਘਟਨਾ ਨੂੰ ਅੰਜ਼ਾਮ ਦੇਣ ਵਾਲੇ ਲਾ ਸਕਦੇ ਹਨ? ਧਰਨਿਆਂ 'ਤੇ ਬੈਠੇ ਕਿਸਾਨਾਂ ਦੀ ਬਿਜਲੀ, ਪਾਣੀ, ਇੰਟਰਨੈੱਟ, ਬੰਦ ਕਰਕੇ ਅਸਥਾਈ ਸ਼ੌਚਾਲੇ ਤੱਕ ਹਟਾ ਦਿੱਤੇ ਗਏ ਹਨ। ਇਹ ਸਾਰੀਆਂ ਮੁਸ਼ਕਿਲਾਂ ਹਰ ਕਿਸੇ ਨੂੰ ਹੁਣ ਪਤਾ ਹਨ। ਗੋਦੀ ਮੀਡੀਆ ਅਤੇ ਸਰਕਾਰ ਵੱਲੋਂ ਹਰ ਤਰ੍ਹਾਂ ਦਾ ਭੰਡੀ ਪ੍ਰਚਾਰ ਕਰਨ ਦਾ ਮੌਕਾ ਉਸ ਇੱਕ ਘਟਨਾ ਨੇ ਪੈਦਾ ਕਰ ਦਿੱਤਾ; ਧਰਨਾ ਦੇ ਰਹੇ ਕਿਸਾਨ ਅੰਦੋਲਨਕਾਰੀਆਂ ਲਈ ਪ੍ਰਧਾਨ ਮੰਤਰੀ ਨੇ ਪਾਰਲੀਮੈਂਟ ਵਿਚ ਰਾਸ਼ਟਰਪਤੀ ਦੇ ਧੰਨਵਾਦ ਭਾਸ਼ਣ ਦੇ ਮਤੇ ਵਿਚ ਕਿਸਾਨਾਂ ਲਈ ਭੈੜੇ ਤੋਂ ਭੈੜੇ ਸ਼ਬਦਾਂ ਦੀ ਵਰਤੋਂ ਕੀਤੀ ਹੈ।

ਇੱਥੇ ਇਸ ਸਭ ਦਾ ਜ਼ਿਕਰ ਕਰਨ ਦਾ ਮਕਸਦ ਇਹ ਸਪੱਸ਼ਟ ਕਰਨਾ ਹੈ ਕਿ ਜਿੱਥੇ 26 ਜਨਵਰੀ ਦੀ ਲਾਲ ਕਿਲੇ 'ਤੇ ਨਿਸ਼ਾਨ ਸਾਹਿਬ ਝੁਲਾਉਣ ਦੀ ਘਟਨਾ ਨੇ ਨਿਸ਼ਾਨ ਸਾਹਿਬ ਦੀ ਬੇਅਦਬੀ ਕਰਵਾਈ ਹੈ, ਜਿਵੇਂ ਕਿ ਜਸਪਾਲ ਸਿੰਘ ਸਿੱਧੂ ਨੇ ਜ਼ਿਕਰ ਕੀਤਾ ਹੈ, ਉਥੇ ਹੀ ਸਹੀ ਦਿਸ਼ਾ ਵਿਚ ਚੱਲ ਰਹੇ ਕਿਸਾਨ ਅੰਦੋਲਨ ਦਾ ਨੁਕਸਾਨ ਕੀਤਾ ਹੈ, ਸਰਕਾਰ ਅਤੇ ਗੋਦੀ ਮੀਡੀਆ ਦੀ ਹਰ ਤਰ੍ਹਾਂ ਨਾਲ ਮੋਰਚੇ ਨੂੰ ਢਾਹ ਲਾਉਣ, ਬਦਨਾਮ ਕਰਨ ਵਿਚ ਮਦਦ ਕੀਤੀ ਹੈ। ਇੱਕ ਪਲ ਰੁਕ ਕੇ ਸੋਚਣ ਦੀ ਲੋੜ ਹੈ ਕਿ ਜੇ ਪੁਲਿਸ ਦੀ ਮਦਦ ਨਾਲ ਯੂ. ਪੀ. ਦਾ ਭਾਜਪਾਈ ਐਮ. ਐਲ. ਏ. ਗਾਜੀਪੁਰ ਬਾਰਡਰ ਤੋਂ ਕਿਸਾਨ ਮੋਰਚੇ ਨੂੰ ਉਖਾੜਨ ਵਿਚ ਸਫਲ ਹੋ ਜਾਂਦਾ ਅਤੇ ਕਿਸਾਨ ਨੇਤਾ ਟਿਕੈਤ ਦੀ ਭਾਵੁਕਤਾ ਹਰਿਆਣੇ, ਉੱਤਰ ਪ੍ਰਦੇਸ ਅਤੇ ਉਤਰਾਖੰਡ ਦੇ ਕਿਸਾਨਾਂ ਨੂੰ ਵਾਪਸ ਮੋਰਚੇ ਵੱਲ ਵਹੀਰਾਂ ਘੱਤਣ ਵਿਚ ਸਫਲ ਨਾ ਹੁੰਦੀ ਤਾਂ ਕੀ ਹਸ਼ਰ ਹੁੰਦਾ ਮੋਰਚੇ ਦਾ? ਸਰਕਾਰ ਨੂੰ ਮੌਕਾ ਮਿਲ ਗਿਆ ਹੈ ਕਿ ਉਹ ਆਪਣੀਆਂ ਈ. ਡੀ. ਵਰਗੀਆਂ ਕੇਂਦਰੀ ਏਜੰਸੀਆਂ ਅਤੇ ਦਿੱਲੀ ਪੁਲਿਸ ਰਾਹੀਂ ਕਿਸਾਨਾਂ ਨੂੰ ਹਰ ਤਰ੍ਹਾਂ ਨਾਲ ਤੰਗ ਕਰ ਸਕੇ, ਮੁਕੱਦਮੇ ਚਲਾ ਸਕੇ।

ਸਰਕਾਰ ਨੇ ਜਿਸ ਤਰ੍ਹਾਂ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦੇ ਵਿਦਿਆਰਥੀ ਅੰਦੋਲਨ, ਸ਼ਹਿਰੀ ਰਜਿਸਟਰੇਸ਼ਨ ਕਾਨੂੰਨ ਦੇ ਖਿਲਾਫ ਸ਼ਾਹੀਨ ਬਾਗ ਮੋਰਚਾ, ਅਲੀਗੜ੍ਹ ਮੁਸਲਿਮ ਯੂਨੀਵਰਸਿਟੀ, ਜਾਮੀਆ ਮਿਲੀਆ ਯੂਨੀਵਰਸਿਟੀ, ਭੀਮਾਕੋਰੇ ਗਾਉਂ ਅੰਦੋਲਨਾਂ ਦਾ ਹਸ਼ਰ ਕੀਤਾ, ਉਹੀ ਹਸ਼ਰ ਕਿਸਾਨ ਅੰਦੋਲਨ ਦਾ ਕਰਨਾ ਚਾਹੁੰਦੀ ਹੈ। ਇੱਕ ਪਾਸੇ ਕਿਸਾਨ ਅੰਦੋਲਨ ਦੇ ਖਿਲਾਫ ਮੋਦੀ ਭਗਤਾਂ ਵੱਲੋਂ ਸੋਸ਼ਲ ਮੀਡੀਆ ਦੀ ਖੂਬ ਵਰਤੋਂ ਹੋ ਰਹੀ ਹੈ ਤਾਂ ਦੂਸਰੇ ਪਾਸੇ ਕਿਸਾਨਾਂ ਦੇ ਹੱਕ ਵਿਚ ਮਹਿਜ਼ ਸਮਰਥਨ ਪ੍ਰਗਟ ਕਰਨ 'ਤੇ ਹੀ ਵਾਤਾਵਰਣ ਪ੍ਰੇਮੀ ਗਰੇਟਾ ਥਨਬਰਗ 'ਤੇ ਮੁਕੱਦਮਾ ਦਰਜ ਕਰਾਉਣ ਅਤੇ ਬੰਗਲੌਰ ਦੀ ਭਾਰਤੀ ਵਾਤਾਵਰਣ ਪ੍ਰੇਮੀ ਕੁੜੀ 23 ਸਾਲਾ ਦਿਸ਼ਾ ਰਵੀ ਵਰਗੀ 'ਤੇ ਦੇਸ਼ ਧ੍ਰੋਹ, ਨਫਰਤ ਫੈਲਾਉਣ ਵਰਗੀਆਂ ਧਾਰਾਵਾਂ ਲਾ ਕੇ ਉਸ ਨੂੰ ਦਿੱਲੀ ਪੁਲਿਸ ਵੱਲੋਂ ਬੰਗਲੌਰ ਤੋਂ ਗ੍ਰਿਫਤਾਰ ਕਰਕੇ ਦਿੱਲੀ ਜੇਲ੍ਹ ਸੁੱਟਿਆ ਗਿਆ ਹੈ, ਜਦੋਂ ਕਿ ਦੋ ਹੋਰ ਕਾਰਕੁਨਾਂ ਨੇ ਅਗਾਊਂ ਜ਼ਮਾਨਤ ਲਈ ਹੈ।

ਇਨ੍ਹਾਂ ਕਾਨੂੰਨਾਂ ਨੂੰ ਰੱਦ ਕਰਵਾਉਣ ਦਾ ਸੰਘਰਸ਼ ਹੀ ਆਪਣੇ ਆਪ ਵਿਚ ਭਾਰਤ ਦੇ ਸੰਵਿਧਾਨ, ਲੋਕਰਾਜ ਅਤੇ ਫੈਡਰਲ ਸਿਸਟਮ ਨੂੰ ਬਚਾਉਣ ਦਾ ਸੰਘਰਸ਼ ਹੈ। ਕਿਸਾਨਾਂ ਨੇ ਪਹਿਲੇ ਦਿਨ ਤੋਂ ਹੀ ਕੇਂਦਰੀ ਮੰਤਰੀਆਂ ਨਾਲ ਆਪਣੀਆਂ ਮੀਟਿੰਗਾਂ ਵਿਚ ਸਪੱਸ਼ਟ ਕਰ ਦਿੱਤਾ ਸੀ ਕਿ ਇਹ ਤਿੰਨੇ ਕਾਨੂੰਨ ਗੈਰ-ਸੰਵਿਧਾਨਕ ਹਨ, ਕਿਉਂਕਿ ਸੰਵਿਧਾਨ ਅਨੁਸਾਰ ਖੇਤੀ ਰਾਜਾਂ ਦੇ ਅਧਿਕਾਰ ਖੇਤਰ ਵਿਚ ਸ਼ਾਮਲ ਹੈ। ਇਸ ਲਈ ਖੇਤੀ ਸਬੰਧੀ ਕਾਨੂੰਨ ਬਣਾਉਣ ਦਾ ਹੱਕ ਸਿਰਫ ਅਤੇ ਸਿਰਫ ਰਾਜ ਸਰਕਾਰਾਂ ਦਾ ਹੈ, ਕੇਂਦਰ ਦੇ ਅਧਿਕਾਰ ਖੇਤਰ ਵਿਚ ਆਉਂਦਾ ਹੀ ਨਹੀਂ ਹੈ। ਸ਼ੁਕਰ ਉਸ ਇੱਕ ਪਲ ਦਾ ਅਤੇ ਰਾਕੇਸ਼ ਟਿਕੈਤ ਦਾ ਕਰਨਾ ਚਾਹੀਦਾ ਹੈ ਕਿ ਅੰਦੋਲਨ ਸਾਰੀਆਂ ਦੁਸ਼ਵਾਰੀਆਂ ਦੇ ਬਾਵਜੂਦ ਮੁੜ ਪੈਰਾਂ ਸਿਰ ਹੋ ਗਿਆ ਹੈ, ਭਾਵੇਂ ਇਸ ਲਈ ਮਿਹਨਤ ਹੁਣ ਜ਼ਿਆਦਾ ਵੀ ਕਰਨੀ ਪਵੇਗੀ ਅਤੇ ਕਦਮ ਵੀ ਬਹੁਤ ਸੋਚ ਸਮਝ ਕੇ ਫੂਕ ਫੂਕ ਕੇ ਰੱਖਣੇ ਪੈਣਗੇ।

ਪੁਲਵਾਮਾ ਦੇ ਸ਼ਹੀਦਾਂ ਨੂੰ ਮੋਮਬਤੀਆਂ ਜਗਾ ਕੇ ਸ਼ਰਧਾਂਜਲੀ ਦੇਣ, ਸਰ ਛੋਟੂ ਰਾਮ ਦਾ ਦਿਹਾੜਾ ਮੰਨਾਉਣ ਤੋਂ ਲੈ ਕੇ ਹਿੰਦੁਸਤਾਨ ਭਰ ਵਿਚ ਰੇਲ ਰੋਕੋ ਅੰਦੋਲਨ ਨੂੰ ਪੁਰ-ਅਮਨ ਸਮਾਪਤ ਕਰਨ ਨੇ ਇੱਕ ਨਵੀਂ ਆਸ ਜਗਾਈ ਹੈ। ਅੰਦੋਲਨ ਕਰ ਰਹੇ ਕਿਸਾਨ ਨੌਜੁਆਨਾਂ ਵੱਲੋਂ ਨਾ ਸਿਰਫ ਮੁਸਾਫਿਰਾਂ ਦੀ ਲੰਗਰ, ਚਾਹ-ਪਾਣੀ ਨਾਲ ਸੇਵਾ ਹੀ ਕੀਤੀ ਗਈ, ਸਗੋਂ ਉਹ ਮੁਸਾਫਿਰਾਂ ਨੂੰ ਇਸ ਅੰਦੋਲਨ ਦੀ ਅਹਿਮੀਅਤ ਵੀ ਨਾਲੋ ਨਾਲ ਸਮਝਾ ਰਹੇ ਸਨ ਅਤੇ ਜਨਤਾ ਨੂੰ ਚੇਤੰਨ ਕਰ ਰਹੇ ਸਨ ਕਿ ਇਹ ਕਾਨੂੰਨ ਨਾ ਸਿਰਫ ਕਿਸਾਨਾਂ, ਦੁਕਾਨਦਾਰਾਂ ਜਾਂ ਖੇਤੀ ਨਾਲ ਜੁੜੇ ਹੋਰ ਕਿੱਤਿਆਂ ਲਈ ਹੀ ਨੁਕਸਾਨਦਾਇਕ ਹਨ, ਸਗੋਂ ਆਮ ਸ਼ਹਿਰੀ ਲਈ ਵੀ ਓਨੇ ਹੀ ਘਾਤਕ ਸਿੱਧ ਹੋਣੇ ਹਨ। ਖੇਤੀ ਸੈਕਟਰ ਨੂੰ ਬਚਾਉਣ ਦਾ ਇਹ ਸੰਘਰਸ਼ ਆਪਣੇ ਆਪ ਹੀ ਸੰਵਿਧਾਨ ਅਤੇ ਲੋਕਰਾਜ ਨੂੰ ਬਚਾਉਣ ਦਾ ਸੰਘਰਸ਼ ਹੈ, ਕਿਉਂਕਿ ਕਿਸਾਨ ਨੇਤਾਵਾਂ ਅਨੁਸਾਰ ਇਹ ਕਿਸਾਨਾਂ ਦੇ ਹੱਕਾਂ ਦੇ ਨਾਲ ਨਾਲ ਰਾਜਾਂ ਦੇ ਸੰਵਿਧਾਨਕ ਹੱਕਾਂ 'ਤੇ ਵੀ ਡਾਕਾ ਹੈ। ਜੇ ਕਿਸਾਨ ਜਿੱਤ ਜਾਂਦੇ ਹਨ ਤਾਂ ਇਹ ਜਿੱਤ ਲੋਕ ਰਾਜ ਦੀ ਜਿੱਤ ਹੋਵੇਗੀ, ਸੰਵਿਧਾਨ ਨੂੰ ਬਚਾਉਣ ਦੀ ਜਿੱਤ ਹੋਵੇਗੀ।

ਜ਼ਰਾਇਤ ਭਾਰਤ ਦੀ ਰੀੜ੍ਹ ਦੀ ਹੱਡੀ ਹੈ ਅਤੇ ਰੀੜ੍ਹ ਸਰੀਰ ਦਾ ਬਹੁਤ ਅਹਿਮ ਅੰਗ ਹੈ। ਕਿਸੇ ਹੋਰ ਅੰਗ ਦੀ ਹੱਡੀ ਟੁੱਟ ਜਾਵੇ ਤਾਂ ਉਹ ਜੁੜ ਵੀ ਜਾਂਦੀ ਹੈ ਅਤੇ ਉਸ ਦੇ ਟੁੱਟਣ ਨਾਲ ਸਰੀਰ ਨਕਾਰਾ ਵੀ ਨਹੀਂ ਹੁੰਦਾ। ਜੇ ਰੀੜ੍ਹ ਦੀ ਹੱਡੀ ਟੁੱਟ ਜਾਵੇ ਤਾਂ ਉਹ ਜੁੜਦੀ ਨਹੀਂ ਅਤੇ ਸਰੀਰ ਲਾਸ਼ ਵਾਂਗ ਮੰਜੇ ਨਾਲ ਮੰਜਾ ਹੋ ਜਾਂਦਾ ਹੈ, ਮੁੜ ਕੇ ਉੱਠਣ ਜੋਗਾ ਨਹੀਂ ਰਹਿੰਦਾ। ਅਮਰੀਕਾ ਵਰਗੇ ਮੁਲਕ ਜਿੱਥੇ ਇਸ ਨਵੇਂ ਪ੍ਰਬੰਧ ਅਨੁਸਾਰ 80% ਕਿਸਾਨਾਂ ਨੂੰ ਖੇਤੀ ਤੋਂ ਬਾਹਰ ਕਰ ਦਿੱਤਾ ਗਿਆ ਹੈ, ਉਦਯੋਗਿਕ ਮੁਲਕ ਹਨ, ਜਿੱਥੇ ਕਿਸਾਨ ਦੀ ਰੋਟੀ ਦਾ ਕੋਈ ਹੀਲਾ ਹੋ ਸਕਦਾ ਹੈ। ਭਾਰਤ ਦਾ ਉਦਯੋਗੀਕਰਨ ਨਹੀਂ ਹੋਇਆ, ਕਿਸਾਨਾਂ ਨੂੰ ਦੇਣ ਲਈ ਸਰਕਾਰ ਕੋਲ ਕੋਈ ਰੁਜ਼ਗਾਰ ਨਹੀਂ। ਪਹਿਲਾਂ ਹੀ ਨੌਜੁਆਨ ਤਬਕਾ ਬੇਰੁਜ਼ਗਾਰ ਹੈ, ਸਰਕਾਰ ਕੋਲ ਕੋਈ ਬਦਲ ਨਹੀਂ ਹੈ, ਖੇਤੀ ਅਤੇ ਇਸ ਨਾਲ ਜੁੜੇ ਹੋਰ ਕਿੱਤਿਆਂ ਤੋਂ ਬਾਹਰ ਹੋਣ ਵਾਲੇ ਲੋਕਾਂ ਨੂੰ ਸਥਾਪਤ ਕਰਨ ਲਈ।

ਬਿਹਾਰ ਵਿਚ ਮੰਡੀ ਪ੍ਰਬੰਧ ਅਤੇ ਐਮ. ਐਸ. ਪੀ. ਖਤਮ ਹੋਣ ਨਾਲ ਉਥੋਂ ਦਾ ਕਿਸਾਨ ਮਜ਼ਦੂਰੀ ਕਰਨ ਪੰਜਾਬ ਵਿਚ ਆਉਂਦਾ ਹੈ। ਜੇ ਭਾਰਤ ਦੀ ਖੇਤੀ ਤਬਾਹ ਹੋ ਗਈ ਤਾਂ ਭਾਰਤ ਦੀ ਰੀੜ੍ਹ ਦੀ ਹੱਡੀ ਟੁੱਟ ਜਾਵੇਗੀ ਅਤੇ ਭਾਰਤ ਤੇ ਭਾਰਤੀ ਕਿਸਾਨ-ਦੋਹਾਂ ਨੇ ਤਬਾਹ ਹੋ ਜਾਣਾ ਹੈ। ਇਸ ਲਈ ਇਹ ਮੋਰਚਾ ਫਤਿਹ ਹੋਣਾ ਜ਼ਰੂਰੀ ਹੈ। ਇਸ ਮੋਰਚੇ ਨਾਲ ਹੁਣ ਇਕੱਲਾ ਪੰਜਾਬ ਨਹੀਂ ਜੁੜਿਆ ਹੋਇਆ, ਇਹ ਸਾਰੇ ਹਿੰਦੁਸਤਾਨ ਦੇ ਕਿਸਾਨ ਦਾ ਸਵਾਲ ਬਣ ਗਿਆ ਹੈ। ਇਸ ਵਿਚ ਨੌਜੁਆਨਾਂ ਨਾਲ ਬੀਬੀਆਂ, ਬੱਚੇ ਅਤੇ ਬਜੁਰਗ ਵੀ ਸ਼ਾਮਲ ਹਨ, ਇਨ੍ਹਾਂ ਸਭਨਾਂ ਦੀ ਸਲਾਮਤੀ ਬਾਰੇ ਸੋਚਣਾ ਅਤੇ ਫਿਕਰ ਕਰਨਾ ਕਿਸਾਨ ਲੀਡਰਾਂ ਦੇ ਫਰਜ਼ਾਂ ਵਿਚ ਸ਼ਾਮਲ ਹੈ ਤੇ ਉਹ ਇਸ ਨੂੰ ਬਹੁਤ ਚੰਗੀ ਤਰ੍ਹਾਂ ਜਾਣਦੇ ਹਨ।

ਹਰਿਆਣੇ ਦਾ ਇੱਕ ਨੌਜੁਆਨ ਸਟੇਜ ਤੋਂ ਬਹੁਤ ਭਾਵੁਕ ਹੋ ਕੇ ਕਿਸਾਨ ਲੀਡਰਾਂ ਨੂੰ ਕਹਿ ਰਿਹਾ ਸੀ, "ਆਹ ਜਿਹੜੀਆਂ ਬੀਬੀਆਂ, ਬੱਚੇ, ਨੌਜੁਆਨ ਅਤੇ ਬਜ਼ੁਰਗ ਬੈਠੇ ਹਨ, ਇਹ ਤੁਹਾਡੇ ਬੁਲਾਉਣ 'ਤੇ ਇੱਥੇ ਆਏ ਹਨ। ਅੱਜ ਕੱਲ੍ਹ ਪਹਿਲੇ ਸਮਿਆਂ ਦੀ ਤਰ੍ਹਾਂ ਲੋਕਾਂ ਦੇ ਪੰਜ-ਪੰਜ, ਸੱਤ-ਸੱਤ ਪੁੱਤ ਨਹੀਂ ਹੈਗੇ; ਇਕੱਲੇ ਇਕੱਲੇ ਹੀ ਹਨ। ਇਸ ਲਈ ਦ੍ਰਿੜ ਹੋ ਕੇ ਆਪਣੇ ਫੈਸਲੇ ਲਾਗੂ ਕਰੋ। ਸਾਨੂੰ ਕੋਈ ਹਿੰਸਾ ਨਹੀਂ ਚਾਹੀਦੀ, ਅਸੀਂ ਇੱਥੇ ਲੋਕਾਂ ਦੇ ਪੁੱਤ ਮਰਵਾਉਣ ਨਹੀਂ ਆਏ।" ਕਿਸਾਨ ਲੀਡਰਾਂ ਨੇ ਜੇਲ੍ਹਾਂ ਅੰਦਰ ਡੱਕੇ ਕਿਸਾਨਾਂ ਲਈ ਕਾਨੂੰਨੀ ਮਦਦ ਮੁਹੱਈਆ ਕਰਾਉਣ ਲਈ ਵਕੀਲਾਂ ਦੇ ਸੰਗਠਨ ਬਣਾਏ ਹਨ; ਹਰ ਤਰ੍ਹਾਂ ਦੇ ਯਤਨ ਜਾਰੀ ਹਨ। ਕਿਸਾਨ ਲੀਡਰਾਂ ਦੀ ਨੁਕਤਾਚੀਨੀ ਜਾਂ ਚੱਲ ਰਹੇ ਘੋਲ ਨੂੰ ਵਿਚਲਿਤ ਕਰਨ ਦੀਆਂ ਕਿਸੇ ਵੀ ਇਸ ਕਿਸਮ ਦੀਆਂ ਕੋਸ਼ਿਸ਼ਾਂ ਦਾ ਅਰਥ ਹੋਵੇਗਾ, ਕੇਂਦਰੀ ਸਰਕਾਰ ਦੀਆਂ ਨੀਤੀਆਂ ਦੀ ਹਮਾਇਤ ਕਰਨਾ ਅਤੇ ਕਿਸਾਨੀ ਦੀ ਪਿੱਠ ਵਿਚ ਛੁਰਾ ਮਾਰਨਾ। ਲੀਡਰ ਬਣਨ ਲਈ ਸੰਘਰਸ਼ਾਂ ਦਾ ਤਜ਼ਰਬਾ ਵੀ ਹੋਣਾ ਚਾਹੀਦਾ ਹੈ, ਜੋ ਮੌਜੂਦਾ ਲੀਡਰਾਂ ਕੋਲ ਹੈ ਅਤੇ ਉਨ੍ਹਾਂ ਨਾਲ ਜੁੜੇ ਨੌਜੁਆਨਾਂ ਨੂੰ ਇਸ ਦਾ ਭਲੀਭਾਂਤ ਅਹਿਸਾਸ ਹੈ। ਕਲਾਕਾਰੀ ਵਿਚ ਅਤੇ ਸੰਘਰਸ਼ ਵਿਚ ਬਹੁਤ ਅੰਤਰ ਹੈ।

# ਖ਼ਬਰਦਾਰ ! ਪ੍ਰਧਾਨ ਮੰਤਰੀ ਦੇ ਭਾਸ਼ਣ ਅੰਦਰਲੀ ਸਾਜ਼ਿਸ਼ ਨੂੰ ਸਮਝੋ

ਨਰਭਿੰਦਰ
93544-30211

8 ਫਰਵਰੀ 2021 ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਰਾਸ਼ਟਰਪਤੀ ਦੇ ਭਾਸ਼ਣ ਉਤੇ ਹੋਈ ਬਹਿਸ ਪਿਛੋਂ ਸਵਾਲਾਂ ਦੇ ਜਵਾਬ ਦਿੰਦਿਆਂ ਸੰਸਦ ਨੂੰ ਸੰਬੋਧਨ ਕਰਦਿਆਂ ਜੋ ਕੁਝ ਰਾਜ ਸਭਾ ਵਿਚ ਕਿਸਾਨਾਂ ਪ੍ਰਤੀ ਸ਼ਬਦਾਵਲੀ ਵਰਤੀ ਇਹ ਇਕ ਹੇਠਲੀ ਪੱਧਰ ਦੀ ਅਤੇ ਖਤਰਨਾਕ ਕਿਸਮ ਦੀ ਸੀ ਤੇ ਹੈ। ਉਨ੍ਹਾਂ ਨਾ ਸੰਸਦ ਦੀ ਮਰਿਆਦਾ ਦਾ ਖਿਆਲ ਰੱਖਿਆ ਨਾ ਸੰਵਿਧਾਨਕ ਜ਼ਾਬਤੇ ਦਾ ਸਗੋਂ ਕਿਸਾਨਾਂ ਜਾਂ ਵਿਅਕਤੀ ਦੇ ਨਾਗਰਿਕ ਅਧਿਕਾਰਾਂ ਦਾ ਖੁੱਲ੍ਹੇਆਮ ਮਜ਼ਾਕ ਉਡਾਇਆ। ਕਾਰਪੋਰੇਟਾਂ ਦੇ ਚਤੁਰ ਵਕੀਲ ਨੇ ਆਪਣੀਆਂ ਅਸਫ਼ਲਤਾਵਾਂ ਦੇ ਆਪੂੰ ਗੁਣ ਗਾਣ ਕੀਤੇ ਅਤੇ ਸਫ਼ਲਤਾਵਾਂ ਬਣਾ ਕੇ ਪੇਸ਼ ਕਰਨ ਦੀ ਕਲਾਬਾਜ਼ੀ ਵੀ ਦਿਖਾਈ। ਪਿਛਲੇ ਦਿਨਾਂ 'ਚ ਰਾਸ਼ਟਰਪਤੀ ਦੇ ਭਾਸ਼ਨ ਉਤੇ ਹੋਈ ਬਹਿਸ ਦਾ ਕੋਈ ਵੀ ਜਵਾਬ ਦੇਣ ਦੀ ਥਾਂ ਵਿਰੋਧੀ ਪਾਰਟੀਆਂ ਉਤੇ ਤਿੱਖੇ ਤੰਜ਼ ਵੀ ਕੱਸੇ। ਦੇਸ਼ ਦਾ ਹਰ ਚਿੰਤਨਸ਼ੀਲ ਵਿਅਕਤੀ ਇਹੋ ਸੋਚ ਰਿਹਾ ਹੈ ਕਿ 135 ਕਰੋੜ ਲੋਕਾਂ ਦੀ ਅਗਵਾਈ ਕਰ ਰਿਹਾ ਵਿਅਕਤੀ ਐਨਾ ਹੇਠਾਂ ਆ ਜਾਵੇਗਾ। ਇਹਦਾ ਤਾਂ ਖ਼ੁਆਬ ਵੀ ਨਹੀਂ ਸੀ।

ਉਨ੍ਹਾਂ ਨੋਟਬੰਦੀ ਤੇ ਜੀ.ਐਸ.ਟੀ. ਸਮੇਂ ਜਿਹੜੀ ਦੇਸ਼ ਦੇ ਲੋਕਾਂ ਨੂੰ ਗੁੰਮਰਾਹਕੁਨ ਭਾਸ਼ਾ ਵਰਤਦਿਆਂ ਜ਼ਹਿਰ ਦਾ ਘੁੱਟ ਭਰਨ ਲਈ ਤਿਆਰ ਰਹਿਣ ਲਈ ਕਿਹਾ ਸੀ ਉਵੇਂ ਹੀ ਨਵੇਂ ਖੇਤੀ (ਕਾਲੇ) ਕਾਨੂੰਨਾਂ 2020 ਨੂੰ ਆਪਣੇ ਰਾਜ ਦੀਆਂ ਮਹਾਨ ਪ੍ਰਾਪਤੀ ਕਹਿੰਦਿਆਂ ਕੁਝ ਸਮੇਂ ਲਈ ਅਪਣਾਉਣ ਦਾ ਰਾਗ ਵੀ ਅਲਾਪਿਆ। ਹਾਲਾਂਕਿ ਦੇਸ਼ ਦਾ ਆਵਾਮ-ਨੋਟਬੰਦੀ, ਜੀ.ਐਸ.ਟੀ. ਤੋਂ ਪਿਛੋਂ ਕ੍ਰਮਵਾਰ ਧਾਰਾ 370, ਨਾਗਰਿਕਤਾ ਸੋਧ ਕਾਨੂੰਨ, ਲਾਕਡਾਊਨ ਸਮੇਂ ਹੋਈ ਆਰਥਿਕ ਤਬਾਹੀ ਅਤੇ ਇਸੇ ਦੌਰਾਨ ਅਜਿਹੇ ਕਿਸਾਨ ਮਾਰੂ ਖੇਤੀ ਕਾਨੂੰਨ 2020 ਨੂੰ ਲਿਆਉਣ ਦੇ ਨਾਲ ਨਾਲ ਨਵੀਂ ਕਿਰਤ ਨੀਤੀ ਲਿਆ ਕੇ ਕਾਨੂੰਨੀ ਅਧਿਕਾਰਾਂ ਨੂੰ ਖਤਮ ਕਰਨ, ਨਵੀਂ ਸਿੱਖਿਆ ਨੀਤੀ 2020 ਰਾਹੀਂ ਵਿਦਿਆ ਦਾ ਹੱਕ ਖੋਹਣ ਆਦਿ ਆਦਿ ਵਰਗੇ ਕਈ ਤਬਾਹਕੁੰਨ ਕਦਮਾਂ ਦਾ ਸੰਤਾਪ ਭੋਗ ਚੁੱਕਾ ਹੈ ਭੋਗ ਰਿਹਾ ਹੈ ਅਤੇ ਅਗਲੇਰੇ ਸੰਤਾਪੇ ਦੌਰ ਤੋਂ ਚੇਤੰਨ ਹੋ ਚੁੱਕਾ ਹੈ।

ਇਸੇ ਦਾ ਸਿੱਟਾ ਹੈ ਕਿ ਪਿਛਲੇਰੇ ਢਾਈ ਮਹੀਨਿਆਂ ਤੋਂ ਕਿਸਾਨ ਦਿੱਲੀ ਦੀਆਂ ਹੱਦਾਂ ਉਤੇ ਬੇਹੱਦ ਕਸ਼ਟਦਾਇਕ ਹਾਲਤਾਂ ਵਿਚ ਬੈਠੇ ਹਨ ਅਤੇ ਸਰਕਾਰ ਪਾਸੋਂ ਤਿੰਨੇ ਖੇਤੀ ਸਬੰਧੀ ਕਾਲੇ ਕਾਨੂੰਨ ਵਾਪਸ ਲੈਣ ਦੀ ਗੁਹਾਰ ਲਾ ਰਹੇ ਹਨ।

ਦੋ ਦਿਨ ਪਹਿਲਾਂ ਹੀ ਖੇਤੀ ਮੰਤਰੀ ਨੇ ਰਾਜ ਸਭਾ ਵਿਚ ਅਜਿਹਾ ਹੀ ਕਿਹਾ ਸੀ, "ਕਿ ਕਿਸਾਨਾਂ ਨੂੰ ਕਾਨੂੰਨਾਂ ਬਾਰੇ ਸਮਝ ਹੀ ਨਹੀਂ ਅਤੇ ਉਹ ਮੀਟਿੰਗ ਦੌਰਾਨ ਕਾਨੂੰਨਾਂ ਵਿਚ ਕੀ ਕਾਲਾ ਹੈ ਦੱਸ ਹੀ ਨਹੀਂ ਸਕੇ। ਹਾਲਾਂ ਕਿ ਕਿਸਾਨਾਂ ਨਾਲ ਹੋਈਆਂ ਗਿਆਰਾਂ ਮੀਟਿੰਗਾਂ ਵਿਚ, ਜਿਨ੍ਹਾਂ ਵਿਚ ਖੇਤੀ ਮੰਤਰੀ ਵੀ ਬੈਠਦੇ ਰਹੇ ਹਨ, ਵਿਚ ਇਕ ਲੰਬੀ ਬਹਿਸ ਹੁੰਦੀ ਰਹੀ ਅਤੇ ਹਰ ਬਹਿਸ ਵਿਚ ਇਨ੍ਹਾਂ ਕਾਨੂੰਨਾਂ ਦੀਆਂ ਖਾਮੀਆਂ ਨੂੰ ਕਿਸਾਨ ਆਗੂਆਂ ਨੇ ਬਾਕੀ 'ਚ ਰੱਖਿਆ। ਸਰਕਾਰ ਦੇ ਮੰਤਰੀਆਂ ਸਮੇਤ ਅਫ਼ਸਰਸ਼ਾਹੀ ਦੇ, ਨੂੰ ਦਲੀਲਾਂ ਨਾਲ ਬੇਦਲੀਲ ਕੀਤਾ ਅਤੇ ਇਹ ਵੀ ਸਾਬਤ ਕੀਤਾ ਕਿ ਕਾਨੂੰਨਾਂ ਵਿਚ ਕੁਝ ਕਾਲਾ ਨਹੀਂ ਸਗੋਂ ਸਮੁੱਚਾ ਕਾਨੂੰਨੀ ਢਾਂਚਾ ਹੀ (ਜਿਹੜਾ ਤਿੰਨੇ ਕਾਨੂੰਨ ਮਿਲਾ ਕੇ ਬਣਦਾ ਹੈ) ਕਾਲਾ ਹੈ ਅਤੇ ਇਸ ਪਿਛੇ ਕੰਮ ਕਰਦੀ ਮਨਸ਼ਾ (ਨੀਤ) ਵੀ ਕਾਲੀ ਹੈ। ਉਨ੍ਹਾਂ ਤਾਂ ਇਸ ਨੂੰ ਸੰਵਿਧਾਨ ਦੀ ਉਲੰਘਣਾ ਹੋਣ ਤੱਕ ਦਾ ਪ੍ਰਮਾਣ ਵੀ ਦਿੱਤਾ ਜਿਸ 'ਤੇ ਇਸੇ ਖੇਤੀ ਮੰਤਰੀ ਦਾ ਕਹਿਣਾ ਸੀ ਕਿ 'ਜੇ ਸੰਵਿਧਾਨ ਦੀ ਉਲੰਘਣਾ ਹੈ ਤਾਂ ਸੁਪਰੀਮ ਕੋਰਟ 'ਚ ਜਾਉ।' ਜਦੋਂ ਕਿ ਕਿਸਾਨਾਂ ਦਾ ਕਹਿਣਾ ਸੀ ਕਿ ਜੇ ਸੰਸਦ ਨੇ ਪਾਸ ਕੀਤੇ ਹਨ ਤਾਂ ਸੰਸਦ ਹੀ ਇਹਨੂੰ ਰੱਦ ਕਰੇ ਅਤੇ ਆਖਰੀ ਮੀਟਿੰਗ ਵਿਚ ਬੇਜਵਾਬ ਖੇਤੀ ਮੰਤਰੀ ਨੇ ਇਹ ਕਹਿ ਕੇ ਚਰਚਾ ਬੰਦ ਕਰ ਦਿੱਤੀ ਕਿ ਕਾਨੂੰਨ ਤਾਂ ਰੱਦ ਨਹੀਂ ਹੋਣੇ ਸੋਧਾਂ ਕਰਵਾ ਲਵੋ ਜਾਂ ਫਿਰ ਕੁਝ ਸਮੇਂ ਭਾਵ ਡੇਢ ਸਾਲ ਲਈ ਪਿਛੇ ਪਾ ਦਿੰਦੇ ਹਾਂ। ਗੱਲਬਾਤ ਦੀ ਮੇਜ ਉਤੇ ਹਾਰਿਆ ਇਕ ਜ਼ਿੰਮੇਵਾਰ ਖੇਤੀਬਾੜੀ ਮੰਤਰੀ ਜਦੋਂ ਰਾਜ ਸਭਾ ਵਿਚ ਝੂਠ ਬੋਲੇ ਤਾਂ ਬੜਾ ਅਜੀਬ ਲਗਦਾ ਹੈ।

ਇਵੇਂ ਹੀ ਪ੍ਰਧਾਨ ਮੰਤਰੀ ਨੇ ਆਪਣੇ ਭਾਸ਼ਨ ਵਿਚ ਦੁਹਰਾਇਆ ਹੈ ਅਤੇ ਬੜੇ ਨਾਟਕਈ ਅੰਦਾਜ਼ 'ਚ ਕਿਹਾ, ਐਮ.ਐਸ.ਪੀ. (ਘੱਟੋ ਘੱਟ ਸਮਰਥਨ ਮੁੱਲ) ਪਹਿਲਾਂ ਵੀ ਸੀ-ਹੈ-ਅਤੇ ਰਹੇਗਾ-ਮੰਡੀਆਂ ਨਹੀਂ ਖਤਮ ਹੋਣਗੀਆਂ। ਸਗੋਂ ਹੋਰ ਆਧੁਨਿਕੀਕਰਨ (ਭਾਵ ਈ ਮਾਰਕੀਟਿੰਗ) ਕਰਾਂਗੇ ਅਤੇ ਤੰਗ ਕੱਸਿਆ ਕਿ "ਮੈਨੂੰ ਪਤਾ ਨਹੀਂ ਅੰਦੋਲਨ ਕਿਸ ਗੱਲ ਲਈ ਹੈ। ਇਸ ਸਬੰਧੀ ਸਾਰੇ ਮੋਨ (ਚੁੱਪ) ਹਨ।" ਬੜਾ ਅਸਚਰਜ ਹੈ ਕਿ ਦੇਸ਼ ਵਿਚ ਤੇ ਵਿਦੇਸ਼ ਵਿਚ ਕਰੋੜਾਂ ਲੋਕਾਂ ਦੀ ਚਰਚਾ ਦਾ ਵਿਸ਼ਾ ਜਿਸ ਵਿਚ ਲੱਖਾਂ ਕਿਸਾਨ ਸ਼ਾਮਲ ਹਨ ਜਿਸ ਬਾਰੇ ਇਲੈਕਟ੍ਰੋਨਿਕ ਅਤੇ ਪ੍ਰਿੰਟ ਮੀਡੀਆ ਲਗਾਤਾਰ ਪਿਛਲੇਰੇ ਪੰਜ ਮਹੀਨਿਆਂ ਤੋਂ ਚਰਚਾ ਕਰਦਾ ਆ ਰਿਹਾ ਹੈ। ਉਸ ਬਾਰੇ ਪ੍ਰਧਾਨ ਮੰਤਰੀ ਦਾ ਇਹ ਕਹਿਣਾ ਕਿ ਮੈਨੂੰ ਪਤਾ ਹੀ ਨਹੀਂ ਅੰਦੋਲਨ ਕਾਹਦੇ ਲਈ ਹੈ? ਬੜਾ ਹਾਸੋਹੀਣਾ ਲਗਦਾ ਹੈ ਅਤੇ ਸ਼ੱਕ ਪੈਦਾ ਹੁੰਦਾ ਹੈ ਕਿ ਕੀ ਸੱਚੀਓਂ ਹੀ ਉਹ 135 ਕਰੋੜ ਭਾਰਤੀ ਲੋਕਾਂ ਦੀਆਂ ਸਮੱਸਿਆਵਾਂ ਪ੍ਰਤੀ ਚਿੰਤਤ ਹਨ। ਰਹੀ ਗੱਲ ਐਮ.ਐਸ.ਪੀ. ਦੀ-ਸੀ-ਹੈ ਅਤੇ ਰਹੇਗਾ-ਨਾਲੋਂ ਇਕ ਫਿਕਰਾ ਹੀ ਬੋਲ ਦਿੰਦੇ ਕਿ 'ਮੇਰੀ ਸਰਕਾਰ ਐਮ.ਐਸ.ਪੀ. ਉਤੇ ਕਾਨੂੰਨ ਲਿਆਵੇਗੀ।" ਤਾਂ ਹੋਰ ਦੀ ਜ਼ਰੂਰਤ ਹੀ ਨਹੀਂ ਸੀ ਕਹਿਣੀ। ਗੱਲੀਂ ਬਾਤੀਂ ਬੜੇ ਪਕਾਉਣਾ ਰਾਜਨੀਤਕ ਖੇਡ ਹੈ। ਲਫਾਜ਼ੀ 'ਚ ਨਹੀਂ ਕਾਨੂੰਨ 'ਚ ਗਰੰਟੀ ਦੇਣ ਦੀ ਗੱਲ ਹੀ ਤਾਂ ਕਿਸਾਨ ਮੰਗ ਰਹੇ ਹਨ। ਜਿਥੋਂ ਤੱਕ ਮੰਡੀਆਂ ਦਾ ਸਬੰਧ ਹੈ ਜੇ ਉਹ ਰਹਿਣਗੀਆਂ ਤਾਂ ਫਿਰ ਪ੍ਰਾਈਵੇਟ ਮੰਡੀਆਂ ਦੀ ਕੀ ਲੋੜ ਪੈ ਗਈ। ਪਰ ਪ੍ਰਧਾਨ ਮੰਤਰੀ ਜੀ ਤੁਸੀਂ ਤਾਂ ਕਿਸਾਨਾਂ ਨੂੰ ਉਨ੍ਹਾਂ ਦੀ ਫਸਲ ਦਾ ਉਚਿਤ ਮੁੱਲ ਤਾਂ ਕੀ ਦੇਣਾ, ਘੱਟੋ ਘੱਟ ਸਮਰਥਨ ਮੁੱਲ ਦੇਣ ਦੀ ਗਰੰਟੀ ਨਾ ਦੇ ਕੇ ਪ੍ਰਾਈਵੇਟ ਬਘਿਆੜਾਂ ਲਈ ਹੀ ਰਾਹ ਖੋਲ੍ਹ ਦਿੱਤਾ ਹੈ। ਇਹ ਕਾਨੂੰਨਾਂ ਤੱਕ ਹੀ ਨਹੀਂ ਐਸ ਵਾਰ ਦੇ ਬਜਟ ਵਿਚ ਵੀ ਅਨਾਜ ਖ਼੍ਰੀਦਣ ਦੀ ਗਰੰਟੀ ਦੇਣ ਵਾਲੇ ਅਦਾਰੇ ਐਫ.ਸੀ.ਆਈ. ਲਈ ਵੀ ਹੱਥ ਘੁੱਟ ਲਏ ਹਨ। ਲਿਫਾਫੇਦਾਰ ਅਤੇ ਤਿੱਖੀ ਸ਼ਬਦਾਵਲੀ ਨਹੀਂ ਅਮਲੀ ਰੂਪ ਵਿਚ ਤੁਸੀਂ ਕਰ ਕਰ ਰਹੇ ਹੋ। ਕਿਸਾਨ ਇਹ ਜਾਣਨਾ ਚਾਹੁੰਦੇ ਹਨ। ਸਰਕਾਰ ਐਮ.ਐਸ.ਪੀ. ਦਾ ਐਲਾਨ ਕਰ ਵੀ ਦੇਵੇ ਜੇ ਖ਼੍ਰੀਦੇਗੀ ਨਹੀਂ ਤਾਂ ਨਿੱਜੀ ਵਪਾਰੀਆਂ ਜਿਹੜੇ ਕਾਰਪੋਰੇਟੀ ਸ਼ਕਲਾਂ ਵਿਚ ਹਨ ਖ਼ੂੰਖਾਰ ਬਘਿਆੜਾਂ ਦੇ ਰੂਪ ਵਿਚ ਕਿਸਾਨਾਂ ਨੂੰ ਉਹਦੇ ਅੱਗੇ ਸੁੱਟਣ ਜਾ ਰਹੇ ਹਨ। ਉਨ੍ਹਾਂ ਜ਼ਰੂਰੀ ਵਸਤਾਂ 'ਤੇ ਕਾਨੂੰਨ ਵਿਚ ਸੋਧ ਕਰਨ ਬਾਰੇ ਇਕ ਸ਼ਬਦ ਨਹੀਂ ਬੋਲਿਆ ਕਿ ਇਹਦੀ ਲੋੜ ਕਿਉਂ ਪੈ ਗਈ।

ਵੈਸੇ ਮੋਦੀ ਜੀ ਦੀ ਬੀਤੇ ਦਿਨੀਂ ਆਸਾਮ ਅਤੇ ਬੰਗਾਲ ਵਿਚ ਚੋਣਾਂ ਸਬੰਧੀ ਕੀਤੀਆਂ ਰੈਲੀਆਂ ਦੀ ਭਾਸ਼ਾ ਵਿਚ ਹੀ ਸੰਸਦ ਨੂੰ ਸੰਬੋਧਨ ਕੀਤਾ ਅਤੇ ਬੜੀ ਬੇਸ਼ਰਮੀ ਨਾਲ ਕਿਹਾ ਕਿ ਕਿਸਾਨਾਂ ਦੇ ਭਲੇ ਲਈ ਜਿਹੜੇ ਕਾਨੂੰਨ ਲਿਆਂਦੇ ਹਨ ਉਨ੍ਹਾਂ ਨਾਲ ਨਾ ਸਿਰਫ਼ ਕਿਸਾਨਾਂ ਦਾ ਭਲਾ ਹੋਵੇਗਾ ਸਗੋਂ ਉਦਯੋਗਪਤੀਆਂ ਲਈ ਵੀ ਨਵੇਂ ਰਾਹ ਖੁੱਲ੍ਹਣਗੇ। ਉਨ੍ਹਾਂ ਉਦਯੋਗਪਤੀਆਂ ਲਈ ਲਾਭ ਦੀ ਗੱਲ ਵਾਰ ਵਾਰ ਦੁਹਰਾਈ। ਧੰਨਵਾਦ ਮੋਦੀ ਜੀ ਤੁਸਾਂ ਕਾਨੂੰਨਾਂ ਦੇ ਅਸਲੀ ਮੰਤਵ ਨੂੰ ਫਰਾਖਦਿਲੀ ਨਾਲ ਰੱਖਿਆ। ਸੱਚੀਓਂ ਹੀ ਇਹ ਕਾਨੂੰਨ ਉਦਯੋਗਪਤੀਆਂ ਦੇ ਵਣਜ ਵਪਾਰ ਲਈ ਹਨ। ਇਹੋ ਗੱਲ ਤਾਂ ਦੇਸ਼ ਦਾ ਕਿਸਾਨ ਦੁਹਰਾਈ ਦੇ ਕੇ ਦੁਨੀਆਂ ਨੂੰ ਸੁਣਾ ਰਿਹਾ ਹੈ।

ਬਾਕੀ ਸਾਰੇ ਭਾਸ਼ਨ ਵਿਚ ਉਨ੍ਹਾਂ ਉਹ ਸਾਰੀਆਂ ਸਕੀਮਾਂ ਜੋ ਕਿਸਾਨਾਂ ਲਈ ਲਿਆਂਦੀਆਂ ਦਾ ਹੀ ਪ੍ਰਚਾਰ ਕੀਤਾ ਜਿਵੇਂ ਕਿਸਾਨਾਂ ਲਈ ਫਸਲੀ ਬੀਮੇ ਦੀ ਰਾਸ਼ੀ ਦਾ ਬਜਟ ਵਿਚ 90000 ਕਰੋੜ ਰੱਖਣਾ ਵੀ ਸ਼ਾਮਲ ਸੀ ਜਿਸ ਦਾ ਲਾਭ ਕਿਸਾਨ ਲਈ ਮਹਿਜ 140 ਰੁਪਏ ਜਾਂ 500 ਰੁਪਏ ਦੇ ਚੈਕਾਂ ਤੱਕ ਸੀਮਤ ਹੈ। ਬਾਕੀ ਮਲਾਈ ਤਾਂ ਬੀਮਾ ਕੰਪਨੀਆਂ ਦੇ ਖਾਤੇ ਜਾਂਦਾ ਹੈ। ਜਿਹੜੀਆਂ ਜ਼ਿਆਦਾਤਰ ਪ੍ਰਾਈਵੇਟ ਹੀ ਹਨ। ਪੂਰੇ ਭਾਸ਼ਨ ਵਿਚ ਖੇਤ ਮਜ਼ਦੂਰਾਂ, ਸਨਅਤਾਂ ਤੇ ਸ਼ਹਿਰੀ ਮਜ਼ਦੂਰਾਂ, ਵਿਦਿਆ, ਸਿਹਤ ਅਤੇ ਸੇਵਾ ਦੇ ਖੇਤਰ ਸਬੰਧੀ ਜਾਂ ਸਥਾਈ ਤੇ ਅਸਥਾਈ ਮੁਲਾਜ਼ਮਾਂ ਦੀਆਂ ਤਨਖਾਹਾਂ ਜਾਂ ਭਾਰਤੀ ਲੋਕਾਂ ਦੀ ਸਮਾਜਿਕ ਸੁਰੱਖਿਆ ਸਬੰਧੀ ਇਕ ਸ਼ਬਦ ਵੀ ਨਹੀਂ ਬੋਲਿਆ। ਬੱਸ ਕਿਸਾਨਾਂ ਨੂੰ ਅੰਨਦਾਤੇ ਦੀ ਥਾਂ ਊਰਜਾ ਦਾਤਾ ਅਤੇ ਵਪਾਰੀ ਬਣਾਉਣ ਦੇ ਜੁਮਲੇ ਹੇਠ ਭਟਕਾਉਣ ਤੇ ਗੁੰਮਰਾਹ ਕਰਨ ਦੀ ਕਲਾਬਾਜ਼ੀ ਹੀ ਦਿਖਾਈ।



ਪਰ ਇਸ ਸਭ ਤੋਂ ਖਤਰਨਾਕ ਸੀ ਪ੍ਰਧਾਨ ਮੰਤਰੀ ਦਾ ਸ਼ੈਤਾਨੀ ਮੁਸਕਰਾਨ ਹੇਠ ਕਿਸਾਨ ਸੰਘਰਸ਼ ਪ੍ਰਤੀ ਇਕ ਨਵਾਂ ਸ਼ਬਦ ਵਰਤਣਾ। ਉਨ੍ਹਾਂ ਸੰਘਰਸ਼ ਕਰ ਰਹੇ ਕਿਸਾਨਾਂ ਨੂੰ ਅੰਦੋਲਨਜੀਵੀ ਕਹਿ ਕੇ ਉਨ੍ਹਾਂ ਦਾ ਮਜ਼ਾਕ ਉਡਾਇਆ। ਉਨ੍ਹਾਂ ਇਉਂ ਕਹਿਣ ਦੀ ਕੋਸ਼ਿਸ਼ ਕੀਤੀ ਕਿ ਕਿ "ਪਹਿਲਾਂ ਸ਼ਰਮਜੀਵੀ (ਭਾਵ ਕਿਰਤ ਕਰਕੇ ਖਾਣ ਵਾਲੇ) ਅਤੇ ਬੁੱਧੀਜੀਵੀ (ਬੌਧਿਕਤਾ ਨਾਲ ਰੁਜ਼ਗਾਰ ਹਾਸਲ ਕਰਨ ਵਾਲੇ) ਹੁੰਦੇ ਸਨ ਹੁਣ ਅੰਦੋਲਨਜੀਵੀਆਂ (ਅੰਦੋਲਨ ਕਰਕੇ ਆਪਣਾ ਰੁਜ਼ਗਾਰ ਚਲਾਉਣ ਵਾਲੇ ਜਾਂ ਅੰਦੋਲਨ 'ਤੇ ਪਲਣ ਵਾਲੇ) ਦੀ ਨਵੀਂ ਨਸਲ ਆ ਗਈ ਹੈ। ਕਿਸੇ ਦੇਸ਼ ਦਾ ਪ੍ਰਧਾਨ ਮੰਤਰੀ ਦੇਸ਼ ਦੀ ਵੱਡੀ ਕਿਸਾਨ ਅਬਾਦੀ ਜਿਹੜੇ ਇਸ ਦੇਸ਼ ਦੀ ਮਿੱਟੀ ਨਾਲ ਮਿੱਟੀ ਹੋ ਕੇ, 135 ਕਰੋੜ ਨਾਗਰਿਕਾਂ ਦੇ ਲਈ ਅਨਾਜ ਪੈਦਾ ਕਰਦੇ ਹਨ - ਨੂੰ ਅਜਿਹਾ ਕਹਿਣਾ, ਕੀ ਦੇਸ਼ ਦੇ ਕਿਸਾਨਾਂ ਦਾ ਅਪਮਾਨ ਨਹੀਂ?

ਮੋਦੀ ਜੀ ਉਹਦੀ ਪਾਰਟੀ ਅਤੇ ਉਹਦੀ ਵਿਚਾਰਧਾਰਾ ਵਾਲੇ ਲੋਕ ਇਹ ਨਹੀਂ ਜਾਣਦੇ ਕਿ ਇਸ ਦੇਸ਼ ਭਾਰਤ ਦੀ ਬੁਨਿਆਦ ਹੀ ਅੰਦੋਲਨ ਉਤੇ ਟਿਕੀ ਹੈ। ਦੇਸ਼ ਦੀ ਅਜ਼ਾਦੀ ਲਈ ਸੈਂਕੜੇ ਸਾਲ ਚਲੇ ਅੰਦੋਲਨਾਂ ਦਾ ਸਿੱਟਾ ਹੀ ਸੀ ਜਿਸ ਨੇ ਦੇਸ਼ ਨੂੰ ਇਕ ਜਮਹੂਰੀ ਪ੍ਰਬੰਧ, ਢਾਂਚਾ ਸਭਿਆਚਾਰ ਅਤੇ ਸੰਵਿਧਾਨ ਦਿੱਤਾ। ਪਰ ਮੋਦੀ ਦੀ ਵਿਚਾਰਧਾਰਾ ਵਾਲੀ ਧਿਰ ਆਰਐਸਐਸ ਨੇ ਤਾਂ ਕਦੇ ਅੰਦੋਲਨ ਵਿਚ ਹਿੱਸਾ ਹੀ ਨਹੀਂ ਲਿਆ। ਉਨ੍ਹਾਂ ਲਈ ਅਜ਼ਾਦੀ ਦਾ ਅੰਦੋਲਨ ਵੀ ਇਕ ਭਟਕਣ ਸੀ ਅਤੇ ਇਹੋ ਕਾਰਨ ਕਿ ਉਨ੍ਹਾਂ ਅੰਗਰੇਜ਼ ਮਾਲਕਾਂ ਨਾਲ ਲਗਾਤਾਰ ਵਫਾਦਾਰੀ ਨਿਭਾਈ। ਜਿਨ੍ਹਾਂ ਨੇ ਕਦੇ ਅੰਦੋਲਨ ਵਿਚ ਹਿੱਸਾ ਨਾ ਲਿਆ ਹੋਵੇ ਉਨ੍ਹਾਂ ਲਈ ਅੰਦੋਲਨ ਦੀ ਕੀਮਤ ਵੀ ਸਮਝ ਆਉਣ ਵਾਲੀ ਨਹੀਂ। ਅੰਦੋਲਨ ਦੇਸ਼ ਦੀ ਜਮਹੂਰੀਅਤ ਨੂੰ ਮਜਬੂਤੀ ਬਖਸ਼ਦੇ ਹਨ। ਅੰਦੋਲਨ ਰਾਜ ਉਤੇ ਨਿਗਰਾਨੀ ਰੱਖਦੇ ਹਨ। ਅੰਦੋਲਨ ਨਵੇਂ ਵਿਚਾਰਾਂ ਨੂੰ ਜਨਮ ਦਿੰਦੇ ਹਨ। ਅੰਦੋਲਨ ਇਕ ਧੜਕਦੇ ਤੇ ਜਿੰਦਾ ਸਮਾਜ ਅਤੇ ਲੋਕਤੰਤਰ ਦੀ ਨਿਸ਼ਾਨੀ ਵੀ ਹਨ ਅਤੇ ਖੁਰਾਕ ਵੀ।

ਪਰ ਅਫਸੋਸ ਇਹ ਕਿ ਇਹੋ ਮੋਦੀ ਜੀ ਕੱਲ੍ਹ ਤੱਕ ਇਹ ਦਾਅਵਾ ਕਰਦੇ ਆ ਰਹੇ ਸਨ ਕਿ ਉਨ੍ਹਾਂ ਆਪਣਾ ਰਾਜਸੀ ਕੈਰੀਅਰ ਅੰਦੋਲਨ ਤੋਂ ਹੀ ਸ਼ੁਰੂ ਕੀਤਾ।" ਕਾਂਗਰਸ ਦੀ ਸੱਤਾ ਸਮੇਂ ਜਦੋਂ ਭਾਜਪਾ ਅੰਦੋਲਨ ਕਰਦੀ ਸੀ, ਕੀ ਉਹ ਅੰਦੋਲਨਕਾਰੀ ਨਹੀਂ ਸਨ। 1974 ਦਾ ਜੈ ਪ੍ਰਕਾਸ਼ ਨਰਾਇਣ ਦਾ ਅੰਦੋਲਨ ਜਿਹਦੇ ਵਿਚ ਹਿੱਸਾ ਲੈਣ ਦਾ ਦਾਅਵਾ ਮੋਦੀ ਜੀ ਕਰਦੇ ਹਨ ਜਾਂ ਐਮਰਜੈਂਸੀ ਤੇ ਫਿਰ ਗੁਜਰਾਤ ਦਾ ਨਵਨਿਰਮਾਣ ਅੰਦੋਲਨ ਜਿਸ 'ਚ ਉਨ੍ਹਾਂ ਦੀ ਹਿੱਸੇਦਾਰੀ ਦਾ ਦਾਅਵਾ ਹੈ, ਨੂੰ ਕੀ ਕਿਹਾ ਜਾਵੇ? ਕੀ ਇਹ ਸਾਰੇ ਅੰਦੋਲਨ ਸੱਤਾ ਭੋਗਣ ਲਈ ਹੀ ਸਨ? ਤੇ ਕੀ ਇਉਂ ਭਾਜਪਾ ਨੂੰ ਅੰਦੋਲਨ ਭੋਗੀ ਕਿਹਾ ਜਾਵੇ ਜਾਂ ਹੁਣ ਵੀ ਜਦੋਂ ਭਾਜਪਾ ਤੇ ਆਰਐਸਐਸ ਦੇ ਲੱਠਮਾਰ ਸੜਕਾਂ ਉਤੇ ਨਫ਼ਰਤੀ ਨਾਅਰੇ ਲਾਉਂਦਿਆਂ ਨਿਕਲ ਆਉਂਦੇ ਹਨ, ਨੂੰ ਅੰਦੋਲਨ ਰੋਗੀ ਕਿਹਾ ਜਾਵੇ। ਮੋਦੀ ਜੀ ਸੱਚ ਤੋਂ ਹਮੇਸ਼ਾ ਡਰ ਲਗਦਾ ਹੈ। ਅੰਦੋਲਨ ਸੱਤਾ ਲਈ ਹਮੇਸ਼ਾ ਖਤਰਨਾਕ ਰਹੇ ਹਨ ਅਤੇ ਅੱਜ ਵੀ ਜਿਹੜਾ ਕਿਸਾਨ ਅੰਦੋਲਨ ਚਲ ਰਿਹਾ ਹੈ ਇਹਨੇ ਸਮਾਜ ਨੂੰ ਇਕ ਨਵੀਂ ਦਿਸ਼ਾ ਦਿੱਤੀ ਹੈ, ਨਵੀਂ ਕਰਵੱਟ ਦਿੱਤੀ ਹੈ। ਦੇਸ਼ ਦੇ ਹੀ ਨਹੀਂ ਵਿਸ਼ਵ ਦੇ ਲੋਕਾਂ ਨੂੰ ਕਾਰਪੋਰੇਟ ਪੂੰਜੀ ਤੇ ਤਾਨਾਸ਼ਾਹ ਪ੍ਰਬੰਧਾਂ ਵਿਰੁੱਧ ਲੜਨ ਦੀ ਊਰਜਾ ਦਿੱਤੀ ਹੈ। ਇਸ ਕਿਸਾਨ ਅੰਦੋਲਨ ਨੇ ਜਮਹੂਰੀਅਤ ਨੂੰ ਇਕ ਨਵੇਂ ਅਰਥ ਦਿੱਤੇ ਹਨ। ਇਹ ਪਰਜੀਵੀ ਜਾਂ ਅੰਦੋਲਨ ਭੋਗੀ ਲੋਕਾਂ ਦਾ ਅੰਦੋਲਨ ਨਹੀਂ ਇਹ ਉਪਜਾਊ ਮਿੱਟੀ 'ਚੋਂ ਪੈਦਾ ਹੋਇਆ ਅੰਦੋਲਨ ਹੈ ਜਿਸ ਦੀ ਬੁਨਿਆਦੀ ਅਨਿਆਂਸ਼ੀਲ ਪ੍ਰਬੰਧ ਵਲੋਂ ਲਤਾੜੀ ਲੋਕਾਈ ਦੀ ਪੀੜਾ ਤੇ ਟਿਕੀ ਹੋਈ ਹੈ। ਉਹ ਵਿਸ਼ਵ ਲੋਕਾਈ ਜਿਹਦੇ ਸਾਹਮਣੇ ਜਿਊਣ ਦਾ ਸਵਾਲ ਹੈ, ਭਵਿੱਖ ਦਾ ਸਵਾਲ ਹੈ ਬੱਚਿਆਂ ਦਾ ਸਵਾਲ ਹੈ। ਇਹ ਅੰਦੋਲਨ ਅਮੀਰੀ ਤੇ ਗਰੀਬੀ ਦਰਮਿਆਨ ਵਧ ਰਹੇ ਪਾੜਿਆਂ ਅਤੇ ਸਾਧਨਾਂ ਤੋਂ ਵਿਹੂਣੀ ਹੋ ਰਹੀ ਵਿਸ਼ਾਲ ਆਬਾਦੀ ਵਲੋਂ ਕੁਝ ਕੁ ਹੱਥਾਂ 'ਚ ਕੇਂਦਰਤ ਹੋ ਰਹੀ ਧਨ ਦੌਲਤ, ਕੁਦਰਤੀ ਸਾਧਨਾਂ ਅਤੇ ਸੱਤਾ ਦੇ ਵਿਰੁੱਧ ਅੰਦੋਲਨ ਹੈ। ਇਹੋ ਕਾਰਨ ਹੈ ਕਿ ਇਸ ਕਿਸਾਨ ਅੰਦੋਲਨ ਨੂੰ ਦੇਸ਼ ਦੇ ਹਰ ਵਰਗ ਵਲੋਂ ਤਾਂ ਭਰਵੀਂ ਹਮਾਇਤ ਮਿਲ ਹੀ ਰਹੀ ਹੈ ਵਿਦੇਸ਼ਾਂ ਵਿਚੋਂ ਵੀ ਮਿਲ ਰਹੀ ਹੈ। ਤੁਸੀਂ ਅਤੇ ਤੁਹਾਡੀ ਪਾਰਟੀ ਤੇ ਵਿਚਾਰਧਾਰਾ ਇਸੇ ਤੋਂ ਬੌਖਲਾਏ ਹੋ ਅਤੇ ਇਸ ਪ੍ਰਤੀ ਹਰ ਰੋਜ਼ ਨਵੇਂ ਸ਼ਬਦ ਘੜ ਕੇ ਇਸ ਨੂੰ ਬਦਨਾਮ ਕਰਨ ਅਤੇ ਇਹਦਾ ਮਜ਼ਾਕ ਉਡਾਉਣ ਤੱਕ ਪਹੁੰਚ ਜਾਂਦੇ ਹੋ। ਤੁਹਾਡਾ ਇਹ ਸ਼ਬਦ ਅੰਦੋਲਨਜੀਵੀ-ਵੀ ਨਾਗਪੁਰੀ ਟਕਸਾਲ ਤੋਂ ਆਇਆ ਹੈ। ਪਹਿਲਾਂ ਤੁਸੀਂ ਇਸ ਨੂੰ ਖਾਲਿਸਤਾਨੀ, ਪੰਜਾਬੀਆਂ ਦਾ ਜਾਂ ਮਾਉਵਾਦੀ ਆਦਿ ਦੇ ਨਾਮਕਰਨ ਦੇ ਕੇ ਬਦਨਾਮ ਕਰਨ ਦੀ ਕੋਸ਼ਿਸ਼ ਕੀਤੀ ਪਰ ਦੇਸ਼ ਦੇ ਲੋਕਾਂ ਨੇ ਇਹਨੂੰ ਪ੍ਰਵਾਨ ਨਹੀਂ ਕੀਤਾ। ਮੋਦੀ ਜੀ ਤੁਸੀਂ ਕਿਹੜੇ ਜੀਵੀ ਹੋ-ਝੂਠ ਜੀਵੀ, ਜੁਮਲੇ ਜੀਵੀ, ਫਰਜ਼ੀ ਜੀਵੀ ਜਾਂ ਕਾਰਪੋਰੇਟ ਜੀਵੀ। ਮੋਦੀ ਜੀ ਤੁਸੀਂ ਦੇਸ਼ ਦੀ ਸਰਵੁੱਚ ਕੁਰਸੀ 'ਤੇ ਬੈਠੇ ਹੋ ਤੁਹਾਡਾ ਕਿਸਾਨਾਂ ਦੇ ਹੱਕੀ ਅਤੇ ਨਿਆਂਇਕ ਸੰਘਰਸ਼ ਪ੍ਰਤੀ ਅਜਿਹਾ ਸ਼ਬਦ ਵਰਤਣਾ ਕੁਰਸੀ ਦੀ ਮਰਿਆਦਾ ਨੂੰ ਸੋਭਾ ਨਹੀਂ ਦਿੰਦਾ।

ਇਸੇ ਭਾਸ਼ਨ ਵਿਚ ਮੋਦੀ ਜੀ ਨੇ ਇਕ ਹੋਰ ਵਿਅੰਗ ਕੱਸਿਆ ਜਿਹਦੇ ਅਰਥ ਬਹੁਤ ਗਹਿਰੇ ਹਨ। "ਉਨ੍ਹਾਂ ਕਿਹਾ ਕਿ ਅਸੀਂ ਵਿਦੇਸ਼ੀ ਸਿਧੇ ਨਿਵੇਸ਼ (ਐਫ.ਡੀ.ਆਈ.) ਨੂੰ ਤਾਂ ਖੁੱਲ੍ਹ ਦਿੱਤੀ ਹੈ ਪਰ ਫੋਰਨ ਡਿਸਟਰੇਕਿਟਵ ਇੰਡੀਔਲੌਜੀ (ਐਫ.ਡੀ.ਆਈ.) ਵਿਦੇਸ਼ੀ ਵਿਚਾਰਾਂ ਦਾ ਆਗਮਨ ਖਤਰਨਾਕ ਹੈ।" ਪ੍ਰਧਾਨ ਮੰਤਰੀ ਨੇ ਕਿਸਾਨ ਅੰਦੋਲਨ ਵਿਚ ਵਿਦੇਸ਼ੀ ਵਿਨਾਸ਼ਕਾਰੀ ਵਿਚਾਰਧਾਰਾ ਦੇ ਦਖਲ ਅਤੇ ਇਸ ਤੋਂ ਦੇਸ਼ ਨੂੰ ਬਚਾਉਣ ਲਈ ਚੌਕਸ ਰਹਿਣ ਦੀ ਵੀ ਗੱਲ ਕਹੀ। ਇਸ ਦੇ ਪਿਛੇ ਛੁਪੇ ਅਰਥਾਂ ਨੂੰ ਬੁਝਣਾਂ ਚਾਹੀਦਾ ਹੈ। ਪ੍ਰਧਾਨ ਮੰਤਰੀ ਵਿਦੇਸ਼ੀ ਵਿਨਾਸ਼ਕਾਰੀ ਵਿਚਾਰਧਾਰਾ ਨੂੰ ਭਾਵ ਅੰਦੋਲਨਾਂ ਵਿਚ ਐਫ.ਡੀ.ਆਈ. ਨੂੰ ਕਿਵੇਂ ਦੇਖ ਰਹੇ ਹਨ। ਪਹਿਲਾਂ ਕੀ ਕਿਸਾਨ ਅੰਦੋਲਨ ਨੂੰ ਵਿਦੇਸ਼ਾਂ ਵਿਚੋਂ ਮਿਲ ਰਹੇ ਸਮਰਥਨ ਤੋਂ ਖਫ਼ਾ ਹੋ ਕੇ ਇਹ ਗੱਲ ਕਹਿ ਰਹੇ ਹਨ। ਦੁਨੀਆਂ ਭਰ ਦੀਆਂ ਵਿਦੇਸ਼ੀ ਹਸਤੀਆਂ, ਸੰਸਥਾਵਾਂ ਸਰਕਾਰਾਂ ਅਤੇ ਇਥੋਂ ਤੱਕ ਯੂ.ਐਨ.ਓ. ਨੇ ਕਿਸਾਨ ਅੰਦੋਲਨ ਨੂੰ ਸਮਰਥਨ ਦਿੱਤਾ ਹੈ ਅਤੇ ਇਸ ਦੇ ਹੱਕ 'ਚ ਖੜ੍ਹੇ ਹਨ। ਕੀ ਪ੍ਰਧਾਨ ਮੰਤਰੀ ਇਸ ਤੋਂ ਖਫ਼ਾ ਹੋ ਕੇ ਇਸ ਸ਼ਬਦ ਦੀ ਵਰਤੋਂ ਕਰ ਰਹੇ ਹਨ? ਦੂਸਰਾ ਵਿਸ਼ਵ ਦੀਆਂ ਕਈ ਸੰਸਥਾਵਾਂ ਜਿਨ੍ਹਾਂ 'ਚ ਖਾਲਸਾ ਏਡ ਪ੍ਰਮੁੱਖ ਹੈ, ਨੇ ਅੰਦੋਲਨ ਨੂੰ ਆਰਥਿਕ ਅਤੇ ਭੌਤਿਕ ਸਹਿਯੋਗ ਦਿੱਤਾ ਹੈ ਤੇ ਦੇ ਰਹੇ ਹਨ, ਜਿਸ ਵਿਰੁੱਧ ਮੋਦੀ ਹਕੂਮਤ ਨੇ ਕੌਮੀ ਜਾਂਚ ਏਜੰਸੀ ਨੂੰ ਵੀ ਸਰਗਰਮ ਕੀਤਾ ਹੋਇਆ ਹੈ। ਕੀ ਪ੍ਰਧਾਨ ਮੰਤਰੀ ਦਾ ਨਿਸ਼ਾਨ ਇਹ ਹੱਲਾ ਬਹੁਤ ਸਾਰੇ ਵਿਦੇਸ਼ੀ ਵਿਦਿਆਰਥੀ ਅਤੇ ਜਮਹੂਰੀ ਹੱਕਾਂ ਦੇ ਰਾਖੇ, ਜਾਂ ਵਾਤਾਵਰਣ ਪ੍ਰੇਮੀ ਦਿੱਲੀ ਕਿਸਾਨ ਸੰਘਰਸ਼ 'ਚ ਸ਼ਰੀਕ ਹੋਏ ਹਨ, ਕੀ ਪ੍ਰਧਾਨ ਮੰਤਰੀ ਉਨ੍ਹਾਂ ਪ੍ਰਤੀ ਚਿੰਤਤ ਹਨ? ਇਸ ਸਭ ਦੇ ਨਾਲ ਇਕ ਹੋਰ ਵੀ ਹੈ ਉਹ ਹੈ ਆਰਐਸਐਸ ਕਿਸ ਵਿਚਾਰਧਾਰਾ ਨੂੰ ਵਿਦੇਸ਼ੀ ਵਿਚਾਰਧਾਰਾ ਕਹਿੰਦੀ ਹੈ। ਸੰਘ ਦੀਆਂ ਨਜ਼ਰਾਂ ਵਿਚ ਉਹ ਵਿਚਾਰਧਾਰਾ ਜਿਹੜੀ ਚੰਗੇਰੇ ਸਮਾਜ ਲਈ ਅੰਦੋਲਨ ਕਰਨ ਦਾ ਸੱਦਾ ਦਿੰਦੀ ਹੈ, ਵਿਚਾਰ ਦਿੰਦੀ ਹੈ ਅਤੇ ਪ੍ਰੇਰਦੀ ਹੈ ਵਿਦੇਸ਼ੀ ਵਿਨਾਸ਼ਕਾਰੀ ਵਿਚਾਰਧਾਰਾ ਹੈ। ਸੋ ਸਾਫ਼ ਹੈ ਕਿ ਪ੍ਰਧਾਨ ਮੰਤਰੀ ਦਾ ਨਿਸ਼ਾਨਾ ਇਕ ਵਿਸ਼ੇਸ਼ ਵਿਚਾਰਧਾਰਾ ਹੈ ਜਿਹੜੀ ਹਿੰਦੂ ਰਾਸ਼ਟਰ ਦੀ ਸਿਰਜਨਾ ਵਿਚ ਇਕ ਬਹੁਤ ਵੱਡਾ ਅੜਿੱਕਾ ਹੈ। ਉਹ ਅਜਿਹੇ ਸਮਾਜ ਦੇ ਨਿਰਮਾਣ ਦੀ ਇੱਛਾ ਰੱਖਦੇ ਹਨ ਜਿਸ 'ਚ ਪ੍ਰਧਾਨ ਮੰਤਰੀ ਵਲੋਂ ਚੁੱਕੇ ਕਿਸੇ ਵੀ ਕਦਮ ਦਾ ਕੋਈ ਵਿਰੋਧ ਹੀ ਨਾ ਹੋਵੇ। ਕੋਈ ਵਿਰੋਧ ਹੀ ਨਾ ਕਰੇ। ਉਨ੍ਹਾਂ ਨੂੰ ਅਜਿਹੀ ਵਿਚਾਰਧਾਰਾ ਜਿਹੜੀ ਭਾਰਤੀ ਲੋਕਾਈ ਅੰਦਰ ਚੇਤਨਾ ਦਾ ਸੰਚਾਰ ਕਰਦੀ ਹੈ। ਉਨ੍ਹਾਂ ਨੂੰ ਇਕਜੁਟਤਾ ਤੇ ਸੰਘਰਸ਼ ਲਈ ਪ੍ਰੇਰਦੀ ਹੈ ਜਗਰੂਕਤਾ ਦਾ ਪਸਾਰਾ ਕਰਦੀ ਹੈ, ਕਦਾਚਿਤ ਪ੍ਰਵਾਨ ਨਹੀਂ। ਇਹੋ ਕਾਰਨ ਹੈ ਕਿ ਉਹ ਅਜਿਹੀ ਵਿਚਾਰਧਾਰਾ ਨੂੰ ਵਿਦੇਸ਼ੀ ਵਿਨਾਸ਼ਕਾਰੀ ਵਿਚਾਰਧਾਰਾ ਵਜੋਂ ਚਿੰਤਨ ਕਰਦੇ ਹਨ ਅਤੇ ਇਸ ਨੂੰ ਨਿਸ਼ਾਨਾ ਬਣਾਉਂਦੇ ਹਨ। ਯਾਦ ਹੋਵੇਗਾ ਪਿਛਲੇਰੇ ਸਾਲਾਂ 'ਚ ਜਦੋਂ ਕੌਮੀ ਨਾਗਰਿਕਤਾ ਸੋਧ ਕਾਨੂੰਨ ਵਿਰੁੱਧ ਅੰਦੋਲਨ ਚਲ ਰਿਹਾ ਸੀ ਤਾਂ ਪ੍ਰਧਾਨ ਮੰਤਰੀ ਨੇ ਅਜਿਹਾ ਹੀ ਭਾਸ਼ਨ ਦਿੱਤਾ ਸੀ ਤੇ ਕਿਹਾ ਸੀ 'ਕੱਪੜਿਆਂ ਤੋਂ ਪਹਿਚਾਨੇ ਜਾ ਸਕਦੇ ਹਨ।' ਅਤੇ ਪਿਛੋਂ ਜੋ ਸਿੱਟਾ ਨਿਕਲਿਆ ਸਭ ਦੇ ਸਾਹਮਣੇ ਸੀ। ਅਜਿਹੇ ਨਾਅਰੇ ਵੀ ਧਿਆਨ 'ਚ ਰੱਖਣੇ ਚਾਹੀਦੇ ਹਨ। "ਦੇਸ਼ ਦੇ ਗਦਾਰੋਂ ਕੋ ਗੋਲੀ ਮਾਰੋ...ਕੋ।" ਸੰਸਦ ਵਿਚ ਪ੍ਰਧਾਨ ਮੰਤਰੀ ਦਾ ਇਹ ਭਾਸ਼ਨ ਖਤਰਨਾਕ ਸੰਕੇਤ ਦਿੰਦਾ ਹੈ।

ਸਵਦੇਸੀ ਵਿਚਾਰਧਾਰਾ ਉਤੇ ਪਹਿਰਾ ਦੇਣ ਵਾਲੀ ਆਰਐਸਐਸ ਤੇ ਭਾਜਪਾ ਤੇ ਮੋਦੀ ਇਹ ਕਿਉਂ ਛੁਪਾਉਂਦੇ ਹਨ ਕਿ ਉਨ੍ਹਾਂ ਨੇ ਜਿਹੜੇ ਖੇਤੀ ਕਾਨੂੰਨ ਲਿਆਂਦੇ ਹਨ ਜਾਂ ਕਿਰਤ ਕਾਨੂੰਨਾਂ ਨੂੰ ਖਤਮ ਕੀਤਾ ਹੈ। ਇਹ ਵੀ ਵਿਦੇਸ਼ੀ ਨੀਤੀ ਦਾ ਹੀ ਤਾਂ ਹਿੱਸਾ ਹੈ। ਇਹ ਵਿਸ਼ਵ ਪੂੰਜੀਪਤੀ ਜਮਾਤ ਦੀ ਵਿਚਾਰਧਾਰਾ ਦਾ ਹੀ ਹਿੱਸਾ ਹੈ। ਇਹ ਪ੍ਰਧਾਨ ਮੰਤਰੀ ਦੀ ਮੌਲਿਕ ਖੋਜ ਨਹੀਂ ਨਾ ਇਹ ਸਵਦੇਸ਼ੀ ਕਰਨ ਹੈ।

ਹਰ ਦੌਰ 'ਚ ਵਿਸ਼ਵ ਵਿਚ ਵਿਚਾਰਾਂ ਤੇ ਤਕਨੀਕ ਦਾ ਸਦਾ ਅਦਾਨ ਪ੍ਰਦਾਨ ਰਿਹਾ ਹੈ। ਯਾਦ ਹੋਵੇਗਾ ਮਾਟਰ ਲੂਥਰ ਕਿੰਗ ਜਾਂ ਨੈਲਸਨ ਮੰਡੇਲਾ ਕਹਿੰਦੇ ਸਨ ਕਿ "ਉਨ੍ਹਾਂ ਗਾਂਧੀ ਦੇ ਸਿਧਾਂਤ ਭਾਵ ਵਿਚਾਰਧਾਰਾ ਤੋਂ ਸਿੱਖਿਆ ਹੈ।" ਵਿਚਾਰ ਵਿਦੇਸ਼ੀ ਨਹੀਂ ਹੁੰਦੇ। ਦੁਨੀਆਂ 'ਚ ਚੰਗੇਰੇ ਸਮਾਜ ਜਾਂ ਲੋਕਾਈ ਤੱਕ ਪਹੁੰਚਣ ਵਾਲੇ ਲੋਕਤੰਤਰ ਉਤੇ ਸਦਾ ਚਰਚਾ ਚਲਦੀ ਰਹੀ ਹੈ ਅਤੇ ਵਿਚਾਰ ਧਾਰਾਵਾਂ ਦਾ ਅਦਾਨ ਪ੍ਰਦਾਨ ਹੁੰਦਾ ਰਿਹਾ ਹੈ ਅਤੇ ਰਹੇਗਾ। ਵਿਚਾਰਾਂ ਉਤੇ ਪਾਬੰਦੀ ਜਾਂ ਵਿਚਾਰਧਾਰਾਂ ਵਿਰੁੱਧ ਨਫ਼ਰਤ ਫੈਲਾਉਣਾ ਜਾਂ ਵਿਚਾਰਧਾਰਾਵਾਂ ਨੂੰ ਦੁਸ਼ਮਣ ਟਿਕ ਲੈਣਾ ਇਕ ਖਤਰਨਾਕ ਸੋਚ ਹੈ। ਜਿਸ ਤੋਂ ਚੌਕਸ ਰਹਿਣ ਦੀ ਲੋੜ ਹੈ।

ਕਿਸਾਨ ਸੰਘਰਸ਼ ਕਿਸੇ ਵਿਦੇਸ਼ੀ ਵਿਚਾਰਧਾਰਾ ਵਲੋਂ ਨਹੀਂ ਚਲਾਇਆ ਜਾ ਰਿਹਾ ਨਾ ਹੀ ਇਸ ਵਿਚ ਵਿਦੇਸ਼ੀ ਦਖ਼ਲ ਅੰਦਾਜ਼ੀ ਹੈ। ਦੇਸ਼ ਭਰ ਵਿਚ ਪਸਰ ਰਹੇ ਇਸ ਕਿਸਾਨ ਅੰਦੋਲਨ ਅਤੇ ਇਸ ਅੰਦਰਲੀ ਸੂਝ ਨੇ ਦੇਸ਼ ਨੂੰ ਉਨ੍ਹਾਂ ਵੰਡ ਵਰਗਾਂ ਤੋਂ ਉਪਰ ਉਠ ਕੇ ਆਪਣੇ ਭਵਿੱਖਤ ਸਵਾਲਾਂ ਨੂੰ ਸਾਹਮਣੇ ਲਿਆਂਦਾ ਹੈ। ਲੋਕਾਈ 'ਚ ਵੰਡ ਪਾਉਣ ਵਾਲੀ ਸੰਘੀ ਨੀਤੀ ਨੂੰ ਬਹੁਤ ਵੱਡੀ ਠੇਸ ਪਹੁੰਚੀ ਹੈ। ਉਹ ਜੋ ਪਿਛਲੇਰੇ ਸਾਲਾਂ 'ਚ ਜ਼ਹਿਰ ਦੇ ਪੌਦੇ ਬੀਜ ਰਹੀ ਸੀ, ਕਿਸਾਨ ਅੰਦੋਲਨ ਨੇ ਪੁੱਟਣ ਦੀ ਸਫ਼ਲ ਕੋਸ਼ਿਸ਼ ਕੀਤੀ ਹੈ। ਹੁਣ ਜਦੋਂ ਰਾਸ਼ਟਰਵਾਦ, ਫਿਰਕੂ

ਰਾਜਨੀਤੀ ਤੇ ਹੋਰ ਸਾਰੇ ਹਥਿਆਰ ਫੇਲ੍ਹ ਹੋ ਗਏ ਹਨ ਤਾਂ ਨਵਾਂ ਹਥਿਆਰ ਚੁੱਕਣ ਦਾ ਪ੍ਰਧਾਨ ਮੰਤਰੀ ਸੰਦੇਸ਼ ਦੇ ਰਿਹਾ ਹੈ। ਵਿਦੇਸ਼ੀ ਵਿਨਾਸਕਾਰੀ ਵਿਚਾਰਧਾਰਾ ਦੀ ਪਛਾਣ ਕਰੋ। ਪਰ ਭਾਰਤੀ ਲੋਕ ਉਸ ਵਿਦੇਸ਼ੀ ਵਿਨਾਸ਼ਕਾਰੀ ਵਿਚਾਰਧਾਰਾ ਦੀ ਵੀ ਪਛਾਣ ਕਰਨਗੇ ਜਿਹੜੀ ਨਾਜੀ ਜਰਮਨੀ ਜਾਂ ਮਸੋਲੀਨੀ ਦੇ ਰੂਪ ਵਿਚ ਵਿਚਾਰ ਰਹੀ ਹੈ ਅਤੇ ਸਮਾਜ ਵਿਚ ਨਫ਼ਰਤ ਦੀ ਖੇਤੀ ਪਿਉਂਦ ਦੀ ਆ ਰਹੀ ਹੈ।

ਪ੍ਰਧਾਨ ਮੰਤਰੀ ਨੇ ਸੰਸਦ 'ਚ ਬੈਠੇ ਵਿਰੋਧੀ ਪਾਰਟੀਆਂ ਦੇ ਮੈਂਬਰਾਂ ਨੂੰ ਜੋ ਸੱਤਾ ਸੁੱਖ ਭੋਗ ਰਹੇ ਹਨ ਅਤੇ ਵੱਧ ਫੁੱਲ ਰਹੇ ਹਨ, ਨੂੰ ਇਸ਼ਾਰੇ ਨਾਲ ਕਹਿਣ ਦੀ ਕੋਸ਼ਿਸ਼ ਕੀਤੀ ਕਿ ਅਜਿਹੇ ਅੰਦੋਲਨਜੀਵੀ ਉਨ੍ਹਾਂ ਨੂੰ ਵੀ ਰਾਜਾਂ ਵਿਚ ਪ੍ਰੇਸ਼ਾਨ ਕਰ ਰਹੇ ਹੋਣਗੇ। ਜਿਵੇਂ ਉਨ੍ਹਾਂ ਨੂੰ ਵਿਦੇਸ਼ੀ ਵਿਨਾਸ਼ਕਾਰੀ ਵਿਚਾਰਧਾਰਾਵਾਂ ਵਿਰੁੱਧ ਲੜਨ ਲਈ ਭਾਜਪਾ ਤੇ ਪ੍ਰਧਾਨ ਮੰਤਰੀ ਨੂੰ ਸਹਿਯੋਗ ਦੇਣ ਦੀ ਮੰਗ ਕੀਤੀ ਜਾ ਰਹੀ ਹੋਵੇ। ਮੋਦੀ ਜੀ ਹਰ ਕਲਾ ਦੇ ਮਾਹਿਰ ਹਨ ਦੁਸ਼ਮਣ ਟਿਕਦੇ ਹਨ ਅਤੇ ਫਿਰ ਉਸ ਵਿਰੁੱਧ ਲਾਮਬੰਦੀ ਦਾ ਪਿੜ ਬੰਨ੍ਹਦੇ ਹਨ। ਸ਼ਾਇਦ ਭਾਜਪਾ ਤੇ ਆਰਐਸਐਸ ਕੋਲ ਇਹ ਆਖਰੀ ਹਥਿਆਰ ਹੋਵੇ ਜਿਸ ਨਾਲ ਅੰਦੋਲਨ ਨੂੰ ਭੜਕਾਇਆ ਜਾ ਰਿਹਾ ਹੋਵੇ ਅਤੇ ਦਰਾਰ ਪੈਦਾ ਕੀਤੀ ਜਾ ਸਕੇ। ਸ਼ਾਇਦ ਇਕ ਦੇਸ਼ ਵਿਚ ਵਿਚਾਰਧਾਰਾ ਦਾ ਸੰਦੇਸ਼ ਹੈ।

ਪਰ ਕਿਸਾਨ ਇਹ ਸਭ ਸਮਝ ਚੁੱਕੇ ਹਨ। ਉਨ੍ਹਾਂ ਲਈ ਤਿੰਨ ਕਾਲੇ ਕਾਨੂੰਨਾਂ ਨੂੰ ਵਾਪਸ ਲੈਣ ਦਾ ਸਵਾਲ ਪ੍ਰਮੁੱਖ ਹੈ। ਇਸੇ ਕਰਕੇ ਹਰ ਧਰਮ ਹਿੰਦੂ ਸਿੱਖ ਮੁਸਲਮ-ਇਸਾਈ, ਹਰ ਵਰਗ, ਹਰ ਜਾਤ ਪਹਿਚਾਣ ਦੇ ਲੋਕ ਇਕ ਅਵਾਜ਼ 'ਚ ਕਹਿ ਰਹੇ ਹਨ ਤਿੰਨੇ ਖੇਤੀ ਕਾਨੂੰਨ ਜਾਂ ਕਾਲੇ ਕਾਨੂੰਨ ਵਾਪਸ ਲਵੋ। ਜਦੋਂ ਤੱਕ ਵਾਪਸੀ ਨਹੀਂ ਘਰ ਵਾਪਸੀ ਨਹੀਂ। ਦੇਸ਼ ਭਰ ਦੇ ਕਿਸਾਨਾਂ ਦੀ ਅਵਾਜ਼ ਹੈ ਇਕ ਜੁਟ ਆਵਾਜ਼ ਹੈ ਜੋ ਚੁਫ਼ੇਰੇ ਗੂੰਜ ਰਹੀ ਹੈ। ਇਸ ਵਿਚ ਸਾਰੀਆਂ ਵਿਧਾਰਧਾਰਾਵਾਂ ਵਾਲੇ ਲੋਕ ਸ਼ਾਮਲ ਹਨ। ਇਹ ਕਿਸਾਨ ਅੰਦੋਲਨ ਵਿਚਾਰਧਾਰਾਵਾਂ ਦੇ ਵੱਖਰੇਵਿਆਂ ਤੋਂ ਵੀ ਉਪਰ ਹੈ ਅਤੇ ਕਿਸਾਨ ਅਤੇ ਲਤਾੜੇ ਵਰਗਾਂ ਦੇ ਭਵਿੱਖ ਦੀ ਸੁਰੱਖਿਆ ਦਾ ਇਕੋ ਇਕ ਮੁੱਦਾ ਹੀ ਪ੍ਰਮੁੱਖ ਮੁੱਦਾ ਹੈ।

ਪ੍ਰਧਾਨ ਮੰਤਰੀ ਸਾਹਿਬ ਭਾਰਤੀ ਸੰਵਿਧਾਨ ਵੱਖਰੇ ਵਿਚਾਰ ਰੱਖਣ ਦੀ ਆਜ਼ਾਦੀ ਦਿੰਦਾ ਹੈ। ਸਮਾਜ ਦੀ ਬਿਹਤਰੀ ਲਈ ਚੰਗੇ ਵਿਦੇਸ਼ੀ ਵਿਚਾਰਾਂ ਨੂੰ ਅਪਣਾਉਣਾ ਵੀ ਗੁਨਾਹ ਨਹੀਂ। ਗੁਨਾਹ ਉਦੋਂ ਹੁੰਦਾ ਹੈ ਜਦੋਂ ਸਮਾਜ ਨੂੰ ਵਿਨਾਸ਼ਕਾਰੀ ਹਾਲਤ ਵਿਚ ਪਹੁੰਚਾਉਣ ਲਈ ਮਾਰੂ ਵਿਦੇਸ਼ੀ ਵਿਚਾਰ ਅਪਨਾਏ ਜਾਣ। ਤੁਹਾਡੀ ਸਰਕਾਰ ਵਲੋਂ ਜਿਵੇਂ ਸਮੁੱਚੀ ਆਰਥਿਕਤਾ ਨੂੰ ਤੇ ਸਰਕਾਰੀ ਜਾਇਦਾਦਾਂ ਨੂੰ ਤਬਾਹ ਕਰਨ ਤੇ ਵੇਚਣ ਦੀਆਂ ਨੀਤੀਆਂ ਲਿਆਂਦੀਆਂ ਜਾ ਰਹੀਆਂ ਹਨ ਇਹ ਵਿਨਾਸ਼ਕਾਰੀ ਕਾਰਪੋਰੇਟੀ ਵਿਚਾਰਧਾਰਾ ਦੀ ਉਪਜ ਹਨ। ਵੈਸੇ ਤੁਸੀਂ ਤੇ ਤੁਹਾਡੀ ਆਰ.ਐਸ.ਐਸ. ਜਿਸ ਹਿੰਦੂ ਰਾਸ਼ਟਰ ਦੇ ਨਿਰਮਾਣ ਦਾ ਦਾਅਵਾ ਕਰਦੀ ਹੈ ਉਹਦਾ ਆਧਾਰ ਵੀ ਮਸੋਲਿਨੀ ਤੇ ਹਿਟਲਰ (ਜਰਮਨੀ) ਦੀ ਵਿਚਾਰਧਾਰਾ ਉਤੇ ਟਿਕਿਆ ਹੋਇਆ ਹੈ। ਉਹ ਵੀ ਵਿਨਾਸ਼ਕਾਰੀ ਤੇ ਵਿਦੇਸ਼ੀ ਵਿਚਾਰਧਾਰਾ ਹੈ। ਜਿਸ ਦੇ ਨਤੀਜੇ ਵਿਸ਼ਵ ਭੁਗਤ ਚੁੱਕਾ ਹੈ।

ਕਿਸਾਨ ਅੰਦੋਲਨ ਨੇ 70 ਸਾਲ ਪਿਛੋਂ ਭਾਰਤੀ ਸਮਾਜ ਨੂੰ ਇਕ ਨਵਜਾਗਰਣ ਦੀ ਦਹਿਲੀਜ਼ ਉਤੇ ਲਿਆਂਦਾ ਹੈ, ਉਸ ਦਾ ਵਾਹਕ ਬਣਿਆ ਹੈ। ਲਾਜ਼ਮੀ ਹੈ ਇਹ ਤੁਹਾਨੂੰ ਪ੍ਰਵਾਨ ਨਹੀਂ ਅਤੇ ਹਰ ਸਾਜ਼ਿਸ਼ ਨਾਲ ਤੁਸੀਂ ਇਸ ਨੂੰ ਲੀਹੋ ਲਾਹੁਣ, ਭਟਕਾਉਣ, ਖਿੰਡਾਉਣ, ਦਬਾਉਣ ਅਤੇ ਕੁਚਲਣ ਤੇ ਬਦਨਾਮ ਕਰਨ ਦਾ ਹੱਥ ਕੰਢਾ ਅਪਣਾ ਰਹੇ ਹੋ ਅਤੇ ਕਿਸਾਨ ਅੰਦੋਲਨਕਾਰੀਆਂ ਪ੍ਰਤੀ ਅਪਮਾਨਜਨਕ ਸ਼ਬਦਾਵਲੀ ਵਰਤਣ ਤੱਕ ਪਹੁੰਚ ਗਏ ਹੋ। ਤੁਸੀਂ ਸੜਕਾਂ ਉਤੇ ਕਿੱਲ ਨਹੀਂ ਗੱਡੇ ਸੰਸਦ ਤੇ ਵਿਚਾਰਾਂ ਵਿਚ ਵੀ ਨੋਕੀਲੇ ਕਿੱਲ ਗੱਡ ਰਹੇ ਹੋ। ਪਰ ਕਿਸਾਨ ਇਸ ਚਾਲ ਨੂੰ ਵੀ ਬੜੀ ਸਿਦਕਦਿਲੀ, ਦ੍ਰਿੜਤਾ, ਸੂਝ ਗੰਭੀਰਤਾ ਅਤੇ ਪੁਰਅਮਨ ਢੰਗ ਨਾਲ ਖਦੇੜ ਦੇਣਗੇ ਅਤੇ ਹੋਰ ਮਜਬੂਤ ਹੋ ਕੇ ਕਿਸਾਨ ਅੰਦੋਲਨ ਨੂੰ ਸਫ਼ਲ ਬਣਾਉਣਗੇ।

# 'ਅੰਦੋਲਨਜੀਵੀ' ਬਨਾਮ ਭਗਵੀਂ ਜਾਅਲਸਾਜ਼ੀ



ਬੂਟਾ ਸਿੰਘ ਨਵਾਂਸ਼ਹਿਰ
94634-74342





ਰਾਜ ਸਭਾ ਵਿਚ ਨਰਿੰਦਰ ਮੋਦੀ ਵੱਲੋਂ ਕਿਸਾਨ ਅੰਦੋਲਨ ਬਾਰੇ ਕੀਤੀ ਘਿਣਾਉਣੀ ਟਿੱਪਣੀ ਮੂੰਹ ਬੋਲਦਾ ਸਬੂਤ ਹੈ ਕਿ ਭਗਵੀਆਂ ਖੋਪੜੀਆਂ ਵਿਚ ਜਮਹੂਰੀ ਤਰੀਕਿਆਂ ਨਾਲ ਅੰਦੋਲਨਾਂ ਪ੍ਰਤੀ ਕਿੰਨੀ ਘੋਰ ਨਫ਼ਰਤ ਭਰੀ ਹੋਈ ਹੈ। ਬਹੁਰੂਪੀਏ ਮੋਦੀ ਨੇ ਵਿਅੰਗ ਕੀਤਾ ਕਿ ਬੁੱਧੀਜੀਵੀ ਜਾਂ ਸ਼੍ਰਮਜੀਵੀ ਤਾਂ ਸੁਣੇ ਸਨ, ਲੇਕਿਨ ਹੁਣ ਇਕ ਨਵੀਂ ਜਮਾਤ 'ਅੰਦੋਲਨਜੀਵੀ' ਪੈਦਾ ਹੋ ਗਈ ਹੈ ਅਤੇ ਇਹ ਹਰ ਅੰਦੋਲਨ ਵਿਚ, ਹਰ ਥਾਂ ਦੇਖੇ ਜਾ ਸਕਦੇ ਹਨ। ਉਸ ਨੇ ਮੁਲਕ ਦੇ ਲੋਕਾਂ ਨੂੰ ਇਹਨਾਂ ਦੀ 'ਪਛਾਣ ਕਰਨ' ਅਤੇ 'ਇਹਨਾਂ ਤੋਂ ਮੁਲਕ ਨੂੰ ਬਚਾਉਣ' ਦਾ ਸੱਦਾ ਵੀ ਦਿੱਤਾ। ਇਹ ਮਾਮੂਲੀ ਵਿਅੰਗ ਨਹੀਂ ਹੈ, ਇਸ ਦੇ ਪਿੱਛੇ ਡੂੰਘੀ ਸਾਜ਼ਿਸ਼ ਕੰਮ ਕਰ ਰਹੀ ਹੈ। ਭਗਵਾਂ ਬਰਗੇਡ ਆਪਣੇ ਹੱਕਾਂ ਲਈ ਜੂਝਣ ਵਾਲਿਆਂ ਉੱਪਰ ਪਰਜੀਵੀ ਜਮਾਤ ਦਾ ਠੱਪਾ ਲਗਾ ਕੇ ਮੁਲਕ ਦੇ ਲੋਕਾਂ ਨੂੰ ਅੰਦੋਲਨ ਵਿਰੁੱਧ ਭੜਕਾ ਕੇ ਆਪਸ ਵਿਚ ਲੜਾਉਣਾ ਚਾਹੁੰਦਾ ਹੈ। ਇਹ ਆਉਣ ਵਾਲੇ ਦਿਨਾਂ ਵਿਚ ਉਸੇ ਨੂੰ ਬੜੇ ਪੈਮਾਨੇ 'ਤੇ ਦੁਹਰਾਉਣ ਦੀ ਜ਼ਮੀਨ ਤਿਆਰ ਕੀਤੀ ਜਾ ਰਹੀ ਹੈ ਜੋ ਕੁਛ ਪਿਛਲੇ ਦਿਨੀਂ ਆਮ ਲੋਕਾਂ ਦੇ ਨਾਮ ਹੇਠ ਆਰ.ਐੱਸ.ਐੱਸ.-ਭਾਜਪਾ ਵੱਲੋਂ ਸਿੰਘੂ ਅਤੇ ਗਾਜ਼ੀਪੁਰ ਹੱਦਾਂ ਉੱਪਰਲੇ ਪੱਕੇ ਮੋਰਚਿਆਂ ਨੂੰ ਖਿੰਡਾਉਣ ਲਈ ਕੀਤਾ ਗਿਆ। ਇਹੀ ਤਰੀਕਾ ਪਿਛਲੇ ਸਾਲ ਸ਼ਾਹੀਨ ਬਾਗ਼ ਮੋਰਚੇ ਨੂੰ ਤੋੜਨ ਲਈ ਇਸਤੇਮਾਲ ਕੀਤਾ ਗਿਆ ਸੀ। ਕਿਸਾਨ ਜਥੇਬੰਦੀਆਂ ਨਾਲ ਮੀਟਿੰਗਾਂ ਤੋਂ ਵੀ ਸਪਸ਼ਟ ਹੋ ਚੁੱਕਾ ਹੈ ਕਿ ਹਕੂਮਤ ਸੰਘਰਸ਼ ਨੂੰ ਮੱਕਾਰੀ, ਸਾਜ਼ਿਸ਼ਾਂ ਅਤੇ ਫਾਸ਼ੀ ਦਹਿਸ਼ਤ ਰਾਹੀਂ ਕੁਚਲਣ ਦਾ ਭਰਮ ਪਾਲ ਰਹੀ ਹੈ।

ਦੇਸ਼-ਦੁਨੀਆ ਦੇ ਲੋਕ ਹੁਣ ਫਾਸ਼ੀਵਾਦੀ ਦੰਗਈ ਮਾਨਸਿਕਤਾ ਦਾ ਅਸਲਾ ਵੀ ਜਾਣ ਚੁੱਕੇ ਹਨ ਅਤੇ ਉਸ ਵਿਸ਼ਾਲ ਲੋਕ ਸੰਘਰਸ਼ ਦੇ ਮਹੱਤਵ ਨੂੰ ਵੀ ਬਾਖ਼ੂਬੀ ਸਮਝਦੇ ਹਨ ਜਿਸ ਨੇ ਦਿੱਲੀ ਦਰਬਾਰ ਦੇ ਬੂਹੇ ਅੱਗੇ ਡੱਟ ਕੇ ਆਪਣੇ ਸਬਰ, ਸਿਰੜ ਅਤੇ ਸਿਦਕ ਨਾਲ ਭਗਵੀਂ ਹਕੂਮਤ ਦਾ ਨੱਕ 'ਚ ਦਮ ਕੀਤਾ ਹੋਇਆ ਹੈ। ਸੰਘਰਸ਼ ਜੋ ਹੁਣ ਵਿਸ਼ਾਲ ਅਵਾਮੀ ਅੰਦੋਲਨ ਬਣ ਕੇ ਮੁਲਕ ਦੇ ਦੂਰ-ਦਰਾਜ ਹਿੱਸਿਆਂ ਦੇ ਕਿਸਾਨਾਂ ਅਤੇ ਹੋਰ ਨਿਆਂਪਸੰਦ ਲੋਕਾਂ ਨੂੰ ਭਗਵੇਂ ਤਾਨਾਸ਼ਾਹ ਨਿਜ਼ਾਮ ਵਿਰੁੱਧ ਜੂਝਣ ਦੀ ਪ੍ਰੇਰਨਾ ਬਣ ਗਿਆ ਹੈ।

ਕਿੰਨੀ ਅਜੀਬ ਗੱਲ ਹੈ ਕਿ ਅੰਦੋਲਨਾਂ ਦੇ ਪਵਿੱਤਰ ਅਤੇ ਅਪਵਿੱਤਰ ਹੋਣ ਦਾ ਫ਼ਤਵਾ ਉਹ ਜਾਅਲਸਾਜ਼ ਸ਼ਖ਼ਸ ਸੁਣਾ ਰਿਹਾ ਹੈ ਜਿਸ ਦਾ ਪੂਰਾ ਦਾਰੋਮਦਾਰ ਹੀ ਨਫ਼ਰਤ ਦੀ ਸਿਆਸਤ, ਫਿਰਕੂ ਦਹਿਸ਼ਤਵਾਦ, ਸਾਜ਼ਿਸ਼ਾਂ, ਮੱਕਾਰੀ ਅਤੇ ਜਾਅਲਸਾਜ਼ੀ ਉੱਪਰ ਹੈ। ਜਿਸ ਦਾ ਚਿਹਰਾ ਗੁਜਰਾਤ ਵਿਚ ਮੁਸਲਮਾਨਾਂ ਦਾ ਕਤਲੇਆਮ (2002), ਲਵ-ਜਹਾਦ, ਹਜੂਮੀ ਹਿੰਸਾ, ਪੁਲਵਾਮਾ ਕਾਂਡ, ਨਾਗਰਿਕਤਾ ਸੋਧ ਕਾਨੂੰਨ, ਜੇ.ਐੱਨ.ਯੂ. ਅਤੇ ਸ਼ਾਹੀਨ ਬਾਗ਼ ਦੇ ਪੁਰਅਮਨ ਸੰਘਰਸ਼ਾਂ ਉੱਪਰ ਫਾਸ਼ੀ ਹਮਲੇ ਕਰਾਉਣ ਅਤੇ ਬੇਕਸੂਰ ਲੋਕਾਂ ਨੂੰ ਝੂਠੇ ਕੇਸਾਂ ਤਹਿਤ ਜੇਲ੍ਹਾਂ ਵਿਚ ਸਾੜਨ ਦੇ ਮਨੁੱਖਤਾ ਵਿਰੋਧੀ ਜੁਰਮਾਂ ਨਾਲ ਕਲੰਕਿਤ ਹੈ। ਮੋਦੀ ਉਸ ਸਿਆਸਤ ਦਾ ਰਾਜਨੀਤਕ ਨੁਮਾਇੰਦਾ ਹੈ ਜਿਸ ਨੇ ਬਾਬਰੀ ਮਸਜਿਦ ਢਾਹ ਕੇ ਉੱਥੇ ਰਾਮ ਮੰਦਿਰ ਬਣਾਉਣ ਦੀ ਖ਼ੂਨੀ ਸਿਆਸਤ ਖੇਡੀ। ਜਿਸ ਨੇ ਸਮਝੌਤਾ ਐਕਸਪ੍ਰੈੱਸ ਅਤੇ ਹੋਰ ਦਹਿਸ਼ਤੀ ਕਾਂਡਾਂ ਵਿਚ ਨਾਮਜ਼ਦ ਪ੍ਰੱਗਿਆ ਸਿੰਘ ਵਰਗੇ ਦਹਿਸ਼ਤਗਰਦਾਂ ਨੂੰ ਚੋਣਾਂ ਲੜਾ ਕੇ ਸੰਸਦ ਵਿਚ ਪਹੁੰਚਾਇਆ। ਆਰ. ਐੱਸ. ਐੱਸ.-ਭਾਜਪਾ ਦੀ ਵਿਚਾਰਧਾਰਾ ਅਤੇ ਅਮਲ ਫਿਰਕੂ ਨਫ਼ਰਤ 'ਤੇ ਆਧਾਰਿਤ ਪਰਜੀਵੀਪਣ ਦਾ ਮੁਜੱਸਮਾ ਹੈ।

ਜਿੰਨੇ ਸਵੈਵਿਸ਼ਵਾਸ ਨਾਲ ਮੋਦੀ ਝੂਠ ਘੜਦਾ ਅਤੇ ਬੋਲਦਾ ਹੈ, ਉਸ ਦਾ ਕੋਈ ਮੁਕਾਬਲਾ ਨਹੀਂ। ਇਹਨਾਂ ਮਹਾਂ ਝੂਠਾਂ ਵਿੱਚੋਂ ਇਕ ਸਭ ਤੋਂ ਬਦਨਾਮ ਝੂਠ 'ਸ਼ਹਿਰੀ ਨਕਸਲੀ' ਦਾ ਹੈ। ਭੀਮਾ-ਕੋਰੇਗਾਉਂ ਵਿਚ ਆਰ.ਐੱਸ.ਐੱਸ. ਦੇ ਗੈਂਗ ਵੱਲੋਂ ਗਿਣੀ-ਮਿੱਥੀ ਹਿੰਸਾ ਨੂੰ ਅੰਜਾਮ ਦੇ ਕੇ ਅਤੇ ਫਿਰ 'ਅਰਬਨ ਨਕਸਲ' ਦਾ ਹਊਆ ਖੜ੍ਹਾ ਕਰਕੇ ਦੋ ਦਰਜਨ ਬੁੱਧੀਜੀਵੀਆਂ ਨੂੰ ਯੂ.ਏ.ਪੀ.ਏ. ਤਹਿਤ ਜੇਲ੍ਹਾਂ ਵਿਚ ਡੱਕਿਆ ਗਿਆ। ਸੁਪਰੀਮ ਕੋਰਟ ਦੇ ਉੱਘੇ ਜਸਟਿਸਾਂ ਸਮੇਤ ਤਮਾਮ ਕਾਨੂੰਨਦਾਨ ਇਸ ਫਰਜ਼ੀ ਕੇਸ ਦਾ ਕੱਚ-ਸੱਚ ਭਲੀਭਾਂਤ ਜਾਣਦੇ ਹਨ, ਐਪਰ ਉਹਨਾਂ ਵਿਚ ਮੋਦੀ ਦੇ ਫਾਸਿਸਟ ਨਿਜ਼ਾਮ ਵਿਰੁੱਧ ਬੋਲਣ ਦੀ ਹਿੰਮਤ ਨਹੀਂ ਹੈ। ਹਰ ਕੋਈ ਜਸਟਿਸ ਲੋਇਆ ਦੇ ਹਸ਼ਰ ਤੋਂ ਭੈਭੀਤ ਹੈ। ਇਹ ਜੱਗ ਜ਼ਾਹਿਰ ਹੈ ਕਿ ਭੀਮਾ-ਕੋਰੇਗਾਉਂ ਵਿਚ ਦਲਿਤਾਂ ਵਿਰੁੱਧ ਉੱਚ ਜਾਤੀ ਭਗਵੀਂ ਹਿੰਸਾ ਦੇ ਮਾਮਲੇ ਨੂੰ 'ਸ਼ਹਿਰੀ ਨਕਸਲੀ' ਸਾਜ਼ਿਸ਼ ਬਣਾ ਕੇ ਪੇਸ਼ ਕਰਨ 'ਚ ਆਰ.ਐੱਸ.ਐੱਸ.-ਭਾਜਪਾ ਦੇ 'ਥਿੰਕ ਟੈਂਕ' ਦੀ ਮੁੱਖ ਭੂਮਿਕਾ ਸੀ ਅਤੇ ਇਸ ਨੂੰ ਪੁਣੇ ਦੇ ਆਰ.ਐੱਸ.ਐੱਸ. ਪੱਖੀ ਖ਼ੁਫ਼ੀਆ ਅਤੇ ਪੁਲਿਸ ਅਧਿਕਾਰੀਆਂ ਦੀ ਮਦਦ ਨਾਲ ਅੰਜਾਮ ਦਿੱਤਾ ਗਿਆ।

ਹੁਣ 10 ਫਰਵਰੀ ਨੂੰ ਦ ਵਾਸ਼ਿੰਗਟਨ ਪੋਸਟ ਨੇ ਇਕ ਰਿਪੋਰਟ ਛਾਪੀ ਹੈ ਜੋ ਅਮਰੀਕਾ ਆਧਾਰਿਕ ਡਿਜੀਟਲ ਫੋਰੈਂਸਿਕ ਫਰਮ 'ਆਰਸੈਨਲ ਕਨਸਲਟਿੰਗ' ਦੀ ਜਾਂਚ 'ਤੇ ਆਧਾਰਿਤ ਹੈ। ਰੋਨਾ ਵਿਲਸਨ ਨੇ ਆਪਣੇ ਵਕੀਲਾਂ ਜ਼ਰੀਏ ਅਮਰੀਕਨ ਬਾਰ ਐਸੋਸੀਏਸ਼ਨ ਤੱਕ ਪਹੁੰਚ ਕਰਕੇ ਆਪਣੇ ਵਿਰੁੱਧ ਕਥਿਤ ਡਿਜੀਟਲ ਸਬੂਤਾਂ ਦੀ ਫੋਰੈਂਸਿਕ ਜਾਂਚ ਕਰਵਾਈ। ਇਸ ਫਰਮ ਨੇ ਡੂੰਘੀ ਛਾਣਬੀਣ ਦੇ ਆਧਾਰ 'ਤੇ ਖ਼ੁਲਾਸਾ ਕੀਤਾ ਹੈ ਕਿ ਉਸ ਦੇ ਲੈਪਟਾਪ ਉੱਪਰ ਜਾਅਲੀ ਦਸਤਾਵੇਜ਼ ਨੈੱਟਵਾਇਰ ਮਾਲਵੇਅਰ ਇਸਤੇਮਾਲ ਕਰਕੇ ਪਲਾਂਟ ਕੀਤੇ ਗਏ ਸਨ। ਫਰਮ ਦੇ ਮੁਖੀ ਅਨੁਸਾਰ ਫੋਰੈਂਸਿਕ ਛਾਣਬੀਣ ਤੋਂ ਜੋ ਸਾਹਮਣੇ ਆਇਆ ਉਹ 'ਅਜੀਬ, ਬੇਹੱਦ ਪ੍ਰੇਸ਼ਾਨ ਕਰਨ ਵਾਲਾ, ਨਿਹਾਇਤ ਡਰਾਉਣਾ ਅਤੇ ਬਹੁਤ ਹੀ ਜਥੇਬੰਦ'' ਸੀ। ਕਾਰਕੁੰਨ ਰੋਨਾ ਵਿਲਸਨ ਭੀਮਾ-ਕੋਰੇਗਾਉਂ ਕਥਿਤ ਸਾਜ਼ਿਸ਼ ਕੇਸ ਦੇ ਮੁਲਜ਼ਮਾਂ ਵਿੱਚੋਂ ਇਕ ਹਨ ਅਤੇ ਉਹਨਾਂ ਨੂੰ ਪ੍ਰੋਫੈਸਰ ਸ਼ੋਮਾ ਸੇਨ, ਐਡਵੋਕੇਟ ਸੁਰਿੰਦਰ ਗਾਡਲਿੰਗ, ਪੱਤਰਕਾਰ ਸੁਧੀਰ ਢਾਵਲੇ ਅਤੇ ਆਦਿਵਾਸੀ ਕਾਰਕੁੰਨ ਮਹੇਸ਼ ਰਾਵਤ ਸਮੇਤ 6 ਜੂਨ 2018 'ਚ ਗ੍ਰਿਫ਼ਤਾਰ ਕੀਤਾ ਗਿਆ ਸੀ। ਇਸੇ ਮਨਸੂਬੇ ਨੂੰ ਵਿਸਤਾਰ ਦੇ ਕੇ ਅਗਲੇ ਮਹੀਨਿਆਂ 'ਚ ਪ੍ਰੋਫੈਸਰ ਵਰਾਵਰਾ ਰਾਓ, ਗੌਤਮ ਨਵਲਖਾ, ਐਡਵੋਕੇਟ ਸੁਧਾ ਭਾਰਦਵਾਜ, ਪ੍ਰੋਫੈਸਰ ਵਰਨੋਨ ਗੋਂਜ਼ਾਲਵਿਜ਼, ਅਰੁਣ ਫ਼ਰੇਰਾ, ਪ੍ਰੋਫੈਸਰ ਹੈਨੀ ਬਾਬੂ ਅਤੇ ਸਟੇਨ ਸਵਾਮੀ ਨੂੰ ਇਸ ਕੇਸ ਵਿਚ ਫਸਾਇਆ ਗਿਆ ਅਤੇ ਗ੍ਰਿਫ਼ਤਾਰ ਕਰਕੇ ਜੇਲ੍ਹਾਂ ਵਿਚ ਡੱਕਿਆ ਗਿਆ। ਯੂ.ਏ.ਪੀ.ਏ. ਲਗਾ ਕੇ ਪੂਰਾ ਕੇਸ ਇਸ ਤਰ੍ਹਾਂ ਬੁਣਿਆ ਗਿਆ ਤਾਂ ਜੁ ਇਹ ਸਾਰੇ ਬਿਨਾਂ ਜ਼ਮਾਨਤ ਅਨਿਸ਼ਚਿਤ ਸਮੇਂ ਲਈ ਜੇਲ੍ਹ ਵਿਚ ਸੜਦੇ ਰਹਿਣ।

ਪੁਣੇ ਪੁਲਿਸ ਅਤੇ ਕੌਮੀ ਜਾਂਚ ਏਜੰਸੀ ਵੱਲੋਂ 'ਸ਼ਹਿਰੀ ਨਕਸਲੀ' ਸਾਜ਼ਿਸ਼ ਦੇ ਸਬੂਤਾਂ ਵਜੋਂ ਬਹੁਤ ਸਾਰੀਆਂ ਚਿੱਠੀਆਂ ਪੇਸ਼ ਕੀਤੀਆਂ ਗਈਆਂ ਸਨ ਜਿਹਨਾਂ ਬਾਰੇ ਦਾਅਵਾ ਕੀਤਾ ਗਿਆ ਕਿ ਇਹ ਰੋਨਾ ਵਿਲਸਨ ਦੇ ਲੈਪਟਾਪ 'ਚੋਂ ਬਰਾਮਦ ਹੋਈਆਂ ਸਨ। ਇਹ ਚਿੱਠੀਆਂ ਅਦਾਲਤ ਵਿਚ ਪੇਸ਼ ਕਰਨ ਤੋਂ ਪਹਿਲਾਂ ਹੀ ਆਪਣੇ ਖ਼ਾਸ ਚਹੇਤੇ ਨਿਊਜ਼ ਚੈਨਲਾਂ ਉੱਪਰ ਲੀਕ ਕਰਕੇ ਇਕ ਝੂਠਾ ਬਿਰਤਾਂਤ ਸਿਰਜਿਆ ਗਿਆ। ਇਕ ਕਥਿਤ ਚਿੱਠੀ ਵਿਚ 'ਮਾਓਵਾਦੀ ਛਾਪਾਮਾਰਾਂ ਨੂੰ ਹਥਿਆਰਾਂ ਦੀ ਸਪਲਾਈ' ਅਤੇ ਨਰਿੰਦਰ ਮੋਦੀ ਦੀ ਹੱਤਿਆ ਲਈ 'ਰਾਜੀਵ ਗਾਂਧੀ-ਸਟਾਈਲ ਹਮਲਾ' ਦੀ ਤਰਜ਼ 'ਤੇ ਸਾਜ਼ਿਸ਼ ਘੜਣ ਦੀ ਜ਼ਰੂਰਤ ਦੀ ਗੱਲ ਕੀਤੀ ਗਈ ਸੀ। ਉੱਘੇ ਸੁਰੱਖਿਆ ਵਿਸ਼ਲੇਸ਼ਣਕਾਰਾਂ ਨੇ ਉਦੋਂ ਹੀ ਕਿਹਾ ਸੀ ਕਿ ਇਹਨਾਂ ਚਿੱਠੀਆਂ ਦੀ ਪ੍ਰਮਾਣਿਕਤਾ ਸ਼ੱਕੀ ਹੈ ਕਿਉਂਕਿ ਖ਼ਤਰਨਾਕ ਸਾਜ਼ਿਸ਼ਾਂ ਦੇ ਘਾੜੇ ਕਦੇ ਵੀ ਆਪਣੀ ਯੋਜਨਾ ਦਾ ਬਲਿਊ-ਪ੍ਰਿੰਟ ਆਪਣੇ ਕੰਪਿਊਟਰਾਂ ਵਿਚ ਨਹੀਂ ਸਾਂਭਣ ਦੀ ਗ਼ਲਤੀ ਕਦੇ ਨਹੀਂ ਕਰਦੇ। ਉਪਰੋਕਤ ਫਰਮ ਨੇ ਤਕਨੀਕੀ ਆਧਾਰ 'ਤੇ ਸਾਬਤ ਕੀਤਾ ਹੈ ਕਿ ਰੋਨਾ ਵਿਲਸਨ ਦੇ ਲੈਪਟਾਪ ਉੱਪਰ ਇਹ ਚਿੱਠੀਆਂ ਕਿਸ ਤਰੀਕੇ ਨਾਲ ਭੇਜੀਆਂ ਗਈਆਂ:

''ਆਰਸੈਨਲ ਨੂੰ ਐਸਾ ਕੋਈ ਸਬੂਤ ਨਹੀਂ ਮਿਲਿਆ ਜਿਸ ਤੋਂ ਇਹ ਪਤਾ ਲੱਗਦਾ ਹੋਵੇ ਕਿ ਸ਼੍ਰੀ ਵਿਲਸਨ ਵਿਰੁੱਧ ਸਰਕਾਰੀ ਪੱਖ ਵੱਲੋਂ ਸਬੂਤ ਦੇ ਰੂਪ 'ਚ ਵਰਤੇ ਗਏ ਸਭ ਤੋਂ ਅਹਿਮ ਦਸ ਪ੍ਰਮੁੱਖ ਦਸਤਾਵੇਜ਼ਾਂ ਦਾ ਸ਼੍ਰੀ ਵਿਲਸਨ ਦੇ ਕੰਪਿਊਟਰ ਉੱਪਰ ਕਦੇ ਕਿਸੇ ਵਾਜਬ ਤਰੀਕੇ ਨਾਲ ਕੋਈ ਆਦਾਨ-ਪ੍ਰਦਾਨ ਹੋਇਆ ਸੀ। ਹੋਰ ਵੀ ਮਹੱਤਵਪੂਰਨ ਗੱਲ, ਐਸਾ ਕੋਈ ਸਬੂਤ ਨਹੀਂ ਮਿਲਿਆ ਜਿਸ ਤੋਂ ਇਹ ਪਤਾ ਲੱਗਦਾ ਹੋਵੇ ਕਿ ਦਸ ਪ੍ਰਮੁੱਖ ਦਸਤਾਵੇਜ਼ਾਂ ਵਿੱਚੋਂ ਕੋਈ ਦਸਤਾਵੇਜ਼ ਜਾਂ ਜਿਸ ਗੁਪਤ ਫੋਲਡਰ ਵਿਚ ਇਹ ਰੱਖੇ ਗਏ ਸਨ, ਉਸ ਨੂੰ ਕਦੇ ਖੋਲ੍ਹਿਆ ਗਿਆ ਸੀ।'' ਨੈੱਟਵਾਇਰ ਮਾਲਵੇਅਰ ਐੱਨਟੀਐੱਫਐੱਸ ਫਾਈਲ ਸਿਸਟਮ ਵਾਲੇ ਕੰਪਿਊਟਰ ਉੱਪਰ ਕਿਵੇਂ ਅਸਰ-ਅੰਦਾਜ਼ ਹੁੰਦਾ ਹੈ ਇਸ ਵਿਸ਼ਲੇਸ਼ਣ ਦੇ ਆਧਾਰ 'ਤੇ ਫਰਮ ਨੇ ਦੇਖਿਆ ਕਿ ''ਸਾਜ਼ਿਸ਼ ਦਾ ਸਬੂਤ ਦਸਤਾਵੇਜ਼ ਸ਼੍ਰੀ ਵਿਲਸਨ ਦੇ ਕੰਪਿਊਟਰ ਉੱਪਰ ਇਕ ਗੁਪਤ ਫੋਲਡਰ ਵਿਚ ਨੈੱਟਵਾਇਰ ਦੁਆਰਾ ਪਾਏ ਗਏ ਸਨ ਨਾ ਕਿ ਕਿਸੇ ਹੋਰ ਤਰੀਕੇ ਨਾਲ।'' ਤਕਨੀਕੀ ਵਿਸ਼ਲੇਸ਼ਣਕਾਰਾਂ ਨੇ ਇਹ ਖ਼ੁਲਾਸਾ ਵੀ ਕੀਤਾ ਕਿ ਇਹਨਾਂ ਵਿੱਚੋਂ ਬਹੁਤ ਸਾਰੇ ਦਸਤਾਵੇਜ਼ ਐੱਮ.ਐੱਸ. ਵਰਡ ਪ੍ਰੋਗਰਾਮ ਦੇ 2010 ਅਤੇ 2013 ਸੰਸਕਰਣਾਂ (versions) ਨਾਲ ਤਿਆਰ ਕੀਤੇ ਗਏ ਸਨ ਜਦਕਿ ਉਸ ਦੇ ਲੈਪਟਾਪ ਉੱਪਰ ਇਸ ਪ੍ਰੋਗਰਾਮ ਦਾ ਸੰਸਕਰਣ 2007 'ਚ ਇੰਸਟਾਲ ਕੀਤਾ ਹੋਇਆ ਸੀ।

ਰਿਪੋਰਟ ਖ਼ੁਲਾਸਾ ਕਰਦੀ ਹੈ ਕਿ ਵਿਲਸਨ ਦੇ ਕੰਪਿਊਟਰ ਵਿਚ ਪਹਿਲੀ ਵਾਰ ਸੰਨ੍ਹ 13 ਜੂਨ 2016 ਨੂੰ ਵਰਾਵਰਾ ਰਾਓ ਦੇ ਨਾਂਅ 'ਤੇ ਈਮੇਲ ਭੇਜ ਕੇ ਲਗਾਈ ਗਈ ਜਿਹਨਾਂ ਵਿਚ ਉਸ ਨੂੰ ਇਕ ਲਿੰਕ ਉੱਪਰ ਕਲਿੱਕ ਕਰਕੇ ਇਕ ਦਸਤਾਵੇਜ਼ ਡਾਊਨਲੋਡ ਕਰਨ ਲਈ ਕਿਹਾ ਗਿਆ ਸੀ। ਵਿਲਸਨ ਨੇ ਉਸੇ ਦਿਨ ਸ਼ਾਮ ਨੂੰ 6:18 ਵਜੇ ਦਸਤਾਵੇਜ਼ ਖੋਲ੍ਹਿਆ, ਜਿਸ ਨਾਲ ਉਸ ਦੇ ਕੰਪਿਊਟਰ ਉੱਪਰ ਨੈੱਟਵਾਇਰ ਇੰਸਟਾਲ ਹੋ ਗਿਆ। ਇਸੇ ਹਮਲਾਵਰ ਵੱਲੋਂ ਵਿਲਸਨ ਦੇ ਕੰਪਿਊਟਰ ਵਿਚ ਜੂਨ 2016 ਤੋਂ ਲੈ ਕੇ 17 ਅਪ੍ਰੈਲ 2018 ਤੱਕ ਵਾਰ-ਵਾਰ ਸੰਨ੍ਹ ਲਾਈ ਗਈ। 17 ਅਪ੍ਰੈਲ 2018 ਉਹ ਮਿਤੀ ਹੈ, ਜਦ ਵਿਲਸਨ ਅਤੇ ਉਸ ਦੇ ਨਾਲ ਭੀਮਾ-ਕੋਰੇਗਾਉਂ ਕੇਸ ਵਿਚ ਫਸਾਈਆਂ ਹੋਰ ਸ਼ਖ਼ਸੀਅਤਾਂ ਦੇ ਘਰਾਂ ਉੱਪਰ ਛਾਪੇ ਮਾਰੇ ਗਏ।

ਦ ਵਾਸ਼ਿੰਗਟਨ ਪੋਸਟ ਵੱਲੋਂ ਇਸ ਰਿਪੋਰਟ ਬਾਰੇ ਮਾਲਵੇਅਰ ਅਤੇ ਡਿਜੀਟਲ ਫਾਰੈਂਸਿਕਸ ਦੇ ਜਿਹਨਾਂ ਤਿੰਨ ਸੁਤੰਤਰ ਮਾਹਰਾਂ ਦੀ ਰਾਇ ਲਈ ਗਈ, ਉਹਨਾਂ ਨੇ ਵੀ ਇਸ ਰਿਪੋਰਟ ਦੇ ਸਿੱਟਿਆਂ ਨੂੰ ਸਹੀ ਕਰਾਰ ਦਿੱਤਾ। ਉਹਨਾਂ ਦਾ ਕਹਿਣਾ ਹੈ ਕਿ ਕਿ ਇਹ ਇਹਨਾਂ ਕਾਰਕੁੰਨਾਂ ਅਤੇ ਉਹਨਾਂ ਨਾਲ ਜੁੜੇ ਲੋਕਾਂ ਨੂੰ ਮਾਲਮੇਅਰ ਦੀ ਮਦਦ ਨਾਲ ਨਿਸ਼ਾਨਾ ਬਣਾਉਣ ਦੀ ਲੰਮੀ-ਚੌੜੀ ਮੁਹਿਮ ਦਾ ਹਿੱਸਾ ਜਾਪਦਾ ਹੈ। ਪਿੱਛੇ ਜਹੇ ਐਮਨੈਸਟੀ ਇੰਟਰਨੈਸ਼ਨਲ ਨੇ ਖ਼ੁਲਾਸਾ ਕੀਤਾ ਸੀ ਕਿ 2020 'ਚ ਨੈੱਟਵਾਇਰ ਮਾਲਵੇਅਰ ਇਸਤੇਮਾਲ ਕਰਕੇ ਭੀਮਾ-ਕੋਰੇਗਾਉਂ ਮਾਮਲੇ ਦੇ ਮੁਲਜ਼ਮਾਂ ਦੇ ਵਕੀਲਾਂ ਅਤੇ ਹੋਰ ਮੱਦਦਗਾਰਾਂ ਨੂੰ ਸੰਨ 2020 'ਚ ਨਿਸ਼ਾਨਾ ਬਣਾਇਆ ਗਿਆ ਸੀ ਅਤੇ ਇਸ ਕੇਸ ਵਿਚ ਫਸਾਈਆਂ ਕਈ ਸ਼ਖ਼ਸੀਅਤਾਂ ਨੂੰ ਨਿਸ਼ਾਨਾ ਬਣਾਉਣ ਲਈ 2019 'ਚ ਪੇਗਾਸਸ ਜਾਸੂਸੀ ਸਾਫ਼ਟਵੇਅਰ ਵੀ ਇਸਤੇਮਾਲ ਕੀਤਾ ਗਿਆ ਸੀ।

ਆਰ.ਐੱਸ.ਐੱਸ-ਭਾਜਪਾ ਸਰਕਾਰ ਅਤੇ ਇਸ ਦੇ ਸਰਕਾਰੀ ਪੈਰਵਾਈ ਕਰਤਾ ਇਸ ਜਾਅਲਸਾਜ਼ੀ ਦੀ ਪੋਲ ਖੁੱਲ੍ਹ ਜਾਣ ਦੇ ਡਰੋਂ ਇਸ ਮਾਮਲੇ ਦੀ ਵਿਸ਼ੇਸ਼ ਜਾਂਚ ਦੀ ਮੰਗ ਨੂੰ ਰੱਦ ਕਰਦੇ ਆ ਰਹੇ ਹਨ। ਯਾਦ ਰਹੇ ਕਿ ਅਗਸਤ 2018 'ਚ ਚੋਟੀ ਦੇ ਪੰਜ ਲੋਕ ਬੁੱਧੀਜੀਵੀਆਂ ਦੀ ਗ੍ਰਿਫ਼ਤਾਰੀ ਵਿਰੁੱਧ ਪਟੀਸ਼ਨ ਦੀ ਸੁਣਵਾਈ ਕਰਦਿਆਂ ਸੁਪਰੀਮ ਕੋਰਟ ਦੇ ਵਿਸ਼ੇਸ਼ ਬੈਂਚ ਦੇ ਮੈਂਬਰ ਜਸਟਿਸ ਡੀ.ਵਾਈ. ਚੰਦਰਚੂੜ ਨੇ ਆਪਣੇ ਫ਼ੈਸਲੇ ਵਿਚ ਸਪਸ਼ਟ ਕਿਹਾ ਸੀ ਕਿ ਪੁਣੇ ਪੁਲਿਸ ਵੱਲੋਂ ਕੀਤੀ ਜਾ ਰਹੀ ਜਾਂਚ ਅਤੇ ਇਹਨਾਂ ਸ਼ਖ਼ਸੀਅਤਾਂ ਦੀਆਂ ਗ੍ਰਿਫ਼ਤਾਰੀਆਂ ਪੱਖਪਾਤੀ ਹਨ ਅਤੇ ਮਾਮਲੇ ਦੀ ਨਿਰਪੱਖ ਜਾਂਚ ਲਈ ਸੁਪਰੀਮ ਕੋਰਟ ਨੂੰ ਆਪਣੀ ਨਿਗਰਾਨੀ ਹੇਠ ਸਿਟ (ਵਿਸ਼ੇਸ਼ ਜਾਂਚ ਟੀਮ) ਬਣਾਉਣੀ ਚਾਹੀਦੀ ਹੈ। 27 ਸਤੰਬਰ ਦੀ ਸ਼ਾਮ ਤੱਕ ਸੁਪਰੀਮ ਕੋਰਟ ਦੀ ਵੈੱਬ ਸਾਈਟ ਉੱਪਰ ਇਹ ਸੂਚਨਾ ਸੀ ਕਿ ਬੈਂਚ ਦੀ ਤਰਫ਼ੋਂ ਇਸ ਮਾਮਲੇ ਦਾ ਫ਼ੈਸਲਾ ਜਸਟਿਸ ਚੰਦਰਚੂੜ ਲਿਖਣਗੇ। ਅਗਲਾ ਘਟਨਾਕ੍ਰਮ ਦੱਸਦਾ ਹੈ ਕਿ ਇਸ ਦੀ ਕਨਸੋਅ ਮਿਲਦੇ ਸਾਰ ਹਕੂਮਤ ਵੱਲੋਂ ਦਖ਼ਲ ਦੇ ਕੇ ਆਪਣੇ ਪੱਖੀ ਫ਼ੈਸਲਾ ਤਿਆਰ ਕਰਵਾਇਆ ਗਿਆ। ਫ਼ੈਸਲਾ ਜਸਟਿਸ ਚੰਦਰਚੂੜ ਨੇ ਲਿਖਣਾ ਸੀ, ਰਾਤੋ-ਰਾਤ ਜਸਟਿਸ ਦੀਪਕ ਮਿਸ਼ਰਾ ਅਤੇ ਜਸਟਿਸ ਖ਼ਾਨਵਿਲਕਰ ਕੋਲੋਂ ਵਿਸ਼ੇਸ਼ ਜਾਂਚ ਦੇ ਸੁਝਾਅ ਨੂੰ ਰੱਦ ਕਰਵਾ ਕੇ ਵੱਖਰਾ ਫ਼ੈਸਲਾ ਲਿਖਵਾਇਆ ਗਿਆ। ਇਸ ਨਾਲ ਜਸਟਿਸ ਚੰਦਰਚੂੜ ਦਾ ਫ਼ੈਸਲਾ ਮਹਿਜ਼ ਅਸਹਿਮਤੀ ਬਣ ਕੇ ਰਹਿ ਗਿਆ ਅਤੇ ਆਰ.ਐੱਸ.ਐੱਸ.-ਭਾਜਪਾ ਆਪਣੇ ਮਨਸੂਬੇ ਵਿਚ ਕਾਮਯਾਬ ਹੋ ਗਈ।

ਰੋਨਾ ਵਿਲਸਨ ਨੇ ਇਸ ਫੋਰੈਂਸਿਕ ਰਿਪੋਰਟ ਦੇ ਆਧਾਰ 'ਤੇ ਬੰਬੇ ਹਾਈਕੋਰਟ ਵਿਚ ਪਟੀਸ਼ਨ ਦਾਇਰ ਕਰਕੇ ਵਿਸ਼ੇਸ਼ ਜਾਂਚ ਟੀਮ ਬਣਾਏ ਜਾਣ ਦੀ ਮੰਗ ਕੀਤੀ ਹੈ। ਨਿਆਂ ਪ੍ਰਣਾਲੀ ਵਿਚ ਆਰ.ਐੱਸ.ਐੱਸ. ਪੱਖੀ ਲੋਕਾਂ ਦੀ ਘੁਸਪੈਠ ਅਤੇ ਜੱਜ ਸਾਹਿਬਾਨ ਉੱਪਰ ਸੱਤਾ ਦੇ ਭਾਰੀ ਦਬਾਓ ਦੇ ਮੱਦੇਨਜ਼ਰ ਸੁਪਰੀਮ ਕੋਰਟ ਵੱਲੋਂ ਵਿਸ਼ੇਸ਼ ਜਾਂਚ ਟੀਮ ਬਣਾਏ ਜਾਣ ਦੀ ਕੋਈ ਗੁੰਜਾਇਸ਼ ਨਹੀਂ ਹੈ। ਵਕਤ ਦਾ ਤਕਾਜ਼ਾ ਹੈ ਕਿ ਹੁਣ ਸਮੂਹ ਨਿਆਂਪਸੰਦ ਤਾਕਤਾਂ ਵਿਸ਼ਾਲ ਲੋਕ ਰਾਇ ਉਸਾਰ ਕੇ ਭਗਵੀਂ ਜਾਅਲਸਾਜ਼ੀ ਨੂੰ ਕਟਹਿਰੇ ਵਿਚ ਖੜ੍ਹੀ ਕਰਨ।

# ਊਰਜਾ ਦਾ ਮੁਜੱਸਮਾ ਇਨਕਲਾਬੀ ਕਾਮਰੇਡ ਸੇਵਾ ਸਿੰਘ ਬਿੜਿੰਗ



ਪਰਮਿੰਦਰ ਕੌਰ ਸਵੈਚ
604 760 4794

2020 ਦੇ ਕਰੋਨਾ ਕਾਲ ਦੇ ਸਮੇਂ ਬਹੁਤ ਸਾਰੇ ਲੋਕ ਕਿਸੇ ਨਾ ਕਿਸੇ ਕਾਰਣ ਕਰਕੇ ਸਾਥੋਂ ਵਿੱਛੜ ਗਏ। ਪਰ ਉਸਤੋਂ ਵੀ ਜ਼ਿਆਦਾ ਬੇਵਸੀ ਇਸ ਗੱਲ ਦੀ ਹੋਈ ਕਿ ਅਸੀਂ ਉਹ ਵਿਛੜੇ ਸਾਥੀਆਂ ਜਾਂ ਉਹਨਾਂ ਪਰਿਵਾਰਾਂ ਨਾਲ ਆਪਣਾ ਦੁੱਖ ਸਾਂਝਾ ਵੀ ਨਹੀਂ ਕਰ ਸਕੇ, ਅਖੀਰੀ ਵਾਰ ਉਹਨਾਂ ਨੂੰ ਮਨ ਦੀਆਂ ਗਹਿਰਾਈਆਂ ਵਿਚੋਂ ਸ਼ਰਧਾ ਦੇ ਫੁੱਲ ਵੀ ਭੇਂਟ ਨਹੀਂ ਕਰ ਸਕੇ ਸਗੋਂ ਦਿਲ ਵਿੱਚ ਹੀ ਉਸ ਸਦਮੇ ਨੂੰ ਦਬਾਉਣਾ ਪਿਆ ਹੈ। ਉਹ ਸਖ਼ਸ਼ੀਅਤ ਜਿਸਨੂੰ ਮੈਨੂੰ ਮਿਲਣ ਦਾ ਮੌਕਾ ਤਾਂ 2007 ਵਿੱਚ ਮਿਲ ਗਿਆ ਸੀ ਪਰ ਨੇੜਿਓਂ ਜਦੋਂ ਇਕੱਠੇ ਕੰਮ ਕਰਨ ਦਾ ਮੌਕਾ ਮਿਲਿਆ ਤਾਂ ਮਨ ਨੂੰ ਤਸੱਲੀ ਨਹੀਂ ਸੀ ਹੁੰਦੀ ਕਿ ਉਮਰ ਦੇ ਸੱਠਵਿਆਂ ਵਿੱਚ ਵੀ ਇਨਸਾਨਾਂ ਵਿੱਚ ਊਰਜਾ ਇੰਨੀ ਕੁੱਟ ਕੁੱਟ ਕੇ ਭਰੀ ਹੁੰਦੀ ਹੈ ਕਿ ਉਹ ਹਰਵਕਤ ਹਰ ਕੰਮ ਲਈ ਤਿਆਰ ਬਰ ਤਿਆਰ ਰਹਿੰਦੇ ਹਨ, ਉਹ ਸੀ ਇਕੋ ਵੇਲੇ ਅਣਥੱਕ, ਮੱਦਦਗਾਰ, ਗੋਲਡ ਮੈਡਲ ਦੌੜਾਕ, ਯੋਗ, ਜ਼ਿੰਮੇਵਾਰ ਪਿਤਾ, ਪਤੀ, ਲੋਕਾਈ ਨੂੰ ਰੱਜਵਾਂ ਪਿਆਰ ਕਰਨ ਵਾਲਾ ਇਨਕਲਾਬੀ ਸਿਰੜੀ ਕਾਮਾ ਕਾਮਰੇਡ ਸੇਵਾ ਸਿੰਘ ਬਿੜਿੰਗ। ਜਿਸਨੂੰ 7 ਜਨਵਰੀ 2021 ਨੂੰ ਕੈਂਸਰ ਵਰਗੀ ਨਾਮੁਰਾਦ ਬਿਮਾਰੀ ਦੀ ਵਜ੍ਹਾ ਨੇ ਸਾਥੋਂ ਵਿਛੋੜ ਦਿੱਤਾ। ਇਹੋ ਜਿਹੇ ਲੋਕਾਂ ਲਈ ਕੰਮ ਕਰਨ ਵਾਲੇ ਇਨਸਾਨਾਂ ਦੀ ਲੋਕਾਈ ਨੂੰ ਹਮੇਸ਼ਾਂ ਲੋੜ ਹੁੰਦੀ ਹੈ ਪਰ ਵਿਛੜਿਆਂ ਤੇ ਵੀ ਉਹਨਾਂ ਨੂੰ ਹੀ ਯਾਦ ਕੀਤਾ ਜਾਂਦਾ ਹੈ ਜੋ ਲੋਕਾਂ ਲਈ ਖੜ੍ਹਦੇ ਹਨ, ਨਹੀਂ ਤਾਂ ਲੋਕ ਹਰ ਰੋਜ਼ ਹੀ ਮਰਦੇ ਹਨ ਪਰ ਉਹਨਾਂ ਨੂੰ ਕੋਈ ਯਾਦ ਨਹੀਂ ਕਰਦਾ। ਸਾਡੇ ਲਈ ਕਾਮਰੇਡ ਸੇਵਾ ਸਿੰਘ ਤੇ ਉਸ ਦੇ ਕੀਤੇ ਕੰਮਾਂ ਨੂੰ ਯਾਦ ਕਰਨਾ ਮਾਣ ਵਾਲੀ ਗੱਲ ਹੈ।

ਸੇਵਾ ਸਿੰਘ ਬੜਿੰਗ ਦਾ ਜਨਮ 15 ਜਨਵਰੀ, 1946 ਨੂੰ ਮਾਤਾ ਸਵਰਨ ਕੌਰ ਤੇ ਪਿਤਾ ਮੋਤਾ ਸਿੰਘ ਦੇ ਘਰ ਪਿੰਡ ਜੰਡਿਆਲੀ (ਨੇੜੇ ਫਗਵਾੜੇ) ਜਿਲ੍ਹਾ ਨਵਾਂ ਸ਼ਹਿਰ ਵਿੱਚ ਹੋਇਆ ਸੀ। ਪੰਜਵੀਂ ਤੱਕ ਦੀ ਪੜ੍ਹਾਈ ਪਿੰਡ ਦੇ ਸਕੂਲ ਤੋਂ ਕੀਤੀ ਅਤੇ ਬਾਅਦ ਵਿੱਚ ਫਗਵਾੜੇ ਗੌਰਮਿੰਟ ਸਕੂਲ ਚਲੇ ਗਏ। ਉਸਤੋਂ ਬਾਅਦ ਬੀ. ਏ. ਬੀ. ਟੀ. ਰਾਮਗੜ੍ਹੀਆ ਕਾਲਜ਼ ਵਿੱਚੋਂ ਪਾਸ ਕੀਤੀ। ਐਮ.ਏ. ਇਕਨੋਮਿਕਸ ਲਈ ਇੱਕ ਸਾਲ ਗੌਰਮਿੰਟ ਕਾਲਜ਼ ਹੁਸ਼ਿਆਰਪੁਰ ਪੜ੍ਹਦੇ ਰਹੇ ਤੇ ਬਾਅਦ ਵਿੱਚ ਵਿਚਾਲੇ ਛੱਡ ਕੇ ਹੀ ਕੈਨੇਡਾ ਆ ਗਏ। ਉਹਨਾਂ ਦੇ ਦੱਸਣ ਮੁਤਾਬਕ ਕਾਲਜ਼ ਵਿੱਚ ਪੜ੍ਹਦੇ ਹੀ ਨਕਸਲਵਾੜੀ ਲਹਿਰ ਨਾਲ ਜੁੜ ਗਏ ਸਨ। ਕਾਲਜ਼ ਵਿੱਚ ਸਟੂਡੈਂਟ ਯੂਨੀਅਨ ਨਾਲ ਕੰਮ ਵੀ ਕਰਦੇ ਰਹੇ। ਇਹਨਾਂ ਨੂੰ ਕਾਮਰੇਡ ਬਾਬਾ ਬੂਝਾ ਸਿੰਘ ਹੋਰਾਂ ਨਾਲ ਵਿਚਰਨ ਦਾ ਸਮਾਂ ਮਿਲਿਆ ਕਿਉਂਕਿ ਬਾਬਾ ਜੀ ਨੂੰ ਮੀਟਿੰਗਾਂ ਤੇ ਲਿਆਉਣ ਤੇ ਸਾਈਕਲ ਤੇ ਛੱਡ ਕੇ ਆਉਣ ਦੀ ਜ਼ਿੰਮੇਵਾਰੀ ਇਹ ਨਿਭਾਉਂਦੇ ਸਨ। ਇਸ ਗੱਲ ਤੋਂ ਸਪੱਸ਼ਟ ਹੀ ਹੋ ਜਾਂਦਾ ਹੈ ਕਿ ਬਾਬਾ ਬੂਝਾ ਸਿੰਘ ਤਾਂ ਇਸ ਗੱਲ ਤੋਂ ਜਾਣੇ ਜਾਂਦੇ ਸਨ ਕਿ ਉਹ ਲੋਕਾਂ ਦੇ ਸਿਰ ਉਗਾਉਂਦਾ ਹੈ, ਮਤਲਬ ਕਿ ਲੋਕਾਂ ਦੇ ਜੀਣ ਦੇ ਮਨੋਰਥ ਬਾਰੇ ਸਾਫ਼ ਤੇ ਸਪੱਸ਼ਟਤਾ ਦਾ ਗਿਆਨ ਦਿੰਦਾ ਹੈ। ਜੋ ਉਹਨਾਂ ਦਾ ਸਰੋਤਾ ਜਾਂ ਵਿਦਿਆਰਥੀ ਰਿਹਾ ਹੋਵੇ ਉਹਦੇ ਵਿੱਚ ਜ਼ਿੰਦਗੀ ਨੂੰ ਸਮਝਣ ਤੇ ਮਾਨਣ ਦੇ ਅਰਥ ਤਾਂ ਵੱਖਰੇ ਹੋਣਗੇ ਹੀ, ਜੋ ਅਸੀਂ ਉਹਨਾਂ ਦੀ ਬਾਕੀ ਜ਼ਿੰਦਗੀ ਵਿੱਚੋਂ ਅੰਦਾਜ਼ਾ ਲਾ ਸਕਦੇ ਹਾਂ। ਕਾਮਰੇਡ ਸੇਵਾ ਸਿੰਘ ਦਾ ਵਿਆਹ ਸ੍ਰੀ ਮਤੀ ਹਰਬੰਸ ਕੌਰ ਨਾਲ ਮਾਰਚ, 1972 ਵਿੱਚ ਹੋ ਗਿਆ ਸੀ। ਉਹ ਵਿਆਹ ਤੋਂ ਕੁੱਝ ਮਹੀਨੇ ਬਾਅਦ ਨਵੰਬਰ, 1972 ਵਿੱਚ ਕੈਨੇਡਾ ਆ ਗਏ ਸਨ। ਇੱਥੇ ਆ ਕੇ ਦੋ ਸਾਲ ਲਈ (Murrey and Flemming Nursery) ਵਿੱਚ ਕੰਮ ਕੀਤਾ ਤੇ ਬਾਅਦ ਵਿੱਚ ਨਿਊ ਵੈਸਟ ਦੀ ਇੱਕ ਸਟੀਲ ਮਿੱਲ (Tree Island Steel) ਵਿੱਚ ਲੱਗਭੱਗ 33 ਸਾਲ ਕੰਮ ਕੀਤਾ। ਇਸਦੇ ਨਾਲ ਰੀਅਲ ਅਸਟੇਟ ਦਾ ਕੰਮ ਵੀ ਕਰਦੇ ਰਹੇ। ਨਵੰਬਰ, 1974 ਦੇ ਵਿੱਚ ਪਤਨੀ ਹਰਬੰਸ ਕੌਰ ਦੇ ਇੱਥੇ ਆਉਣ ਦੇ ਨਾਲ ਘਰ ਗ੍ਰਹਿਸਥੀ ਵੀ ਸ਼ੁਰੂ ਹੋ ਗਈ। ਇਹਨਾਂ ਦੇ ਘਰ ਤਿੰਨ ਬੇਟੀਆਂ ਸੂਜ਼ਨ, ਸੰਦੀਪ, ਰਮਨਦੀਪ ਤੇ ਚੌਥੇ ਬੇਟੇ ਜਸਦੀਪ ਨੇ ਜਨਮ ਲਿਆ। ਸਾਰੇ ਬੱਚੇ ਬਹੁਤ ਪੜ੍ਹੇ ਲਿਖੇ ਤੇ ਕੰਮਾਂ ਤੇ ਲੱਗੇ ਹੋਏ ਤੇ ਵਧੀਆ ਪਰਿਵਾਰਾਂ ਵਿੱਚ ਵਿਆਹੇ ਹੋਏ ਹਨ। ਜਸਦੀਪ ਨੇ ਮੈਨੂੰ ਦੱਸਿਆ ਕਿ "ਸਾਡੇ ਡੈਡ ਸਾਨੂੰ ਇਹ ਕਹਿੰਦੇ ਸਨ ਕਿ ਪੜ੍ਹਾਈ ਕਰ ਲਓ, ਇਹੀ ਇਹੋ ਜਿਹੀ ਚੀਜ਼ ਹੈ ਜੋ ਸਿਰਫ਼ ਤੁਹਾਡੀ ਰਹੇਗੀ, ਹੋਰ ਕੋਈ ਚੀਜ਼ ਜਿਵੇਂ ਪੈਸਾ, ਘਰ, ਗੱਡੀਆਂ ਆਦਿ ਕੋਈ ਖੋ ਸਕਦਾ ਹੈ, ਚੋਰੀ ਕਰ ਸਕਦਾ ਹੈ ਪਰ ਜੋ ਤੁਹਾਡੇ ਪਾਸ ਪੜ੍ਹਾਈ ਹੈ ਉਹ ਅਖੀਰ ਤੱਕ ਤੁਹਾਡੇ ਕੰਮ ਆਵੇਗੀ, ਇਹ ਚੀਜ਼ਾਂ ਮਨੁੱਖ ਕੋਲ ਆਉਂਦੀਆਂ ਜਾਂਦੀਆਂ ਰਹਿੰਦੀਆਂ ਹਨ।ਚੰਗੇ ਇਨਸਾਨ ਬਣਨ ਦੀ ਲੋੜ ਹੈ"।

ਜਦੋਂ ਕੁ ਕਾਮਰੇਡ ਸੇਵਾ ਸਿੰਘ ਹੋਰੀਂ ਕੈਨੇਡਾ ਪਹੁੰਚੇ ਉਦੋਂ ਹੋਰ ਬਹੁਤ ਲੋਕ ਕੈਨੇਡਾ ਆ ਰਹੇ ਸਨ ਕਿਉਂਕਿ ਇੱਥੋਂ ਦੀ ਸਰਕਾਰ ਨੂੰ ਹੋਰ ਕਾਮਿਆਂ ਦੀ ਲੋੜ ਸੀ। ਪਰ ਸਰਕਾਰ ਨੇ ਲੋਕਾਂ ਨੂੰ ਇਸ ਗੱਲ ਤੇ ਸਾਫ਼ ਨਹੀਂ ਸੀ ਕੀਤਾ ਹੋਇਆ ਕਿ ਸਰਕਾਰ ਆਪ ਕਾਮਿਆਂ ਦੀ ਮੰਗ ਕਰ ਰਹੀ ਹੈ। ਪਰ ਕੁੱਝ ਨਸਲੀ ਅਨਸਰ ਜੋ ਭਾਰਤੀਆਂ ਨਾਲ ਜਾਂ ਹੋਰ ਰੰਗ ਦੇ ਲੋਕਾਂ ਨਾਲ ਪਹਿਲਾਂ ਤੋਂ ਹੀ ਨਸਲਵਾਦੀ ਰਵੱਈਆ ਅਪਣਾਈ ਬੈਠੇ ਸਨ, ਉਹਨਾਂ ਨੇ ਲੋਕਾਂ ਵਿੱਚ ਭੰਬਲਭੂਸਾ ਪਾ ਦਿੱਤਾ ਕਿ ਇਹਨਾਂ ਲੋਕਾਂ ਨੇ ਸਾਡੀਆਂ ਜੌਬਾਂ ਤੇ ਕਬਜ਼ਾ ਕਰ ਲੈਣਾ ਹੈ। ਉਹ ਲੋਕ ਇਕੱਲੇ ਇਕਿਹਰੇ ਬੰਦੇ ਜਾਂ ਔਰਤ ਨੂੰ ਦੇਖ ਕੇ ਗਾਲ੍ਹਾਂ ਕੱਢਦੇ ਸਨ, ਕੁੱਟ ਮਾਰ ਕਰ ਜਾਂਦੇ ਸਨ, ਆਂਡੇ ਮਾਰਦੇ ਸਨ, ਸਿਗਰਟਾਂ ਸਿੱਟ ਜਾਂਦੇ ਸਨ ਅਤੇ ਭਾਰਤੀ ਲੋਕਾਂ ਦੇ ਘਰਾਂ ਦੇ ਸ਼ੀਸ਼ੇ ਭੰਨ ਦਿੱਤੇ ਜਾਂਦੇ ਸਨ। ਉਸ ਸਮੇਂ ਮੌਕੇ ਦੀ ਫੈਡਰਲ ਕੰਜ਼ਰਵੇਟਿਵ ਪਾਰਟੀ, ਨਿਊ ਡੈਮੋਕਰੇਟਿਕ ਪਾਰਟੀ, ਸੋਸ਼ਲ ਕਰੇਡਿਟ ਪਾਰਟੀ, ਸਿਟੀ ਦੀਆਂ ਸਰਕਾਰਾਂ ਤੇ ਪੁਲੀਸ ਵਲੋਂ ਕੋਈ ਧਿਆਨ ਨਹੀਂ ਸੀ ਦਿੱਤਾ ਜਾ ਰਿਹਾ। ਪੁਰਾਣੀਆਂ ਭਾਰਤੀ ਜਥੇਬੰਦੀਆਂ ਖਾਲਸਾ ਦੀਵਾਨ ਸੁਸਾਇਟੀ ਤੇ ਇੰਡੋ ਕਨੈਡੀਅਨ ਵੈਲਫੇਅਰ ਐਸੋਸੀਏਸ਼ਨ ਆਦਿ ਵੀ ਇਹ ਕਹਿ ਰਹੀਆਂ ਸਨ ਕਿ ਆਪਣੇ ਨਵੇਂ ਆਏ ਲੋਕਾਂ ਨੂੰ ਇੱਥੋਂ ਦੇ ਤੌਰ ਤਰੀਕੇ ਨਹੀਂ ਅਪਣਾਉਣੇ ਆ ਰਹੇ ਜਿਵੇਂ ਕਿ ਇਹ ਕੱਪੜੇ ਢੰਗ ਦੇ ਨਹੀਂ ਪਾਉਂਦੇ, ਇਹਨਾਂ ਨੂੰ ਬੋਲਣਾ ਨਹੀਂ ਆਉਂਦਾ, ਇਹਨਾਂ ਦੇ ਖਾਣਿਆਂ ਵਿੱਚੋਂ ਮੁਸ਼ਕ ਆਉਂਦਾ ਹੈ ਆਦਿ। ਲੋਕ ਤੰਗ ਬਹੁਤ ਸਨ, ਉਹ ਸਰਕਾਰੇ, ਦਰਬਾਰੇ ਅਤੇ ਪੁਲੀਸ ਨੂੰ ਸ਼ਕਾਇਤਾਂ ਕਰਕੇ ਥੱਕ ਗਏ ਸਨ, ਕਿਧਰੋਂ ਵੀ ਕੋਈ ਸੁਣਵਾਈ ਨਹੀ ਸੀ ਹੋ ਰਹੀ। ਮੀਡੀਆ ਇਹਨਾਂ ਗੱਲਾਂ ਨੂੰ ਉਛਾਲ ਰਿਹਾ ਸੀ ਤੇ ਭਾਰਤੀ ਲੋਕਾਂ ਦੇ ਉਲਟ ਭੁਗਤ ਰਿਹਾ ਸੀ। ਉਸ ਸਮੇਂ ਸਾਰੇ ਲੋਕਾਂ ਦੀ ਇਹ ਸਾਂਝੀ ਮੁਸ਼ਕਲ ਸੀ, ਇਸ ਕਰਕੇ ਲੋਕਾਂ ਨੇ ਇਕੱਠੇ ਹੋ ਕੇ ਈਸਟ ਇੰਡੀਅਨ ਡੀਫੈਂਸ ਕਮੇਟੀ 1973 ਦੇ ਵਿੱਚ ਹਰਦਿਆਲ ਬੈਂਸ, ਹਰਭਜਨ ਚੀਮਾ, ਬੇਲਾ ਸਿੰਘ ਥਾਂਦੀ ਤੇ ਹੋਰ ਸਾਥੀਆਂ ਦੇ ਸਹਿਯੋਗ ਨਾਲ ਬਣਾਈ ਸੀ ਜਿਸਦਾ ਮੁੱਖ ਮਕਸਦ ਲੋਕਾਂ ਨਾਲ ਹੋ ਰਹੇ ਨਸਲੀ ਵਿਤਕਰੇ ਨੂੰ ਨੱਥ ਪਾਉਣਾ ਸੀ। ਸੇਵਾ ਸਿੰਘ ਬੜਿੰਗ ਵੀ ਇਸ ਜਥੇਬੰਦੀ ਦੇ ਮੁੱਢਲੇ ਮੈਂਬਰਾਂ ਵਿੱਚੋਂ ਇੱਕ ਸਨ। ਜਦੋਂ ਘਰਾਂ ਦੇ ਸ਼ੀਸ਼ੇ ਟੁੱਟਣ ਦੀਆਂ ਘਟਨਾਵਾਂ



ਬਹੁਤ ਵਧਣ ਲੱਗੀਆਂ ਉਸ ਸਮੇਂ ਜਥੇਬੰਦੀ ਨੇ ਫੈਸਲਾ ਕਰਕੇ ਲੋਕਾਂ ਨੂੰ ਇਹ ਨਾਹਰਾ ਦਿੱਤਾ ਕਿ, 'ਆਪਣੀ ਰੱਖਿਆ ਆਪ ਕਰੋ'। ਇਸ ਨਾਹਰੇ ਨੂੰ ਅਮਲੀ ਰੂਪ ਵਿੱਚ ਲਿਆਉਣ ਲਈ ਫੈਸਲਾ ਕੀਤਾ ਕਿ ਜਥੇਬੰਦੀ ਦੇ ਨੌਜਵਾਨ ਕਾਮੇ ਭਾਰਤੀਆਂ ਦੇ ਘਰਾਂ ਦੇ ਬਾਹਰ ਜਾਂ ਅੰਦਰ ਲੁਕ ਕੇ ਬੈਠਣ ਤੇ ਜੇ ਨਸਲੀ ਗੋਰੇ ਹਮਲਾ ਕਰਨ ਤਾਂ ਉਹਨਾਂ ਦਾ ਮੁਕਾਬਲਾ ਕੀਤਾ ਜਾਵੇ। ਇਸ ਤਰ੍ਹਾਂ ਹੀ ਹੋਇਆ ਕਿ ਲੋਕਾਂ ਨੇ ਜਥੇਬੰਦ ਹੋ ਕੇ ਜਦੋਂ ਆਪ ਆਪਣੀ ਰੱਖਿਆ ਕਰਨ ਲੱਗੇ ਤਾਂ ਥੋੜ੍ਹੀਆਂ ਘਟਨਾਵਾਂ ਬਾਅਦ ਹੀ ਇਹ ਨਸਲੀ ਹਮਲੇ ਹੋਣੇ ਬਹੁਤ ਘੱਟ ਹੋ ਗਏ ਸਨ। ਸੇਵਾ ਸਿੰਘ ਹੋਰਾਂ ਨੇ ਇਸ ਜਥੇਬੰਦੀ ਵਿੱਚ ਮੋਹਰੀ ਹੋ ਕੇ ਜਥੇਬੰਦਕ ਤੌਰ ਤੇ ਆਪਣੀ ਜ਼ਿੰਮੇਵਾਰੀ ਨਿਭਾਈ।

1975 ਵਿੱਚ ਈਸਟ ਇੰਡੀਅਨ ਡੀਫੈਂਸ ਕਮੇਟੀ ਨੇ ਲੋਕਾਂ ਦੇ ਹੱਕ ਵਿੱਚ ਜਥੇਬੰਦਕ ਤੌਰ ਤੇ ਕੰਮ ਕਰਕੇ ਲੋਕਾਂ ਵਿੱਚ ਆਪਣੀ ਜਗ੍ਹਾ ਬਣਾ ਲਈ ਸੀ ਇਸ ਕਰਕੇ ਇਸਦੀ ਮੈਂਬਰਸ਼ਿੱਪ ਬਹੁਤ ਵਧ ਗਈ ਸੀ। ਲੀਡਰਸ਼ਿੱਪ ਨੇ ਸੋਚਿਆ ਕਿ ਗ਼ਦਰੀ ਬਾਬਿਆਂ ਦੀ ਤਰਜ਼ ਤੇ ਗੁਰਦਵਾਰਾ ਖਾਲਸਾ ਦੀਵਾਨ ਸੁਸਾਇਟੀ ਦੀ ਚੋਣ ਲੜ ਕੇ ਯੋਗ ਅਗਵਾਈ ਦਿੱਤੀ ਜਾਵੇ ਕਿਉਂਕਿ ਪਹਿਲੀ ਜੋ ਪ੍ਰਬੰਧਕ ਕਮੇਟੀ ਸੀ ਉਸਨੇ ਗ਼ਦਰੀ ਬਾਬਿਆਂ ਦੀ ਵਿਰਾਸਤ ਸਭ ਤੋਂ ਪੁਰਾਣੇ ਗੁਰਦਵਾਰੇ ਨੂੰ ਕੋਝੇ ਢੰਗ ਨਾਲ ਸੰਵਿਧਾਨ ਵਿੱਚ ਰੱਦੋ ਬਦਲ ਕਰਵਾ ਕੇ ਸਿਰਫ਼ ਇੱਕ ਲੱਖ 20 ਹਜ਼ਾਰ ਦਾ ਵੇਚ ਦਿੱਤਾ ਸੀ ਜਿਸਦਾ ਵਿਰੋਧ ਡੀਫੈਂਸ ਕਮੇਟੀ ਕਰ ਰਹੀ ਸੀ। ਚੋਣ ਉਦੋਂ ਹੱਥ ਖੜ੍ਹੇ ਕਰਾ ਕੇ ਹੀ ਕੀਤੀ ਜਾਂਦੀ ਸੀ, ਜਿਸ ਵਿੱਚ ਵੋਟਾਂ ਗਿਣਨ ਸਮੇਂ ਮੌਜੂਦਾ ਗਿਆਨੀ ਜੀ ਵਿਰੋਧੀ ਧਿਰ ਵੱਲ ਭੁਗਤ ਗਏ। ਜਿਸ ਦਿਨ ਜਿੱਤੀ ਧਿਰ ਨੇ ਕਬਜ਼ਾ ਲੈਣਾ ਸੀ ਉਸ ਦਿਨ ਗੁਰਦਵਾਰੇ ਵਿੱਚ ਇਕੱਠ ਹੋਇਆ ਤਾਂ ਜਿੱਤੀ ਧਿਰ ਨੇ ਪੁਲੀਸ ਤੇ ਗੁੰਡਿਆਂ ਨੂੰ ਪਹਿਲਾਂ ਬੁਲਾਇਆ ਹੋਇਆ ਸੀ। ਦੋਨਾਂ ਧਿਰਾਂ ਵਿੱਚ ਆਪਸੀ ਤਕਰਾਰ ਹੋ ਗਿਆ, ਜੀਹਦੇ ਵਿੱਚ ਡੀਫੈਂਸ ਕਮੇਟੀ ਦੇ ਕੁੱਝ ਮੈਂਬਰਾਂ ਦੇ ਵਾਰੰਟ ਕੱਢ ਦਿੱਤੇ ਸਨ। ਜਿਸ ਵਿੱਚ ਸੇਵਾ ਸਿੰਘ ਦਾ ਨਾਂ ਵੀ ਸ਼ਾਮਲ ਸੀ। 1975 ਵਿੱਚ ਡੀਫੈਂਸ ਕਮੇਟੀ ਵਲੋਂ ਪਹਿਲਾ ਸ਼ਹੀਦ ਭਾਈ ਮੇਵਾ ਸਿੰਘ ਸਪੋਰਟਸ ਐਂਡ ਕਲਚਰਲ ਟੂਰਨਾਮੈਂਟ ਕਰਵਾਇਆ ਗਿਆ। ਇਸਤੋਂ ਬਾਅਦ ਲਗਾਤਾਰ ਸਾਲ ਵਿੱਚ ਦੋ ਟੂਰਨਾਮੈਂਟ ਤੇ ਕਲਚਰਲ ਪ੍ਰੋਗਰਾਮ ਕਰਵਾਏ ਜਾਣ ਲੱਗੇ। ਇਹਨਾਂ ਪ੍ਰੋਗਰਾਮਾਂ ਵਿੱਚ ਸੇਵਾ ਸਿੰਘ ਤੇ ਉਹਦਾ ਸਾਰਾ ਪਰਿਵਾਰ ਇਹਨਾਂ ਵਿੱਚ ਵੱਧ ਚੜ੍ਹ ਕੇ ਹਿੱਸਾ ਪਾਉਂਦਾ। ਨਿੱਕੇ ਨਿੱਕੇ ਬੱਚਿਆਂ ਨੂੰ ਮਾਂਵਾਂ ਨਾਲ ਲੈ ਕੇ ਫਿਰਦੀਆਂ। 1980-81 ਵਿੱਚ ਕੀਤਾ ਜਾਣ ਵਾਲਾ ਇੰਟਰ ਨੈਸ਼ਨਲ ਟੂਰਨਾਮੈਂਟ ਤਾਂ ਦੁਨੀਆਂ ਭਰ ਵਿੱਚ ਇੱਕ ਵੱਖਰੀ ਮਿਸਾਲ ਸੀ ਜਿਸ ਵਿੱਚ ਇੰਗਲੈਂਡ, ਭਾਰਤ, ਪਾਕਿਸਤਾਨ, ਯੂ.ਐਸ.ਏ ਤੇ ਕੈਨੇਡਾ ਤੋਂ ਟੀਮਾਂ ਨੇ ਆ ਕੇ ਸ਼ਮੂਲੀਅਤ ਕੀਤੀ। 1977 ਵਿੱਚ ਦੇਸ਼ ਭਗਤ ਟੈਂਪਲ ਲਈ ਕਮਿਊਨਿਟੀ ਨੇ ਡਾਲਰ ਡਾਲਰ ਇਕੱਠਾ ਕਰਕੇ ਬਣਾਇਆ ਸੀ, ਇਸ ਵਿੱਚ ਵੀ ਕਾਮਰੇਡ ਸੇਵਾ ਸਿੰਘ ਨੇ ਆਪਣੇ ਵਿਤੋਂ ਵੱਧ ਇਸ ਵਿੱਚ ਹਿੱਸਾ ਪਾਇਆ। ਇਸ ਤੋਂ ਇਲਾਵਾ 1984 ਵਿੱਚ ਡੀਫੈਂਸ ਕਮੇਟੀ ਵਲੋਂ 20 ਏਕੜ ਜ਼ਮੀਨ ਖ੍ਰੀਦੀ ਗਈ ਜਿਸ ਵਿੱਚ ਵੱਡਾ ਹਾਲ ਤੇ ਗਰਾਊਂਡਾਂ ਬਣਾਉਣ ਦਾ ਟੀਚਾ ਮਿੱਥਿਆ ਗਿਆ ਸੀ ਪਰ 1990 ਵਿੱਚ ਕੇਂਦਰ ਦੀ ਲੀਡਰਸ਼ਿੱਪ ਨੇ ਲੋਕਾਂ ਦੀ ਸਲਾਹ ਤੋਂ ਬਿਨ੍ਹਾ ਸਭ ਕੁੱਝ ਵੇਚਣ ਦਾ ਫੈਸਲਾ ਕਰ ਲਿਆ। ਬੀ.ਸੀ. ਦੀ ਸਮੁੱਚੀ ਜਥੇਬੰਦੀ ਨੇ ਕੋਰਟਾਂ ਕਚਹਿਰੀਆਂ ਵਿੱਚ ਜਾ ਕੇ ਵੀ ਇਸਦਾ ਵਿਰੋਧ ਕੀਤਾ ਪਰ ਉਹ ਵੇਚਣ ਵਿੱਚ ਸਫਲ ਹੋ ਗਏ। 1980ਵਿਆਂ ਦੇ ਵਿੱਚ ਕਾਮਰੇਡ ਸੇਵਾ ਸਿੰਘ ਨੇ ਕਮਿਊਨਿਸਟ ਪਾਰਟੀ ਮਾਰਕਸਵਾਦੀ ਲੈਨਿਨਵਾਦੀ ਵਲੋਂ ਚੋਣ ਵਿੱਚ ਹਿੱਸਾ ਲਿਆ। ਬੀ.ਸੀ. ਦੇ ਸਾਥੀਆਂ ਦੇ ਫੈਸਲੇ ਅਨੁਸਾਰ ਫਿਰ ਤੋਂ ਦੁਆਰਾ 1998 ਦੇ ਦਿਨਾਂ ਵਿੱਚ 66 ਐਵੇਨਿਊ ਤੇ 152 ਸਟਰੀਟ ਤੇ ਇੱਕ ਏਕੜ ਜ਼ਮੀਨ ਖ੍ਰੀਦ ਲਈ ਤੇ ਹਾਲ ਉਸਾਰਨ ਬਾਰੇ ਸੋਚਿਆ। ਮਿਊਸੀਪੈਲਟੀ ਦੀਆਂ ਕੁੱਝ ਮੱਦਾਂ ਕਰਕੇ ਉਹ ਸਕੀਮ ਸਿਰੇ ਨਾ ਚੜ੍ਹ ਸਕੀ। ਇਹ ਥਾਂ ਨੂੰ ਵੀ 2005 ਵਿੱਚ ਵੇਚ ਕੇ ਹੋਰ ਨਵੇਂ ਮੈਂਬਰਾਂ ਦੀ ਮਦਦ ਨਾਲ ਫਿਰ ਤੋਂ ਜੁਲਾਈ 2007 ਵਿੱਚ ਪ੍ਰੋਗਰੈਸਿਵ ਕਲਚਰਲ ਸੈਂਟਰ ਦੀ ਨੀਂਹ ਰੱਖੀ ਗਈ ਜਿਸ ਵਿੱਚ ਕਾਮਰੇਡ ਸੇਵਾ ਸਿੰਘ ਨੇ ਮੁੱਖ ਭੂਮਿਕਾ ਨਿਭਾਈ ਤੇ ਫਿਰ ਤੋਂ ਸਰਗਰਮੀਆਂ ਸ਼ੁਰੂ ਕਰ ਦਿੱਤੀਆਂ।

ਇਸਦੇ ਅੰਤਰਗਤ ਹੀ ਸ਼ਹੀਦ ਮੇਵਾ ਸਿੰਘ ਸਪੋਰਟਸ ਐਂਡ ਕਲਚਰਲ ਸੁਸਾਇਟੀ ਦੁਆਰਾ 2010 ਵਿੱਚ ਟੂਰਨਾਮੈਂਟ ਕਰਵਾ ਸਕੀ, ਜਿਸ ਵਿੱਚ ਸੌਕਰ, ਵਾਲੀਵਾਲ, ਕਬੱਡੀ, ਕੁਸ਼ਤੀਆਂ ਅਤੇ ਦੌੜਾਂ ਕਰਵਾਈਆਂ ਜਾਣ ਲੱਗੀਆਂ। ਜਿੱਥੇ ਸੇਵਾ ਸਿੰਘ ਦਾ ਬਾਕੀ ਸਾਰੇ ਪ੍ਰਬੰਧਾਂ ਵਿੱਚ ਆਪਣਾ ਸਥਾਨ ਹੁੰਦਾ ਸੀ ਪਰ ਦੌੜਾਂ ਨੂੰ ਨਿਵੇਕਲਾ ਰੂਪ ਦੇਣ ਵਿੱਚ ਆਪਣਾ ਮਾਣ ਸਮਝਦੇ ਹੁੰਦੇ ਸਨ ਕਿਉਂਕਿ ਉਹ ਦੌੜਾਂ ਦੇ ਕਲੱਬਾਂ ਨਾਲ ਆਪ ਜੁੜੇ ਹੋਏ ਸਨ। ਇਸ ਸਾਲ ਦੇ ਦੌਰਾਨ ਹੀ ਕੁੱਝ ਕੁ ਅਗਾਂਹਵਧੂ ਜਥੇਬੰਦੀਆਂ ਵਲੋਂ ਇਹ ਫੈਸਲਾ ਲਿਆ ਗਿਆ ਕਿ ਹੋਰ ਬਹੁਤ ਸਾਰੀਆਂ ਗੱਲਾਂ ਦੇ ਆਪਸ ਵਿੱਚ ਮੱਤ ਭੇਦ ਹੋ ਸਕਦੇ ਹਨ ਪਰ ਸਾਡੀ ਕਮਿਊਨਿਟੀ ਜੋ ਸ਼ਹੀਦ ਭਗਤ ਸਿੰਘ ਨੂੰ ਆਪਣਾ ਮਹਾਂ ਨਾਇਕ ਸਮਝਦੀ ਹੈ ਉਹਦੇ ਨਾਂ ਤੇ ਸ਼ਹੀਦ ਭਗਤ ਸਿੰਘ ਮੈਮੋਰੀਅਲ ਰਨ ਸੁਸਾਇਟੀ ਬਣਾਉਣੀ ਚਾਹੀਦੀ ਹੈ ਜਿਸ ਵਿੱਚ ਇੱਥੋਂ ਦੀ ਕਮਿਊਨਿਟੀ ਨੂੰ ਹਿੱਸੇਦਾਰ ਬਣਾ ਕੇ ਬੱਚਿਆਂ, ਨੌਜਵਾਨਾਂ ਨੂੰ ਭਗਤ ਸਿੰਘ ਦੀ ਵਿਚਾਰਧਾਰਾ ਤੋਂ ਜਾਣੂ ਕਰਵਾਇਆ ਜਾਵੇ ਤੇ ਉਹਨਾਂ ਨੂੰ ਸਿਹਤ ਪੱਖੋਂ ਵੀ ਜਾਗਰੂਕ ਕੀਤਾ ਜਾਵੇ। ਇਸ ਪੰਜ ਕਿਲੋਮੀਟਰ ਦੌੜ ਵਿੱਚ ਵੀ ਕਾਮਰੇਡ ਸੇਵਾ ਸਿੰਘ ਆਪਣੇ ਪਰਿਵਾਰ ਤੇ ਖੇਡ ਜਗਤ ਦੇ ਵੱਡੇ ਪਰਿਵਾਰ ਨਾਲ ਸ਼ਮੂਲੀਅਤ ਕਰਕੇ ਤੇ ਵਿਤੀ ਸਹਾਇਤਾ ਨਾਲ ਵੱਡਾ ਹਿੱਸਾ ਪਾਉਂਦੇ ਰਹੇ ਹਨ। 2012 ਵਿੱਚ ਜਦੋਂ ਜਥੇਬੰਦੀ ਨੇ ਇਹ ਸੋਚਿਆ ਕਿ 2013 ਦਾ ਵਰ੍ਹਾ ਗ਼ਦਰ ਲਹਿਰ ਦਾ ਸ਼ਤਾਬਦੀ ਵਰ੍ਹਾ ਹੈ ਤਾਂ ਸੇਵਾ ਸਿੰਘ ਨੇ ਉਸ ਵਿੱਚ ਹੋਣ ਵਾਲੀਆਂ ਸਾਰੀਆਂ ਸਰਗਰਮੀਆਂ ਚਾਹੇ ਫੰਡ ਰੇਜ਼ ਡਿਨਰ ਦਾ ਪ੍ਰੋਗਰਾਮ ਸੀ, ਜਾਂ ਸੈਮੀਨਾਰ, ਪਬਲਿਕ ਮੀਟਿੰਗ, ਨਾਟਕ ਮੇਲਾ, ਬੱਚਿਆਂ ਦੇ ਕਵਿਤਾ, ਲੇਖਾਂ ਦੇ ਮੁਕਾਬਲੇ, ਕਵੀ ਦਰਬਾਰ ਸਭ ਵਿੱਚ ਆਪਣੇ ਵੱਧ ਤੋਂ ਵੱਧ ਯੋਗਦਾਨ ਪਾਇਆ। 2014 ਵਿੱਚ ਪ੍ਰੋਗਰੈਸਿਵ ਕਲਚਰਲ ਸੈਂਟਰ ਦੀ ਮੌਰਗੇਜ਼ ਨੂੰ ਕਿਸੇ ਤਰੀਕੇ ਖ਼ਤਮ ਕਰਨ ਲਈ ਮਈ ਦੇ ਵਿੱਚ ਮੀਟਿੰਗ ਰੱਖੀ ਗਈ ਤੇ ਇਹ ਮਤਾ ਪਾਇਆ ਗਿਆ ਸੀ। ਅਚਾਨਕ ਹੀ ਜੂਨ ਦੇ ਵਿੱਚ ਡਾਟਕਰ ਦੇ ਫੋਨ ਆਉਣ ਤੇ ਪਤਾ ਲੱਗਿਆ ਕਿ ਸੇਵਾ ਸਿੰਘ ਨੂੰ ਪ੍ਰੋਸਟੈਟ ਕੈਂਸਰ ਹੈ। ਤਾਂ ਉਸ ਨੇ ਇੱਕ ਦਮ ਇਕਬਾਲ ਪੁਰੇਵਾਲ, ਸੰਤੋਖ ਢੇਸੀ ਤੇ ਮਲਕੀਤ ਸਵੈਚ ਨੂੰ ਇਕੱਠੇ ਹੋਣ ਲਈ ਕਿਹਾ ਕਿ ਮੈਂ ਮਿਲਣਾ ਚਾਹੁੰਦਾ ਹਾਂ। ਜਦੋਂ ਮਿਲਿਆ ਤਾਂ ਉਸਨੇ ਬਹੁਤ ਹੀ ਦ੍ਰਿੜ ਇਰਾਦੇ ਨਾਲ ਦੱਸਿਆ ਕਿ ਮੈਨੂੰ ਕੈਂਸਰ ਹੋ ਗਿਆ ਹੈ, ਪਤਾ ਨਹੀਂ ਮੇਰੀ ਹਾਲਤ ਕੀ ਹੋਵੇਗੀ ਪਰ ਮੈਂ ਚਾਹੁੰਦਾ ਹਾਂ ਕਿ ਤੁਸੀਂ ਜਲਦੀ ਤੋਂ ਜਲਦੀ ਮੀਟਿੰਗ ਰੱਖੋ ਤਾਂ ਕਿ ਆਪਾਂ ਪ੍ਰੋਗਰੈਸਿਵ ਕਲਚਰਲ ਸੈਂਟਰ ਦੀ ਮੋਰਗੇਜ਼ ਲਾ ਦੇਈਏ। ਮੋਰਗੇਜ਼ ਬਦਲਣ ਦਾ ਸਮਾਂ ਅਜੇ 2015 ਤੱਕ ਸੀ ਪਰ ਸੇਵਾ ਸਿੰਘ ਨੇ ਦੋ ਹਫ਼ਤਿਆਂ ਦੇ ਵਿੱਚ ਮੀਟਿੰਗ ਰੱਖ ਕੇ ਸਤੰਬਰ ਵਿੱਚ ਹੀ ਆਪਣੇ ਵਲੋਂ ਵੱਡੀ ਰਕਮ ਦੇ ਕੇ ਹਾਲ ਫਰੀ ਕਰਵਾ ਦਿੱਤਾ ਸੀ, ਇਹ ਉਸ ਖੁੱਲ੍ਹ ਦਿਲੇ ਇਨਸਾਨ ਦੀ ਕਮਿਊਨਿਟੀ ਨੂੰ ਇੱਕ ਵੱਡੀ ਦੇਣ ਹੈ। ਉਸਦਾ ਕਹਿਣਾ ਸੀ ਬੱਚਿਆਂ ਦੇ ਆਪਣੇ ਆਪਣੇ ਸ਼ੌਕ ਹੋ ਸਕਦੇ ਹਨ ਪਰ ਮੈਂ ਜੋ ਆਪਣੀ ਜ਼ਿੰਦਗੀ ਵਿੱਚ ਜੋ ਹੱਥੀਂ ਕਰਨਾ ਚਾਹੁੰਦਾ ਹਾਂ, ਕਰਕੇ ਹੀ ਜਾਵਾਂਗਾ।

ਜਿਸ ਸਮੇਂ ਕਾਮਰੇਡ ਸੇਵਾ ਸਿੰਘ ਦਾ ਪ੍ਰੋਸਟੈਟ ਕੈਂਸਰ ਦਾ ਇਲਾਜ਼ ਸ਼ੁਰੂ ਹੋਇਆ ਤਾਂ ਉਦੋਂ ਹੀ ਪਤਾ ਲੱਗ ਗਿਆ ਸੀ ਕਿ ਉਹਨੂੰ ਹੱਡੀਆਂ ਦਾ ਕੈਂਸਰ ਰੋਗ ਵੀ ਚੁੰਬੜ ਗਿਆ ਹੈ। 2014 ਵਿੱਚ ਜਿੰਨੇ ਵੀ ਕਾਮਾਗਾਟਾ ਮਾਰੂ ਦੇ ਪ੍ਰੋਗਰਾਮ ਕੀਤੇ ਗਏ ਉਹ ਉਹਨਾਂ ਵਿੱਚ ਵੀ ਵੱਧ ਚੜ੍ਹ ਕੇ ਹਿੱਸਾ ਪਾਉਂਦੇ ਸਨ। ਦੇਖਣ ਵਿੱਚ ਲੱਗਦਾ ਸੀ ਕਿ ਉਸ ਇਨਸਾਨ ਦੀ ਊਰਜਾ ਘਟਣ ਦੀ ਬਜਾਇ ਵੱਧ ਰਹੀ ਸੀ, 2015 ਦਾ ਵਰ੍ਹਾ ਭਾਈ ਮੇਵਾ ਸਿੰਘ ਦਾ ਸ਼ਹੀਦੀ ਵਰ੍ਹਾ ਮਨਾਉਣ ਬਾਰੇ ਸੋਚ ਰਹੇ ਸੀ ਤਾਂ ਮੈਂ ਸੁਭਾਵਕ ਹੀ ਉਹਨਾਂ ਨੂੰ ਪੁੱਛਿਆ ਕਿ ਉਹ ਕਿਹੜੀ ਜਗ੍ਹਾ ਸੀ ਜਿੱਥੇ ਉਹਨਾਂ ਨੂੰ ਫਾਂਸੀ ਦਿੱਤੀ ਗਈ ਸੀ। ਸੇਵਾ ਸਿੰਘ ਨੇ ਨਾ ਆ ਦੇਖਿਆ ਨਾ ਤਾ ਇਸ ਕੰਮ ਵਿੱਚ ਜੁੱਟ ਗਏ। ਨਿਊਵੈਸਟ ਦੀ ਉਹ ਫੈਡਰਲ ਜੇਲ੍ਹ ਆਖਰ ਲੱਭ ਲਈ, ਜਿੱਥੇ ਉਹਨਾਂ ਨੂੰ ਫਾਂਸੀ ਲਗਾਇਆ ਗਿਆ ਸੀ ਬੇਸ਼ੱਕ ਹੁਣ ਉੱਥੇ ਇੱਕ ਰੈਸਟੋਰੈਂਟ ਹੈ ਪਰ ਉਸਦਾ ਬਾਹਰਲਾ ਢਾਂਚਾ ਦੱਸਦਾ ਹੈ ਕਿ ਉਹ ਪੁਰਾਣੀ ਜੇਲ੍ਹ ਸੀ। 11 ਜਨਵਰੀ, 2015 ਨੂੰ ਅਸੀਂ ਗ਼ਦਰ ਸ਼ਤਾਬਦੀ ਕਮੇਟੀ ਵਲੋਂ ਉੱਥੇ ਉਹਨਾਂ ਦਾ ਸ਼ਹੀਦੀ ਦਿਹਾੜਾ ਮਨਾਇਆ, ਜਿਸ ਵਿੱਚ ਸੇਵਾ ਸਿੰਘ ਨੇ ਲੋਕਾਂ ਨੂੰ ਤੇ ਆਪਣੇ ਪਰਿਵਾਰ ਦੀ ਹਾਜ਼ਰੀ ਵੱਧ ਗਿਣਤੀ ਵਿੱਚ ਲਗਵਾਈ। ਉਸ ਦਿਨ ਹੀ ਕਮੇਟੀ ਵਲੋਂ ਮਤਾ ਪਾਇਆ ਗਿਆ ਸੀ ਕਿ ਸ਼ਹੀਦ ਭਾਈ ਮੇਵਾ ਸਿੰਘ ਦੇ ਨਾਂ ਤੇ ਪਟੀਸ਼ਨ ਪਾਈ ਜਾਵੇ ਕਿ ਉਹ ਇੱਕ ਕੌਮੀ ਸ਼ਹੀਦ ਹੈ ਜਿਸਨੇ ਕੈਨੇਡੀਅਨ ਸੰਵਿਧਾਨ ਦੀ ਰਾਖੀ ਕਰਦੇ ਹੋਏ ਫਾਂਸੀ ਦਾ ਰੱਸਾ ਚੁੰਮਿਆ ਹੈ ਕਿਉਂਕਿ ਹਾਪਕਿਨਸਨ ਵਲੋਂ ਉਸਨੂੰ ਅੱਖੀਂ ਦੇਖੇ ਨੂੰ ਵੀ ਝੂਠ ਬੋਲਣ ਲਈ ਮਜ਼ਬੂਰ ਕੀਤਾ ਜਾ ਰਿਹਾ ਸੀ। ਇਸ ਪਟੀਸ਼ਨ ਤੇ ਬਾਅਦ ਵਿੱਚ ਕੰਮ ਵੀ ਕੀਤਾ ਗਿਆ ਤੇ 10 ਹਜ਼ਾਰ ਤੋਂ ਵੱਧ ਦਸਖ਼ਤ ਵੀ ਕਰਵਾਏ ਗਏ ਹਨ। ਜਿਨ੍ਹਾਂ ਨੂੰ ਐਮ. ਐਲ. ਏ. ਰਚਨਾ ਸਿੰਘ ਨੇ ਬੀ. ਸੀ. ਐਸੰਬਲੀ ਵਿੱਚ ਪੇਸ਼ ਕੀਤਾ ਸੀ, ਅਜੇ ਤੱਕ ਕੋਈ ਗੱਲ ਅੱਗੇ ਤਾਂ ਨਹੀਂ ਵਧ ਸਕੀ ਪਰ ਆਸ ਕਰਦੇ ਹਾਂ ਕਿ ਸੁਹਿਰਦ ਲੋਕਾਂ ਦੀ ਗ਼ਦਰੀ ਬਾਬਿਆਂ ਦੇ ਹੱਕਾਂ ਲਈ ਕੀਤੀ ਕੋਸ਼ਿਸ਼ ਇੱਕ ਦਿਨ ਰੰਗ ਜ਼ਰੂਰ ਲੈ ਕੇ ਆਵੇਗੀ।

ਜਦੋਂ ਮੈਂ ਕਾਮਰੇਡ ਸੇਵਾ ਸਿੰਘ ਹੋਰਾਂ ਦੇ ਇਨਕਲਾਬੀ ਜੀਵਨ ਬਾਰੇ ਦੱਸ ਰਹੀ ਹਾਂ ਉੱਥੇ ਅਗਰ ਉਹਨਾਂ ਦੀ ਜ਼ਿੰਦਗੀ ਦਾ ਦੂਸਰਾ ਪੰਨਾ ਬੰਦ ਰਹਿਣ ਦਿੱਤਾ ਜਾਵੇ ਤਾਂ ਮੈਂ ਸਮਝਦੀ ਹਾਂ ਕਿ ਉਹ ਇਨਸਾਫ਼ ਨਹੀਂ ਹੋਵੇਗਾ। ਜਿੱਥੇ ਉਹਨਾਂ ਦਾ ਲੋਕਾਂ ਪ੍ਰਤੀ ਲਗਾਓ ਤੇ ਇਨਕਲਾਬੀ ਸੋਚ ਦੇ ਜ਼ਰੀਏ ਕੁੱਝ ਕਰ ਸਕਣ ਦੀ ਗੱਲ ਕਰਦੇ ਹਾਂ ਤਾਂ ਉੱਥੇ ਉਸਦੇ ਹੌਂਸਲੇ ਦੀ ਕੜੀ ਉਦੋਂ ਮਾਪੀ

ਜਾਂਦੀ ਹੈ ਕਿ ਜਦੋਂ 56 ਸਾਲ ਦੀ ਉਮਰ ਵਿੱਚ ਉਹ 2002 ਵਿੱਚ 'ਗਰੇਹਾਉਂਡਜ਼ ਮਾਸਟਰਜ਼ ਟਰੈਕ ਐਂਡ ਫੀਲਡ ਕਲੱਬ' ਦੇ ਮੈਂਬਰ ਬਣ ਗਏ ਸਨ। ਇਸ ਕਲੱਬ ਵਿੱਚ ਉਹ ਪੰਜਾਬੀ ਕਮਿਊਨਿਟੀ ਦਾ ਪਹਿਲਾ ਮੈਂਬਰ ਸੀ ਜਿਸਨੇ ਗੋਰਿਆਂ ਦੀ ਇਸ ਕਲੱਬ ਵਿੱਚ ਸੋਨੇ, ਚਾਂਦੀ ਤੇ ਬਰਾਸ ਦੇ ਮੈਡਲ ਜਿੱਤ ਕੇ ਆਪਣੀ ਥਾਂ ਬਣਾਈ ਸੀ। ਇਸ ਨੇ ਮੁੱਖ 100 ਮੀਟਰ, 200 ਮੀਟਰ, 400 ਮੀਟਰ ਤੇ ਰੀਲੇਅ ਦੌੜ ਆਦਿ ਵਿੱਚ ਹਿੱਸਾ ਲੈ ਕੇ 60 ਸਾਲ ਦੀ ਉਮਰ ਤੱਕ 7 ਮੈਡਲ ਜਿੱਤ ਲਏ ਸਨ। ਉਸਨੇ ਚਾਰ ਕੈਨੇਡੀਅਨ ਚੈਂਪੀਅਨਸ਼ਿਪ ਜਿੱਤੀਆਂ, ਪਹਿਲੀ 2003 ਵਿੱਚ ਰਿਚਮੰਡ ਵਿੱਚ, 2006 ਵਿੱਚ ਉਹ (Dieppe) New Brunswick, ਗਏ ਤੇ ਉਸ Golden Meet ਵਿੱਚ 6 ਮੈਡਲ ਸਾਰੇ ਦੇ ਸਾਰੇ ਸੋਨੇ ਦੇ ਜਿੱਤੇ ਸਨ ਜੋ ਕਿ 100 ਮੀਟਰ, 200 ਮੀਟਰ, 400 ਮੀਟਰ, ਸ਼ੌਟ ਪੁੱਟ ਤੇ ਰੀਲੇਅ ਰੇਸ ਲਈ ਜਿੱਤੇ ਸਨ। ਤੀਸਰੀ ਕੈਨੇਡੀਅਨ ਚੈਂਪੀਅਨਸ਼ਿਪ ਕੈਮਲੂਪਸ ਵਿੱਚ ਜਿਸ ਵਿੱਚ ਚਾਰ ਮੈਡਲ ਸਣੇ ਸੋਨੇ ਦੇ ਅਤੇ ਚੌਥੀ ਕੈਨੇਡੀਅਨ ਚੈਂਪੀਅਨਸ਼ਿਪ ਟੋਰਾਂਟੋ ਵਿੱਚ 65 ਸਾਲਾ ਗਰੁੱਪ ਵਿੱਚ ਗੋਲਡ ਮੈਡਲ ਨਾਲ ਜਿੱਤੀ। 2009 ਵਿੱਚ ਸੇਵਾ ਸਿੰਘ ਨੇ 'ਮਾਸਟਰਜ਼ ਇਨਡੋਰ ਚੈਂਪੀਅਨਸ਼ਿਪ' ਵਿੱਚ 60 ਮੀਟਰ, 200 ਮੀਟਰ, 400 ਮੀਟਰ, ਸ਼ੌਟ ਪੁੱਟ ਵਿੱਚ ਗੋਲਡ ਮੈਡਲ ਜਿੱਤ ਕੇ ਰਿਕਾਰਡ ਕਾਇਮ ਕੀਤਾ ਸੀ। ਉਹ ਦਿਨੋ ਦਿਨ ਆਪਣੇ ਅਗਲੇ ਵਧਦੇ ਕਦਮਾਂ ਵੱਲ ਜਾ ਰਹੇ ਸਨ ਪਰ ਅਚਾਨਕ ਹੀ ਕਿਸੇ ਉਸਾਰੀ ਵਾਲੀ ਥਾਂ ਤੇ ਆਪਣੇ ਕਾਮੇ ਦੋਸਤ ਨੂੰ ਬਚਾਉਂਦੇ ਬਚਾਉਂਦੇ ਸਿਰ ਤੇ ਸੱਟ ਲੱਗ ਗਈ ਤੇ ਕੋਮਾ ਵਿੱਚ ਚਲੇ ਗਏ ਤੇ ਤਕਰੀਬਨ ਦੋ ਸਾਲ ਬਹੁਤੀਆਂ ਗਤੀਵਿਧੀਆਂ ਨਹੀਂ ਕਰ ਸਕੇ ਸਨ। ਫਿਰ ਉਹ 2013 ਵਿੱਚ ਹੰਭਲਾ ਮਾਰ ਕੇ ਫਿਰ ਮੈਦਾਨ ਵਿੱਚ ਆ ਗਏ। ਪਹਿਲੀ ਦੌੜ ਸਮੇਂ ਹੀ ਦੋ ਸਾਲਾਂ ਦੀ ਗੈਰਹਾਜ਼ਰੀ ਦੇ ਬਾਵਜੂਦ ਕਾਮਰੇਡ ਸੇਵਾ ਸਿੰਘ ਨੇ ਬੀ. ਸੀ. ਮਾਸਟਰਜ਼ ਇਨਡੋਰ ਚੈਂਪੀਅਨਸ਼ਿਪ ਵਿੱਚ 400 ਮੀਟਰ ਤੇ 800 ਮੀਟਰ ਦੌੜ ਵਿੱਚ ਗੋਲਡ ਮੈਡਲ ਤੇ 200 ਮੀਟਰ ਦੌੜ ਵਿੱਚ ਸਿਲਵਰ ਮੈਡਲ ਜਿੱਤ ਲਿਆ। ਇਸੇ ਦੌਰਾਨ ਹੀ ਉਹਨਾਂ ਨੇ ਰੀਲੇਅ ਰੇਸ ਦੀ ਟੀਮ ਵਿੱਚ ਕੈਨੇਡੀਅਨ ਇਨਡੋਰ ਰਿਕਾਰਡ ਤੋੜ ਦਿੱਤਾ ਸੀ। ਦੁਆਰਾ ਫਿਰ ਉਹ ਅਊਟਡੋਰ ਚੈਂਪੀਅਨਸ਼ਿਪ ਜੋ ਓਰਗਨ ਦੇ ਯੂਜ਼ੀਨ ਵਿੱਚ ਹੋਈ ਸੀ ਵਿੱਚ ਹਿੱਸਾ ਲੈ ਕੇ ਉਸਨੇ 65 ਸਾਲ ਵਾਲੇ ਗਰੁੱਪ ਵਿੱਚ 400 ਮੀਟਰ ਦੀ ਦੌੜ ਵਿੱਚ ਰਿਕਾਰਡ ਤੋੜਿਆ ਗਿਆ। ਇਸ ਸਾਲ ਉਸਨੂੰ 'Comeback Athlete of the Year' ਚੁਣਿਆ ਗਿਆ। 2014 ਵਿੱਚ ਸੇਵਾ ਸਿੰਘ ਨੇ 9 ਮੁਕਾਬਲਿਆਂ ਵਿੱਚ ਹਿੱਸਾ ਲਿਆ ਸੀ।

2014 ਦੇ ਵਿੱਚ ਪਹਿਲਾਂ ਉਹਨਾਂ ਨੂੰ ਪ੍ਰੋਸਟੈਟ ਕੈਂਸਰ ਹੀ ਨਹੀਂ ਸਗੋਂ ਜਲਦੀ ਹੀ ਉਹ ਬਹੁਤ ਜ਼ਿਆਦਾ ਵਧ ਗਿਆ ਤੇ ਹੱਡੀਆਂ ਦਾ ਕੈਂਸਰ ਬਣ ਕੇ ਜਾਨ ਦਾ ਖੌਅ ਬਣ ਗਿਆ ਸੀ। ਲਗਾਤਾਰ ਇਲਾਜ ਚੱਲ ਰਿਹਾ ਸੀ ਪਰ ਸੇਵਾ ਸਿੰਘ ਨੇ ਸਭ ਨੂੰ ਹੈਰਾਨ ਕਰ ਦਿੱਤਾ ਜਦੋਂ ਮਾਸਟਰਜ਼ ਇਨਡੋਰ ਚੈਂਪੀਅਨਸ਼ਿਪਜ਼ ਵਿੱਚ ਹਿੱਸਾ ਲੈ ਕੇ ਜਿਸ ਵਿੱਚ ਦੋ ਗੋਲਡ ਮੈਡਲ, ਇੱਕ ਸਿਲਵਰ ਤੇ ਇੱਕ ਬਰੌਂਜ ਮੈਡਲ ਜਿੱਤਿਆ। ਡਾਕਟਰ ਵੀ ਬਹੁਤ ਹੈਰਾਨ ਸਨ ਕਿ ਐਹੋ ਜਿਹੀ ਹਾਲਤ ਵਿੱਚ ਇਹ ਕਿਵੇਂ ਦੌੜ ਸਕਦਾ ਹੈ ? ਇਸ ਸਾਲ ਉਸਨੂੰ Purple Heart Award ਨਾਲ ਨਿਵਾਜਿਆ ਗਿਆ। 2016 ਵਿੱਚ ਫਿਰ ਉਸਨੇ ਬੀ. ਸੀ. ਮਾਸਟਰਜ਼ ਇਨਡੋਰ ਤੇ ਆਊਟਡੋਰ ਚੈਂਪੀਅਨਸ਼ਿਪ ਵਿੱਚ ਗੋਲਡ ਮੈਡਲ ਪ੍ਰਾਪਤ ਕੀਤੇ। ਉਸਨੇ ਅਮੇਰਿਕਾਜ਼ ਮਾਸਟਰਜ਼ ਗੇਮਜ਼ ਜਿਨ੍ਹਾਂ ਨੂੰ ਵੈਨਕੂਵਰ ਵਾਲਿਆਂ ਨੇ ਕਰਵਾਇਆ ਸੀ ਉਸ ਵਿੱਚ ਵੀ ਉਸਨੇ ਇੱਕ ਗੋਲਡ ਤੇ ਦੋ ਬਰੌਂਜ ਮੈਡਲ ਜਿੱਤੇ। ਅਪਰੈਲ, 2019 ਵਿੱਚ ਸੇਵਾ ਸਿੰਘ ਨੇ ਆਖਰੀ ਟਰੈਕ ਮੀਟ ਜੋ ਬੇਅਰ ਕਰੀਕ ਪਾਰਕ ਵਿੱਚ 'ਸਾਊਥ ਫਰੇਜ਼ਰ ਮੀਟ' ਕਰਵਾਇਆ ਸੀ, ਵਿੱਚ ਹਿੱਸਾ ਲਿਆ। ਅਖੀਰ ਉਹਨਾਂ ਦੀ ਸਿਹਤ ਹੋਰ ਖਰਾਬ ਹੁੰਦੀ ਗਈ ਤਾਂ ਉਹਨਾਂ ਨੇ ਦੌੜਨਾ ਛੱਡ ਦਿੱਤਾ ਸੀ।

ਇੱਕ ਉਹਨਾਂ ਦੀ ਜ਼ਿੰਦਗੀ ਦੀ ਹੋਰ ਘਟਨਾ ਜਿਸ ਬਾਰੇ ਗੱਲ ਕਰਨੀ ਵੀ ਬਹੁਤ ਜ਼ਰੂਰੀ ਹੈ ਕਿ 2010 ਵਿੱਚ ਜਦੋਂ ਬਾਬਾ ਭਗਵਾਨ ਸਿੰਘ ਦੁਸਾਂਝ ਜੀਵਨ ਤੇ ਸੰਘਰਸ਼ (ਜੈਤੋ ਦਾ ਮੋਰਚਾ) ਕਿਤਾਬ ਜੋ ਚਰੰਜੀ ਲਾਲ ਕੰਗਣੀਵਾਲ ਨੇ ਲਿਖੀ ਹੈ ਜਦੋਂ ਅਸੀਂ ਉਹ ਕਿਤਾਬ ਕੈਨੇਡਾ ਵਿੱਚ ਰੀਲੀਜ਼ ਸਮਾਗਮ ਕੀਤਾ ਤਾਂ ਉਸਨੂੰ ਪੜ੍ਹ ਕੇ ਉਹਨਾਂ ਦੇ ਮਨ ਵਿੱਚ ਇਹ ਖਿਆਲ ਆਇਆ ਕਿ ਵੈਨਕੂਵਰ ਦੇ ਗ਼ਦਰ ਲਹਿਰ ਨਾਲ ਸਬੰਧਤ ਖਾਲਸਾ ਦੀਵਾਨ ਸੁਸਾਇਟੀ ਵਾਲੇ ਗੁਰਦਵਾਰੇ ਦਾ ਸਬੰਧ ਬਾਬਾ ਜੀ ਨਾਲ ਸੀ। ਪਰ ਇਸ ਕਿਤਾਬ ਵਿੱਚ ਉਸ ਗੁਰਦਵਾਰੇ ਦੇ ਵਿਕਣ ਬਾਰੇ ਕੋਈ ਵੀ ਜਾਣਕਾਰੀ ਨਹੀਂ ਸੀ ਸੋ ਸੇਵਾ ਸਿੰਘ ਨੇ ਭੱਜ ਨੱਠ ਕਰਕੇ ਵੈਨਕੂਵਰ ਸਿੱਖ ਟੈਂਪਲ ਦੀ ਸੌਦੇਬਾਜ਼ੀ ਦੇ ਸਾਰੇ ਕਾਗ਼ਜ਼ ਇਕੱਠੇ ਕਰਕੇ ਕਿਤਾਬ ਦੇ ਦੂਜੇ ਐਡੀਸ਼ਨ ਛਪਣ ਤੋਂ ਪਹਿਲਾਂ ਪਹਿਲਾਂ ਉਸ ਵਿੱਚ ਦਰਜ ਕਰਵਾਏ ਕਿ ਜਿੱਥੇ ਗ਼ਦਰੀ ਬਾਬਿਆਂ ਦੀ ਵਿਰਾਸਤ ਨੂੰ ਸਾਂਭਣਾ ਜ਼ਰੂਰੀ ਸੀ ਪਰ ਸਾਡੀ ਕਮਿਊਨਿਟੀ ਦੇ ਕੁੱਝ ਲਾਲਚੀ ਲੋਕਾਂ ਨੇ ਉਸਨੂੰ ਚੰਦ ਡਾਲਰਾਂ ਦੇ ਬਦਲੇ ਵੇਚ ਕੇ ਖ਼ਤਮ ਕਰਕੇ ਰੱਖ ਦਿੱਤਾ, ਜੀਹਦਾ ਉਹ ਬਹੁਤ ਹੀ ਦੁੱਖ ਮਹਿਸੂਸ ਕਰਦੇ ਸਨ।

ਕਾਮਰੇਡ ਸੇਵਾ ਸਿੰਘ ਆਪਣੇ ਦੋਸਤਾਂ ਮਿੱਤਰਾਂ ਦੀ ਮੱਦਦ ਲਈ ਹਮੇਸ਼ਾਂ ਹੀ ਹਾਜ਼ਰ ਰਹਿੰਦਾ ਸੀ। ਇੱਕ ਵਾਰ ਸਾਨੂੰ ਪੈਸਿਆਂ ਦੀ ਲੋੜ ਪੈ ਗਈ ਤਾਂ ਮਲਕੀਤ (ਮੇਰੇ ਜੀਵਨ ਸਾਥੀ) ਨੇ ਉਸ ਕੋਲ ਗੱਲ ਕੀਤੀ ਤਾਂ ਉਸਨੇ 75 ਹਜ਼ਾਰ ਡਾਲਰ ਦੀ ਚੈੱਕ ਸੁਭਾਵਕ ਹੀ ਕੱਟ ਕੇ ਦੇ ਦਿੱਤੀ। ਅਸੀਂ ਹੈਰਾਨ ਸੀ ਕਿ ਕੈਨੇਡਾ ਵਰਗੇ ਦੇਸ਼ ਵਿੱਚ ਕੋਈ 5 ਸੌ ਡਾਲਰ ਵੀ ਕਿਸੇ ਨੂੰ ਸੋਚ ਸਮਝ ਕੇ ਦਿੰਦਾ ਹੈ ਪਰ ਉਹ ਬਹੁਤ ਹੀ ਮੱਦਦਗਾਰ ਇਨਸਾਨ ਸੀ। ਉਹਨਾਂ ਨੇ ਕਦੇ ਵੀ ਨਿੱਜੀ ਕੀਤੇ ਕੰਮ ਨੂੰ ਆਪਣਾ ਨਹੀਂ ਕਿਹਾ ਸਗੋਂ ਜਥੇਬੰਦਕ ਤੌਰ ਤੇ ਹੀ ਕੰਮ ਕੀਤਾ ਹੈ ਇਸ ਕਰਕੇ ਹੀ ਮੈਨੂੰ ਜਥੇਬੰਦੀਆਂ ਦੇ ਕੰਮਾਂ ਮੁਤਾਬਕ ਹੀ ਗੱਲ ਕਰਨੀ ਪਈ ਹੈ। ਅੱਜ ਜਦ ਉਹ ਸਾਡੇ ਕੋਲ ਨਹੀਂ ਹਨ ਤਾਂ ਉਹਨਾਂ ਨਾਲ ਬਿਤਾਏ ਸਮੇਂ ਤੇ ਜਥੇਬੰਦੀ ਤੇ ਕਮਿਊਨਿਟੀ ਲਈ ਕੀਤੇ ਗਏ ਕੰਮਾਂ ਨੂੰ ਅਸੀਂ ਕਦੇ ਵੀ ਭੁਲਾ ਨਹੀਂ ਸਕਦੇ। ਮੈਂ ਕਾਮਰੇਡ ਨੂੰ ਨਤਮਸਤਕ ਹੋ ਕੇ ਉਸਦੇ ਕੀਤੇ ਕੰਮਾਂ ਤੇ ਇੱਕ ਪੰਛੀ ਝਾਤ ਪਾਉਣੀ ਚਾਹੀ ਹੈ ਪਰ ਫਿਰ ਵੀ ਬਹੁਤ ਸਾਰੇ ਲੋਕ ਮੇਰੇ ਨਾਲੋਂ ਉਸਨੂੰ ਕਿਤੇ ਵਾਧੂ ਜਾਣਦੇ ਹੋਣਗੇ। ਪਰ ਮੈਂ ਇੰਨੇ ਸ਼ਬਦਾਂ ਨਾਲ ਉਹਨਾਂ ਨੂੰ ਸ਼ਰਧਾਂਜ਼ਲੀ ਭੇਂਟ ਕਰਦੀ ਹਾਂ। ਮੈਂ ਭੈਣਜੀ ਹਰਬੰਸ ਕੌਰ (ਪਤਨੀ), ਬੇਟਾ ਜਸਦੀਪ ਬਿਜ਼ਿੰਗ ਤੇ ਇਕਬਾਲ ਪੁਰੇਵਾਲ ਦਾ ਧੰਨਵਾਦ ਕਰਦੀ ਹਾਂ ਜਿਨ੍ਹਾਂ ਨੇ ਕਾਮਰੇਡ ਸੇਵਾ ਸਿੰਘ ਦੀ ਜ਼ਿੰਦਗੀ ਬਾਰੇ ਮੇਰੀ ਜਾਣਕਾਰੀ ਵਿੱਚ ਵਾਧਾ ਕੀਤਾ ਤੇ ਮੈਂ ਇਸਨੂੰ ਸ਼ਾਬਦਿਕ ਰੂਪ ਦੇ ਸਕੀ।

# ਉੱਘੇ ਅਰਥ-ਸਾਸਤਰੀ ਡਾ. ਸੁੱਚਾ ਸਿੰਘ ਗਿੱਲ ਨੇ ਵੈਬੀਨਾਰ ਵਿਚ ਕਿਸਾਨੀ ਅੰਦੋਲਨ ਦੇ ਪਿਛੋਕੜ, ਚੁਣੌਤੀਆਂ ਅਤੇ ਤਾਜੀ ਸਥਿਤੀ ਬਾਰੇ ਪਾਈ ਰੌਸ਼ਨੀ

## ਵੈਬੀਨਾਰ ਬਰੈਂਪਟਨ ਦੇ ਕਿਸਾਨ ਹਿਮਾਇਤੀ ਗਰੁੱਪ ਵੱਲੋਂ ਆਯੋਜਿਤ ਕੀਤਾ ਗਿਆ

ਬਰੈਂਪਟਨ, (ਡਾ. ਝੰਡ) -ਬਰੈਂਪਟਨ ਵਿਚ ਵਿਚਰ ਰਹੀਆਂ ਦਰਜਨ ਤੋਂ ਵਧੀਕ ਅਗਾਂਹ-ਵਧੂ ਜੱਥੇਬੰਦੀਆਂ ਦੇਆਧਾਰਿਤ ਕਿਸਾਨ ਹਿਮਾਇਤੀ ਗਰੁੱਪ ਵੱਲੋਂ ਲੰਘੇ ਐਤਵਾਰ 14 ਫਰਵਰੀ ਨੂੰ ਜ਼ੂਮ ਮਾਧਿਅਮ ਰਾਹੀਂ ਸ਼ਾਨਦਾਰ ਜ਼ੂਮਵੈਬੀਨਾਰ ਦਾ ਆਯੋਜਨ ਕੀਤਾ ਗਿਆ ਜਿਸ ਵਿਚ ਉੱਘੇ ਅਰਥ-ਸਾਸਤਰੀ ਡਾ. ਸੁੱਚਾ ਸਿੰਘ ਗਿੱਲ ਨੇ ਦਿੱਲੀ ਦੀਆਂਹੱਦਾਂ 'ਤੇ ਚੱਲ ਰਹੇ ਕਿਸਾਨੀ ਅੰਦੋਲਨ ਦੇ ਪਿਛੋਕੜ, ਦਰਪੇਸ਼ ਚੁਣੌਤੀਆਂ ਅਤੇ ਇਸ ਦੀ ਤਾਜੀ ਸਥਿਤੀ ਬਾਰੇ ਭਰਪੂਰਚਾਨਣਾ ਪਾਇਆ। ਡਾ. ਗਿੱਲ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਅਤੇ ਪੰਜਾਬੀ ਯੂਨੀਵਰਸਿਟੀਪਟਿਆਲਾ ਵਿਖੇ ਬਤੌਰ ਪ੍ਰੋਫੈਸਰ ਤੇ ਮੁਖੀ ਅਤੇ ਡੀਨ ਸੋਸਲ ਸਾਇੰਸਜ਼ ਵਜੋਂ ਸ਼ਾਨਦਾਰ ਸੇਵਾਵਾਂ ਨਿਭਾਉਣ ਤੋਂ ਬਾਅਦਅੱਜਕੱਲ੍ਹ ਬਰੈਂਪਟਨ ਵਿਚ ਆਪਣੇ ਪਰਿਵਾਰ ਨਾਲ ਰਹਿ ਰਹੇ ਹਨ। ਉਨ੍ਹਾਂ ਨੇ ਅਰਥ-ਸਾਸਤਰ ਦੇ ਵੱਖ-ਵੱਖ ਪਹਿਲੂਆਂ ਨਾਲ ਸਬੰਧਿਤ ਕਈ ਪੁਸਤਕਾਂ ਲਿਖੀਆਂ ਹਨ ਅਤੇ ਉਨ੍ਹਾਂ ਦੇ ਸੈਂਕੜੇ ਖੋਜ-ਪੱਤਰ ਨਾਮਵਰ ਭਾਰਤੀ ਅਤੇ ਵਿਦੇਸ਼ੀ ਖੋਜ-ਰਸਾਲਿਆਂ ਵਿਚ ਛਪ ਚੁੱਕੇ ਹਨ। ਇਹ ਜਾਣਕਾਰੀ ਵੈਬੀਨਾਰ ਦੇ ਆਰੰਭ ਵਿਚ ਉਨ੍ਹਾਂ ਦੀ ਜਾਣ-ਪਛਾਣ ਕਰਵਾਉਂਦਿਆਂ ਉਨ੍ਹਾਂ ਦੇ ਵਿਦਿਆਰਥੀ ਹਰਪਰਮਿੰਦਰ ਗਦਰੀ ਵੱਲੋਂ ਸਾਂਝੀ ਕੀਤੀ ਗਈ।

ਉਪਰੰਤ, ਵੈਬੀਨਾਰ ਦੀ ਸੰਚਾਲਕ ਡਾ. ਕੰਵਲਜੀਤ ਕੌਰ ਢਿੱਲੋਂ ਵੱਲੋਂ ਡਾ. ਸੁੱਚਾ ਸਿੰਘ ਗਿੱਲ ਨੂੰ ਇਸ ਕਿਸਾਨੀ ਅੰਦੋਲਨ ਵਿਚ ਬਾਰੇ ਆਪਣੇ ਵਿਚਾਰ ਪੇਸ਼ ਕਰਨ ਲਈ ਬੇਨਤੀ ਕੀਤੀ ਗਈ ਜਿਨ੍ਹਾਂ ਨੇ ਇਸ ਅੰਦੋਲਨ ਦੇ ਪਿਛੋਕੜ ਵਿਚ ਜਾਂਦਿਆਂ ਦੱਸਿਆ ਕਿ 5 ਜੂਨ ਨੂੰ ਭਾਰਤ ਸਰਕਾਰ ਵੱਲੋਂ ਕਰੋਨਾ ਮਹਾਂਮਾਰੀ ਦੇ ਚੱਲ ਰਹੇ ਦੌਰ ਦੇ ਦੌਰਾਨਕਿਸਾਨੀ ਦੇ ਸਬੰਧ ਵਿਚ ਤਿੰਨ ਆਰਡੀਨੈਂਸ ਲਿਆਂਦੇ ਗਏ ਜਿਨ੍ਹਾਂ ਨੂੰ ਸਤੰਬਰ ਮਹੀਨੇ ਪਾਰਲੀਮੈਂਟ, ਖਾਸ ਤੌਰ 'ਤੇਰਾਜ ਸਭਾ ਵਿਚ ਲੋੜੀਂਦਾ ਬਹੁਮੱਤ ਨਾ ਹੋਣ ਦੇ ਬਾਵਜੂਦ ਵੀ ਇਨ੍ਹਾਂ ਤਿੰਨਾਂ ਬਿੱਲਾਂ ਨੂੰ ਧੱਕੇ ਨਾਲ ਪਾਸ ਕਰਵਾ ਕੇ ਤਿੰਨ ਖੇਤੀਬਾੜੀ ਕਾਨੂੰਨਾਂ ਵਿਚ ਬਦਲ ਦਿੱਤਾ ਗਿਆ। ਪੰਜਾਬ ਦੇ ਕਿਸਾਨਾਂ ਵੱਲੋਂ ਇਨ੍ਹਾਂ ਕਾਲੇ ਕਾਨੂੰਨਾਂ ਦੇ ਵਿਰੁੱਧ ਅੰਦੋਲਨਸ਼ੁਰੂ ਕੀਤਾ ਗਿਆ ਜਿਸ ਦਾ ਪਹਿਲਾ ਪੜਾਅ ਰੇਲਾਂ ਰੋਕਣ, ਟੌਲ-ਪਲਾਜਿਆਂ ਨੂੰ ਟੌਲ-ਮੁਕਤ ਕਰਨ ਅਤੇ ਅੰਬਾਨੀ-ਅਡਾਨੀ ਦੇ ਵੱਡੇ-ਵੱਡੇ ਗੁਦਾਮਾਂ, ਪਲਾਜਿਆਂ ਤੇ ਗਰੋਸਰੀ ਸਟੋਰਾਂ ਨੂੰ ਘੇਰਨ ਦਾ ਸੀ। ਆਪਣੇ ਭਾਸ਼ਨ ਨੂੰ ਅੰਦੋਲਨ ਦੇਪੰਜ ਪੜਾਆਂ ਵਿਚ ਵੰਡਦਿਆਂ ਹੋਇਆਂ ਉਨ੍ਹਾਂ ਦੂਸਰੇ ਪੜਾਅ ਵਿਚ ਇਸ ਨੂੰ ਕਿਸਾਨ-ਆਗੂਆਂ ਵੱਲੋਂ ਕਿਸਾਨਾਂ ਨੂੰ 26 ਨਵੰਬਰ ਨੂੰ 'ਦਿੱਲੀ ਚਲੋ' ਦਾ ਨਾਅਰਾ ਦੇਣ ਤੇ ਇਸ ਲਈ ਲੋੜੀਦੀ ਤਿਆਰੀ ਕਰਨ ਅਤੇ ਤੀਸਰੇ ਪੜਾਅ ਵਿਚਇਸ ਨਾਅਰੇ ਨੂੰ ਅੰਜਾਮ ਦਿੰਦਿਆਂ ਹੋਇਆਂ ਕੇਂਦਰ ਸਰਕਾਰ ਦੇ ਕਹਿਣ 'ਤੇ ਹਰਿਆਣਾ ਦੀ ਬੀਜੇਪੀ ਸਰਕਾਰ ਵੱਲੋਂ ਦਿੱਲੀ ਜਾਣ ਵਾਲੇ ਰਸਤਿਆਂ ਵਿਚ ਖੜ੍ਹੀਆਂ ਕੀਤੀਆਂ ਗਈਆਂ ਰੁਕਾਵਟਾਂ ਨੂੰ ਦੂਰ ਕਰਦਿਆਂ ਹੋਇਆਂ ਦਿੱਲੀ ਦੀਆਂ ਹੱਦਾਂ ਤੱਕ ਪਹੁੰਚਣ ਅਤੇ ਉੱਥੇ ਡੇਰੇ ਜਮਾਉਣ ਦੀ ਗੱਲ ਕੀਤੀ ਜਿਸ ਵਿਚ ਹਰਿਆਣਾ-ਵਾਸੀਆਂ ਵੱਲੋਂਪੰਜਾਬੀਆਂ ਦਾ ਉਨ੍ਹਾਂ ਦੇ 'ਛੋਟੇ ਭਰਾਵਾਂ' ਦੇ ਤੌਰ 'ਤੇ ਭਰਪੂਰ ਸਹਿਯੋਗ ਦਿੱਤਾ ਗਿਆ।

ਡਾ. ਗਿੱਲ ਅਨੁਸਾਰ ਇਸ ਅੰਦੋਲਨ ਦਾ ਚੌਥਾ ਪੜਾਅ ਕੇਂਦਰ ਸਰਕਾਰ ਵੱਲੋਂ ਕਿਸਾਨ-ਆਗੂਆਂ ਨਾਲ ਗੱਲਬਾਤਆਰੰਭ ਕਰਨ ਦਾ ਸੀ ਜਿਸ ਵਿਚ ਖੇਤੀਬਾੜੀ ਮੰਤਰੀ ਰਜਿੰਦਰ ਸਿੰਘ ਤੋਮਰ, ਰੇਲ ਮੰਤਰੀ ਪਿਊਸ਼ ਗੋਇਲ ਅਤੇ ਰਾਜਮੰਤਰੀ ਸੋਮ ਪ੍ਰਕਾਸ ਵੱਲੋਂ ਉਨ੍ਹਾਂ ਨਾਲ 12 ਮੀਟਿੰਗਾਂ ਕੀਤੀਆਂ ਗਈਆਂ ਜੋ ਸਾਰੀਆਂ ਹੀ ਬੇ-ਸਿੱਟਾ ਰਹੀਆਂ। ਇਸਦੌਰਾਨ ਇਕ ਮੀਟਿੰਗ ਕੇਂਦਰੀ ਗ੍ਰਹਿ ਮੰਤਰੀ ਅਮਿਤ ਸਾਹ ਨਾਲ ਵੀ ਹੋਈ। ਕਿਸਾਨ ਆਗੂਆਂ ਨਾਲ ਆਖਰੀ ਮੀਟਿੰਗ 22 ਜਨਵਰੀ ਨੂੰ ਹੋਈ ਅਤੇ ਇਸ ਤੋਂ ਬਾਅਦ 26 ਜਨਵਰੀ ਨੂੰ ਜੋ ਕੁਝ ਹੋਇਆ ਵਾਪਰਿਆ, ਉਹ ਸਭ ਦੇਸਾਹਮਣੇ ਹੈ ਅਤੇ ਇਸ ਦੇ ਵਿਸਥਾਰ ਵਿਚ ਜਾਣ ਦੀ ਜਰੂਰਤ ਨਹੀਂ। ਉਸ ਤੋਂ ਬਾਅਦ ਹੁਣ ਇਨ੍ਹਾਂ ਮੀਟਿੰਗਾਂ ਦੇ'ਡੈੱਡਲਾਕ' ਵਾਲਾ ਪੰਜਵਾਂ ਪੜਾਅ ਚੱਲ ਰਿਹਾ ਹੈ ਜਿਸ ਨੂੰ ਖਤਮ ਕਰਨ ਲਈ ਕੋਈ ਵੀ ਧਿਰ ਅੱਗੇ ਨਹੀਂ ਆ ਰਹੀ।ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਇਸ ਅੰਦੋਲਨ ਨੂੰ ਲਮਕਾਉਣ ਲਈ ਸੁਪਰੀਮ ਕੋਰਟ ਦਾ ਵੀ ਸਹਾਰਾ ਲਿਆ ਗਿਆ ਜਿਸ ਦੇ ਵੱਲੋਂ 'ਚਾਰ-ਮੈਂਬਰੀ ਕਮੇਟੀ' ਬਣਾਈ ਗਈ ਜਿਸ ਨੇ ਦੋ ਮਹੀਨਿਆਂ ਤੋਂ ਬਾਅਦ ਆਪਣੀ ਰਿਪੋਰਟਦੇਣੀ ਹੈ। ਇਸ ਦੇ ਚਾਰ ਮੈਂਬਰਾਂ ਵਿੱਚੋਂ ਇਕ ਮੈਂਬਰ ਭੁਪਿੰਦਰ ਸਿੰਘ ਮਾਨ ਅਸਤੀਫਾ ਦੇ ਗਿਆ ਹੈ ਅਤੇ ਹੁਣ ਤਿੰਨ-ਮੈਂਬਰੀ ਕਮੇਟੀ ਹੀ ਆਪਣਾ ਕੰਮ ਕਰ ਰਹੀ ਹੈ ਜਿਸ ਦਾ ਕਿਸਾਨ ਆਗੂਆਂ ਵੱਲੋਂ ਬਾਈਕਾਟ ਕੀਤਾ ਗਿਆ ਹੈ।

ਕਿਸਾਨ ਅੰਦੋਲਨ ਨੂੰ ਦਰਪੇਸ਼ ਚੁਣੌਤੀਆਂ ਦਾ ਜਿਕਰ ਕਰਦਿਆਂ ਡਾ. ਗਿੱਲ ਨੇ ਕਿਹਾ ਕਿ ਇਸ ਸਮੇਂ ਦੋਹਾਂ ਧਿਰਾਂਵਿਚ 'ਡੈੱਡਲਾਕ' ਜਾਰੀ ਹੈ। 26 ਜਨਵਰੀ ਨੂੰ ਲਾਲ ਕਿਲ੍ਹੇ ਦੇ ਸਾਹਮਣੇ ਹੋਈਆਂ ਘਟਨਾਵਾਂ ਵਿਚ ਸਾਮਲ ਸੈਂਕੜੇ ਨੌਜੁਆਨ ਤੇ ਕਿਸਾਨ ਜੇਲ੍ਹਾਂ ਵਿਚ ਬੰਦ ਹਨ ਅਤੇ ਉਨ੍ਹਾਂ ਉੱਪਰ 307, 395-ਏ ਅਤੇ 120-ਬੀ ਵਰਗੀਆਂ ਸੰਗੀਨਧਾਰਾਵਾਂ ਅਧੀਨ ਮੁਕੱਦਮੇ ਦਰਜ ਕੀਤੇ ਗਏ ਹਨ। ਹੁਣ ਤੱਕ 200 ਤੋਂ ਵਧੀਕ ਕਿਸਾਨ ਇਸ ਅੰਦੋਲਨ ਵਿਚ ਸ਼ਹੀਦੀਆਂ ਪਾ ਚੁੱਕੇ ਹਨ ਅਤੇ ਸਰਕਾਰ ਦੇ ਕੰਨਾਂ 'ਤੇ ਅਜੇ ਤੱਕ ਕੋਈ ਜੂੰ ਨਹੀਂ ਸਰਕ ਰਹੀ। ਉਹ ਆਪਣੀ ਜਿਦ 'ਤੇਅੜੀ ਹੋਈ ਹੈ ਅਤੇ ਅੰਬਾਨੀ-ਅਡਾਨੀ ਵਰਗੇ ਪੂੰਜੀਪਤੀਆਂ ਦੇ ਹੱਕ ਵਿਚ ਲਿਆਂਦੇ ਗਏ ਕਾਨੂੰਨਾਂ ਨੂੰ ਵਾਪਸ ਲੈਣ ਦੇਰੌਂਅ ਵਿਚ ਨਹੀਂ ਹੈ। ਓਧਰ ਕਿਸਾਨ ਆਗੂ ਵੀ ਇਹ ਕਾਨੂੰਨ ਰੱਦ ਕਰਵਾਉਣ ਅਤੇ ਐੱਮ. ਐੱਸ. ਪੀ. ਨੂੰ ਕਾਨੂੰਨੀਦਰਜਾ ਦਿਵਾਉਣ ਤੇ ਫਸਲਾਂ ਦੀ ਖ੍ਰੀਦ ਨੂੰ ਯਕੀਨੀ ਬਨਾਉਣ ਲਈ ਬਜਿਦ ਹਨ। ਉਨ੍ਹਾਂ ਲਈ ਇਹ 'ਕਰੋ ਜਾਂ ਮਰੋ' ਦਾ ਸੁਆਲ ਬਣਿਆ ਹੋਇਆ ਹੈ, ਕਿਉਂਕਿ ਇਨ੍ਹਾਂ ਕਾਨੂੰਨਾਂ ਨਾਲ ਉਨ੍ਹਾਂ ਨੂੰ 3-4 ਸਾਲਾਂ ਵਿਚ ਕਿਸਾਨਾਂ ਦੀਆਂਜਮੀਨਾਂ ਖਿਸਕਣ ਦਾ ਡਰ ਹੈ।

ਉਨ੍ਹਾਂ ਕਿਹਾ ਕਿ ਇਸ ਵਿਚ ਕੋਈ ਦੋ ਰਾਵਾਂ ਨਹੀਂ ਹਨ ਕਿ ਕਿਸਾਨੀ ਆਗੂ ਬੜੀ ਸਮਝਦਾਰੀ ਤੋਂ ਕੰਮ ਲੈ ਕੇ ਇਸਅੰਦੋਲਨ ਨੂੰ ਸਾਂਤੀ-ਪੂਰਵਕ ਅੱਗੇ ਚਲਾਉਣ ਲਈ ਵਚਨਬੱਧ ਹਨ ਪਰ ਫਿਰ ਵੀ ਸਰਕਾਰੀ ਏਜੰਸੀਆਂ ਵੱਲੋਂ ਗੋਦੀਮੀਡੀਆ ਉੱਪਰ ਆਪਣੇ ਭੰਡੀ-ਪ੍ਰਚਾਰ ਨਾਲ ਯੂ.ਪੀ. ਦੇ ਕਿਸਾਨ ਲੀਡਰ ਰਾਕੇਸ਼ ਟਿਕੈਤ, ਹਰਿਆਣੇ ਦੇ ਲੀਡਰਗੁਰਨਾਮ ਸਿੰਘ ਚੜੂਨੀ ਅਤੇ ਪੰਜਾਬ ਦੇ ਲੀਡਰਾਂ ਵਿਚਕਾਰ ਦੀਵਾਰਾਂ ਖੜ੍ਹੀਆਂ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਰਾਜਨੀਤਕ ਆਗੂਆਂ ਅਤੇ ਰਾਜਸੀ ਪਾਰਟੀਆਂ ਵੱਲੋਂ ਅੰਦੋਲਨ ਵਿਚ ਦਖਲ ਦੇਣ ਦੇ ਯਤਨ ਜਾਰੀ ਹਨ। ਅੰਦੋਲਨਦੇ ਹੁਣ ਤੀਕ ਗੈਰ-ਰਾਜਨੀਤਕ ਰਹਿਣ ਦੇ ਬਾਵਜੂਦ ਕਈ ਰਾਜਸੀ ਪਾਰਟੀਆਂ ਦੇ ਨੇਤਾ ਗਾਜੀਪੁਰ ਬਾਰਡਰ 'ਤੇ ਕਿਸਾਨ ਆਗੂ ਰਾਕੇਸ਼ ਟਿਕੈਤ ਦੀ ਹਮਾਇਤ ਲਈ ਪਹੁੰਚੇ ਹਨ। ਰਾਜਸਥਾਨ ਵਿਚ ਕਾਂਗਰਸ ਪਾਰਟੀ ਵੱਲੋਂ ਦਖਲ-ਅੰਦਾਜ਼ੀ ਕਰਨ ਦੀ ਕੋਸਿਸ ਕੀਤੀ ਜਾ ਰਹੀ ਹੈ। ਡਾ. ਗਿੱਲ ਅਨੁਸਾਰ ਇਹ ਕਿਸਾਨ ਅੰਦੋਲਨ ਕੇਂਦਰ ਸਰਕਾਰ ਵੱਲੋਂਕਈ ਮਹੀਨਿਆਂ ਤੀਕ ਲੰਬਾ ਖਿਚਿਆ ਜਾ ਸਕਦਾ ਹੈ ਅਤੇ ਓਧਰ ਕਿਸਾਨ ਵੀ ਇਸ ਨੂੰ 'ਪੱਗੜੀ ਸੰਭਾਲ ਜੱਟਾ' ਅੰਦੋਲਨ ਵਾਂਗ 9-10 ਮਹੀਨੇ ਜਾਂ ਇਸ ਤੋਂ ਵੀ ਵੱਧ ਲੰਮਾ ਹੋ ਜਾਣ ਦੀ ਆਸ ਰੱਖਦੇ ਹਨ।

ਡਾ. ਗਿੱਲ ਦੇ ਭਾਸਨ ਤੋਂ ਬਾਅਦ ਵੈਬੀਨਾਰ ਵਿਚ ਹਾਜਰ ਮੈਂਬਰਾਂ ਵੱਲੋਂ ਉਨ੍ਹਾਂ ਨੂੰ ਈ-ਟ੍ਰੇਡਿੰਗ, ਕਾਂਟਰੈਕਟ-ਫਾਰਮਿੰਗ, ਅੰਤਰ-ਰਾਸਟਰੀ ਵਿਓਪਾਰ ਸੰਸਥਾ ਡਬਲਿਊ. ਟੀ.ਓ. ਦੀ ਭੂਮਿਕਾ, ਐੱਨ. ਆਰ. ਆਈਜ ਵੱਲੋਂ ਇਸ ਅੰਦੋਲਨ ਵਿਚ ਭਾਗ ਲੈਣ ਸਬੰਧੀ ਕਈ ਸਵਾਲ ਕੀਤੇ ਗਏ ਜਿਨ੍ਹਾਂ ਦੇ ਤਸੱਲੀਪੂਰਵਕ ਜੁਆਬ ਡਾ. ਗਿੱਲ ਵੱਲੋਂ ਦਿੱਤੇ ਗਏ। ਇਸ ਵੈਬੀਨਾਰ ਵਿਚ ਬਰੈਂਪਟਨ ਤੇ ਜੀਟੀਏ ਦੇ ਸਮਸਾਦ ਇਲਾਹੀ, ਹਰਿੰਦਰ ਹੁੰਦਲ, ਸੁਰਜੀਤ ਸਹੋਤਾ, ਡਾ: ਹਰਦੀਪ ਅਟਵਾਲ, ਹਰਜਸਪ੍ਰੀਤ ਕੌਰ ਗਿੱਲ ਅਤੇ ਹੋਰ ਸਹਿਰਾਂ ਤੋਂ ਇਲਾਵਾ ਬ੍ਰਿਟਿਸ਼ ਕੋਲੰਬੀਆ ਸੂਬੇ ਤੋਂ ਡਾ. ਸੁਰਿੰਦਰਧੰਜਲ, ਵੈਨਕੂਵਰ ਤੋਂ ਡਾ. ਸਾਧੂ ਬਿਨਿੰਗ, ਸਰੀ ਬੀਸੀ ਤੋਂ ਨਵਜੋਤ ਢਿੱਲੋਂ ਤੇ ਹਰਦੇਵ ਸਿੰਘ, ਅਲਬਰਟਾ ਸੂਬੇ ਦੇ ਕੈਲਗਰੀ ਸ਼ਹਿਰ ਤੋਂ ਐਡਮਿੰਟਨ ਤੋਂ ਜਸਵੀਰ ਮੰਗੂਵਾਲ, ਅਮਰੀਕਾ ਤੋਂ ਸੁਰਿੰਦਰ ਖਹਿਰਾ ਸਮਰਾ ਸਮੇਤ 50 ਤੋਂ ਵਧੀਕ ਲੋਕ ਸ਼ਾਮਲ ਹੋਏ। ਸਮਾਗਮ ਦੀ ਸਮੁੱਚੀ ਕਾਰਵਾਈ ਨੂੰ ਡਾ. ਬਲਜਿੰਦਰ ਸੇਖੋਂ ਨੇ ਖੂਬਸੂਰਤ ਸਬਦਾਂ ਵਿਚ ਸਮੇਟਦਿਆਂ ਹੋਇਆਂ ਕਿਹਾ ਕਿ ਭਾਰਤ ਦੇ ਕਿਸਾਨਾਂ ਦੀ ਇਹ ਲੜਾਈ ਕੇਂਦਰ ਸਰਕਾਰ ਅਤੇ ਅੰਬਾਨੀ-ਅਡਾਨੀ ਵਿਚਕਾਰ ਹੀ ਨਹੀਂ, ਸਗੋਂ ਇਹ ਤਾਂ ਅਜੋਕੇ ਸਿਸਟਮ ਨਾਲ ਹੈ। ਕੇਂਦਰ ਸਰਕਾਰ ਨਾਲ ਇਸ ਲੜਾਈ ਵਿਚ ਜਦੋਂ ਕਿਸਾਨਾਂ ਦੀ ਜਿੱਤ ਹੋ ਜਾਂਦੀ ਹੈ ਤਾਂ ਫਿਰ ਬਾਅਦ ਵਿਚ ਉਨ੍ਹਾਂ ਨੂੰ ਇਸ ਸਿਸਟਮ ਨਾਲ ਲੜਨਾ ਪਵੇਗਾ। ਅਖੀਰ ਵਿਚ ਪ੍ਰੋ. ਜਗੀਰ ਸਿੰਘ ਕਾਹਲੋਂ ਵੱਲੋਂ ਸੰਯੁਕਤ ਕਿਸਾਨ ਮੋਰਚੇ ਵੱਲੋਂ ਦਿੱਤੇ ਗਏ ਹਰੇਕ ਸੱਦੇ ਦਾ ਬਰੈਂਪਟਨ ਦੇ ਕਿਸਾਨ ਹਮਾਇਤੀ ਮੋਰਚੇ ਵੱਲੋਂ ਭਰੇ ਗਏ ਭਰਪੂਰ ਹੁੰਗਾਰੇ ਦਾ ਜਿਕਰ ਕਰਦਿਆਂ ਹੋਇਆਂ ਸਮਾਗਮ ਦੇ ਮੁੱਖ-ਵਕਤਾ ਡਾ. ਸੁੱਚਾ ਸਿੰਘ ਗਿੱਲ ਅਤੇ ਸਮੂਹ ਹਾਜ਼ਰੀਨ ਦਾ ਇਸ ਸਮਾਗਮ ਵਿਚ ਹਿੱਸਾ ਲੈਣ ਲਈ ਹਾਰਦਿਕ ਧੰਨਵਾਦ ਕੀਤਾ ਗਿਆ।

## ਇਕ ਅਣਥੱਕ ਸਮਾਜ ਸੇਵਕ ਚਰਨਪਾਲ ਗਿੱਲ



ਚਰਨਪਾਲ ਗਿੱਲ ਦਾ ਜਨਮ ਹਾਂਗਕਾਂਗ ਵਿਚ ਹੋਇਆ ਪਰ ਦੂਜੀ ਵੱਡੀ ਲੜਾਈ ਸਮੇਂ ਪਰਿਵਾਰ ਪਿੰਡ ਮਹਿਲ ਖੁਰਦ ਆ ਕੇ ਰਹਿਣ ਲੱਗ ਪਿਆ। ਮਹਿਲ ਖੁਰਦ ਵਿਚ ਚਰਨਪਾਲ ਪਹਿਲਾ ਵਿਅਕਤੀ ਸੀ ਜਿਸ ਨੇ ਐਮ.ਏ. ਕੀਤੀ। ਉਨੀ ਸੌ ਸਤਾਹਠ ਵਿਚ ਚਰਨਪਾਲ ਕੈਨੇਡਾ ਪਹੁੰਚ ਗਿਆ। ਕੈਨੇਡਾ ਆ ਕੇ ਚਰਨਪਾਲ ਨੇ ਸੋਸ਼ਲ ਵਰਕਰ ਦੇ ਤੌਰ 'ਤੇ ਕੰਮ ਕੀਤਾ। ਸਰੀ ਵਿਚ ਰਹਿੰਦਿਆਂ ਚਰਨਪਾਲ ਨੇ ਫਾਰਮ ਵਰਕਰਾਂ ਦੀ ਤਰਸਯੋਗ ਹਾਲ ਦੇਖੀ। ਇਥੇ ਹੀ ਉਸ ਨੇ ਕੁਝ ਸਾਥੀਆਂ ਨਾਲ ਰਲ ਕੇ ਕੈਨੇਡੀਅਨ ਫਾਰਮ ਵਰਕਰ ਯੂਨੀਅਨ ਬਣਾਈ। ਕੈਨੇਡੀਅਨ ਫਾਰਮ ਵਰਕਰ ਯੂਨੀਅਨ ਨੇ ਫਾਰਮ ਵਰਕਰਾਂ ਦੀ ਹਾਲਤ ਸੁਧਾਰਨ ਲਈ ਬਹੁਤ ਕੰਮ ਕੀਤਾ ਤੇ ਬਹੁਤਿਆਂ ਦੇ ਡੁੱਬ ਗਏ ਪੈਸੇ ਵਾਪਸ ਦਿਵਾਏ। ਇਸੇ ਹੀ ਸਮੇਂ ਚਰਨਪਾਲ ਨੇ ਨਸਲਵਾਦ ਵਿਰੋਧੀ ਸੰਘਰਸ਼ ਕਮੇਟੀ ਦੀ ਸਥਾਪਨਾ ਕੀਤੀ ਅਤੇ ਵੈਨਕੂਵਰ ਵਿਚੋਂ ਕੂ ਕਲੱਕਸ ਕਲੈਨ ਦਾ ਦਫ਼ਤਰ ਬੰਦ ਕਰਾਇਆ। ਬਜ਼ੁਰਗਾਂ ਦੀ ਹਾਲਤ ਸੁਧਾਰਨ ਲਈ ਚਰਨਪਾਲ ਨੇ ਇਕ ਨਾਨ ਪ੍ਰਾਫਿਟ ਸੀਨੀਅਰ ਹੋਮ ਦੀ ਸਥਾਪਨਾ ਕੀਤਾ। ਸਾਰੀ ਉਮਰ ਚਰਨਪਾਲ ਲੋਕਾਂ ਦੀ ਖਾਤਰ ਦਿਨ ਰਾਤ ਇਕ ਕਰਦਾ ਰਿਹਾ। ਦੋ ਫਰਵਰੀ ਵੀਹ ਸੌ ਇੱਕੀ ਨੂੰ ਚਰਨਪਾਲ ਕੈਂਸਰ ਦੀ ਬਿਮਾਰੀ ਨਾਲ ਜੂਝਦਾ ਹੋਇਆ ਇਸ ਦੁਨੀਆਂ ਤੋਂ ਰੁਖ਼ਸਤ ਹੋ ਗਿਆ, ਮਰਨ ਸਮੇਂ ਵੀ ਚਰਨਪਾਲ ਸੰਤ ਰਾਮ ਉਦਾਸੀ ਦਾ ਗੀਤ ਉਠ ਕਿਰਤੀਆ ਉਠ ਵੇ ਉਠਣ ਦਾ ਵੇਲਾ ਸੁਣ ਰਿਹਾ ਸੀ। ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਅਤੇ ਅਦਾਰਾ' ਸਰੋਕਾਰਾਂ ਦੀ ਆਵਾਜ਼' ਇਸ ਮਹਾਨ ਯੋਧੇ ਨੂੰ ਸਲਾਮ ਕਰਦਾ ਹੈ।

## ਜਗਤਾਰ ਸਲਾਮ ਦੀਆਂ ਕਵਿਤਾਵਾਂ



1
ਘੁਲ ਗਿਆ ਹੈ ਜ਼ਹਿਰ ਇੰਨਾ ਰੇਤ ਅੰਦਰ
ਮਰ ਰਹੇ ਮਜ਼ਦੂਰ ਨਿੱਤ ਹੀ ਖੇਤ ਅੰਦਰ

ਏਸ ਤੋਂ ਵੱਧ ਕੀ ਤਪਾਏਗਾ ਕੋਈ ਵੀ
ਤਪ ਰਿਹਾਂ ਮੈਂ ਤਾਂ ਲਹੂ ਦੇ ਸੇਕ ਅੰਦਰ

ਜ਼ਿੰਦਗੀ ਦਾ ਬੀਜ ਬੀਜਣ ਜੋ ਗਏ ਸੀ
ਕਰ ਗਏ ਨੇ ਖ਼ੁਦਕੁਸ਼ੀ ਉਹ ਖੇਤ ਅੰਦਰ

ਹੋਰ ਹੈ ਨੀਂ ਖੂਹ ਚ ਬਸ! ਇਸ ਤੋਂ ਬਿਨਾਂ ਕੁਝ
ਨੀਰ ਦੀ ਥਾਂ ਲਾਸ਼ ਹੈ ਨਾ ਦੇਖ ਅੰਦਰ

2
ਮੇਰੇ ਘਰ ਚਿੱਠੀ ਸਰਕਾਰੀ ਆਈ ਹੈ
ਚੱਲ ਸਾਲਮ! ਹੁਣ ਤੇਰੀ ਵਾਰੀ ਆਈ ਹੈ

ਤੇਰੇ ਸਾਹਵੇਂ ਤਾਂ ਬਸ! ਫੌਜਾਂ ਆਈਆਂ ਸਨ
ਮੇਰੇ ਸਾਹਵੇਂ ਦੁਨੀਆਂਦਾਰੀ ਆਈ ਹੈ

ਦੇਖੋ! ਜ਼ਹਿਰ ਕਿਸਾਨਾਂ ਨੂੰ ਹੀ ਮਾਰ ਰਿਹੈ
ਫਸਲਾਂ ਨੂੰ ਇਹ ਕਿਹੀ ਬਿਮਾਰੀ ਆਈ ਹੈ

ਵੋਟਾਂ ਬਦਲੇ ਸਾਡੇ ਹਿੱਸੇ ਵਿਚ ਤਾਂ ਬਸ!
ਅਨਪੜ੍ਹਤਾ ਤੇ ਬੇਰੁਜ਼ਗਾਰੀ ਆਈ ਹੈ

ਹੁਣ ਸਾਡੇ ਤੋਂ ਸਿਰ ਤੇ ਸਾਂਭੀ ਜਾਵੇ ਨਾ
ਸਿਰ ਦੇ ਕੇ ਜਿਹੜੀ ਸਰਦਾਰੀ ਆਈ ਹੈ

ਚੰਗਾ ਹੈ ਜੇ ਸਿਰ ਦੇ ਕੇ ਇਹ ਨਿਭ ਜਾਵੇ
ਸਾਡੇ ਸਿਰ 'ਤੇ ਜ਼ਿੰਮੇਵਾਰੀ ਆਈ ਹੈ

3
ਆਖ਼ਰ ਕਦ ਤਕ ਏਦਾਂ ਆਪਾਂ ਲੁਕ ਲੁਕ ਜਾਨ ਬਚਾਵਾਂਗੇ
ਧਾਰ ਲਈ ਹੈ ਮੈਂ ਤਾਂ ਮਨ ਵਿਚ ਚੀਕਾਂ ਮਾਰ ਜਗਾਵਾਂਗੇ

ਦੋਚਿੱਤੀ ਝੋਲੇ ਵਿਚ ਪਾ ਲੈ ਲਾਹ ਦੇ ਸਾਲਮ ਐਨਕ ਨੂੰ
ਲਾਲ ਕਿਲੇ ਦੇ ਉਪਰ ਚੜ ਕੇ ਸੂਰਜ ਥੱਲੇ ਲਾਹਵਾਂਗੇ

ਹੁਣ ਧੁਖ਼ਦੇ ਹੋਏ ਦਿਲ ਨੂੰ ਲੈ ਕੇ ਮੰਜ਼ਿਲ ਸਰ ਨੀਂ ਹੋ ਸਕਦੀ
ਖ਼ੁਦ ਨੂੰ ਲਾਂਬੂ ਲਾ ਕੇ ਯਾਰੋ ਰਾਹਾਂ ਨੂੰ ਰੁਸ਼ਨਾਵਾਂਗੇ

ਕੁਝ ਨਾ ਕੁਝ ਕਰਨਾ ਪੈਣਾ ਨਈਂ ਤਾਂ ਫਿਰ ਹੁਣ ਮਰਨਾ ਪੈਣਾ
ਏਦਾਂ ਘਰ ਨੂੰ ਵਾਪਸ ਆਪਾਂ ਕੀ ਮੂੰਹ ਲੈ ਕੇ ਜਾਵਾਂਗੇ

ਦੇਖੀਂ ਗੈਰਾਂ ਪਿੱਛੇ ਲੱਗ ਕੇ ਜੰਗਲ ਨੂੰ ਭੁੱਲ ਬੈਠੀਂ
ਇਕ ਵਾਰੀ ਤਾਂ ਗੱਲ ਕਰਾਂਗੇ ਪੌਣਾਂ ਨੂੰ ਸਮਝਾਵਾਂਗੇ

ਜਿਗਰ ਦਲੇਰੀ ਹਠ ਕੁਰਬਾਨੀ ਜੰਗਲ ਸਾਨੂੰ ਦੇਵੇਗਾ
ਕਿਰਪਾਨ ਕਿਤਾਬਾਂ ਦਾਤੀ ਕਹੀਆਂ ਸ਼ਹਿਰੋਂ ਲੈ ਕੇ ਆਵਾਂਗੇ

ਹਰ ਵਾਰੀ ਹੀ ਰਹਿ ਜਾਵੇ ਅੰਬਰ ਨੂੰ ਟਾਕੀ ਲਾਵਾਂਗੇ
ਭੱਜਦੇ ਸੈਨਿਕ ਘੇਰ ਲਵਾਂਗੇ ਐਸੀ ਜੁਗਤ ਬਣਾਵਾਂਗੇ

4
ਚੋਰ ਸਿਪਾਹੀ ਮਿਲ ਕੇ ਬਾਜ਼ੀ ਖੇਡ ਰਹੇ
ਹਾਕਮ ਪੰਡਤ ਮੁੱਲਾ ਕਾਜੀ ਖੇਡ ਰਹੇ

ਗੰਗਾ ਵਿਚ ਜੋ ਗੋਤੇ ਲਾਉਣ ਉਹੀ ਬੰਦੇ
ਮੱਕੇ ਦੇ ਵਿਚ ਹਾਜੀ ਹਾਜੀ ਖੇਡ ਰਹੇ

ਦੇਖ ਤਮਾਸ਼ਾ ਸ਼ਹਿਰ 'ਚ ਕਿੰਨਾ ਡਰ ਲਗਦੈ
ਧੜ ਤੋਂ ਸਿਰ ਲਾਹ ਲਾਹ ਕੇ ਗਾਜੀ ਖੇਡ ਰਹੇ

ਕੁਝ ਚਿਰ ਪਿੱਛੋਂ ਇਹਨਾਂ ਨੇ ਮਰ ਜਾਣਾ ਹੈ
ਲੋਕੀਂ ਜੋ ਸਿਰ ਧੜ ਦੀ ਬਾਜ਼ੀ ਖੇਡ ਰਹੇ

5
ਜ਼ਹਿਰ ਪਿਆਲੇ 'ਚੋਂ ਘੁੱਟ ਭਰ ਕੇ ਵੇਖਾਂਗੇ
ਜਿਉਂਦੇ ਜੀਅ ਇਕ ਵਾਰੀ ਮਰ ਕੇ ਵੇਖਾਂਗੇ

ਜਾਨ ਤਲੀ 'ਤੇ ਧਰ ਕੇ ਉਡਣਾ ਪੈਣਾ ਹੈ
ਅੰਬਰ ਵੱਲ ਕਦ ਤਕ ਡਰ ਡਰ ਕੇ ਵੇਖਾਂਗੇ

ਪਰਖਾਂਗੇ ਹੁਣ ਕਤਰਾ ਹਰ ਇੱਕ ਲਹੂ ਦਾ
ਆਪਣੀ ਦੇਹ ਆਰੇ ਤੇ ਧਰ ਕੇ ਵੇਖਾਂਗੇ

ਖ਼ਬਰ ਨਹੀਂ ਸੀ ਇਹ ਵੀ ਹੋਣਾ ਬਾਕੀ ਹੈ
ਲੋਥ ਨਦੀ ਦੀ ਅੱਖਾਂ ਭਰ ਕੇ ਵੇਖਾਂਗੇ

6
ਜੇ ਰਹੇ ਬੈਠੇ ਸਦਾ ਇਉਂ ਢਾਹ ਕੇ ਢੇਰੀ ਕੀ ਬਣੇਗਾ
ਜੇ ਨਾ ਰੋਕੀ ਵਗ ਰਹੀ ਕਾਲੀ ਹਨੇਰੀ ਕੀ ਬਣੇਗਾ

ਰਾਤ ਭਰ ਹੁਣ ਚੋਰ ਤੇ ਦਿਨ ਵਿਚ ਡਰਾਉਂਦੇ ਨੇ ਸਿਪਾਹੀ
ਲੜਨ ਦੇ ਵਿਚ ਹੋ ਗਈ ਜੇ ਹੋਰ ਦੇਰੀ ਕੀ ਬਣੇਗਾ

ਇਹ ਸੁਨੇਹਾ ਭੇਜਣਾ ਹੈ ਮੈਂ ਤਾਂ ਬਸ ਦਰਬਾਰ ਤੀਕਰ
ਫੜ ਗਿਆ ਜੇ ਮਰ ਰਿਹਾ ਬੰਦਾ ਦਲੇਰੀ ਕੀ ਬਣੇਗਾ

ਸੋਚ ਤਾਂ ਦਿਨ ਦੀ ਉਮਰ ਹਰ ਦਿਨ ਹੀ ਘਟਦੀ ਜਾ ਰਹੀ ਏ
ਹੋ ਗਈ ਜੇ ਰਾਤ ਉਮਰਾਂ ਤੋਂ ਲੰਮੇਰੀ ਕੀ ਬਣੇਗਾ

7
ਤੁਸੀਂ ਬਸ ਹੌਸਲਾ ਰੱਖੋ ਕਿ ਰਾਹ ਵਿਚ ਜੋਤ ਮਿਲਦੀ ਹੈ
ਬੜਾ ਕੁਝ ਮਗਰੋਂ ਮਿਲਦਾ ਹੈ ਕਿ ਪਹਿਲਾਂ ਮੌਤ ਮਿਲਦੀ ਹੈ

ਨਹੀਂ ਹੁਣ ਹਾਰ ਨੀਂ ਸਕਦੇ ਕਿ ਬਾਜ਼ੀ ਮਾਰ ਜਾਵਾਂਗੇ
ਹਵਾਵਾਂ ਨੂੰ ਝੁਕਾ ਦਿੰਦੇ ਜਿਨ੍ਹਾਂ ਦੀ ਸੋਚ ਮਿਲਦੀ ਹੈ

ਰਹੋ ਬਚ ਕੇ ਅਤੇ ਘਰ ਖੇਤ ਵੀ ਮਹਿਫੂਜ਼ ਰੱਖਣੇ ਨੇ
ਹਵਾ ਤੇ ਅੱਗ ਦੀ ਯਾਰੋ ਯੁਗਾਂ ਤੋਂ ਜੋਟ ਮਿਲਦੀ ਹੈ

ਇਹੀ ਹਥਿਆਰ ਹੈ ਹਲ ਦੀ ਘੜੀ ਖ਼ੁਦ ਨੂੰ ਬਚਾਈ ਰੱਖ
ਬਣਾ ਲੈ ਮੋਰਚਾ ਉੱਥੇ ਜਿੱਥੇ ਵੀ ਓਟ ਮਿਲਦੀ ਹੈ

8
ਆਖ਼ਰ ਕਦ ਤਕ ਏਦਾਂ ਆਪਾਂ ਲੁਕ ਲੁਕ ਜਾਨ ਬਚਾਵਾਂਗੇ
ਧਾਰ ਲਈ ਹੈ ਮੈਂ ਤਾਂ ਮਨ ਵਿਚ ਚੀਕਾਂ ਮਾਰ ਜਗਾਵਾਂਗੇ

ਦੋਚਿੱਤੀ ਝੋਲੇ ਵਿਚ ਪਾ ਲੈ ਲਾਹ ਦੇ ਸਾਲਮ ਐਨਕ ਨੂੰ
ਲਾਲ ਕਿਲੇ ਦੇ ਉਪਰ ਚੜ ਕੇ ਸੂਰਜ ਥੱਲੇ ਲਾਹਵਾਂਗੇ

ਹੁਣ ਧੁਖ਼ਦੇ ਹੋਏ ਦਿਲ ਨੂੰ ਲੈ ਕੇ ਮੰਜ਼ਿਲ ਸਰ ਨੀਂ ਹੋ ਸਕਦੀ
ਖ਼ੁਦ ਨੂੰ ਲਾਂਬੂ ਲਾ ਕੇ ਯਾਰੋ ਰਾਹਾਂ ਨੂੰ ਰੁਸ਼ਨਾਵਾਂਗੇ

ਕੁਝ ਨਾ ਕੁਝ ਕਰਨਾ ਪੈਣਾ ਨਈਂ ਤਾਂ ਫਿਰ ਹੁਣ ਮਰਨਾ ਪੈਣਾ
ਏਦਾਂ ਘਰ ਨੂੰ ਵਾਪਸ ਆਪਾਂ ਕੀ ਮੂੰਹ ਲੈ ਕੇ ਜਾਵਾਂਗੇ

ਦੇਖੀਂ ਗੈਰਾਂ ਪਿੱਛੇ ਲੱਗ ਕੇ ਜੰਗਲ ਨੂੰ ਭੁੱਲ ਬੈਠੀਂ
ਇਕ ਵਾਰੀ ਤਾਂ ਗੱਲ ਕਰਾਂਗੇ ਪੌਣਾਂ ਨੂੰ ਸਮਝਾਵਾਂਗੇ

ਜਿਗਰ ਦਲੇਰੀ ਹਠ ਕੁਰਬਾਨੀ ਜੰਗਲ ਸਾਨੂੰ ਦੇਵੇਗਾ
ਕਿਰਪਾਨ ਕਿਤਾਬਾਂ ਦਾਤੀ ਕਹੀਆਂ ਸ਼ਹਿਰੋਂ ਲੈ ਕੇ ਆਵਾਂਗੇ

ਹਰ ਵਾਰੀ ਹੀ ਰਹਿ ਜਾਵੇ ਅੰਬਰ ਨੂੰ ਟਾਕੀ ਲਾਵਾਂਗੇ
ਭੱਜਦੇ ਸੈਨਿਕ ਘੇਰ ਲਵਾਂਗੇ ਐਸੀ ਜੁਗਤ ਬਣਾਵਾਂਗੇ

9
ਜਿਵੇਂ ਕੁਝ ਗੁੰਮ ਗਿਆ ਹੋਵੇ ਜਿਵੇਂ ਕੁਝ ਟੋਲ੍ਹਦੀ ਲੰਘੇ
ਬੜਾ ਡਰ ਲੱਗਦੈ ਮੈਨੂੰ ਹਵਾ ਜਦ ਕੋਲ ਦੀ ਲੰਘੇ

ਖ਼ਰੇ ਕੀ ਚੁੱਕ ਲਿਆ ਉਸਦਾ ਦੁਖੀ ਹਰ ਆਦਮੀ ਹੋਇਆ
ਜਦੋਂ ਵੀ ਅੱਗ ਲੰਘੇ ਕੁਝ ਨਾ ਕੁਝ ਉਹ ਬੋਲਦੀ ਲੰਘੇ

ਕਿ ਗਹਿਰਾ ਰਾਜ਼ ਹੋਵੇਗਾ ਕੋਈ ਮਾਂ ਇਉਂ ਨਹੀਂ ਕਰਦੀ
ਸਿਵੇ ਚੋਂ ਲੰਘਦੀ ਹੋਈ ਸਿਵੇ ਨੂੰ ਫੋਲ੍ਹਦੀ ਲੰਘੇ

10
ਤੁਹਾਨੂੰ ਦੱਸ ਨੀਂ ਸਕਦਾ ਉਹ ਮੰਜ਼ਰ ਕਿਸ ਤਰ੍ਹਾਂ ਦਾ ਹੈ
ਨਦੀ ਉੱਛਲ ਕੇ ਜਦ ਮਾਰੂਥਲਾਂ ਦੇ ਕੋਲ ਦੀ ਲੰਘੇ

ਪਤਾ ਨੀਂ ਫੇਰ ਵੀ ਕਿਉਂ ਮੈਂ ਕਦੇ ਕੁਝ ਕਰ ਨਹੀਂ ਸਕਿਆ
ਲਹੂ ਦੀ ਇਕ ਨਦੀ ਮੇਰੀ ਰਗਾਂ ਵਿਚ ਖੌਲ਼ਦੀ ਲੰਘੇ

11
ਕਿਸੇ ਨੂੰ ਦੁਖ ਕਦੇ ਕੋਈ ਇੰਨਾ ਬਾਰੀਕ ਨਾ ਹੋਵੇ
ਕਿ ਜਿਹੜਾ ਚੀਕ ਮਾਰੇ ਤੋਂ ਵੀ ਯਾਰੋ! ਠੀਕ ਨਾ ਹੋਵੇ

ਇਸੇ ਕਾਰਣ ਅਸੀਂ ਇਕ ਦੂਸਰੇ ਤੋਂ ਤਕ ਪੁੱਜ ਪਾਏ ਨਾ
ਮੇਰੇ ਤੋਂ ਦੌੜ ਨੀਂ ਹੁੰਦਾ ਤੇ ਉਸ ਤੋਂ ਡੀਕ ਨਾ ਹੋਵੇ

ਇਹ ਕੈਸੀ ਹੋਂਦ ਹੈ ਜੋ ਆਪਣੀ ਮਿੱਟੀ ਤੋਂ ਰਹੇ ਮੁਨਕਰ
ਕਿ ਤੇਰੀ ਖ਼ਾਕ ਮੇਰੀ ਖ਼ਾਕ ਦੇ ਨਜ਼ਦੀਕ ਨਾ ਹੋਵੇ

ਸਿਵੇ ਦੀ ਅੱਗ ਬਸ ਯਾਰੋ! ਇਸੇ ਗੱਲੋਂ ਹੀ ਡਰਦੀ ਹੈ
ਕਿ ਮੇਰੀ ਪਹੁੰਚ ਕਿੱਧਰੇ ਦੂਰ ਦਰਿਆ ਤੀਕ ਨਾ ਹੋਵੇ

ਪਿਆ ਹੈ ਸੜਕ ਤੇ ਜਿਹੜਾ ਦਵਾ ਦਾਰੂ ਕਰੋ ਇਸਦੀ
ਕਿਤੇ ਅਪਣੇ ਨਗਰ ਦਾ ਹੀ ਕੋਈ ਵਸਨੀਕ ਨਾ ਹੋਵੇ

12
ਲਾ ਦਿਓ ਯਾਰੋ! ਸੁਨੇਹਾ ਇਕ ਅਸਾਡਾ ਨੇਰ ਤੀਕਰ
ਚੁੱਪ ਨਹੀਂ ਰਹਿਣਾ ਅਸੀਂ ਹੁਣ ਹੋਰ ਬਹੁਤੀ ਦੇਰ ਤੀਕਰ

ਬਸ! ਉਦੋਂ ਘੇਰ ਲੈਣਾ ਜਾਣ ਨੀਂ ਦੇਣਾ ਕੋਈ ਵੀ
ਚੋਰ ਪੁੱਜਣਗੇ ਜਿਵੇਂ ਹੀ ਦਾਣਿਆ ਦੇ ਢੇਰ ਤੀਕਰ

ਸਾਰਿਆਂ ਮੁਸ਼ਤੈਦ ਰਹਿਣਾ ਮਿਲ ਕੇ ਹੱਲਾ ਬੋਲਣਾ ਹੈ
ਘੇਰ ਲੈਣਾ ਹੈ ਹਵਾ ਨੂੰ ਬਸ! ਅਸੀਂ ਕੁਝ ਦੇਰ ਤੀਕਰ

## ਸੂਹੀ ਸਜਰੀ ਸਵੇਰ

ਕਾਮਰੇਡ ਤਾਂ ਕਾਮਰੇਡ ਹੁੰਦੇ ਆ,
ਅਣਥੱਕ, ਜੁਝਾਰੂ ਤੇ ਨਿਧੜਕ ਯੋਧੇ,
ਦੱਬੇ-ਕੁਚਲੇ ਤੇ ਗਰੀਬੜੇ ਲੋਕਾਂ ਲਈ ਲੜਨ ਵਾਲੇ,
ਉੱਚੀ ਤੇ ਸੁੱਚੀ ਸੋਚ ਵਾਲੇ ਇਨਕਲਾਬੀ,
ਜੋ ਆਖਰੀ ਸਾਹਾਂ ਤੱਕ ਨਿਭਾਉਂਦੇ ਨੇ ਸਿਦਕ,
ਆਪਣੇ ਅਸੂਲਾਂ ਤੇ ਵਿਚਾਰਾਂ ਦੇ ਨਾਲ,
ਮੌਤ ਦੀ ਪ੍ਰਵਾਹ ਕੀਤਿਆਂ ਬਿਨਾਂ,
ਟਕਰਾਉਂਦੇ ਨੇ ਜਾਲਿਮ ਸਰਕਾਰਾਂ ਦੇ ਨਾਲ,
ਕਾਮਰੇਡ ਬਣਨਾ ਕੋਈ ਸੌਖਾ ਨੀਂ ਹੁੰਦਾ,
ਜਾਨ ਤਲੀ ਤੇ ਧਰਨਾ ਕੋਈ ਸੌਖਾ ਨੀਂ ਹੁੰਦਾ,
ਤੱਤੀਆਂ ਹਵਾਵਾਂ ਦੇ ਖਿਲਾਫ ਖੜ੍ਹਨਾ,
ਕੋਈ ਸੌਖਾ ਨੀਂ ਹੁੰਦਾ,
ਕੋਈ ਵਿਰਲਾ ਹੀ ਕਰਦਾ ਹੈ ਕੋਸ਼ਿ?ਸ,
ਲੋਕਾਈ ਦੀ ਪੀੜ ਹਰਨ ਦੀ,
ਤੇ ਮਨੁੱਖਤਾ ਲਈ ਮਰਨ ਦੀ,
ਏਹੀ ਤਾਂ ਨੇ ਬੰਦਾ ਸਿੰਘ ਬਹਾਦਰ ਦੇ ਪੈਰੋਕਾਰ,
ਅਸਫਾਕ, ਬਿਸਮਲ, ਭਗਤ ਸਿੰਘ,
ਤੇ ਗਦਰੀ ਬਾਬਿਆਂ ਦੇ ਵਾਰਿਸ,
ਜੋ ਚਾਹੁੰਦੇ ਨੇ ਲੁਟੇਰੇ ਨਿਜਾਮ ਦਾ ਖਾਤਮਾ,
ਤੇ ਲਿਆਉਣਾ ਚਾਹੁੰਦੇ ਨੇ ਸਾਂਝੀਵਾਲਤਾ ਦੀ,
ਸੂਹੀ ਸਜਰੀ ਸਵੇਰ........

**ਕਵਿਤਾ (ਪਰਮਜੀਤ ਲਾਲੀ)**
**ਕਾਮਰੇਡ ਸਬਦ ਦਾ ਅਰਥ ਹੈ**
**(ਮਿੱਤਰ ਪਿਆਰਾ, ਸਾਥੀ, ਦੋਸਤ)**




## ਦੇ ਕੇ ਕੁਰਬਾਨੀ ਦਾਤਾ

ਧਰਮ ਦੀ ਰੱਖਿਆ ਲਈ ਸੀਸ ਤੂੰ ਕਟਾ ਲਿਆ
ਦੇਕੇ ਕੁਰਬਾਨੀ ਦਾਤਾ ਹਿੰਦ ਨੂੰ ਬਚਾ ਲਿਆ
ਚੱਲ ਕੇ ਬ੍ਰਾਹਮਣ ਸੀ ਆਏ ਕਸ਼ਮੀਰ ਦੇ
ਚਿਹਰੇ 'ਤੇ ਉਦਾਸੀ ਬੋਲ ਕਾਲਜੇ ਨੂੰ ਚੀਰਦੇ
ਸੁਣ ਕੇ ਪੁਕਾਰ ਤੂੰ ਉਨ੍ਹਾਂ ਨੂੰ ਗਲ਼ ਲਾਇਆ
ਦੇਕੇ ਕੁਰਬਾਨੀ ਦਾਤਾ....

ਦਸਵੇਂ ਗੁਰਾਂ ਨੇ ਸੀ ਜਵਾਬ ਕਿੱਡਾ ਮੋੜਿਆ
ਹੱਥੀਂ ਆਪ ਪਿਤਾ ਨੂੰ ਸ਼ਹੀਦ ਹੋਣ ਤੋਰਿਆ
ਪੁੱਤ ਦੇ ਜਵਾਬ ਨੇ ਸੀ ਦਿਲ ਭਰਮਾ ਲਿਆ
ਦੇਕੇ ਕੁਰਬਾਨੀ ਦਾਤਾ....

ਧੰਨ ਤੇਰਾ ਹੌਸਲਾ ਤੂੰ ਰਤਾ ਵੀ ਨਾ ਡੋਲਿਆ
ਮੰਨ ਕੇ ਤੂੰ ਭਾਣਾ ਮੁੱਖੋਂ ਸਤਿਨਾਮ ਬੋਲਿਆ
ਛੱਡਿਆ ਧਰਮ ਨਾ ਸ਼ਹੀਦੀ ਜਾਮਾ ਪਾ ਲਿਆ
ਦੇਕੇ ਕੁਰਬਾਨੀ ਦਾਤਾ...

ਕੀਤੀ ਸੇਵਾ ਕੌਮ ਦੀ ਸੀ ਤਨ ਮਨ ਵਾਰ ਕੇ
ਸਿਦਕ ਨਿਭਾਇਆ ਦਾਤਾ ਵੈਰੀ ਨੂੰ ਵੰਗਾਰ ਕੇ
'ਡਾਲਵੀ' ਨੇ ਨਾਮ ਤੇਰਾ ਮਨ 'ਚ ਵਸਾ ਲਿਆ
ਦੇਕੇ ਕੁਰਬਾਨੀ ਦਾਤਾ ਹਿੰਦ ਨੂੰ ਬਚਾ ਲਿਆ।

**- ਬਹਾਦਰ ਡਾਲਵੀ**

## ਜਗਰਾਵਾਂ ਦੀ ਨਵੀਂ ਰੌਸਨੀ





ਜਗਰਾਵਾਂ ਦੀ ਨਵੀਂ ਰੌਸਨੀ
ਆਰੀ ਆਰੀ ਆਰੀ
ਵਿੱਚ ਜਗਰਾਵਾਂ ਦੇ
ਹੋਈ ਹੱਕ ਦੀ ਰੌਸਨੀ ਭਾਰੀ
ਅੱਥਰੇ ਸਾਨ੍ਹਾਂ ਨੇ
ਧਾੜ ਖੇਤਾਂ 'ਤੇ ਮਾਰੀ
ਚੋਬਰਾਂ ਨੇ ਲੱਕ ਬੰਨ੍ਹ ਲੇ
ਕਰਦੇ ਲੋਕ ਤਿਆਰੀ
ਰੋਕਿਆਂ ਨਾ ਹੁਣ ਰੁਕਦੇ
ਪਏ ਜਿੰਦ ਨੂੰ ਮਾਮਲੇ ਭਾਰੀ
ਧਨੇਰ ਤੋਂ ਮਨਜੀਤ ਚੜ੍ਹਿਆ
ਜੀਹਤੇ ਚੱਲਗੇ ਮੁਕੱਦਮੇ ਚਾਲੀ
ਦੇਖ ਆਉਂਦਾ ਡੱਲੇਆਲੀਆ
ਵਾਂਗ ਨਦੀਆਂ ਦੇ ਵਗਦੀ ਦਾੜ੍ਹੀ
ਹੱਥ ਹਿੱਲੇ ਰਾਜੇਆਲ ਦਾ
ਸੱਤਾ ਫਿਰਦੀ ਦਲੀਲੋਂ ਹਾਰੀ
ਨਿਰਭੈ ਸਿੰਘ ਢੁੱਡੀਕੇ ਨੇ
ਲਾਈ ਉਮਰ ਘੋਲਾਂ ਵਿੱਚ ਸਾਰੀ
ਰੁਲਦੂ ਮਾਨਸੇ ਦਾ
ਡਾਂਗ ਰੱਖਦਾ ਕੋਕਿਆਂ ਵਾਲੀ
ਬਾਈ ਉਗਰਾਹਾਂ ਨੇ
ਕਥਾ ਲੁੱਟ ਦੀ ਸੁਣਾ ਤੀ ਸਾਰੀ
ਲੋਟੂਆਂ ਦਾ ਰਾਹ ਮੱਲਿਆ
ਜਦ ਪਿੜ ਵਿੱਚ ਆਗੀ ਨਾਰੀ
ਦੁਨੀਆਂ 'ਤੇ ਗੱਲ ਚੱਲਦੀ
'ਕੱਠ ਜੁੜਿਆ ਜਗਤ ਤੋਂ ਭਾਰੀ
ਕਾਮਿਆਂ ਦੀ ਸੱਥ ਜੁੜਗੀ
ਬੜਕ ਪੰਜਾਬ ਨੇ ਮਾਰੀ
ਜਨਤਾ ਮੋੜ ਦਊ
ਤੇਰੇ ਵਾਰ ਨੀ ਹਕੂਮਤੇ ਭਾਰੀ
ਜਨਤਾ ਮੋੜ ਦਊ

**- ਜਤਿੰਦਰ ਮੌਹਰ**

ਉਸਾਰੂ ਸਾਹਿਤ, ਕਵਿਤਾਵਾਂ, ਗੀਤ, ਨਾਵਲ, ਕਹਾਣੀਆਂ, ਤਰਕਸ਼ੀਲ, ਵਿਗਿਆਨਕ ਅਤੇ ਇਤਿਹਾਸਕ ਕਿਤਾਬਾਂ ਪ੍ਰਾਪਤ ਕਰਨ ਲਈ
ਕੈਲਗਰੀ : ਮਾਸਟਰ ਭਜਨ 403-455-4220, ਟੋਰਾਂਟੋ : ਹਰਬੰਸ ਸਿੰਘ 416-817-7142, ਦੇਵਿੰਦਰ ਤੂਰ 416-902-9372
ਹਰਨੇਕ ਧਾਲੀਵਾਲ ਵਿਨੀਪੈੱਗ 204-488-6960

## ਸੰਘਰਸ਼ਾਂ ਦੀ ਕੁਠਾਲੀ 'ਚ

ਸੰਘਰਸ਼ਾਂ ਦੀ ਕੁਠਾਲੀ 'ਚ ਤਪ, ਖਰਾ ਸੋਨਾ ਬਣੀਓ ਧੀਓ, ਭੈਣੋ, ਮਾਂਵੋ
ਪੜ੍ਹਦੀਆਂ ਸੁਣਦੀਆਂ ਤੇ ਆਪ ਇਤਿਹਾਸ ਸਿਰਜਦੀਆਂ ਤੁਸੀਂ
ਵਿਦਿਆਰਥੀ ਸੰਗਠਨਾਂ ਵਿੱਚ ਸੱਤਾ ਤੇ ਲੋਕ ਦੋਖੀ ਪ੍ਰਬੰਧ ਖਿਲਾਫ਼ ਲੜਦੀਆਂ
ਕਦੇ ਲੋਕ ਮਾਰੂ ਕਨੂੰਨਾਂ ਦੀਆਂ ਪਰਤਾਂ ਸਮਝਾਉਂਦੀਆਂ ਫਿਰਦੀਆਂ
ਦੁਰਗਾ ਭਾਬੀ ਦਾ ਰੂਪ ਹੀ ਬਣ ਜਾਂਦੀਆਂ ਹੋ ਖੁਦ ਤੁਸੀਂ ਵੀ
ਪੋਹ ਮਾਘ ਦੀਆਂ ਰਾਤਾਂ ਨੂੰ ਖੁੱਲੇ ਅਸਮਾਨ 'ਚ ਆਪਣੇ ਨਿੱਕੇ ਨਿੱਕੇ ਬਲੂਰਾਂ ਨੂੰ
ਢਿੱਡ ਨਾਲ ਲਾਈ ਅੱਜ ਦੇ ਵਜੀਦੇ ਤੇ ਔਰੰਗੇ ਦੇ ਫੁਰਮਾਨਾਂ ਨੂੰ
ਚਣੌਤੀ ਦਿੰਦੀਆਂ ਅਡੋਲ ਬੈਠੀਆਂ ਤਸੀਂ
ਬਣ ਜਾਂਦੀਆਂ ਹੋ ਮਾਤਾ ਗੁਜਰੀਆਂ ਦੀਆਂ ਜਾਈਆਂ
ਬਦੂੰਕਾਂ ਦੇ ਸਾਏ 'ਚ ਅੱਥਰੂ ਗੈਸ, ਪਾਣੀ ਦੀਆਂ ਬੁਛਾੜਾਂ, ਪੁੱਟੇ ਡੂੰਘੇ ਖੱਡੇ
ਬੇਖੌਫ਼ ਹੋ ਲੰਘਦੀਆਂ ਤੁਸੀਂ ਮੈਨੂੰ ਲਗਦੀਆਂ ਹੋ ਰਾਣੀ ਝਾਂਸੀ ਦੀ ਹੀ ਛਵੀ
ਟਰੈਕਟਰਾਂ, ਮੋਟਰ ਸਾਇਕਲ ਤੇ ਜੀਪਾਂ ਚਲਾ, ਮੋਰਚਿਆਂ ਤੇ ਪਹੁੰਚ
ਡੂੰਘੀ ਖਾਈ 'ਚ ਵਗਾਹ ਮਾਰਿਆ ਹੈ ਤੁਸੀਂ ਮਨੂੰ ਸਿਮਰਤੀ ਵਰਗੇ
ਪੈਰ ਦੀ ਜੁੱਤੀ ਤੇ ਗੁੱਤ ਪਿੱਛੇ ਮੱਤ ਕਹਿਣ ਵਾਲੇ ਦਕੀਆਨੂਸੀ ਗ੍ਰੰਥਾਂ ਨੂੰ ਵੀ
ਕਵਿਤਾਵਾਂ, ਗੀਤਾਂ, ਬੋਲੀਆਂ, ਟੱਪਿਆਂ ਤੇ ਵੈਣਾਂ ਦੀਆਂ
ਤੋਪਾਂ ਬੀੜ ਲਈਆ ਹਨ ਹੁਣ ਤੁਸੀ ਲੋਕ ਦੁਸ਼ਮਣ ਹਾਕਮਾਂ ਵੱਲ
ਨਾਅਰੇ ਲਿਖਦੀਆਂ ਨਾਅਰੇ ਮਾਰਦੀਆਂ ਸਟੇਜਾਂ ਸੰਭਾਲਦੀਆਂ
ਦਿੱਲੀ ਦੇ ਸਿੰਘੂ ਟਿੱਕਰੀ ਤੇ ਗੁਲਾਬ ਕੌਰ ਨਗਰ 'ਚ ਬੇਕਾਕ ਹੋ
ਜੁਗਨੂੰ ਵਾਂਗ ਜਗਦੀਆਂ ਆਪ ਵੀ ਗਲਾਬ ਕੌਰ ਹੀ ਬਣ ਗਈਆਂ ਹੋ ਤੁਸੀਂ
ਝੁਠਲਾ ਦਿੱਤਾ ਹੈ ਤਸੀਂ ਉੱਨਾਂ ਅਖਾਣਾਂ ਨੂੰ ਕਹਿੰਦੇ ਸਨ ਜੋ
ਕਿੱਥੇ ਲਕੋਈਏ ਧੀਆਂ ਨੂੰ ਘਰ ਚੂਹੇ ਤੇ ਬਾਹਰ ਕਾਂ ਟੁੱਕਦੇ ਨੇ
ਹੁਣ ਜਦੋ ਮੋਰਚਾ ਫਤਿਹ ਕਰ ਤਸੀ ਵਾਪਸ ਪਰਤੋਂਗੀਆਂ
ਬਦਲ ਜਾਣਗੇ ਤੁਹਾਡੀ ਜ਼ਿੰਦਗੀ ਦੇ ਅਰਥ ਵੀ
ਨਹੀ ਹੋਣ ਦੇਵੋਂਗੀਆਂ ਤੁਸੀਂ ਹੁਣ ਦਹਿਲੀਜ਼ਾਂ ਦੇ ਅੰਦਰ
ਚਿੱਟੇ ਦਿਨੀਂ ਆਪਣੀਆਂ ਰੀਝਾਂ ਤੇ ਅਰਮਾਨਾਂ ਦੇ ਕਤਲ
ਹੁਣ ਤੁਸੀਂ ਵਲਗਣਾਂ ਚ ਕੈਦ ਧੂੰਏ ਪੱਜ ਰੋਵੋਂਗੀਆਂ ਵੀ ਨਹੀਂ
ਨਾ ਹੀ ਦੇਵੋਂਗੀਆਂ ਕਿਸੇ ਹੱਥ ਆਪਣੀ ਜ਼ਿੰਦਗੀ ਦੇ ਫੈਸਲਿਆਂ ਦੀ ਡੋਰ
ਸੰਘਰਸ਼ਾਂ ਦੀ ਕੁਠਾਲੀ 'ਚ ਤਪ, ਖਰਾ ਸੋਨਾ ਬਣੀਓ ਮਾਂਵੋ, ਧੀਓ, ਭੈਣੋ
ਹੁਣ ਜਦੋਂ ਤੁਸੀਂ ਵਾਪਸ ਪਰਤੋਂਗੀਆਂ ਬਰਾਬਰ ਦਾ ਮਨੁੱਖ ਬਣ ਕੇ ਹੀ ਪਰਤੋਂਗੀਆਂ।

-ਜਸਬੀਰ ਮੰਗੂਵਾਲ

11 ਸਾਲਾਂ ਤੋਂ ਆਰਥਿਕ, ਸਮਾਜਿਕ, ਸਭਿਆਚਾਰਕ ਅਤੇ ਸਿਆਸੀ ਚੇਤਨਤਾ ਨੂੰ ਸਮਰਪਿਤ

# ਸਰੋਕਾਰਾਂ ਦੀ ਆਵਾਜ਼

ਕੈਨੇਡਾ ਦੇ ਪ੍ਰਮੁੱਖ ਸ਼ਹਿਰਾਂ ਟੋਰਾਂਟੋ, ਵੈਨਕੂਵਰ, ਕੈਲਗਰੀ ਅਤੇ ਪੰਜਾਬ ਵਿੱਚ ਖ਼ਬਰਾਂ ਅਤੇ ਇਸ਼ਤਿਹਾਰ ਦੇਣ ਲਈ ਸਾਡੀ ਟੀਮ ਨਾਲ਼ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ।



| ਹਰਬੰਸ ਸਿੰਘ | ਦੇਵਿੰਦਰ ਤੂਰ | ਮਾਸਟਰ ਭਜਨ | ਪਰਮਿੰਦਰ ਕੌਰ ਸਵੈਚ | ਬਲਜਿੰਦਰ ਸਿੰਘ ਵੜੈਚ |
|---|---|---|---|---|
| (ਟੋਰਾਂਟੋ) | (ਟੋਰਾਂਟੋ) | (ਕੈਲਗਰੀ) | (ਵੈਨਕੂਵਰ) | (ਪੰਜਾਬ) |
| 416-817-7142 | 416 902 9372 | 403-455-4220 | 604 760 4794 | +91-92167-29598 |


Reliance Immigration
Reliance Immigration Inc
K.P. Singh
RCIC




#205 - 13737 72 Ave
Surrey, BC, V3W 2P2
kp@relianceimmigration.ca
Off. : 604-597-0440
Fax : 604-597-2332

FIVE STAR INSURANCE
Save up to 51%
• Auto • Home
• Business
Get the best rates with us!
FIVE STAR INSURANCE BROKERS LIMITED
We work with 15 major insurance companies& can get you the best prices guaranteed!
www.fivestarinsurance.ca
*With qualified discounts
Call: Harman Pandher
905.459.0555
270 Orenda Rd., Unit # 200 Brampton, ON L6T 4X6



HOMELIFE HIGHER STANDARDS
HOMELIFE SILVERCITY REALTY INC.
BROKERAGE Independently Owned & Operated
Harbans Singh
Sales Representative
416-817-7142
905-913-8500
dharbans@hotmail.com
11775 Bramalea Rd., Unit #201, Brampton L6R3S7

EXPERIOR FINANCIAL GROUP INC
Representing Many financial institutions
SuperVisa,Life Insurance
Disability, Critical Illness, Health
SPECIAL DISCOUNT
FOR VISITORS, TRUCKERS,
WORK PERMIT, REFUGE &
INTERNATIONAL STUDENTS
LOWEST RATES FREE QUOTE Call
Call: 416.209.6363



Hardeep Atwal
Sr. Financial Advisor


PIONEER FINANCIAL SERVICES
TRUCK LOANS
Low Interest Rates, Fast Approval
403.874.0018
PTS
PIONEER TRUCKING SOLUTIONS
- PRORATE, IFTA
- US DOT
- BUYDOWN DEDUCTIBLE
- WRITE OFF PROTECTION
Monarch
INSURANCE BROKERS
TRUCK INSURANCE
BEST INSURANCE RATES IN ALBERTA
CALL: 587-832-1208

# HOMELIFE SILVERCITY

REALTY INC., BROKERAGE

(Independently Owned and Operated)

# #7 CANADA WIDE

## BROKERAGE WITH HOMELIFE BRAND

## 2017 GROSS COMMISSION WISE

**New Head Office**

**905-913-8500**

50 COTTRELLE BLVD., UNIT 29, BRAMPTON

**TEAM OF OVER 600 REALTORS**

# HOMELIFE SILVERCITY

REALTY INC., BROKERAGE (INDEPENDENTLY OWNED & OPERATED)

## NOW HIRING NEW / EXPERIENCED REAL ESTATE PROFESSIONALS

*Not intended to solicit anyone under contract

## JOIN ONE OF FASTEST GROWING BROKERAGE



CALL HEAD OFFICE TODAY

# 905.913.8500

www.HomelifeSilvercityTeam.com

**BALJIT GARCHA**
BROKER OF RECORD
647.500.6500

**AJIT GARCHA**
BROKER / PRESIDENT
647.204.9500

Address:
11775 Bramalea Rd. Brampton






AMAR
Developments
-Fully serviced 1/4, 1/2 Acre lots.
-Watch For upcoming Commercial Retail
CAMBRIDGE
Cambridge Park - Phase 3
Map & Lot Pricing
Manjit Duhra : 403-690-2885
Rani Duhra : 403-612-7881
Amar Duhra : 403-470-2627
Cambridge
PARK
#2 park Drive
T. 403-272-7665 |
F. 403-235-1977
www.amarltd.com
Box 36, Site 6, RR6 | Calgary, Alberta. T2M 4L5


Pii
Punjab
Insurance Inc.
Super Visa Insurance
Your Expert Advisor for SUPER VISA INSURANCE
• Life Insurance • Mortgage Insurance • Critical Illness Insurance • Disability Insurance • RESP, RRSP
303, 7- Westwinds Cres. NE Calgary AB, Canada T3J5H2
Website : www.calgaryinsurancequotes.com
HARPINDER SIDHU
(403) 404-3500


Calgary Carpet Empire
PROVIDING BEST AND AFFORDABLE FLOORING
2935 19 St NE, Calgary, AB T2E 7A2 | sales@carpetempire.ca | www.carpetempire.ca
CALL FOR FREE ESTIMATES
(403) 510 1515
CARPET • HARDWOOD • LAMINATE • TILES
VINYL PLANKS • CARPET TILES • LINO • ETC.